ਪੰਜਾਬੀ ਦੀਆਂ 31 ਸ੍ਰੇਸ਼ਟ ਕਹਾਣੀਆਂ

# ਸੰਤਾਪ 1947

**ਸੰਪਾਦਕ ਦੀਆਂ ਹੋਰ ਪੁਸਤਕਾਂ**

- ਤੇਰਾ ਪਿੰਡ (ਕਾਵਿ ਸੰਗ੍ਰਹਿ) 2008
- ਭਾਗੂ (ਨਾਵਲ) 2009, 2010
- ਤੀਵੀਆਂ (ਨਾਵਲ) ਜਨਵਰੀ-2012, ਮਾਰਚ-2012, 2013 (ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਜੇਤੂ 2012)
- ਖ਼ਬਰ ਇੱਕ ਪਿੰਡ ਦੀ (ਨਾਵਲ) 2016

**ਪੰਜਾਬੀ ਦੀਆਂ 31 ਸ੍ਰੇਸ਼ਟ ਕਹਾਣੀਆਂ**

# ਸੰਤਾਪ 1947

ਪਰਗਟ ਸਿੰਘ ਸਤੌਜ

ਨਵਰੰਗ ਪਬਲੀਕੇਸ਼ਨਜ਼, ਸਮਾਣਾ

Punjabi Dian **31** Sareshat Kahanian

**Santap 1947**

(a book of short stories)

**Edited by**

**Pargat Singh Satauj**

**ਪਰਗਟ ਸਿੰਘ ਸਤੌਜ**
ਪਿੰਡ ਸਤੌਜ, ਡਾਕ. ਧਰਮਗੜ੍ਹ
ਜ਼ਿਲ੍ਹਾ ਸੰਗਰੂਰ-148028
ਫੋਨ: 95922-74200, 94172-41787
Email: pargatsinghsatauj@gmail.com

ISBN 978-93-85609-42-8

© 2016

**Price: 300/-**

***Published by***

**Navrang Publications**

Vill. Chak Amritsaria, Patran Road

**Samana-**147101

Ph. 99151-29747, 89685-10042

email: navrang47samana@gmail.com

Printed at:

Shiv Shakti Printers, Delhi

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**1947 ਦੇ ਸੰਤਾਪ ਵਿੱਚ**
**ਵਿਛੜੀਆਂ ਰੂਹਾਂ**
**ਦੇ ਨਾਂ!**

# ਇੱਕ ਆਸ ਵਿੱਚ

ਸੋਹਣ ਸਿੰਘ ਸੀਤਲ ਦੇ ਬਹੁ-ਚਰਚਿਤ ਨਾਵਲ 'ਈਚੋਗਿਲ ਨਹਿਰ ਤੱਕ' ਵਿੱਚ ਇਕ ਸਿੱਖ ਪਾਤਰ ਦੂਜੇ ਮੁਸਲਮਾਨ ਪਾਤਰ ਤੋਂ ਵਿਛੜਨ ਵੇਲੇ ਭਾਵੁਕ ਹੋਇਆ ਕਹਿੰਦੈ "ਓ ਛਡ ਯਾਰ ਇਲਮਦੀਨਾ ਕਿਉਂ ਦਿਲ ਛੋਟਾ ਕਰਦੈਂ, ਇਹ ਤਾਂ ਚਾਰ ਦਿਨਾਂ ਦਾ ਰੌਲਾ ਗੌਲਾ! ਠੰਡ ਠੰਡਾਉਲਾ ਹੋ ਗਿਆ ਅਸੀਂ ਫਿਰ ਆਪਣਿਆਂ ਆਲਣਿਆਂ 'ਚ ਆ ਬਹਿਣਾ।" ਮੈਂ ਸੋਚਦਾਂ ਜਦੋਂ 3 ਜੂਨ 1947 ਨੂੰ ਸਦੀਆਂ ਤੋਂ ਵਸਦੇ ਤੇ ਕੁਦਰਤ ਵੱਲੋਂ ਇੱਕ ਬਣਾਏ ਦੇਸ਼ ਨੂੰ ਗੈਰ ਕੁਦਰਤੀ ਢੰਗ ਨਾਲ ਵੰਡਣ ਦਾ ਐਲਾਨ ਹੋਇਆ ਹੋਵੇਗਾ ਤਾਂ ਇਸ ਸਾਂਝੀ ਰਹਿਤਲ ਤੇ ਵਸਦੇ, ਜੀਣ-ਥੀਣ ਦੀਆਂ ਲੋੜਾਂ-ਥੁੜ੍ਹਾਂ ਤਲਾਸ਼ਦੇ, ਸਾਂਝੀ ਵਿਰਾਸਤ, ਜਾਤਾਂ-ਗੋਤਾਂ, ਕੰਮ-ਧੰਦੇ, ਮਰਨੇ-ਪਰਨੇ, ਵਿਆਹ-ਮੁਕਲਾਵੇ, ਗੀਤ-ਸਿੱਠਣੀਆਂ, ਹਲ-ਪੰਜਾਲੀਆਂ, ਸਾਗ-ਸਲੂਣੇ, ਆਦਿ ਦੀਆਂ ਸਾਂਝਾਂ ਦੇ ਪਾਲਣਹਾਰੇ, ਇੱਕੋ ਪਰਿਵਾਰ ਵਰਗੇ ਜੀਆਂ ਨੇ ਕਦੀ ਸੋਚਿਆ ਹੋਵੇਗਾ ਕਿ ਇਸ ਧਰਤੀ ਦੀ ਹਿੱਕ ਤੇ ਖਿੱਚੀ ਵੰਡ ਦੀ ਲਕੀਰ ਕਈ ਪੀੜ੍ਹੀਆਂ ਤੋਂ ਇਕੱਠੇ ਵਸਦੇ-ਰਸਦੇ ਲੋਕਾਂ 'ਚ ਏਨੀਆਂ ਦੂਰੀਆਂ ਮਿੱਥ ਦੇਵੇਗੀ ਕਿ ਲੋਕ ਆਪਣੀ ਜਨਮ ਭੋਏਂ ਵੇਖਣ ਨੂੰ ਤਰਸਦੇ ਮਰ ਜਾਣਗੇ।

ਮੈਂ ਜਦੋਂ ਵੀ ਇਸ ਵਿਸ਼ੇ ਬਾਰੇ ਸੋਚਦਾਂ ਤਾਂ ਮੇਰੀ ਦਾਦੀ ਦੀ ਧੁੰਦਲੀ ਜਿਹੀ ਤਸਵੀਰ ਮੇਰੇ ਜ਼ਿਹਨ ਵਿੱਚ ਹਮੇਸ਼ਾਂ ਉਭਰਦੀ ਹੈ। ਉਸ ਨੂੰ ਜਦ ਕਦੀ ਅਸੀਂ ਪੁੱਛ ਬਹਿਣਾ ਕਿ ਮਾਂ ਕੋਈ ਵੱਡੇ ਰੌਲਿਆਂ ਦੀ ਗੱਲ ਸੁਣਾ ਤਾਂ ਉਸਦਾ ਚਿਹਰਾ ਪਹਿਲਾਂ ਨਾਲੋਂ ਗੰਭੀਰ ਹੋ ਜਾਂਦਾ ਤੇ ਉਹ ਕਹਿੰਦੀ, "ਪੁੱਤ ਉਹ ਰਾਤ ਆਮ ਰਾਤਾਂ ਨਾਲੋਂ ਬਹੁਤੀ ਕਾਲੀ ਤੇ ਡਰਾਉਣੀ ਸੀ। ਇਹੋ ਜਿਹੀ ਇੱਕ ਰਾਤ ਨੂੰ ਸਾਡੀ ਗਵਾਂਢਣ ਤਾਬੋ ਤੇਲਣ ਮੇਰੇ ਕੰਨ ਲਾਗੇ ਮੂੰਹ ਕਰਕੇ ਹੌਲੀ ਜਿਹੀ ਕਹਿਣ ਲੱਗੀ, 'ਭੈਣ ਬੰਸ ਕੌਰੇ ਰੌਲਾ ਤਾਂ ਦਿਨੋਂ ਦਿਨ ਵਧਦਾ ਹੀ ਜਾਂਦਾ। ਹੁਣ ਤਾਂ ਘਰ ਦੀਆਂ ਕੰਧਾਂ ਵੀ ਵੱਢ ਖਾਣ ਨੂੰ ਆਉਂਦੀਆਂ। ਕੋਠੇ ਜਿੱਡੀਆਂ ਧੀਆਂ ਨੇ ਘਰ। ਕੋਈ ਹੇਠਲੀ ਉਤਲੀ ਹੋ ਗਈ ਕਿਥੇ ਮੂੰਹ ਦੇਵਾਂਗੇ? ਫੱਜੇ ਦਾ ਪਿਉ ਕਹਿੰਦਾ, ਲਾਗਲੇ ਪਿੰਡ ਰਿਸ਼ਤੇਦਾਰਾਂ ਦੇ ਟੱਬਰ ਇਕੱਠੇ ਹੋਏ ਨੇ। ਅਸੀਂ ਤਾਂ ਬੂਹੇ ਖੁੱਲ੍ਹੇ ਛੱਡ ਤੁਰਨ ਲੱਗੇ ਈ ਭੈਣ ਮੇਰੀਏ। ਤੂੰ ਜ਼ਰਾ ਵੇਲੇ ਕੁਵੇਲੇ ਘਰ ਵੱਲ ਝਾਤੀ ਮਾਰ ਲਿਆ ਕਰੀਂ। ਵਿਹੜੇ 'ਚ ਬੱਝੀ ਵਹਿੜ ਨੂੰ ਧੁੱਪੇ ਛਾਵੇਂ ਕਰਵਾ ਦਿਆ ਕਰੀਂ। ਪੁੰਨ ਹੋਵੇਗਾ ਤੇਰਾ। ਥੋੜ੍ਹਾ ਰੌਲਾ ਗੌਲਾ ਠੰਡਾ ਹੋਊ ਤਾਂ ਜ਼ਰੂਰ ਮੁੜਾਂਗੇ। ਜਿਉਂਦੇ ਜੀਅ ਕਿਤੇ ਘਰ ਛੱਡੇ ਜਾਂਦੇ ਨੇ'?"

ਫਿਰ ਸਾਡੀ ਦਾਦੀ ਸਾਡੇ ਚਿਹਰਿਆਂ ਵੱਲ ਵੇਖਦੀ ਤੇ ਉਦਾਸ ਸੁਰ 'ਚ ਬੋਲਦੀ, "ਪੁੱਤ ਕਈ ਹਨੇਰੀਆਂ ਝੱਖੜ ਨਿਕਲ ਗਏ। ਕਈ ਰੁੱਤਾਂ ਆਈਆਂ ਤੇ ਕਈ ਬਦਲੀਆਂ। ਪਰ

ਉਹ ਲੋਕ ਜਿਹੜੇ ਆਪਣੇ ਘਰਾਂ ਨੂੰ ਖੁੱਲ੍ਹੇ ਛੱਡ ਤੁਰ ਗਏ ਸਨ। ਉਹ ਨਾ ਮੁੜੇ। ਪਤਾ ਨਹੀਂ ਕਿੰਨੇ ਉਨ੍ਹਾਂ 'ਚੋਂ ਮਰ ਖਪ ਗਏ। ਅਜੇ ਵੀ ਇਉਂ ਲੱਗਦਾ ਜਿਵੇਂ ਕੱਲ੍ਹ ਦੀਆਂ ਹੀ ਗੱਲਾਂ ਹੋਣ।"

ਹਾਂ ਅਜੇ ਕੱਲ੍ਹ ਦੀਆਂ ਹੀ ਤਾਂ ਗੱਲਾਂ ਨੇ। ਇਹ ਮੰਜ਼ਰ ਹਾਲੇ ਵੀ ਕੋਈ ਬਹੁਤਾ ਦੂਰ ਨਹੀਂ ਗਿਆ। ਆਹ ਸਾਢੇ ਕੁ ਛੇ ਦਹਾਕੇ ਤੇ ਦੋ ਕੁ ਵਰ੍ਹੇ ਹੋਰ ਪੁਰਾਣੀ ਗੱਲ ਏ ਮਸਾਂ। ਮੇਰੇ ਬਾਪੂ ਨੇ ਪਿੰਡ ਦੀ ਸੱਥ 'ਚ ਪਿੰਡ ਦੀ ਆਬਰੂ ਨੂੰ ਲੀਰੋ ਲੀਰ ਹੁੰਦਾ ਵੇਖਿਆ ਸੀ। ਮੇਰੀ ਦਾਦੀ ਦੀਆਂ ਅੱਖਾਂ ਸਾਹਮਣੇ ਅਰਾਈਆਂ ਦੀ ਸੱਜ ਵਿਆਹੀ ਨੂੰਹ ਨੂੰ ਗੁਰਦਵਾਰੇ ਦੇ ਭਾਈ ਨੇ ਕਿਰਪਾਨ ਦੇ ਜ਼ੋਰ ਧੂਹ ਕੇ ਖੜਿਆ ਸੀ ਤੇ ਹੋਰ ਵੀ ਕਿੰਨੇ ਘਿਨਾਉਣੇ ਕਾਰਨਾਮੇ ਜਿੰਨ੍ਹਾਂ ਨੂੰ ਸੋਚ ਕੇ ਰੂਹ ਕੰਬਦੀ ਏ। ਅਨੇਕਾਂ ਉਹ ਵੀ ਜਿਨ੍ਹਾਂ ਦਿਲ ਕੰਬਾਊ ਇਨ੍ਹਾਂ ਕਾਰਿਆਂ 'ਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਸੀ ਉਹ ਵੀ ਇੱਥੇ ਹੀ ਤੁਰੇ ਫਿਰਦੇ ਹਨ।

ਮੈਂ ਸੋਚਦਾਂ ਪੀਰਾਂ ਫ਼ਕੀਰਾਂ ਦੀ ਧਰਤੀ ਨੂੰ ਕੇਹਾ ਸਰਾਪ ਸੀ ਇਹ ਜੋ ਇਸ ਭੋਗਿਆ। ਸਦੀਆਂ ਤੋਂ ਅੰਗ-ਸੰਗ ਵੱਸਦੇ ਲੋਕ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਕਿਵੇਂ ਹੋ ਗਏ? ਉਹ ਜੋ ਕੱਲ੍ਹ ਸ਼ਾਮ ਤੱਕ ਇਕੱਠੇ ਬੈਠੇ ਭੱਠੀਆਂ ਤੇ ਅੱਗ ਸੇਕਦੇ, ਖੇਤਾਂ ਬੇਲਿਆਂ 'ਚ ਢੋਲੇ ਗਾਉਂਦੇ, ਇੱਕ ਦੂਜੇ ਦੇ ਖੇਤਾਂ 'ਚ ਸਾਂਝੇ ਹਲ ਚਲਾਉਂਦੇ। ਜਿਹੜੇ ਇੱਕ ਦੂਜੇ ਦੇ ਘਰੀਂ ਜਾ ਕੇ ਧੀਆਂ ਧਿਆਣੀਆਂ ਦੇ ਸਿਰੀਂ ਹੱਥ ਰੱਖਦੇ ਸਨ। ਚੜ੍ਹਦੀ ਸਵੇਰ ਹੀ ਇਨ੍ਹਾਂ ਨੂੰ ਕੀ ਹੋ ਗਿਆ ਸੀ? ਇਹ ਤਾਂ ਸਦੀਆਂ ਤੋਂ ਸਾਂਝੇ ਸਭਿਆਚਾਰ ਵਿੱਚ ਜੀਵੇ ਸਨ। ਇੰਨ੍ਹਾਂ ਬਾਬੇ ਨਾਨਕ, ਬੁੱਲ੍ਹੇ ਸ਼ਾਹ ਤੇ ਸ਼ੇਖ ਫਰੀਦ ਹੋਰਾਂ ਨੂੰ ਸਾਂਝੇ ਸਿਜਦੇ ਕੀਤੇ ਸਨ। ਇਨ੍ਹਾਂ ਵਰ੍ਹਿਆਂ ਦੇ ਵਰ੍ਹੇ ਰਲ ਕੇ ਤਿੰਜਣ ਲਾਏ, ਤੀਆਂ ਸਜਾਈਆਂ ਤੇ ਮੇਲੇ ਲਾਏ ਸਨ।

ਸਵੇਰ ਹੁੰਦਿਆਂ ਕਿਹੜੀ ਕੁਲਹਿਣੀ ਰੁੱਤ ਵਿਹੜੇ ਆਣ ਉਤਰੀ ਸੀ। ਭਰਾ-ਭਰਾ ਦੇ ਖ਼ੂਨ ਦਾ ਪਿਆਸਾ ਹੋ ਗਿਆ। ਇਤਿਹਾਸ ਨੂੰ ਉਲਟਾ ਗੇੜ ਦੇਣ ਨਿਕਲ ਤੁਰੇ ਲੋਕ। ਧਰਮ ਦਾ ਨਾਂ ਲੈਂਦੇ। ਮਜ਼ਹਬ ਦੀਆਂ ਕੂਕਾਂ ਮਾਰਦੇ। ਬੋਲੇ ਸੋ ਨਿਹਾਲ, ਹਰ ਹਰ ਮਹਾਦੇਵ ਤੇ ਅੱਲ੍ਹਾ ਹੂ ਅਕਬਰ। ਜਿਵੇਂ ਇਨ੍ਹਾ ਦਾ ਸਾਂਝਾ ਮਿਸ਼ਨ ਹੋਵੇ ਨਿਰਦੋਸ਼ਾਂ ਦਾ ਕਤਲੇਆਮ।

ਅੱਜ ਵੀ ਕੋਈ ਬਜ਼ੁਰਗ ਬੈਠਾ ਬੈਠਾ ਅੱਖਾਂ ਵਿੱਚੋਂ ਅੱਥਰੂ ਵਗਾਉਂਦਾ ਏ। ਉਸਨੇ ਆਪਣੇ ਟੱਬਰ ਦੇ ਜੀਆਂ ਨੂੰ ਅਜ਼ਾਦੀ ਦੇ ਇਸ ਮਹਾਂ ਅਗਨੀ-ਕੁੰਡ ਵਿੱਚ ਅਹੂਤੀ ਦੇਂਦੇ ਵੇਖਿਆ ਸੀ। ਅੱਜ ਵੀ ਕੋਈ ਬੁੱਢੀ ਬੇਬੇ ਭੀੜ 'ਚ ਵਿੱਛੜ ਗਈ ਭੈਣ ਦਾ ਚੇਤਾ ਕਰਕੇ ਰੋਂਦੀ ਏ। ਹਰ ਘਰ, ਹਰ ਗਲੀ, ਹਰ ਪਿੰਡ ਵਿੱਚ ਅੱਜ ਵੀ ਹਜ਼ਾਰਾਂ ਮਿਸਾਲਾਂ ਮਿਲ ਜਾਣਗੀਆਂ। ਅੱਜ ਵੀ ਹਰ ਕੌਰ, ਬਿਸ਼ਨ ਦੇਵੀ ਤੇ ਫਾਤਮਾ ਬੀਬੀ ਦੀਆਂ ਕੁਰਲਾਹਟਾਂ ਸੁਣ ਜਾਣਗੀਆਂ। ਕੋਈ ਨੀਝ ਲਾ ਕੇ ਵੇਖੇ ਆਪਣੇ ਹੀ ਭਾਈ ਬੰਦੀ, ਹੱਥਾਂ 'ਚ ਮਾਰੂ ਹਥਿਆਰ ਲਈ ਆਪਣੀਆਂ ਧੀਆਂ ਧਿਆਣੀਆਂ ਨੂੰ ਲੀਰੋ ਲੀਰ ਕਰਦੇ ਦਿਸ ਪੈਣਗੇ।

ਇਹ ਸਾਰੇ ਕਿਰਦਾਰ ਹਾਲੇ ਵੀ ਇੱਥੇ ਨੇ। ਸਾਡੇ ਅੰਗ-ਸੰਗ। ਉਹ ਵੀ ਇੱਥੇ ਨੇ ਜਿਨ੍ਹਾਂ ਲੋਕਾਂ ਨੂੰ ਬਚਾਉਣ ਵਿੱਚ ਮਦਦ ਕੀਤੀ। ਹਜ਼ਾਰਾਂ ਉਹ ਬਜ਼ੁਰਗ ਜਿਨ੍ਹਾਂ ਇਤਿਹਾਸ ਦਾ ਪਹੀਆ ਗਿੜਦਾ ਅੱਖੀਂ ਵੇਖਿਆ। ਧਰਤੀ ਦੀ ਹਿੱਕ ਚੀਰ ਕੇ ਖਿੱਚੀ ਜਾਂਦੀ ਲਕੀਰ ਵੇਖੀ। ਕਾਫ਼ਲਿਆਂ ਨੂੰ ਆਉਂਦੇ ਜਾਂਦੇ ਤੇ ਲੁੱਟੇ ਜਾਂਦੇ ਵੇਖਿਆ। ਰੇਲ ਗੱਡੀਆਂ ਲੋਥਾਂ ਨਾਲ ਭਰੀਆਂ ਵੇਖੀਆਂ। ਆਪਣੀਆਂ ਧੀਆਂ ਦੀ ਬੇਪਤੀ ਆਪਣੇ ਅੱਖੀਂ ਤੱਕੀ। ਜਵਾਨ ਔਰਤਾਂ ਦੀਆਂ ਛਾਤੀਆਂ ਵੱਢ ਕੇ ਪਰੋਏ ਹਾਰਾਂ ਦਾ ਮੰਜ਼ਰ ਇਨ੍ਹਾਂ ਦੇ ਚੇਤਿਆਂ 'ਚੋਂ ਕਿਵੇਂ ਨਿਕਲ ਸਕੇਗਾ? ਪਨਾਹਗੀਰ, ਸ਼ਰਨਾਰਥੀ, ਰਫਿਊਜ਼ੀ ਆਦਿ ਵਰਗੇ ਨਾਵਾਂ ਨਾਲ ਨਵਾਜ਼ੇ ਲੋਕਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਂਦੇ ਵੇਖਿਆ ਇਨ੍ਹਾਂ ਨੇ। ਕੀ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਜਿਹੇ ਹਜ਼ਾਰਾਂ ਅਜ਼ਾਦੀ ਪ੍ਰਵਾਨਿਆਂ ਦਾ ਸੁਫਨਾ ਅਜਿਹੀ ਅਜ਼ਾਦੀ ਦਾ ਹੋਵੇਗਾ। ਲੋਕਾਂ ਦਾ ਤਾਂ ਸੁਪਨਾ ਸੀ ਦੇਸ਼ ਅਜ਼ਾਦ ਹੋਵੇਗਾ। ਸਾਰੇ ਪਾਸੇ ਜਗਮਗ ਹੋਵੇਗੀ। ਮੁਲਕ ਦੀ ਤਕਦੀਰ ਰਾਤੋ ਰਾਤ ਬਦਲ ਜਾਏਗੀ। ਪਰ ਇਹ ਤਾਂ ਕਿਸੇ ਦੇ ਚਿੱਤ ਖਿਆਲ 'ਚ ਵੀ ਨਹੀਂ ਹੋਣਾ ਕਿ ਅਜ਼ਾਦੀ ਲਾੜੀ ਦਾ ਸਾਲੂ ਨਿਰਦੋਸ਼ ਲੋਕਾਂ ਦੇ ਲਹੂ 'ਚ ਰੰਗਿਆ ਉਨ੍ਹਾਂ ਦੇ ਸਾਹਮਣੇ ਆਵੇਗਾ। ਪੰਜਾਂ ਦਰਿਆਵਾਂ ਦੀ ਧਰਤੀ ਦਾ ਸੀਨਾ ਚੀਰ ਕੇ ਇਸ ਦਾ ਆਗਮਨ ਹੋਵੇਗਾ। ਇਹ ਅਜ਼ਾਦੀ ਪੰਜਾਬ ਦੀਆਂ ਧੀਆਂ ਦਾ ਮੁੱਲ ਤਾਰ ਕੇ ਆਵੇਗੀ। ਕਿਸ ਸੋਚਿਆ ਸੀ ਕਿ ਇਹ ਅਜ਼ਾਦੀ ਪੰਜਾਬ ਦਾ ਮਾਤਮ ਬਣੇਗੀ?

ਦੇਸ਼ਾਂ ਦੀ ਵੰਡ ਦੁਨੀਆਂ ਦੇ ਇਤਿਹਾਸ ਵਿੱਚ ਕੋਈ ਨਵਾਂ ਵਰਤਾਰਾ ਨਹੀਂ। ਦੂਜੀ ਸੰਸਾਰ ਜੰਗ ਦੇ ਤਜਰਬੇ ਨੂੰ ਛੱਡ ਕੇ ਸੰਸਾਰ ਵਿੱਚ ਆਬਾਦੀ ਦੇ ਤਬਾਦਲੇ ਦੀ ਸਭ ਤੋਂ ਵੱਡੀ ਮਿਸਾਲ 1929 ਵਿੱਚ ਬਲਗਾਰੀਆ ਅਤੇ ਯੂਨਾਨ ਦਰਮਿਆਨ ਹੋਇਆ ਤਬਾਦਲਾ ਸੀ। ਜਿਨ੍ਹਾ ਦੀ ਕੁੱਲ ਗਿਣਤੀ ਵੀਹ ਲੱਖ ਦੇ ਕਰੀਬ ਬਣਦੀ ਹੈ। ਬਲਗਾਰੀਆ ਅਤੇ ਯੂਨਾਨ ਦਾ ਤਬਾਦਲਾ ਦੋਹਾਂ ਸਰਕਾਰਾਂ ਦੇ ਸਮਝੌਤੇ ਅਧੀਨ ਅਤੇ ਆਪਸੀ ਸਹਿਮਤੀ ਨਾਲ ਸਹਿਜ ਰੂਪ ਵਿੱਚ ਹੋਇਆ ਸੀ। ਜਦੋਂ ਕਿ ਪੰਜਾਬ 'ਚ ਤਬਾਦਲਾ ਜਬਰਨ ਤੇ ਸਾਜ਼ਿਸ਼ ਅਧੀਨ ਹੋਇਆ ਸੀ। ਬਲਗਾਰੀਆ ਅਤੇ ਯੂਨਾਨ ਵਿੱਚ ਪਿੱਛੇ ਰਹਿ ਗਈਆਂ ਜਾਇਦਾਦਾਂ ਦੀ ਪੂਰੀ ਕੀਮਤ ਅਦਾ ਕੀਤੀ ਗਈ। ਜਦੋਂ ਕਿ ਪੰਜਾਬ ਵਿੱਚ ਇਸ ਦੇ ਉਲਟ ਵਾਪਰਿਆ।

ਉਨ੍ਹਾਂ ਅਣਮਨੁੱਖੀ ਤੇ ਦਰਿੰਦਗੀ ਦੇ ਨੰਗੇ ਨਾਚ ਦੇ ਢੰਗ ਤਰੀਕਿਆਂ ਦੀ ਚੀਰ ਫਾੜ ਵੱਲ ਨਾ ਜਾਂਦੇ ਹੋਏ ਜੇਕਰ ਉਸ ਤਬਾਹੀ ਦੇ ਸਿੱਟਿਆਂ ਨੂੰ ਤੱਥਾਂ ਦੇ ਰੂਪ ਵਿੱਚ ਝਾਤੀ ਮਾਰੀਏ ਤਾਂ ਰੂਹ ਨੂੰ ਕੰਬਣੀ ਛਿੜਦੀ ਏ। 1947 ਦੀ ਵੰਡ ਵੇਲੇ ਝੁੱਲੀ ਫਿਰਕੂ ਹਨੇਰੀ ਸਮੇਂ ਹੋਏ ਕਤਲੇਆਮ 'ਚ ਮਰੇ ਪੰਜਾਬੀਆਂ ਦੀ ਗਿਣਤੀ ਦਸ ਲੱਖ ਦਸਦੇ ਹਨ ਜਿਹੜੇ ਇੱਧਰ ਵੀ ਮਰੇ ਤੇ ਉਧਰ ਵੀ। ਇਸ ਮੌਕੇ ਜਿਹੜੀਆਂ ਔਰਤਾਂ ਨੂੰ ਉਧਾਲਿਆ ਗਿਆ ਉਨ੍ਹਾਂ ਦੀ ਗਿਣਤੀ ਤੀਹ ਹਜ਼ਾਰ ਤਿੰਨ ਸੌ ਪੈਂਤੀ ਦੇ ਕਰੀਬ ਹੈ। ਇਨ੍ਹਾਂ ਵਿੱਚੋਂ ਬਹੁਤੀਆਂ ਮੁਸਲਮਾਨ ਔਰਤਾਂ ਤਾਂ ਉਧਾਲੇ ਤੋਂ ਬਾਅਦ ਪਾਕਿਸਤਾਨ ਚਲੀਆਂ ਗਈਆਂ। ਪ੍ਰੰਤੂ ਚੜ੍ਹਦੇ ਪੰਜਾਬ ਦੀਆਂ ਔਰਤਾਂ ਦੀ ਬਹੁਤੀ ਗਿਣਤੀ ਨੇ ਵਾਪਸ ਆਉਣ ਤੋਂ ਇਨਕਾਰ ਕਰ ਦਿੱਤਾ। ਇਸਦਾ ਕਾਰਨ ਸਮਾਜ 'ਚ ਪਏ ਸੰਸਕਾਰ ਸਨ, ਜਿਨ੍ਹਾਂ ਅਧੀਨ ਮੁੜ ਨਾ ਕਬੂਲੇ ਜਾਣ ਦੇ ਡਰੋਂ ਉਹ ਚਾਹੁੰਦੀਆਂ ਹੋਈਆਂ ਵੀ ਵਾਪਸ ਨਾ ਆ ਸਕੀਆਂ। ਉਧਾਲੀਆਂ ਔਰਤਾਂ ਨੂੰ ਲੈਣ ਗਏ ਸਰਕਾਰੀ ਅਧਿਕਾਰੀਆਂ ਨੂੰ ਅਧੇੜ ਉਮਰ ਦੀਆਂ ਔਰਤਾਂ ਜਾਂ ਅਸਲੋਂ ਬਾਲੜੀਆਂ ਤੋਂ ਬਿਨਾਂ ਕੋਈ ਵੀ ਜਵਾਨ ਔਰਤ ਉਧਰਲੇ ਪਿੰਡਾਂ ਤੋਂ ਬਰਾਮਦ ਨਾ ਹੋ ਸਕੀ।

ਭਾਰਤ ਵਿੱਚੋਂ ਪਾਕਿਸਤਾਨ ਜਾਣ ਵਾਲੀਆਂ ਔਰਤਾਂ ਨੂੰ ਅੱਠ ਸੌ ਸੱਠ ਬੱਚੇ ਪਿੱਛੇ ਛੱਡ ਕੇ ਜਾਣੇ ਪਏ। ਜੋ ਉਮਰ ਭਰ ਲਈ ਮਾਂ ਮਹਿੱਟਰ ਬਣ ਗਏ। ਉਜਾੜੇ ਦਾ ਸ਼ਿਕਾਰ ਹੋਣ ਵਾਲੇ ਚੜ੍ਹਦੇ ਪੰਜਾਬ ਦੇ ਲੋਕ ਬਤਾਲੀ ਲੱਖ ਤਰਿਆਨਵੇਂ ਹਜ਼ਾਰ ਅੱਠ ਸੌ ਛਿਆਨਵੇਂ ਸਨ।

ਲਹਿੰਦੇ ਪੰਜਾਬ ਵਿੱਚੋਂ ਉਜੜਨ ਵਾਲੇ ਲੋਕ ਸੈਂਤੀ ਲੱਖ ਪਚਾਨਵੇਂ ਹਜ਼ਾਰ ਤਿੰਨ ਸੌ ਛਿਆਨਵੇਂ ਸਨ। ਸਮੁੱਚੇ ਪੰਜਾਬੀ ਜੋ ਇਸ ਉਜਾੜੇ ਦਾ ਸ਼ਿਕਾਰ ਹੋਏ ਉਨ੍ਹਾਂ ਦੀ ਗਿਣਤੀ ਉਨਾਸੀ ਲੱਖ ਪਚਾਨਵੇਂ ਹਜ਼ਾਰ ਦੋ ਸੌ ਬਾਨਵੇਂ ਬਣਦੀ ਹੈ। ਅਗਸਤ ਤੋਂ ਸ਼ੁਰੂ ਹੋਏ ਇਸ ਕਤਲੇਆਮ ਨੇ ਦੋਨੋਂ ਪਾਸਿਉਂ ਦਸ ਲੱਖ ਪੰਜਾਬੀਆਂ ਨੂੰ ਮਾਰਚ ਤੱਕ ਨਿਗਲ ਲਿਆ ਸੀ। ਅਰਬਾਂ ਖਰਬਾਂ ਦੀ ਜਾਇਦਾਦ ਲੁੱਟੀ ਪੁੱਟੀ ਗਈ। ਸ਼ਹਿਰਾਂ ਦੇ ਸ਼ਹਿਰ ਸਾੜੇ ਗਏ। ਪਿੰਡਾਂ ਦੇ ਪਿੰਡ ਦਹਿਸ਼ਤ ਅਤੇ ਦਰਿੰਦਗੀ ਦਾ ਸ਼ਿਕਾਰ ਹੋਏ।

ਇਸ ਅਣਮਨੁੱਖੀ ਵਰਤਾਰੇ ਦਾ ਅਸਰ ਲੋਕ ਮਨਾਂ ਵਿੱਚ ਅਜੇ ਵੀ ਜਿਉਂ ਦਾ ਤਿਉਂ ਹੈ। ਮੈਂ ਆਪਣੇ ਜਾਣਕਾਰਾਂ ’ਚੋਂ ਇਕ ਅਧਖੜ੍ਹ ਉਮਰ ਦੇ ਐਸੇ ਵਿਅਕਤੀ ਨੂੰ ਜਾਣਦਾਂ ਜਿਹੜਾ ਇਹਨਾਂ ਦਿਨਾਂ ਵਿੱਚ ਕਿਸੇ ਨਾਲ ਬਹੁਤਾ ਬੋਲਦਾ-ਚਾਲਦਾ ਨਹੀਂ, ਗੁੰਮ ਸੁੰਮ ਬੈਠਾ ਦੇਖਦਾ ਰਹਿੰਦਾ ਏਧਰ-ਉਧਰ। ਉਹ ਆਪ ਦੱਸਦਾ ਹੈ ਕਿ ਉਧਰਲੇ ਪੰਜਾਬ ਤੋਂ ਘਰੋਂ ਨਿਕਲਦੇ ਉਹਦੇ ਪਿਉ ਨੂੰ ਫਸਾਦੀਆਂ ਵੱਢ ਦਿੱਤਾ ਸੀ। ਮਾਂ ਉਹਦੀ ਨੇ ਲੁਕਦੇ-ਛਿਪਦੇ ਕਾਫਲੇ ਦੇ ਨਾਲ ਆਉਂਦਿਆਂ ਸੰਘਣੇ ਸਰਕੰਡਿਆਂ ਉਹਲੇ ਦਰਿਆ ਦੇ ਬਰੇਤੇ ’ਚ ਉਸ ਨੂੰ ਜਨਮ ਦਿੱਤਾ ਸੀ। ਆਪਣੇ ਘਰ ਸੁੱਖ ਸ਼ਾਂਤੀ ਨਾਲ ਵਸਦੀ ਉਹ ਸਵਾਣੀ ਨੇ ਪਤੀ ਦੀ ਮੌਤ ਦਾ ਸੱਲ ਤੇ ਢੋਹਾ ਭਰ ਜੁਆਕ ਨੂੰ ਕੁੱਛੜ ਚੁੱਕ ਕੇ ਕੀਤੇ ਸਫਰ ’ਚ ਜਿਨ੍ਹਾਂ ਦੁਸ਼ਵਾਰੀਆਂ ’ਚੋਂ ਗੁਜ਼ਰੀ ਹੋਵੇਗੀ ਉਹਦਾ ਕਿਆਸ ਕਰਨਾ ਵੀ ਮੁਸ਼ਕਲ ਹੈ। ਅਨੇਕਾਂ ਅਜਿਹੀਆਂ ਮਿਸਾਲਾਂ ਸਾਡੇ ਆਪਣਿਆਂ ਦੀਆਂ ਸਾਨੂੰ ਮਿਲ ਜਾਣਗੀਆਂ।

ਸਤਾਹਠ ਵਰ੍ਹੇ ਬੀਤ ਗਏ ਇਸ ਘੱਲੂਘਾਰੇ ਨੂੰ। ਉਜਾੜੇ ਦੀ ਭੇਟ ਚੜ੍ਹੇ ਦਸ ਲੱਖ ਪੰਜਾਬੀਆਂ ਦੀ ਯਾਦ ਵਿੱਚ ਕਿਸੇ ਨੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸਮਾਗਮ ਰਚਾ ਕੇ ਉਨ੍ਹਾਂ ਨੂੰ ਯਾਦ ਨਹੀਂ ਕੀਤਾ। ਹੋਰ ਤਾਂ ਹੋਰ ਦੋਨਾਂ ਮੁਲਕਾਂ ਦੀਆਂ ਸਰਕਾਰਾਂ ਨੇ, ਬੀਤੇ ਸਤਾਹਠ ਵਰ੍ਹਿਆਂ ’ਚ ਇੱਕ ਵਾਰੀ ਵੀ ਪਾਰਲੀਮੈਂਟ ਦੇ ਅੰਦਰ ਜਾਂ ਬਾਹਰ ਏਡੀ ਵੱਡੀ ਪੱਧਰ ਤੇ ਹੋਏ ਮਨੁੱਖਤਾ ਦੇ ਘਾਣ ਤੇ ਇੱਕ ਵੀ ਸ਼ਬਦ ਨਹੀਂ ਬੋਲਿਆ। ਯਾਦਗਾਰ ਬਣਾਉਣਾ ਤਾਂ ਦੂਰ ਦੀ ਗੱਲ ਸੀ। ਸੰਸਾਰ ਦੇ ਹੋਰ ਦੇਸ਼ਾਂ ਵਿੱਚ ਹੋਏ ਵੱਡੇ ਕਤਲੇਆਮ ਜਾਂ ਜੰਗ ਵਿੱਚ ਮਾਰੇ ਗਏ ਫੌਜੀਆਂ ਜਾਂ ਲੋਕਾਂ ਦੀ ਯਾਦ ਵਿੱਚ ‘ਅਣ-ਪਛਾਤੇ ਸਿਪਾਹੀ’ ਦੇ ਨਾਮ ਤੇ ਯਾਦਗਾਰਾਂ ਬਣੀਆਂ ਹੋਈਆਂ ਹਨ। ਲੋਕ ਆਪਣੇ ਅਜ਼ਾਦੀ ਦਿਵਸ ਜਾਂ ਕੌਮੀ ਤਿਉਹਾਰਾਂ ਤੇ ਉਥੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਕਈ ਮੁਲਕਾਂ ਵਿੱਚ ਤਾਂ ਨਵ ਵਿਆਹੇ ਜੋੜੇ ਇਨ੍ਹਾਂ ਯਾਦਗਾਰਾਂ ਤੇ ਜਾ ਕੇ ਜ਼ਿੰਦਗੀ ਦੇ ਸਫਰ ਤੇ ਚੱਲਣ ਦੀ ਸਹੁੰ ਖਾਂਦੇ ਹਨ। ਕਈ ਮੁਲਕਾਂ ਵਿੱਚ ਦੂਜੇ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਜਾਂ ਰਾਸ਼ਟਰਪਤੀਆਂ ਨੂੰ ਪਹਿਲਾਂ ਇੰਨ੍ਹਾਂ ਸਿਪਾਹੀਆਂ ਦੀਆਂ ਯਾਦਗਾਰਾਂ ਤੇ ਫੁੱਲ ਚੜ੍ਹਾਉਣੇ ਪੈਂਦੇ ਹਨ। ਪ੍ਰੰਤੂ ਜੰਗਾਂ, ਯੁੱਧਾਂ, ਤਬਾਹੀਆਂ ਦਾ ਅਹਿਸਾਸ ਰੱਖਣ ਵਾਲੇ ਪੰਜਾਬੀਆਂ ਨੇ ਇਨ੍ਹਾਂ ਨੂੰ ਦੋਹਾਂ ਪੰਜਾਬਾਂ ’ਚ ਹੀ ਅਣਗੌਲੇ ਕਰ ਦਿੱਤਾ ਹੈ।

ਨਵੰਬਰ 1993 ਨੂੰ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਵੀ ਰਵੀ ਪਾਸ਼ ਚੇਤਨਾ ਕਾਰਵਾਂ ਦੇ ਨਾਂ ਹੇਠ ਪੰਜਾਬ ਵਿਆਪੀ ਕਾਫ਼ਲਾ ਚਲਾਇਆ ਸੀ। ਇਸ ਦੇ ਸ਼ੁਰੂਆਤੀ ਪੜਾਅ ਵੇਲੇ ਇੱਕ ਵਿਸ਼ਾਲ ਕਵੀ ਦਰਬਾਰ ਵਾਹਗੇ ਦੀ ਸਰਹੱਦ ਤੇ ਆਯੋਜਿਤ ਕੀਤਾ ਸੀ। ਦੋਹਾਂ ਮੁਲਕਾਂ ’ਚ ਸਾਂਝਾ ਦਾ ਪੁਲ ਉਸਾਰਨ ਦਾ ਇਹ ਆਗਾਜ਼ ਸੀ।

ਵਾਹਗੇ ਦੀ ਉਸੇ ਸਰਹੱਦ ਤੇ ਉਹਨਾਂ ਗੁੰਮਨਾਮ ਸ਼ਹੀਦਾਂ ਦੀ ਯਾਦ ’ਚ ਅਮਨ ਪਸੰਦ ਸੰਸਥਾਵਾਂ ਵੱਲੋਂ ਸਮਾਰਕ ਉਸਾਰਿਆ ਗਿਆ ਹੈ। ਜੋ ਹਰ ਆਉਂਦੇ ਜਾਂਦੇ ਨੂੰ ਚੇਤੇ ਕਰਵਾਉਂਦਾ ਹੈ ਕਿ ਇਥੇ ਉਹਨਾਂ ਸਾਡੇ ਆਪਣਿਆਂ ਪੰਜਾਬੀ ਵੀਰਾਂ ਦਾ ਮੁਕੱਦਸ ਲਹੂ ਡੁੱਲ੍ਹਿਆ, ਇਸੇ ਰਾਹੇ ਸਾਡੀਆਂ ਧੀਆਂ-ਭੈਣਾਂ ਦੀਆਂ ਅਸਮਤਾਂ ਦਾਅ ਤੇ ਲੱਗੀਆਂ। ਇਹ ਰਾਹ ਬੇਗੁਨਾਹਾਂ ਦੇ ਹੌਕਿਆਂ ਨਾਲ ਪਰੁੱਚਾ ਪਿਆ ਏ। ਇਹ ਦਸ ਲੱਖ ਬੇਗੁਨਾਹ ਪੰਜਾਬੀਆਂ ਦੀ ਕਤਲਗਾਹ ਹੈ।

ਉਸਾਰੇ ਗਏ ਇਸ ਸਮਾਰਕ ਨੂੰ ਪਾਕਿਸਤਾਨ ਦੇ ਲੋਕ ਤਿੰਨ ਪਾਸਿਆਂ ਤੋਂ ਵੇਖ ਸਕਦੇ ਹਨ। ਇਸ ਯਾਦਗਾਰ ਦੇ ਉਪਰ ਦੋ ਹੱਥ ਬਣਾ ਕੇ ਲਗਾਏ ਹਨ ਜੋ ਦੋਸਤੀ ਦਾ ਪ੍ਰਤੀਕ ਹਨ। ਇੰਨ੍ਹਾਂ ਹੱਥਾਂ ਵਿੱਚੋਂ ਨਿਕਲਦੀ ਨਿੱਬ ਪੁਰਾਣੇ ਜ਼ਖ਼ਮਾਂ ਨੂੰ ਭੁਲਕੇ ਮਿੱਤਰਤਾ ਦਾ ਨਵਾਂ ਇਤਿਹਾਸ ਲਿਖਣ ਦੀ ਪ੍ਰੇਰਨਾ ਦਿੰਦੀ ਹੈ। ਸਮਾਰਕ ਦੇ ਇੱਕ ਪਾਸੇ ਲੱਗੇ ਪੱਥਰ ਉੱਤੇ ਪਾਕਿਸਤਾਨ ਵਾਲੇ ਪਾਸੇ ਅੰਮ੍ਰਿਤਾ ਪ੍ਰੀਤਮ ਦੀ ਵਾਰਿਸ ਸ਼ਾਹ ਨੂੰ ਮਾਰੀ ਅਵਾਜ਼ ‘ਅੱਜ ਆਖਾਂ ਵਾਰਿਸ ਸ਼ਾਹ ਨੂੰ’ ਨਜ਼ਮ ਅੰਕਿਤ ਹੈ। ਭਾਰਤ ਵਾਲੇ ਪਾਸੇ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ ‘ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ’ ਦਰਜ ਹੈ।

ਬਸ ਇੱਕ ਕੰਮ ਤੋਂ ਰੁਕਣ ਦਾ ਬੁਲੰਦ ਹੋਕਾ ਏ ਭਾਈ, ਕੋਈ ਸੰਤਾਲੀ ਨਾ ਵਾਪਰੇ, ਕੋਈ ਚੌਰਾਸੀ ਨਾ ਹੋਵੇ, ਕੋਈ ਗੋਧਰੇ ਵਰਗਾ ਕਾਂਡ ਨਾ ਦੁਹਰਾਇਆ ਜਾਏ। ਕੋਈ ਅਣਸੁਖਾਵਾਂ ਨਾ ਵਾਪਰੇ। ਜਿੱਥੇ ਕਿਤੇ ਵੀ ਮਨੁੱਖੀ ਜੀਵਨ ਧੜਕਦਾ ਹੈ ਉਹਨੂੰ ਤੱਤੀ ਵਾਅ ਨਾ ਲੱਗੇ।”

**ਦੀਪ ਦੇਵਿੰਦਰ ਸਿੰਘ ਦੀ ਕਲਮ ਤੋਂ**

8 ਅਗਸਤ 2010 ਪੰਜਾਬੀ ਟ੍ਰਿਬਿਊਨ ’ਚੋਂ

# ਤਰਤੀਬ


- ਮੁਬੀਨਾ ਕਿ ਸੁਕੀਨਾ—ਗੁਰਬਖ਼ਸ਼ ਸਿੰਘ ਪ੍ਰੀਤਲੜੀ/15
- ਸੁਨਹਿਰੀ ਜਿਲਦ—ਨਾਨਕ ਸਿੰਘ/25
- ਭੂਤਾਂ ਦੀਆਂ ਖੇਡ—ਸੰਤ ਸਿੰਘ ਸੇਖੋਂ/30
- ਖੱਬਲ—ਕੁਲਵੰਤ ਸਿੰਘ ਵਿਰਕ/36
- ਇਕਬਾਲ ਹੁਸੈਨ ਮੋਇਆ ਨਹੀਂ—ਅਜਮੇਰ ਸਿੱਧੂ/41
- ਪਾਕਿਸਤਾਨ ਹਮਾਰਾ ਹੈ—ਕਰਤਾਰ ਸਿੰਘ ਦੁੱਗਲ/52
- ਠਿੱਬੀ ਜੁੱਤੀ—ਗੁਰਮੁਖ ਸਿੰਘ ਮੁਸਾਫ਼ਰ/57
- ਮੁੜ ਗੁਆਚੀ ਸ਼ੈ—ਗੁਰਦਿਆਲ ਸਿੰਘ/63
- ਪਹੁ ਫੁੱਟ ਪਈ—ਸੁਜਾਨ ਸਿੰਘ/68
- ਮੇਰਾ ਉੱਜੜਿਆ ਗਵਾਂਢੀ—ਸੰਤੋਖ ਸਿੰਘ ਧੀਰ/77
- ਆਪਣੇ ਘੜੇ ਦਾ ਪਾਣੀ—ਰਾਮ ਸਰੂਪ ਅਣਖੀ/83
- ਫੱਤੂ ਮਰਾਸੀ—ਗੁਰਬਚਨ ਸਿੰਘ ਭੁੱਲਰ/87
- ਕੋਈ ਜਗਰਾਵਾਂ ਤੋਂ ਆਇਆ ਜੇ?—ਬਲਦੇਵ ਸਿੰਘ/94
- ਸੜ੍ਹਦੇ ਜ਼ਖ਼ਮ—ਜਸਵੰਤ ਸਿੰਘ ਕੰਵਲ/103
- ਲਕੀਰ-ਖ਼ਾਲਿਦ ਹੁਸੈਨ/110
- ਕਿੱਥੇ ਗਈ ਹਮੀਦਾ?—ਭਗਵੰਤ ਰਸੂਲਪੁਰੀ/122
- ਧੁੱਪ ਦੇ ਪੈਰਾਂ ਹੇਠ—ਹਰਜੀਤ ਅਟਵਾਲ/137
- ਪਾਂਡੀ—ਤਲਵਿੰਦਰ ਸਿੰਘ/145
- ਹਵੇਲੀ—ਜਿੰਦਰ/160
- ਪੁੰਨ—ਹਰਮਹਿੰਦਰ ਚਹਿਲ/168
- ਅਮਾਨਤ—ਗੁਰਵੇਲ ਸਿੰਘ ਪੰਨੂੰ/175
- ਅੱਬਾ ਜਾਨ ਆ ਗਏ—ਅਤਰਜੀਤ/182
- ਇਕ ਸ਼ਹਿਰ ਆਪਣਾ ਪਰਾਇਆ—ਸੁਖਬੀਰ/193
- ਧੂੜ ਤੇਰੇ ਚਰਨਾਂ ਦੀ—ਲੋਚਨ ਸਿੰਘ ਬਖਸ਼ੀ/201

- ਜਥੇਦਾਰ ਮੁਕੰਦ ਸਿੰਘ—ਮਹਿੰਦਰ ਸਿੰਘ ਸਰਨਾ/209
- ਕੀ ਬਣੇਗਾ?—ਹੀਰਾ ਸਿੰਘ ਦਰਦ/217
- ਫੁੱਲਾਂ ਦੇ ਪਰਛਾਵੇਂ—ਗੁਰਮੁਖ ਸਿੰਘ ਜੀਤ/222
- ਹਵਾ—ਗੁਰਦੇਵ ਸਿੰਘ ਰੁਪਾਣਾ/234
- ਹਨੇਰੇ ਦਾ ਸਫ਼ਰ—ਪਰਗਟ ਸਿੰਘ ਸਤੌਜ/239
- ਤਰਬੈਣੀ—ਮਹਿੰਦਰ ਸਿੰਘ ਜੋਸ਼ੀ/265
- ਬਾਜਰੇ ਦੀ ਡੰਡੀ ’ਤੇ—ਹਰੀ ਸਿੰਘ ਦਿਲਬਰ/269


# ਮੁਬੀਨਾ ਕਿ ਸੁਕੀਨਾ

**ਗੁਰਬਖ਼ਸ਼ ਸਿੰਘ ਪ੍ਰੀਤਲੜੀ**

ਪਿੰਡ ਦੇ ਇਕ ਪੱਕੇ ਘਰ ਦੇ ਪਿਛਵਾੜਿਓਂ ਇਕ ਮਰਦ ਤੇ ਤੀਵੀਂ ਚੋਰਾਂ ਵਾਂਗ ਅੱਗਾ-ਪਿੱਛਾ ਘੋਖਦੇ ਨਿਕਲੇ। ਸਾਹਮਣੇ ਸੂਰਜ ਲਹਿ ਰਿਹਾ ਸੀ, ਸਿੱਧੀਆਂ ਕਿਰਨਾਂ ਉਨ੍ਹਾਂ ਦੇ ਮੂੰਹਾਂ ’ਤੇ ਪਈਆਂ : ਮਰਦ ਦਾ ਜੁੱਸਾ ਜੁਆਨ ਤੇ ਤਕੜਾ, ਤੀਵੀਂ ਦੀ ਨੁਹਾਰ ਸੁਹਣੀ ਤੇ ਪਤਲੀ ਪਰ ਦੋਹਾਂ ਦੇ ਹਵਾਸ ਉੱਡੇ ਹੋਏ, ਪਲ ਦਾ ਪਲ ਪਰਲੇ ਸਿਰਿਓਂ ਆਉਂਦੀਆਂ ਵਾਜਾਂ ਸੁਣਨ ਲਈ ਖਲੋ ਕੇ ਉਹ ਥੋੜ੍ਹੀ ਦੂਰ ਸਰ-ਸਰ ਕਮਾਦ ਦੇ ਖੇਤ ਵਿਚ ਜਾ ਵੜੇ। ਏਸ ਖੇਤ ਦੇ ਇਕ ਪਾਸੇ ਬੰਨੇ ਉਤੇ ਲਸੂੜੇ ਦਾ ਦਰਖ਼ਤ ਸੀ।

ਇਹ ਜ਼ੈਲਦਾਰ ਹਾਸ਼ਮ ਅਲੀ ਦਾ ਪੁੱਤ ਕਾਸਮ ਤੇ ਉਹਦੀ ਨੂੰਹ ਜ਼ੀਨਤ ਸਨ। ਜ਼ੈਲਦਾਰ ਹਾਸ਼ਮ, ਉਹਦਾ ਕਬੀਲਾ ਤੇ ਪਿੰਡ ਦੇ ਬਹੁਤ ਸਾਰੇ ਲੋਕ ਦੋ ਘੰਟੇ ਨਹੀਂ ਹੋਏ, ਕਿ ਪਿੰਡ ਖ਼ਾਲੀ ਕਰ ਗਏ ਸਨ।

ਅੱਜ ਤੱਕ ਜ਼ੈਲਦਾਰ ਬੜੇ ਹੌਸਲੇ ਵਿਚ ਰਿਹਾ ਸੀ। ਅਵਾੜੇ ਬੜੇ ਉੱਡਦੇ ਸਨ, ਕਿ ਓਸ ਪਿੰਡ ਜੱਥਾ ਪੈ ਗਿਆ, ਏਸ ਪਿੰਡ ਪੈਣਾ ਏ। ਇਕ ਘੋੜੀ ਵਾਲਾ ਓਸ ਖੂਹ ’ਤੇ ਆਖ ਗਿਆ ਸੀ, ਕਿ ਲੁਹਾਰਾਂ ਦੀ ਕੋਟਲੀ ਸਾਰੀ ਸਾੜੀ ਗਈ ਏ। ਜ਼ੈਲਦਾਰ ਕਹਿੰਦਾ, “ਸਭ ਅਵਾੜੇ ਨੇ—ਖ਼ਾਤਰ-ਜਮਾ ਰੱਖੋ—ਨਵੇਂ ਨਗਰ ਦਾ ਵੱਡਾ ਸਰਦਾਰ ਮੇਰਾ ਦੋਸਤ ਆਪਣੇ ਬੱਚੇ ਸਾਡੇ ਪਿੰਡ ਵਿਚ ਸੁਆਣ ਨੂੰ ਤਿਆਰ ਏ।”

ਪਰ ਅੱਜ ਸਵੇਰੇ ਜਦੋਂ ਜ਼ੈਲਦਾਰ, ਉਹਦੇ ਕੋਲੋਂ ਤਸੱਲੀ ਲੈਣ ਗਿਆ ਤਾਂ ਸਰਦਾਰ ਕੁਝ ਫ਼ਿਕਰਮੰਦ ਦਿਸਿਆ ਤੇ ਉਹਦੇ ਕੋਲ ਬੈਠੇ ਨੂੰ ਕੁਝ ਸਿੱਖ ਉਠਾ ਕੇ ਪਰ੍ਹਾਂ ਲੈ ਗਏ ਤੇ ਉਹਦੇ ਕੰਨੀਂ ਮਾੜੀ ਜਿਹੀ ਭਿਣਕ ਪੈ ਗਈ :

“ਸਰਦਾਰ ਜੀ ਧੋਖਾ ਨਾ ਖਾ ਜਾਣਾ—ਭਸੀਨੋਂ ਆਇਆ ਨੇ ਜੱਥਾ ਬਣਾ ਲਿਆ ਜੇ—ਤੇ ਉਹ ਕਿਸੇ ਦੀ ਨਹੀਂ ਜੇ ਸੁਣਦੇ।”

ਪਿੰਡ ਮੁੜ ਕੇ ਜ਼ੈਲਦਾਰ ਨੇ ਵੱਡੀ ਮਸੀਤ ਵਿਚ ਕਮੇਟੀ ਕੀਤੀ, ਤੇ ਪਿੰਡ ਖ਼ਾਲੀ ਕਰ ਦੇਣ ਦਾ ਫ਼ੈਸਲਾ ਹੋ ਗਿਆ। ਸਾਰੇ ਪਿੰਡ ਵਿਚ ਚੀਕ-ਚਿਹਾੜਾ ਮੱਚ ਗਿਆ। ਰੋਂਦਿਆਂ-ਧੋਂਦਿਆਂ ਨੇ ਗੰਢਾਂ ਬੁਚਕੀਆਂ ਬੱਧੀਆਂ, ਸਿੱਖ ਬੱਚਿਆਂ ਨਾਲ ਖੇਡਦੇ ਬੱਚਿਆਂ ਨੂੰ ਧੋਲ-ਧੱਪੇ ਮਾਰ ਘਰੀਂ ਲਿਆਂਦਾ, ਕਿਹਰੂ ਨੇ ਸਰਾਜ ਦੀ ਬਾਂਹ ਫੜ ਲਈ, “ਨਹੀਂ ਤਾਈ, ਇਹਨੂੰ ਮੈਂ ਇਥੋਂ ਨਹੀਂ ਜਾਣ ਦੇਣਾ!” ਸਰਾਜ ਦੀ ਮਾਂ ਨੇ ਇਹ ਆਂਹਦਿਆਂ ਕਿ ਸਾਡਾ ਦਾਣਾ-ਪਾਣੀ ਹੁਣ ਏਥੋਂ ਮੁੱਕ ਗਿਆ ਏ, ਪੁੱਤਰ ਨੂੰ ਅੱਗੇ ਲਾ ਲਿਆ।

ਆਹ ਸੁੱਟ, ਔਹ ਫੜ, ਇਹਦੀ ਕਿਸੇ ਹਮਸਾਏ ਨੂੰ ਸਪੁਰਦ ਕਰ, ਬੂਹੇ-ਚੰਨੇ ਮਾਰ, ਡੰਗਰਾਂ ਦੀਆਂ ਪਿੱਠਾਂ ਉਤੇ ਜੁੱਲ-ਪ੍ਰਾਣੇ ਸੁੱਟ, ਲੋਕ ਆਪਣੇ ਘਰਾਂ 'ਚੋਂ ਨਿਕਲ ਕੇ ਗਲੀਆਂ ਵਿਚ ਇਕੱਠੇ ਹੋ ਗਏ। ਪਿੰਡ ਦੀ ਰੂਹ ਆਪਣਾ ਕਾਲਬ ਛੱਡ ਰਹੀ ਸੀ। ਆਪਣੀਆਂ ਕੰਧਾਂ ਵੇਖ ਵੇਖ ਬੁੱਢੇ ਲੋਕ ਢਾਈ ਮਾਰ ਰਹੇ ਸਨ। ਹਾਸ਼ਮ ਜ਼ੈਲਦਾਰ ਦੀਆਂ ਅੱਖਾਂ ਵੀ ਭਰੀਆਂ ਹੋਈਆਂ ਸਨ ਤੇ ਉਹ ਆਪਣੇ ਪੁੱਤਰ ਕਾਸਮ ਨੂੰ ਪਿਛਾਂਹ ਰਹਿਣੋਂ ਵਰਜ ਰਿਹਾ ਸੀ।

"ਤੁਸੀਂ ਬਿਲਕੁਲ ਫ਼ਿਕਰ ਨਾ ਕਰੋ", ਕਾਸਮ ਆਂਹਦਾ ਸੀ। "ਜ਼ੀਨਤ ਕੁਝ ਬਿਮਾਰ ਤੇ ਬਹੁਤੀ ਘਾਬਰੀ ਹੋਈ ਏ-ਮੁਬੀਨਾ ਨੂੰ ਚੁੱਕ ਕੇ ਉਹਦੇ ਕੋਲੋਂ ਤੁਰਿਆ ਨਹੀਂ ਜਾਣਾ। ਨਾਲੇ ਮੈਂ ਸਾਰੀ ਖ਼ਬਰ-ਸਾਰ ਲੈ ਕੇ ਆਵਾਂਗਾ। ਦੂਰੋਂ ਜੱਥਾ ਵੇਖ ਕੇ ਮੈਂ ਜ਼ੀਨਤ ਨੂੰ ਘੋੜੀ ਤੇ ਅੱਗੇ ਬਿਠਾ ਪੱਤਨੋਂ ਪਾਰ ਹੋ ਤੁਹਾਨੂੰ ਆ ਮਿਲਾਂਗਾ।"

ਕਈ ਹੋਰ ਜਵਾਨ ਵੀ ਪਿਛਾਂਹ ਰਹਿ ਗਏ, ਕੀ ਪਤਾ ਜੱਥਾ ਨਾ ਹੀ ਪਏ, ਨਵੇਂ ਨਗਰ ਦਾ ਸਰਦਾਰ ਜੱਥੇ ਨੂੰ ਰੋਕ ਹੀ ਲਏ, ਤੇ ਫੇਰ ਉਹ ਸਾਰੇ ਪਿੰਡ ਨੂੰ ਮੋੜ ਲਿਆਉਣਗੇ।

ਵਤਨ ਛੁੱਟ ਰਿਹਾ ਸੀ, ਪੈਲੀਆਂ ਖੂਹ ਛੁੱਟ ਰਹੇ ਸਨ, ਮੈਦਾਨ ਛੁੱਟ ਰਹੇ ਸਨ, ਜਿਨ੍ਹਾਂ ਦੀ ਮਿੱਟੀ ਵਿਚ ਆੜੀਆਂ ਨਾਲ ਛਿੱਲੇ ਮੁੱਢ ਅਭੁੱਲ ਯਾਦਾਂ ਬਣ ਗਏ ਸਨ, ਬੇਰੀਆਂ ਛੁੱਟ ਰਹੀਆਂ ਸਨ, ਜਿਨ੍ਹਾਂ ਦੇ ਬਚਪਨ ਵਿਚ ਚੋਰੀ ਖਾਧੇ ਬੇਰਾਂ ਵਰਗਾ ਮਿੱਠਾ ਫਲ ਫੇਰ ਕਦੇ ਕਿਸੇ ਨਹੀਂ ਖਾਧਾ।

ਆਪਣੇ ਖੂਹ ਕੋਲੋਂ ਲੰਘਦਿਆਂ ਇਬਰਾਹੀਮ ਦੀ ਵਹੁਟੀ ਦੀ ਹਾਅ ਨਿਕਲ ਗਈ।

"ਹੁਣੇ ਨਵੀਆਂ ਟਿੰਡਾਂ ਪੁਆਈਆਂ ਸਨ। ਵੀਹ ਰੁਪਏ ਲਾ ਕੇ ਨਵੀਂ ਕਾਂਜਣ ਚੜ੍ਹਾਈ ਸੀ।"

ਭੌਂ ਭੌਂ ਆਪਣੀਆਂ ਜੂਹਾਂ ਨੂੰ ਤੱਕਦੇ ਲੋਕਾਂ ਦੀਆਂ ਅੱਖਾਂ ਬੰਨਿਆਂ, ਢੇਰੀਆਂ, ਵਾੜਾਂ ਨਾਲ ਅੜ ਅੜ ਰੁਕਦੀਆਂ ਰਹੀਆਂ। ਓੜਕ ਜਾਣਿਆ ਪਿਆਰਿਆ ਸਭ ਕੁਝ ਅਲੋਪ ਹੋ ਗਿਆ ਤੇ ਪ੍ਰਦੇਸ ਦੀ ਛਿਣਕ ਛਿਣਕ ਪਰ੍ਹਾਂ ਸੁੱਟਦੀ ਹੱਦ ਵਿਚ ਸੋਗੀ ਕਾਫ਼ਲਾ ਬਹਿ ਗਿਆ।

ਓਧਰ ਨਵੇਂ ਨਗਰੋਂ ਪੈਲੀਓਂ ਪੈਲੀ ਦੌੜਦਾ ਕੋਈ ਆ ਕੇ ਖ਼ਬਰ ਦੇ ਗਿਆ ਕਿ ਭੱਠੇ ਤੱਕ ਜੱਥਾ ਪਹੁੰਚ ਗਿਆ ਸੀ। ਕਾਸਮ ਆਪਣੇ ਤਵੇਲੇ ਵੱਲ ਭੱਜਾ ਗਿਆ, ਪਰ ਘੋੜੀ ਓਥੇ ਕੋਈ ਨਹੀਂ ਸੀ। ਤੇ ਦੂਰੋਂ-ਅਜੇ ਚੋਖੀ ਦੂਰੋਂ, ਤਲਵਾਰਾਂ ਲਿਸ਼ਕਦੀਆਂ ਉਹਨੂੰ ਦਿਸੀਆਂ।

"ਜ਼ੀਨਤ-ਜ਼ੀਨਤ-ਚੁੱਕ ਮੁਬੀਨਾ ਨੂੰ-ਘੋੜੀ ਕਿਸੇ ਖੋਲ੍ਹ ਖੜੀ ਏ-ਛੇਤੀ ਕਰ ਘਰ ਦੇ ਪਿਛਵਾੜੇ ਕਮਾਦ ਵਿਚ ਲੁਕਣ ਦੇ ਸਿਵਾ ਹੋਰ ਕੋਈ ਰਾਹ ਨਹੀਂ ਰਿਹਾ।"

ਕਮਾਦ ਦੇ ਵਿਚ ਵੜੇ ਹੀ ਸਨ ਕਿ ਜੱਥਾ ਪਿੰਡ ਦੀ ਜੂਹ ਵਿਚ ਆ ਧਮਕਿਆ। ਬੰਨੇ ਦੇ ਕੋਲੋਂ ਕਈ ਦੌੜਦਿਆਂ ਦੀ ਵਾਜ ਆਈ।

"ਇਹ ਆਪਣੇ ਹੀ ਹੋਣਗੇ-ਪੱਤਨ ਵੱਲ ਨੱਠੇ ਜਾਂਦੇ", ਕਾਸਮ ਨੇ ਆਖਿਆ।

ਏਨੇ ਨੂੰ ਪਿੰਡ ਵਿਚੋਂ ਐਉਂ ਸ਼ੋਰ ਆਉਣ ਲੱਗ ਪਿਆ ਜਿਵੇਂ ਓਥੇ ਅਸਮਾਨ ਟੁੱਟ ਪਿਆ ਸੀ। ਸ਼ੋਰ ਉਨ੍ਹਾਂ ਦੇ ਨੇੜੇ ਆਉਂਦਾ ਜਾ ਰਿਹਾ ਸੀ।

ਕਮਾਦ ਵਿਚ ਬੜਾ ਹੁੱਸੜ ਲੱਗ ਰਿਹਾ ਸੀ। ਮੁਬੀਨਾ ਭਾਵੇਂ ਅਜੇ ਜਾਗੀ ਨਹੀਂ ਸੀ, ਪਰ ਪਾਸੇ ਮਾਰਨ ਲੱਗ ਪਈ ਸੀ।



"ਬੜੀ ਮੁਸ਼ਕਲ ਬਣੀ-ਇਹਨੇ ਰੋ ਪੈਣਾ ਏਂ-ਤੇ ਜੱਥਾ ਹੁਣ ਸਾਡੇ ਘਰ ਪਹੁੰਚਿਆ ਕਿ ਪਹੁੰਚਿਆ!"

ਦਾੜ ਦਾੜ ਕਰਦੇ ਦੋ ਘੋੜ-ਸਵਾਰ ਬੰਨੇ ਦੇ ਲਾਗਿਓਂ ਲੰਘ ਗਏ, ਜਿਵੇਂ ਉਹ ਕਿਸੇ ਨੱਠਦੇ ਦੇ ਮਗਰ ਪਏ ਸਨ।

"ਜ਼ੀਨਤ-ਜਾਗਣ ਤੋਂ ਪਹਿਲਾਂ-ਲਿਆ ਮੈਂ ਮੁਬੀਨਾ ਨੂੰ ਲਸੂੜੇ ਹੇਠਾਂ ਪਾ ਆਵਾਂ-ਓਥੇ ਸੁੱਤੀ ਰਹੇਗੀ, ਤੇ ਜਦੋਂ ਜੱਥਾ ਮੁੜ ਗਿਆ, ਮੈਂ ਇਹਨੂੰ ਚੁੱਕ ਲਿਆਵਾਂਗਾ।"

"ਜੀਅ ਨਹੀਂ ਮੰਨਦਾ-ਇਹ ਬੋਟ ਜਿਹਾ ਸੁੱਟ ਪਾਵਾਂ!"

"ਛੇਤੀ ਕਰ-ਇਹਦੀ ਵੀ ਤੇ ਸਾਡੀ ਵੀ ਸੁੱਖ ਏਸੇ ਗੱਲ ਵਿਚ ਏ-ਇਹ ਅੰਦਰ ਜਾਗੀ ਤੇ ਅਸੀਂ ਸਾਰੇ ਮੋਏ।"

ਪਿੰਡ ਵਿਚ ਗੋਲੀਆਂ ਚੱਲਣ ਦੀ ਠਾਹ-ਠਾਹ ਆਈ।

"ਫੜਾ ਮੈਨੂੰ-ਇਕ ਮਿੰਟ ਨਾ ਸੋਚ।"

ਜ਼ੀਨਤ ਨੇ ਮੁਬੀਨਾ ਦਾ ਮੂੰਹ ਚੁੰਮਿਆ ਤੇ ਕਾਸਮ ਨੇ ਛੇਤੀ ਦਿੱਤੀ ਉਹਦੇ ਕੋਲੋਂ ਕੁੜੀ ਲੈ ਲਈ, ਤੇ ਬਾਹਰ ਲਿਆ ਕੇ ਲਸੂੜੇ ਦੇ ਹੇਠਾਂ ਪਾ ਦਿੱਤੀ। ਕਾਸਮ ਦਾ ਧਿਆਨ ਸੋਨੇ ਦੀ ਜ਼ੰਜੀਰੀ 'ਤੇ ਪਿਆ ਜਿਹੜੀ ਕਾਸਮ ਦੀ ਮਾਂ ਨੇ ਮੁਬੀਨਾ ਦੇ ਗਲ ਪਾਈ ਹੋਈ ਸੀ। ਪਹਿਲਾਂ ਉਸ ਸੋਚਿਆ ਕਿ ਲਾਹ ਲਵੇ, ਫੇਰ ਖ਼ਿਆਲ ਕੀਤਾ ਕਿ ਜੇ ਉਹ ਛੱਡਣੀ ਪਈ, ਤਾਂ ਲੱਭਣ ਵਾਲੇ ਨੂੰ ਜ਼ੰਜੀਰੀ ਸਮੇਤ ਮੁਬੀਨਾ ਖੌਰੇ ਭਾਰੀ ਨਾ ਹੀ ਜਾਪੇ ਤੇ ਉਹ ਇਹਦਾ ਚੰਗਾ ਖ਼ਿਆਲ ਰੱਖੇ।

"ਖ਼ੁਦਾ ਹਾਫ਼ਿਜ਼!"-ਤੇ ਕਾਸਮ ਜ਼ੀਨਤ ਨੂੰ ਆ ਮਿਲਿਆ।

ਐਨ ਉਨ੍ਹਾਂ ਦੇ ਘਰ ਵਿਚੋਂ ਵਾਜਾਂ ਆਉਣ ਲੱਗ ਪਈਆਂ।

"ਮੇਰੇ ਮਗਰ ਮਗਰ-ਬੂਟਾ ਬੂਟਾ ਬਚਾਅ ਕੇ-ਖੜਾਕ ਨਾ ਹੋਣ ਦੇ, ਤੁਰੀ ਆ ਜ਼ੀਨਤ-ਤੁਰੀ ਆ।"

ਵਾਜਾਂ ਕੋਲੋਂ ਘਬਰਾ ਕੇ ਉਹ ਖੇਤ ਵਿਚ ਪਰਲੇ ਪਾਸੇ ਤੁਰੀ ਗਏ।

"ਹਾਏ-ਮੁਬੀਨਾ ਰੋ ਰਹੀ ਹੋਵੇਗੀ!"

"ਮੁਬੀਨਾ ਸੌਂਪ ਅੱਲਾਹ ਨੂੰ-ਤੁਰੀ ਆ-ਖਲੋਣ ਦਾ ਵਕਤ ਨਹੀਂ।"

ਉਹ ਬੂਟਾ ਬੂਟਾ ਉਲੰਘਦੇ ਦੂਜੇ ਸਿਰੇ ਪਹੁੰਚ ਗਏ। ਹੁੱਸੜ ਨਾਲ ਜ਼ੀਨਤ ਦੀ ਜਾਨ ਮੂੰਹ ਨੂੰ ਆ ਰਹੀ ਸੀ।

"ਜ਼ਰਾ ਕੁ ਸਬਰ ਕਰ-ਮੈਂ ਬੰਨੇ ਤੋਂ ਵੇਖ ਆਵਾਂ।"

ਘੁਸ-ਮੁਸਾ ਹਨੇਰਾ-ਨਾ ਜੀਅ ਨਾ ਜੁਆਤਰੂ, ਪੰਛੀ ਆਲ੍ਹਣਿਆਂ ਵਿਚ ਮੁੜ ਰਹੇ ਸਨ, ਜਿਸ ਪਹੇ ਤੋਂ ਤੁਰ ਕੇ ਅੱਠ ਵਰ੍ਹੇ ਰੋਜ਼ ਉਹ ਦੂਜੇ ਪਿੰਡ ਮਦਰੱਸੇ ਜਾਂਦਾ ਰਿਹਾ ਸੀ, ਉਹ ਅੱਜ ਉਹਨੂੰ ਪਹਿਆ ਜਾਪ ਰਿਹਾ ਸੀ, ਜਿਸ ਖੂਹ ਉਤੇ ਜ਼ੀਨਤ ਦਾ ਡੋਲਾ ਅਜੇ ਪਿਛਲੇਰੇ ਵਰ੍ਹੇ ਉਤਰਿਆ ਸੀ, ਉਹ ਖੂਹ ਅੱਜ ਬਾਂ ਬਾਂ ਕਰ ਰਿਹਾ ਸੀ।

ਉਤੋਂ ਬੱਦਲ ਗਰਜਿਆ, ਮਹੀਨ ਮਹੀਨ ਜਿਹੀ ਫੁਹਾਰ ਹਵਾ ਨਾਲ ਉੱਡ ਕੇ ਉਹਦੇ ਬੁੱਲ੍ਹਾਂ 'ਤੇ ਪਈ। ਉਹਨੂੰ ਪਿਆਸ ਲੱਗੀ ਦਾ ਅਹਿਸਾਸ ਹੋਇਆ। ਮੁਬੀਨਾ ਦੀ ਯਾਦ ਆਈ ਕਿ ਉਹ ਸਾਰੀ ਰਾਤ ਭੁੱਖੀ ਰੋਂਦੀ ਰਹੇਗੀ।

ਜਦੋਂ ਹਨੇਰਾ ਗੂੜ੍ਹਾ ਹੋ ਗਿਆ, ਜ਼ੀਨਤ ਤੇ ਕਾਸਮ ਪੱਤਨ ਵੱਲ ਤੁਰ ਪਏ। ਮੁਬੀਨਾ ਨੂੰ ਜਾ ਕੇ ਲੈ ਆਉਣਾ ਅਨਹੋਣਾ ਹੋ ਗਿਆ ਸੀ। ਪੰਜ ਵਿੱਘਿਆਂ ਦੀ ਲੰਮੀ ਪੈਲੀ ਹਾਸ਼ਮ ਨੇ ਗੁਣਿਆਂ ਵਿਚ ਤੇਲ ਚੋ ਚੋ ਬੀਜੀ ਸੀ।

ਪੱਤਨ ਉਤੇ ਬੜੀ ਭੀੜ ਸੀ। ਬੇੜੀ ਇਕ ਸੀ ਤੇ ਉਹਦੇ ਦੋ ਮਲਾਹ, ਭਾਵੇਂ ਸਨ ਮੁਸਲਮਾਨ ਪਰ ਪਾਰ-ਕਰਾਈ ਵੀਹ ਰੁਪਈਆਂ ਤੋਂ ਪੈਸਾ ਘੱਟ ਨਹੀਂ ਸਨ ਮੰਨਦੇ। ਤ੍ਰੀਮਤਾਂ ਟੂੰਮਾਂ ਲਾਹ ਲਾਹ ਫੜਾਂਦੀਆਂ ਸਨ। ਦੋ ਬੇ-ਸਾਥ ਮੁਟਿਆਰਾਂ ਤਰਲੇ ਕਰ ਕਰ ਹਾਰ ਗਈਆਂ ਸਨ। ਜ਼ੀਨਤ ਨੇ ਦੋ ਚੂੜੀਆਂ ਬੁੱਕੋਂ ਲਾਹ ਕੇ ਕਾਸਮ ਦੇ ਹੱਥ ਫੜਾਈਆਂ, ਕਾਸਮ ਨੇ ਬਾਕੀ ਦੋ ਭੀ ਲੁਹਾ ਕੇ ਜੇਬੇ ਪਾ ਲਈਆਂ, ਤੇ ਮਲਾਹਾਂ ਨੂੰ ਜ਼ਰਾ ਤਮਕ ਵਿਚ ਆ ਕੇ ਆਖਿਆ :

"ਓ ਮੀਆਂ—ਕੁਝ ਤੇ ਖ਼ੌਫ ਖਾਓ—ਤੁਹਾਨੂੰ ਚੰਗਾ ਲੱਗੇਗਾ ਜੇ ਇਹ ਜਵਾਨ-ਜਹਾਨਾਂ ਦੁਸ਼ਮਨਾਂ ਦੇ ਢਏ ਚੜ੍ਹ ਜਾਣ—ਨਾਲੇ ਇਹ ਦੋ ਚੂੜੀਆਂ ਦੋ ਸੌ ਤੋਂ ਘੱਟ ਬਿਲਕੁਲ ਨਹੀਂ!"

ਕਾਸਮ ਦੇ ਰੁਅਬ ਹੇਠਾਂ ਮਲਾਹ ਆ ਗਏ ਤੇ ਬੇੜੀ ਭਰ ਕੇ ਪਾਰਲੇ ਕੰਢੇ ਜਾ ਲੱਗੀ। ਉਥੋਂ ਬਾਡਰ ਮਸਾਂ ਸਵਾ ਮੀਲ ਸੀ, ਤੇ ਵਿਚ ਆਬਾਦੀ ਕੋਈ ਨਹੀਂ ਸੀ।

ਰਾਤੀਂ ਸਾਰੀ ਰਾਤ ਮੀਂਹ ਕਦੇ ਵਰ੍ਹਦਾ ਤੇ ਕਦੇ ਹਟਦਾ ਰਿਹਾ। ਲਸੂੜੇ ਦੇ ਚੌੜੇ ਤੇ ਕਣੀਆਂ ਇਕੱਠੀਆਂ ਹੋ ਜਾਂਦੀਆਂ। ਵਾ ਆਉਂਦੀ ਤੇ ਮੁਬੀਨਾ ਦੇ ਮੂੰਹ 'ਤੇ ਡੁੱਲ੍ਹ ਪੈਂਦੀਆਂ—ਰੋਂਦੇ ਬੁੱਲ੍ਹ 'ਲਿਪ ਲਿਪ' ਕਰਨ ਲੱਗ ਪੈਂਦੇ, ਕਈ ਟੇਪੇ ਨਿੱਕੇ ਜਿਹੇ ਮੂੰਹ ਵਿਚ ਚਲੇ ਜਾਂਦੇ।

ਕਦੇ ਰੋਂਦੀ, ਕਦੀ ਪਾਣੀ ਦੇ ਟੇਪਿਆਂ ਨਾਲ 'ਲਿਪ ਲਿਪ' ਕਰਦੀ, ਕਦੇ ਹੰਭ ਕੇ ਸੌਂ ਜਾਂਦੀ—ਏਸੇ ਤਰ੍ਹਾਂ ਰਾਤ ਲੰਘ ਗਈ। ਸੂਰਜ ਦਾ ਪਹਿਲਾ ਚਾਨਣ ਜਦੋਂ ਸੁਨਹਿਰੀ ਕਿਰਨਾਂ ਤੇ ਚੜ੍ਹ ਕੇ ਮੁਬੀਨਾ ਦੇ ਮੂੰਹ ਤੱਕ ਪਹੁੰਚਾ, ਤਾਂ ਉਹ ਲੱਤਾਂ ਬਾਹਵਾਂ ਮਾਰ ਰਹੀ ਸੀ, ਉਹਦੀਆਂ ਅੱਖਾਂ ਖੁੱਲ੍ਹੀਆਂ ਤੇ ਉਹਦੇ ਫ਼ੀਰੋਜ਼ੀ ਝੱਗੇ ਉਤੇ ਸੋਨੇ ਦੀ ਜ਼ੰਜੀਰ ਲਿਸ਼ ਲਿਸ਼ ਕਰ ਰਹੀ ਸੀ।

ਰਾਤੀਂ ਜੱਥਾ ਮੋਟੀ ਮੋਟੀ ਚੀਜ਼-ਵਸਤ ਚੁਗ ਕੇ ਚਲਾ ਗਿਆ ਸੀ। ਖ਼ਾਲੀ ਪਿੰਡ ਦੀ ਭਿਆਨਕਤਾ ਲੁਟੇਰਿਆਂ ਲਈ ਭੀ ਜ਼ਿਆਦਾ ਸੀ। ਦਿਨੇ ਛਾਹ-ਵੇਲਾ ਖਾ ਕੇ ਉਹ ਫੇਰ ਮੁੜ ਆਏ, ਉਜਾੜ ਥਾਂ ਮੁੜ ਵੱਸ ਪਈ, ਪਰ ਇਹ ਵਸੇਬਾ ਨਿਰਾਲਾ ਸੀ : ਸੰਦੂਕ ਟੁੱਟ ਰਹੇ ਸਨ, ਜੰਦਰੇ ਭੱਜ ਰਹੇ ਸਨ, ਪੋਲੀਆਂ ਥਾਵਾਂ ਫੁਲ ਰਹੀਆਂ ਸਨ।

ਜ਼ੀਨਤ ਹੋਰਾਂ ਦੇ ਪੱਕੇ ਘਰ ਦੀ ਕਮਾਦ ਵਾਲੇ ਪਾਸੇ ਦੀ ਬਾਰੀ ਖੁੱਲ੍ਹੀ, ਕਿਸੇ ਨੇ ਬਾਰੀ 'ਚੋਂ ਤੱਕਿਆ—ਸਰ-ਸਰ ਕਰਦਾ ਕਮਾਦ, ਮੀਂਹ ਨਾਲ ਧੁਪਿਆ ਸਾਵਾ ਕਚਾਹ ਲਸੂੜਾ—ਤੇ ਔਹ ਕੀ ਕੋਈ ਬੱਚਾ—ਨਿੱਕਾ ਜਿਹਾ ਚਿਚਲਾਂਦਾ! ਵੇਖਣ ਵਾਲਾ ਕੋਠੇ ਤੋਂ ਛੇਤੀ ਛੇਤੀ ਉਤਰ ਲਸੂੜੇ ਕੋਲ ਅੱਪੜਿਆ।

ਕਿਸੇ ਨੂੰ ਆਪਣੇ ਵੱਲ ਤੱਕਦਾ ਵੇਖ ਕੇ ਮੁਬੀਨਾ ਇਕਦਮ ਚੁੱਪ ਕਰ ਗਈ, ਉਹਦੀਆਂ ਝਿੰਮਣੀਆਂ ਨਾਲ ਅੱਥਰੂ ਡਲ੍ਹਕ ਰਹੇ ਸਨ ਤੇ ਝੱਗੇ ਉਤੇ ਜ਼ੰਜੀਰੀ ਲਿਸ਼ਕ ਰਹੀ ਸੀ।

ਵੇਖਣ ਵਾਲਾ ਬੜਾ ਖ਼ੁਸ਼ ਹੋਇਆ, ਉਹਨੇ ਨਿਉਂ ਕੇ ਬਾਹਾਂ ਅੱਡੀਆਂ—ਮੁਬੀਨਾ ਨੇ ਬੁੱਲ੍ਹ ਟੇਰ ਲਏ—ਜੀਕਰ ਅੱਧ-ਭਰੋਸੇ ਵਿਚ, ਆਦਮੀ ਨੇ ਉਹਦੇ ਬੁੱਲ੍ਹਾਂ ਉਤੇ ਉਂਗਲਾਂ ਨਾਲ ਲਾਡ ਕੀਤਾ—ਮੁਬੀਨਾ ਹੁਣ ਮੁਸਕਾ ਪਈ, ਆਦਮੀ ਨੇ ਉਹਦੇ ਗਲੋਂ ਜ਼ੰਜੀਰੀ ਲਾਹ ਕੇ ਡੱਬ ਵਿਚ ਅੜੁੰਗ ਲਈ ਤੇ ਉਹਨੂੰ ਕੁੱਛੜ ਸਾਂਭ ਕੇ ਉਹ ਮੁੜ ਆਇਆ।



ਉਹਦਾ ਸਾਥੀ ਭੀ ਆਪਣੀ ਲੱਭ ਨਾਲ ਬੜਾ ਖ਼ੁਸ਼ ਹੋ ਰਿਹਾ ਸੀ, ਹਾਸ਼ਮ ਦਾ ਘਰ ਆਦੀ ਸੀ।

"ਮੈਨੂੰ ਛੁੱਟੀ ਦੇ ਦਿਓ, ਸਰਦਾਰ ਜੀ—ਮੈਨੂੰ ਬੜਾ ਕੁਝ ਲੱਭ ਪਿਆ ਏ।"

"ਕੀ ਲੱਭਾ ਈ?" ਤੇ ਉਹਦੇ ਕੁੱਛੜ ਮੁਬੀਨਾ ਚੁੱਕੀ ਵੇਖ ਕੇ—"ਇਹਦੇ ਨਾਲ ਤੇਰਾ ਢਿੱਡ ਥੋੜ੍ਹਾ ਭਰਨਾ ਏ—ਮਾਰ ਲੈ ਦੋ ਹੱਥ, ਹੁਣ ਵੇਲਾ ਈ, ਫੇਰ ਪਛੋਤਾਏਂਗਾ।"

"ਨਹੀਂ—ਸਰਦਾਰ ਜੀ—ਮੈਨੂੰ ਤੁਸੀਂ ਜਾਣ ਹੀ ਦਿਓ—ਹੁਣ ਹੋਰ ਕਿਸੇ ਵਸਤ ਨੂੰ ਹੱਥ ਲਾਣ ਤੇ ਰੂਹ ਨਹੀਂ ਕਰਦੀ—ਇਹ ਖੌਰੇ ਕਦੋਂ ਦੀ ਭੁੱਖੀ ਏ।"

"ਕੁੜੀ ਆ?"

"ਹਾਂ ਜੀ—ਕੁੜੀ ਏ।"

"ਤਾਂ ਤੇ ਮੌਜ ਬਣ ਗਈ ਊ—ਵੇਖ ਖਾਂ—ਕਾਸਮ ਦੀ ਹੋਣੀ ਏ।"

"ਮੈਂ ਫੇਰ, ਜਾਵਾਂ ਜੀ?"

"ਮਰਜ਼ੀ ਤੇਰੀ—ਵੇਲਾ ਚੰਗਾ ਸਾਈ—ਜੇ ਚੰਗੜੀ ਜੋਗੇ ਚਾਰ ਲੀੜੇ ਹੀ ਲੈ ਜਾਂਦੋਂ।"

"ਚੰਗੜੀ ਮੇਰੀ ਨੂੰ ਤੁਸੀਂ ਜਾਣਦੇ ਹੀ ਹੋ—ਉਹ ਮੈਨੂੰ ਵੱਢ ਵੱਢ ਖਾਂਦੀ ਰਹਿੰਦੀ ਏ ਕਿ ਮੇਰੇ ਭੈੜੇ ਚਾਲਿਆਂ ਕਰਕੇ ਉਹਦਾ ਢਿੱਡ ਨਹੀਂ ਫਲਿਆ—ਕੱਪੜਿਆਂ ਨਾਲੋਂ ਉਹ ਇਹਨੂੰ ਬਹੁਤਾ ਚਾਹੇਗੀ।"

"ਜਾ ਲੈ ਜਾ ਸੂ—ਤੇ ਘੋੜੀ ਸਾਡੀ ਹਵੇਲੀ ਬੰਨ੍ਹ ਦਈਂ।"

ਇਹ ਚੰਗੜ ਮਾਨਾਂਵਾਲੇ ਦੇ ਇਕ ਅਵੈਲੀ ਜ਼ਿਮੀਂਦਾਰ ਦਾ ਸੰਗੀ ਸੀ। ਇਹਦੀ ਮਦਦ ਨਾਲ ਜ਼ਿਮੀਂਦਾਰ ਨੇ ਕਈ ਚੋਰੀਆਂ ਕੀਤੀਆਂ ਹੋਈਆਂ ਸਨ ਤੇ ਜਦੋਂ ਚਾਰ ਦਿਨ ਹੋਏ ਸਾਰੇ ਮੁਸਲਮਾਨ ਇਨ੍ਹਾਂ ਦੇ ਪਿੰਡੋਂ ਨਿਕਲ ਗਏ, ਤਾਂ ਇਹਨੇ ਏਸ ਚੰਗੜ ਨੂੰ ਜਾਣ ਨਹੀਂ ਸੀ ਦਿੱਤਾ—"ਕੋਈ ਤੱਕ ਕੇ ਤਾਂ ਵੇਖੇ ਤੇਰੀ ਵਾ ਵੱਲ!"

ਚੰਗੜੀ ਨੇ ਬੂਹਾ ਖੋਲ੍ਹਿਆ, ਪਰ ਚੰਗੜ ਵੱਲ ਵੇਖੇ ਬਿਨਾਂ ਹੀ ਉਹ ਭੌਂ ਪਈ, ਕੁੰਡਾ ਅੜਾ ਕੇ ਚੰਗੜ ਬੋਲਿਆ—

"ਪੁੱਛਦੀ ਨਹੀਂ—ਮੈਂ ਲਿਆਇਆ ਕੀ?"

"ਲਿਆਇਆ ਹੋਵੇਂਗਾ ਬੜਾ ਬੋਬਾ, ਜਿਦ੍ਹੇ ਨਾਲ ਹੁਣ ਤੇਰੀ ਸਾਰੀ ਉਮਰ ਲੰਘ ਜਾਏਗੀ," ਚੰਗੜੀ ਨੇ ਅਜੇ ਭੀ ਉਹਦੇ ਵੱਲ ਨਾ ਤੱਕਿਆ ਤੇ ਜਾ ਕੇ ਬਹਿ ਗਈ।

"ਐਵੇਂ ਬੁੜ-ਬੁੜ ਕਰੀ ਜਾਨੀ ਏਂ—ਵੇਖ ਤਾਂ ਸਹੀ" ਤੇ ਉਹਨੇ ਮੁਬੀਨਾ ਦੇ ਮੂੰਹ ਤੋਂ ਪੱਲਾ ਹਟਾ ਕੇ ਉਹਦੇ ਸਾਹਮਣੇ ਕੀਤਾ।

"ਹਾਏ—ਮੈਂ ਮਰ ਗਈ!" ਚੰਗੜੀ ਨੇ ਦੋਵੇਂ ਹੱਥ ਮਲ ਕੇ ਆਖਿਆ, "ਇਹਦੀ ਮਾਂ ਗਰੀਬਣੀ ਨੂੰ ਕਿਸ ਤੱਤੜੇ ਮਾਰ ਮੁਕਾਇਆ ਏ?"

"ਪਤਾ ਕੁਝ ਨਹੀਂ—ਜ਼ੈਲਦਾਰ ਦੇ ਘਰ ਪਿੱਛੇ ਲਸੂੜੇ ਹੇਠਾਂ ਪਈ ਸੀ" ਤੇ ਡੱਬ ਵਿਚੋਂ ਜ਼ੰਜੀਰੀ ਕੱਢ ਕੇ, "ਇਹ ਇਹਦੇ ਗਲ ਵਿਚ ਸੀ—ਵੇਖ ਕੇ ਕੋਈ ਸੜੇ ਨਾ, ਮੈਂ ਡੱਬ ਵਿਚ ਲੁਕਾ ਲਈ।"

ਚੰਗੜੀ ਨੇ ਮੁਬੀਨਾ ਨੂੰ ਕੁੱਛੜ ਲੈ ਲਿਆ—ਮੂੰਹ ਸਿਰ ਚੁੰਮਿਆ—ਸੌ ਸੌ ਸ਼ੁਕਰ ਮਨਾਇਆ—ਜ਼ੰਜੀਰੀ ਉਹਨੂੰ ਭੁੱਲ ਗਈ।

"ਤੂੰ ਭੁੱਖੀ ਹੋਵੇਂਗੀ—ਬਹੁਤ ਭੁੱਖੀ—ਸਾਰੀ ਰਾਤ ਤੂੰ ਕੁਝ ਨਹੀਂ ਪੀਤਾ—ਬਿੰਦ ਸਬਰ ਕਰ—ਤੇਰੇ ਬਖ਼ਤਾਂ ਨੂੰ ਸਾਡੀ ਗਾਂ ਭੀ ਮਿਲ ਪਈ ਏ—ਕਲ੍ਹ ਓਸ ਛੂਹਣ ਨਹੀਂ ਸੀ ਦਿੱਤਾ—ਤੂੰ ਇਹਨੂੰ ਫੜ ਜ਼ਰਾ।"

ਚੰਗੜੀ ਨੇ ਟਾਕੀ ਭਿਉਂ ਕੇ ਉਹਦੇ ਮੂੰਹ ਵਿਚ ਦੁੱਧ ਚੋਇਆ, ਕੌਲ ਦਾ ਵਾਰਾ ਉਹ ਪੀ ਗਈ—ਮੂੰਹ ਆਪਣੇ ਲੀੜੇ ਨਾਲ ਪੂੰਝ ਕੇ ਆਖਿਆ :

"ਨਬੀ ਰਸੂਲ ਦੇ ਰਾਹ ਨਿਆਰੇ, ਇਹ ਮੇਰਾ ਚੰਦਰਾ ਢਿੱਡ ਕਿੱਥੋਂ ਫੁੱਟਣਾ ਸੀ। ਸਦਕੇ ਜਾਵਾਂ ਤੈਥੋਂ—ਹੁਣ ਮੇਰੇ ਕੋਲ ਹੀ ਰਹੀਂ—ਕਿਤੇ ਹੋਰ ਨਾ ਜਾਈਂ।"

ਕਈ ਦਿਨ ਮੁਬੀਨਾ ਦੇ ਚਾਅ ਵਿਚ ਚੰਗੜੀ ਤੇ ਚੰਗੜ ਉਡਦੇ ਫਿਰੇ। ਨਵੀਂ ਮਿਹਰ ਦੇ ਸਾਹਮਣੇ ਪੁਰਾਣਾ ਕਹਿਰ ਭੁੱਲ ਗਿਆ। ਚੰਗੜੀ ਨੇ ਚੰਗੜ ਨੂੰ ਮਨਾ ਲਿਆ ਕਿ ਹੁਣ ਕਦੇ ਉਹ ਚੋਰੀ ਨਹੀਂ ਕਰੇਗਾ।

"ਦੋ ਢਿੱਡ ਭੀ ਕੋਈ ਭਾਰੂ ਨੇ—ਏਨਾ ਤਾਂ ਮੈਂ 'ਕੱਲੀ ਕਰ ਸਕਦੀ ਹਾਂ।"

ਪਰ ਅਜੇ ਦੋ ਹਫ਼ਤੇ ਨਹੀਂ ਸਨ ਲੰਘੇ ਕਿ ਪਿੰਡ ਵਿਚ ਉਨ੍ਹਾਂ ਬਾਰੇ ਗੱਲਾਂ ਚੱਲਣ ਲੱਗ ਪਈਆਂ। ਪਾਕਿਸਤਾਨੋਂ ਉੱਜੜ ਕੇ ਆਇਆਂ ਕਈਆਂ ਨੇ ਪਿੰਡ ਪਨਾਹ ਲਈ। ਇਹ ਕਿਸੇ ਮੁਸਲਮਾਨ ਨੂੰ ਵੇਖਣਾ ਤੇ ਕੀ ਉਹਦਾ ਨਾਂ ਸੁਣਨ ਨੂੰ ਤਿਆਰ ਨਹੀਂ ਸਨ।

ਇਕ ਦਿਨ ਉਨ੍ਹਾਂ ਦਾ ਸਰਦਾਰ ਘਰ ਆ ਕੇ ਕਹਿਣ ਲੱਗਾ :

"ਮੌਲੂਆ—ਮੈਨੂੰ ਏਸ ਗੱਲ ਦਾ ਬੜਾ ਹਿਰਖ ਏ—ਮੇਰੀ ਵਾਹ ਨਹੀਂ ਰਹੀ—ਤੁਹਾਡੀ ਜਾਨ ਨੂੰ ਖ਼ਤਰਾ ਵਧਦਾ ਜਾਂਦਾ ਏ—ਚੰਗਾ ਕਰੋ ਜੇ ਅੱਜੋ ਤਿਆਰ ਹੋ ਜਾਓ—ਰਾਤੋ ਰਾਤ ਨਾਲ ਜਾ ਕੇ ਰਾਣੀਆਂ ਤੋਂ ਮੈਂ ਤੁਹਾਨੂੰ ਹੱਦ ਟਪਾ ਆਵਾਂਗਾ।"

"ਜਿਸ ਤਰ੍ਹਾਂ ਤੁਸੀਂ ਆਖੋ—ਤੁਹਾਡੇ ਆਸਰੇ ਹੀ ਬਚੇ ਹੋਏ ਹਾਂ।"

"ਗਲੋਂ ਹੀ ਪਾਣੀ ਲੰਘਦਾ ਵੇਖ ਕੇ ਮੈਂ ਇਹ ਆਖਿਆ ਹੈ—ਨਹੀਂ ਤਾਂ ਮੈਂ ਮੌਲੂ ਨੂੰ ਤੋਰ ਦਿਆਂ —?"

"ਸਾਡੇ ਮਾਈ ਬਾਪ ਹੋ ਤੁਸੀਂ।"

"ਅੱਜੇ ਹੀ ਤੁਰ ਪਵੋ—ਕਲ੍ਹ ਪਤਾ ਨਹੀਂ ਕੀ ਹੋ ਜਾਏ—ਅੱਧੀ ਰਾਤ ਹਨੇਰੀ ਏ—ਸੂਆ ਭੀ ਸੁੱਕਾ ਹੋਇਆ ਏ—ਉਹਦੇ ਵਿਚ ਤੁਰਦੇ ਕਿਸੇ ਨੂੰ ਦਿਸਾਂਗੇ ਨਹੀਂ—ਪਰ ਇਹ ਕੁੜੀ ਤੁਹਾਨੂੰ ਏਥੇ ਛੱਡਣੀ ਪਵੇਗੀ।"

ਚੰਗੜੀ ਨੇ ਮੁਬੀਨਾ ਨੂੰ ਹਿੱਕ ਨਾਲ ਘੁੱਟ ਲਿਆ—ਜੀਕਰ ਚੰਗੜੀ ਦਾ ਸਾਹ ਰੁਕ ਗਿਆ ਸੀ—ਬੋਲੀ :

"ਨਾ ਸਰਦਾਰ ਜੀ—ਇਹ ਨਾ ਆਖੋ—ਜਿਹੜੀ ਖ਼ੁਸ਼ਬੋਈ ਇਹਦੇ ਨਿੱਕੇ ਨਿੱਕੇ ਹੱਥਾਂ ਵਿਚੋਂ ਆਉਂਦੀ ਏ, ਮੇਰੀ ਜਾਨ ਵਿਚ ਰਚ ਗਈ ਏ— ।"

"ਤੁਹਾਡੀ ਖ਼ਾਤਰ ਹੀ ਆਖਿਆ ਸੀ—ਛੇ ਮੀਲ ਪੂਰਾ ਟੁਰਨਾ ਏ—ਇਕ ਥਾਂ ਭੀ ਇਹ ਰੋ ਪਈ—ਬਾਲ ਜੂ ਹੋਈ—ਸਾਰੇ ਮਾਰੇ ਜਾਓਗੇ—ਮੇਰੀ ਕਿਸੇ ਮੰਨਣੀ ਨਹੀਂ—ਤੇ ਇਹ ਲੁਟੇਰੇ ਰਾਹ ਪਏ ਤਾੜਦੇ ਨੇ!"

"ਉਹ ਜਾਣੇ—ਮਰ ਗਏ ਤਾਂ ਮਰ ਗਏ ਹੀ ਸਹੀ—ਇਹ ਮੈਥੋਂ ਛੱਡੀ ਨਹੀਂ ਜਾਣੀ।"

"ਤੁਸੀ ਜਾਣੋ—ਮੈਂ ਆਪਣੇ ਵੱਲੋਂ ਸਾਰੀ ਵਾਹ ਲਾ ਦਿਆਂਗਾ।"



ਖਾਓ-ਪੀਓ ਦੇ ਬਾਅਦ ਪਿੰਡ ਵਿਚ ਚੁੱਪ-ਚਾਂ ਹੋ ਜਾਂਦੀ ਸੀ—ਕੋਈ ਬਾਹਰ ਵੱਲ ਤੱਕਦਾ ਨਹੀਂ ਸੀ। ਸਰਦਾਰ ਤੇ ਮੌਲੂ ਨੇ ਠਾਠੇ ਬੰਨ੍ਹ ਲਏ, ਡਾਂਗਾਂ ਫੜ ਲਈਆਂ। ਚੰਗੜੀ ਨੇ ਮੁਬੀਨਾ ਜੋਗਾ ਦੁੱਧ ਬੋਤਲ ਵਿਚ ਪਾ ਲਿਆ। ਸੂਏ ਸੂਏ ਤੁਰਦੇ ਗਏ। ਰਾਣੀਆਂ ਤੋਂ ਕੁਝ ਉਰ੍ਹਾਂ ਮੁਬੀਨਾ ਰੋ ਪਈ। ਓਸੇ ਵੇਲੇ ਪਰਿਓਂ ਆਉਂਦੀਆਂ ਘੋੜੀਆਂ ਦੀ ਟਾਪ ਕੰਨੀਂ ਪਈ। ਜਿਉਂ ਮੌਤ ਚੜ੍ਹੀ ਆ ਰਹੀ ਸੀ—ਮੌਲੂ ਤੇ ਚੰਗੜੀ ਘਬਰਾ ਕੇ ਕੰਢੇ ਨਾਲ ਲੱਗ ਗਏ। ਸਰਦਾਰ ਨੂੰ ਕੁਝ ਸੁੱਝਿਆ, ਓਸ ਨੇ ਝੱਟ ਮੁਬੀਨਾ ਨੂੰ ਚੰਗੜੀ ਕੋਲੋਂ ਫੜ ਲਿਆ ਤੇ ਇਸ਼ਾਰੇ ਨਾਲ ਅਡੋਲ ਬਹਿ ਜਾਣ ਲਈ ਆਖ ਕੇ ਉਹ ਆਪ ਸੂਏ ਉਤੇ ਚੜ੍ਹ ਗਿਆ।

ਘੋੜੀਆਂ ਵਾਲਿਆਂ ਲਲਕਾਰਿਆ। ਠਾਠਾ ਖੋਲ੍ਹ ਕੇ ਸਰਦਾਰ ਨੇ ਆਖਿਆ :

"ਕੋਈ ਓਪਰਾ ਨਹੀਂ। ਮੈਂ ਈ ਹਾਂ।"

"ਕੌਣ—ਜੈਲ ਸਿਹੁੰ?—ਤੇ ਆਹ ਕੀ ਚੁੱਕਿਆ ਈ?"

"ਆਇਆ ਸਾਂ ਕਿਸੇ ਸ਼ਿਕਾਰ ਮਗਰੇ—ਸੁਣਿਆ ਸੀ ਇਕ ਮੋਟੀ ਸਾਮੀ ਨੱਠ ਰਹੀ ਏ।"

"ਆਏ ਤਾਂ ਅਸੀਂ ਵੀ ਇਹੋ ਸੁਣ ਕੇ ਸਾਂ—ਪਰ ਹੱਦ ਤੱਕ ਸਾਨੂੰ ਕੋਈ ਲੱਭਾ ਨਹੀਂ।"

"ਗਏ ਜ਼ਰੂਰ ਨੇ—ਆਹ ਬੱਚਾ ਇਹਦੇ ਰੋਣ ਤੋਂ ਡਰਦੇ ਸੁੱਟ ਗਏ ਨੇ।"

ਘੋੜੀਆਂ ਵਾਲੇ ਪਿੰਡ ਵੱਲ ਉੱਡ ਗਏ—ਸਰਦਾਰ ਨੇ ਚੰਗੜ ਚੰਗੜੀ ਨੂੰ ਦਿਲਾਸਾ ਦਿੱਤਾ ਤੇ ਉਹ ਰਾਜ਼ੀ-ਬਾਜ਼ੀ ਹੱਦ ਟੱਪ ਗਏ।

ਦੂਜੇ ਦਿਨ ਉਹ ਲਾਹੌਰ ਪੁੱਜ ਗਏ। ਰੁਲਦੇ-ਖੁਲਦੇ ਰਫ਼ਿਊਜ਼ੀ ਕੈਂਪ ਵਿਚ ਆ ਰਲੇ। ਚੁਗਿਰਦੀ ਹਉਕੇ ਤੇ ਅੱਥਰੂ ਸਨ—ਪਰ ਚੰਗੜੀ ਖ਼ੁਸ਼ ਸੀ ਕਿ ਖ਼ਤਰਾ ਟਲ ਗਿਆ। ਕੁੜੀ ਦੇ ਮਾਪੇ ਬਚੇ ਨਹੀਂ ਹੋਣੇ—ਕਿਹੜੀ ਜਿਉਂਦੀ ਮਾਂ ਇਹੋ ਜਿਹੀ ਕੁੜੀ ਸੁੱਟ ਜਾਏਗੀ!

ਪਰ ਉਨ੍ਹਾਂ ਦੇ ਕੈਂਪ ਤੋਂ ਮਸਾਂ ਚਾਰ ਘਰ ਦੂਰ ਮੁਬੀਨਾ ਦੀ ਮਾਂ ਸ਼ੁਦੈਣ ਹੋਈ ਸੀ। ਉਹਦੇ ਲਈ ਕੋਈ ਡਾਕਟਰ ਕੁਝ ਨਹੀਂ ਸੀ ਕਰ ਸਕਦਾ, ਉਹ ਆਪਣੀ ਹਿੱਕ ਕੁੱਟਦੀ ਤੇ ਨਾਲੇ ਆਂਹਦੀ ਸੀ :

"ਮਾਂ ਨਹੀਂ, ਮੈਂ ਡੈਣ ਹਾਂ—ਮਤੇ ਰੋ ਪਏ—ਮਾਰੇ ਜਾਈਏ—ਮੈਂ ਜਿਉਂਦੀ ਨੂੰ ਸੁੱਟ ਆਈ—ਗਿੱਦੜ ਖਾ ਗਏ ਹੋਣਗੇ—ਘੋੜੀਆਂ ਦੇ ਪੈਰਾਂ ਹੇਠਾਂ ਨਿੱਕੇ ਨਿੱਕੇ ਖ਼ੁਸ਼ਬੋਦਾਰ ਹੱਥ ਚਿੱਥੇ ਗਏ ਹੋਣਗੇ—ਉਹ ਭੁੱਖੀ ਮਰ ਗਈ ਹੋਵੇਗੀ—ਉਹਨੂੰ ਕਿਸ ਦਫ਼ਨਾਇਆ ਹੋਣਾ ਏਂ!"

ਉਹਦੇ ਕੀਰਨੇ ਕਿਸੇ ਕੋਲੋਂ ਸੁਣੇ ਨਹੀਂ ਸਨ ਜਾਂਦੇ। ਉਹਦਾ ਭਰਾ ਸਰਕਾਰੀ ਅਫ਼ਸਰ ਸੀ। ਉਸ ਨੇ ਡਿਪਟੀ ਕਮਿਸ਼ਨਰ ਕੋਲੋਂ ਇਕ ਫ਼ੌਜੀ ਟਰੱਕ ਦਾ ਪਰਮਿਟ ਲਿਆ। ਉਹ ਆਪੀਂ ਹਿੰਦੁਸਤਾਨ ਜ਼ੀਨਤ ਦੇ ਸਹੁਰੇ ਪਿੰਡ ਗਿਆ। ਓਥੋਂ ਏਨਾ ਪਤਾ ਲੱਗਾ ਕਿ ਮੌਲੂ ਚੰਗੜ ਮੁਬੀਨਾ ਨੂੰ ਮਾਨਾਂਵਾਲੇ ਲੈ ਗਿਆ ਸੀ। ਮਾਨਾਂਵਾਲਿਓਂ ਇਹ ਸੂਹ ਮਿਲੀ ਕਿ ਉਹ ਸ਼ੇਖ਼ੂਪੁਰੇ ਆਪਣੇ ਸਾਂਢੂ ਸਾਦਕ ਕੋਲ ਜਾਣ ਲਈ ਆਖਦਾ ਸੀ।

ਲਾਹੌਰ ਮੁੜ ਉਨ੍ਹਾਂ ਸ਼ੇਖ਼ੂਪੁਰੇ ਜਾਣ ਦੀ ਸਲਾਹ ਬਣਾਈ। ਜ਼ੀਨਤ ਨੇ ਸ਼ੁਦੈਣਾਂ ਵਾਂਗ ਜ਼ਿੱਦ ਕੀਤੀ ਕਿ ਉਹ ਵੀ ਨਾਲ ਜਾਵੇਗੀ, ਸਮਝਾਇਆ ਉਹ ਸਮਝੇ ਨਾ—ਓੜਕ ਉਹਨੂੰ ਨਾਲ ਹੀ ਖੜਿਆ ਗਿਆ।

ਮੌਲੂ ਠੀਕ ਸ਼ੇਖੂਪੁਰੇ ਸਾਦਕ ਕੋਲ ਹੀ ਗਿਆ ਸੀ। ਪਤਾ ਮਿਲ ਗਿਆ, ਪਰ ਨਾ ਚੰਗੜੀ ਤੇ ਨਾ ਮੁਬੀਨਾ ਉਹਦੇ ਘਰ ਵਿਚੋਂ ਲੱਭੇ, ਕਹਿੰਦੇ ਸੀ ਉਹ ਕਿਤੇ ਵਾਂਢੇ ਗਈ ਹੋਈ ਸੀ। ਮੌਲੂ ਨੂੰ ਥਾਣੇ ਫੜ ਲਿਆਏ, ਉਹ ਇਹੀ ਦੱਸੇ ਕਿ ਕੁੜੀ ਓਸ ਲਿਆਂਦੀ ਜ਼ਰੂਰ ਸੀ, ਪਰ ਦੁੱਧ ਖੁਣੋਂ ਭੁੱਖੀ ਉਹ ਹਿੰਦੁਸਤਾਨ ਰਾਹ ਵਿਚ ਮਰ ਗਈ ਤੇ ਉਹ ਜਿੰਨੀ ਕੁ ਕਬਰ ਛੇਤੀ ਵਿਚ ਪੁੱਟ ਸਕੇ, ਪੁੱਟ ਕੇ ਉਹਨੂੰ ਦੱਬ ਆਏ ਸਨ। ਨਾ ਮਾਰ ਤੇ ਨਾ ਲਾਲਚ ਚੰਗੜ ਨੂੰ ਕੁਝ ਬਕਾ ਸਕੇ।

ਦੂਜੇ ਦਿਨ ਪੁਲਿਸ ਚੰਗੜੀ ਨੂੰ ਵੀ ਫੜ ਲਿਆਈ। ਚੰਗੜੀ ਦੇ ਮੂੰਹ 'ਤੇ ਕੋਈ ਘਬਰਾਹਟ ਨਹੀਂ ਸੀ—ਉਹਨੇ ਲਫ਼ਜ਼-ਬ-ਲਫ਼ਜ਼ ਆਪਣੇ ਚੰਗੜ ਵਾਲੀ ਕਹਾਣੀ ਦੁਹਰਾ ਦਿੱਤੀ।

ਚੰਗੜ ਦੀ ਕਹਾਣੀ ਸੁਣ ਕੇ ਜ਼ੀਨਤ ਦਾ ਦਿਲ ਟੁੱਟ ਗਿਆ ਸੀ—ਚੰਗੜੀ ਨੇ ਭਾਵੇਂ ਗੱਲ ਉਹੀ ਆਖੀ ਸੀ, ਪਰ ਉਹਦਾ ਮੂੰਹ ਵੇਖ ਕੇ ਜ਼ੀਨਤ ਬਿਲਕੁਲ ਨਿਰਾਸ਼ ਨਾ ਹੋਈ ਤੇ ਉਹਨੇ ਆਖਿਆ ਕਿ ਉਹ ਚੰਗੜੀ ਨੂੰ ਇਕੱਲਿਆਂ ਪੁੱਛਣਾ ਚਾਹੇਗੀ।

ਇਕੱਲੇ ਕਮਰੇ ਵਿਚ ਚੰਗੜੀ ਨੇ ਜਦੋਂ ਜ਼ੀਨਤ ਦੇ ਨਕਸ਼ ਨੇੜਿਓਂ ਤੱਕੇ ਤਾਂ ਉਹਦੇ ਜੀਅ ਵਿਚ ਕੁਝ ਹੋਇਆ ਤੇ ਉਹਨੂੰ ਉਹ ਘੜੀ ਵੀ ਯਾਦ ਆ ਗਈ, ਜਦੋਂ ਮਾਨਾਂਵਾਲੇ ਦੇ ਸਰਦਾਰ ਨੇ ਕੁੜੀ ਛੱਡ ਜਾਣ ਲਈ ਆਖਿਆ ਸੀ। "ਖੌਰੇ ਉਹਦੇ ਨਿੱਕੇ ਨਿੱਕੇ ਹੱਥਾਂ ਦੀ ਖ਼ੁਸ਼ਬੋਈ ਇਹਦੀ ਜਾਨ ਵਿਚ ਵੀ ਰਚੀ ਹੋਵੇ!" ਚੰਗੜੀ ਨੇ ਸੋਚਿਆ, ਪਰ ਆਪਣੀ ਕਮਜ਼ੋਰੀ 'ਤੇ ਝੱਟ ਕਾਬੂ ਪਾ ਕੇ ਉਹ ਜ਼ੀਨਤ ਦੇ ਸਵਾਲਾਂ ਦੇ ਝੂਠੇ ਜਵਾਬ ਦੇਂਦੀ ਗਈ।

"ਤੂੰ ਸੱਚ ਆਖਨੀ ਏਂ—ਉਹਨੂੰ ਤੂੰ ਆਪਣੇ ਹੱਥੀਂ ਦਫ਼ਨਾਇਆ ਸੀ?"

"ਹਾਂ ਬੀਬੀ—ਮੈਂ ਇਨ੍ਹਾਂ ਭੈੜੇ ਹੱਥਾਂ ਨਾਲ ਉਹਦੇ 'ਤੇ ਮਿੱਟੀ ਪਾਈ ਸੀ।"

"ਉਹਦੇ ਗਲ ਇਕ ਜ਼ੰਜੀਰੀ ਸੀ?" ਜ਼ੀਨਤ ਨੇ ਕੰਬਦੀ ਆਵਾਜ਼ ਵਿਚ ਪੁੱਛਿਆ।

ਚੰਗੜੀ ਨੇ ਬੋਝੇ 'ਚੋਂ ਕੱਢ ਕੇ ਜ਼ੰਜੀਰੀ ਉਹਨੂੰ ਫੜਾ ਦਿੱਤੀ।

"ਇਹ ਤੁਹਾਡੀ ਅਮਾਨਤ—ਬੀਬੀ!"

ਜ਼ੰਜੀਰੀ ਵੇਖ ਕੇ ਜ਼ੀਨਤ ਦੀਆਂ ਡਾਡਾਂ ਨਿਕਲ ਗਈਆਂ। ਸਾਰੇ ਅੰਦਰ ਆ ਗਏ। ਜ਼ੰਜੀਰੀ ਜ਼ੀਨਤ ਦੇ ਬੁੱਲ੍ਹਾਂ ਨਾਲ ਲੱਗੀ ਹੋਈ ਸੀ ਤੇ ਉਹ ਬੇਹੋਸ਼ ਡਿੱਗੀ ਪਈ ਸੀ।

ਹੁਣ ਥਾਣੇਦਾਰ ਨੂੰ ਵੀ ਯਕੀਨ ਹੋ ਗਿਆ ਕਿ ਚੰਗੜ ਸੱਚੇ ਸਨ। ਸੋਨੇ ਦੀ ਜ਼ੰਜੀਰੀ ਨਾਲੋਂ ਤਾਂ ਪੰਜਾਂ ਮਹੀਨਿਆਂ ਦੀ ਕੁੜੀ ਉਨ੍ਹਾਂ ਨੂੰ ਮਹਿੰਗੀ ਨਹੀਂ ਸੀ ਜਾਪਣੀ।

ਦੋਹਾਂ ਨੂੰ ਛੱਡ ਦਿੱਤਾ—ਪਰ ਉਹ ਉਥੇ ਹੀ ਖਲੋਤੇ ਰਹੇ। ਹੋਰ ਸਾਰੇ ਜ਼ੀਨਤ ਨੂੰ ਹੋਸ਼ ਵਿਚ ਲਿਆਉਣ ਵਿਚ ਰੁੱਝੇ ਹੋਏ ਸਨ।

ਡਾਕਟਰ ਵੀ ਆ ਪਹੁੰਚਾ। ਉਹਨੂੰ ਕਹਾਣੀ ਸੁਣਾਈ ਗਈ। ਚੰਗੜੀ ਦਾ ਜ਼ਿਕਰ ਆਉਂਦਿਆਂ ਉਸ ਚੰਗੜੀ ਨੂੰ ਵੇਖਣਾ ਚਾਹਿਆ, ਪਰ ਉਹ ਸ਼ਾਇਦ ਆਪਣੇ ਆਪ ਨੂੰ ਹੋਰ ਕਿਸੇ ਰਾਹ ਵਿਚ ਵੇਖ ਕੇ ਚਲੇ ਗਏ ਸਨ।

ਡਾਕਟਰ ਨੇ ਵੇਖਿਆ-ਭਾਲਿਆ। ਸਾਹ ਠੀਕ ਸੀ, ਨਬਜ਼ ਠੀਕ ਸੀ।

"ਦੰਦਨ ਦਾ ਕੋਈ ਫ਼ਿਕਰ ਨਹੀਂ—ਏਸੇ ਤਰ੍ਹਾਂ ਕੁਝ ਚਿਰ ਇਹਨੂੰ ਪਿਆ ਰਹਿਣ ਦਿਓ—ਸ਼ਾਇਦ ਆਪਮੁਹਾਰੀ ਇਹ ਕੁਝ ਬੋਲੇ, ਉਹਦੇ ਵਿਚੋਂ ਇਲਾਜ ਦਾ ਇਸ਼ਾਰਾ ਮਿਲ ਸਕਦਾ ਹੈ।"



ਵੀਹ ਮਿੰਟ ਉਹ ਉਸੇ ਤਰ੍ਹਾਂ ਪਈ ਰਹੀ, ਨਾ ਬੇਹੋਸ਼ੀ ਵਿਚੋਂ ਓਸ ਕੁਝ ਬੋਲਿਆ ਹੀ। ਹੁਣ ਡਾਕਟਰ ਸਲਾਹ ਕਰ ਰਿਹਾ ਸੀ ਕਿ ਕੁਝ ਸੁੰਘਾ ਕੇ ਉਹਨੂੰ ਹੋਸ਼ ਵਿਚ ਲਿਆਵੇ ਕਿ ਇਕ ਪਾਸਿਉਂ ਅਡੋਲ ਆ ਕੇ ਚੰਗੜੀ ਨੇ ਇਕ ਬੱਚਾ ਜ਼ੀਨਤ ਦੀ ਛਾਤੀ 'ਤੇ ਲਿਟਾ ਦਿੱਤਾ। ਕਾਸਮ ਦੇ ਮੂੰਹੋਂ ਚੀਕ ਵਾਂਗ ਨਿਕਲਿਆ :

"ਮੁਬੀਨਾ....!"

ਸਾਰੇ ਸੰਨਾਟਾ ਛਾ ਗਿਆ।

ਮੁਬੀਨਾ ਨੂੰ ਲੱਕੋਂ ਅਜੇ ਚੰਗੜੀ ਨੇ ਫੜਿਆ ਹੋਇਆ ਸੀ ਤੇ ਉਹਦੇ ਦੋਵੇਂ ਹੱਥ ਜ਼ੀਨਤ ਦੀਆਂ ਗੱਲ੍ਹਾਂ ਉਤੇ ਰੱਖ ਦਿੱਤੇ ਸਨ।

ਡਾਕਟਰ ਨੇ ਮੁਬੀਨਾ ਨੂੰ ਜ਼ੀਨਤ ਦੀ ਛਾਤੀ ਉਤੇ ਭਾਰ ਸਮਝ ਕੇ ਚੁੱਕ ਲੈਣਾ ਚਾਹਿਆ।

"ਨਹੀਂ—ਮੈਂ ਬਹੁਤਾ ਭਾਰ ਆਪਣੇ ਹੱਥਾਂ 'ਤੇ ਰੱਖਿਆ ਹੋਇਆ ਹੈ।" ਚੰਗੜੀ ਨੇ ਆਖਿਆ—"ਇਹਦੇ ਹੱਥਾਂ ਦੀ ਖ਼ੁਸ਼ਬੋਈ ਉਹਦੇ ਨੱਕ ਵਿਚ ਚੜ੍ਹ ਲੈਣ ਦਿਓ—ਜ਼ੰਜੀਰੀ ਵਿਚੋਂ ਇਹਦੇ ਗਲ ਦੀ ਖ਼ੁਸ਼ਬੋਈ ਸੁੰਘ ਕੇ ਉਹ ਏਸ ਤਰ੍ਹਾਂ ਹੋਈ ਏ।"

ਸੱਚੀ ਮੁੱਚੀ ਜ਼ੀਨਤ ਨੇ ਅੱਖਾਂ ਖੋਲ੍ਹ ਲਈਆਂ ਤੇ ਆਪਣੇ ਉਤੇ ਕੁਝ ਪਿਆਰਾ ਜਿਹਾ ਮਹਿਸੂਸ ਕਰਕੇ ਉਹ ਨੀਮ-ਬੇਹੋਸ਼ੀ ਵਿਚ ਬੋਲੀ : "ਕੌਣ—ਕੌਣ ਇਹ ਕਿਦ੍ਹੀ ਖ਼ੁਸ਼ਬੋ—ਇਹ ਕਿਦ੍ਹੇ ਹੱਥ....?"

"ਤੇਰੀ ਮੁਬੀਨਾ", ਕਾਸਮ ਬੋਲਿਆ।

"ਨਹੀਂ—ਇਹ ਮੇਰੀ ਸਕੀਨਾ" ਚੰਗੜੀ ਨੇ ਆਖਿਆ।

ਜ਼ੀਨਤ ਨੇ ਮੁਬੀਨਾ ਦਾ ਮੂੰਹ ਬਾਰ ਬਾਰ ਚੁੰਮਿਆ ਤੇ ਉਹ ਰੋ ਪਈ—ਚੰਗੜੀ ਨੇ ਲੈ ਕੇ ਵਰਚਾਇਆ ਤੇ ਜ਼ੀਨਤ ਨੂੰ ਮੁੜ ਦੇ ਕੇ ਆਖਿਆ :

"ਤੂੰ ਆਪੇ ਮੂੰਹੋਂ ਕਹਿ ਦੇਹ—ਬੀਬੀ—ਇਹ ਤੇਰੀ ਮੁਬੀਨਾ ਏ ਕਿ ਮੇਰੀ ਸੁਕੀਨਾ... ਤੂੰ ਜੰਮੀ ਸੀ—ਪਰ ਮੈਂ ਬਚਾਈ ਏ—ਮੈਂ ਇਹਦਾ ਨਾਂ ਸਕੀਨਾ ਰੱਖਿਆ ਏ। ਜੇ ਇਹ ਤੇਰੀ ਮੁਬੀਨਾ ਏ ਤਾਂ ਮੈਂ ਇਹਦੀ ਮਾਸੀ ਬਣਾਂਗੀ—ਤੇ ਜੇ ਇਹ ਮੇਰੀ ਸਕੀਨਾ ਏ ਤਾਂ ਤੂੰ ਮਾਸੀ ਬਣ ਜਾਈਂ—ਮੈਂ ਇਹਨੂੰ ਦਿਨ-ਰਾਤ ਇਕ ਕਰਕੇ ਜਿਸ ਤਰ੍ਹਾਂ ਆਖੇਂਗੀ ਪਾਲਾਂਗੀ, ਜਿਥੇ ਆਖੇਂਗੀ, ਵਿਆਹਵਾਂਗੀ....ਜੋ ਤੂੰ ਆਖੇਂ ਮੈਂ ਮੰਨਾਂਗੀ।"

ਜ਼ੀਨਤ ਨੂੰ ਚੰਗੜੀ ਕੋਈ ਫਰਿਸ਼ਤਾ ਦਿਸ ਰਹੀ ਸੀ। ਮੁਬੀਨਾ ਉਤੇ ਉਹਦਾ ਹੱਕ ਉਹਨੂੰ ਆਪਣੇ ਨਾਲੋਂ ਭੀ ਬਹੁਤਾ ਜਾਪ ਰਿਹਾ ਸੀ। ਓਸ ਨੇ ਮੁਬੀਨਾ ਦਾ ਮੂੰਹ ਚੁੰਮ ਕੇ ਹੱਥ ਵਧਾ ਕੇ ਮੁਬੀਨਾ ਚੰਗੜੀ ਦੀ ਝੋਲੀ ਪਾ ਦਿੱਤੀ ਤੇ ਆਖਿਆ :

"ਇਹ ਤੇਰੀ ਹੀ ਸਕੀਨਾ ਰਹੇਗੀ—ਤੂੰ ਮਾਂ ਤੇ ਮੈਂ ਇਹਦੀ ਮਾਸੀ ਬਣਾਂਗੀ....ਪਰ ਇਕ ਗੱਲ ਤੂੰ ਭੀ ਮੇਰੀ ਮੰਨ ਲੈ।"

ਚੰਗੜੀ ਨੂੰ ਉਹ ਕਮਰਾ ਆਪਣੇ ਲਈ ਬਹੁਤ ਛੋਟਾ ਭਾਸ ਰਿਹਾ ਸੀ। ਉਹ ਹੁਣ ਸੁਕੀਨਾ ਦੀ ਮਾਂ ਸੀ—ਸਰਕਾਰੀ ਅਹੁਦੇਦਾਰਾਂ ਤੇ ਕੁੜੀ ਦੇ ਮਾਮੇ, ਪਿਓ ਦੇ ਸਾਹਮਣੇ ਉਹਦੀ ਮਾਂ ਸੀ।

"ਹਾਂ—ਮੇਰੀ ਬੀਬੀ ਭੈਣ—ਤੇਰੇ ਮੂੰਹੋਂ ਨਿਕਲੀ ਗੱਲ ਮੈਂ ਕਦੇ ਭੁੰਜੇ ਨਾ ਪਾਵਾਂਗੀ—

ਤੂੰ ਹੁਕਮ ਕਰ—ਮੈਂ ਬੰਦੀ ਤੇਰੀ!" ਚੰਗੜੀ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਕਦੇ ਆਪਣੇ ਆਪ ਨੂੰ ਏਡਾ ਕੋਮਲ, ਏਡਾ ਚੰਗਾ ਤੇ ਅਮੀਰ ਮਹਿਸੂਸ ਨਹੀਂ ਸੀ ਕੀਤਾ।

"ਓਹ, ਇਹ ਕੀ, ਸਕੀਨਾ ਤੇ ਇਹਦਾ ਮਾਂ-ਪਿਓ ਹੁਣ ਤੋਂ ਮੇਰੇ ਘਰ ਵਿਚ ਰਹਿਣਗੇ?" ਜ਼ੀਨਤ ਨੇ ਬਾਹਾਂ ਚੰਗੜੀ ਵੱਲ ਵਧਾ ਕੇ ਆਖਿਆ।

ਚੰਗੜੀ ਨੇ ਇਹ ਬਾਹਵਾਂ ਗਲ ਵਿਚ ਪਾ ਲਈਆਂ। ਮਿਲੀਆਂ ਬਾਹਵਾਂ ਤੇ ਰਲੇ ਅੱਥਰੂਆਂ ਵਿਚ ਮਾਂ ਮਾਸੀ ਜਿੰਨਾ ਵੇਰਵਾ ਭੀ ਮੁਸ਼ਕਲ ਹੋ ਗਿਆ।



# ਸੁਨਹਿਰੀ ਜਿਲਦ

**ਨਾਨਕ ਸਿੰਘ**

"ਕਿਉਂ ਜੀ, ਤੁਸੀਂ ਸੁਨਹਿਰੀ ਜਿਲਦਾਂ ਵੀ ਬੰਨ੍ਹਦੇ ਹੁੰਦੇ ਓ?"

ਸ਼ੇਰ ਦੀਨ ਦਫ਼ਤਰੀ, ਜੋ ਜਿਲਦਾਂ ਨੂੰ ਪੁਸ਼ਤੇ ਲਾ ਰਿਹਾ ਸੀ, ਗਾਹਕ ਦੀ ਗੱਲ ਸੁਣ ਕੇ ਬੋਲਿਆ—

"ਆਹੋ ਜੀ, ਜਿਹੋ ਜਿਹੀ ਕਹੋ।"

ਗਾਹਕ ਇਕ ਅੱਧਖੜ ਉਮਰ ਦਾ ਸਿੱਖ ਸੀ। ਹੱਟੀ ਦੇ ਫੱਟੇ 'ਤੇ ਬੈਠ ਕੇ ਉਹ ਕਿਤਾਬ ਉਤਲੇ ਰੁਮਾਲਾਂ ਨੂੰ ਬੜੇ ਅਦਬ ਤੇ ਕੋਮਲਤਾ ਨਾਲ ਖੋਲ੍ਹਣ ਲੱਗ ਪਿਆ। ਪੰਜ ਛੇ ਰੁਮਾਲ ਉਤਾਰਨ ਤੋਂ ਬਾਦ ਉਸ ਨੇ ਵਿੱਚੋਂ ਇਕ ਕਿਤਾਬ ਕੱਢੀ। ਦਫ਼ਤਰੀ ਦੀ ਹੱਟੀ ਵਿਚ ਜਿੰਨੇ ਕਾਰੀਗਰ ਕੰਮ ਕਰ ਰਹੇ ਸਨ, ਸਾਰੇ ਹੀ ਕਿਤਾਬ ਵੱਲ ਤੱਕ ਕੇ ਮੂੰਹ ਨੀਵਾਂ ਪਾ ਹੱਸਣ ਲੱਗ ਪਏ। ਇਕ ਨੇ ਤਾਂ ਪੋਲੇ ਜਿਹੇ ਮੂੰਹ ਨਾਲ ਆਖ ਹੀ ਦਿੱਤਾ—"ਕੱਖਾਂ ਦੀ ਕੁੱਲੀ ਤੇ ਹਾਥੀ ਦੰਦ ਦਾ ਪਰਨਾਲਾ।"

ਕਿਤਾਬ ਸਾਰੀ ਵਰਕਾ ਵਰਕਾ ਹੋਈ ਹੋਈ ਸੀ। ਉਸ ਦੇ ਧੂੰਏਂ-ਰੰਗੇ ਸਫ਼ੇ, ਹੱਥ ਲਾਇਆਂ ਭੁਰਦੇ ਜਾਂਦੇ ਸਨ। ਜਿਲਦ ਦੀ ਥਾਂ ਉਸ ਦੇ ਦੋਹੀਂ ਪਾਸੀਂ ਦੋ ਮੋਟੇ ਤੇ ਡਾਢੇ ਮੈਲੇ ਗੱਤੇ ਸਨ, ਜਿਨ੍ਹਾਂ ਦੀਆਂ ਨੁੱਕਰਾਂ ਮੁੜੀਆਂ ਸਨ। ਇਉਂ ਜਾਪਦਾ ਸੀ ਕਿ ਕਦੇ ਇਹ ਚਮੜੇ ਦੀ ਜਿਲਦ ਦੇ ਰੂਪ ਵਿੱਚ ਰਹਿ ਚੁਕੇ ਹਨ।

ਕਿਤਾਬ ਦਫ਼ਤਰੀ ਨੇ ਹੱਥ ਵਿਚ ਫੜੀ ਤੇ ਉਥੱਲ ਪੁਥੱਲ ਕੇ ਵੇਖੀ। ਵੇਖਦਿਆਂ ਹੀ ਬਿਟਰ ਬਿਟਰ ਗਾਹਕ ਦੇ ਮੂੰਹ ਵੱਲ ਤੱਕਣ ਲੱਗ ਪਿਆ। ਇਹ ਇਕ ਹੱਥਾਂ ਦਾ ਲਿਖਿਆ ਹੋਇਆ ਕੁਰਾਨ ਸ਼ਰੀਫ਼ ਸੀ।

ਦਫ਼ਤਰੀ ਨੇ ਕਿਹਾ—

"ਬਣ ਜਾਏਗੀ ਸਰਦਾਰ ਜੀ!" ਫਿਰ ਸੰਕੋਚਵੇਂ ਭਾਵ ਨਾਲ ਪੁੱਛਣ ਲੱਗਾ—

"ਸਰਦਾਰ ਜੀ! ਕੁਰਾਨ ਸ਼ਰੀਫ਼ ਤੁਹਾਡਾ ਆਪਣਾ ਏਂ? ਲਿਖਾਈ ਤੇ ਬੜੀ ਕਮਾਲ ਦੀ ਏ।"

"ਨਹੀਂ ਇਹ ਮੇਰੀ ਲੜਕੀ ਦਾ ਏ।"

"ਹੱਛਾ? ਚੀਜ਼ ਤੇ ਸਰਦਾਰ ਜੀ ਬੜੀ ਚੰਗੀ ਏ, ਪਰ ਵਰਕੇ ਬੜੇ ਖ਼ਸਤਾ ਹੋ ਗਏ ਨੇ। ਇਸ ਨਾਲੋਂ ਜੇ ਕਦੇ ਛਾਪੇ ਦਾ ਲੈ ਕੇ ਜਿਲਦ ਬਣਵਾਂਦੇ ਤਾਂ ਚੰਗਾ ਸੀ।"

"ਤੁਸੀਂ ਠੀਕ ਕਹਿੰਦੇ ਹੋ, ਪਰ ਕੁੜੀ ਦੀ ਇਸ ਨਾਲ ਬੜੀ ਮੁਹੱਬਤ ਏ, ਇਹ ਉਸ ਦੇ ਪਿਓ ਦੀ ਨਿਸ਼ਾਨੀ ਏ।"

ਦਫ਼ਤਰੀ ਨੂੰ ਹੈਰਾਨੀ ਦੇ ਨਾਲ ਹੀ ਕੁਝ ਕੁਝ ਸ਼ੱਕ ਵੀ ਹੋਣ ਲੱਗਾ, 'ਮੇਰੀ ਲੜਕੀ' ਤੇ ਫਿਰ 'ਉਸ ਦੇ ਪਿਓ ਦੀ ਨਿਸ਼ਾਨੀ' ਗੱਲ ਉਸ ਦੀ ਸਮਝ ਵਿਚ ਨਾ ਆਈ। ਉਸ ਨੇ ਫਿਰ ਪੁੱਛਿਆ—

"ਤਾਂ ਤੁਹਾਡੇ ਕਿਸੇ ਰਿਸ਼ਤੇਦਾਰ ਦੀ ਬੀਬੀ ਏ।"

"ਆਹੋ....ਨਹੀਂ ਨਹੀਂ, ਮੇਰੀ ਆਪਣੀ ਲੜਕੀ ਏ.....ਹਾਂ ਦੱਸੋ, ਕਦ ਤੱਕ ਦਿਓਗੇ? ਮੈਨੂੰ ਇਸ ਦੀ ਬਹੁਤ ਛੇਤੀ ਲੋੜ ਏ। ਅੱਜ ਤੋਂ ਚੌਥੇ ਦਿਨ ਲੜਕੀ ਦਾ ਵਿਆਹ ਏ ਤੇ ਮੈਂ ਉਸ ਨੂੰ ਦਾਜ ਵਿਚ ਦੇਣਾ ਏ। ਹਾਂ ਸੱਚ, ਇਕ ਕੰਮ ਹੋਰ ਕਰਨਾ, ਜਿਲਦ ਉੱਤੇ ਸੁਨਹਿਰੀ ਅੱਖਰਾਂ ਵਿਚ 'ਬੀਬੀ ਜ਼ੈਨਾ' ਲਿਖ ਦੇਣਾ। ਪੈਸਿਆਂ ਦਾ ਕੋਈ ਖ਼ਿਆਲ ਨਾ ਕਰਨਾ, ਜੋ ਕਹੋਗੇ ਦਿਆਂਗਾ।"

ਜਿਉਂ ਜਿਉਂ ਦਫ਼ਤਰੀ ਇਸ ਪੇਚ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦਾ ਸੀ, ਤਿਉਂ ਤਿਉਂ ਉਹ ਹੋਰ ਉਲਝਣ ਵਿਚ ਪੈਂਦਾ ਜਾਂਦਾ ਸੀ। ਇਸ ਅਨੋਖੀ ਗੱਲ-ਕੱਥ ਨੇ ਉਸ ਦੇ ਹੋਰ ਸਾਥੀਆਂ ਤੋਂ ਵੀ ਪੁਸ਼ਤੇ ਤੇ ਅਸਤਰ ਛੁਡਾ ਦਿੱਤੇ।

ਕਰਮ ਸਿੰਘ ਨੇ ਜਦ ਵੇਖਿਆ ਕਿ ਸਾਰੇ ਜਣੇ ਹੀ ਇਹ ਹਾਲ ਸੁਣਨ ਦੇ ਚਾਹਵਾਨ ਹਨ ਤਾਂ ਉਸ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦੱਸਣਾ ਸ਼ੁਰੂ ਕੀਤਾ।

"ਅੱਜ ਤੋਂ ਪੰਜ ਵਰ੍ਹੇ ਪਹਿਲਾਂ ਦਾ ਜ਼ਿਕਰ ਹੈ, ਜਦ ਇਸ ਸ਼ਹਿਰ ਵਿਚ ਹਿੰਦੂਆਂ ਮੁਸਲਮਾਨਾਂ ਦਾ ਬੜਾ ਭਾਰੀ ਫ਼ਸਾਦ ਹੋਇਆ ਸੀ, ਉਹਨੀਂ ਦਿਨੀਂ ਮੈਂ ਬਜਾਜੀ ਦੀ ਹੱਟੀ ਕਰਦਾ ਸੀ। ਘਰ ਵਿਚ ਅਸੀਂ ਦੋਵੇਂ ਜੀਅ ਸਾਂ—ਮੈਂ ਤੇ ਮੇਰੀ ਘਰਵਾਲੀ।

"ਦੁਪਹਿਰ ਵੇਲੇ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਫ਼ਸਾਦ ਦਾ ਮੁੱਢ ਉਸੇ ਮੁਹੱਲੇ ਤੋਂ ਬੱਝਾ ਜਿਸ ਵਿਚ ਮੇਰਾ ਘਰ ਸੀ, ਤੇ ਇਹ ਮੁਹੱਲਾ ਲਗਭਗ ਮੁਸਲਮਾਨਾਂ ਦਾ ਹੀ ਸੀ। ਹੱਟੀ ਬੰਦ ਕਰਕੇ ਮੈਂ ਵਾਹੋ-ਦਾਹੀ ਘਰ ਵੱਲ ਭੱਜਾ। ਰਾਹ ਵਿਚ ਟੋਲਿਆਂ ਦੇ ਟੋਲੇ, ਡਾਂਗਾਂ ਫੜੀ, ਦਗੜ ਦਗੜ ਕਰਦੇ ਫਿਰਦੇ ਸਨ।

"ਮੈਂ ਘਰ ਪੁੱਜਾ, ਪਰ ਦਰਵਾਜ਼ੇ ਨੂੰ ਜੰਦਰਾ ਲੱਗਾ ਵੇਖ ਕੇ ਮੇਰੀ ਤਸੱਲੀ ਹੋ ਗਈ ਕਿ ਸਤਵੰਤ ਕੌਰ ਆਪਣੀ ਮਾਸੀ ਦੇ ਘਰ ਚਲੀ ਗਈ ਹੈ। ਉਸ ਦੀ ਮਾਸੀ ਦਾ ਘਰ ਖਤਰੰਮੇ ਪਾਸੇ ਸੀ।

"ਉਸ ਦੀ ਦੂਰ-ਅੰਦੇਸ਼ੀ ਨੂੰ ਦਿਲ ਵਿਚ ਸਲਾਹੁੰਦਾ ਹੋਇਆ ਮੈਂ ਆਪਣੀ ਮਸੇਸ ਦੇ ਘਰ ਵੱਲ ਟੁਰ ਪਿਆ।

"ਮੇਰਾ ਉਤਲਾ ਸਾਹ ਉੱਤੇ ਤੇ ਹੇਠਲਾ ਹੇਠਾਂ ਰਹਿ ਗਿਆ। ਜਦੋਂ ਮੈਨੂੰ ਪਤਾ ਲੱਗਾ ਕਿ ਸਤਵੰਤ ਕੌਰ ਇਥੇ ਨਹੀਂ ਆਈ। ਮੱਥੇ 'ਤੇ ਹੱਥ ਮਾਰ ਕੇ ਮੈਂ ਉਥੇ ਹੀ ਬੈਠ ਗਿਆ।

"ਸਾਡੀ ਸਾਰੇ ਦਿਨ ਦੀ ਸਿਰ-ਤੋੜ ਢੂੰਡ ਭਾਲ ਦਾ ਕੁਝ ਵੀ ਸਿੱਟਾ ਨਾ ਨਿਕਲਿਆ। ਇੱਧਰ ਫ਼ਸਾਦ ਪਲ-ਪਲ ਜ਼ੋਰਾਂ 'ਤੇ ਹੁੰਦਾ ਜਾਂਦਾ ਸੀ। ਕਈ ਮੁਹੱਲੇ ਫੂਕੇ ਗਏ, ਕਈ ਦੁਕਾਨਾਂ ਲੁੱਟੀਆਂ ਗਈਆਂ ਤੇ ਕਈਆਂ ਬੇਦੋਸ਼ਿਆਂ ਦੇ ਲਹੂ ਵਗਾਏ ਗਏ।

"ਹਫ਼ ਹੁਟ ਕੇ ਮੈਂ ਘਰ ਜਾ ਡਿੱਗਾ। ਚੰਗਾ ਹਨੇਰਾ ਪੈ ਗਿਆ ਸੀ। ਸਾਰੀ ਗਲੀ ਵਿਚ ਸੁੰਨਸਾਨ ਸੀ। ਕਿਸੇ ਵੇਲੇ ਪੈਦਲ ਤੇ ਸਵਾਰ ਸਿਪਾਹੀਆਂ ਦੇ ਫਿਰਨ ਦੀ ਆਵਾਜ਼ ਆਉਂਦੀ ਸੀ। ਇਸ ਵੇਲੇ ਸੇਵਾ-ਸੰਮਤੀ ਦਾ ਇਕ ਵਲੰਟੀਅਰ ਮੇਰੇ ਘਰ ਆਇਆ। ਉਸ ਨੇ ਮੈਨੂੰ



ਦੱਸਿਆ ਕਿ ਮੇਰੀ ਵਹੁਟੀ ਸਰਕਾਰੀ ਹਸਪਤਾਲ ਵਿਚ ਮੈਨੂੰ ਉਡੀਕ ਰਹੀ ਹੈ।

"ਮੈਨੂੰ ਸੁਣ ਕੇ ਖ਼ੁਸ਼ੀ ਹੋਈ, ਪਰ ਡਰ ਤੇ ਸਹਿਮ ਦੀ ਭਰੀ ਹੋਈ। ਕਈ ਤਰ੍ਹਾਂ ਦੀਆਂ ਸੋਚਾਂ ਸੋਚਦਾ ਹੋਇਆ ਮੈਂ ਹਸਪਤਾਲ ਪਹੁੰਚਿਆ।

"ਉਥੇ ਜਾ ਕੇ ਮੈਂ ਜੋ ਕੁਝ ਡਿੱਠਾ, ਉਸ ਨੇ ਮੈਨੂੰ ਹੋਰ ਵੀ ਹੈਰਾਨੀ ਵਿਚ ਪਾ ਦਿੱਤਾ। ਇਕ ਬੁੱਢਾ ਮੁਸਲਮਾਨ, ਸਿਰ ਤੋਂ ਪੈਰਾਂ ਤੱਕ ਪੱਟੀਆਂ ਨਾਲ ਬੰਨ੍ਹਿਆ ਹੋਇਆ ਬੇਹੋਸ਼ ਪਿਆ ਸੀ ਤੇ ਸਤਵੰਤ ਕੌਰ ਉਸ ਦੇ ਪਾਸ ਬੈਠੀ, ਅੱਥਰੂ ਵਹਾਂਦੀ ਹੋਈ, ਉਸ ਦੇ ਮੂੰਹ ਵਿਚ ਦੁੱਧ ਪਾਣ ਦਾ ਜਤਨ ਕਰ ਰਹੀ ਸੀ।

"ਮੈਨੂੰ ਦੇਖਦਿਆਂ ਹੀ ਉਹ ਡਡਿਆ ਕੇ ਮੇਰੇ ਗਲ ਲੱਗ ਲਈ। ਹੈਰਾਨੀ ਭਰੀ ਨਜ਼ਰ ਨਾਲ ਉਸ ਵੱਲ ਤੱਕਦਿਆਂ ਮੈਂ ਉਸ ਨੂੰ ਪਿਆਰ ਦਿਲਾਸਾ ਦਿੱਤਾ। ਮੇਰਾ ਭਾਵ ਸਮਝ ਕੇ ਉਹ ਬੋਲੀ—

"ਜੇ ਇਹ ਨਾ ਹੁੰਦੇ ਤਾਂ....।" ਇਸ ਦੇ ਅੱਗੋਂ ਉਹ ਬੋਲ ਨਾ ਸਕੀ।

"ਅੰਤ ਉਸ ਨੇ ਵੇਰਵੇ ਨਾਲ ਬੈਠ ਕੇ ਆਪਣੀ ਸਾਰੀ ਹੱਡ-ਬੀਤੀ ਮੈਨੂੰ ਸੁਣਾਈ। ਉਸ ਨੇ ਦੱਸਿਆ—

"ਫ਼ਸਾਦ ਦੀ ਖ਼ਬਰ ਸੁਣਦਿਆਂ ਹੀ ਸਾਰਾ ਗਹਿਣਾ ਗੱਟਾ ਤੇ ਨਕਦੀ ਇਕ ਨਿੱਕੇ ਟਰੰਕ ਵਿੱਚ ਪਾ ਕੇ ਤੇ ਕੱਛੇ ਮਾਰ ਕੇ ਮੈਂ ਮਾਸੀ ਦੇ ਘਰ ਵੱਲ ਤੁਰ ਪਈ। ਰਸਤੇ ਵਿੱਚ ਗੁੰਡਿਆਂ ਦਾ ਇਕ ਟੋਲਾ ਮੈਂ ਆਪਣੇ ਵੱਲ ਆਉਂਦਾ ਡਿੱਠਾ। ਉਨ੍ਹਾਂ ਤੋਂ ਬਚਣ ਲਈ ਮੈਂ ਘਾਬਰ ਕੇ ਇੱਧਰ ਉੱਧਰ ਤੱਕਣ ਲੱਗੀ। ਜਦ ਮੈਨੂੰ ਨੱਠਣ ਦਾ ਕੋਈ ਰਾਹ ਨਾ ਲੱਭਾ ਤਾਂ ਮੈਂ ਏਸ ਬੁੱਢੇ ਹਲਵਾਈ ਦੀ ਹੱਟੀ ਵਿਚ ਜਾ ਖਲੋਤੀ। ਪਰ ਮੇਰੇ ਪਿੱਛੇ ਹੀ ਗੁੰਡਿਆਂ ਦੀ ਧਾੜ ਆ ਪੁੱਜੀ। ਮੇਰਾ ਟਰੰਕ ਵੇਖ ਕੇ ਉਹ ਸਮਝ ਗਏ ਸਨ ਕਿ ਇਸ ਵਿਚ ਚੋਖਾ ਮਾਲ ਹੈ।

"ਇਸ ਬਾਬੇ ਦਾ ਰੱਬ ਦੋਹਾਂ ਜਹਾਨਾਂ ਵਿਚ ਭਲਾ ਕਰੇ। ਇਸ ਨੇ ਮੈਨੂੰ ਪਿਛਲੇ ਅੰਦਰ ਵਾੜ ਦਿੱਤਾ ਤੇ ਆਪ ਹੱਟੀ ਵਿਚ ਡੱਟ ਕੇ ਗੁੰਡਿਆਂ ਦੇ ਟਾਕਰੇ ਲਈ ਖਲੋ ਗਿਆ। ਇਸ ਨੇ ਉਨ੍ਹਾਂ ਲੋਕਾਂ ਨੂੰ ਬਥੇਰਾ ਸਮਝਾਇਆ ਪਰ ਉਹਨਾਂ ਦਾ ਇਹੋ ਕਹਿਣਾ ਸੀ ਕਿ ਟਰੰਕ ਸਾਡੇ ਹਵਾਲੇ ਕਰ ਦੇ ਤਾਂ ਅਸੀਂ ਚਲੇ ਜਾਂਦੇ ਹਾਂ।

"ਅੰਤ ਜਦ ਉਹ ਨਾ ਟਲੇ ਤਾਂ ਇਸ ਨੇ ਕੜ੍ਹਦੇ ਦੁੱਧ ਦੇ ਪਿਆਲੇ ਭਰ ਭਰ ਕੇ ਉਨ੍ਹਾਂ ਉੱਤੇ ਸੁੱਟਣੇ ਸ਼ੁਰੂ ਕਰ ਦਿੱਤੇ। ਉਹ ਇਕ ਵਾਰੀ ਤਾਂ ਨੱਸ ਗਏ ਪਰ ਜਦ ਉਹਨਾਂ ਵੇਖਿਆ ਕਿ ਦੁੱਧ ਦੀ ਕੜਾਹੀ ਖ਼ਾਲੀ ਹੋ ਗਈ ਹੈ, ਉਹ ਫਿਰ ਮੁੜ ਆਏ।

"ਦੂਜੀ ਵੇਰਾਂ ਉਸ ਨੇ ਚੁੱਲ੍ਹੇ ਵਿੱਚੋਂ ਅੱਗ ਤੇ ਫੇਰ ਤੱਤੀ ਭੁੱਬਲ ਕੱਢ ਕੱਢ ਕੇ ਉਹਨਾਂ ਉੱਤੇ ਵਰ੍ਹਾਣੀ ਸ਼ੁਰੂ ਕਰ ਦਿੱਤੀ। ਕਈਆਂ ਦੇ ਮੂੰਹ, ਸਿਰ ਤੇ ਕੱਪੜੇ ਝੁਲਸ ਗਏ, ਪਰ ਇਸ ਨਾਲ ਉਹਨਾਂ ਦਾ ਜੋਸ਼ ਹੋਰ ਵੀ ਵਧ ਗਿਆ। ਜਦ ਚੁੱਲ੍ਹਾ ਵੀ ਖ਼ਾਲੀ ਹੋ ਗਿਆ ਤੇ ਇਸ ਬਾਬੇ ਪਾਸ ਹੋਰ ਕੋਈ ਹਥਿਆਰ ਨਾ ਰਿਹਾ ਤਾਂ ਉਹ ਸਾਰੇ ਹੱਟੀ 'ਤੇ ਆ ਚੜ੍ਹੇ ਤੇ 'ਕਾਫ਼ਰ ਕਾਫ਼ਰ' ਕਹਿ ਕੇ ਇਸ ਵਿਚਾਰੇ ਨੂੰ ਹੱਥੋ ਹੱਥ ਲੈ ਲਿਆ—ਮਾਰ ਮਾਰ ਕੇ ਗ਼ਰੀਬ ਨੂੰ ਫੇਹ ਸੁੱਟਿਆ।

"ਫਿਰ ਉਹ ਗੁੰਡੇ ਮੇਰੇ ਵੱਲ ਵਧੇ, ਪਰ ਮੈਂ ਅੰਦਰੋਂ ਕੁੰਡਾ ਮਾਰ ਲਿਆ ਸੀ। ਉਨ੍ਹਾਂ ਨੂੰ ਬੂਹਾ ਭੰਨਣ ਵਿਚ ਚੋਖਾ ਚਿਰ ਲੱਗ ਗਿਆ। ਇਸ ਵੇਲੇ 'ਪੁਲਿਸ ਆ ਗਈ' ਦਾ ਰੌਲਾ ਪੈ ਗਿਆ ਤੇ ਸਾਰੇ ਜਿੱਧਰ ਮੂੰਹ ਆਇਆ, ਨੱਸ ਗਏ।"

"ਬਾਬਾ ਲਹੂ ਲੁਹਾਨ ਹੋਇਆ ਪਿਆ ਸੀ। ਸੇਵਾ-ਸੰਮਤੀ ਵਾਲਿਆਂ ਉਸ ਨੂੰ ਸਟ੍ਰੇਚਰ 'ਤੇ ਪਾ ਲਿਆ। ਮੈਂ ਵੀ ਆਪਣਾ ਟਰੰਕ ਚੁੱਕ ਕੇ ਬਾਬੇ ਦੇ ਨਾਲ ਹੀ ਇਥੇ ਹਸਪਤਾਲ ਆ ਗਈ। ਦਿਹਾੜੀ ਵਿਚ ਕਈ ਵਾਰੀ ਸੇਵਾ-ਸੰਮਤੀ ਵਾਲੇ ਤੁਹਾਨੂੰ ਘਰੋਂ ਤੇ ਹੱਟੀਓਂ ਲੱਭਣ ਗਏ ਪਰ ਤੁਹਾਡਾ ਕੁਝ ਪਤਾ ਨਾ ਲੱਗਾ।"

ਥੋੜਾ ਚਿਰ ਠਹਿਰ ਕੇ ਕਰਮ ਸਿੰਘ, ਦਫ਼ਤਰੀ ਨੂੰ ਫਿਰ ਸੁਣਾਨ ਲੱਗਾ:

"ਸਤਵੰਤ ਕੌਰ ਦੀਆਂ ਗੱਲਾਂ ਸੁਣ ਕੇ ਮੇਰੇ ਲੂੰ ਕੰਡੇ ਖੜ੍ਹੇ ਹੋ ਗਏ। ਮੈਂ ਬੇਹੋਸ਼ ਪਏ ਬਾਬੇ ਦੇ ਪੈਰਾਂ 'ਤੇ ਸ਼ਰਧਾ ਨਾਲ ਕਈ ਵਾਰੀ ਮੱਥਾ ਟੇਕਿਆ।

"ਦੂਜੇ ਦਿਨ ਸਵੇਰ ਵੇਲੇ ਬਾਬੇ ਨੂੰ ਹੋਸ਼ ਆਈ। ਉਸ ਦੇ ਮੂੰਹੋਂ ਪਹਿਲਾ ਵਾਕ ਨਿਕਲਿਆ—

"ਜ਼ੈਨਾ! ਪੁੱਤ, ਤੂੰ ਕਿੱਥੇ ਐਂ?"

"ਥੋੜੇ ਚਿਰ ਪਿੱਛੋਂ ਉਸ ਦੀ ਹੋਸ਼ ਚੰਗੀ ਤਰ੍ਹਾਂ ਫਿਰ ਪਈ ਤੇ ਆਪਣੇ ਆਪ ਹੀ ਉਸ ਨੂੰ ਸਾਰੀ ਗੱਲ ਦੀ ਸਮਝ ਆ ਗਈ। ਅਸੀਂ ਦੋਵੇਂ ਉਸ ਦੇ ਪੈਰਾਂ 'ਤੇ ਸਿਰ ਰੱਖ ਕੇ ਉਸ ਦਾ ਧੰਨਵਾਦ ਕਰਨ ਲੱਗੇ। ਬਾਬਾ ਪਿਆਰ ਨਾਲ ਸਾਨੂੰ ਇਸ ਕੰਮੋਂ ਰੋਕਦਾ ਹੋਇਆ ਬੋਲਿਆ—

"ਸਰਦਾਰ ਜੀ! ਮੈਂ ਤੁਹਾਡੇ ਉੱਤੇ ਕੋਈ ਹਸਾਨ ਨਹੀਂ ਕੀਤਾ। ਜਹੀ ਮੇਰੀ ਜ਼ੈਨਾ ਬੱਚੀ ਤਹੀ ਇਹ। ਪਰ ਸਰਦਾਰ ਜੀ! ਅੱਲ੍ਹਾ ਦੇ ਵਾਸਤੇ ਉਸ ਨੂੰ ਇੱਥੇ ਲੈ ਆਓ, ਇਕੱਲੀ ਮਰ ਜਾਏਗੀ। ਜੇ ਵਿਚਾਰੀ ਦੀ ਮਾਂ ਜੀਉਂਦੀ ਹੁੰਦੀ ਤਾਂ ਵੀ ਮੇਰੇ ਪਿੱਛੋਂ ਰੁਲ ਖੁਲ ਕੇ ਪਲ ਜਾਂਦੀ। ਹੁਣ ਕੌਣ ਉਸ ਨੂੰ....।" ਕਹਿੰਦਾ ਕਹਿੰਦਾ ਬੁੱਢਾ ਰੋਣ ਲੱਗ ਪਿਆ।

"ਉਸ ਦੇ ਦੱਸੇ ਪਤੇ 'ਤੇ ਜਾ ਕੇ ਅਸੀਂ ਜ਼ੈਨਾ ਨੂੰ ਲੈ ਆਏ। ਜ਼ੈਨਾ ਉਸ ਵੇਲੇ ਦਸਾਂ ਕੁ ਵਰ੍ਹਿਆਂ ਦੀ ਸੀ, ਡਾਢੀ ਭੋਲੀ ਭਾਲੀ। ਭਾਵੇਂ ਰੋ ਰੋ ਕੇ ਉਹ ਬੇਹਾਲ ਹੋਈ ਹੋਈ ਸੀ, ਪਰ ਪਿਉ ਦੇ ਗਲ ਲੱਗ ਕੇ ਉਸ ਦਾ ਦੁੱਖ ਅੱਧਾ ਹੋ ਗਿਆ।

"ਸਵਾ ਮਹੀਨਾ ਹਸਪਤਾਲ ਰੱਖਣ 'ਤੇ ਵੀ ਜਦ ਅਸਾਂ ਬਾਬੇ ਨੂੰ ਕੋਈ ਫ਼ਰਕ ਪੈਂਦਾ ਨਾ ਡਿੱਠਾ ਤਾਂ ਉਸ ਨੂੰ ਆਪਣੇ ਘਰ ਲੈ ਆਏ। ਅੰਦਰ ਦੀਆਂ ਸੱਟਾਂ ਨੇ ਉਸ ਦਾ ਲੱਕ ਉੱਕਾ ਹੀ ਨਕਾਰਾ ਕਰ ਦਿੱਤਾ ਸੀ। ਛਾਤੀ ਦੀਆਂ ਸੱਟਾਂ ਵੀ ਗੁੱਝੀਆਂ ਸਨ।

"ਘਰ ਜਾ ਕੇ ਜ਼ੈਨਾ ਸਾਡੇ ਨਾਲ ਇਸ ਤਰ੍ਹਾਂ ਹਿਲ-ਮਿਲ ਗਈ ਜਿਵੇਂ ਸਾਡੇ ਹੀ ਘਰ ਜੰਮੀ ਪਲੀ ਹੈ। ਉਹ ਸਾਨੂੰ ਡਾਢੀ ਪਿਆਰੀ ਲੱਗੀ ਸੀ। ਸਤਵੰਤ ਕੌਰ ਨੂੰ ਤਾਂ ਜਿਵੇਂ ਕੋਈ ਖਜ਼ਾਨਾ ਲੱਭ ਪਿਆ ਸੀ। ਸਾਡੀ ਵੀ ਕਦੇ ਤਿੰਨਾਂ ਵਰ੍ਹਿਆਂ ਦੀ ਇਕ ਕੁੜੀ ਸੀ, ਜੋ ਰੱਬ ਨੇ ਸਾਨੂੰ ਦੇ ਕੇ ਫਿਰ ਲੈ ਲਈ ਸੀ। ਸਾਨੂੰ ਇਹੋ ਜਾਪਦਾ ਸੀ ਕਿ ਰੱਬ ਨੇ ਸਾਥੋਂ ਖੋਹੀ ਚੀਜ਼ ਫੇਰ ਸਾਨੂੰ ਮੋੜ ਦਿੱਤੀ ਹੈ। ਅਸੀਂ ਇਕ ਪਲ ਵੀ ਜ਼ੈਨਾ ਨੂੰ ਅੱਖੋਂ ਉਹਲੇ ਨਹੀਂ ਸਾਂ ਕਰ ਸਕਦੇ।

"ਮੰਜੇ 'ਤੇ ਪਿਆਂ ਪਿਆਂ ਜਦ ਬਾਬਾ ਸਾਨੂੰ ਜ਼ੈਨਾ ਨਾਲ ਪਿਆਰ ਕਰਦਾ ਵੇਖਦਾ ਸੀ ਤਾਂ ਖ਼ੁਸ਼ੀ ਨਾਲ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਸਨ।

"ਬਥੇਰੇ ਡਾਕਟਰ ਬਦਲੇ, ਪਰ ਬਾਬੇ ਨੂੰ ਫ਼ਰਕ ਨਾ ਪਿਆ।

"ਅਚਾਨਕ ਹੀ ਉਸ ਦੀ ਛਾਤੀ 'ਚੋਂ ਲਹੂ ਆਉਣ ਲੱਗ ਪਿਆ ਤੇ ਪੈਰੋ ਪੈਰ ਉਸ ਦੀ ਹਾਲਤ ਖ਼ਰਾਬ ਹੋਣ ਲੱਗੀ।

"ਅਖ਼ੀਰ ਇਕ ਰਾਤ ਉਹ ਜ਼ੈਨਾ ਦੀ ਬਾਂਹ ਸਤਵੰਤ ਦੇ ਹੱਥ ਫੜਾ ਕੇ ਸ਼ਾਂਤੀ,



ਤਸੱਲੀ ਤੇ ਬੇਫ਼ਿਕਰੀ ਨਾਲ ਇਸ ਦੁਨੀਆਂ ਤੋਂ ਵਿਦਾ ਹੋ ਗਿਆ।

"ਦੂਜੇ ਦਿਨ ਇਕ ਸਿੱਖ ਦੇ ਘਰ ਵਿੱਚੋਂ ਮੁਸਲਮਾਨ ਦਾ ਜਨਾਜ਼ਾ, ਨਿਰੋਲ ਮੁਸਲਮਾਨੀ ਤਰੀਕੇ ਨਾਲ ਨਿਕਲਦਾ ਵੇਖ ਕੇ ਸਾਰਾ ਗਲੀ-ਮੁਹੱਲਾ ਪਿਆਰ ਦੇ ਅੱਥਰੂ ਵਹਾ ਰਿਹਾ ਸੀ।

"ਉਸੇ ਦਿਨ ਤੋਂ ਜ਼ੈਨਾ ਲਈ ਮੈਂ ਇਕ ਹਾਫ਼ਜ਼ ਮੌਲਵੀ ਉਸਤਾਦ ਰੱਖ ਦਿੱਤਾ ਜੋ ਦੋਵੇਂ ਵੇਲੇ ਆ ਕੇ ਉਸ ਨੂੰ ਕੁਰਾਨ ਸ਼ਰੀਫ ਪੜ੍ਹਾਂਦਾ ਸੀ।

"ਹੁਣ ਜ਼ੈਨਾ ਦੀ ਉਮਰ 15 ਵਰ੍ਹਿਆਂ ਦੀ ਹੈ ਤੇ ਸਾਰਾ ਕੁਰਾਨ ਸ਼ਰੀਫ਼ ਇਨ੍ਹਾਂ ਪੰਜਾਂ ਵਰ੍ਹਿਆਂ ਵਿਚ ਉਸ ਨੇ ਹਿਫ਼ਜ਼ ਕਰ ਲਿਆ ਹੈ। ਇਕ ਖ਼ਾਨਦਾਨੀ ਮੁਸਲਮਾਨ ਨਾਲ ਉਸ ਦੀ ਮੰਗਣੀ ਹੋ ਚੁਕੀ ਹੈ ਤੇ ਅੱਜ ਤੋਂ ਚੌਥੇ ਦਿਨ ਉਸ ਦਾ ਨਿਕਾਹ ਹੋਣ ਵਾਲਾ ਹੈ। ਵਿਆਹ ਭਾਵੇਂ ਮੁਸਲਮਾਨੀ ਸ਼ਰ੍ਹਾ ਨਾਲ ਹੋਵੇਗਾ, ਪਰ ਜੰਞੇ ਹਿੰਦੂ, ਸਿੱਖ, ਮੁਸਲਮਾਨ ਸਾਰੇ ਹੀ ਆਉਣਗੇ।

"ਜ਼ੈਨਾ ਦਾ ਦਾਜ ਬਨਾਣ ਵਿਚ ਅਸਾਂ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡੀ ਪਰ ਇਹ ਕੁਰਾਨ ਸ਼ਰੀਫ ਜ਼ੈਨਾ ਨੂੰ ਬਹੁਤ ਪਿਆਰਾ ਹੈ। ਇਹੋ ਉਸ ਦਾ ਪਿਉ ਪੜ੍ਹਿਆ ਕਰਦਾ ਸੀ ਤੇ ਇਸੇ ਤੋਂ ਹੀ ਜ਼ੈਨਾ ਨੇ ਤਾਲੀਮ ਹਾਸਲ ਕੀਤੀ ਹੈ। ਇਸੇ ਕਰਕੇ ਮੈਂ ਇਸ ਦੀ ਵਧੀਆ ਜਿਲਦ ਬਣਵਾ ਕੇ ਉਸ ਦੇ ਦਾਜ ਵਿਚ ਦੇਣਾ ਚਾਹੁੰਦਾ ਹਾਂ।"

ਖ਼ੈਰ ਦੀਨ ਦਫ਼ਤਰੀ ਤੇ ਉਸ ਦੇ ਕਾਰੀਗਰਾਂ ਨੇ ਮਾਨੋ ਪੱਥਰ ਦੇ ਬੁੱਤ ਬਣ ਕੇ ਸਾਰੀ ਵਾਰਤਾ ਸੁਣੀ। ਉਨ੍ਹਾਂ ਅਦਬ ਨਾਲ ਸਿਰ ਨਿਵਾਇਆ ਤੇ ਅੱਖਾਂ ਪੂੰਝੀਆਂ। ਕਿਸੇ ਕਿਸੇ ਨੇ ਇਕ ਦੋ ਹਉਕੇ ਵੀ ਭਰੇ ਤੇ ਫਿਰ ਆਪਣੇ ਕੰਮ ਲੱਗ ਪਏ।

ਜਿਲਦ, ਵੇਲੇ ਸਿਰ ਬੰਨ੍ਹ ਦੇਣ ਦੀ ਪੱਕੀ ਕਰ ਕੇ ਰੁਮਾਲਾਂ ਨੂੰ ਲਪੇਟ ਕੇ ਖ਼ੀਸੇ ਵਿਚ ਪਾਂਦਾ ਹੋਇਆ ਕਰਮ ਸਿੰਘ ਆਪਣੇ ਰਾਹ ਪਿਆ।

# ਭੂਤਾਂ ਦੀਆਂ ਖੇਡ

## ਸੰਤ ਸਿੰਘ ਸੇਖੋਂ

ਰਾਤ ਪੈਣ ਤੋਂ ਪਹਿਲਾਂ ਪਿੰਡ ਦੇ ਸਾਰੇ ਮੁਸਲਮਾਨ, ਕੋਈ ਪੰਜਾਹ ਕੁ ਜੀਵ, ਮਰਦ, ਔਰਤਾਂ ਤੇ ਬੱਚੇ ਪਿੰਡ ਦੀ ਇਕ ਗੁੱਠੇ ਧਰਮਸ਼ਾਲਾ ਵਿਚ ਇਕੱਠੇ ਕਰ ਲਏ ਗਏ। ਧਰਮਸ਼ਾਲਾ ਦੇ ਗਿਰਦ ਚਾਰ ਆਦਮੀਆਂ ਦਾ, ਜਿਨ੍ਹਾਂ ਵਿਚੋਂ ਇਕ ਪਾਸ ਬੰਦੂਕ ਸੀ ਤੇ ਦੂਜੇ ਤਿੰਨਾਂ ਪਾਸ ਕਿਰਪਾਨਾਂ, ਪਹਿਰਾ ਲਗਾ ਦਿੱਤਾ ਗਿਆ। ਇਹ ਪਹਿਰਾ ਕੇਵਲ ਬੰਦੀਵਾਨਾਂ ਨੂੰ ਨੱਸਣ ਤੋਂ ਰੋਕਣ ਲਈ ਸੀ, ਕਿਸੇ ਬੰਦੀਵਾਨ ਪਾਸੋਂ ਇਸ ਦਾ ਹਥਿਆਰਬੰਦ ਵਿਰੋਧ ਕਰਨ ਦਾ ਅੰਦੇਸ਼ਾ ਨਹੀਂ ਸੀ। ਇਸ ਲਈ ਚਾਰ ਪਹਿਰੇਦਾਰ, ਇਕ ਬੰਦੂਕ ਵਾਲਾ ਤੇ ਤਿੰਨ ਕਿਰਪਾਨਾਂ ਵਾਲੇ ਕਾਫ਼ੀ ਸਨ।

ਅੱਧੀ ਕੁ ਰਾਤ ਹੋਈ ਤਾਂ ਇਕ ਜਵਾਨ ਆਦਮੀ ਨੇ ਕੰਧ ਟੱਪ ਕੇ ਨੱਸ ਜਾਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਬੰਦੀਵਾਨਾਂ ਵਿਚ ਇਸ ਦੀ ਕੇਵਲ ਇਕ ਬੁੱਢੀ ਮਾਂ ਸੀ, ਰੰਨ ਕੰਨ ਕੋਈ ਨਹੀਂ ਸੀ। ਪਰ ਜਿਉਂ ਹੀ ਇਹ ਕੰਧ ਤੋਂ ਛਾਲ ਮਾਰ ਕੇ ਬਾਹਰ ਆ ਖੜ੍ਹਾ ਹੋਇਆ ਕਿ ਬੰਦੂਕ ਵਾਲੇ ਦੀ ਆਵਾਜ਼ ਆਈ, "ਹਾਲਟ, ਖੜ੍ਹਾ ਹੋ ਜਾ, ਨਹੀਂ ਹੁਣੇ ਗੋਲੀ ਮਾਰ ਦੇਊਂਗਾ।"

ਕੰਧ ਟੱਪਣ ਵਾਲਾ ਸਹਿਮ ਕੇ ਜਿਥੇ ਖੜ੍ਹਾ ਸੀ ਉਥੇ ਹੀ ਰਹਿ ਗਿਆ। ਬੰਦੂਕ ਵਾਲਾ ਕਾਹਲੀ ਕਾਹਲੀ ਕਦਮ ਪੁੱਟ ਕੇ ਇਸ ਦੇ ਕੋਲ ਆ ਗਿਆ। "ਕਿਉਂ ਓਇ, ਮੁਸਲਿਆ, ਕਿੱਧਰ ਨੱਠਣ ਲੱਗਾ ਸੀ? ਇਉਂ ਮੈਂ ਤੈਨੂੰ ਜਾਣ ਦਿੰਨਾਂ?"

"ਨਹੀਂ, ਸਰਦਾਰ ਜੀ, ਮੈਂ ਤਾਂ ਝਾੜੇ ਫਿਰਨ ਬਾਹਰ ਨਿਕਲਿਆਂ," ਕੰਧ ਟੱਪਣ ਵਾਲੇ ਨੇ ਆਜਜ਼ੀ ਨਾਲ ਕਿਹਾ। ਉਸਨੇ ਇਸ ਬੰਦੂਕ ਵਾਲੇ ਆਦਮੀ ਨੂੰ ਸਿਆਨਣ ਦਾ ਯਤਨ ਕੀਤਾ, ਪਰ ਨਹੀਂ, ਇਹ ਤਾਂ ਕਿਸੇ ਬਾਹਰਲੇ ਪਿੰਡ ਦਾ ਸੀ। ਆਪਣੇ ਪਿੰਡ ਦਾ ਕੋਈ ਹੁੰਦਾ ਤਾਂ ਕੰਧ ਟੱਪਣ ਵਾਲੇ ਨੂੰ ਭਰੋਸਾ ਸੀ, ਉਹ ਉਸ ਨੂੰ ਨੱਸ ਜਾਣ ਦਿੰਦਾ। "ਮੈਂ ਜਿਉਣਾ, ਚੌਧਰੀ, ਸਰਦਾਰ," ਉਹ ਆਖ ਦਿੰਦਾ ਤੇ ਪਿੰਡ ਦੇ ਆਦਮੀ ਤੋਂ ਲਿਹਾਜ਼ ਸੁੱਟਿਆ ਨਹੀਂ ਸੀ ਜਾਣਾ।

"ਝਾੜੇ ਫਿਰਨ ਨਿਕਲਿਐਂ ਬਾਹਰ?" ਪਹਿਰੇ ਵਾਲਾ ਇਕ ਵਕੀਲ ਵਾਕਰ ਬੋਲਿਆ। "ਚੰਗਾ ਫਿਰ ਲੈ ਝਾੜੇ।"

"ਦੂਰ ਜਾ ਕੇ ਬੈਠਾਂ ਕਿ ਐਥੇ ਹੀ?" ਕੰਧ ਟੱਪਣ ਵਾਲੇ ਨੇ ਹੋਰ ਵੀ ਡਰ ਕੇ ਪੁੱਛਿਆ।

"ਨਹੀਂ ਚਾਰ ਕਦਮ ਅੱਗੇ ਹੋ ਲੈ। ਪਰ ਜੇ ਨੱਠਣ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਮਾਰ ਦੇਊਂ," ਪਹਿਰੇਦਾਰ ਨੇ ਦ੍ਰਿੜ੍ਹਤਾ ਨਾਲ ਆਖਿਆ।



ਕੰਧ ਟੱਪਣ ਵਾਲੇ ਨੇ ਹਾਲੇ ਦਸ ਕੁ ਕਦਮ ਹੀ ਪੁੱਟੇ ਸਨ ਕਿ ਪਿੱਛੋਂ ਹੁਕਮ ਆ ਗਿਆ, "ਬੈਠ ਜਾ ਹੈਥੇ, ਹੋਰ ਗਾਹਾਂ ਕਦਮ ਨਾ ਪੱਟੀਂ।"

ਕੰਧ ਟੱਪਣ ਵਾਲਾ ਜਿੱਥੇ ਸੀ ਉਹਨੀਂ ਪੈਰੀਂ ਬੈਠ ਗਿਆ। ਪੰਜ ਮਿੰਟ ਲੰਘ ਗਏ। "ਓਇ, ਹਾਲੇ ਨਿਕਲੀ ਨਹੀਂ ਤੇਰੀ ਟੱਟੀ?" ਪਹਿਰੇ ਵਾਲੇ ਨੇ ਲਲਕਾਰਿਆ। ਟੱਟੀ ਬੈਠੇ ਆਦਮੀ ਨੇ ਕੋਈ ਜਵਾਬ ਨਾ ਦਿੱਤਾ ਤੇ ਥੋੜ੍ਹਾ ਜਿਹਾ ਕਿਲ੍ਹ ਦਿੱਤਾ।

ਦੋ ਤਿੰਨ ਮਿੰਟ ਹੋਰ ਲੰਘੇ ਤਾਂ ਪਹਿਰੇ ਵਾਲਾ ਫਿਰ ਬੋਲਿਆ, "ਕਬਜ਼ ਹੋ ਗੀ ਤੈਨੂੰ? ਹੁਣ ਤਾਈਂ ਤੇਰੀ ਟੱਟੀ ਨੀਂ ਉਤਰੀ ਜਿਹੜੀ। ਚੰਗਾ, ਉਠ ਖੜ੍ਹਾ ਹੋ ਹੁਣ।" ਟੱਟੀ ਬੈਠਾ ਆਦਮੀ ਇਕ ਦਮ ਉਠ ਖਲੋਤਾ। ਪਹਿਰੇ ਵਾਲਾ ਉਸ ਦੇ ਕੋਲ ਆ ਗਿਆ। "ਕਿੱਥੇ ਫਿਰੀ ਐ ਟੱਟੀ?" ਉਸ ਨੇ ਪੁੱਛਿਆ।

"ਜੀ ਆਈ ਨੀ" ਬੰਦੀਵਾਨ ਨੇ ਆਜਜ਼ੀ ਨਾਲ ਜਵਾਬ ਦਿੱਤਾ। "ਖਾਧਾ ਕੁਸ਼ ਨਹੀਂ ਸਵੇਰ ਦਾ।"

"ਤਾਂ ਫੇਰ ਹਾਜ਼ਤ ਕਿਮੇਂ ਹੋਗੀ ਤੈਨੂੰ?"

ਇਸ ਤਰਕ ਭਰੇ ਸਵਾਲ ਦਾ ਬੰਦੀਵਾਨ ਕੋਲੋਂ ਕੋਈ ਝੱਟ ਪੱਟ ਉੱਤਰ ਨਾ ਸਰਿਆ। "ਸਾਲਿਆ, ਨੱਠਣ ਦੀ ਦਲੀਲ ਸੀ ਤੇਰੀ। ਟੱਟੀ ਦਾ ਬਹਾਨਾ ਕਰਦੈਂ ਫੜਿਆ ਗਿਆ ਤਾਂ। ਜੇ ਖਾਧਾ ਨੀ ਕੁਸ਼ ਸਵੇਰ ਦਾ ਤਾਂ ਹਾਜ਼ਤ ਕਿਵੇਂ ਹੋਗੀ?"

"ਜੀ, ਐਵੇਂ ਆਦਤ ਜਿਹੀ ਆਂਗੂੰ ਹੋਗੀ। ਖ਼ੁਦਾ ਦੀ ਸਹੁੰ ਸਵੇਰ ਦਾ ਕੁਸ਼ ਨਹੀਂ ਖਾਧਾ?"

"ਕਿਉਂ, ਖਾਧਾ ਕਾਹਤੋਂ ਨੀ ਕੁਸ਼?"

"ਜੀ ਬੁੜ੍ਹੀ ਤੋਂ ਸਹਿਮੀ ਹੋਈ ਤੋਂ ਰੋਟੀ ਟੁੱਕ ਈ ਨਹੀਂ ਹੋਇਆ। ਮੈਂ ਤੇ ਮੇਰੀ ਬੁੜ੍ਹੀ ਮਾਂ ਈ ਆਂ ਦੋ ਜੀ ਘਰ ਦੇ।"

"ਆਪ ਪਕਾ ਮਰ ਲੈਂਦਾ" ਪਹਿਰੇਦਾਰ ਬੋਲਿਆ।

"ਜੀ ਮੈਂ ਕਿਹੜਾ ਕੈਮ ਸੀ ਰੋਟੀ ਕੀਹਨੂੰ ਸੁੱਝੀ ਐ ਸਵੇਰ ਦੀ?"

ਸਰਦਾਰ ਥੋੜ੍ਹਾ ਜਿਹਾ ਮੁਸਕਰਾ ਪਿਆ। "ਅੱਛਾ ਬਾਊਟ ਟਰਨ, ਚੱਲ, ਟੱਪ ਕੰਧ ਅੰਦਰ ਨੂੰ।"

ਬੰਦੀਵਾਨ ਕੰਧ ਟੱਪ ਕੇ ਅੰਦਰ ਨੂੰ ਚਲਿਆ ਗਿਆ, ਪਰ ਉਸ ਦੇ ਕੰਧ ਚੜ੍ਹਨ ਲੱਗੇ ਦੇ ਕੁਲ੍ਹੇ ਤੇ ਪਹਿਰੇ ਵਾਲੇ ਨੇ ਬੰਦੂਕ ਦਾ ਕੁੰਦਾ ਕੁਝ ਅਜਿਹਾ ਜਾਂਚ ਕੇ ਮਾਰਿਆ ਕਿ ਸਾਰੀ ਰਾਤ ਉਸ ਦਾ ਕੁਲ੍ਹਾ ਦੁਖਦਾ ਰਿਹਾ। ਉਸ ਵਿਚ ਹੁਣ ਦੂਜੀ ਵਾਰ ਨੱਸ ਜਾਣ ਦੇ ਯਤਨ ਦੀ ਤਾਕਤ ਵੀ ਨਾ ਰਹੀ।

"ਜੇ ਹੋਰ ਕਿਸੇ ਨੂੰ ਟੱਟੀ ਆਈ ਤਾਂ ਅੰਦਰੇ ਈ ਫਿਰ ਲਿਓ, ਬਾਹਰ ਨਾ ਆਇਓ ਕੋਈ, ਗੋਲੀ ਮਾਰ ਦਿੱਤੀ ਜਾਊਗੀ।" ਪਹਿਰੇ ਵਾਲੇ ਨੇ ਸਭ ਬੰਦੀਵਾਨਾਂ ਨੂੰ ਸੁਣਾ ਕੇ ਕਿਹਾ।

ਥੋੜ੍ਹੀ ਦੇਰ ਬਾਅਦ ਹੀ ਪਹਿਰਾ ਬਦਲ ਗਿਆ। ਇਹ ਚਾਰੇ ਸੌਣ ਚਲੇ ਤੇ ਹੋਰ ਚਾਰ ਇਨ੍ਹਾਂ ਦੀ ਥਾਂ ਆ ਖੜ੍ਹੇ ਹੋਏ।

"ਸਾਲੇ ਟੱਟੀ ਦੇ ਬਹਾਨੇ ਬਾਹਰ ਨਿਕਲਦੇ ਨੇ ਕੋਈ ਕੋਈ। ਖਿਆਲ ਰੱਖਿਓ" ਜਾ ਰਹੇ ਬੰਦੂਕ ਵਾਲੇ ਨੇ ਆ ਰਹੇ ਪਹਿਰੇਦਾਰਾਂ ਨੂੰ ਚੇਤਾਵਨੀ ਕਰਾਈ।

ਪਰ ਪਹਿਰੇ ਦੇ ਨਵੇਂ ਜੱਥੇ ਨੂੰ ਜੀਉਣੇ ਜਿਹੇ ਕੰਧ ਟੱਪ ਕੇ ਬਾਹਰ ਟੱਟੀ ਨੂੰ ਔਣ ਵਾਲੇ ਕਿਸੇ ਬੰਦੀਵਾਨ ਨਾਲ ਵਾਸਤਾ ਨਾ ਪਿਆ। ਹਾਂ, ਮਰਦਾਂ ਦੇ ਘੁਰਾੜਿਆਂ ਦੇ ਨਾਲ-ਨਾਲ ਔਰਤਾਂ ਦੀਆਂ ਸਿਸਕੀਆਂ ਦੀਆਂ ਆਵਾਜ਼ਾਂ ਉਨ੍ਹਾਂ ਨੂੰ ਲਗਾਤਾਰ ਸੁਣਦੀਆਂ ਰਹੀਆਂ।

ਦਿਨ ਦੇ ਚੜ੍ਹਾਉ ਨਾਲ ਕੋਈ ਪੰਜਾਹ ਕੁ ਆਦਮੀਆਂ ਦਾ ਜਥਾ ਆ ਗਿਆ। ਇਹਨਾਂ ਵਿਚ ਬਹੁਤਿਆਂ ਪਾਸ ਬਰਛੇ ਸਨ, ਕੁਝ ਪਾਸ ਬੰਦੂਕਾਂ ਵੀ ਸਨ।

ਧਰਮਸ਼ਾਲਾ ਦੇ ਦਰਵਾਜ਼ੇ ਕੋਲ ਆ ਕੇ ਉਨ੍ਹਾਂ ਦੇ ਇਕ ਆਗੂ ਨੇ ਨੇਜ਼ੇ ਵਾਲੇ ਪਹਿਰੇਦਾਰ ਨੂੰ ਹੱਥ ਨਾਲ ਕੋਲ ਬੁਲਾਇਆ। "ਹੁਣ ਅਸੀਂ ਇਨ੍ਹਾਂ ਨੂੰ ਦਸ-ਦਸ ਕਰ ਕੇ ਔਸ ਖਤਾਨ ਵਿਚ ਲੈ ਜਾਵਾਂਗੇ। ਤੇ ਓਥੋਂ ਇਹ ਪਾਕਿਸਤਾਨ ਨੂੰ ਸਿੱਧੇ ਜਹਾਜ਼ ਚੜ੍ਹਾ ਦਿੱਤੇ ਜਾਣਗੇ।" ਉਹ ਖਤਾਨ ਧਰਮਸ਼ਾਲਾ ਤੋਂ ਕੋਈ ਫ਼ਰਲਾਂਗ ਦੇ ਪੰਧ ਤੇ ਸੀ। "ਬਹੁਤ ਅੱਛਾ" ਪਹਿਰੇਦਾਰ ਨੇ ਇਕ ਫ਼ੌਜੀ ਸਿਪਾਹੀ ਦੀ ਚੁਸਤੀ ਨਾਲ ਉੱਤਰ ਦਿੱਤਾ।

"ਅੱਛਾ, ਅਸੀਂ ਹੁਣ ਓਸੇ ਖਤਾਨ ਵੱਲ ਜਾਨੇ ਆਂ" ਉਸੇ ਆਗੂ ਨੇ ਆਪਣੇ ਜਥੇ ਵਿਚੋਂ ਅੱਠਾਂ ਕੁ ਆਦਮੀਆਂ ਦੀ ਇਕ ਟੋਲੀ ਨੂੰ ਸੰਬੋਧਨ ਕਰ ਕੇ ਕਿਹਾ। "ਤੁਸੀਂ ਏਥੋਂ ਦਸ ਦਸ ਸੂਰ ਹੱਕ ਕੇ ਓਥੇ ਲਈ ਆਓ।"

ਇਹ ਅੱਠ ਆਦਮੀ, ਪਹਿਲਾਂ ਗਿਣੇ ਮਿੱਥੇ ਅਨੁਸਾਰ, ਬਾਕੀ ਦੇ ਜੱਥੇ ਤੋਂ ਅਲਹਿਦਾ ਹੋ ਗਏ, ਤੇ ਜੱਥਾ ਉਸ ਖਤਾਨ ਵੱਲ ਨੂੰ ਚਲਾ ਗਿਆ। "ਆਓ ਉਇ ਥੋਡੇ 'ਚੋਂ ਦਸ ਜਣੇ।" ਚਾਰ ਅੰਦਰ ਜਾਣ ਵਾਲਿਆਂ ਵਿਚੋਂ ਇਕ ਨੇ ਅੰਦਰ ਲੰਮੇ ਪਏ ਬੰਦੀਵਾਨਾਂ ਵਿਚ ਜਾ ਕੇ ਲਲਕਾਰ ਕੇ ਆਖਿਆ। ਬੰਦੀਵਾਨਾਂ ਵਿਚ ਸਹਿਮ ਪੈ ਗਿਆ ਤੇ ਜੋ ਕੋਈ ਜਿਥੇ ਸੀ ਓਥੇ ਹੀ ਸੌਂ ਗਿਆ।

"ਉਇ ਸੌਂ ਕਿਉਂ ਗਏ ਸਾਰੇ?" ਆਖ ਕੇ ਉਸ ਨੇ ਅੱਗੇ ਵਧ ਕੇ ਇਕ ਬੰਦੀਵਾਨ ਨੂੰ ਉਠਾ ਲਿਆ। "ਸਾਲਿਓ ਓਦੋਂ ਲੀਗ ਨੂੰ ਬੋਟਾਂ ਤਾਂ ਜੱਥੇ ਬਣਾ ਬਣਾ ਕੇ ਪਾਉਣ ਜਾਂਦੇ ਸੀ।"

ਉਠਾਇਆ ਗਿਆ ਬੰਦੀਵਾਨ ਇਕ ਬੁੱਢੀ ਉਮਰ ਦਾ ਆਦਮੀ ਸੀ। "ਸਾਡੀਆਂ ਬੋਟਾਂ ਕਿਹੜੀਆਂ ਸੀ ਸਰਦਾਰ ਗ਼ਰੀਬਾਂ ਦੀਆਂ?" ਉਸ ਨੇ ਧੀਮਾ ਜਿਹਾ ਉਜ਼ਰ ਕੀਤਾ। ਇਸ ਪਿੰਡ ਦੇ ਮੁਸਲਮਾਨਾਂ ਵਿਚੋਂ ਦੋ ਚਾਰ ਨੂੰ ਹੀ, ਪੰਜ ਜਮਾਤ ਪੜ੍ਹੇ ਹੋਣ ਕਰ ਕੇ ਵੋਟ ਦਾ ਹੱਕ ਸੀ।

"ਪਤਾ ਨੀ। ਗਏ ਤਾਂ ਸੀ, ਪੜਾਉ ਸਾਰੇ ਜੱਥਾ ਬਣਾ ਕੇ।"

"ਐਵੇਂ ਬੋਟਾਂ ਪੈਂਦੀਆਂ ਦਾ ਮੇਲਾ ਦੇਖਣ ਗਏ ਹੋਣਗੇ ਮੁੰਡੇ-ਖੁੰਡੇ, ਮੈਂ ਤਾਂ ਇਉਂ ਬੀ ਨੀ ਸੀ ਗਿਆ" ਉਸ ਬੁੱਢੇ ਨੇ ਅੱਗੋਂ ਹੋਰ ਜਵਾਬ ਕੀਤਾ। "ਚੰਗਾ ਆਓ ਹੁਣ ਚਲੋ ਫੇਰ," ਦੂਜੇ ਨੇ ਇਕ ਹੋਰ ਆਦਮੀ ਨੂੰ ਉਠਾ ਲਿਆ।

ਇਸ ਤਰ੍ਹਾਂ ਕਿਰਪਾਨਾਂ ਬਰਛੀਆਂ ਦੀਆਂ ਹੁੱਜਾਂ ਨਾਲ ਉਨ੍ਹਾਂ ਨੇ ਦਸ ਆਦਮੀ ਉਠਾ ਕੇ ਧਰਮਸ਼ਾਲਾ ਵਿਚੋਂ ਬਾਹਰ ਲੈ ਆਂਦੇ।

ਬੰਦੀਵਾਨਾਂ ਦੇ ਨਿਆਣਿਆਂ ਤੇ ਤੀਵੀਆਂ ਵਿਚ ਚੀਕ ਚਿਹਾੜਾ ਪੈ ਗਿਆ। ਹੁਣ ਸਾਰੇ ਬੰਦੀਵਾਨ ਜਾਗ ਉਠੇ। "ਸਰਦਾਰੋ, ਮੈਨੂੰ ਬਰਛੇ ਨਾਲ ਨਾ ਮਾਰਿਓ, ਤੜਫਾਇਓ ਨਾ" ਉਸੇ ਬੁੱਢੇ ਨੇ ਬਾਹਰ ਨਿਕਲ ਕੇ ਆਖਿਆ। "ਕਿਰਪਾਨ ਨਾਲ ਇਕੋ ਵਾਰ ਝਟਕਾ ਕਰ ਦਿਓ।"

"ਹਲਾਲ ਨਾ ਕਰੀਏ, ਮੁਸਲਮਾਨ ਓ ਤੁਸੀਂ?" ਜਲਾਦਾਂ ਵਿਚੋਂ ਇਕ ਨੇ ਬੜੇ ਕਠੋਰ ਹਾਸੇ ਨਾਲ ਆਖਿਆ। ਬੁੱਢਾ ਚੁੱਪ ਕੀਤਾ ਰਿਹਾ।



"ਖ਼ਬਰ ਨੀ, ਨਾ ਈ ਮਾਰੀਏ ਥੋਨੂੰ। ਲੁਦੇਹਾਣੇ ਕੈਂਪ 'ਚ ਛੱਡ ਔਣ ਦੀ ਸਲਾਹ ਬਣ ਜਾਵੇ ਖਬਰਨੀ। ਟਰੱਕ ਤਾਂ ਦੋ ਆਏ ਖੜ੍ਹੇ ਐ ਥੋਡੇ ਜੋਗੇ।" ਇਕ ਹੋਰ ਨੇ ਕੁਝ ਉਹਨਾਂ ਮਜ਼ਲੂਮਾਂ ਦਾ ਦਿਲ ਧਰਾਨ ਲਈ ਕਿਹਾ। ਖ਼ੈਰ, ਇਹ ਦਸੇ ਅੱਗੇ ਲੱਗ ਤੁਰੇ ਤੇ ਚਾਰ ਕਿਰਪਾਨਾਂ ਵਾਲੇ ਇਨ੍ਹਾਂ ਨੂੰ ਖਤਾਨ ਵੱਲ ਲੈ ਗਏ।

ਉਹ ਖਤਾਨ ਤੋਂ ਵਾਪਸ ਆਏ ਤਾਂ ਇਕ ਜੱਥਾ, ਦਸਾਂ ਆਦਮੀਆਂ ਦਾ, ਹੋਰ ਬਾਹਰ ਕੱਢਿਆ ਖੜ੍ਹਾ ਸੀ। ਇਹ ਪਹਿਲੇ ਜੱਥੇ ਨਾਲੋਂ ਕੁਝ ਛੋਟੀ ਉਮਰ ਦੇ ਆਦਮੀਆਂ ਦਾ ਸੀ। ਦੋ ਤਿੰਨ ਤਾਂ ਇਨ੍ਹਾਂ ਵਿਚ ਮਸਾਂ ਅਠਾਰਾਂ ਅਠਾਰਾਂ ਵੀਹ-ਵੀਹ ਸਾਲ ਦੇ ਸਨ।

"ਸਰਦਾਰੋ, ਮੇਰੀ ਇਕ ਅਰਜ਼ ਸੁਣ ਲਵੋ। ਸਾਨੂੰ ਅਮਰਤ ਛਕਾ ਕੇ ਸਿੰਘ ਈ ਬਣਾ ਲਵੋ। ਮੁਸਲਮਾਨ ਹੁੰਦੇ ਬੀ ਥੋਡੀ ਗ਼ੁਲਾਮੀ ਕਰਦੇ ਰਹੇ ਆਂ, ਸਿੰਘ ਹੋ ਕੇ ਬੀ ਕਰਦੇ ਰਹਾਂਗੇ। ਕੰਮ ਈ ਕਰਾਂਗੇ ਥੋਡਾ, ਅਸੀਂ ਕਿਹੜਾ ਮੱਲਾਂ ਮਾਰਨੀਆਂ ਨੇ?" ਇਕ ਬੰਦੀਵਾਨ ਨੇ ਹੱਥ ਜੋੜ ਕੇ ਆਖਿਆ।

"ਮੱਲ ਮਾਰ ਤਾਂ ਲਈ, ਪਾਕਿਸਤਾਨ ਬਣਾ ਲਿਆ, ਸਾਡਾ ਤਾਂ ਕੁਝ ਬੀ ਨਾ ਬਣਿਆ। ਉਧਰੋਂ ਥੋਡੇ ਭਰਾਵਾਂ ਨੇ ਸਾਨੂੰ ਕਢਵਾ ਦਿੱਤਾ, ਏਧਰ ਪਤਾ ਨੀ ਇਹ ਬਾਣੀਏ ਬਾਹਮਣ ਸਾਡੇ ਨਾਲ ਕੀ ਕਰਦੈ ਐ," ਸਿੱਖਾਂ ਵਿਚੋਂ ਇਕ ਵਿਚਾਰਵਾਨ ਬੋਲਿਆ।

"ਬਣ ਗਿਆ ਪਾਕਿਸਤਾਨ ਜਿਨ੍ਹਾਂ ਦਾ ਬਣ ਗਿਆ, ਸਾਡੀ ਤਾਂ ਹੁਣ ਕੋਈ ਕਬਰ ਈ ਦਿਸੂਗੀ ਏਥੇ, ਜਾਂ ਜੇ ਥੋਡੇ ਮਨ 'ਚ ਦਇਆ ਪਾਵੇ ਰੱਬ ਤਾਂ ਏਥੇ ਥੋਡੀ ਨੌਕਰੀ ਕਰਦੇ ਰਹਾਂਗੇ।"

"ਉਇ ਕਾਹਨੂੰ ਵਾਧੂ ਗੱਲਾਂ ਕਰੀ ਜਾਨੇ ਓਂ ਇਹਦੇ ਨਾਲ?" ਦੂਜੇ ਸਿੱਖ ਨੇ ਤਾੜਨਾ ਕੀਤੀ, "ਚਲੋ, ਉਇ।" ਉਸ ਨੇ ਇਕ ਬੰਦੀਵਾਨ ਨੂੰ ਕਿਰਪਾਨ ਦੀ ਹੁੱਜ ਮਾਰ ਕੇ ਆਖਿਆ।

ਇਸੇ ਤਰ੍ਹਾਂ ਚਾਲੀ ਬੰਦੀਵਾਨ ਜਿਨ੍ਹਾਂ ਵਿਚ ਵੀਹ ਕੁ ਮਰਦ ਸਨ ਤੇ ਬਾਕੀ ਔਰਤਾਂ ਤੇ ਅੰਞਾਣੇ, ਧਰਮਸ਼ਾਲਾ ਵਿਚੋਂ ਨਿਕਲ ਕੇ ਖਤਾਨ ਵਿਚ ਚਲੇ ਗਏ ਤੇ ਆਖਰੀ ਜੱਥਾ ਦਸ ਕੁ ਇਸਤਰੀਆਂ ਤੇ ਨਿਆਣਿਆਂ ਦਾ ਦਰਵਾਜ਼ੇ ਤੇ ਆ ਖੜ੍ਹਾ ਹੋਇਆ।

ਇਨ੍ਹਾਂ ਵਿਚ ਇਕ ਜਵਾਨ ਇਸਤਰੀ, ਪੰਝੀ ਕੁ ਸਾਲ ਤੋਂ ਹੇਠਾਂ ਹੇਠਾਂ ਸੀ। ਇਕ ਚਾਰ ਕੁ ਸਾਲ ਦਾ ਮੁੰਡਾ ਉਸ ਦੀ ਉਂਗਲੀ ਨਾਲ ਤੇ ਇਕ ਸਾਲ ਕੁ ਦਾ ਕੁੱਛੜ ਚੁੱਕਿਆ ਹੋਇਆ ਸੀ। ਇਹ ਇਸਤਰੀ ਕੁਝ ਵਧੇਰੇ ਹੀ ਸੁਹਣੀ ਸੀ, ਇਸ ਦਾ ਰੂਪ ਅਜੇਹੀ ਭੈੜੀ ਹਾਲਤ ਵਿਚ ਵੀ ਆਪਣਾ ਪ੍ਰਭਾਵ ਪਾ ਰਿਹਾ ਸੀ।

"ਉਇ, ਇਹਨੂੰ ਨਾ......ਭੇਜੋ ਉਧਰ," ਇਕ ਜਣੇ ਨੇ ਅਨੁਰਾਗ ਵਿਚ ਆ ਕੇ ਕਿਹਾ "ਮੈਨੂੰ ਦੇ ਦਿਓ।"

"ਨਾ ਉਇ, ਧਰਮ ਦੇ ਕੰਮ 'ਚ ਏਹੀ ਜਹੀ ਬਦਨੀਤੀ ਨੀ ਚਾਹੀਦੀ" ਇਕ ਦੂਜੇ ਵੱਲੋਂ ਉੱਤਰ ਮਿਲਿਆ।

"ਬਦਨੀਤੀ ਕਾਹਦੀ ਐ। ਇਹਨੂੰ ਅਮਰਤ ਛਕਾ ਲਾਂਗੇ, ਮੇਰਾ ਘਰ ਬਸ ਜਾਊ। ਇਹ ਬਚਾਰੀ ਵੀ........ਪਾਕਿਸਤਾਨ ਜਾ ਕੇ ਕੀ ਕਰੂ?" ਉਸ ਦੇ ਬੋਲਾਂ ਵਿਚ ਅਰਜ਼ ਦੀ ਆਜਿਜ਼ੀ ਸੀ।

ਉਸ ਤੀਮੀਂ ਨੂੰ ਵੀ ਕਿਸੇ ਅਣਜਾਤੇ ਸੰਦੇਹ ਦੇ ਟਾਕਰੇ ਵਿਚ ਜਿਵੇਂ ਇਨ੍ਹਾਂ ਗੱਲਾਂ ਵਿਚ ਕੁਝ ਬਚਾਓ ਦੀ ਸੂਰਤ ਦਿਸੀ ਹੋਵੇ ਉਹ ਬਾਕੀ ਦੇ ਜੱਥੇ ਨਾਲੋਂ ਕੁਝ ਨਿਖੜ ਕੇ ਖਲੋ ਗਈ। ਉਹ ਸਿੱਖ ਆਪਸ ਵਿਚ ਕੁਝ ਸਲਾਹਾਂ ਕਰਨ ਲੱਗ ਪਏ। ਉਸ ਚਾਰ ਸਾਲ ਦੇ ਬੱਚੇ ਨੂੰ ਇਕ ਪਾਸੇ ਭੋਇੰ ਤੇ ਪਈ ਕਿਸੇ ਚੀਜ਼ ਨੇ ਖਿੱਚਿਆ ਜੋ ਉਸ ਨੇ ਲਪਕ ਕੇ ਚੁੱਕ ਲਿਆਂਦੀ।

"ਮਾਂ ਨੀ, ਦੇਖ" ਉਹ ਮਾਂ ਪਾਸ ਆਕੇ ਖੁਸ਼ੀ ਨਾਲ ਚਹਿਕਿਆ ਇਹ ਕਿਸੇ ਕਿਤਾਬ ਵਿਚੋਂ ਫਟੀ ਹੋਈ ਕੋਈ ਮੂਰਤ ਸੀ। ਉਸ ਇਸਤਰੀ ਨੇ ਮਾੜਾ ਜਿਹਾ ਉਸ ਵੱਲ ਦੇਖ ਕੇ ਮੂੰਹ ਆਪਣੇ ਬੰਧਕਾਂ ਵੱਲ ਮੋੜ ਲਿਆ।

"ਚੰਗਾ ਇਹਨੂੰ ਪਿੱਛੇ ਰਹਿਣ ਦਿਓ, ਬਾਕੀ ਦੇ ਲੈ ਜਾਓ।" ਉਸ ਵਿਚਾਰਵਾਨ ਸਿੱਖ ਨੇ ਖਤਾਨ ਵਾਲੇ ਜੱਥੇ ਨੂੰ ਆਖਿਆ : ਉਹਨਾਂ ਨੇ ਦੋ ਚਹੁੰ ਨੂੰ ਧੱਕੇ ਹੁੱਜਾਂ ਦੇ ਕੇ ਬੰਦੀਵਾਨਾਂ ਦੇ ਇਸ ਆਖਰੀ ਜੱਥੇ ਨੂੰ ਅੱਗੇ ਲਾ ਲਿਆ। ਉਹ ਜਵਾਨ ਇਸਤਰੀ ਤੇ ਉਸ ਦੇ ਦੋ ਬੱਚੇ ਪਿੱਛੇ ਰਹਿਣ ਦਿੱਤੇ ਗਏ।

"ਕਿਉਂ ਬੀਬੀ, ਤੂੰ ਸਿੰਘਣੀ ਸਜਣੈ?" ਵਿਚਾਰਵਾਨ ਸਿੱਖ ਨੇ ਉਸ ਇਸਤਰੀ ਨੂੰ ਪੁੱਛਿਆ।

"ਮੈਂ ਸਿੰਘਣੀ ਸਜ ਕੇ ਕੀ ਕਰੂੰ? ਜਿੱਧਰ ਇਨ੍ਹਾਂ ਮਸੂਮਾਂ ਦਾ ਪਿਓ ਗਿਐ, ਓਧਰੇ ਸਾਨੂੰ ਭੇਜ ਦਿਓ" ਕਹਿ ਕੇ ਉਹ ਰੋ ਪਈ।

"ਤੈਨੂੰ ਅਸੀਂ ਇਹਦੇ ਘਰ ਬਿਠਾਵਾਂਗੇ, ਆਪਣੇ ਭਾਈਚਾਰੇ 'ਚ ਲੈ ਲਾਂਗੇ। ਇਹ ਜ਼ਮੀਨ, ਘਰ ਦਰ ਵਾਲਾ ਏ।"

"ਇਹਦੀ ਜ਼ਮੀਨ ਇਹਨੂੰ ਮੁਬਾਰਕ ਹੋਵੇ ਜੀ, ਅਸੀਂ ਗ਼ਰੀਬਾਂ ਨੇ ਜ਼ਮੀਨ ਕੀ ਕਰਨੀ ਐ?" ਉਹ ਹੰਝੂਆਂ ਵਿਚੋਂ ਬੋਲੀ। ਉਸ ਦਾ ਚਾਰ ਸਾਲ ਦਾ ਮੁੰਡਾ ਇਕ ਸਿੱਖ ਦੀ ਲਟਕ ਰਹੀ ਕਿਪਾਨ ਨੂੰ ਹੱਥ ਲਾਕੇ ਦੇਖ ਰਿਹਾ ਸੀ, ਕੁਝ ਚਿਰ ਲਈ ਸਾਰੇ ਚੁੱਪ ਹੋ ਗਏ।

"ਚੰਗਾ ਬਈ, ਇਹ ਤਾਂ ਹੁਣ ਮੰਨਦੀ ਨੀ।" ਵਿਚਾਰਵਾਨ ਸਿੱਖ ਨੇ ਵਹੁਟੀ ਦੇ ਚਾਹਵਾਨ ਨੂੰ ਆਖਿਆ।

"ਨਹੀਂ ਮੰਨਦੀ ਤਾਂ ਲੈ ਚੱਲੋ ਫੇਰ ਓਸ ਖਤਾਨ ਨੂੰ ਪੜ੍ਹਾ ਦਿਓ ਦੂਜਿਆਂ ਨਾਲ ਇਹਦਾ ਵੀ....." ਇਕ ਸਿੱਖ ਬੋਲਿਆ।

ਉਸ ਇਸਤਰੀ ਨੂੰ ਸ਼ਾਇਦ ਹੁਣ ਉਡੀਕ ਰਹੀ ਮੌਤ ਦਾ ਪੂਰਾ ਗਿਆਨ ਹੋ ਗਿਆ, ਉਹ ਭੁੱਬ ਮਾਰ ਕੇ ਰੋ ਪਈ। ਉਸ ਦਾ ਚਹੁੰ ਸਾਲਾਂ ਦਾ ਮੁੰਡਾ ਵੀ ਰੋਣ ਲੱਗ ਪਿਆ।

"ਨਹੀਂ ਮਰਨ ਨੂੰ ਜੀ ਕਰਦਾ ਤਾਂ ਮੰਨ ਜਾ ਸਿੰਘਣੀ ਸਜਣਾ।"

"ਮੈਨੂੰ ਤਾਂ ਬੇਸ਼ਕ ਮਾਰ ਦਿਓ, ਮੇਰੇ ਨਿਆਣਿਆਂ ਨੂੰ ਰੱਖ ਲਓ। ਇਹ ਵੱਡੇ ਹੋ ਕੇ ਥੋਡਾ ਕੰਮ ਕਰਨਗੇ' ਉਹ ਰੋਂਦੀ ਰੋਂਦੀ ਬੋਲੀ।

"ਤੇਰੇ ਨਾਲ ਈ ਤੇਰੇ ਨਿਆਣੇ ਜਾਣਗੇ, ਅਸੀਂ ਕੀ ਕਰਨੇ ਐ ਏਹ?" ਇਹ ਸੁਣ ਕੇ ਉਸ ਇਸਤਰੀ ਦੀਆਂ ਫੇਰ ਭੁੱਬਾਂ ਨਿਕਲ ਗਈਆਂ। ਉਸ ਦੇ ਨਿਆਣੇ ਵੀ ਉੱਚੀ-ਉੱਚੀ ਰੋਣ ਲੱਗ ਪਏ।

"ਦੇਖ, ਐਵੇਂ ਸਮਾਂ ਨਾ ਗੁਆ," ਵਹੁਟੀ ਦਾ ਚਾਹਵਾਨ ਬੋਲਿਆ। "ਜੇ ਓਧਰੋਂ ਕੋਈ ਆ ਗਿਆ, ਤਾਂ ਸਾਡੇ ਲਈ ਤੈਨੂੰ ਰੱਖਣਾ ਔਖਾ ਹੋ ਜਾਊ।"



"ਜੀ ਇਹਦੇ ਘਰ ਆਪਣੀ ਤੀਮੀ ਹੋਣੀ ਐ, ਸੁੱਖ ਨਾਲ।"

"ਤੀਮੀ ਤਾਂ ਇਹਦੇ ਪਿਉ ਦੇ ਘਰ ਬੀ ਨੀ ਸੀ," ਇਕ ਜਵਾਨ ਜਿਹੇ ਸਿੱਖ ਨੇ ਇਹ ਕੋਝਾ ਜਿਹਾ ਮਖੌਲ ਆਪਣੇ ਸਾਥੀ ਨੂੰ ਕੀਤਾ।

ਉਹ ਚੁੱਪ ਕਰ ਗਈ। ਉਸ ਦੇ ਨਿਆਣੇ ਵੀ ਚੁੱਪ ਕਰ ਗਏ।

"ਦੇਖ ਇਹਦੇ ਰੰਨ ਕੰਨ ਕੋਈ ਨੀ। ਵੀਹ ਘੁਮਾਂ ਜ਼ਮੀਨ ਐਂ। ਬਿਆਹ ਹੋਇਆ ਸੀ, ਉਹ ਦੋ ਕੁ ਸਾਲ ਬਸ ਕੇ ਮਰ ਗਈ, ਜੁਆਕ ਕੋਈ ਹੋਇਆ ਨੀ ਸੀ।" ਵਿਚਾਰਵਾਨ ਸਿੱਖ ਨੇ ਤੋਲ ਤੋਲ ਕੇ ਗੱਲ ਕੀਤੀ।

"ਬਿਆਹਾਂ ਦਾ ਤਾਂ ਇਹਨੂੰ ਘਾਟਾ ਨੀ। ਪਤਾ ਨੀ ਤੇਰੇ ਤੇ ਦਿਲ ਕਿਉਂ ਆ ਗਿਐ?" ਇਕ ਹੋਰ ਅੱਧੇ ਕੁ ਮਖੌਲ ਨਾਲ ਬੋਲਿਆ।

"ਨਾਲੇ ਇਹ ਆਪ ਕੋਈ ਐਵੇਂ ਗੁਆ ਦੇਣ ਵਾਲਾ ਬੰਦਾ ਏ?" ਇਕ ਤੀਜੇ ਨੇ ਗੱਲ ਮੇਲੀ।

"ਕਰ ਦੇ, ਭਾਗਾਂ ਵਾਲੀਏ, ਹਾਂ," ਵਿਚਾਰਵਾਨ ਸਿੱਖ ਨੇ ਬੜੇ ਪ੍ਰੇਰਕ ਭਾਵ ਨਾਲ ਕਿਹਾ। ਉਹ ਫਿਰ ਫੁੱਟ ਕੇ ਰੋਣ ਲੱਗ ਪਈ।

"ਕਿਉਂ? ਨਹੀਂ ਸਲਾਹ ਬਣਦੀ?" ਚਾਹਵਾਨ ਕੋਲ ਹੋ ਕੇ ਆਖਣ ਲੱਗਾ। ਉਹ ਸੱਚੀਂ ਹੀ ਹੁਣ ਉਸ ਇਸਤਰੀ ਦੇ ਮੋਹ ਵਿਚ ਪਕੜਿਆ ਗਿਆ ਜਾਪਦਾ ਸੀ। "ਭਲੀਏ ਮਾਣਸੇ, ਮੈਂ ਭਾਈਚਾਰੇ 'ਚ ਇੱਜ਼ਤ ਆਬਰੋ ਵਾਲਾ ਆਦਮੀ ਆਂ ਕੋਈ ਲੁੱਚਾ ਲੰਡਾ ਨੀ", ਉਸ ਨੇ ਆਪਣੀ ਵਕਾਲਤ ਕੀਤੀ।

"ਜੇ ਲੁੱਚੇ ਲੰਡੇ ਹੋਈਏ ਤਾਂ ਤੇਰੀ ਸਲਾਹ ਪੁੱਛੀਏ? ਏਥੇ ਕੌਣ ਐ ਸਾਨੂੰ ਰੋਕਣ ਵਾਲਾ? ਜੋ ਜੀ ਆਵੇ ਤੇਰੇ ਨਾਲ ਕਰੀਏ ਭਵਾਂ," ਇਕ ਜਣੇ ਨੇ ਕੋਲੋਂ ਆਖਿਆ।

ਇਹ ਗੱਲ ਸੁਣ ਕੇ ਉਹ ਇਸਤਰੀ ਜਿਵੇਂ ਕੰਬ ਗਈ। ਸ਼ਾਇਦ ਉਸ ਦੀਆਂ ਅੱਖਾਂ ਅੱਗੇ ਉਹ ਭਿਆਨਕ ਤਸਵੀਰ ਆ ਗਈ ਜੋ ਪਹਿਲਾਂ ਉਸ ਦੇ ਮਨ ਦੀ ਕਿਸੇ ਤਹਿ ਵਿਚ ਸੀ ਤੇ ਉਪਰਲੇ ਇਸ਼ਾਰੇ ਨੇ ਉਸ ਤਹਿ ਵਿਚੋਂ ਕੱਢ ਲਿਆਂਦੀ ਸੀ।

"ਮੇਰੇ ਨਿਆਣਿਆਂ ਦਾ ਕੀ ਬਣੂ?"

"ਇਨ੍ਹਾਂ ਨੂੰ ਮੈਂ ਆਪਣੇ ਨਿਆਣੇ ਸਮਝੂੰ। ਲਿਆ ਫੜਾ ਮੁੰਡਾ ਮੈਨੂੰ ਵਾਹਿਗੁਰੂ ਦਾ ਨਾਂ ਲੈ ਕੇ।" ਉਸ ਨੇ ਉਸ ਦਾ ਕੁੱਛੜ ਵਾਲਾ ਬਾਲ ਉਸ ਪਾਸੋਂ ਅੱਧਾ ਕੁ ਜ਼ੋਰ ਕਰ ਕੇ ਲੈ ਲਿਆ।

"ਅੱਛਾ, ਤੂੰ ਹੁਣ ਇਹਨੂੰ ਲੈ ਕੇ ਪਿੰਡ ਨੂੰ ਵਗਦਾ ਹੋ," ਵਿਚਾਰਨਵਾਨ ਸਿੱਖ ਨੇ ਕਿਹਾ। "ਹੋਰ ਲੋਕ ਆ ਗਏ ਤਾਂ ਖਬਰਾ ਕੀ ਕਹਿਣ?"

"ਆ, ਭਾਗਵਾਨੇ, ਮੇਰੇ ਨਾਲ।"

"ਇਨ੍ਹਾਂ ਮਸੂਮਾਂ ਦੀ ਖਾਤਰ ਮਨਜ਼ੂਰ ਐ ਜੋ ਕੁਸ਼ ਕਹਿਨੇ ਓਂ" ਉਹ ਬੋਲੀ ਤੇ ਆਪਣੇ ਚਾਰ ਸਾਲ ਦੇ ਮੁੰਡੇ ਨੂੰ ਉਂਗਲ ਲਾ ਕੇ ਉਸ ਆਦਮੀ ਵੱਲ ਨੂੰ ਹੋ ਗਈ।

"ਤੂੰ ਵੀ ਮੇਰੇ ਨਾਲ ਆ ਬਈ" ਚਾਹਵਾਨ ਨੇ ਨਾਲ ਦੇ ਇਕ ਅਧਖੜ ਉਮਰ ਦੇ ਆਦਮੀ ਨੂੰ ਕਿਹਾ। "ਤੇਰੇ ਨਾਲ ਹੁੰਦੇ ਕੋਈ ਰਾਹ 'ਚ ਸ਼ੱਕ ਨਹੀਂ ਕਰੂ।"

"ਚੰਗਾ ਹੁਣ ਭਲਕੇ ਸਾਝਰੇ ਆ ਕੇ ਥੋਡਾ ਆਨੰਦ ਪੜ੍ਹਾਵਾਂਗੇ ਓਦੂੰ ਪਹਿਲਾਂ ਨਾ ਇਹਨੂੰ ਕੁਸ਼ ਆਖੀਂ।" ਵਿਚਾਰਵਾਨ ਸਿੱਖ ਨੇ ਓਹਨਾਂ ਤੁਰਿਆਂ ਜਾਂਦਿਆਂ ਨੂੰ ਸੁਣਾ ਆਖਿਆ।

# ਖੱਬਲ

**ਕੁਲਵੰਤ ਸਿੰਘ ਵਿਰਕ**

(ਇਹ ਕਹਾਣੀ ਪਾਕਿਸਤਾਨ ਦੀ ਹੈ।)

ਪਾਕਿਸਤਾਨ ਬਣੇ ਨੂੰ ਅਜੇ ਤਿੰਨ ਚਾਰ ਮਹੀਨੇ ਹੀ ਹੋਏ ਸਨ। ਇਥੇ ਹਰ ਸ਼ੈ ਉਖੜੀ ਉਖੜੀ ਲੱਗਦੀ ਸੀ। ਥਾਣਿਆਂ, ਚੌਕੀਆਂ ਵਿਚ ਸਾਮਾਨ ਦੇ ਢੇਰ ਲੱਗੇ ਹੋਏ ਸਨ। ਟਰੰਕ, ਪਲੰਘ, ਮੇਜ਼, ਸੋਫਾ ਸੈੱਟ, ਤਸਵੀਰਾਂ ਸਭ ਆਪੋ ਆਪਣੀਆਂ ਥਾਵਾਂ ਤੋਂ ਉਖੜ ਕੇ ਥਾਣੇ ਆ ਗਈਆਂ ਸਨ। ਭਲਾ ਪੰਘੂੜਿਆਂ ਤੇ ਤਸਵੀਰਾਂ ਦਾ ਥਾਣਿਆਂ ਵਿਚ ਕੀ ਕੰਮ? ਕਦੀ ਇਹਨਾਂ ਦੀ ਘਰਾਂ ਵਿਚ ਕੋਈ ਖਾਸ ਥਾਂ ਹੋਣੀ ਏ। ਉਸ ਵੇਲੇ ਘਰ ਵਾਲਿਆਂ ਦਾ ਖ਼ਿਆਲ ਹੋਣਾ ਏ ਕਿ ਜੇ ਇਹ ਉਸ ਥਾਂ ਤੋਂ ਬਿਨਾਂ ਕਿਸੇ ਹੋਰ ਥਾਂ ਰੱਖੇ ਜਾਣ ਤਾਂ ਬੜੇ ਕੋਝੇ ਲੱਗਣ। ਪਰ ਇਸ ਵੇਲੇ ਇਹ ਇਥੇ ਇਕ ਢੇਰ ਵਿਚ ਪਏ ਹੋਏ ਸਨ। ਘਰਾਂ ਦੇ ਭਾਂਡੇ, ਅਲਮਾਰੀਆਂ, ਪੜਛੱਤੀਆਂ ਤੇ ਚੌਂਕਿਆਂ ਵਿਚੋਂ ਨਿਕਲ ਕੇ ਸਰਕਾਰੀ ਦਫਤਰਾਂ ਦੇ ਸਾਹਮਣੇ ਢੇਰ ਹੋਏ ਪਏ ਸਨ। ਇਹਨਾਂ ਨੂੰ ਹੁਣ ਕਦੀ ਕਿਸੇ ਮਾਂਜਿਆ ਨਹੀਂ, ਲਿਸ਼ਕਾਇਆ ਨਹੀਂ ਸੀ, ਗਿਣਿਆ ਨਹੀਂ ਸੀ। ਕਿਸੇ ਇਸਤਰੀ ਮਨੁੱਖ ਦਾ ਹੱਥ ਲੱਗਿਆਂ ਵੀ ਕਈ ਮਹੀਨੇ ਹੋ ਗਏ ਸਨ।

ਪਾਕਿਸਤਾਨ ਵਿਚ ਹਰ ਸ਼ੈ ਉਖੜੀ ਉਖੜੀ ਸੀ। ਕਈਆਂ ਘਰਾਂ ਵਿੱਚ ਆਪਣੀਆਂ ਖੁਰਲੀਆਂ ਤੋਂ ਉਖੜੇ ਹੋਏ ਡੰਗਰ ਵੀ ਸਨ। ਤਰੁੱਠੀਆਂ ਹੋਈਆਂ ਅੱਖਾਂ ਨਾਲ ਉਹ ਦਵਾਲਿਉਂ ਵੇਖਦੇ ਤੇ ਓਪਰੀਆਂ ਥਾਵਾਂ ਤੇ ਡਰ ਡਰ ਕੇ ਪੈਰ ਧਰਦੇ। ਇਸ ਉਥਲ ਪੁਥਲ ਵਿਚ ਕੇਵਲ ਧਰਤੀ ਹੀ ਆਪਣੇ ਥਾਂ ਪੱਕੀ ਸੀ ਤੇ ਇਸ ਧਰਤੀ ਤੇ ਅਨੇਕਾਂ ਉਖੜੇ ਹੋਏ ਸ਼ਰਨਾਰਥੀ ਰਿੜ੍ਹਦੇ ਫਿਰਦੇ। ਵਾਹਗੇ ਦੇ ਵੱਡੇ ਕੈਂਪਾਂ ਤੋਂ ਇਹਨਾਂ ਨੂੰ ਅਗ੍ਹਾਂ ਠੇਲ੍ਹ ਦਿੱਤਾ ਜਾਂਦਾ ਤੇ ਫਿਰ ਇਹ ਸ਼ਰਨਾਰਥੀ ਜ਼ਿਲਿਉ ਜ਼ਿਲ੍ਹੇ ਤੇ ਪਿੰਡੋ ਪਿੰਡ ਪੈਦਲ ਜਾਂ ਗੱਡਿਆਂ ਵਿਚ ਜ਼ਮੀਨ ਦੀ ਭਾਲ ਵਿਚ ਭੌਣ ਲੱਗ ਪੈਂਦੇ।

ਸ਼ਰਨਾਰਥੀ ਤੇ ਸ਼ਰਨਾਰਥੀ, ਪੁਰਾਣੇ ਲੋਕ ਵੀ ਉਖੜ ਗਏ ਸਨ। ਬਰਾਦਰੀ ਵਾਲਿਆਂ ਦੀਆਂ ਬਰਾਦਰੀਆਂ ਟੁਰ ਗਈਆਂ ਸਨ ਤੇ ਯਾਰਾਂ ਦੇ ਯਾਰ। ਮਜ਼ਦੂਰਾਂ ਦੇ ਮਿੱਲ ਮਾਲਿਕ ਚਲੇ ਗਏ ਸਨ ਤੇ ਮਿੱਲ ਵਾਲਿਆਂ ਦੇ ਮਜ਼ਦੂਰ ਤੇ ਇਹਨਾਂ ਸਾਰਿਆਂ ਦੀ ਥਾਂ ਨਵੇਂ ਲੋਕ ਆ ਗਏ ਸਨ। ਇਹ ਨਵੇਂ ਲੋਕ ਕਿਸ ਤਰ੍ਹਾਂ ਦੇ ਸਨ, ਗੰਦੇ ਜਹੇ, ਬੌਂਤਰੇ ਹੋਏ! ਪੁਰਾਣੇ ਲੋਕਾਂ ਵਿਚ ਘੁਲ ਮਿਲ ਨਹੀਂ ਸਕਦੇ ਸਨ। ਸਲਾਮਾ ਲੈਕਮ ਆਖ ਕੇ ਕੋਲ ਬੈਠ ਕੇ ਗੱਲਬਾਤ ਨਹੀਂ ਕਰਦੇ ਸਨ ਸਗੋਂ ਬੂਹੇ ਵਿਚ ਖਲੋ ਕੇ ਝਾਕਦੇ ਰਹਿੰਦੇ। ਜੇ ਕਵਾਓ ਵੀ ਤਾਂ ਵੀ ਨਾ ਕੂੰਦੇ। ਇਹਨਾਂ ਲੋਕਾਂ ਨੇ ਤੇ ਪਿੰਡਾਂ ਦੀਆਂ ਜੜ੍ਹਾਂ ਹਲਾ ਦਿੱਤੀਆਂ ਸਨ। ਪੁਰਾਣੇ ਵਸਨੀਕਾਂ ਨੂੰ ਵੀ ਆਪਣੇ ਪਿੰਡ ਓਪਰੇ ਓਪਰੇ ਲੱਗਣ ਲੱਗ ਪਏ ਸਨ। ਕਿਉਂਕਿ ਉਹ ਉਸ ਤਰ੍ਹਾਂ ਦੇ ਪਿੰਡ ਨਹੀਂ ਰਹੇ ਸਨ, ਜਿਨ੍ਹਾਂ ਵਿਚ ਉਹ ਜੰਮੇ ਪਲੇ ਸਨ। ਉਹਨਾਂ ਦੀਆਂ ਹਵੇਲੀਆਂ ਕੋਲੋਂ ਲੰਘਦੇ ਨਹਿਰਾਂ ਰਜਵਾਹ ਵੀ



ਬਗਾਨੇ ਹੋ ਗਏ ਸਨ। ਉਹ ਉਥੋਂ ਹੁਣ ਵੁਜ਼ੂ ਨਹੀਂ ਕਰ ਸਕਦੇ ਸਨ। ਕਈ ਦਿਨ ਇਹਨਾਂ ਨਹਿਰਾਂ ਦਾ ਪਾਣੀ ਲਾਲ ਆਉਂਦਾ ਰਿਹਾ ਸੀ ਤੇ ਕਈ ਸਾਬਤ ਮੁਰਦੇ ਤੇ ਕਈਆਂ ਦੀਆਂ ਲੱਤਾਂ ਬਾਹੀਂ ਰੁੜ੍ਹਦੀਆਂ ਆਉਂਦੀਆਂ ਰਹੀਆਂ ਸਨ। ਇਸ ਪਾਣੀ ਨਾਲ ਹੁਣ ਵੁਜ਼ੂ ਕਿਸ ਤਰ੍ਹਾਂ ਕੀਤਾ ਜਾ ਸਕਦਾ ਸੀ। ਉਹ ਤੇ ਆਪਣੇ ਅੰਞਾਣਿਆਂ ਨੂੰ ਵੀ ਇਹਨਾਂ ਵਿਚ ਨਹਾਉਣ ਤੋਂ ਹਟਕੇ ਦੇਂਦੇ। ਅਸਲ ਵਿਚ ਹਰ ਸ਼ੈ ਉਲਟ ਪੁਲਟ ਹੋਈ ਹੋਈ ਸੀ ਤੇ ਆਪਣੀ ਪੁਰਾਣੀ ਹਾਲਤ ਵੱਲ ਆਉਣ ਦਾ ਚਾਰਾ ਕਰ ਰਹੀ ਸੀ। ਹਰ ਸ਼ੈ ਆਪਣੀ ਆਪਣੀ ਥਾਂ ਨੂੰ ਅੜਾਨ ਦੀ, ਪੈਰ ਜਮਾਣ ਦੀ ਕੋਸ਼ਿਸ਼ ਕਰ ਰਹੀ ਸੀ। ਹਰ ਸ਼ੈ ਪੁਨਰ ਸਥਾਪਨ ਮੰਗਦੀ ਸੀ।

"ਮੁਲਖ ਤੇ ਤਬਾਹ ਹੋ ਗਿਆ ਏ," ਇਕ ਗੱਭਰੂ ਜੱਟ ਨੇ ਆਪਣੇ ਆਲੇ-ਦੁਆਲੇ ਦੀ ਉਜਾੜ ਵੇਖ ਕੇ ਆਪਣੇ ਬੁੱਢੇ ਪਿਓ ਨੂੰ ਕਿਹਾ।

"ਹੋ ਤੇ ਹੱਕੀ ਗਿਆ ਏ, ਪਰ ਆਹ ਵੇਖਾਂ ਦੁਨੀਆਂ ਕਿਧਰੇ ਥਾਓਂ ਥਾਈਂ ਬਹਿ ਜਾਂਦੀ ਏ ਤੇ ਸਭ ਖ਼ੈਰ ਮਿਹਰ ਹੋ ਜਾਏਗੀ।"

"ਇਹ ਤੇ ਐਵੇਂ ਗੱਲਾਂ ਨੇ, ਬਹਿ ਇਹਨਾਂ ਵਿਚਾਰਿਆਂ ਕਿਥੇ ਜਾਣਾ ਏ, ਇਹ ਤੇ ਗਰਾਹੀ ਨਹੀਂ ਫੜ ਕੇ ਆਪਣੇ ਮੂੰਹ ਵਿਚ ਪਾਣ ਜੋਗੇ।"

"ਨਹੀਂ ਉਇ ਕਮਲਿਆ! ਐਵੇਂ ਜਾਪਦਾ ਈ ਏ। ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ। ਜਦੋਂ ਵਾਹੀਦੀ ਏ ਕੋਈ ਫਰਕ ਤੇ ਨਹੀਂ ਨਾ ਕਰੀਦਾ ਉਹਦੇ ਨਾਲ? ਸਾਰਾ ਜੜ੍ਹੋਂ ਪੁੱਟ ਪੁੱਟ ਕੇ ਪੈਲੀਓਂ ਬਾਹਰ ਸੁੱਟੀਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਏ ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਪੈਲੀ ਕਦੀ ਕਿਸੇ ਵਾਹੀ ਹੀ ਨਹੀਂ ਹੁੰਦੀ।"

ਅਸਲ ਵਿਚ ਕਿਧਰੇ ਕਿਧਰੇ ਇਸ ਬੁੱਢੇ ਦੀ ਗੱਲ ਵਿਚ ਸੱਚਾਈ ਦਿੱਸ ਰਹੀ ਸੀ। ਜਿਨ੍ਹਾਂ ਲੋਕਾਂ ਨੂੰ ਜ਼ਮੀਨ ਮਿਲ ਜਾਂਦੀ ਉਹ ਕੁਝ ਟਿਕ ਜਹੇ ਜਾਂਦੇ। ਕੱਚੀਆਂ ਅਲਾਟ ਹੋਈਆਂ ਪੈਲੀਆਂ ਉਹਨਾਂ ਦੀ ਰੂਹ ਨੂੰ ਧਰਵਾਸ ਦਿੰਦੀਆਂ। ਆਪਣੇ ਨਵਿਆਂ ਵਾੜਿਆਂ ਦੇ ਨੇੜੇ ਉਹ ਨਿੱਕੇ ਨਿੱਕੇ ਟੋਏ ਪੁੱਟ ਕੇ ਉਹਨਾਂ ਵਿਚ ਗੋਹਿਆਂ ਦੀ ਅੱਗ ਧੁਖਾਈ ਰੱਖਦੇ ਤੇ ਜਦੋਂ ਜੀ ਕਰਦਾ ਹੁੱਕੇ ਤੇ ਰੱਖ ਕੇ ਇਕੱਠੇ ਬੈਠ ਕੇ ਪੀਂਦੇ। ਸਹਿਜੇ-ਸਹਿਜੇ ਉਹਨਾਂ ਦੀਆਂ ਮੱਝੀਂ ਦਾ ਵੀ ਤ੍ਰੌਹ ਲਹਿ ਜਾਂਦਾ। ਵਾੜਿਆਂ ਦੇ ਅੰਦਰ ਉਹ ਵਣਾਂ ਦੀਆਂ ਟਾਹਣੀਆਂ ਨਾਲ ਆਪਣੇ ਸਿੰਙਾਂ ਪਿਛਲੇ ਥਾਂ ਨੂੰ ਖੁਰਕ ਕਰਦੀਆਂ ਤੇ ਕਦੀ ਮੌਜ ਵਿਚ ਆਈਆਂ ਆਪਣੇ ਪਿੰਡੇ ਨੂੰ ਵਾੜੇ ਦੀਆਂ ਕੰਧਾਂ ਨਾਲ ਘਸਰਦੀਆਂ। ਜਦੋਂ ਤਸੀਲਦਾਰ ਜਾਂ ਕੋਈ ਹੋਰ ਅਫਸਰ ਇਹਨਾਂ ਲੋਕਾਂ ਦੇ ਨਵੇਂ ਪਿੰਡ ਵਿਚ ਆਉਂਦਾ ਤਾਂ ਉਹਨਾਂ ਵਿਚੋਂ ਕਈ ਆਪਣੇ ਆਪ ਨੂੰ ਪੈਂਚ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ। ਪਿੰਡ ਦੇ ਸਾਂਝੇ ਦੁੱਖ ਤਕਲੀਫ਼ਾਂ ਉਹ ਤਸੀਲਦਾਰ ਨੂੰ ਸੁਣਾਉਂਦੇ ਤੇ ਇਸ ਤਰ੍ਹਾਂ ਸਾਰੇ ਲੋਕਾਂ ਦੀ ਪ੍ਰਤੀਨਿਧਤਾ ਕਰਕੇ ਪਿੰਡ ਵਿਚ ਆਪਣੀ ਲੀਡਰੀ ਦਾ ਮੁੱਖ ਬੰਨ੍ਹਦੇ। ਸਾਧਾਰਨ ਜਹੀਆਂ ਗੱਲਾਂ ਨਾਲ ਜਿਵੇਂ ਲੋਕਾਂ ਨੂੰ ਪਿਛਾਂਹ ਬਿਠਾ ਕੇ, 'ਸਿਰਫ ਇਕ ਆਦਮੀ ਬੋਲੇ' ਕਹਿ ਕੇ ਅਫਸਰ ਨੂੰ ਹੁੱਕਾ ਪਾਣੀ ਪੁੱਛ ਕੇ ਉਹ ਉਸ ਦਾ ਧਿਆਨ ਆਪਣੇ ਵੱਲ ਖਿੱਚਦੇ। ਇਹ ਗੱਲਾਂ ਦੱਸਦੀਆਂ ਸਨ ਕਿ ਇਸ ਧੱਕੇ ਨੇ ਵੀ ਉਹਨਾਂ ਨੂੰ ਅਸਲੋਂ ਠੰਡਾ ਨਹੀਂ ਕੀਤਾ ਸੀ।

ਇਹੋ ਜਿਹੇ ਉੱਜੜ ਰਹੇ, ਵਸ ਰਹੇ, ਪਾਕਿਸਤਾਨ ਵਿਚ ਮੈਂ ਭਾਰਤ ਸਰਕਾਰ ਵੱਲੋਂ ਲੇਜ਼ਾਨ ਅਫ਼ਸਰ ਮੁਕੱਰਰ ਹੋਇਆ।

ਮੇਰਾ ਕੰਮ ਧੱਕੋ ਧੱਕੀ ਉਧਾਲੀਆਂ ਇਸਤਰੀਆਂ ਤੇ ਬਦੋ ਬਦੀ ਮੁਸਲਮਾਨ ਬਣਾਏ

ਟੱਬਰਾਂ ਨੂੰ ਛੁਡਾ ਕੇ ਵਾਪਸ ਹਿੰਦੁਸਤਾਨ ਅਪੜਾਣਾ ਸੀ। ਹਿੰਦੁਸਤਾਨੀ ਫ਼ੌਜ ਦਾ ਇਕ ਦਸਤਾ ਤੇ ਪਾਕਿਸਤਾਨੀ ਸਪੈਸ਼ਲ ਪੁਲੀਸ ਦੇ ਕੁਝ ਸਿਪਾਹੀ ਮੇਰੀ ਸਹਾਇਤਾ ਲਈ ਸਨ।

ਹੋਰ ਗੁੰਮ ਹੋਈਆਂ ਚੀਜ਼ਾਂ ਦੇ ਭਾਲਨ ਵਾਂਗੂੰ ਕੁੜੀਆਂ ਭਾਲਨ ਦਾ ਕੰਮ ਔਖਾ ਵੀ ਸੀ ਤੇ ਸੌਖਾ ਵੀ। ਕਦੀ ਕਦੀ ਤੇ ਕੋਈ ਕੁੜੀ ਥੋੜ੍ਹੀ ਜਿਹੀ ਮਿਹਨਤ ਨਾਲ ਹੀ ਮਿਲ ਜਾਂਦੀ ਸੀ ਤੇ ਕਈ ਵਾਰੀ ਕੋਈ ਕੁੜੀ ਬਹੁਤ ਭਾਲਣ ਤੇ ਵੀ ਹੱਥ ਨਾ ਆਉਂਦੀ। ਪਾਕਿਸਤਾਨ ਪੁਲੀਸ ਵਾਲੇ ਭਾਵੇਂ ਉਹਨਾਂ ਨੂੰ ਮੁੜਾਣ ਵਿਚ-ਉਹ ਇਸ ਨੂੰ ਬਰਾਮਦ ਕਰਨਾ ਆਖਦੇ ਸਨ-ਥੋੜ੍ਹੀ ਬਹੁਤ ਸਹਾਇਤਾ ਕਰ ਦਿੰਦੇ, ਪਰ ਆਪ ਪਤਾ ਘੱਟ ਵੱਧ ਹੀ ਦਿੰਦੇ। ਫਿਰ ਵੀ ਜਦ ਕਦੀ ਉਹ ਦਿਲੋਂ ਹੋ ਕੇ ਨਾਲ ਟੁਰ ਪੈਂਦੇ ਤਾਂ ਕੰਮ ਅਸਲੋਂ ਸੌਖਾ ਹੋ ਜਾਂਦਾ।

ਜਿਸ ਵੇਰ ਦੀ ਇਹ ਗੱਲ ਹੈ ਉਹ ਵੇਰ ਇਲਾਕੇ ਦਾ ਥਾਣੇਦਾਰ ਨਾ ਕੇਵਲ ਮੇਰੇ ਨਾਲ ਹੀ ਤੁਰਿਆ ਸਗੋਂ ਉਧਾਲੀ ਹੋਈ ਔਰਤ ਦਾ ਪਤਾ ਵੀ ਮੈਨੂੰ ਉਸੇ ਨੇ ਹੀ ਦੱਸਿਆ। ਉਸ ਇਸ ਵੀ ਦੱਸਿਆ ਕਿ ਔਰਤ ਉਸੇ ਥਾਣੇ ਦੇ ਇਕ ਪਿੰਡ ਦੇ ਨੰਬਰਦਾਰ ਦੀ ਨੂੰਹ ਸੀ। ਜਿਸ ਪਿੰਡ ਅਸਾਂ ਜਾਣਾ ਸੀ ਉਹ ਪਿੰਡ ਪੱਕੀ ਸੜਕ ਤੋਂ ਬੜੀ ਦੂਰ ਸੀ। ਢੇਰ ਚਿਰ ਅਸੀਂ ਕੱਚੀਆਂ ਸੜਕਾਂ ਤੇ ਪੈਹਾਂ ਉਤੇ ਖੱਜਲ ਹੁੰਦੇ ਰਹੇ।

ਜਦ ਅਸੀਂ ਪਿੰਡ ਅੱਪੜੇ ਤਾਂ ਪਿੰਡ ਦੇ ਚੌਧਰੀ ਥਾਣੇਦਾਰ ਦੇ ਸਵਾਗਤ ਲਈ ਇਕੱਠੇ ਹੋ ਗਏ। ਪਾਕਿਤਸਾਨ ਵਿਚ ਉਸ ਵੇਲੇ ਸਰਕਾਰ ਦਾ ਬੜਾ ਰੁਹਬ ਸੀ। ਥਾਣੇਦਾਰ ਨੇ ਉਸ ਔਰਤ ਦਾ ਪਤਾ ਪੁੱਛਿਆ ਤਾਂ ਉਹਨਾਂ ਚੌਧਰੀਆਂ ਨੇ ਝੱਟ ਉਸ ਨੂੰ ਇਕ ਕੋਠਾ ਵਖਾ ਦਿੱਤਾ। ਇਹ ਛੋਟਾ ਜਿਹਾ ਕੋਠਾ ਇਕ ਵੱਡੇ ਸਾਰੇ ਵਲਗਨ ਦੇ ਸਿਰੇ ਉਤੇ ਛੱਤਿਆ ਹੋਇਆ ਸੀ। ਥਾਣੇਦਾਰ ਤੇ ਹੋਰ ਲੋਕ ਬਾਹਰ ਹੀ ਰਹੇ ਤੇ ਮੈਂ ਇਕੱਲਾ ਅੰਦਰ ਚਲਾ ਗਿਆ। ਇਹ ਕੋਈ ਤਿੰਨ ਕੁ ਮੰਜੀਆਂ ਦਾ ਕੱਚਾ ਕੋਠਾ ਸੀ। ਇਕ ਪਾਸੇ ਲੱਕੜ ਦੀ ਇਕ ਪੜਛੱਤੀ ਤੇ ਥੋੜ੍ਹੇ ਜਿਹੇ ਗਲਾਸ ਕੌਲੀਆਂ ਥਾਲੀਆਂ ਪਈਆਂ ਸਨ। ਕਮਰੇ ਦੀ ਇਕ ਗੁੱਠੇ ਕੁਝ ਬਿਸਤਰੇ ਤੇ ਥੋੜ੍ਹਾ ਬਹੁਤ ਹੋਰ ਸਾਮਾਨ ਵੀ ਸੀ।

ਉਹ ਤੀਵੀਂ ਮੰਜੀ ਤੇ ਪਈ ਹੋਈ ਸੀ। ਕਈਆਂ ਦਿਨਾਂ ਤੋਂ ਉਸ ਨੂੰ ਬੁਖ਼ਾਰ ਹੋ ਰਿਹਾ ਸੀ। ਉਸ ਦੇ ਇਕ ਹੱਥ ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਸ਼ਾਇਦ ਕੋਈ ਉਠਾ ਉਠਿਆ ਹੋਇਆ ਸੀ। ਉਸ ਵੇਲੇ ਉਹ ਡਾਢੀ ਨਿਢਾਲ ਜਾਪਦੀ ਸੀ ਤੇ ਅਸਲੋਂ ਹੌਲੀ ਹੌਲੀ ਬੋਲਦੀ ਸੀ। ਮੈਂ ਉਸ ਦੇ ਕੋਲ ਮੰਜੀ ਤੇ ਬੈਠ ਗਿਆ।

"ਕੀ ਗੱਲ ਏ?" ਮੈਂ ਉਸ ਦਾ ਹਾਲ ਚਾਲ ਪੁੱਛਣ ਲਈ ਸਿੱਧਾ ਜਿਹਾ ਸਵਾਲ ਕੀਤਾ।

"ਤਾਪ ਚੜ੍ਹਦਾ ਏ, ਚੌਥੇ ਪੰਜਵੇਂ ਦਿਨ ਦਾ।"

"ਏਥੇ ਤੇਰੇ ਕੋਲ ਕੋਈ ਜਨਾਨੀ ਨਹੀਂ?"

"ਨਹੀਂ ਨੇੜੇ ਤੇ ਕੋਈ ਨਹੀਂ।"

ਪਹਿਲੇ ਜੋ ਖੋਹੀਆਂ ਹੋਈਆਂ ਕੁੜੀਆਂ ਤੀਵੀਆਂ ਮੈਂ ਵੇਖੀਆਂ ਸਨ, ਉਹਨਾਂ ਨਾਲੋਂ ਇਸ ਦਾ ਚੌਗਿਰਦਾ ਬਿਲਕੁਲ ਵੱਖਰਾ ਸੀ। ਉਹਨਾਂ ਦੇ ਦੁਆਲੇ ਬੰਦੇ ਜਨਾਨੀਆਂ ਹੁੰਦੇ ਸਨ। ਉਹ ਕਿਸੇ ਦੀ ਨਜ਼ਰ ਹੇਠ, ਕਿਸੇ ਦੀ ਰਾਖੀ ਹੇਠ ਰਹਿੰਦੀਆਂ ਸਨ ਤੇ ਇਸ ਤਰ੍ਹਾਂ ਹੀ ਮੈਨੂੰ ਵਿਖਾਈਆਂ ਜਾਂਦੀਆਂ। ਮੈਨੂੰ ਇਸ ਤਰ੍ਹਾਂ ਪ੍ਰਤੀਤ ਹੋਇਆ ਜਿਵੇਂ ਇਸ ਕੋਠੇ ਵਿਚ ਉਹ



ਇਕੱਲੀ ਹੀ ਰਹਿੰਦੀ ਸੀ, ਜਿਵੇਂ ਲੋਕਾਂ ਨੇ ਉਸ ਨੂੰ ਆਪਣੇ ਹਾਲ ਤੇ ਹੀ ਛੱਡ ਦਿੱਤਾ ਹੋਇਆ ਸੀ। ਸਗੋਂ ਇਸ ਤੋਂ ਵੀ ਵੱਧ, ਜਿਵੇਂ ਲੋਕਾਂ ਨੇ ਉਸ ਦੀ ਸਹਾਇਤਾ ਕੀਤੀ ਸੀ। ਉਸ ਦੇ ਪਿੰਡ ਤੇ ਘਰ ਵਾਲੇ ਕਿਸ ਤਰ੍ਹਾਂ ਖਤਮ ਹੋਏ ਇਹ ਮੈਂ ਪਹਿਲਾਂ ਹੀ ਸੁਣ ਬੈਠਾ ਸਾਂ। ਫਿਰ ਦੂਸਰੀ ਵੇਰ ਉਸ ਦੇ ਮੂੰਹੋਂ ਸੁਣਨ ਦਾ ਕੋਈ ਫਾਇਦਾ ਨਹੀਂ ਸੀ। ਮੈਨੂੰ ਵਧੇਰੇ ਦਿਲਚਸਪੀ ਉਸ ਦੀ ਮੌਜੂਦਾ ਹਾਲਤ ਵਿਚ ਸੀ।

"ਇਥੇ ਰਹਿੰਦਿਆਂ ਤੈਨੂੰ ਕਿੰਨਾ ਚਿਰ ਹੋ ਗਿਆ ਏ?"

"ਜਿਸ ਦਿਨ ਦਾ ਪਿੰਡ ਉਜੜਿਆ ਏ ਉਸ ਦਿਨ ਤੋਂ ਇੱਥੇ ਈ ਆਂ।"

"ਇਹ ਭਾਂਡੇ ਤੇ ਕੱਪੜੇ ਤੈਨੂੰ ਕਿਸ ਦਿੱਤੇ ਨੇ?"

"ਤੁਸੀਂ ਤਾਂ ਅਸਲੋਂ ਕਮਲੇ ਓਂ।"

ਮੈਂ ਸਮਝ ਗਿਆ। ਉਹ ਇਕੱਲੀ ਨਹੀਂ ਰਹਿੰਦੀ ਸੀ ਤੇ ਨਾ ਹੀ ਇੱਥੇ ਪਿਆ ਸਾਮਾਨ ਉਸ ਦਾ ਆਪਣਾ ਸੀ। ਇਸ ਕੋਠੇ, ਸਾਮਾਨ ਤੇ ਉਸ ਦੇ ਜਿਸਮ ਦਾ ਮਾਲਕ ਕੇਵਲ ਅੱਖੀਂ ਨਹੀਂ ਦਿੱਸ ਰਿਹਾ ਸੀ।

ਇਹ ਗੱਲ ਇੱਥੇ ਲਿਖਣ ਲੱਗਿਆਂ ਤੇ ਮੈਂ ਸਹਿਜੇ ਹੀ ਲਿਖ ਗਿਆ ਹਾਂ, ਪਰ ਉਸ ਵੇਲੇ ਇਸ ਗਿਆਨ ਨੇ ਮੇਰੇ ਮਨ ਨੂੰ ਡਾਢਾ ਧੱਕਾ ਮਾਰਿਆ। ਪੁਲੀਸ ਤੇ ਲੋਕਾਂ ਦੀ ਸਹਾਇਤਾ ਕਰ ਕੇ ਜੋ ਚੰਗੇ ਖ਼ਿਆਲ ਮੇਰੇ ਮਨ ਵਿਚ ਦੁਨੀਆਂ ਤੇ ਦੁਨੀਆਂ ਦੇ ਲੋਕਾਂ ਬਾਰੇ ਸਾਰਾ ਦਿਨ ਆਉਂਦੇ ਰਹੇ ਸਨ, ਉਹ ਸਾਰੇ ਮੈਥੋਂ ਪੱਲਾ ਛੁਡਾ ਗਏ। ਮੇਰਾ ਮੱਥਾ ਕੌੜੀਆਂ ਅਸਲੀਅਤਾਂ ਨਾਲ ਲੱਗਾ ਹੋਇਆ ਸੀ। ਉਸ ਕੱਚੇ ਕੋਠੇ ਵਿਚ ਖੋਹੀ ਹੋਈ ਕਿਸੇ ਦੀ ਵਹੁਟੀ ਮੇਰੇ ਸਾਹਮਣੇ ਮੰਜੀ ਤੇ ਨਿਢਾਲ ਪਈ ਸੀ। ਮੇਰੀ ਨਜ਼ਰ ਵਿਚ ਇਨਸਾਨ ਉੱਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ।

ਮਧੋਲੀ ਹੋਈ, ਖ਼ਵਾਰ ਕੀਤੀ ਹੋਈ, ਉਹ ਉਥੇ ਬੀਮਾਰ ਪਈ ਸੀ। ਉਸ ਦੀ ਜਾਤ, ਬਰਾਦਰੀ, ਪਿੰਡ, ਧਰਮ ਦਾ ਕੋਈ ਸਾਂਝੀਵਾਲ ਉਥੇ ਨਹੀਂ ਸੀ। ਉਸ ਨੂੰ ਕਦੀ ਕਿਸੇ ਇਹ ਨਹੀਂ ਦੱਸਿਆ ਸੀ ਕਿ ਉਹ ਵਿਛੜੇ ਹੋਏ ਆਪਣੇ ਸਾਕਾਂ ਅੰਗਾਂ ਨੂੰ ਫਿਰ ਵੀ ਮਿਲ ਸਕਦੀ ਹੈ। ਜੇ ਉਸ ਨੂੰ ਕੋਈ ਦੱਸਦਾ ਵੀ ਤਾਂ ਉਹ ਮੰਨਣੋਂ ਨਾਂਹ ਕਰ ਦਿੰਦੀ। ਆਖਰ ਇੱਡੇ ਵੱਡੇ ਤੇ ਤਕੜੇ ਪਾਕਿਸਤਾਨ ਵਿਚੋਂ ਉਸ ਨੂੰ ਕੋਈ ਕਿਸ ਤਰ੍ਹਾਂ ਕੱਢ ਕੇ ਲਿਜਾ ਸਕਦਾ ਸੀ। ਇਸ ਗੱਲ ਤੇ ਵਿਚਾਰ ਕਰਨਾ ਹੀ ਫਜ਼ੂਲ ਸੀ।

ਉਸ ਨੂੰ ਉਸੇ ਵੇਲੇ ਵਾਪਸ ਲਿਜਾਣ ਦਾ ਕੋਈ ਸਵਾਲ ਨਹੀਂ ਸੀ। ਪੋਹ ਮਾਘ ਦੀ ਸਰਦੀ ਵਿਚ ਉਸ ਨੂੰ ਬੀਮਾਰੀ ਦੀ ਹਾਲਤ ਵਿਚ ਉਥੋਂ ਹਿਲਾਣਾ ਠੀਕ ਨਹੀਂ ਸੀ। ਉਹ ਲੋਕ ਹੁਣ ਉਸ ਨੂੰ ਗੁੰਮ ਨਹੀਂ ਕਰ ਸਕਦੇ ਸਨ ਕਿਉਂਕਿ ਅਸਾਂ ਉਸ ਨੂੰ ਵੇਖ ਲਿਆ ਸੀ ਤੇ ਉਹ ਲੋਕ ਜਾਣਦੇ ਸਨ ਕਿ ਅਸਾਂ ਵੇਖ ਲਿਆ ਹੈ।

"ਚੰਗਾ ਬੀਬੀ ਮੈਂ ਕਿਸੇ ਦਿਨ ਆਵਾਂਗਾ।" ਫਿਰ ਆਉਣ ਤੋਂ ਮੇਰਾ ਮਤਲਬ ਉਸ ਨੂੰ ਉਥੋਂ ਵਾਪਸ ਲੈ ਜਾਣ ਤੋਂ ਸੀ, ਪਰ ਇਹ ਗੱਲ ਸ਼ਾਇਦ ਉਸ ਦੇ ਸੁਫ਼ਨੇ ਵਿਚ ਵੀ ਸੰਭਵ ਨਹੀਂ ਸੀ।

"ਤੂੰ ਹੁਣ ਚੱਲਿਆ ਏਂ?"

"ਜ਼ਰਾ ਬਹਿ ਜਾ, ਮੇਰੀ ਇਕ ਗੱਲ ਸੁਣ ਜਾ।"

ਮੈਂ ਫਿਰ ਕੋਲ ਪਈ ਮੰਜੀ ਤੇ ਬੈਠ ਗਿਆ।

"ਮੇਰੀ ਤੇਰੇ ਅੱਗੇ ਇਕ ਅਰਜ਼ ਏ ਜੇ ਤੂੰ ਪੂਰੀ ਕਰੇਂ, ਇਕ ਕੰਮ ਏ ਤੇਰੇ ਗੋਚਰਾ।"

"ਕੀ ਕੰਮ?"

"ਤੂੰ ਮੇਰਾ ਸਿੱਖ ਭਰਾ ਏਂ, ਮੈਂ ਵੀ ਕਦੀ ਸਿੱਖ ਹੁੰਦੀ ਸਾਂ। ਹੁਣ ਤੇ ਮੈਂ ਮੁਸਲਮਾਨ ਹੋ ਗਈ ਆਂ। ਏਸ ਵੇਲੇ ਏਸ ਦੁਨੀਆਂ ਵਿਚ ਮੇਰਾ ਕੋਈ ਨਹੀਉਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੀ। ਉਸ ਦਿਨ ਦੇ ਹਮਲੇ ਵਿੱਚ ਸਭ ਤੋਂ ਵੱਡੀ ਧਾੜ ਉਹਨਾਂ ਦੀ ਹੀ ਸੀ, ਤੇ ਉਹ ਹੀ ਉਸ ਨੂੰ ਲੈ ਗਏ ਨੀਂ। ਤੇਰੀ ਐਸ ਵੇਲੇ ਮੈਨੂੰ ਬੜੀ ਚੌਧਰ ਜਾਪਦੀ ਏ। ਤੂੰ ਉਹਨੂੰ ਏਥੇ ਮੇਰੇ ਕੋਲ ਲਿਆ ਦੇ। ਸਾਰੇ ਤੇਰਾ ਲਿਹਾਜ਼ ਕਰਦੇ ਨੇ। ਪੁਲਸ ਵਾਲੇ ਵੀ ਤੇਰੀ ਮੰਨਦੇ ਨੇ। ਮੇਰੇ ਵੱਲੋਂ ਵੀ ਉਹਨਾਂ ਨੂੰ ਤਰਲਾ ਕਰੀਂ। ਮੈਂ ਉਹਦੀ ਵੱਡੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲਿਆ ਏ, ਮਾਂ ਬਰੋਬਰ ਆਂ। ਉਹ ਮੇਰੇ ਕੋਲ ਆਵੇਗੀ। ਮੈਂ ਆਪਣੀ ਹੱਥੀਂ ਉਸਨੂੰ ਕਿਸੇ ਦੇ ਲੜ ਲਾਵਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਹੀਂ ਬਣਨਗੀਆਂ। ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ।"

ਉਸ ਬੁੱਢੇ ਜੱਟ ਦੀ ਗੱਲ ਮੇਰੇ ਦਿਮਾਗ ਵਿਚ ਚੱਕਰ ਲਾਣ ਲੱਗ ਪਈ। "ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ ਜਦੋਂ ਵਾਹੀਦੀ ਏ ਕੋਈ ਕਸਰ ਤੇ ਨਹੀਂ ਨਾ ਛੱਡੀਦੀ ਉਹਦੇ ਨਾਲ। ਸਾਰਾ ਜੜ੍ਹੋਂ ਪੁੱਟ ਕੇ ਪੈਲੀਉਂ ਬਾਹਰ ਸੁੱਟ ਦੇਈਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਤਿੜ ਫੁੱਟ ਆਉਂਦੀ ਐ।"



# ਇਕਬਾਲ ਹੁਸੈਨ ਮੋਇਆ ਨਹੀਂ

**ਅਜਮੇਰ ਸਿੱਧੂ**

"ਬਹਿ ਜੇ ਤੇਰਾ ਬੇੜਾ। ਤੈਨੂੰ ਨਰਕਾਂ ਵਿੱਚ ਵੀ ਢੋਈ ਨਾ ਮਿਲੇ।" ਕਾਰ ਵਿਚੋਂ ਉਤਰੀ ਹੀ ਹਾਂ। ਬਚਿੱਤਰ ਸਿੰਘ ਮੱਥੇ ਲੱਗਾ ਹੈ। ਤਪਿਆ ਪਿਆ। ਬਲਵੀਰ ਵੀ ਮੇਰੇ ਨਾਲ ਸੀ। ਮੈਨੂੰ ਉਤਾਰ ਕੇ ਚਲਾ ਗਿਆ ਹੈ।

"ਪੈ 'ਗੀ ਕਲੇਜੇ ਠੰਡ ਤੇਰੇ। ਕਰ 'ਲੀਆਂ ਮਨ-ਆਈਆਂ।" ਇਹਦੀਆਂ ਗਾਲ੍ਹਾਂ ਨੇ ਗੁਆਂਢੀ 'ਕੱਠੇ ਕਰ ਲਏ ਨੇ। ਮੈਂ ਗਾਲ੍ਹਾਂ ਦਾ ਗੁੱਸਾ ਨੀ ਮਨਾਇਆ। ਸਗੋਂ ਖ਼ੁਸ਼ ਹੋ ਗਈ ਹਾਂ। ਮੈਂ ਚਾਹੁੰਦੀ ਆਂ ਇਹ ਇਦੇਂ ਹੀ ਜਲੇ ਭੁੱਜੇ।

"ਠਹਿਰ ਮਾਂ ਜਾਵੀਏ, ਤੇਰੇ ਕਰਦਾਂ ਡੱਕਰੇ।" ਇਹ ਮੈਨੂੰ ਖ਼ੁਸ਼ ਦੇਖ ਕੇ ਕਿਰਪਾਨ ਕੱਢ ਲਿਆਇਆ ਹੈ। ਮਿਆਨ ਵਿੱਚੋਂ ਤਲਵਾਰ ਨਿਕਲਦੀ ਦੇਖ ਕੇ ਪੰਜ-ਸੱਤ ਬੰਦੇ ਅੱਗੇ ਵਧੇ ਨੇ। ਇਹਨੂੰ ਜੱਫਾ ਮਾਰ ਲਿਆ ਹੈ।

"ਓਏ, ਛੱਡ ਦਿਓ ਮੈਨੂੰ। ਮੈਂ ਇਹ ਕਲਹਿਣੀ ਨ੍ਹੀ ਛੱਡਣੀ। ਨਾਲੇ ਉਸ ਗੰਦੀ 'ਲਾਦ ਦੀ ਲਾਹੂੰ ਧੌਣ।" ਇਹ ਬੰਦਿਆਂ ਕੋਲੋਂ ਛੁੱਟ-ਛੁੱਟ ਜਾਂਦਾ ਹੈ।

ਮੈਂ ਬੜੇ 'ਰਾਮ ਨਾਲ ਖੜ੍ਹੀ ਹਾਂ। ਮੈਨੂੰ ਕੋਈ ਡਰ-ਡੁੱਕਰ ਨੀ ਇਹਦਾ। ਇਹ ਜਿੰਨਾ ਜ਼ਿਆਦਾ ਤੀਂਘੜਦਾ ਹੈ ਮੈਂ ਉਨੀ ਖ਼ੁਸ਼ ਹੋ ਰਹੀ ਹਾਂ। ਮੈਨੂੰ ਇਹਦੀਆਂ ਧਮਕੀਆਂ ਦੀ ਕੋਈ ਪਰਵਾਹ ਨਹੀਂ ਹੈ।

"ਵੇ ਤੋਖਿਆ, ਛੱਡ ਦਿਓ ਇਹਨੂੰ। ਇਹ ਐਨੇ ਜੋਗਾ ਨੀ ਹੈਗਾ। ਮੈਂ ਇਹਨੂੰ ਜਾਣਦੀ ਆਂ ਵੱਡੇ ਸਰਦਾਰ ਨੂੰ।"

"ਠਹਿਰ, ਤੇਰੀ ਮਾਂ....।" ਇਹ ਤਲਖ਼ੀ ਵਿੱਚ ਆ ਗਿਆ ਹੈ। ਜ਼ੋਰ ਮਾਰ ਕੇ ਛੁੱਟ ਗਿਆ ਹੈ। ਮੇਰੇ ਵੱਲ ਭੱਜਿਆ ਹੈ। ....ਲੈ ਲੋ ਸੂਰਮੇ ਨੂੰ। ਠੋਕਰ ਖਾ ਕੇ ਡਿੱਗ ਪਿਆ ਹੈ। ਤੋਖੇ ਹੁਰੀਂ ਮੁੜ ਕਾਬੂ ਕਰ ਲਿਆ ਹੈ। ਘਰ ਤੋਂ ਬਾਹਰ ਲੈ ਗਏ ਨੇ। ਐਨੇ ਸਾਰੇ ਬੰਦਿਆਂ ਕੋਲੋਂ ਛੁੱਟ-ਛੁੱਟ ਕੇ ਆਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਉਹ ਘੜੀਸੀ ਲਈ ਜਾਂਦੇ ਨੇ।

ਰਾਤ ਪੈ ਗਈ ਹੈ। ਹੁਣ ਮੈਨੂੰ ਨ੍ਹੇਰੇ ਤੋਂ ਮਾੜਾ ਡਰ ਜਿਹਾ ਨ੍ਹੀਂ ਲਗਦਾ।

"ਚਾਚੀ, ਫ਼ਿਕਰ ਨਾ ਕਰੀਂ। ਚਾਚਾ ਗੁਰਦੁਆਰੇ ਆ। ਭਾਈ ਜੀ ਸਮਝਾ-ਬੁਝਾ ਰਹੇ ਨੇ।" ਤੋਖਾ ਏਨਾ ਦੱਸ ਕੇ ਚਲਾ ਗਿਆ ਹੈ। ਮੈਨੂੰ ਇਹਦੀ ਕੀ ਪਰਵਾਹ! ਬੇਸ਼ੱਕ ਜਲਿਆ ਮਰ ਜੇ।

ਅੱਜ ਪੰਦਰ੍ਹਾਂ ਦਿਨ ਹੋ ਗਏ ਨੇ ਇਹਨੂੰ ਕੁੜ-ਕੁੜ ਕਰਦੇ ਨੂੰ। ਦਸ ਦਿਨ ਤਾਂ ਗੁਰਦੁਆਰੇ ਮਰਿਆ ਰਿਹਾ। ਇੱਕ ਦਿਨ ਭਾਈ ਘਰ ਛੱਡ ਗਿਆ ਸੀ। ਸਾਰਾ ਦਿਨ ਟੌਂਕਦਾ ਰਿਹਾ। ਇਹ ਉਸ ਦਿਨ ਦਾ ਹੀ ਚਿੜ੍ਹਿਆ ਪਿਆ। ਦਿਨਾਂ ਵਿੱਚ ਹੀ ਸੁੱਕ ਕੇ ਤੀਲੇ ਅਰਗਾ ਹੋ

ਗਿਆ। ਉੱਦਾਂ ਹੁਣ ਬਹੁਤਾ ਗੁਰਦੁਆਰੇ ਪਾਠ ਕਰਦਾ ਰਹਿੰਦਾ ਹੈ।

ਅੱਜ ਕੱਲ੍ਹ ਮੈਂ ਬਹੁਤ ਖੁਸ਼ ਹਾਂ। ਦਗੜ-ਦਗੜ ਕਰਦੀ ਫਿਰ ਰਹੀ ਹਾਂ। ਖੰਘੂਰੇ ਮਾਰ-ਮਾਰ ਇਹਦੇ ਕੋਲੋਂ ਲੰਘਦੀ ਹਾਂ। ਇਹ ਮੈਨੂੰ ਗੁੱਤੋਂ ਫੜ ਕੇ ਘੜੀਸਦਾ ਹੁੰਦਾ ਸੀ। ਹੁਣ ਆਊ ਮਜ਼ਾ। ਮੈਨੂੰ ਤਾਂ ਇਨ੍ਹਾਂ ਜਾਨਵਰ ਸਮਝ ਲਿਆ ਸੀ। ਧੌਣ 'ਤੇ ਕਿਰਪਾਨਾਂ ਰੱਖੀਆਂ। ਲੈ ਆਏ। ਬਈ ਦੱਸੋ ਰਹਿੰਦ-ਖੂੰਹਦ ਲਈ ਮੈਂ ਰੱਖੀਓ ਸੀ। ਭੁੱਖ-ਨੰਗ ਕਿਤੋਂ ਦੇ। ਜਿਨ੍ਹਾਂ ਦੇ ਕਹਿਣ 'ਤੇ ਦਾੜ੍ਹੇ ਰੱਖੇ ਸੀ, ਉਹਨੂੰ ਕਹਿੰਦੇ ਆਪਣੀ ਛੋਕਰੀ ਦਿੰਦੇ। ਜੇ ਕਿਤੇ ਉਹ ਅੱਜ ਜੀਂਦਾ ਹੁੰਦਾ, ਮਜ਼ਾ ਆ ਜਾਂਦਾ। ਚਲੋ, ਕੋਈ ਨ੍ਹੀਂ। ਬਚਿੱਤਰ ਸਿੰਘ ਜੀਂਦਾ ਰਹੇ।

ਮੈਂ ਅੱਜ ਬਲਵੀਰ ਨੂੰ ਧਿਆਨ ਨਾਲ ਦੇਖਿਆ। ਦਾਦੇ ਦਾ ਭੁਲੇਖਾ ਪੈ ਗਿਆ। ਛੇ ਫੁੱਟ ਲੰਮਾ ਗੱਭਰੂ। ਗਲ, ਕੰਨ, ਕਲਾਈਆਂ ਸੋਨੇ ਨਾਲ ਭਰੀਆਂ ਪਈਆਂ। ਮੇਰੇ ਕੋਲੋਂ ਤੇ ਮੁੰਡੇ ਦਾ ਰੂਪ ਨ੍ਹੀਂ ਸੀ ਦੇਖਿਆ ਜਾਂਦਾ।

ਇਹ ਜਿਹੜਾ ਬੁੱਢਾ ਬਚਿੱਤਰ ਸਿੰਘ ਹੂੰਘੇ ਮਾਰਦਾ ਪਿਆ, ਇਹ ਮੇਰਾ ਪਤੀ ਹੈ। ਠੋਸਿਆ ਹੋਇਆ। ਜਥੇਦਾਰ ਮੂਲਾ ਸਿੰਘ ਦੀ ਕਿਰਪਾਨ ਦੇ ਜ਼ੋਰ ਨਾਲ। ਉਦੋਂ ਤਾਂ ਮੈਂ ਮਜਬੂਰ ਸੀ। ਕੁਸ਼ ਕਰ ਨਾ ਸਕੀ। ਪਰ ਸਾਰੀ ਉਮਰ ਇਹਨੂੰ ਬੰਦਾ ਕਰਕੇ ਨ੍ਹੀਂ ਜਾਣਿਆ। ਇਹ ਆਪਣੇ ਆਪ ਵੱਡਾ ਸਰਦਾਰ ਬਣਿਆ ਫਿਰਦਾ। ਮੈਂ ਨੀਂ ਬੁਲਾਂਦੀ। ਉਦੋਂ ਵੀ ਬੁਲਾਂਦੀ ਨਾ ਸਾਂ। ਇਹਦੀ ਮਾਂ ਕੋਅਲੇ ਹੋ ਜਾਂਦੀ। ਅਵਾ-ਤਵਾ ਬੋਲਦੀ ਰਹਿੰਦੀ। ਮੈਂ ਖਾਂਦੇ-ਪੀਂਦੇ ਘਰ ਦੀ ਧੀ ਸੀ। ਅਸੀਂ ਸਰਾਹਲ ਕਾਜ਼ੀਆਂ ਦੇ ਕਹਿੰਦੇ-ਕਹਾਉਂਦੇ ਜ਼ਿਮੀਂਦਾਰ ਸਾਂ। ਇਹ ਸਾਰੇ ਭੁੱਖੜ। ਇਨ੍ਹਾਂ ਨੂੰ ਤਾਂ ਕੋਈ ਧੀ ਨ੍ਹੀਂ ਸੀ ਦਿੰਦਾ। ਦੇਣੀ ਵੀ ਕਿਹਨੇ ਸੀ। ਨਰਕ ਵਿੱਚ ਸੁੱਟਣੀ ਸੀ। ਕਨਾਲਾਂ ਵਿੱਚ ਤਾਂ ਜ਼ਮੀਨ ਸੀ। ਬਣੀ ਫਿਰਦੇ ਸੀ ਨਾਢੂ ਖਾਂ।

ਜਦੋਂ ਮੈਨੂੰ ਗੁਰਦੁਆਰੇ ਤੋਂ ਅੰਮ੍ਰਿਤ ਛਕਾ ਕੇ ਘਰ ਲੈ ਗਏ। ਘਰ ਦਾ ਸਮਾਨ ਖਿੱਲਰਿਆ ਪਿਆ। ਲਾ-ਪਾ ਕੇ ਦੋ ਕਮਰੇ। ਨਾਲੇ ਪਸ਼ੂਆਂ ਦਾ ਕੋਠਾ। ਗੋਹਾ-ਕੂੜਾ ਵਿਹੜੇ ਵਿੱਚ ਖਿੱਲਰਿਆ ਪਿਆ। ਲੀੜਿਆਂ ਤੋਂ ਮੁਸ਼ਕ ਆਉਂਦਾ ਸੀ। ਮੇਰਾ ਘਰ ਵਿੱਚ ਰਹਿਣ ਨੂੰ ਦਿਲ ਨਾ ਕਰੇ।

ਪਹਿਲਾਂ ਪਹਿਲ ਮੈਂ ਬਹੁਤ ਤੜਫ਼ੀ। ਦਾਦਾ ਜਾਨ ਦੇ ਕਤਲ ਦਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਜਾਂਦਾ। ਮੈਨੂੰ ਕਾਂਬਾ ਛਿੜ ਪੈਂਦਾ। ਜਥੇਦਾਰ ਮੂਲਾ ਸਿੰਘ ਤੇ ਪੰਡਤ ਕਿਸ਼ੋਰ ਦੱਤ ਮੇਰੇ ਸਾਹਮਣੇ ਆ ਜਾਂਦੇ। ਮੌਲਵੀ ਦੇ ਕਹੇ ਸ਼ਬਦ ਮੈਨੂੰ ਹਲੂਣਾ ਦਿੰਦੇ :

"ਕੁਰਾਨ ਸ਼ਰੀਫ 'ਚ ਲਿਖਿਆ ਹੋਇਆ ਕਿ ਕਾਫ਼ਰ ਨੂੰ ਖ਼ਤਮ ਕਰਨਾ ਧਰਮ ਦਾ ਕੰਮ ਆ। ਸੱਚਾ ਮੁਸਲਮਾਨ ਸ਼ਮਸ਼ੀਰ ਲੈ ਕੇ ਜਾਏਗਾ। ਕੁਫ਼ਰ ਖਤਮ ਕਰਕੇ ਇਸਲਾਮ ਫੈਲ਼ਾਊਗਾ।" ਮੇਰੇ ਹੱਥ ਸ਼ਮਸ਼ੀਰ ਆ ਜਾਂਦੀ। ਮੈਂ ਕੁਫ਼ਰ ਦਾ ਖ਼ਾਤਮਾ ਕਰਨ ਤੁਰ ਪੈਂਦੀ। ਹੋਸ਼ ਵਿੱਚ ਆਂਦੀ ਤਾਂ ਰਾਤ ਦੇ ਹਨੇਰੇ ਵਿੱਚ ਤੁਰੀ ਹੁੰਦੀ। ਰਾਤ ਨੂੰ ਆਪਮੁਹਾਰੇ ਉੱਠ ਕੇ ਤੁਰ ਪੈਂਦੀ। ਮੈਨੂੰ ਇਹ ਮੋੜ ਕੇ ਲੈ ਕੇ ਜਾਂਦੇ। 'ਕੱਲੀ ਸਾਂ। ਉੱਨੀ ਸਾਲ ਦੀ ਬੇਵੱਸ ਮੁਟਿਆਰ।

ਮੈਂ ਬਚਿੱਤਰ ਸਿੰਘ ਦੇ ਘਰ ਵਿਚ ਰਹਿਣ ਦੀ ਪੱਕੀ ਠਾਣ-ਲੀ ਸੀ। ਇਹ ਵੀ ਮਨ ਵਿੱਚ ਧਾਰ ਲਿਆ ਸੀ ਕਿ ਘਰ ਵਿੱਚ ਕਿਸੇ ਨਾਲ ਘੁਲਣਾ-ਮਿਲਣਾ ਨਹੀਂ। ਮੈਨੂੰ ਗੁੱਸਾ ਚੜ੍ਹਿਆ ਰਹਿੰਦਾ। ਦੋ ਸਾਲ ਬਦਲਾ ਲੈਣ ਦਾ ਸੋਚਦੀ ਨੇ ਲੰਘਾ ਦਿੱਤੇ। ਪਰ ਮੈਤੋਂ ਹੁੰਦਾ ਕੁਝ ਨਾ। ਮੈਂ ਕਚੀਚੀਆਂ ਵੱਟਦੀ ਰਹਿ ਜਾਂਦੀ। ਇੱਕ ਗੱਲ ਇਨ੍ਹਾਂ ਸਾਰੇ ਟੱਬਰ ਨੂੰ ਸਮਝ ਲੱਗ ਗਈ



ਸੀ ਕਿ ਮੈਂ ਇਨ੍ਹਾਂ ਤੋਂ ਸੂਤ ਨੀ ਆਣਾ। ਨਾ ਹੀ ਮੈਂ ਉਹਦਾ ਭਾਣਾ ਮੰਨ ਕੇ ਦਿਨ ਕੱਟਣੇ ਆ। ਘਰ ਵਿੱਚ ਮੈਂ ਇੱਕ ਧਿਰ ਬਣ ਗਈ ਸਾਂ। ਇਹ ਲੋਕ ਅੰਦਰੋਂ ਮੈਤੋਂ ਡਰਦੇ। ਬਾਹਰੋਂ ਰੰਗੜ ਬਣੀ ਫਿਰਦੇ। ਬੁੱਢੀ ਦੂਜੇ ਪੁੱਤਾਂ ਅੱਲਰੀਂ ਨਾ ਜਾਂਦੀ ਇਧਰੇ ਮਰੀ ਰਹਿੰਦੀ। ਮੇਰੇ ਨਾਲ ਇੱਟ-ਖੜਿਕਾ ਕਰੀ ਰੱਖਦੀ। ਮੈਂ ਕਿਹੜਾ ਘੱਟ ਸੀ। ਘਰ ਵਿੱਚ ਕਲੇਸ਼ ਪਾਈ ਰੱਖਦੀ।

ਇੱਕ ਦਿਨ ਇਨ੍ਹਾਂ ਪੰਜ ਪਿਆਰਿਆਂ ਨੂੰ ਲੰਗਰ ਛਕਾਉਣਾ ਸੀ। ਉਸ ਦਿਨ ਸਵੇਰੇ-ਸਵੇਰੇ ਮੇਰੇ ਨਾਲ ਫਸ ਪਈ। ਉਹਦੀ ਭਾਈ ਸ਼ਰਧਾ ਹਊ। ਮੇਰੀ ਥੋੜ੍ਹਾ ਆ। ਤਾਂ ਕੀ ਹੋਇਆ, ਜੇ ਮੇਰੇ ਗਾਤਰਾ ਪਾ ਦਿੱਤਾ। ਮੈਨੂੰ ਕਹਿੰਦੀ ਤੂੰ ਨਹਾ ਕੇ ਲੰਗਰ ਤਿਆਰ ਕਰ। ਮੈਂ ਮੁੱਕਰ ਗਈ ਸੀ। ਬੱਸ ਉਦੋਂ ਲੜਾਈ ਸ਼ੁਰੂ ਹੋ ਗਈ। ਉਹਦਾ ਪੁੱਤ ਵੀ ਉਹਦੀ ਹਮੈਤ 'ਤੇ ਨਿਕਲ ਆਇਆ ਸੀ। ਮੈਨੂੰ ਚੌਂਕੇ ਵਿੱਚੇ ਢਾਹ ਲਿਆ ਸੀ। ਜਦੋਂ ਮੈਨੂੰ ਵਾਲਾਂ ਤੋਂ ਫੜ ਕੇ ਘੜੀਸਣ ਲੱਗਾ ਤਾਂ ਮੈਂ ਦੰਦੀਆਂ ਨਾਲ ਉਹਦਾ ਹੱਥ ਖਾ ਲਿਆ।

"ਹੈਂਅ! ਹੈਂਸਿਆਰੀ ਕੀ ਕਰਦੀ ਆ। ਨਖਸਮੀ ਨੇ ਵਖਤ ਪਾਇਆ ਹੋਇਆ।" ਬੁੜ੍ਹੀ ਨੇ ਮੇਰੇ ਚਪੇੜਾਂ ਮਾਰ ਕੇ ਉਹਦਾ ਹੱਥ ਛੁਡਾਇਆ। ਫੇਰ ਗਾਲ੍ਹਾਂ ਕੱਢਣ ਲੱਗ ਪਈ। ਰੌਲਾ ਸੁਣ ਕੇ ਆਂਢ-ਗੁਆਂਢ ਇਕੱਠਾ ਹੋ ਗਿਆ। ਉਨ੍ਹਾਂ ਮੈਨੂੰ ਇਨ੍ਹਾਂ ਜਮਦੂਤਾਂ ਕੋਲੋਂ ਛੁਡਾਇਆ। ਤੀਮੀਆਂ ਮੇਰੀ ਹਾਲਤ ਦੇਖ ਕੇ ਤੋਏ-ਤੋਏ ਕਰਨ ਲੱਗ ਪਈਆਂ। ਬੁੜ੍ਹੀ ਸਫਾਈਆਂ ਦੇਣ ਲੱਗ ਪਈ—

"ਕੀ ਦੱਸਾਂ। ਇਹ ਕੰਜਰੀ ਨੇ ਸਾਰੇ ਟੱਬਰ ਨੂੰ ਸੁੱਕਣਾ ਪਾਇਆ ਹੋਇਆ। ਦੇਖ ਲੋ। ਤੁਸੀਂ ਫੇਰ ਕਹਿਣਾ, ਅਸੀਂ ਮਾੜੇ ਆਂ। ਇੱਕ ਘਰ ਰੱਖਿਆ। ਸਾਡੇ ਸੀਰਮੇ ਪੀਂਦੀ ਪਈ ਆ। ਅਸੀਂ ਤਾਂ ਇਨ੍ਹਾਂ ਮਲੇਛਾਂ ਦੇ ਹੱਥੋਂ ਕਦੇ ਪਾਣੀ ਨ੍ਹੀਂ ਸੀ ਲੈ ਕੇ ਪੀਂਦੇ। ਘਰ ਦੀ ਮਾਲਕ ਬਣੀ ਬੈਠੀ ਆ। ਫੇਰ ਨੀ ਭੱਲ ਪੱਚਦੀ।" ਬੁੱਢੀ ਨੇ ਮੇਰੇ ਅੰਦਰ ਚੁਆਤੀ ਲਾ ਦਿੱਤੀ ਸੀ। ਮੇਰੀਆਂ ਅੱਖਾਂ ਵਿਚ ਲਹੂ ਉਤਰ ਆਇਆ ਸੀ। ਜੂੰਆਂ ਦੀ ਖਾਧ ਜਿਹੀ ਵੱਡੀ ਬਾਹਮਣੀ ਬਣ ਗਈ ਸੀ। ਇੱਦਾਂ ਦੇ ਪਤਾ ਨੀਂ ਸਾਡੇ ਕਿੰਨੇ ਮਰਾਸੀ-ਮਰੂਸੀ ਹੁੰਦੇ ਸੀ। ਗੱਲ ਜ਼ਿਆਦਾ ਵਧ ਜਾਣੀ ਸੀ। ਜੇ ਭਾਈ ਜੀ ਨਾ ਆਉਂਦੇ।

ਮੈਂ ਬਚਿੱਤਰ ਸਿੰਘ ਨੂੰ ਆਪਣਾ ਖ਼ਾਵੰਦ ਹੀ ਸਵੀਕਾਰ ਨ੍ਹੀਂ ਕੀਤਾ। ਇਹਦੇ ਨਾਲ ਸੌਂਦੀ ਸਾਂ, ਸਿਰਫ਼ ਭੋਗ ਦੀ ਇੱਕ ਵਸਤੂ ਬਣ ਕੇ। ਜਦੋਂ ਮੇਰੇ ਨਾਲ ਪੈਂਦਾ, ਮੈਨੂੰ ਸੱਪ ਦਿਖਾਈ ਦਿੰਦਾ। ਮੇਰੇ ਨਾਲ ਵਲ੍ਹੇਟੇ ਮਾਰਦਾ ਰਹਿੰਦਾ। ਪਰ ਮੈਂ ਆਪਣੇ ਅੰਦਰ ਇਹਦਾ ਸਪੋਲੀਆ ਪਲਣ ਨ੍ਹੀਂ ਦਿੱਤਾ। ਜਦੋਂ ਕਦੇ ਵੀ ਗਰਭ ਠਹਿਰਿਆ, ਮੈਂ ਕਾੜ੍ਹਾ ਪੀ ਲੈਂਦੀ ਸੀ। ਮੈਂ ਛੇ-ਸੱਤ ਸਾਲ ਬੱਚਾ ਨ੍ਹੀਂ ਹੋਣ ਦਿੱਤਾ। ਦਾਦੇ ਦੀਆਂ ਵੱਢੀਆਂ ਲੱਤਾਂ ਦਾ ਬਦਲਾ ਲੈਂਦੀ ਰਹੀ। ਇਹ ਔਤ ਤੁਰਿਆ ਫਿਰਦਾ ਸੀ। ਲੋਕ ਇਹਨੂੰ ਛੇੜਦੇ। ਇਹਦੇ ਨਾਲਦਿਆਂ ਦੇ ਤਿੰਨ-ਤਿੰਨ, ਚਾਰ ਚਾਰ ਨਿਆਣੇ ਹੋ ਗਏ ਸੀ। ਪੰਜ-ਛੇ ਸਾਲ ਤਾਂ ਇਨ੍ਹਾਂ ਨੂੰ ਬੱਚੇ ਦੇ ਗਿਰ ਜਾਣ ਦਾ ਭੁਲੇਖਾ ਹੀ ਰਿਹਾ। ਫੇਰ ਇਹ ਭੇਤ ਖੁੱਲ੍ਹ ਗਿਆ ਸੀ। ਮੈਨੂੰ ਮਾਂ-ਪੁੱਤ ਮਾਰਨ ਨੂੰ ਫਿਰਨ। ਸ਼ਾਇਦ ਮਾਰ ਵੀ ਦਿੰਦੇ। ਵਿਆਹ ਤਾਂ ਪਹਿਲਾਂ ਨ੍ਹੀਂ ਸੀ ਹੋਇਆ। ਮੈਨੂੰ ਮਾਰ ਕੇ ਫੇਰ ਕੀ ਕਰਦੇ। ਵਿਆਹ ਦੀ ਖ਼ਾਤਰ ਤਾਂ ਮਾਂ-ਪੁੱਤ ਨੂੰ ਮੂਲਾ ਸਿੰਘ ਕੋਲੋਂ ਅੰਮ੍ਰਿਤ ਛਕਣਾ ਪੈ ਗਿਆ ਸੀ।

ਮੈਂ ਸੱਤਵੇਂ ਸਾਲ ਸ਼ਸ਼ੋਪੰਜ ਵਿੱਚ ਪੈ ਗਈ। ਇੱਕ ਪਾਸੇ ਦਾਦੇ ਦੀਆਂ ਵੱਢੀਆਂ ਲੱਤਾਂ ਸਨ, ਦੂਜੇ ਪਾਸੇ ਮੇਰੀ ਮਮਤਾ। ਦੂਜੀਆਂ ਜ਼ਨਾਨੀਆਂ ਦੇ ਨਿਆਣਿਆਂ ਵੱਲ ਮੈਤੋਂ ਦੇਖਿਆ

ਨਾ ਜਾਂਦਾ। ਕਈਆਂ ਦੇ ਤਾਂ ਸਕੂਲ ਜਾਣ ਲੱਗ ਪਏ ਸਨ। ਨਿਆਣਿਆਂ ਨੂੰ ਦੇਖ ਕੇ ਮੇਰਾ ਹੌਕਾ ਨਿਕਲ ਜਾਂਦਾ। ਦਿਨੋਂ ਦਿਨ ਮੇਰੇ ਅੰਦਰਲੀ ਮਾਂ ਜਾਗੀ ਜਾ ਰਹੀ ਸੀ।

ਜਦੋਂ ਖੇਹ ਖਾ ਕੇ ਸਾਨੂੰ ਕੋਠੜੀ ਵਿੱਚੋਂ ਕੱਢਿਆ ਸੀ ਅਸੀਂ ਗਿਆਰ੍ਹਾਂ ਜਣੀਆਂ ਸਾਂ। ਜਥੇਦਾਰ ਮੂਲਾ ਸਿੰਘ ਤੇ ਪੰਡਤ ਕਿਸ਼ੋਰ ਦੱਤ ਜਥੇ ਸਮੇਤ ਤਲਵਾਰਾਂ ਲਿਸ਼ਕਾਈ ਖੜ੍ਹੇ ਸਨ। ਸਾਨੂੰ ਧਰਮ ਬਦਲਣ ਨੂੰ ਕਿਹਾ ਸੀ। ਸਾਡੇ ਵਿੱਚੋਂ ਇੱਕ ਜਣੀ ਅੜ ਗਈ ਸੀ। ਉਹ ਪਹਿਲੋਂ ਹੀ ਗਰਭਵਤੀ ਸੀ। ਉਹਦੇ ਢਿੱਡ ਵਿੱਚ ਕਿਰਪਾਨ ਖੁਭੋ ਦਿੱਤੀ ਸੀ। ਉਸੇ ਵੇਲੇ ਆਂਦਰਾਂ ਬਾਹਰ ਆ ਗਈਆਂ ਸੀ। ਅੱਖਾਂ ਅੱਡੀਆਂ ਰਹਿ ਗਈਆਂ ਸੀ। ਦੂਜੇ ਵਾਰ ਨਾਲ ਧੌਣ ਲਾਹ ਦਿੱਤੀ ਸੀ। ਇੱਕ ਬਜ਼ੁਰਗ ਨੇ ਜਥੇਦਾਰ ਅੱਗੇ ਹੱਥ ਜੋੜੇ ਸਨ :

"ਮੂਲਿਆ ਉਸ ਵਾਹੇਗੁਰੂ ਤੋਂ ਡਰ।"

"ਤਾਇਆ, ਘਬਰਾ ਨਾ। ਉਹਦੇ ਹੁਕਮ ਤੋਂ ਬਿਨਾਂ ਤਾਂ ਪੱਤਾ ਨ੍ਹੀਂ ਹਿੱਲਦਾ।" ਪੰਡਿਤ ਕਿਸ਼ੋਰ ਦੱਤ ਨੇ ਬਜ਼ੁਰਗ ਨੂੰ ਧੱਕਾ ਦਿੱਤਾ ਸੀ। ਜਦੋਂ ਧੌਣਾਂ ਵਢਾਉਣ ਦੀ ਸਾਡੀ ਵਾਰੀ ਆਈ, ਅਸੀਂ ਡਰ ਗਈਆਂ ਸਾਂ। ਸਾਨੂੰ ਅਮਲੀਆਂ, ਛੜਿਆਂ, ਮਲੰਗਾਂ ਨਾਲ ਤੋਰ ਦਿੱਤਾ ਗਿਆ। ਜਦੋਂ ਵੀ ਮੇਰੀ ਮਾਂ ਬਣਨ ਦੀ ਇੱਛਾ ਜਾਗਦੀ, ਉਹ ਮੇਰੇ ਖ਼ਿਆਲ ਵਿੱਚ ਆ ਜਾਂਦੀ। ਉਹਦਾ ਵਧਿਆ ਹੋਇਆ ਪੇਟ ਤੇ ਆਂਦਰਾਂ ਦਾ ਚੇਤਾ ਆ ਜਾਂਦਾ, ਤਾਂ ਮੈਂ ਅੱਗ-ਬਗੂਲੀ ਹੋ ਜਾਂਦੀ। ਇਸ ਔਤ ਨਾਲੋਂ ਇਹਦੀ ਮਾਂ ਜ਼ਿਆਦਾ ਸਿਆਪਾ ਕਰਦੀ।

ਮੈਂ ਮਾਂ ਬਣਨਾ ਚਾਹੁੰਦੀ ਵੀ ਸੀ ਤੇ ਨਹੀਂ ਵੀ।

ਮੈਨੂੰ ਸਿਆਲਾਂ ਦੇ ਦਿਨਾਂ ਵਿੱਚ ਪਿੰਡਾਂ ਵਿਚ ਘੁੰਮਣ ਵਾਲੇ ਜੋਗੀ ਬੜਾ ਤੰਗ ਕਰਦੇ। ਤੜਕੇ ਗਲੀ-ਗਲੀ ਗੀਤ ਗਾਉਂਦੇ ਫਿਰਦੇ। ਮੈਂ ਉੱਠ ਬਹਿੰਦੀ ਸੀ ਉਨ੍ਹਾਂ ਦੇ ਗੀਤ ਸੁਣਨ ਲਈ। ਇੱਕ ਤੜਕੇ ਇੱਕ ਜੋਗੀ ਨੇ ਹੇਕ ਚੁੱਕੀ—'ਸੁੱਕੀ ਕੁੱਖ ਨਾ ਕਿਸੇ ਨੂੰ ਦੇਈਂ ਰੱਬਾ।' ਮੈਂ ਉਸ ਗੀਤ ਵਿੱਚ ਡੁੱਬ ਗਈ ਸੀ। ਕਈ ਦਿਨ-ਰਾਤ ਮੈਂ ਪਾਗਲਾਂ ਆਂਗ ਫਿਰਦੀ ਰਹੀ। ਸੁੱਕੀ ਕੁੱਖ ਦੇ ਬੋਲ ਮੇਰੇ ਕੰਨਾਂ ਵਿੱਚ ਗੂੰਜਦੇ ਰਹੇ। ਸ਼ਾਇਦ ਮੈਂ ਪਾਗਲ ਹੋ ਜਾਂਦੀ। ਮੈਨੂੰ ਧੌਣ-ਵੱਢੀਓ ਕੁੜੀ ਨੇ ਬਚਾ ਲਿਆ ਸੀ। ਉਹਦੀਆਂ ਅੱਖਾਂ ਮੀਟੀਆਂ ਗਈਆਂ ਸਨ। ਉਹ ਮੁਸਕਰਾ ਪਈ ਸੀ। ਉਹਨੇ ਪੇਟ ਵੱਲ ਇਸ਼ਾਰਾ ਕੀਤਾ ਸੀ, ਤਦ ਜਾ ਕੇ ਮੈਂ ਸ਼ਾਂਤ ਹੋਈ ਸੀ। ਅੱਠਾਂ ਸਾਲਾਂ ਬਾਅਦ ਜਾ ਕੇ ਧੀ ਨੂੰ ਜਨਮ ਦਿੱਤਾ। ਛਿੰਦਰ ਤੋਂ ਡੇਢ ਸਾਲ ਬਾਅਦ ਬਲਵੀਰ ਜੰਮ ਪਿਆ। ਫੇਰ ਤਾਂ ਉਪਰੋ-ਥਲੀ ਮੈਂ ਸੱਤ ਜਣੇਪੇ ਕੱਟੇ। ਪਰ ਬਚੇ ਛਿੰਦਰ ਤੇ ਬਲਵੀਰ ਹੀ। ਛਿੰਦਰ ਪਿਓ ਤੇ ਸੀ ਤੇ ਬਲਵੀਰ ਬਿਲਕੁਲ ਮੇਰੇ ਅਰਗਾ। ਮੈਂ ਉਹਦੇ ਨੈਣ ਨਕਸ਼ ਧਿਆਨ ਨਾਲ ਦੇਖਦੀ ਤਾਂ ਖਿੜ ਉੱਠਦੀ।

ਇੱਕ ਦਿਨ ਮੈਂ ਉਹਨੂੰ ਖਿਡਾ ਰਹੀ ਸੀ, ਮੁੰਡਾ ਬਹੁਤ ਹੱਸਿਆ। ਬਿਲਕੁਲ ਦਾਦਾ ਜਾਨ ਆਂਗ ਖੁੱਲ੍ਹ ਕੇ। ਮੇਰੀਆਂ ਅੱਖਾਂ ਸਾਹਮਣੇ ਸਰਾਹਲ ਕਾਜ਼ੀਆਂ ਘੁੰਮ ਗਿਆ ਸੀ। ਦਾਦਾ ਜਾਨ ਨੇ ਮੈਨੂੰ ਉਂਗਲੀ ਲਾ ਕੇ ਆਪਣੇ ਘਰਾਂ ਵਿੱਚ ਘੁਮਾਇਆ ਹੋਇਆ ਸੀ। ਮੇਰੇ ਅੱਬਾ ਅਲਤਾਫ਼ ਹੁਸੈਨ ਤਾਂ ਧੱਕੜ ਜ਼ਿਮੀਂਦਾਰ ਸਨ। ਪਰ ਦਾਦਾ ਇਕਬਾਲ ਹੁਸੈਨ ਨੂੰ ਸਾਰੀ ਕੁਰਾਨ ਸ਼ਰੀਫ ਮੂੰਹ-ਜ਼ਬਾਨੀ ਯਾਦ ਸੀ। ਉਨ੍ਹਾਂ ਨੂੰ ਇਸਲਾਮ ਬਾਰੇ ਗਹਿਰਾ ਇਲਮ ਸੀ। ਪਿੰਡ ਵਿੱਚ ਬਾਲਾ ਪੀਰ ਦਾ ਰੋਜ਼ਾ ਸੀ। ਉਹ ਹਰ ਰੋਜ਼ ਖ਼ਿਦਮਤ ਕਰਨ ਜਾਂਦੇ। ਫ਼ਾਤੀਆ ਪੜ੍ਹਦੇ। ਬਾਲਾ ਪੀਰ ਬੜੀ ਕਰਨੀ ਵਾਲੇ ਸਨ। ਉਨ੍ਹਾਂ ਦੀ ਕਬਰ 'ਤੇ ਔਰਤ ਵੀ ਚਿਰਾਗ-ਬੱਤੀ ਕਰ ਸਕਦੀ



ਸੀ। ਮੈਂ ਵੀਰਵਾਰ ਚਿਰਾਗ ਕਰਨ ਜਾਂਦੀ ਸੀ। ਜ਼ਿਆਦਾਤਰ ਦਾਦਾ ਜਾਨ ਨਾਲ ਹੀ ਰਹੀ ਸਾਂ। ਉਹ ਮੇਰੇ ਨਾਲ ਬਹੁਤ ਤਿਹੁ ਕਰਦੇ ਸੀ।

"ਜਮੀਲਾ ਆਪਣੇ ਦਾਦੇ ਦੀ ਚਹੇਤੀ ਆ। ਉਹ 'ਤੇ ਗਈ ਆ। ਅਕਲ ਪੱਖੋਂ ਵੀ ਤੇ ਸ਼ਕਲ ਪੱਖੋਂ ਵੀ।" ਅੰਮਾ, ਭੈਣਾਂ, ਚਾਚੇ, ਤਾਏ, ਅਕਸਰ ਛੇੜਦੇ। ਇਸਲਾਮ ਵਾਲਾ ਆਤਮ-ਗੌਰਵ ਉਨ੍ਹਾਂ ਮੇਰੇ ਅੰਦਰ ਭਰਿਆ ਸੀ। ਉਹ ਰੋਜ਼ ਰੋਜ਼ੇ ਜਾਂਦੇ। ਬਾਲਾ ਪੀਰ ਬਾਰੇ ਕਹਾਣੀਆਂ ਸੁਣਾਉਂਦੇ ਰਹਿੰਦੇ। ਹੁਣ ਯਾਦ ਨ੍ਹੀਂ ਰਹੀਆਂ। ਬੱਸ ਐਨਾ ਕੁ ਪਤਾ ਕਿ ਇੱਕ ਵਾਰ ਪੀਰ ਜੀ ਕੰਧ 'ਤੇ ਬੈਠੇ ਸੀ। ਉਨ੍ਹਾਂ ਦਾ ਸ਼ਾਹੂਕਾਰ ਪਿਤਾ ਘੋੜੇ 'ਤੇ ਆ ਰਿਹਾ ਸੀ। ਬਾਲਾ ਜੀ ਨੇ ਕੰਧ ਨੂੰ ਥਾਪੀ ਦਿੱਤੀ ਤੇ ਕੰਧ ਤੋਰ ਲਈ ਸੀ। ਘੋੜੇ ਤੋਂ ਪਹਿਲਾਂ ਕੰਧ ਪਹੁੰਚ ਗਈ ਸੀ। ਪੀਰ ਜੀ ਦੀ ਪਿੰਡ ਵਿੱਚ ਬੜੀ ਮਾਨਤਾ ਸੀ।

ਦਾਦਾ ਜਾਨ ਦੱਸਦੇ ਸੀ ਕਿ ਅਕਬਰ ਬਾਦਸ਼ਾਹ ਦੇ ਬੱਚਾ ਨ੍ਹੀਂ ਸੀ ਹੁੰਦਾ। ਉਹ ਹਾਥੀ 'ਤੇ ਚੜ੍ਹ ਕੇ ਸਰਾਹਲ ਕਾਜ਼ੀਆਂ ਆਏ। ਪੀਰ ਕੋਲੋਂ ਲਾਲ ਦੀ ਦਾਤ ਮੰਗੀ। ਉਨ੍ਹਾਂ ਦੀ ਸੁੱਖ ਪੂਰੀ ਹੋ ਗਈ ਸੀ। ਫੇਰ ਉਹ ਸੁੱਖ ਲਾਹੁਣ ਆਏ ਤਾਂ ਪਿੰਡ ਦੇ ਕਾਜ਼ੀਆਂ ਨੂੰ ਜ਼ਮੀਨ ਦਾ ਤੀਜਾ ਹਿੱਸਾ ਦੇ ਗਏ ਸੀ। ਦੂਰ-ਦੂਰ ਤੋਂ ਲੋਕ ਸੁੱਖਾਂ ਸੁੱਖਣ ਆਉਂਦੇ। ਰਾਹੋਂ ਵਾਲੇ ਵੀ ਰੋਜ਼ੇ ਆਉਂਦੇ ਸਨ। ਮੇਰਾ ਵਿਆਹ ਵੀ ਛੋਟੀ ਹੁੰਦੀ ਦਾ ਰਾਹੋਂ ਦੇ ਜੁਨੀਸ਼ ਨਾਲ ਕਰ ਦਿੱਤਾ ਸੀ। ਉਨ੍ਹਾਂ ਦਾ ਪਰਿਵਾਰ ਪੀਰਾਂ ਦੀ ਸੇਵਾ ਕਰਨ ਆਉਂਦਾ ਸੀ।

ਜੁਨੀਸ਼ ਫੌਜੀ ਅਫ਼ਸਰ ਸੀ। ਮੇਰਾ ਉਹਦੇ ਨਾਲ ਮੁਕਲਾਵਾ ਤੋਰਿਆ ਜਾਣਾ ਸੀ। ਉੱਨੀ ਸਾਲ ਦੀ ਹੋ ਗਈ ਸਾਂ। ਉਹ ਫੌਜ 'ਚੋਂ ਛੁੱਟੀ ਆਇਆ ਹੋਇਆ ਸੀ। ਮੁਕਲਾਵੇ ਦੀਆਂ ਤਿਆਰੀਆਂ ਹੋ ਰਹੀਆਂ ਸਨ। ਉਦੋਂ ਹੀ ਰੌਲੇ ਪੈ ਗਏ ਸਨ। ਕਾਫ਼ਰਾਂ ਨੇ ਮੇਰਾ ਜੁਨੀਸ਼ ਧੋਖੇ ਨਾਲ ਕਤਲ ਕਰ ਦਿੱਤਾ। ਨਹੀਂ ਤਾਂ ਉਹ ਭੁੰਨ ਕੇ ਰੱਖ ਦਿੰਦਾ। ਪੱਕੀ ਰਫਲ ਉਹਦੇ ਕੋਲ ਸੀ। ਪਰ ਜ਼ਾਲਮਾਂ ਨੇ....। ਇਹ ਖ਼ਬਰ ਸਾਡੇ ਘਰਾਂ ਤੱਕ ਪਹੁੰਚੀ ਤਾਂ ਸਾਰੇ ਸਹਿਮ ਗਏ ਸਨ। ਰਾਤੋ ਰਾਤ ਪਿੰਡ ਛੱਡਣ ਦੀ ਤਿਆਰੀ ਕਰਨ ਲੱਗੇ ਸਨ। ਪਰ ਦਾਦਾ ਜਾਨ ਬਾਲਾ ਪੀਰ ਨੂੰ ਇਕੱਲਿਆਂ ਨੂੰ ਛੱਡ ਕੇ ਜਾਣ ਲਈ ਤਿਆਰ ਨ੍ਹੀਂ ਸੀ। ਸਾਰੇ ਕਾਜ਼ੀ ਦਾਦੇ 'ਤੇ ਔਖੇ ਸਨ। ਉਨ੍ਹਾਂ ਨੂੰ ਮਸਾਂ ਮਨਾਇਆ ਸੀ। ਤੁਰਨ ਵੇਲੇ ਸਾਰੇ ਜਣੇ ਰੋਜ਼ੇ ਇਕੱਠੇ ਹੋਏ।

"ਹੇ ਮੇਰੇ ਪਰਵਰਦਿਗਾਰ। ਤੂੰ ਕੰਧ ਤੋਰ ਲਈ ਸੀ। ਅਕਬਰ ਬਾਦਸ਼ਾਹ ਨੂੰ ਲਾਲ ਦੀ ਦਾਤ ਬਖਸ਼ੀ ਸੀ। ਹੁਣ ਆਪਣੇ ਜੀਆਂ ਦੀ ਰੱਖਿਆ ਕਰ।" ਦਾਦੇ ਨੇ ਪੀਰ ਅੱਗੇ ਗੋਡੇ ਟੇਕੇ ਹੋਏ ਸਨ। ਸਾਰੀ ਖ਼ਲਕਤ ਨੇ ਉਨ੍ਹਾਂ ਅੱਗੇ ਹੱਥ ਅੱਡੇ, ਪਰ ਕੁਝ ਨ੍ਹੀਂ ਬਣਿਆ। ਉਸ ਦਿਨ ਤਾਂ ਪੀਰ ਵੀ ਪੱਥਰ ਦਾ ਹੋ ਗਿਆ ਸੀ।

ਅਜੇ ਬਹਿਰਾਮ ਕੈਂਪ ਵਿਚ ਪਹੁੰਚੇ ਨਹੀਂ ਸੀ। ਰਾਹ ਵਿੱਚ ਹੀ ਹਮਲਾ ਹੋ ਗਿਆ। ਮੈਂ ਉਹ ਦ੍ਰਿਸ਼ ਬਿਆਨ ਨ੍ਹੀਂ ਕਰ ਸਕਦੀ। ਅੰਨ੍ਹੀ ਹੋ ਜਾਂਦੀ ਹਾਂ। ਮੈਂ ਬਹੁਤ ਵਾਰ ਭੁੱਲਣ ਦੀ ਕੋਸ਼ਿਸ਼ ਕੀਤੀ ਹੈ ਪਰ ਭੁੱਲ ਨ੍ਹੀਂ ਹੁੰਦਾ।

ਬਲਵੀਰ ਦੇ ਜਨਮ ਤੋਂ ਬਾਅਦ ਇਨ੍ਹਾਂ ਘਰ ਅਖੰਡ ਪਾਠ ਕਰਵਾਇਆ ਸੀ। ਭੈਣਾਂ-ਫੁੱਫੀਆਂ ਨੂੰ ਕੱਪੜੇ ਲੀੜੇ ਦਿੱਤੇ। ਸਾਰੇ ਰਿਸ਼ਤੇਦਾਰ ਆਏ ਹੋਏ ਸਨ। ਮੈਨੂੰ ਅੰਮੀ ਜਾਨ, ਭਾਈ, ਅੱਬਾ ਜਾਨ ਤੇ ਹਮਸ਼ੀਰਾ ਬਹੁਤ ਯਾਦ ਆਏ। ਮੈਂ ਅੰਦਰ ਵੜ ਕੇ ਰੋਈ। ਜੇ ਮੈਂ ਆਪਣੇ ਘਰ ਹੁੰਦੀ, ਘਰ ਮੇਲਾ ਲੱਗਾ ਹੋਣਾ ਸੀ। ਨਾਨਕੀਆਂ-ਦਾਦਕੀਆਂ ਦੀਆਂ ਸਿੱਠਣੀਆਂ,

ਹਲਾਲ ਹੁੰਦੇ ਬੱਕਰੇ, ਸ਼ਰਾਬੀਆਂ ਦੇ ਮੱਘੇ ਮੇਰੇ ਜ਼ਿਹਨ ਵਿਚ ਘੁੰਮੀ ਜਾ ਰਹੇ ਸਨ। ਘਰ ਦੀ ਹੀ ਕਲਪਨਾ ਕਰੀ ਜਾ ਰਹੀ ਸੀ।

ਇੱਥੇ ਲਾਗੇ ਪਿੰਡ ਮੈਦਲੀ ਆ। ਉਥੇ ਵੱਡਾ ਰੋਜ਼ਾ ਹੈ। ਮੈਂ ਅਗਲੇ ਦਿਨ ਚੋਰੀ ਉਥੇ ਗਈ ਸੀ। ਕਬਰ 'ਤੇ ਬੱਚੇ ਦਾ ਮੱਥਾ ਟਿਕਾਅ ਕੇ ਲਿਆਈ ਸੀ। ਉਦੋਂ ਉਥੇ ਗੱਦੀਨਸ਼ੀਨ ਸਾਈਂ ਨੁਸਰਤ ਖ਼ਾਂ ਸੀ। ਫੱਕਰਾਂ ਨੇ ਬੱਚੇ ਨੂੰ ਤੇ ਮੈਨੂੰ ਆਸ਼ੀਰਵਾਦ ਦਿੱਤਾ ਸੀ। ਉਹ ਮੈਨੂੰ ਆਪਣੇ ਲੱਗੇ ਸੀ।

ਮੈਂ ਬੜੇ ਔਖੇ ਦਿਨ ਕੱਟੇ। ਬਚਿੱਤਰ ਸਿੰਘ ਮੇਰੇ ਨਾਲ ਰਖੇਲਾਂ ਨਾਲੋਂ ਵੀ ਮਾੜਾ ਵਰਤਾਓ ਕਰਦਾ। ਬੱਚੇ ਵੱਡੇ ਹੋ ਰਹੇ ਸੀ। ਬਚਿੱਤਰ ਸਿੰਘ ਮੁੰਡੇ ਨੂੰ ਕੁੱਟਦਾ-ਮਾਰਦਾ ਰਹਿੰਦਾ। ਬੁੜ੍ਹੀ ਤਾਂ 'ਜਲਿਆ ਮੁਸਲਾ' ਹੀ ਸੱਦਦੀ। ਮੈਨੂੰ ਬੜਾ ਗੁੱਸਾ ਆਉਂਦਾ। ਨਿਆਣੇ ਸਕੂਲ ਪੜ੍ਹਨ ਜਾਂਦੇ ਤਾਂ ਸੁੱਖ ਦਾ ਸਾਹ ਆਉਂਦਾ। ਛਿੰਦਰ ਤਾਂ ਪੰਜਵੀਂ ਪਾਸ ਕਰ ਕੇ ਹਟਾ ਲਈ ਸੀ। ਬਲਵੀਰ ਵੱਡੇ ਸਕੂਲ ਪੜ੍ਹਨ ਪਾ 'ਤਾ ਸੀ।

ਇੱਕ ਵਾਰੀ ਉਹ ਹੁਕਮੇ ਡਰਾਇਵਰ ਦੇ ਮੁੰਡੇ ਨਾਲ ਮੈਦਲੀ ਰੋਜ਼ੇ ਚਲੇ ਗਿਆ। ਉਨ੍ਹਾਂ ਕਬਰ 'ਤੇ ਚਾਦਰ ਚੜ੍ਹਾਉਣੀ ਸੀ। ਬਚਿੱਤਰ ਸਿੰਘ ਨੂੰ ਮੁੰਡੇ ਦੇ ਜਾਣ ਦਾ ਪਤਾ ਲੱਗ ਗਿਆ। ਇਸ ਨੇ ਆਉਂਦਾ ਹੀ ਮੁੰਡਾ ਢਾਹ ਲਿਆ। ਗੁੱਟ ਤੋਂ ਫੜ ਕੇ ਮੁੰਡੇ ਦਾ ਅੜਾਹਟ ਕਢਾ ਦਿੱਤਾ ਸੀ। ਕੁੱਟ-ਕੁੱਟ ਕੇ ਬੁਰਾ ਹਾਲ ਕਰ ਦਿੱਤਾ।

"ਇਹ ਸਾਲੇ ਕੋਈ ਬੰਦੇ ਆ। ਜਿਨ੍ਹਾਂ ਦਾ ਕੋਈ ਧਰਮ ਨਾ ਇਮਾਨ। ਸਿੱਖ ਹੋ ਕੇ ਚਾਦਰਾਂ ਚੜ੍ਹਾਂਦੇ ਪਏ ਨੇ।" ਇਹ ਡਰਾਇਵਰ ਦੇ ਟੱਬਰ ਨੂੰ ਗਾਲ੍ਹਾਂ ਕੱਢਣ ਲੱਗ ਪਿਆ ਸੀ। ਇਹ ਗੱਲਾਂ ਸੁਣ ਕੇ ਮੇਰੇ ਅੰਦਰੋਂ ਲਾਟ ਨਿਕਲੀ ਸੀ।

ਮੈਂ ਉਸ ਦਿਨ ਨੂੰ ਕੋਸਣ ਲੱਗ ਪਈ, ਜਿਸ ਦਿਨ ਇਹਦੇ ਲੜ ਲੱਗੀ ਸੀ। ਮੈਨੂੰ ਗੁਰਦੁਆਰੇ ਲਿਜਾ ਕੇ ਨਵ੍ਹਾਇਆ ਸੀ। ਇਨ੍ਹਾਂ ਦੇ ਸ਼ਬਦਾਂ ਵਿੱਚ ਪਵਿੱਤਰ ਕੀਤਾ ਸੀ। ਮੂਲਾ ਸਿੰਘ ਨੇ ਆਪ ਮੋਹਰੇ ਹੋ ਕੇ ਅੰਮ੍ਰਿਤ ਛਕਾਇਆ ਸੀ। ਮੈਂ ਅੱਲ੍ਹਾ ਤਾਲਾ ਦਾ ਭਾਣਾ ਮੰਨ ਕੇ ਗਾਤਰਾ ਪਾ ਲਿਆ ਸੀ। ਉਨ੍ਹਾਂ ਜਮੀਲਾ ਤੋਂ ਪ੍ਰੀਤਮ ਕੌਰ ਬਣਾਇਆ ਸੀ। ਚੌਂਕੇ-ਚੁੱਲ੍ਹੇ ਚਾੜ੍ਹਨ ਲਈ ਇਹ ਸ਼ਰਤ ਇਨ੍ਹਾਂ ਦੀ ਜ਼ਰੂਰੀ ਸੀ। ਬਚਿੱਤਰ ਸਿੰਘ ਦੀ ਮਾਂ ਨੱਕ 'ਕੱਠਾ ਕਰੀ ਫਿਰ ਰਹੀ ਸੀ। ਕਹਿੰਦੀ ਸੀ ਜੇ ਇਦੇਂ ਹੀ ਚੌਂਕੇ ਚਾੜ੍ਹ ਲਈ ਤਾਂ ਅਸੀਂ ਭਿੱਟ ਜਾਵਾਂਗੇ।

ਪਹਿਲਾਂ ਪਹਿਲ ਬੁੜ੍ਹੀ ਨੇ ਮੈਨੂੰ ਮੱਲੋ-ਮੱਲੀ ਗੁਰਦੁਆਰੇ ਲੈ ਜਾਣਾ। ਮੇਰੀ ਕੋਈ ਰੁਚੀ ਨ੍ਹੀਂ ਸੀ। ਮੈਂ ਕਦੇ ਪਾਠ ਨ੍ਹੀਂ ਕੀਤਾ, ਨਮਾਜ਼ ਪੜ੍ਹਦੀ ਹਾਂ। ਇਹ ਸਮਝਦੇ ਸੀ ਕਿ ਪਾਠ ਕਰਦੀ ਹਾਂ। ਗੁਰਦੁਆਰੇ ਤਾਂ ਘੁੰਮ-ਫਿਰ ਆਉਂਦੀ ਸੀ। ਗੁਰੂਆਂ ਨੂੰ ਸਜਦਾ ਕਰ ਆਉਂਦੀ ਸੀ। ਹਾਂ, ਗੁਰਦੁਆਰੇ ਜਾਣ ਨਾਲ ਪ੍ਰੋਹਤਾਂ ਦੀ ਜਨਕੋ ਦੁਲਾਰੀ ਨਾਲ ਸਹੇਲਪੁਣਾ ਪੈ ਗਿਆ ਸੀ। ਉਹ ਗੁਰਦੁਆਰਿਆਂ-ਮੰਦਰਾਂ ਵਿੱਚ ਤੁਰੀ ਰਹਿੰਦੀ। ਮੈਨੂੰ ਉਹਦੀਆਂ ਗੱਲਾਂ ਚੰਗੀਆਂ ਲਗਦੀਆਂ। ਉਹ ਕੱਟੜ ਨ੍ਹੀਂ ਸੀ।

ਬਲਵੀਰ ਦਸਵੀਂ ਤੋਂ ਬਾਅਦ ਅਗਾਂਹ ਨਾ ਪੜ੍ਹਿਆ। ਪੜ੍ਹਨ ਨੂੰ ਮਾੜਾ ਸੀ। ਬਚਿੱਤਰ ਸਿੰਘ ਉਹਦੇ ਨਾਲ ਟੂੰਡ-ਕਟਾਈ ਕਰਦਾ ਰਹਿੰਦਾ। ਸਾਰੀ ਉਮਰ ਮੇਰੇ ਨਾਲ ਕਲੇਸ਼ ਰਖਿਆ। ਮੁੰਡਾ ਵੱਡਾ ਹੋਇਆ ਤਾਂ ਉਹਦੇ ਨਾਲ ਸ਼ੁਰੂ ਕਰ ਲਿਆ। ਉਹ ਵੀ ਮੂਹਰੇ ਆਕੜਨ ਲੱਗ ਪਿਆ ਸੀ। ਜਦੋਂ ਕਦੇ ਇਹ ਮੈਨੂੰ ਮਾਰਦਾ, ਉਹ ਮੇਰੀ ਮੱਦਤ ਕਰਦਾ।



ਇਹਦੀ ਬੁੜ੍ਹੀ ਤੇ ਬੁੜ੍ਹਾ ਪੰਜ-ਛੇ ਮਹੀਨੇ ਦੇ ਅੰਤਰ ਨਾਲ ਹੀ ਦੁਨੀਆਂ ਤੋਂ ਚੱਲਦੇ ਹੋਏ। ਇਹ ਉੱਚੀ-ਉੱਚੀ ਕੀਰਨੇ ਪਾਵੇ। ਲੋਕ ਇਹਨੂੰ ਚੁੱਪ ਕਰਾਉਣ ਪਰ ਇਹ ਹਟੇ ਨਾ। ਮੈਨੂੰ ਬੜਾ ਗੁੱਸਾ ਆਇਆ। ਮੇਰੇ ਦਾਦੇ ਵਾਲਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਕਾਫ਼ਰਾਂ ਨੇ ਕਾਫ਼ਲੇ ਨੂੰ ਘੇਰ ਲਿਆ ਸੀ। ਮੈਨੂੰ ਉਦੋਂ ਹੀ ਪਤਾ ਲੱਗਾ ਜਦੋਂ ਚੁੱਕ ਕੇ ਘੋੜੇ 'ਤੇ ਬਿਠਾ ਲੀ। ਮੈਂ ਕਿਵੇਂ ਨਾ ਕਿਵੇਂ ਉਨ੍ਹਾਂ ਤੋਂ ਛੁੱਟ ਗਈ ਸੀ। ਭੱਜ ਕੇ ਦਾਦੇ ਦੀਆਂ ਲੱਤਾਂ ਨੂੰ ਚਿੰਬੜ ਗਈ ਸੀ। ਉਹ ਚਾਰ-ਪੰਜ ਜਣੇ ਮੇਰੀ ਲੱਤਾਂ ਤੋਂ ਕਰਿੰਗੜੀ ਛੁਡਾ ਕੇ ਲੈ ਜਾਂਦੇ। ਮੈਂ ਮੁੜ ਉਨ੍ਹਾਂ ਤੋਂ ਛੁਟ ਜਾਂਦੀ ਤੇ ਦਾਦੇ ਦੀਆਂ ਲੱਤਾਂ ਨਾਲ ਚਿੰਬੜ ਜਾਂਦੀ। ਪੰਜ-ਛੇ ਵਾਰ ਏਦਾਂ ਹੋਇਆ। ਇੱਕ ਕਾਫ਼ਰ ਨੇ ਦਾਦੇ ਦੀਆਂ ਲੱਤਾਂ ਹੀ ਵੱਢ ਦਿੱਤੀਆਂ। ਮੇਰੇ ਹੱਥਾਂ ਵਿੱਚ ਗੋਡਿਆਂ ਤੋਂ ਥੱਲੇ ਦਾ ਹਿੱਸਾ ਰਹਿ ਗਿਆ ਸੀ। ਜਿੱਦਾਂ ਮੇਰੇ ਹੱਥਾਂ ਵਿੱਚ ਹਿੰਦੁਸਤਾਨ ਰਹਿ ਗਿਆ ਸੀ। ਪਰ੍ਹਾਂ ਡਿੱਗਿਆ ਪਾਕਿਸਤਾਨ ਤੜਫ਼ ਰਿਹਾ ਸੀ। ਮੈਤੋਂ ਦੋਨਾਂ ਦੀ ਤੜਫ਼...। ਦਾਦੇ ਦੀ ਹਾਲਤ ਦੇਖੀ ਨਾ ਗਈ। ਨ੍ਹੇਰਨੀ ਖਾ ਕੇ ਡਿੱਗ ਪਈ ਸੀ। ਫੇਰ ਮੈਨੂੰ ਨੀ ਪਤਾ ਕੀ ਹੋਇਆ। ਦਿਨਾਂ ਰਾਤਾਂ ਦਾ ਹਿਸਾਬ ਨਾ ਰਿਹਾ। ਕਾਲ-ਕੋਠੜੀ ਵਿਚ ਬੰਦ ਸੀ। ਕਈ ਦਿਨਾਂ ਬਾਅਦ ਕੱਢੀਆਂ। ਫੇਰ ਜਥੇਦਾਰ ਮੂਲਾ ਸਿੰਘ ਤੇ ਪੰਡਿਤ ਕਿਸ਼ੋਰ ਦੱਤ ਦੇ ਜਥੇ ਦੀਆਂ ਤਲਵਾਰਾਂ ਲਿਸ਼ਕੀਆਂ।

ਪੰਜਾਹ ਵਾਰ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਕਮੀਨਿਆਂ ਨੂੰ ਭੁੱਲ ਜਾਵਾਂ। ਪਰ ਦਾਦੇ ਦੀਆਂ ਲੱਤਾਂ ਭੁੱਲਣ ਨਹੀਂ ਦਿੰਦੀਆਂ: ਇਹਦਾ ਪਿਓ ਮਰਿਆ, ਕਿਸ ਤਰ੍ਹਾਂ ਅੜਾਹਟ ਪਾਇਆ ਹੋਇਆ। ਸਾਰਾ ਅਸਮਾਨ ਸਿਰ 'ਤੇ ਚੁੱਕਿਆ ਪਿਆ। ਉਹ ਤੇ ਆਪਣੀ ਮੌਤ ਮਰਿਆ। ਮੇਰਾ ਦਾਦਾ..। ਮੇਰੇ ਹੱਥਾਂ ਵਿੱਚ ਦਾਦੇ ਦੇ ਗਿੱਟੇ ਮਹਿਸੂਸ ਹੋਏ। ਮੈਂ ਵੀ ਕੀਰਨੇ ਪਾਉਣ ਲੱਗ ਪਈ ਸੀ।

ਬਚਿੱਤਰ ਸਿੰਘ ਹੁਰੀਂ ਬੁੱਢੀ ਤੇ ਬੁੱਢੇ ਦੇ ਅਸਤ ਪਾਉਣ ਕੀਰਤਪੁਰ ਸਾਹਿਬ ਗਏ। ਦੋਨੋਂ ਵਾਰ ਮੈਨੂੰ ਬੜਾ ਜ਼ੋਰ ਪਾਇਆ, ਮੈਂ ਨਾ ਗਈ। ਮੈਂ ਪ੍ਰੀਤਮ ਕੌਰ ਬਣਨਾ ਨਹੀਂ ਸੀ ਚਾਹੁੰਦੀ।

ਉਸ ਤੋਂ ਅਗਲੇ ਸਾਲ ਆਨੰਦਪੁਰ ਸਾਹਿਬ ਵਿਸਾਖੀ ਦੇ ਮੇਲੇ 'ਤੇ ਪਿੰਡੋਂ ਟਰਾਲੀ ਗਈ। ਜਨਕੋ ਦੁਲਾਰੀ ਮੇਰੇ 'ਤੇ ਵੀ ਜ਼ੋਰ ਪਾਉਣ ਲੱਗੀ। ਸਾਰਾ ਟੱਬਰ ਮੇਲਾ ਦੇਖਣ ਤੁਰ ਪਿਆ। ਆਨੰਦਪੁਰੋਂ ਹੋ ਕੇ ਕੀਰਤਪੁਰ ਗਏ। ਇਹ ਉਥੇ ਖੜ੍ਹ ਕੇ ਵੀ ਰੋਂਦਾ ਰਿਹਾ। ਲੰਗਰ ਖਾਣ ਤੋਂ ਬਾਅਦ ਢਾਡੀਆਂ ਦੀਆਂ ਵਾਰਾਂ ਸੁਣਨ ਭਾਈ ਗੁਰਦਿੱਤੇ ਵਾਲੇ ਪੰਡਾਲ ਵਿੱਚ ਚਲੇ ਗਏ। ਉਨ੍ਹਾਂ ਸਾਕਾ ਸਰਹੰਦ ਸ਼ੁਰੂ ਕੀਤਾ ਹੋਇਆ ਸੀ—

"ਖਾਲਸਾ ਜੀ, ਗੁਰੂ ਗੋਬਿੰਦ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਨੇ ਮੁਸਲਮਾਨ ਬਣਨ ਲਈ ਬਥੇਰੇ ਲਾਲਚ ਦਿੱਤੇ, ਪਰ ਉਹ ਨਾ ਮੰਨੇ। ਸੂਬੇ ਨੇ ਕਿਹਾ ਕਿ ਧਰਮ ਬਦਲ ਲਓ, ਨਹੀਂ ਤਾਂ ਤੁਖ਼ਮ ਉਡਾ ਦਿਆਂਗਾ। ਮਾਤਾ ਗੁਜਰੀ ਦੇ ਲਾਡਲੇ ਪੋਤਿਆਂ ਨੇ ਕਿਹਾ-ਸਿਰ ਜਾਂਦਾ ਤਾਂ ਜਾਵੇ, ਪਰ ਧਰਮ ਨ੍ਹੀਂ ਬਦਲਾਂਗੇ।.....ਖਾਲਸਾ ਜੀ, ਜ਼ਾਲਮਾਂ ਨੇ ਨਿੱਕੇ-ਨਿੱਕੇ ਲਾਲ ਨੀਹਾਂ ਵਿਚ ਚਿਣ ਦਿੱਤੇ ਪਰ ਉਨ੍ਹਾਂ ਧਰਮ ਨੂੰ ਆਂਚ ਨ੍ਹੀਂ ਆਣ ਦਿੱਤੀ।"

ਢਾਡੀਆਂ ਦਾ ਪ੍ਰਚਾਰਕ ਬਾਹਾਂ ਕੱਢ-ਕੱਢ ਕੇ ਸਾਕਾ ਸਰਹੰਦ ਸੁਣਾ ਰਿਹਾ ਸੀ। ਸੁਣ ਕੇ ਪਹਿਲਾਂ ਮੈਨੂੰ ਬੜਾ ਜੋਸ਼ ਆਇਆ। ਫੇਰ ਮੇਰਾ ਸਾਹ ਫੁੱਲਣ ਲੱਗ ਪਿਆ। ਮੈਂ ਰੋ ਪਈ। ਮੈਥੋਂ ਉਥੇ ਹੋਰ ਬੈਠਿਆ ਨਾ ਗਿਆ। ਭੱਜ ਹੀ ਲਈ। ਬਾਬਾ ਬੁੱਢਣ ਸ਼ਾਹ ਦੇ ਜਾ ਕੇ ਸਾਹ

ਲਿਆ ਸੀ। ਬਲਵੀਰ ਹੁਰੀਂ ਮਗਰ ਹੀ ਆ ਗਏ ਸੀ। ਰਾਤੋ ਰਾਤ ਉਥੋਂ ਤੁਰ ਪਏ ਸੀ। ਬਚਿੱਤਰ ਸਿੰਘ ਨੇ ਮੈਨੂੰ ਬੜੀਆਂ ਗਾਲ੍ਹਾਂ ਕੱਢੀਆਂ।

ਕਈ ਮਹੀਨੇ ਸਾਕਾ ਸਰਹੰਦ ਹੀ ਮੇਰੇ ਕੰਨਾਂ ਵਿੱਚ ਗੂੰਜਦਾ ਰਿਹਾ। ਮੈਂ ਰਾਤ ਨੂੰ ਉੱਠ ਕੇ ਤੁਰ ਪੈਂਦੀ ਸੀ। ਇੱਕ ਪਾਸੇ ਸਾਕਾ ਸਰਹੰਦ ਸੀ, ਦੂਜੇ ਪਾਸੇ ਦਾਦੇ ਦਾ ਕਤਲ। ਜ਼ਬਰਦਸਤੀ ਅੰਮ੍ਰਿਤ ਛਕਾਉਣਾ। ਇਹ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੇ। ਮੈਂ ਰਾਤ ਨੂੰ ਉੱਠ ਕੇ ਤੁਰ ਪੈਂਦੀ ਸੀ। ਆਪ ਮੁਹਾਰੇ ਬੋਲਣ ਲੱਗ ਪੈਂਦੀ ਸੀ। ਮੇਰੇ ਅੰਦਰ ਇੱਕ ਸੰਘਰਸ਼ ਚੱਲ਼ ਪਿਆ ਸੀ। ਜਨਕੋ ਦੁਲਾਰੀ ਬਥੇਰਾ ਸਮਝਾਉਂਦੀ, ਪਰ ਮੈਂ ਰੋਗਣ ਹੋ ਗਈ ਸੀ। ਮੈਨੂੰ ਕੱਟੇ-ਵੱਢੇ ਔਰਤਾਂ ਮਰਦ ਦਿਖਦੇ। ਕਿਸੇ ਦੀਆਂ ਲੱਤਾਂ ਵੱਢੀਆਂ ਹੁੰਦੀਆਂ, ਕਿਸੇ ਦੀਆਂ ਬਾਹਾਂ। ਇੱਕ ਰਾਤ ਤਾਂ ਕਹਿਰ ਹੋ ਗਿਆ। ਮੇਰੇ ਤਾਏ ਦੀ ਧੀ ਸੁਲਤਾਨਾ ਮੇਰੀ ਪੁਆਂਦੀ ਆ ਖੜ੍ਹੀ ਹੋਈ। ਉਹਦੀਆਂ ਦੋਨੋਂ ਛਾਤੀਆਂ ਵੱਢੀਆਂ ਹੋਈਆਂ ਸਨ। ਖ਼ੂਨ ਦੀਆਂ ਤਤੀਰੀਆਂ ਵਹਿ ਰਹੀਆਂ ਸੀ। ਮੇਰੀ ਚੀਕ ਨਿਕਲ ਗਈ ਸੀ।

ਜਨਕੋ ਦੁਲਾਰੀ ਓਪਰੀ ਕਸਰ ਸਮਝ ਕੇ ਮੈਨੂੰ ਸ਼ਹਿਰ ਮੰਦਰ ਲੈ ਗਈ। ਉਥੇ ਇਕ ਪੰਡਿਤ ਪਾਣੀ ਪੜ੍ਹ ਕੇ ਦਿੰਦਾ ਸੀ। ਮੰਦਰ ਗਈਆਂ, ਤਾਂ ਮੰਦਰ ਦੇ ਬਾਹਰ 'ਗਰਵ ਸੇ ਕਹੋ ਹਮ ਹਿੰਦੂ ਹੈਂ' ਦੇ ਨਾਅਰੇ ਲੱਗ ਰਹੇ ਸਨ। ਅੰਦਰ ਵੜੀਆਂ ਤਾਂ ਪੰਡਿਤ ਜੀ ਗੀਤਾ ਉਪਦੇਸ਼ ਦੇ ਰਹੇ ਸਨ—

"ਭਗਵਾਨ ਕ੍ਰਿਸ਼ਨ, ਅਰਜਨ ਨੂੰ ਉਪਦੇਸ਼ ਦਿੰਦੇ ਹਨ ਕਿ ਤੂੰ ਯੁੱਧ ਕਰ। ਇਹ ਧਰਮ ਦੀ ਅਧਰਮ 'ਤੇ ਜਿੱਤ ਹੋਵੇਗੀ। ਜੇ ਤੂੰ ਜਿੱਤ ਗਿਆ ਤਾਂ ਰਾਜ-ਭਾਗ ਮਿਲੇਗਾ। ਹਾਰ ਗਿਆ, ਤਾਂ ਸਵਰਗਾਂ 'ਚ ਜਾਏਂਗਾ। ਕਿਉਂਕਿ ਤੂੰ ਧਰਮ-ਯੁੱਧ ਲੜ ਰਿਹਾ ਹੈਂ।" ਮੈਂ ਉਥੋਂ ਵੀ ਭੱਜ ਲਈ ਸੀ। ਜਨਕੋ ਦੁਲਾਰੀ ਮੇਰੇ ਨਾਲ ਹੀ ਤੁਰ ਪਈ ਸੀ। ਉਹਨੇ ਮੈਨੂੰ ਹੋਰ ਤੰਗ ਨਾ ਕੀਤਾ।

ਮੈਂ ਗੁਰਦੁਆਰੇ ਮੰਦਰ ਜਾਣਾ ਬੰਦ ਕਰ ਦਿੱਤਾ। ਜਦੋਂ ਚਲੇ ਜਾਂਦੀ, ਉਨ੍ਹਾਂ ਕੋਈ ਸਾਕਾ ਸ਼ੁਰੂ ਕਰ ਲੈਣਾ। ਉਸੇ ਵੇਲੇ ਮੇਰੇ ਹੱਥਾਂ ਵਿਚ ਦਾਦੇ ਦੇ ਗਿੱਟੇ ਆ ਜਾਂਦੇ। ਮੈਂ ਰਿਸ਼ਤੇਦਾਰੀ ਵਿਚ ਵੀ ਅਖੰਡ ਪਾਠਾਂ ਜਾਂ ਭੋਗਾਂ 'ਤੇ ਨਾ ਜਾਂਦੀ। ਜੇ ਜਾਣਾ ਪੈ ਜਾਏ ਤਾਂ ਆਪਣੇ ਆਪ ਨੂੰ ਕੰਮ ਵਿਚ ਉਲਝਾ ਲੈਂਦੀ।

ਬਲਵੀਰ ਅੱਡ ਦੁਖੀ ਸੀ। ਪਿਓ-ਪੁੱਤ ਲੜ ਪੈਂਦੇ। ਘਰ ਵਿਹਲਾ ਜੂ ਸੀ। ਘਰ ਵਿਚ ਰੋਜ਼ ਕਲੇਸ਼ ਪਿਆ ਰਹਿੰਦਾ। ਘਰ ਜੁਆਨ ਧੀ ਬੈਠੀ ਸੀ। ਬਲਬੀਰ ਤਾਂ ਅੱਕ ਕੇ ਹੁਕਮੇ ਦੇ ਮੁੰਡੇ ਨਾਲ ਡਰਾਇਵਰੀ ਸਿੱਖਣ ਲੱਗ ਪਿਆ। ਡੇਢ ਸਾਲ ਮੁੰਡੇ ਨੇ ਬੜੇ ਧੱਕੇ ਖਾਧੇ। ਪਰ ਪੂਰਾ ਡਰਾਇਵਰ ਬਣ ਗਿਆ ਸੀ। ਜਰਦਾ ਖਾਣ ਦੀ ਮਾੜੀ ਆਦਤ ਪੈ ਗਈ ਸੀ। ਇੱਕ ਦਿਨ ਸਿਰ ਤੇ ਦਾੜ੍ਹੀ ਮੁਨਾ ਕੇ ਆ ਗਿਆ।

"ਦੇਖ ਸਾਲੇ ਨੇ ਖੁਸਰੇ ਦੀ ਅੱਡੀ ਅਰਗਾ ਮੂੰਹ ਕੱਢਿਆ ਪਿਆ।" ਬਚਿੱਤਰ ਸਿੰਘ ਨੇ ਮੁੰਡੇ 'ਤੇ ਹੱਥ ਚੁੱਕ ਲਿਆ ਸੀ। ਉਹ ਕਿਹੜਾ ਘੱਟ ਸੀ। ਚੁੱਕ ਕੇ ਖੁਰਲੀ ਵਿਚ ਮਾਰਿਆ। ਗਲੀ ਕਰਾ ਕੇ ਮਜ਼ਾ ਆਇਆ ਸੀ।

ਛਿੰਦਰ ਦਾ ਵਿਆਹ ਕਰਨਾ ਪੈ ਗਿਆ। ਵਿਆਹ ਤੋਂ ਬਾਅਦ ਮੇਰੀ ਹਾਲਤ ਹੋਰ ਤਰ੍ਹਾਂ ਦੀ ਹੋ ਗਈ। ਵਿਆਹ ਵਿੱਚ ਮੇਰੇ ਨਾਲ ਲਾਗੀਆਂ ਨਾਲੋਂ ਵੀ ਮਾੜਾ ਵਿਹਾਰ ਹੋਇਆ।



ਜਿਵੇਂ ਛਿੰਦਰ ਦੀ ਮਾਂ ਮੈਂ ਹੋਵਾਂ ਨਾ। ਮੈਨੂੰ ਅੰਮੀ ਜਾਨ, ਅੱਬਾ ਜਾਨ, ਭਾਈ ਤੇ ਭੈਣਾਂ ਦੀ ਬਹੁਤ ਯਾਦ ਆਉਣ ਲੱਗ ਪਈ। ਫੇਰ ਮੈਨੂੰ ਦਾਦਾ ਜਾਨ ਤੇ ਉਹ ਕੁੜੀ ਤੰਗ ਕਰਨ ਲੱਗ ਪਏ। ਕੁੜੀ ਦੀ ਵੱਢੀ ਹੋਈ ਧੌਣ ਮੇਰੇ ਆਲੇ-ਦੁਆਲੇ ਚੱਕਰ ਕੱਢਣ ਲੱਗ ਪੈਂਦੀ। ਸੁਲਤਾਨਾ ਦੀਆਂ ਵੱਢੀਆਂ ਛਾਤੀਆਂ ਮੂਲਾ ਸਿੰਘ ਤੇ ਕਿਸ਼ੋਰ ਦੱਤ ਵਰਗਿਆਂ ਦੇ ਮੂੰਹਾਂ ਵਿਚ ਹੁੰਦੀਆਂ। ਪਤਾ ਨ੍ਹੀਂ ਇੱਕ ਦਿਨ ਮਨ ਵਿਚ ਕੀ ਆਇਆ, ਮੈਂ ਸਰਾਹਲ ਕਾਜ਼ੀਆਂ ਨੂੰ ਚਲੇ ਗਈ। ਬਾਲਾ ਪੀਰ ਨੂੰ ਅਜੇ ਜਾ ਕੇ ਸਜਦਾ ਹੀ ਕੀਤਾ ਸੀ ਬਚਿੱਤਰ ਸਿੰਘ ਮੈਨੂੰ ਧੌਣ ਤੋਂ ਫੜ ਆਪਣੇ ਪਿੰਡ ਲੈ ਆਇਆ ਸੀ। ਪਰੈਣੀ ਨਾਲ ਮੇਰੀ ਝੋਟੇ ਕੁੱਟਣ ਆਂਗ ਕੁੱਟ-ਮਾਰ ਕੀਤੀ। ਮੈਂ ਇਸ ਨੂੰ ਬੁਲਾਉਣਾ ਬੰਦ ਕਰ 'ਤਾ।

ਮੇਰੀ ਹਾਲਤ ਜ਼ਿਆਦਾ ਵਿਗੜ ਗਈ ਸੀ। ਮੇਰੇ ਕੰਨਾਂ ਵਿਚ ਸਾਕਾ ਸਰਹੰਦ ਗੂੰਜਦਾ ਰਹਿੰਦਾ। ਮੇਰੇ ਅੰਦਰ ਧਰਮ ਤੇ ਅਧਰਮ ਦੀ ਟੱਕਰ ਹੋ ਰਹੀ ਸੀ। ਜਮੀਲਾ ਜੀਉਂਦੀ ਹੋ ਰਹੀ ਸੀ। ਮੇਰੇ ਸਾਹਮਣੇ ਸਾਹਿਬਜ਼ਾਦੇ ਮੁਸਕਰਾ ਰਹੇ ਸੀ। ਨੀਂਹਾਂ ਵਿਚ ਚਿਣੀਆਂ ਮਾਸੂਮ ਜਿੰਦਾਂ। ਢਾਡੀਆਂ ਦੀਆਂ ਵਾਰਾਂ ਨੇ ਮੇਰੇ ਅੰਦਰ ਜੋਸ਼ ਭਰ 'ਤਾ। ਪ੍ਰਚਾਰਕ ਦੀ ਜਿਉਂ ਹੀ ਉਂਗਲੀ ਉਤੇ ਗਈ, ਮੈਂ ਗਾਤਰਾ ਲਾਹ ਦਿੱਤਾ।

ਇਹ ਬੜਾ ਤੀਂਘੜਿਆ। ਭਾਈ ਨੂੰ ਗੁਰਦੁਆਰੇ ਤੋਂ ਲੈ ਆਇਆ ਸੀ। ਪਰ ਮੈਂ ਕਿਸੇ ਦੀ ਨਾ ਮੰਨੀ।

ਬਲਵੀਰ ਘਰ ਘੱਟ ਹੀ ਆਉਂਦਾ। ਉਹ ਕਦੇ ਕਿਸੇ ਦੀ ਗੱਡੀ 'ਤੇ ਡਰਾਇਵਰ ਲੱਗ ਜਾਂਦਾ, ਕਦੇ ਕਿਸੇ ਹੋਰ 'ਤੇ। ਚਾਰ-ਪੰਜ ਸਾਲ ਤੋਂ ਬਾਅਦ ਉਹਨੇ ਮੈਦਲੀ ਰੋਜ਼ੇ ਵਾਲੇ ਫ਼ਕੀਰਾਂ ਦੀ ਗੱਡੀ ਚਲਾਣੀ ਸ਼ੁਰੂ ਕਰ ਦਿੱਤੀ। ਬਚਿੱਤਰ ਸਿੰਘ ਇਹ ਸੁਣ ਕੇ ਗਾਲ੍ਹਾਂ ਕੱਢਣ ਲੱਗ ਪਿਆ ਸੀ। ਉਹਨੂੰ ਉਥੋਂ ਹਟ ਜਾਣ ਲਈ ਕਹਿੰਦਾ, ਪਰ ਉਹ ਨਾ ਮੰਨਿਆ।

ਤਿੰਨ-ਚਾਰ ਸਾਲ ਵਿੱਚ ਹੀ ਪੁੱਤ ਨੇ ਨਾਂ ਕਮਾ ਲਿਆ ਸੀ। ਫ਼ਕੀਰਾਂ ਦੇ ਨਜ਼ਦੀਕ ਹੋ ਗਿਆ ਸੀ। ਉਨ੍ਹਾਂ ਦਾ ਖ਼ਾਸ ਬੰਦਾ ਬਣ ਗਿਆ ਸੀ। ਘਰ ਪੈਸੇ ਦੇਣ ਲੱਗ ਪਿਆ ਸੀ। ਜ਼ਿਆਦਾਤਰ ਮੇਰੀ ਹਥੇਲੀ 'ਤੇ ਹੀ ਰੁਪਈਏ ਰੱਖਦਾ। ਇਹ ਸੜ ਜਾਂਦਾ। ਮੈਂ ਫੁੱਲੀ ਨਾ ਸਮਾਉਂਦੀ। ਪੁੱਤ ਨੇ ਕੋਠੀ ਬਣਾ ਕੇ ਘਰ ਦੀ ਗੰਦਗੀ ਕੱਢ ਦਿੱਤੀ ਸੀ। ਘਰ ਪੈਸੇ ਆਉਂਦੇ ਦੇਖ ਕੇ ਇਹ ਚੁੱਪ ਹੋ ਗਿਆ ਸੀ। ਮੈਂ ਰੋਜ਼ੇ ਜਾਂਦੀ। ਮੈਨੂੰ ਰੋਕਦਾ ਨਾ। ਜਿਸ ਦਿਨ ਫ਼ਕੀਰ ਨੇ ਘਰ ਫੇਰਾ ਪਾਉਣਾ ਹੁੰਦਾ ਇਹ ਘਰੋਂ ਗਾਇਬ ਹੋ ਜਾਂਦਾ। ਗੁਰਦੁਆਰੇ ਜਾ ਵੜਦਾ। ਕਈ ਵਾਰ ਫ਼ਕੀਰਾਂ ਦੇ ਸ਼ਹਿਨਸ਼ਾਹੀ ਜੀਵਨ ਦੀਆਂ ਗੱਲਾਂ ਕਰਨ ਲੱਗ ਪੈਂਦਾ। ਫ਼ਕੀਰ ਨੋਟਾਂ ਦਾ ਮੀਂਹ ਵਰ੍ਹਾ ਦਿੰਦੇ ਸੀ। ਇਹ ਉਦੋਂ ਬੜਾ ਖੁਸ਼ ਹੁੰਦਾ।

ਬਲਵੀਰ ਘਰ ਪ੍ਰਾਹੁਣਿਆਂ ਆਂਗ ਹੀ ਆਉਂਦਾ। ਰੋਜ਼ੇ ਦਾ ਸਾਰਾ ਕੰਮ ਸੰਭਾਲਣਾ ਪੈਂਦਾ ਸੀ। ਇਹ ਚਾਹੁੰਦਾ ਸੀ ਮੁੰਡਾ ਰੋਜ਼ ਘਰ ਆਵੇ। ਉਥੇ ਬਹੁਤਾ ਘੁਲੇ-ਮਿਲੇ ਨਾ। ਸਿਰਫ਼ ਕੰਮ ਕਰੇ ਤੇ ਤਨਖ਼ਾਹ ਘਰ ਲਿਆਵੇ। ਇਹਨੇ ਉਹਦਾ ਵਿਆਹ ਕਰਨਾ ਚਾਹਿਆ। ਇੱਕ ਵਾਰੀ ਘਰ ਆਇਆ ਤਾਂ ਵਿਆਹ ਬਾਰੇ ਗੱਲ ਤੋਰ ਲਈ। ਉਹ ਸੱਚੀ ਦਰਗਾਹ ਦੀਆਂ ਗੱਲਾਂ ਕਰਦਾ ਰਿਹਾ। ਫ਼ਕੀਰੀ ਲਾਈਨ ਦੀਆਂ ਗੱਲਾਂ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ। ਮੈਨੂੰ ਲੱਗਿਆ ਉਹਦੀ ਫ਼ਕੀਰਾਂ ਨਾਲ ਲਿਵ ਲੱਗ ਗਈ ਹੈ। ਇਹ ਉਹਦੀਆਂ ਗੱਲਾਂ ਸੁਣ ਕੇ ਸੜ ਗਿਆ ਸੀ। ਉਹ ਵਿਆਹ ਦਾ ਭੋਗ ਹੀ ਪਾ ਗਿਆ ਸੀ।

ਕੁਝ ਦਿਨਾਂ ਬਾਅਦ ਰੋਜ਼ੇ ਗਈ। ਦੇਖਿਆ ਕਿ ਬਲਵੀਰ ਬਲਵੀਰ ਨਹੀਂ ਰਿਹਾ। ਦਾਦੂ ਸ਼ਾਹ ਬਣ ਗਿਆ ਹੈ।

ਤੋਖਾ ਸਾਡਾ ਗੁਆਂਢੀ ਹੈ। ਕੰਧ ਨਾਲ ਕੰਧ ਲੱਗਦੀ ਹੈ। ਉਹਨੇ ਉਨ੍ਹਾਂ ਦਿਨਾਂ ਵਿਚ ਹੀ ਭੋਗ ਰਖਾ ਲਿਆ ਸੀ। ਮੈਨੂੰ ਮਜਬੂਰਨ ਉਥੇ ਜਾਣਾ ਪਿਆ। ਭੋਗ ਪਿਆ ਤਾਂ ਢਾਡੀ ਵਾਰਾਂ ਗਾਉਣ ਲੱਗ ਪਏ। ਪ੍ਰਚਾਰਕ ਨੇ ਸ਼ੁਰੂ ਹੀ ਇੱਥੋਂ ਕੀਤਾ—

"ਖਾਲਸਾ ਜੀ, ਭਾਈ ਤਾਰੂ ਸਿੰਘ ਨੇ ਖੋਪੜੀ ਲੁਹਾ ਲਈ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ 'ਤਾ। ਪਰ ਗੁਰੂ ਦੇ ਸਿੰਘਾਂ ਨੇ ਧਰਮ ਨ੍ਹੀਂ ਬਦਲਿਆ। ਸਿੰਘਣੀਆਂ ਨੇ ਆਪਣੇ ਪੁੱਤਾਂ ਦੀਆਂ ਬੋਟੀਆਂ-ਬੋਟੀਆਂ ਕਰਾ ਕੇ ਝੋਲੀਆਂ ਵਿਚ ਪਾ ਲਈਆਂ। ਪਰ ਖਾਲਸਾ ਜੀ ਧਰਮ 'ਤੇ ਕਾਇਮ ਰਹੀਆਂ।" ਉਹਦੇ ਭਾਸ਼ਣ ਨਾਲ ਮੇਰੇ ਲੂੰਅ-ਕੰਡੇ ਖੜ੍ਹੇ ਹੋ ਗਏ। ਮੈਨੂੰ ਆਪਣਾ ਆਪ ਦੋਸ਼ੀ ਲੱਗਿਆ। ਉਸੇ ਵੇਲੇ ਦਾਦੇ ਦਾ ਅੱਧਾ ਸਰੀਰ ਹਵਾ ਵਿਚ ਲਟਕ ਗਿਆ। ਗਿੱਟੇ ਮੇਰੇ ਹੱਥਾਂ ਵਿਚ ਆ ਗਏ। ਮੈਂ ਅੱਖਾਂ ਤੇ ਮੁੱਠੀਆਂ ਮੀਟ ਲਈਆਂ। ਅੱਖ ਖੋਲ੍ਹੀ ਤਾਂ ਧੌਣ ਵੱਢੀਓ ਕੁੜੀ ਸਾਹਮਣੇ ਆ ਗਈ। ਉਹਦਾ ਧੜ ਮੇਰੇ ਵੱਲ ਨੂੰ ਵਧ ਰਿਹਾ ਸੀ। ਉਹ ਮੈਨੂੰ ਚਿੜਾ ਰਹੀ ਸੀ ਜਾਂ ਵੰਗਾਰ ਰਹੀ ਸੀ, ਪਤਾ ਨਹੀਂ ਲੱਗ ਰਿਹਾ ਸੀ। ਖ਼ੂਨ ਨਾਲ ਨੁੱਚੜਦੀ ਹੋਈ ਸੁਲਤਾਨਾ ਮੇਰੇ ਮੋਹਰੇ ਖੜ੍ਹੀ ਸੀ। ਉਹਦੀਆਂ ਛਾਤੀਆਂ ਵਿਚੋਂ ਨਿਕਲਦਾ ਲਹੂ ਦਰਿਆ ਦਾ ਰੂਪ ਧਾਰਨ ਕਰ ਗਿਆ ਸੀ। ਮੇਰੀ ਅੰਮਾ ਤੇ ਭੈਣਾਂ ਦੀਆਂ ਚੀਕਾਂ ਮੇਰੇ ਕੰਨੀਂ ਪਈਆਂ। ਉਸੇ ਵੇਲੇ ਮੈਨੂੰ ਦੰਦਲ ਪੈ ਗਈ।

ਹੋਸ਼ ਵਿਚ ਆਈ ਤਾਂ ਮੇਰੇ ਸਾਹਮਣੇ ਬਲਵੀਰ ਬੈਠਾ ਸੀ। ਮੈਨੂੰ ਬੇਹੋਸ਼ ਨੂੰ ਰੋਜ਼ੇ ਲੈ ਆਇਆ ਸੀ। ਕਈ ਦਿਨ ਰੋਜ਼ੇ ਰਹੀ। ਬਿਲਕੁਲ ਠੀਕ ਹੋ ਗਈ ਸੀ। ਇਹ ਸਾਰੀ ਕਿਰਪਾ ਮੇਰੇ ਪੁੱਤ ਦੀ ਹੋਈ ਸੀ, ਸਾਈਂ ਦਾਦੂ ਸ਼ਾਹ ਦੀ। ਮੈਂ ਕਦੇ ਪਿੰਡ ਚਲੇ ਜਾਂਦੀ ਤੇ ਕਦੇ ਰੋਜ਼ੇ। ਬਚਿੱਤਰ ਸਿੰਘ ਕਚੀਚੀਆਂ ਵੱਟਦਾ ਰਹਿੰਦਾ ਸੀ। ਪਰ ਬੇਬਸ ਸੀ।

ਉਸ ਦਿਨ ਜਦੋਂ ਰੋਜ਼ੇ ਤੋਂ ਘਰ ਗਈ ਤਾਂ ਬਚਿੱਤਰ ਸਿੰਘ ਨੇ ਕਿਰਪਾਨ ਕੱਢ ਲਈ ਸੀ। ਕਹਿਨ ਲੱਗਾ, ਕੁਲੱਛਣੀਏ ਮੇਰਾ ਪੁੱਤ ਮੁਸਲਮਾਨ ਬਣਾ ਤਾ। ਪਿਛਲੇ ਹਫਤੇ ਫ਼ਕੀਰ ਨੁਸਰਤ ਖਾਂ ਦਾ ਇੰਤਕਾਲ ਹੋ ਗਿਆ ਸੀ। ਉਹ ਜਾਣ ਵੇਲੇ ਆਪਣੇ ਦਾਦੂ ਸ਼ਾਹ ਨੂੰ ਗੱਦੀ-ਨਸ਼ੀਨ ਬਣਾ ਗਏ। ਜਿਸ ਦਿਨ ਇਹ ਰਸਮ ਹੋਣੀ ਸੀ ਮੈਂ ਬਚਿੱਤਰ ਸਿੰਘ ਨੂੰ ਲਿਆਉਣ ਲਈ ਕਾਰ ਦੇ ਕੇ ਡਰਾਇਵਰ ਭੇਜਿਆ ਸੀ। ਮਰ ਜਾਣਾ ਆਇਆ ਹੀ ਨ੍ਹੀਂ। ਸਗੋਂ ਮੈਨੂੰ ਘਰ ਗਈ ਨੂੰ ਵੱਢਣ ਨੂੰ ਫਿਰੇ। ਨਾਲੇ ਮੇਰੇ ਪੁੱਤ ਦਾਦੂ ਸ਼ਾਹ ਨੂੰ। ਮੈਂ ਭਲਾ ਇਸ ਤੋਂ ਡਰਦੀ ਹਾਂ! ਬਿਲਕੁਲ ਨ੍ਹੀਂ। ਇਹ ਤੇ ਹੁਣ ਮਰਿਆ ਸੱਪ ਆ। ਮੈਂ ਗਲ ਨ੍ਹੀਂ ਪਾਉਣਾ ਚਾਹੁੰਦੀ।

ਰੋਜ਼ੇ ਜਾਂਦੀ ਹਾਂ। ਇੱਕ-ਦੋ ਜਣੇ ਮੈਨੂੰ 'ਜਮੀਲਾ ਬੀਬੀ' ਕਹਿ ਕੇ ਬੁਲਾਂਦੇ ਨੇ। ਮੈਨੂੰ ਕੋਈ ਇਸ ਤਰ੍ਹਾਂ ਬੁਲਾਏ ਤਾਂ ਚੰਗਾ-ਚੰਗਾ ਲਗਦਾ ਹੈ।

"ਅੰਮਾ, ਕੋਈ ਇੱਛਾ?" ਮੇਰੇ ਦਾਦੂ ਸ਼ਾਹ ਨੇ ਆਪਣੀ ਅੰਮਾ ਜਾਨ ਤੋਂ ਪੁੱਛਿਆ ਹੈ।

ਮੈਂ ਸਰਾਹਲ ਕਾਜ਼ੀਆਂ ਵੱਲ ਉਂਗਲੀ ਕੀਤੀ ਹੈ। ਬਾਲਾ ਪੀਰ ਦਾ ਦੱਸ ਕੇ ਰੋ ਪਈ ਹਾਂ। ਪੁੱਤ ਨੇ ਮੇਰੇ ਅੱਥਰੂ ਪੂੰਝੇ ਹਨ। ਮੇਰੇ ਬੈਠਿਆਂ ਹੀ ਉਥੋਂ ਦੇ ਪ੍ਰਬੰਧ ਬਾਰੇ ਡਿਊਟੀਆਂ ਲਾ ਦਿੱਤੀਆਂ ਨੇ। ਉਜਾੜ ਪਈ ਜਗ੍ਹਾ ਨੂੰ ਰੌਸ਼ਨ ਕਰਨ ਲਈ ਸੇਵਾਦਾਰ ਚੱਲ ਵੀ ਪਏ ਨੇ।



ਅੱਜ ਮੈਂ ਆਪਣੀ ਜਨਮ ਭੋਂਇ ਤੇ ਬੈਠੀ ਹਾਂ। ਬਾਲਾ ਪੀਰ ਦੇ ਰੋਜ਼ੇ 'ਤੇ। ਪੀਰ ਜੀ ਦਾ ਉਰਸ ਮਨਾਇਆ ਜਾ ਰਿਹਾ। ਚਹੁੰ ਪਾਸੀਂ ਸੰਗਤ ਹੀ ਸੰਗਤ ਦਿਖਾਈ ਦੇ ਰਹੀ ਹੈ। ਤਿੱਲ ਸੁੱਟਣ ਨੂੰ ਵੀ ਜਗ੍ਹਾ ਨ੍ਹੀਂ ਹੈ। ਮੇਰਾ ਲਾਲ ਮੇਰੇ ਕੋਲ ਸਟੇਜ 'ਤੇ ਬੈਠਾ ਹੈ। ਕੱਵਾਲ ਕੱਵਾਲੀਆਂ ਗਾਉਣ ਲੱਗੇ ਹੋਏ ਨੇ। ਇਹ ਰੁਪਈਆਂ ਦਾ ਮੀਂਹ ਵਰ੍ਹਾ ਰਿਹਾ ਹੈ। ਛੇ ਫੁੱਟ ਲੰਮਾ। ਗੋਰਾ ਨਿਛੋਹ। ਹਰੇ ਬਸਤਰਾਂ ਵਿੱਚ ਨੂਰੋ ਨੂਰ ਹੋਇਆ ਪਿਆ। ਇਹ ਮੈਨੂੰ ਪੁੱਤ ਨ੍ਹੀਂ ਦਾਦਾ ਲੱਗ ਰਿਹਾ।

ਮੈਂ ਡਰਾਇਵਰ ਨੂੰ ਨਾਲ ਲੈ ਕੇ ਕਾਰ ਵਿੱਚ ਬੈਠਦੀ ਹਾਂ। ਬਚਿੱਤਰ ਸਿੰਘ ਦੇ ਪਿੰਡ ਜਾਣ ਦਾ ਇਸ਼ਾਰਾ ਕਰਦੀ ਹਾਂ। ਪਤਾ ਨ੍ਹੀਂ ਮੇਰੇ ਮਨ ਵਿਚ ਕੀ ਆਈ ਹੈ।

ਪਿੰਡ ਪੁੱਜਦੀ ਹਾਂ। ਮੈਂ ਖ਼ੁਸ਼ੀ ਵਿਚ ਬਾਵਰੀ ਹੋਈ ਪਈ ਹਾਂ। ਕਿਲਕਾਰੀਆਂ ਮਾਰਨ ਨੂੰ ਚਿੱਤ ਕਰਦਾ ਹੈ। .....ਬਚਿੱਤਰ ਸਿੰਘ ਦੇ ਘਰ ਆ ਗਈ ਹਾਂ। ਬੁੱਢਾ ਮੰਜੇ 'ਤੇ ਲਾਸ਼ ਬਣਿਆ ਪਿਆ।....ਮੈਂ ਚੁਬਾਰੇ ਤੇ ਚੜ੍ਹਦੀ ਹਾਂ। ਮੇਰੀਆਂ ਅੱਖਾਂ ਜਥੇਦਾਰ ਮੂਲਾ ਸਿੰਘ ਤੇ ਪੰਡਿਤ ਕਿਸ਼ੋਰ ਦੱਤ ਅਰਗਿਆਂ ਨੂੰ ਲੱਭਦੀਆਂ ਨੇ। ਮੈਂ ਉਨ੍ਹਾਂ ਨੂੰ ਸਰਾਹਲ ਕਾਜ਼ੀਆਂ ਲਿਜਾਣਾ ਚਾਹੁੰਦੀ ਹਾਂ। ਦੱਸਣਾ ਚਾਹੁੰਦੀ ਹਾਂ ਕਿ ਇਕਬਾਲ ਹੁਸੈਨ ਅਜੇ ਮੋਇਆ ਨ੍ਹੀਂ।

# ਪਾਕਿਸਤਾਨ ਹਮਾਰਾ ਹੈ

**ਕਰਤਾਰ ਸਿੰਘ ਦੁੱਗਲ**

ਪਹਿਲੇ ਉਸ ਦਾ ਨਾਂ ਰਾਮ ਰੱਖੀ ਸੀ- ਹੁਣ ਉਸ ਦਾ ਨਾਂ ਅੱਲਾ ਰੱਖੀ ਰੱਖ ਦਿੱਤਾ ਗਿਆ। ਉਂਜ ਉਸ ਨੂੰ ਅੱਗੇ ਵੀ ਲੋਕ ਰੱਖੀ ਸੱਦਦੇ ਸਨ, ਹੁਣ ਵੀ ਲੋਕ ਰੱਖੀ ਸੱਦਦੇ ਸਨ।

ਉਸ ਰਾਤ ਜਦੋਂ ਵੱਜੇ, ਜਦੋਂ ਨੇਜ਼ੇ ਲਿਸ਼ਕੇ, ਜਦੋਂ ਤਾਰੇ ਟੁੱਟੇ, ਜਦੋਂ ਭੁਚਾਲ ਆਇਆ, ਰੱਖੀ ਪਤਾ ਨਹੀਂ ਕਿਸ ਤਰ੍ਹਾਂ ਸੁੱਤੀ-ਸੁੱਤੀ ਉੱਠੀ, ਪਤਾ ਨਹੀਂ ਕਿਸ ਤਰ੍ਹਾਂ ਸੁੱਤੀ-ਸੁੱਤੀ ਉਸ ਗਠਿਆਲੀ ਟੱਪੀ, ਪਤਾ ਨਹੀਂ ਕਿਸ ਤਰ੍ਹਾਂ ਸੁੱਤੀ-ਸੁੱਤੀ ਪੈਲੀਆਂ ਵਿਚੋਂ ਗੁਜ਼ਰੀ, ਪਤਾ ਨਹੀਂ ਕਿਸ ਤਰ੍ਹਾਂ ਸੁੱਤੀ-ਸੁੱਤੀ ਬੇਸੁਧ ਇਕ ਦਰੁੱਘ ਵਿਚ ਜਾ ਪਈ।

ਤੇ ਤਿੰਨ ਪੂਰੀਆਂ ਰਾਤਾਂ, ਤਿੰਨ ਪੂਰੇ ਦਿਨ ਉਥੇ ਉਹ ਦਬਕੀ ਰਹੀ। ਉਹਦੇ ਹੇਠੋਂ ਲਹੂ ਦੀ ਨਿਚੜਦੀ ਲਕੀਰ ਲੰਘ ਗਈ, ਉਹਦੇ ਉਤੋਂ ਦੁਨਾਲੀਆਂ ਦੀਆਂ ਗੋਲੀਆਂ ਗੁਜ਼ਰਦੀਆਂ ਰਹੀਆਂ। ਉਹਦੇ ਕੰਨਾਂ ਵਿਚ ਕਈ ਜਾਣੀਆਂ, ਕਈ ਪਛਾਣੀਆਂ, ਕਈ ਇਹੋ ਜਿਹੀਆਂ ਚੀਖ਼ਾਂ ਵੀ ਪਈਆਂ, ਜਿਨ੍ਹਾਂ ਨਾਲ ਉਸ ਦੀ ਦੁੱਧ ਦੀ ਸਾਂਝ ਸੀ।

ਤੇ ਫੇਰ ਘੋੜਿਆਂ ਦੀਆਂ ਟਾਪਾਂ, ਫੇਰ ਲਾਰੀਆਂ-ਮੋਟਰਾਂ ਤੇ ਟਰੱਕਾਂ ਦੀ ਗੁੰਜਾਰ ਉਸ ਨੂੰ ਸੁਣਾਈ ਦਿੱਤੀ।

ਅਗਲੀ ਸਵੇਰ ਸਾਰੀ ਦੀ ਸਾਰੀ ਵਾਦੀ ਇੰਜ ਸੀ, ਜਿਵੇਂ ਕਦੀ ਵੀ ਹੁੰਦੀ ਸੀ। ਬਲਦਾਂ ਦੇ ਗਲ ਪਈਆਂ ਟੱਲੀਆਂ ਸਹਿਜੇ ਸਹਿਜੇ ਟੁਣਕਣ ਲੱਗ ਪਈਆਂ। ਇੱਜੜਾਂ ਤੇ ਵੱਗਾਂ ਦੇ ਵੱਗ ਨਿਕਲਣ ਲੱਗ ਪਏ, ਜਿਵੇਂ ਹਮੇਸ਼ਾਂ ਹਰ ਪਿੰਡ ਵਿਚ ਹੁੰਦਾ ਹੈ। ਖੂਹਾਂ ਦੀ ਮਧੁਰ ਰੀਂ-ਰੀਂ ਠੱਕ-ਠੱਕ ਚਵ੍ਹਾਂ ਪਾਸੇ ਗੂੰਜਣੀ ਸ਼ੁਰੂ ਹੋ ਗਈ। ਭੀੜਾਂ ਦੀਆਂ ਭੀੜਾਂ, ਪੰਛੀਆਂ ਦੇ ਡਾਰ ਅਸਮਾਨਾਂ ਵਿਚ ਆ ਗਏ। ਦੁੱਧਾਂ ਵਿਚ ਮਧਾਣੀਆਂ ਛੁਲ੍ਹਕੀਆਂ, ਵਿਹੜਿਆਂ ਵਿਚੋਂ ਧੂੰਏਂ ਉਠੇ ਤੇ ਮਸੀਤ ਵਿਚੋਂ ਬਾਂਗ ਦੀ ਆਵਾਜ਼ ਆਈ। ਰਾਮ ਰੱਖੀ ਕਿਤਨਾ ਚਿਰ ਉਡੀਕਦੀ ਰਹੀ। ਨਾ ਮੰਦਰ ਵਿਚ ਅੱਜ ਟਣ-ਟਣ ਹੋਈ ਨਾ ਗੁਰਦੁਆਰੇ ਵਿਚੋਂ ਸੰਖ ਦੀ ਸਦਾ ਉਹਦੇ ਕੰਨੀਂ ਪਈ।

ਤੇ ਜਦੋਂ ਪੀਲੀਆਂ ਪੀਲੀਆਂ ਧੁੱਪਾਂ ਨਿਕਲੀਆਂ, ਰਾਮ ਰੱਖੀ ਉੱਠ ਕੇ ਪਿਛੋਕੜ ਆਪਣੇ ਗਵਾਂਢੀਆਂ ਦੇ ਵਿਹੜੇ ਜਾ ਵੜੀ। ਹੱਸਦੇ, ਖੇਡਦੇ ਸਾਰੇ ਦੇ ਸਾਰੇ ਉਹਨੂੰ ਵੇਖ ਕੇ ਹੱਕੇ-ਬੱਕੇ ਰਹਿ ਗਏ। ਔਰਤਾਂ ਨੇ ਸੋਚਿਆ ਜਿਵੇਂ ਖ਼ੂਨ ਦੀ ਨਦੀ ਵਿਚੋਂ ਰੱਖੀ ਉਮ੍ਹਲ ਆਈ ਹੈ ਤੇ ਮਰਦਾਂ ਜਾਣਿਆਂ ਜਿਵੇਂ ਉਨ੍ਹਾਂ ਨਾਲ ਕੋਈ ਚਾਲ ਚੱਲੀ ਹੋਵੇ। ਜਵਾਨ-ਜਹਾਨ ਸ਼ੇਰਬਾਜ਼ ਦਾ ਮੂੰਹ ਭਖ਼ਣ ਲੱਗ ਪਿਆ। ਉਹਦੀਆਂ ਅੱਖਾਂ ਵਿਚ ਫੇਰ ਇਕ ਵਾਰ ਵਹਿਸ਼ਤ ਆਈ।



ਮਸਾਂ-ਮਸਾਂ ਢਿਲਕੀਆਂ ਉਹਦੀਆਂ ਰਗਾਂ ਫੇਰ ਤਣ ਗਈਆਂ ਤੇ ਮੰਜੀ ਹੇਠੋਂ ਲਿਸ਼ਕਦੀ ਛਵ੍ਹੀ ਛਿਕ ਕੇ ਉਹ ਡਾਢੇ ਗ਼ਜ਼ਬ ਵਿਚ ਉੱਠਿਆ। ਏਸ ਛਵ੍ਹੀ ਨੇ ਕਈ ਧੜ ਚੀਰੇ ਸਨ, ਖੋਪਰੀਆਂ ਮਿੱਧੀਆਂ ਸਨ, ਕਈ ਗਰ ਲਾਹੀਆਂ ਸਨ। ਪਰ ਕੋਈ ਦੋ ਕਦਮ ਰੱਖੀ ਤੋਂ ਦੂਰ ਉਹਦੀ ਛਵ੍ਹੀ ਜਿਵੇਂ ਉਘਰੀ ਦੀ ਉਘਰੀ ਰਹਿ ਗਈ। ਰੱਖੀ ਤੇ ਉਹਦੇ ਵਿਚਕਾਰ ਉਹਦੀ ਮਾਂ ਸੀ, ਉਹਦਾ ਪਿਓ ਸੀ, ਉਹਦੀ ਭੈਣ ਸੀ। ਪਤਾ ਨਹੀਂ ਕਿਸ ਤਰ੍ਹਾਂ ਅੱਖ ਦੇ ਫੋਰ ਵਿਚ ਉਹ ਨੱਠ ਕੇ ਰੱਖੀ ਉੱਤੇ ਆ ਪਏ ਤੇ ਉਹਨੂੰ ਜ਼ਰਬ ਨਾ ਆਣ ਦਿੱਤੀ।

ਉਹ ਘੜੀ ਲੰਘ ਗਈ। ਪਰ ਉਸ ਤੋਂ ਬਾਅਦ ਹਮੇਸ਼ਾ ਸ਼ੇਰਬਾਜ਼ ਹੈਰਾਨ ਹੁੰਦਾ, ਕਿਵੇਂ ਉਸ ਨੂੰ ਕਹਿਰ ਆ ਸਕਿਆ ਸੀ ਰੱਖੀ ਤੇ। ਉਹਦੀ ਸਪਾਤ ਦੀ ਛਵ੍ਹੀ ਉਸ ਨੂੰ ਹਮੇਸ਼ਾ ਸ਼ਰਮਿੰਦਿਆਂ ਕਰਦੀ ਤੇ ਉਹ ਡਾਢਾ ਕੱਚਾ ਹੁੰਦਾ। ਇਕ ਦਿਨ ਉਸ ਨੂੰ ਤੋੜ-ਫੋੜ ਕੇ ਖੂਹ ਵਿਚ ਸੁੱਟ ਆਇਆ ਤੇ ਧਰੇਕ ਹੇਠ ਜਿੱਥੇ ਸ਼ੇਰਬਾਜ਼ ਉਸ ਨੂੰ ਵੱਢਣ ਲਈ ਟੁੱਟਿਆ ਸੀ, ਰੱਖੀ ਕਦੀ-ਕਦੀ ਰਾਂਗਲਾ ਪੀੜ੍ਹਾ ਡਾਹ ਕੇ ਬਹਿੰਦੀ, ਜਿਸ ਪੀੜ੍ਹੇ ਨਾਲ ਘੁੰਗਰੂ ਲੱਗੇ ਹੋਏ ਸਨ, ਜਿਸ ਪੀੜ੍ਹੇ ਤੇ ਸ਼ੇਰਬਾਜ਼ ਦੀ ਮਾਂ ਬੈਠੀ ਜਦੋਂ ਉਹ ਵਿਆਹੀ ਹੋਈ ਆਈ ਸੀ, ਜਿਸ ਪੀੜ੍ਹੇ ਤੇ ਸ਼ੇਰਬਾਜ਼ ਦੀ ਦਾਦੀ ਬੈਠੀ ਸੀ, ਜਦੋਂ ਉਹ ਵਿਆਹੀ ਹੋਈ ਆਈ ਸੀ।

ਇਕ ਰੋਜ਼ ਸ਼ੇਰਬਾਜ਼ ਨੇ ਰੱਖੀ ਤੇ ਛਵ੍ਹੀ ਉਘਰੀ, ਅਗਲੇ ਰੋਜ਼ ਗਾਨਾ ਬੰਨ੍ਹ ਕੇ ਉਸ ਨੂੰ ਆਪਣੀ ਤ੍ਰੀਮਤ ਬਣਾ ਲਿਆ। ਰੱਖੀ ਤੇ ਉਸ ਨੂੰ ਹਮੇਸ਼ਾ ਚੰਗੀ ਲੱਗਦੀ ਸੀ। ਬਚਪਨ ਵਿਚ ਉਹ ਇਕੱਠੇ ਖੇਡੇ ਸਨ, ਇਕੱਠੇ ਗੁੰਮਦੇ, ਇਕੱਠੇ ਲੱਭਦੇ, ਇਕੱਠੇ ਹੱਸਦੇ ਤੇ ਫੇਰ ਜਦੋਂ ਉਹ ਵੱਡੀ ਹੋਈ ਸ਼ੇਰਬਾਜ਼ ਨੇ ਹਲ ਵਾਂਹਦਿਆਂ, ਕਈ ਟੱਪੇ ਉਸ ਦੀ ਯਾਦ ਵਿਚ ਗਾਏ ਸਨ। ਕਈ ਵਾਰ ਉਸ ਦੇ ਸੁਫ਼ਨਿਆਂ ਵਿਚ ਰੱਖੀ ਮੁੜ-ਮੁੜ ਆਇਆ ਕਰਦੀ ਸੀ ਤੇ ਜਦੋਂ ਹੋਰ ਵੱਡੀ ਹੋਈ, ਸ਼ੇਰਬਾਜ਼ ਉਸ ਨੂੰ ਲੁਕ ਛਿਪ ਕੇ ਵੇਖਿਆ ਕਰਦਾ ਸੀ, ਭਾਵੇਂ ਰੱਖੀ ਨੂੰ ਪਤਾ ਸੀ, ਭਾਵੇਂ ਰੱਖੀ ਨੂੰ ਨਹੀਂ ਪਤਾ ਸੀ।

ਸਵੇਰੇ ਸਰਘੀ ਵੇਲੇ ਉੱਠ ਕੇ ਰੱਖੀ ਦੁੱਧ ਚੋਂਦੀ – ਮੱਝੀਆਂ ਦਾ, ਗਾਈਆਂ ਦਾ, ਬੱਕਰੀਆਂ ਦਾ। ਫੇਰ ਦੁੱਧ ਰਿੜਕਦੀ, ਫੇਰ ਸਾਰੇ ਘਰ ਨੂੰ ਸ਼ੀਸ਼ੇ ਵਾਂਗ ਬਣਾ ਲਿਆ ਸੀ। ਸ਼ਾਮੀਂ ਹਰ ਡੰਗਰ ਲਈ ਆਪ ਗੁਤਾਵਾ ਕਰਦੀ, ਆਪਣੇ ਹੱਥੀਂ ਉਨ੍ਹਾਂ ਨੂੰ ਖੁਆਂਦੀ, ਮੱਝੀਆਂ ਦਾ ਦੁੱਧ ਸਵਾਇਆ ਹੋ ਗਿਆ। ਬਲਦ ਦੌੜ-ਦੌੜ ਕੇ ਸ਼ੇਰਬਾਜ਼ ਵਰਗੇ ਹਾਲੀਆਂ ਨੂੰ ਥਕਾ ਛੱਡਦੇ। ਆਪਣੇ ਸੱਸ-ਸਹੁਰੇ ਦੇ ਜਿਸ ਤਰ੍ਹਾਂ ਉਹ ਪੈਰ ਧੋ ਧੋ ਪੀਂਦੀ, ਕਦੀ ਉਨ੍ਹਾਂ ਨੂੰ ਪਲੰਘ ਤੋਂ ਨਾ ਲਹਿਣ ਦਿੰਦੀ। ਆਂਢਣਾਂ-ਗੁਆਂਢਣਾਂ ਉਹਨੂੰ ਵੇਖ-ਵੇਖ ਹੈਰਾਨ ਹੁੰਦੀਆਂ, ਮੂੰਹ ਵਿਚ ਉਂਗਲਾਂ ਪਾ ਪਾ ਟੁੱਕਦੀਆਂ। ਗਲੀ-ਮੁਹੱਲੇ ਵਿਚ ਉਹਨੇ ਹਰ ਗੁੱਠ, ਹਰ ਕੋਨੇ ਵਿਚ ਸਹੇਲੀਆਂ ਬਣਾ ਲਈਆਂ, ਤ੍ਰਿੰਞਣਾਂ ਵਿਚ ਉਹ ਸਭ ਨੂੰ ਪਛਾੜਦੀ, ਖਿਚਕਿਲੀ ਮਚਾਈ ਰੱਖਦੀ।

ਪਿੰਡ ਵਿਚ ਕਿਸੇ ਨੂੰ ਸਵੈਟਰ ਦਾ ਨਵਾਂ ਨਮੂਨਾ ਸਿਖਾਣਾ ਹੁੰਦਾ, ਰੱਖੀ ਸਿਖਾਂਦੀ। ਕਿਸੇ ਨੇ ਅੱਖ ਵਿਚ ਚੁਟਕੀ ਪੁਆਣੀ ਹੁੰਦੀ, ਰੱਖੀ ਕੋਲ ਆਂਦਾ। ਕਿਸੇ ਨੇ ਕੋਈ ਭੇਦ ਦੱਸਣਾ ਹੁੰਦਾ, ਰੱਖੀ ਸਾਂਭਦੀ। ਰੱਖੀ ਜਿਸ ਤਰ੍ਹਾਂ ਪਤਾਸੇ ਵਾਂਗ ਘੁਲ ਮਿਲ ਗਈ।

ਟਾਹਲੀਆਂ ਹੇਠਾਂ ਕਦੀ-ਕਦੀ ਪੀਂਘਾਂ ਝੂਟਦੀ ਰੱਖੀ ਜਦੋਂ ਦੂਰ-ਦੂਰ ਤੱਕ ਹਰਿਆਵਲ ਤੇ ਹਰਿਆਵਲ ਦੇ ਪਿੱਛੇ ਆਪਣੇ ਪਿੰਡ ਦੀਆਂ ਮਧਰੀਆਂ ਪਹਾੜੀਆਂ ਵੇਖਦੀ, ਉਹ ਹੈਰਾਨ ਹੁੰਦੀ, ਕਿੰਜ ਲੋਕ ਉਥੋਂ ਟੁਰ ਗਏ ਸਨ। ਆਪਣੀ ਝਨਾਂ ਦਾ ਮੋਤੀਆਂ ਵਰਗਾ

ਪਾਣੀ ਤੱਕ ਕੇ ਉਹਦਾ ਜੀਅ ਕਹਿੰਦਾ—ਬੰਦਾ ਇੱਥੇ ਹੀ ਮਰ ਜਾਏ। ਉਸ ਨੂੰ ਛੱਡ ਕੇ ਕੋਈ ਕਿਸ ਤਰ੍ਹਾਂ ਕਿਤੇ ਜਾ ਸਕਦਾ ਸੀ। ਉਨ੍ਹਾਂ ਸਿੱਟਿਆਂ ਨੂੰ ਜਿਨ੍ਹਾਂ ਦਾ ਬੀਜ ਉਹਦੇ ਪਿਓ—ਭਰਾਵਾਂ ਨੇ ਪਾਇਆ, ਕਦੀ-ਕਦੀ ਉਹ ਗਲ ਨਾਲ ਲਾ ਲੈਂਦੀ ਤੇ ਇਕਰਾਰ ਕਰਦੀ, ਕਦੀ ਉਨ੍ਹਾਂ ਨੂੰ ਉਹ ਛੱਡ ਕੇ ਨਹੀਂ ਜਾਵੇਗੀ। ਉਹ ਹੈਰਾਨ ਸੀ ਉਨ੍ਹਾਂ ਗਲੀਆਂ ਨੂੰ ਕਿੰਜ ਕੋਈ ਛੱਡ ਸਕਦਾ ਹੈ ਜਿੱਥੇ ਕੋਈ ਖੇਡਿਆ ਹੋਵੇ। ਉਨ੍ਹਾਂ ਬੇਰੀਆਂ ਦੇ ਬੇਰ ਜਿਵੇਂ ਹਾਕਾਂ ਮਾਰ ਰਹੇ ਹੁੰਦੇ, ਉਨ੍ਹਾਂ ਨੂੰ ਜਿਹੜੇ ਟੁਰ ਗਏ ਸਨ। ਉਹਨੂੰ ਇਸ ਤਰ੍ਹਾਂ ਕੁਝ-ਕੁਝ ਮਹਿਸੂਸ ਹੁੰਦਾ।

ਜਦੋਂ ਇਕ ਵਾਰ ਪਾਕਿਸਤਾਨ ਦਾ ਕੋਈ ਲੀਡਰ ਇਨ੍ਹਾਂ ਦੇ ਪਿੰਡ ਕੋਲੋਂ ਗੁਜ਼ਰਿਆ, ਰੱਖੀ ਸਾਰੀ ਸਵੇਰ ਸਿਹਰੇ ਪਰੋਂਦੀ ਰਹੀ। ਕੜਕਦੀ ਦੁਪਹਿਰ ਵਿਚ ਪਾਕਿਸਤਾਨ ਦਾ ਝੰਡਾ ਫੜ ਔਰਤਾਂ ਦਾ ਇਹਨੇ ਜਲੂਸ ਕੱਢਿਆ ਤੇ ਸੜਕ ਕੰਢੇ ਆਪਣੇ ਕੌਮੀ ਆਗੂ ਦੀ ਇੰਤਜ਼ਾਰ ਵਿਚ "ਪਾਕਿਸਤਾਨ ਹਮਾਰਾ ਹੈ" ਤੇ ਹੋਰ ਕੋਈ ਗੀਤ ਗਾਂਦੀ ਰਹੀ। ਜਦੋਂ ਲੀਡਰ ਦੀ ਮੋਟਰ ਗੁਜ਼ਰ ਰਹੀ ਸੀ, ਇਸ ਨੇ ਉੱਚੇ-ਉੱਚੇ "ਜ਼ਿੰਦਾਬਾਦ" ਦੇ ਨਾਹਰੇ ਲਾਏ ਤੇ ਫੁੱਲਾਂ ਦੀ ਵਰਖਾ ਨਾਲ ਧਰਤੀ ਅੱਟੀ ਗਈ।

ਇੰਜ ਰੱਖੀ ਦੇ ਦਿਨ ਗੁਜ਼ਰ ਰਹੇ ਸਨ, ਇੰਜ ਰੱਖੀ ਦੇ ਹਫ਼ਤੇ ਗੁਜ਼ਰ ਰਹੇ ਸਨ, ਇੰਜ ਰੱਖੀ ਦੇ ਮਹੀਨੇ ਗੁਜ਼ਰ ਰਹੇ ਸਨ, ਜਦੋਂ ਇਕ ਦਿਨ ਗਲੀ ਵਿਚੋਂ ਲੰਘਦਿਆਂ ਉਹਨੂੰ ਪਿੱਛੋਂ ਆਵਾਜ਼ ਆਈ — "ਨੀ ਰੱਖੀਏ!" ਤੇ ਅਗਲੀ ਘੜੀ ਉਹਦਾ ਭਰਾ ਉਸ ਦੇ ਗਲ ਨਾਲ ਲੱਗਿਆ ਹੋਇਆ ਸੀ। ਕਿਤਨਾ ਚਿਰ ਦੋਵੇਂ ਰੋਂਦੇ ਰਹੇ। ਰੱਖੀ ਡਾਢਾ ਉੱਚਾ-ਉੱਚਾ ਰੋਈ। ਉਸ ਨੂੰ ਇਹ ਵੀ ਭੁੱਲ ਗਿਆ ਕਿ ਨਾਲ ਇਕ ਓਪਰਾ ਆਦਮੀ ਜੋ ਸਿਪਾਹੀ ਜਿਹਾ ਲੱਗਦਾ ਸੀ, ਖਲੋਤਾ ਜਿਸ ਤਰ੍ਹਾਂ ਉਨ੍ਹਾਂ ਦੀ ਇੰਤਜ਼ਾਰ ਕਰ ਰਿਹਾ ਸੀ।

ਅਖ਼ੀਰ ਜਦੋਂ ਉਨ੍ਹਾਂ ਦਾ ਵਿਰਾਗ ਲੱਥਾ, ਉਹਦੇ ਭਰਾ ਨੇ ਸਿਪਾਹੀ ਵੱਲ ਇਸ਼ਾਰਾ ਕਰਕੇ ਕਿਹਾ, "ਇਹਨੂੰ ਲੈ ਚੱਲੋ, ਮੇਰੀ ਭੈਣ ਲੱਭ ਪਈ ਏ।"

"ਪਰ ਕਿੱਥੇ?"—ਰੱਖੀ ਨੇ ਇਕ ਮਿੰਟ ਬਾਅਦ, ਜਿਸ ਤਰ੍ਹਾਂ ਉਹ ਸੁੱਤੀ ਹੋਈ ਜਾਗੀ ਹੋਵੇ, ਘਬਰਾ ਕੇ ਪੁੱਛਿਆ। ਦੂਰ ਕਿਸੇ ਦੂਰ ਦੇਸ਼ ਵਿਚ ਜਾਣ ਲਈ ਰੱਖੀ ਤਿਆਰ ਨਹੀਂ ਸੀ। ਕੀ ਪਤਾ ਉੱਥੇ ਇਸ ਪਿੰਡ ਵਰਗੀਆਂ ਘਣੀਆਂ, ਠੰਢੀਆਂ ਛਾਵਾਂ ਹੋਣ ਨਾ ਹੋਣ, ਕੀ ਪਤਾ ਉਥੇ ਏਸ ਪਿੰਡ ਵਰਗੇ ਕਾਗ ਹੋਣ ਨਾ ਹੋਣ ਜੋ ਬਨੇਰਿਆਂ ਤੇ ਆ ਕੇ ਬਹਿ ਜਾਂਦੇ ਤੇ ਫੇਰ ਪਤਾ ਨਹੀਂ ਦਿਲ ਨੂੰ ਕੀ-ਕੀ ਹੋਣ ਲੱਗ ਜਾਂਦਾ।

"ਮੈਂ ਨਹੀਂ ਜਾਵਾਂਗੀ, ਮੈਂ ਕਦੀ ਨਹੀਂ ਜਾਵਾਂਗੀ।" ਉਸ ਸ਼ਾਮੀਂ ਜਦੋਂ ਉਹ ਬਾਹਰ ਗਈ, ਉਸ ਟਿੱਬੇ ਨੂੰ ਜਿਸ ਤਰ੍ਹਾਂ ਉਸ ਕਲਾਵੇ ਵਿਚ ਲੈ ਲਿਆ, ਜਿਸ ਟਿੱਬੇ ਤੇ ਖਲੋ ਕੇ ਉਹ ਸ਼ੇਰਬਾਜ਼ ਨੂੰ ਖੇਤਾਂ ਵਿਚ ਕੰਮ ਕਰਦਾ ਵੇਂਹਦੀ ਹੁੰਦੀ ਸੀ। "ਮੈਂ ਨਹੀਂ ਜਾਵਾਂਗੀ," ਇਸ਼ਕਪੇਚੇ ਦੀ ਲਮਕਦੀ ਵੇਲ ਨੂੰ ਉਸ ਪੋਲੇ ਜਿਹੇ ਟੋਹ ਕੇ ਕਿਹਾ। "ਮੈਂ ਕਦੀ ਨਹੀਂ ਜਾਵਾਂਗੀ," ਉਸ ਨੇ ਵੱਛੇ ਦੀਆਂ ਅੱਖਾਂ ਨਾਲ ਅੱਖਾਂ ਮੇਲ ਉਹਦੀ ਥੁਥਨੀ ਨੂੰ ਚੁੰਮ ਲਿਆ। ਆਪਣੇ ਸੁਫ਼ੇ ਦੀ ਛੱਤ ਹੇਠ ਜਾ ਕੇ ਉਸ ਨੇ ਜ਼ੋਰ ਦਾ ਕਿਹਾ, "ਮੈਂ ਹਮੇਸ਼ਾਂ ਇਥੇ ਰਹਾਂਗੀ," ਆਪਣੀ ਚੁੱਲ੍ਹ ਕੋਲ ਬੈਠ ਕੇ ਉਹਦਾ ਗੱਚ ਨਾ ਖਲੋਂਦਾ। "ਮੇਰਾ ਆਪਣਾ ਇਹ ਚੌਕਾ ਏ," ਉਹ ਚੀਕ ਉਠੀ।

ਉਸ ਰਾਤ ਪੁਰੇ ਦੀ ਠੰਢੀ 'ਵਾ ਰੁਮਕ ਰਹੀ ਸੀ। ਰੱਖੀ ਨੇ ਤਾਰਿਆਂ ਨਾਲ ਇਕਰਾਰ ਕੀਤੇ, ਚੰਨ ਦੇ ਤਰਲੇ ਲਏ, ਉੱਠ-ਉੱਠ ਬਨੇਰਿਆਂ 'ਤੇ ਬਹਿ ਕੇ ਸੋਚਦੀ। ਉਸ ਨੇ ਪੀਰਾਂ



ਦੀਆਂ ਮੰਨਤਾਂ ਮੰਨੀਆਂ। ਮੂਰਤੀਆਂ ਨੂੰ ਮੰਨਾਣ ਦਾ ਪ੍ਰਣ ਕੀਤਾ। ਸਾਹਮਣੇ ਉਹ ਦਰੱਖ਼ ਸੀ, ਜਿੱਥੇ ਪਿਛਲੀ ਵਾਰ ਰੱਖੀ ਜਾ ਪਈ ਸੀ ਤੇ ਉਹਨੂੰ ਕਿਸੇ ਨਹੀਂ ਸੀ ਵੇਖਿਆ। ਹੁਣ ਤੇ ਪਰ ਉਹ ਕਿਤਨੀ ਹੋਰ ਦੀ ਹੋਰ ਹੋ ਗਈ ਸੀ। ਹੁਣ ਕਿਸ ਤਰ੍ਹਾਂ ਉਹ ਛਾਲ ਮਾਰ ਸਕਦੀ ਸੀ। ਉਹ ਸੀਪ ਜਿਸ ਵਿਚ ਕੋਈ ਮੋਤੀ ਹੋਏ, ਕਦੀ ਉਛਲਿਆ ਨਹੀਂ ਕਰਦੀ।

"ਵੇਖ ਸ਼ੇਰਬਾਜ਼ਾ! ਹੁਣ ਤੇਰੀ ਛਵ੍ਹੀ ਨੂੰ ਕੀ ਹੋ ਗਿਆ ਏ?" ਰੱਖੀ ਉਹਨੂੰ ਮੁੜ-ਮੁੜ ਕਹਿੰਦੀ ਤੇ ਸ਼ੇਰਬਾਜ਼ ਅਹਿੱਲ ਆਪਣੇ ਪਲੰਘ ਤੇ ਪਿਆ ਹੋਇਆ ਸੀ। ਜਦੋਂ ਦਾ ਨੰਬਰਦਾਰ ਦੇ ਘਰੋਂ ਸ਼ਾਮੀਂ ਉਹ ਮੁੜਿਆ, ਉਸ ਨੇ ਇਕ ਲਫ਼ਜ਼ ਨਾ ਕੁਇਆ। ਨਾ ਉਸ ਨੇ ਕੁਝ ਖਾਧਾ ਨਾ ਪੀਤਾ। "ਵੇ ਸ਼ੇਰਬਾਜ਼ਾ, ਮੈਂ ਤੇਰੇ ਤੋਂ ਲੱਖ ਵੀਰ ਵਾਰ ਸੁੱਟਾਂਗੀ।" ਸ਼ੇਰਬਾਜ਼ ਤਾਂ ਵੀ ਚੁੱਪ ਸੀ। ਉਹਦੇ ਭਖ਼ ਰਹੇ ਚਿਹਰੇ, ਉਹਦੀਆਂ ਲਾਲ ਹੋ ਰਹੀਆਂ ਅੱਖਾਂ ਵਿਚ ਜਿਸ ਤਰ੍ਹਾਂ ਅੱਥਰੂ ਜੰਮੇ ਹੋਏ ਸਨ। "ਵੇ ਮੇਰਿਆ ਬਾਜ਼ ਸ਼ੇਰਾ, ਆ ਕਿਤੇ ਟੁਰ ਚੱਲੀਏ," ਆਖ਼ਰ ਝੁੰਝਲਾ ਕੇ ਰੱਖੀ ਨੇ ਕਿਹਾ। ਸ਼ੇਰਬਾਜ਼ ਦੇ ਬਿਸਤਰੇ ਤੋਂ ਜਿਵੇਂ ਸੇਕ ਆ ਰਿਹਾ ਹੋਵੇ। ਉਹ ਚੁੱਪ ਸੀ, ਅਹਿੱਲ ਸੀ, ਬੇਸੁਧ ਪਿਆ ਸੀ।

ਤੇ ਉਹ ਬੋਲਦਾ ਵੀ ਕਿੰਜ? ਨੰਬਰਦਾਰ ਨੇ ਉਹਨੂੰ ਸਭ ਕੁਝ ਦੱਸ ਦਿੱਤਾ ਸੀ। ਰੱਖੀ ਹਿੰਦੂ ਕੁੜੀ ਸੀ, ਜਿਸ ਨੂੰ ਜ਼ਰੂਰ ਹਿੰਦੁਸਤਾਨ ਵਿਚ ਭੇਜਿਆ ਜਾਣਾ ਸੀ। 15 ਅਗਸਤ ਤੋਂ ਬਾਅਦ ਜਿਤਨੇ ਕਲਮੇ ਪੜ੍ਹੇ ਗਏ ਉਨ੍ਹਾਂ ਨਾਲ ਕੋਈ ਮੁਸਲਮਾਨ ਨਹੀਂ ਸੀ ਬਣ ਸਕਿਆ। ਇਹ ਗੱਲ ਆਪਣੀ ਮੁਸਲਮਾਨ ਸਰਕਾਰ ਆਪ ਕਹਿ ਰਹੀ ਸੀ। ਤੇ ਫੇਰ ਇੱਧਰੋਂ ਹਰ ਹਿੰਦੂ ਕੁੜੀ ਨੂੰ ਭੇਜ ਕੇ ਉਧਰੋਂ ਮੁਸਲਮਾਨ ਕੁੜੀ ਆਣੀ ਸੀ। ਰੱਖੀ ਜਿਹੜੀ ਹਿੰਦੂ ਜੰਮੀ ਸੀ, ਉਹਦੇ ਬਦਲੇ ਇਕ ਇਸਲਾਮ ਵਿਚ ਪੈਦਾ ਹੋਈ ਕੁੜੀ ਨੇ ਏਧਰ ਆਣਾ ਸੀ। ਪਾਕਿਸਤਾਨ ਲਈ ਹਰ ਕੁਰਬਾਨੀ ਦੀ ਲੋੜ ਸੀ।

ਤੇ ਸ਼ੇਰਬਾਜ਼ ਅਹਿਲ ਬੇਸੁਧ ਪਿਆ ਸੀ।

ਅਗਲੇ ਰੋਜ਼ ਮਸਾਂ ਅਜੇ ਦਿਹੁੰ ਹੀ ਨਿਕਲਿਆ ਸੀ ਕਿ ਫ਼ੌਜੀ ਲਾਰੀ ਉਨ੍ਹਾਂ ਦੇ ਵਿਹੜੇ ਵਿਚ ਆ ਖਲੋਤੀ। ਲੰਮੀਆਂ ਬੰਦੂਕਾਂ ਲਈ ਸਿਪਾਹੀਆਂ ਨੂੰ ਵੇਖ ਕੇ ਰੱਖੀ ਕੁਰਲਾ ਉੱਠੀ, "ਮੈਂ ਨਹੀਂ ਜਾਣਾ, ਮੈਂ ਕਦੀ ਨਹੀਂ ਜਾਣਾ। ਕੀ ਹੋਇਆ ਜੇ ਇਸ ਦਾ ਨਾਂ ਵੱਟ ਗਿਆ ਏ, ਇਹ ਸਾਡਾ ਆਪਣਾ ਦੇਸ਼ ਹੈ, ਇਹ ਰੁੱਖ ਸਾਡੇ ਆਪਣੇ ਹਨ, ਇਹ ਪੱਤਰ ਸਾਡੇ ਆਪਣੇ ਹਨ ਅਜੇ ਤੇ ਇਸ ਧਰੇਕ ਨੇ ਵੱਡਾ ਹੋਣਾ ਹੈ ਜਿਸ ਨੂੰ ਮੈਂ ਪਾਣੀ ਦੇ ਦੇ ਪਾਲਦੀ ਰਹੀ," ਤੇ ਉਹਦੀਆਂ ਅੱਖਾਂ ਵਿਚੋਂ ਅੱਥਰੂ ਨਾ ਠੱਲ੍ਹੇ ਜਾਂਦੇ। "ਵੇ ਸ਼ੇਰਬਾਜ਼ ਤੂੰ ਬੋਲਦਾ ਕਿਉਂ ਨਹੀਂ? ਤੂੰ ਕੂੰਦਾ ਕਿਉਂ ਨਹੀਂ? ਮੈਂ ਤੇਰੀ ਅਮਾਨਤ ਨਾਲ ਕੀ ਕਰਾਂਗੀ?" ਤੇ ਰੱਖੀ ਬੇਹੋਸ਼ ਹੋ ਗਈ।

ਜਿਤਨਾ ਚਿਰ ਸ਼ੇਰਬਾਜ਼ ਤੇ ਰੱਖੀ ਅੰਦਰ ਸੁਫ਼ੇ ਵਿਚ ਰਹੇ ਸਿਪਾਹੀਆਂ ਨੇ ਫੇਰ ਸੋਚਿਆ, ਪੰਚਾਂ ਨੇ ਆਪਣੇ ਦਿਮਾਗ਼ ਲੜਾਏ, ਨੰਬਰਦਾਰ ਦੀ ਰਾਏ ਲੀਤੀ ਗਈ, ਪਰ ਆਪਣੀ ਕੌਮੀ ਸਰਕਾਰ ਦਾ ਹੁਕਮ ਸਾਫ਼ ਸੀ। ਪਾਕਿਸਤਾਨ ਨੇ ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਬਣ ਜਾਣਾ ਸੀ, ਇਨ੍ਹਾਂ ਮਾਮੂਲੀ-ਮਾਮੂਲੀ ਗੱਲਾਂ ਕਰਕੇ ਰੁੜ੍ਹ ਜਾਣਾ ਸੀ। ਪਾਕਿਸਤਾਨ ਅਜੇ ਬੱਚਾ ਸੀ ਜਿਸ ਨੂੰ ਹਰ ਕਿਸੇ ਨੇ ਲਡਿਆਣਾ ਸੀ। ਜਿਸ ਦੀਆਂ ਗ਼ਲਤ ਗੱਲਾਂ ਨੂੰ ਵੀ ਮੰਨਣਾ ਸੀ।

ਲਾਰੀ ਵਿਹੜੇ ਵਿਚ ਖਲੋਤੀ ਰਹੀ। ਜਾ ਵੀ ਕਿੰਜ ਸਕਦੀ ਸੀ? ਅਖ਼ੀਰ ਕੋਈ ਦੋ

ਘੰਟੇ ਬਾਅਦ ਸੁਫ਼ੇ ਦੇ ਭਿੱਤ ਖੁੱਲ੍ਹੇ। ਪਹਿਲੇ ਰੱਖੀ ਨਿਕਲੀ ਪਿੱਛੇ ਸ਼ੇਰਬਾਜ਼ ਸੀ।

ਰੱਖੀ ਨੇ ਲਾਲ ਰੇਸ਼ਮੀ ਜੋੜਾ ਪਾਇਆ ਹੋਇਆ ਸੀ। ਉਹਦੇ ਸਿਰ ਤੇ ਗੋਟਿਆਂ ਕਿਨਾਰੀਆਂ ਵਾਲੀ ਝਿੱਲੀ ਸੀ, ਜਿਹੜੀ ਉਸ ਤੋਂ ਸਾਂਭੀ ਨਹੀਂ ਸੀ ਜਾਂਦੀ। ਉਹਦੇ ਮੱਥੇ ਤੇ ਉਹਦੇ ਕੰਨਾਂ ਵਿਚ, ਉਹਦੇ ਨੱਕ ਵਿਚ, ਬਾਹਵਾਂ ਤੇ ਗਲੇ ਵਿਚ, ਪੈਰਾਂ ਤੇ ਕੋਈ ਥਾਂ ਖ਼ਾਲੀ ਨਹੀਂ ਸੀ, ਜਿਥੇ ਕੋਈ ਗਹਿਣਾ ਨਾ ਹੋਏ, ਜਿਸ ਤਰ੍ਹਾਂ ਸੋਨੇ ਨਾਲ ਲੱਦੀ ਹੋਵੇ। ਸ਼ੇਰਬਾਜ਼ ਦੀ ਦਾਦੀ ਦੇ, ਤੇ ਉਸ ਤੋਂ ਪਹਿਲੇ ਦੇ ਰੱਖੇ-ਰਖਾਏ ਸਾਰੇ ਜ਼ੇਵਰ ਉਹਨੇ ਰੱਖੀ ਨੂੰ ਪਵਾਏ। ਛੰਮ-ਛੰਮ ਕਰਦੀ ਉਹ ਲਾਰੀ ਵਿਚ ਆ ਬੈਠੀ। ਸਾਰੇ ਦੇ ਸਾਰੇ ਲੋਕ ਹੈਰਾਨ ਸਨ। ਸ਼ੇਰਬਾਜ਼ ਫੇਰ ਅੰਦਰ ਗਿਆ। ਉਸ ਨੇ ਉਸ ਦਾ ਰਾਂਗਲਾ ਪੀੜ੍ਹਾ ਲਿਆ ਕੇ ਲਾਰੀ ਵਿਚ ਰੱਖਿਆ। ਫੇਰ ਉਹਦਾ ਸ਼ੀਸ਼ਿਆਂ ਵਾਲਾ ਪਲੰਘ ਰਖਵਾਇਆ। ਫੇਰ ਟਰੰਕ ਰਖਵਾਏ, ਜਿਹੜੇ ਰੱਖੀ ਲਈ ਫੁਲਕਾਰੀਆਂ ਤੇ ਤੇਵਰਾਂ ਦੇ ਭਰੇ ਹੋਏ ਸਨ। ਅਖ਼ੀਰਲੀ ਵਾਰ ਸ਼ੇਰਬਾਜ਼ ਅੰਦਰ ਗਿਆ ਤੇ ਰੱਖੀ ਨੂੰ ਆ ਕੇ ਇਕ ਪੱਖੀ ਤੇ ਇਕ ਛੰਨਾ ਫੜਾਇਆ। ਛੰਨੇ ਉੱਤੇ ਚਿਤ੍ਰਿਆ ਹੋਇਆ ਸੀ, "ਸ਼ੇਰਬਾਜ਼ ਖ਼ਾਨ" ਤੇ ਪੱਖੀ ਤੇ ਰੱਖੀ ਨੇ ਆਪ ਸੂਹੇ ਸਾਵੇ ਧਾਗਿਆਂ ਨਾਲ ਕੱਢਿਆ ਸੀ, "ਪਾਕਸਿਤਾਨ ਹਮਾਰਾ ਹੈ।"



# ਠਿੱਬੀ ਜੁੱਤੀ

### ਗੁਰਮੁਖ ਸਿੰਘ ਮੁਸਾਫ਼ਰ

ਇਹ ਜੁੱਤੀ ਜਦੋਂ ਅਜੇ ਠਿੱਬੀ ਨਹੀਂ ਸੀ, ਵੈਰਾਗ ਜਿੱਥੇ ਵੀ ਪਾ ਕੇ ਜਾਂਦਾ, ਲੋਕਾਂ ਨੂੰ ਇਸ ਦੇ ਪੈਰਾਂ ਵੱਲ ਉਚੇਚੇ ਵੇਖਣਾ ਪੈਂਦਾ। ਜਾਣੂ ਪਛਾਣੂ ਬੰਦੇ ਤਾਂ ਇਸ ਜੁੱਤੀ ਬਾਬਤ ਸਵਾਲਾਂ ਦੀ ਝੜੀ ਲਾ ਦਿੰਦੇ, ਪਰ ਅਣਜਾਣੂ ਵੀ ਇਸ ਵੱਲ ਐਸੀ ਨਜ਼ਰ ਨਾਲ ਵੇਖਦੇ, ਜਿਵੇਂ ਹੁਣੇ ਕੋਈ ਸਵਾਲ ਕਰਨ ਵਾਲੇ ਸਨ। ਮਿੱਤਰ ਮੰਡਲੀ ਵਿਚ ਤਾਂ ਇਕ ਵੇਰਾਂ ਕੁਝ ਸਮੇਂ ਤੱਕ ਇਹ ਜੁੱਤੀ ਕਾਫ਼ੀ ਚਰਚਾ ਦਾ ਮਜ਼ਮੂਨ ਬਣੀ ਰਹੀ। ਵੈਰਾਗ ਦਾ ਕੋਈ ਹੀ ਮਿੱਤਰ ਹੋਵੇਗਾ, ਜਿਸ ਨੇ ਇਕ ਵੇਰਾਂ ਇਹੋ ਜਿਹੀ ਜੁੱਤੀ ਮੰਗਵਾ ਦੇਣ ਦੀ ਮੰਗ ਨਾ ਕੀਤੀ ਹੋਵੇ, "ਯਾਰ ਵੈਰਾਗ ਇਹ ਜੁੱਤੀ ਕਿੱਥੋਂ ਤੇ ਕਦੋਂ ਮੰਗਵਾਈ ਊ? ਕਿਤਨੇ ਤੋਂ ਆਈ ਏ? ਕੌਣ ਲਿਆਇਆ ਏ?" ਇਹ ਤਾਂ ਇਕ ਵਾਰੀ ਸਭ ਨੇ ਪੁੱਛਿਆ ਹੋਵੇਗਾ। ਵੈਰਾਗ ਪਾਸੋਂ ਜਿਤਨੇ ਵੀ ਸਵਾਲ ਇਸ ਸੰਬੰਧੀ ਪੁੱਛੇ ਜਾਂਦੇ ਹਨ, ਉਹ ਖਿੱਝਦਾ ਨਹੀਂ, ਸੁਆਦ ਜਿਹਾ ਅਨੁਭਵ ਕਰਦਾ ਹੈ, ਉਸ ਦੇ ਚਿਹਰਿਉਂ ਪਤਾ ਲੱਗ ਜਾਂਦਾ ਹੈ, ਸਗੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਜੇ ਕਦੇ ਕਿਧਰੇ ਇਸ ਜੁੱਤੀ ਬਾਰੇ ਕੋਈ ਕੁਝ ਨਾ ਪੁੱਛੇ ਤਾਂ ਵੈਰਾਗ ਉਦਾਸੀ ਜਿਹੀ ਮਹਿਸੂਸ ਕਰਦਾ ਹੈ। ਵੈਰਾਗ ਕਈ ਵੇਰ ਨਿੱਕੇ ਨਿੱਕੇ ਹਾਦਸਿਆਂ ਤੋਂ ਬਚਿਆ ਤੇ ਇਕ ਦੋ ਵੇਰ ਚੰਗੇ ਵੱਡੇ ਹਾਦਸਿਆਂ ਤੋਂ। ਕਾਰਨ ਇਹ ਕਿ ਤੁਰਦਾ ਤੁਰਦਾ ਅੱਗੇ ਸਿੱਧਾ ਵੇਖਣ ਦੀ ਬਜਾਏ ਜੁੱਤੀ ਵੱਲ ਵੇਖਣਾ ਸ਼ੁਰੂ ਕਰ ਦਿੰਦਾ ਸੀ। ਜਦ ਇਹ ਜੁੱਤੀ ਵੱਲ ਉਚੇਚਾ ਵੇਖਦਾ ਤਾਂ ਇਸ ਦੀ ਨਜ਼ਰ ਜੁੱਤੀ ਤੱਕ ਹੀ ਸੀਮਿਤ ਨਹੀਂ ਰਹਿੰਦੀ। ਉਹ ਦੂਰ-ਦੂਰ ਚਲੀ ਜਾਂਦੀ। ਨਜ਼ਰ ਤਾਂ ਹੱਦਾਂ ਬੰਨਿਆਂ ਦੀ ਕੰਧ ਤੋਂ ਆਜ਼ਾਦ ਹੈ, ਨਜ਼ਰ ਨੂੰ ਤਾਂ ਪਾਸਪੋਰਟ (ਵੀਜ਼ੇ) ਦੀ ਲੋੜ ਨਹੀਂ। ਉਹ ਥਾਂ ਜਿੱਥੇ ਬੈਠ ਕੇ ਇਹ ਜੁੱਤੀ ਤਿਆਰ ਹੋਈ, ਉਹ ਰਛ ਦਾਨ, ਜਿਨ੍ਹਾਂ ਨਾਲ ਇਹ ਜੁੱਤੀ ਬਣੀ, ਫਿਰ ਉਹ ਹੱਥ ਜਿਨ੍ਹਾਂ ਨੇ ਇਸ ਜੁੱਤੀ ਲਈ ਧਾਗੇ ਵੱਟੇ, ਤੇ ਇਸ ਚਮੜੇ ਨੂੰ ਸੋਤਾ ਮਲਿਆ, ਉਹ ਗੋਡੇ ਜਿਨ੍ਹਾਂ ਦਾ ਸਹਾਰਾ ਇਸ ਜੁੱਤੀ ਦੇ ਜਨਮ ਧਾਰਨ ਵਿਚ ਸਹਾਇ ਹੋਇਆ, ਉਹ ਸਾਰੇ ਦਾ ਸਾਰਾ ਵਾਤਾਵਰਨ ਵੈਰਾਗ ਦੀਆਂ ਅੱਖਾਂ ਦੇ ਸਾਹਮਣੇ ਫਿਰਨ ਲੱਗ ਪੈਂਦਾ ਹੈ। ਵੈਰਾਗ ਨੇ ਇਨ੍ਹਾਂ ਹੱਥਾਂ ਦੀਆਂ ਤਿਆਰ ਹੋਈਆਂ ਕਈ ਜੁੱਤੀਆਂ ਹੰਢਾਈਆਂ ਸਨ, ਕਦੇ ਵੀ ਉਸ ਨੇ ਉਨ੍ਹਾਂ ਜੁੱਤੀਆਂ ਨਾਲ ਐਡਾ ਮੋਹ ਨਹੀਂ ਸੀ ਕੀਤਾ, ਸਗੋਂ ਥੋੜ੍ਹੀ ਜਿਹੀ ਪੁਰਾਣੀ ਹੋ ਜਾਣ 'ਤੇ ਉਹ ਕਿਸੇ ਪੈਰੋਂ ਨੰਗੇ ਗ਼ਰੀਬ ਨੂੰ ਦੇ ਦਿੰਦਾ ਸੀ ਤੇ ਆਪ ਨਵੀਂ ਲੈ ਆਉਂਦਾ ਸੀ। ਜੁੱਤੀ ਛੇਤੀ-ਛੇਤੀ ਬਦਲ ਲੈਣ ਕਰਕੇ ਵੈਰਾਗ ਨੂੰ ਮੋਚੀਆਂ ਦੇ ਮੁਹੱਲੇ ਜਾਣ ਦਾ ਮੌਕਾ ਵੀ ਛੇਤੀ-ਛੇਤੀ ਮਿਲ ਜਾਂਦਾ ਸੀ। ਲਾਗੇ ਚਾਗਿਉਂ ਦੋਸਤਾਂ ਮਿੱਤਰਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਵੀ ਉਸ ਨੂੰ ਰੋਜ਼-ਰੋਜ਼

ਜਾਂ ਤੀਜੇ ਚੌਥੇ ਉਸ ਮੁਹੱਲੇ ਫੇਰਾ ਮਾਰਨ ਦਾ ਅਵਸਰ ਮਿਲ ਜਾਂਦਾ ਸੀ, ਬਹੁਤੇ ਦੋਸਤ ਤਾਂ ਇਹ ਸੁਨੇਹਾ ਭੇਜਦੇ ਸਨ ਕਿ ਸਾਡੇ ਪੈਰ ਦਾ ਮੇਚਾ ਇਕੋ ਹੀ ਹੈ, ਆਪ ਦੇ ਮੇਚੇ ਦੀ ਹੀ ਬਣਵਾ ਕੇ ਭੇਜ ਦੇ। ਵੈਰਾਗ ਜਦ ਇਸ ਕੰਮ ਦੇ ਬਹਾਨੇ ਜਾਂਦਾ, ਉਹ ਦਰਵਾਜ਼ੇ ਵਿਚੋਂ ਹੀ ਉੱਚੀ ਸਾਰੀ ਆਖਦਾ, "ਚਾਚਾ ਸੁਰਾਜ ਸਾਹਿਬ ਸਲਾਮ!" "ਜੀ ਆਏ ਸ਼ਾਹ ਜੀ" ਸੁਰਾਜ ਹੱਥਲੇ ਕੰਮ ਨੂੰ ਕਰਦਿਆਂ ਹੀ ਜਵਾਬ ਦਿੰਦਾ ਤੇ ਨਾਲ ਹੀ ਉੱਚੀ ਆਵਾਜ਼ ਵਿਚ ਆਖਦਾ :– "ਨੂਰੋ ਸ਼ਾਹ ਵਾਸਤੇ ਪੀੜ੍ਹੀ ਲੈ ਆ" ਨੂਰੋ ਦੌੜ ਕੇ ਪੀੜ੍ਹੀ ਲੈ ਆਉਂਦੀ ਤੇ ਕੋਲ ਬਹਿ ਕੇ ਹੌਲੇ-ਹੌਲੇ ਪੋਲੇ-ਪੋਲੇ ਵੈਰਾਗ ਦੇ ਪੈਰਾਂ ਤੇ ਹੱਥ ਫੇਰਨ ਲੱਗ ਪੈਂਦੀ, ਸੁਰਾਜ ਵਖ ਕੇ ਆਖਦਾ : "ਐਡੀ ਜਲਦੀ ਕਿੱਥੇ ਮੇਰੇ ਵਿਚ ਫਰਕ ਪੈ ਜਾਣੈ, ਵੈਰਾਗ ਦੇ ਪੈਰਾਂ ਦੀ ਤਾਂ ਮੈਨੂੰ ਇੰਜ ਪਛਾਣ ਏਂ ਕਿ ਅੱਖੀਆਂ ਨੂਟ ਕੇ ਜੁੱਤੀ ਬਣਾ ਛੋੜਾਂ ਤੇ ਤੀਲ੍ਹੇ ਜਿੰਨਾ ਫਰਕ ਵੀ ਪੈ ਜਾਏ ਤਾਂ ਮੈਨੂੰ ਨੱਥੂ ਦਾ ਪੁੱਤ ਨਾ ਸਮਝੋ" ਇਸ ਤਰ੍ਹਾਂ ਦੀਆਂ ਗੱਲਾਂ ਕਿਤਨਾ ਚਿਰ ਉਸ ਨਿੱਕੇ ਜਿਹੇ ਕੱਚੇ ਪਰ ਸੋਹਣੇ ਲਿੱਪੇ ਪੋਚੇ ਹੋਏ ਕੋਠੇ ਵਿਚ ਬਹਿ ਕੇ ਹੁੰਦੀਆਂ ਰਹਿੰਦੀਆਂ, ਇਸ ਸਾਰੇ ਨਕਸ਼ੇ ਦੀ ਯਾਦ-ਹੂ-ਬਹੂ ਇਹ ਜੁੱਤੀ ਵੈਰਾਗ ਦੀਆਂ ਅੱਖਾਂ ਸਾਹਮਣੇ ਲੈ ਆਉਂਦੀ ਤੇ ਉਸ ਦਾ ਮਨ ਕਿਤਨਾ ਚਿਰ ਖੁਸ਼ੀ ਉਦਾਸੀ, ਰਸ ਰੁਖਵੇਂ, ਆਸ਼ਾ ਨਿਰਾਸ਼ਾ ਦੀ ਖਿਚੜੀ ਜਿਹਾ ਬਨਿਆ ਰਹਿੰਦਾ।

ਹੁਣ ਵੈਰਾਗ ਨੂੰ ਕਿਤਨਾ ਚਿਰ ਇਹ ਠਿੱਬੀ ਜੁੱਤੀ ਸਲੀਪਰ ਦੇ ਤੌਰ 'ਤੇ ਵਰਤਦਿਆਂ ਹੋ ਗਿਆ, ਇਹ ਹੁਣ ਸਿਰਫ ਠਿੱਬੀ ਹੀ ਨਹੀਂ ਰਹੀ, ਇਸ ਦੇ ਪੰਜਿਆਂ ਦੇ ਦੋਹੀਂ ਪਾਸੀਂ ਐਸੀਆਂ ਬਾਰੀਆਂ ਜਿਹੀਆਂ ਨਿਕਲ ਆਈਆਂ ਹਨ, ਜਿਨ੍ਹਾਂ ਥਾਣੀ ਹਵਾ ਤਾਂ ਕੀ ਆਉਣੀ ਹੈ, ਮਿੱਟੀ ਰੋੜੇ ਖੁੱਲ੍ਹੇ ਅੰਦਰ ਦਾਖਲ ਹੋ ਕੇ ਪੈਰਾਂ ਨੂੰ ਕੁਝ ਚੋਭ ਜਿਹੀ ਦਿੰਦੇ ਰਹਿੰਦੇ ਹਨ। ਨ੍ਹਾਣ-ਧੋਣ ਪਿੱਛੋਂ ਜਦ ਵੈਰਾਗ ਨਵੇਂ ਬੂਟ ਜਾਂ ਜੁੱਤੀ ਪਾਣ ਲੱਗਦਾ ਹੈ ਤਾਂ ਜ਼ਰੂਰ ਭਰਜਾਈ ਪਾਸੋਂ ਟਿੰਚਰ ਆਇਓਡੀਨ ਪੈਰ ਦੀ ਕਿਸੇ ਨਾ ਕਿਸੇ ਉਂਗਲੀ ਤੇ ਲਾਉਣ ਲਈ ਮੰਗਦਾ ਹੈ, ਬੱਸ ਉਸੇ ਵੇਲੇ ਇਕ ਸੁਆਦਲੀ ਚਰਚਾ ਛਿੜ ਪੈਂਦੀ ਹੈ :-"ਹੁਣ ਇਸ ਜੁੱਤੀ ਦਾ ਖਹਿੜਾ ਛੱਡਣਾ ਨਹੀਂ, ਰੋਜ਼ ਪੈਰਾਂ ਤੇ ਕਿਸੇ ਨਾ ਕਿਸੇ ਥਾਂ ਜ਼ਖ਼ਮ ਜਿਹਾ ਬਣਾ ਦਿੰਦੀ ਹੈ ਇਹ ਜੁੱਤੀ।" ਵੈਰਾਗ ਦੇ ਪੈਰਾਂ ਤੇ ਟਿੰਚਰ ਦਾ ਬੁਝਾ ਲਾਂਦਿਆਂ-ਲਾਂਦਿਆਂ ਭਾਬੀ ਜਦ ਇਹ ਗੱਲ ਆਖਦੀ ਹੈ ਤਾਂ ਵੈਰਾਗ ਹਾਲੀ ਦਾ ਸ਼ੇਅਰ ਗੁਣ-ਗੁਣਾਨ ਲੱਗ ਜਾਂਦਾ ਹੈ "ਹੈ ਪਾਸ ਦੋਸਤੋਂ ਕੀ ਮੇਰੇ ਯਹੀ ਨਿਸ਼ਾਨੀ, ਯਾ ਰੱਬ ਕਭੀ ਨਾ ਪਾਏ ਜ਼ਖਮ ਇੰਦ ਮਾਲ ਮੇਰਾ।" ਥੋੜ੍ਹਾ ਚਿਰ ਦਿਓਰ ਭਾਬੀ ਦੀ ਚੰਗੀ ਟਿਚਕਰ ਰਹਿੰਦੀ। ਇਹ ਮੌਕਾ ਹੁੰਦਾ ਜਦ ਭਰਜਾਈ ਉਸ ਨੂੰ ਵਿਆਹ ਕਰਵਾ ਲੈਣ ਦੀ ਪ੍ਰੇਰਨਾ ਵੀ ਕਰ ਲੈਂਦੀ। ਖਬਰੇ ਕਿਤਨੀਆਂ ਕੁੜੀਆਂ ਦੇ ਨਾਮ ਤੇ ਮੁਹਾਂਦਰਿਆਂ ਦੀ ਤਸਵੀਰ ਖਿੱਚ ਕੇ ਭਾਬੀ ਉਸ ਦੇ ਸਾਹਮਣੇ ਰੱਖ ਦਿੰਦੀ, ਤੇ ਵੈਰਾਗ ਹਾਸੇ ਨਾਲ ਟਾਲਦਿਆਂ ਆਖਦਾ, "ਭਾਬੀ ਤੂੰ ਪੜ੍ਹੀ ਤਾਂ ਐਡੀ ਨਹੀਂ, ਪਰ ਚਿੱਤਰਕਾਰ ਬੜੀ ਚੰਗੀ ਏਂ, ਜੇ ਤੈਨੂੰ ਬੁਰਸ਼ ਹੱਥ ਲੱਗ ਜਾਏ ਤਾਂ ਖਬਰੇ ਅੰਮ੍ਰਿਤਾ ਸ਼ੇਰਗਿਲ ਨੂੰ ਵੀ ਚਿਤ੍ਰਕਾਰੀ ਵਿਚ ਮਾਤ ਕਰ ਜਾਵੇਂ।" "ਜੇ ਥੋੜ੍ਹਾ ਜਿਹਾ ਹੋਰ ਵੱਡਾ ਹੋ ਗਿਓਂ ਤਾਂ ਕਿਸੇ ਕੁੜੀ ਹੀ ਨਹੀਂ ਦੇਣੀ, ਛੜਾ ਲੰਡੋਰ ਹੀ ਰਹੇਂਗਾ, ਤੇ ਛੜੇ ਨੂੰ ਕੋਈ ਗੁਆਂਢ ਵਿਚ ਮਕਾਨ ਵੀ ਕਿਰਾਏ 'ਤੇ ਨਹੀਂ ਦਿੰਦਾ।" "ਭਾਬੀ ਦੁਨੀਆਂ ਵਿਚ ਕੋਈ ਵਿਆਹ ਕਰਵਾਣਾ ਹੀ ਕੰਮ ਨਹੀਂ, ਮਾਵਾਂ ਭਰਜਾਈਆਂ ਨੂੰ ਐਵੇਂ ਚਿੰਤਾ ਲੱਗੀ ਰਹਿੰਦੀ ਏ।" ਅਜਿਹੇ ਮੌਕੇ ਤੇ ਅਜਿਹੀ ਚਰਚਾ ਵੇਲੇ ਵੈਰਾਗ ਤਿੰਨ ਚਾਰ ਮਸ਼ਹੂਰ ਕੁਆਰਿਆਂ ਦੇ ਨਾਮ ਲੈ ਲੈਂਦਾ, ਜਿਨ੍ਹਾਂ ਦਾ ਦੇਸ਼ ਵਿਚ ਬੜਾ ਨਾਮ ਹੈ। ਤੇ ਇਸ ਤਰ੍ਹਾਂ ਲਾਡ ਜਿਹੇ ਨਾਲ ਭਾਬੀ ਨੂੰ



ਸੰਬੋਧਨ ਕਰਦਾ :- ਭਾਬੀ ਬੰਗਾਲ ਦੇ ਪ੍ਰਧਾਨ ਮੰਤਰੀ ਡਾਕਟਰ ਰਾਏ ਦਾ ਨਾਮ ਜਾਣਦੀ ਏਂ, ਉਸ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ। ਫਿਰ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਗੁਪਤਾ, ਮਦਰਾਸ ਦਾ ਮੁੱਖ ਮੰਤਰੀ ਕਾਮ ਰਾਜ ਨਾਡਾਰ ਤੇ ਏ ਕਰਿਸ਼ਨਾ ਮੈਨਨ, ਸਾਰੇ ਕੁਆਰੇ ਦੇ ਕੁਆਰੇ ਹਨ, ਹੁਣ ਦੱਸ ਇਹ ਲੰਡੋਰ ਹਨ, ਇਨ੍ਹਾਂ ਨੂੰ ਕੋਈ ਵਿਆਹ ਦਾ ਘਾਟਾ ਸੀ? ਇਥੋਂ ਸਾਬਤ ਹੁੰਦਾ ਹੈ ਕਿ ਦੁਨੀਆਂ ਵਿਚ ਵਿਆਹ ਹੀ ਕੋਈ ਵੱਡੀ ਗੱਲ ਨਹੀਂ। ਆਪਣੇ ਪੰਜਾਬ ਦੇ ਸੂਬੇ ਵਿਚ ਵੀ, ਭਾਬੀ ਮੈਂ ਤੈਨੂੰ ਕਈਆਂ ਮਸ਼ਹੂਰ ਮਰਦਾਂ ਜ਼ਨਾਨੀਆਂ ਦੇ ਨਾਮ ਦੱਸ ਸਕਦਾ ਹਾਂ, ਜਿਨ੍ਹਾਂ ਵਿਆਹ ਨਹੀਂ ਕਰਵਾਏ ਤੇ ਦੇਸ਼ ਦੀ ਸੇਵਾ ਨੂੰ ਹੀ ਨਿਸ਼ਾਨਾ ਰੱਖ ਕੇ ਆਪਣੀ ਉਮਰ ਗੁਜ਼ਾਰ ਰਹੇ ਹਨ। "ਮੈਂ ਨਹੀਂ ਜਾਣਦੀ ਇਹ ਗੱਲਾਂ, ਮਨ ਹਰਾਮੀ ਤੇ ਹੁੱਜਤਾਂ ਦੇ ਢੇਰ, ਮੈਂ ਕੱਲ੍ਹ ਇਨ੍ਹਾਂ ਠਿੱਬੀਆਂ ਜੁੱਤੀਆਂ ਨੂੰ ਜਮਾਂਦਾਰ ਦੀ ਟੋਕਰੀ ਵਿਚ ਸੁੱਟ ਦਿਆਂਗੀ, ਇਨ੍ਹਾਂ ਨੂੰ ਪਾ ਕੇ ਤੂੰ ਜਿਸ ਕਮਰੇ ਵਿਚੋਂ ਲੰਘਦਾ ਹੈਂ, ਉਹ ਮਿੱਟੀਓਂ ਮਿੱਟੀ ਹੋ ਜਾਂਦਾ ਹੈ, ਦਰੀ ਗੰਦੀ ਹੋ ਜਾਂਦੀ ਹੈ, ਪੈਰ ਵੀ ਤੇਰੇ ਉਲਟੇ ਖਰਾਬ ਹੁੰਦੇ ਹਨ।"

"ਲੈ ਵਿਆਹ ਦੀ ਗੱਲ ਜੁੱਤੀ ਨਾਲ ਕਿੱਥੋਂ ਆਣ ਜੋੜੀ ਸੂ" ਭਾਬੀ ਦੇ ਗੁੱਸੇ ਦਾ ਉਂਜ ਵੀ ਵੈਰਾਗ ਤੇ ਕੋਈ ਅਸਰ ਨਹੀਂ ਹੁੰਦਾ, ਤੇ ਭਾਬੀ ਦਾ ਗੁੱਸਾ ਵੀ ਕਿਹੜਾ ਸੱਚ-ਮੁੱਚ ਦਾ ਗੁੱਸਾ ਹੁੰਦਾ ਏ। ਵੈਰਾਗ ਭਾਬੀ ਦੀਆਂ ਅੱਖਾਂ ਦੀ ਜ਼ਬਾਨ ਤੇ ਉਸ ਦੀਆਂ ਬੁੱਲ੍ਹੀਆਂ ਦੀ ਮੁਸਕਾਨ ਦੋਹਾਂ ਨੂੰ ਸਮਝ ਬੁੱਝ ਲੈਂਦਾ ਹੈ। ਭਾਬੀ ਜਿਵੇਂ ਉਸ ਦੇ ਹਿਰਦੇ ਨੂੰ ਟੋਹ ਰਹੀ ਹੈ, ਉਸ ਦੇ ਕਿਸੇ ਸਿਦਕ ਪੈਮਾਨੇ ਨੂੰ ਨਾਪ ਰਹੀ ਹੈ। ਭਾਬੀ ਨੇ ਇਕ ਦਿਨ ਰਾਤ ਵੇਲੇ ਇਹ ਠਿੱਬੀ ਜੁੱਤੀ ਕੂੜੇ ਦੇ ਢੇਰ ਵਿਚ ਰੱਖ ਹੀ ਦਿੱਤੀ, ਜਿਹੜਾ ਸਵੇਰ ਸਾਰ ਦਾ ਜਮਾਂਦਾਰ ਨੇ ਉਠਾਣਾ ਸੀ। ਪਰ ਸਵੇਰ ਸਾਰ ਜਾਗਦਿਆਂ ਹੀ ਉਸ ਨੇ ਹੈਰਾਨੀ ਨਾਲ ਡਰਾਇੰਗ ਰੂਮ ਦੇ ਦਰਵਾਜ਼ੇ ਵਿਚਕਾਰ ਜੁੱਤੀ ਨੂੰ ਪਈ ਵੇਖਿਆ। ਉਰਦੂ ਦੇ ਮਸ਼ਹੂਰ ਸ਼ਾਇਰ ਤ੍ਰਿਲੋਕ ਚੰਦ 'ਮਹਿਰੂਮ' ਕਿਧਰੇ ਸੈਰ ਕਰਦੇ-ਕਰਦੇ ਸਵੇਰੇ ਹੀ ਇਧਰੋਂ ਆਣ ਲੰਘੇ ਸਨ ਤੇ ਵੈਰਾਗ ਡਰਾਇੰਗ ਰੂਮ ਵਿਚ ਬੈਠਾ, ਉਨ੍ਹਾਂ ਦੀ ਇਕ ਕਵਿਤਾ "ਪੁਰਾਣਾ ਚੋਲਾ" ਤੇ ਉਨ੍ਹਾਂ ਨਾਲ ਵਿਚਾਰ ਕਰ ਰਿਹਾ ਸੀ। ਵੈਰਾਗ ਦੀ ਭਾਬੀ ਗਈ ਤਾਂ ਜੁੱਤੀ ਨੂੰ ਚੁੱਕ ਕੇ ਫਿਰ ਕੂੜੇ ਦੇ ਢੇਰ 'ਤੇ ਸੁੱਟਣ ਲੱਗੀ ਸੀ, ਪਰ ਝਕ ਜਿਹੀ ਗਈ।

"ਪੁਰਾਣੀ ਚੀਜ਼ ਨਾਲ ਪਿਆਰ ਹੋ ਜਾਂਦਾ ਹੈ, ਉਸ ਨੂੰ ਤਿਆਗਣ ਲੱਗਿਆਂ ਖੋਹ ਪੈਂਦੀ ਹੈ, ਪਰ ਇਸ ਸਰੀਰ ਨਾਲੋਂ ਵੱਧ ਤਾਂ ਸਾਨੂੰ ਹੋਰ ਕੋਈ ਪਿਆਰੀ ਚੀਜ਼ ਨਹੀਂ, ਛੱਡਣਾ ਇਹ ਵੀ ਪੈਂਦਾ ਹੈ, ਇਸ ਲਈ ਮਨ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਹੈ ਕਿ ਉਹ ਤਿਆਗ ਲਈ ਤਿਆਰ ਰਹੇ, ਪੁਰਾਣਾ ਚੋਲਾ" "ਕਵਿਤਾ ਵਿਚ ਇਸੇ ਤਰ੍ਹਾਂ ਦੇ ਭਾਵ ਹਨ।" "ਸਰੀਰ ਦੀ ਗੱਲ ਤਾਂ ਆਪਣੇ ਵੱਸ ਵਿਚ ਨਹੀਂ।" "ਸਭ ਕੁਝ ਆਪ ਵੱਸ ਵਿਚ ਹੈ ਤੇ ਕੋਈ ਵੀ ਆਪਣੇ ਵੱਸ ਵਿਚ ਨਹੀਂ।"

"ਫਿਰ ਗੱਲ ਤੇ ਮਨ ਦੀ ਹੀ ਸਾਰੀ ਹੋਈ ਨਾ।"

ਵੈਰਾਗ ਦੀ ਭਾਬੀ ਦੇ ਕੰਨਾਂ ਵਿਚ ਦੋਹਾਂ ਦੀਆਂ ਗੱਲਾਂ ਪਈਆਂ, "ਇਹ ਡੂੰਘੇ ਵਹਿਣਾਂ ਵਿਚ ਪੈ ਗਏ ਹਨ" ਆਖਦੀ ਉਹ ਰਸੋਈ ਵਿਚ ਮੁੜ ਆਈ।

ਵੈਰਾਗ ਮਹਿਰੂਮ ਸਾਹਿਬ ਨੂੰ ਵਿਦਾ ਕਰ ਕੇ ਆਇਆ ਤਾਂ ਪ੍ਰਸਪਰ ਕੀਤੇ ਵਿਚਾਰਾਂ ਦਾ ਅਸਰ ਅਜੇ ਉਸ ਦੇ ਦਿਮਾਗ 'ਤੇ ਹੈ। "ਭਾਬੀ ਅੱਜ ਤੂੰ ਮੈਨੂੰ ਇਕ ਗੱਲ ਦੱਸ, ਜਿਹੜੀ

ਚੀਜ਼ ਪੁਰਾਣੀ ਹੋ ਜਾਏ, ਉਸ ਨੂੰ ਪਰ੍ਹੇ ਸੁੱਟ ਕੇ ਉਸ ਦੀ ਜਗ੍ਹਾ ਨਵੀਂ ਲੈ ਆਉਣੀ ਚਾਹੀਦੀ ਹੈ?''

''ਬੱਚੂ ਮੈਂ ਤੇਰੀਆਂ ਚਲਾਕੀਆਂ ਜਾਣਦੀ ਹਾਂ; ਹੁਣੇ ਤੂੰ ਮਿਲਣ ਆਏ ਆਦਮੀ ਦਾ ਦਿਮਾਗ ਵੀ ਇਨ੍ਹਾਂ ਗੱਲਾਂ ਨਾਲ ਚੱਟ ਰਿਹਾ ਸੈਂ! ਬਦਲਣ ਦੀ ਗੱਲ ਚੀਜ਼ ਚੀਜ਼ 'ਤੇ ਨਿਰਭਰ ਹੈ। ਹੱਛਾ ਤੂੰ ਬੜਾ ਖੋਚਰੀ ਬਣਿਆ ਫਿਰਦਾ ਏਂ, ਮੇਰੀ ਗੱਲ ਦਾ ਉੱਤਰ ਦੇਹ।''

''ਜਿਹੜਾ ਬੰਦਾ ਪੁਰਾਣੀ ਚੀਜ਼ ਨਾਲ ਤੇ ਬੜਾ ਪਿਆਰ ਜਤਾਏ, ਉਸ ਨੂੰ ਤਿਆਗੇ ਨਾ, ਪਰ ਉਸ ਦੇ ਹੁੰਦਿਆਂ ਉਸ ਦੇ ਨਾਲ ਦੀਆਂ ਨਵੀਆਂ ਨੂੰ ਵਰਤਦਾ ਰਹੇ, ਇਸ ਬਾਰੇ ਤੇਰਾ ਗਿਆਨ ਕੀ ਦੱਸਦਾ ਹੈ?'' ਜਿਵੇਂ ਕਿਸੇ ਤੇ ਚੋਰੀ ਦਾ ਝੂਠਾ ਇਲਜ਼ਾਮ ਲੱਗ ਗਿਆ ਹੋਵੇ ਜਾਂ ਜਿਵੇਂ ਕਿਸੇ ਦੀ ਕੋਈ ਚੋਰੀ ਪਕੜੀ ਗਈ ਹੋਵੇ, ਵੈਰਾਗ ਨੂੰ ਮੁੜ੍ਹਕੋ ਮੁੜ੍ਹਕੀ ਹੋਏ ਵੇਖ ਕੇ ਭਾਬੀ ਨੇ ਝੱਟ ਕਿਹਾ :- ''ਵੈਰਾਗ ਗੱਲ ਤੇ ਜੁੱਤੀਆਂ ਦੀ ਹੀ ਹੋ ਰਹੀ ਏ ਨਾ, ਤੇਰੇ ਪਾਸੇ ਕਿਤਨੀ ਕਿਸਮ ਦੇ ਕਿਤਨੇ ਜੋੜੇ ਜੁੱਤੀਆਂ ਤੇ ਬੂਟਾਂ ਦੇ ਹਨ, ਤੂੰ ਵਾਰੀ ਵਾਰੀ ਸਾਰਿਆਂ ਨੂੰ ਵਰਤਣਾ ਏਂ। ਤੂੰ ਸਿੱਧਾ ਦੱਸ, ਘਰ ਵਿਚ ਪੁਰਾਣੀ ਨਾਲ ਪਿਆਰ ਤੇ ਬਾਹਰ ਲਈ ਨਵੀਆਂ ਵਰਤਣੀਆਂ ਠੀਕ ਹੈ?'' ਵੈਰਾਗ ਦੇ ਮੂੰਹ ਵਿਚ ਘੁੰਗਣੀਆਂ ਵੇਖ ਉਸ ਦੀ ਭਾਬੀ ਨੇ ਕਿਹਾ :-

''ਘਬਰਾ ਨਹੀਂ, ਗੱਲ ਜੁੱਤੀਆਂ ਦੀ ਹੀ ਹੋ ਰਹੀ ਏ'' ''ਭਾਬੀ ਚਿਤ੍ਰਕਾਰ ਹੀ ਨਹੀਂ, ਇਹ ਤੇ ਫਿਲਾਸਫਰ ਵੀ ਏ'' ''ਤੂੰ ਛੋੜ ਹੁੱਜਤਾਂ ਨੂੰ, ਵਿਆਹ ਦੀ ਗੱਲ ਕਰ, ਕਿਹੜੀ ਕੁੜੀ ਤੈਨੂੰ ਪਸੰਦ ਏ।''

''ਲੈ ਭਾਬੀ ਕਿੱਥੇ ਦੀ ਗੱਲ ਕਿੱਥੇ ਲੈ ਜਾਂਦੀ ਏਂ, ਚੰਗਾ ਹੁੰਦਾ ਜੇ ਮੈਂ ਇਹ ਜੁੱਤੀ ਲਿਆਉਂਦਾ ਹੀ ਨਾ। ਲਾਹੌਰ ਜੋੜ ਮੇਲੇ ਤੇ ਮੇਰਾ ਜਾਣਾ ਤੈਨੂੰ ਪਤਾ ਹੈ ਇਤਫ਼ਾਕੀਆ ਹੀ ਸੀ।'' ''ਮੈਂ ਤੈਨੂੰ ਵੈਰਾਗ ਦੱਸ ਚੁਕੀ ਹਾਂ ਨਾ ਕਿ ਸੁਰਾਜ ਮੋਚੀ ਤੇਰੇ ਵਾਸਤੇ ਜੁੱਤੀ ਲੈ ਕੇ ਆਪ ਲਾਹੌਰ ਆਇਆ ਸੀ, ਇਸ ਖਿਆਲ ਨਾਲ ਕਿ ਕੋਈ ਨਾ ਕੋਈ ਦਿੱਲੀਉਂ ਜਾਂ ਅੰਮ੍ਰਿਤਸਰੋਂ ਆਇਆ ਬੰਦਾ ਮਿਲ ਹੀ ਪਵੇਗਾ, ਜਿਸ ਦੇ ਹੱਥ ਜੁੱਤੀ ਭੇਜ ਦਿਆਂਗਾ।''

''ਭਾਬੀ ਫਿਰ ਮਾੜਾ ਕੀ ਹੋ ਗਿਆ, ਜੁੱਤੀ ਲਿਆਣ ਵਿਚ ਪਛਤਾਣ ਦੀ ਕੀ ਗੱਲ ਏ?''

''ਵੈਰਾਗ ਜਿਸ ਵੇਲੇ ਮੈਂ ਤੈਨੂੰ ਦੱਸਿਆ ਸੀ ਕਿ ਸੁਰਾਜ ਆਖਦਾ ਸੀ, ਨੂਰੋ ਹੁਣ ਨੂਰ ਭਰੀ ਹੋ ਗਈ ਤੇ ਇਸ ਜੁੱਤੀ ਨੂੰ ਉਸ ਆਪਣੇ ਹੱਥਾਂ ਨਾਲ ਡੰਗੇ ਲਾਏ ਨੇ ਤੇ ਉਸ ਹੀ ਬਹੁਤਾ ਆਪਣੇ ਅੱਬੇ ਨੂੰ ਮਜਬੂਰ ਕੀਤਾ, ਤੇਰੇ ਲਈ ਜੁੱਤੀ ਲਾਹੌਰ ਜਾ ਕੇ ਤੈਨੂੰ ਪਹੁੰਚਾਣ ਦਾ। ਇਹ ਗੱਲ ਸੁਣ ਕੇ ਤੇਰਾ ਮੁਹਾਂਦਰਾ ਬਦਲ ਗਿਆ ਸੀ ਤੇ ਤੇਰੀਆਂ ਖਾਖਾਂ ਵੀ ਮੁਸਕਰਾਣ ਲੱਗ ਪਈਆਂ ਸਨ। ਉਸ ਵੇਲੇ ਮੈਂ ਐਡਾ ਖਿਆਲ ਨਹੀਂ ਸੀ ਕੀਤਾ ਪਰ ਹੁਣ ਇਸ ਠਿੱਬੀ ਹੋ ਕੇ ਪਾਟ ਚੁਕੀ ਜੁੱਤੀ ਨਾਲ, ਤੇਰਾ ਜਨੂੰਨ ਵੇਖ ਕੇ ਮੈਂ ਆਖਦੀ ਹਾਂ ਕਿ ਮੈਂ ਨਾ ਹੀ ਲਿਆਉਂਦੀ।''

''ਭਾਬੀ ਤੂੰ ਤੇ ਗੱਲ ਨੂੰ ਹੱਦੋਂ ਪਾਰ ਲੈ ਗਈ ਏਂ।''

''ਤੂੰ ਜਿਸ ਗੱਲ ਨੂੰ ਢਿੱਡ ਵਿਚ ਲੁਕਾਇਆ ਹੋਇਐ, ਉਹ ਤੇਰੇ ਭਾਪਾ ਜੀ ਨੂੰ ਉਦੋਂ ਹੀ ਪਤਾ ਸੀ'' ''ਲੈ ਹੋਰ ਸੁਣ'' ''ਵੈਰਾਗ ਤੈਨੂੰ ਯਾਦ ਨਹੀਂ ਸਾਰੇ ਗਿਰਾਏਂ ਵਿਚ ਰੌਲਾ ਪਿਆ ਸੀ ਕਿ ਵੈਰਾਗ ਸੁਰਾਜੇ ਮੋਚੀ ਦੇ ਘਰ ਰੋਟੀ ਖਾ ਆਇਐ। ਤੇਰੇ ਭਰਾ ਨੂੰ ਲੋਕਾਂ ਤਾਹਨੇ ਦਿੱਤੇ, ਉਸ ਸੁਰਾਜ ਤੋਂ ਪੁੱਛਿਆ, ਪਹਿਲਾਂ ਤੇ ਉਹ ਮੁੱਕਰ ਗਿਆ ਤੇ ਫਿਰ ਆਖਣ ਲੱਗਾ, ਦੁੱਧ



ਵਿਚ ਗੁੰਨ੍ਹ ਕੇ ਨੂਰੋ ਨੇ ਮੰਡੇ ਸੇਕੇ ਸਨ, ਪਾਣੀ ਦੇ ਨਹੀਂ ਸਨ, ਦੁੱਧ ਵਿਚ ਪਕਾਏ ਮੰਡੇ ਭਿਟਦੇ ਨਹੀਂ, ਤੈਨੂੰ ਯਾਦ ਨਹੀਂ ਵੈਰਾਗ, ਤੂੰ ਆਪ ਆਪਣੇ ਭਾਪਾ ਜੀ ਅੱਗੇ ਮੰਨ ਗਿਆ ਸੈਂ।'' ਭਾਬੀ ਇਹ ਕੀ ਆਖਿਆ ਈ, ''ਮੈਨੂੰ ਯਾਦ ਨਹੀਂ। ਜੇ ਮੈਂ ਭੁੱਲਣ ਵਾਲਾ ਹੁੰਦਾ ਤਾਂ ਅੱਜ ਤੇਰੇ ਤਾਹਨੇ...।'' ''ਹੱਛਾ ਤੂੰ ਤੇ ਨਹੀਂ ਭੁੱਲਿਆ ਮੈਂ ਇਕ ਗੱਲ ਤੈਨੂੰ ਦੱਸਣੀ ਭੁੱਲ ਗਈ ਸਾਂ। ਸੁਰਾਜ ਨੇ ਜਦੋਂ ਮੈਨੂੰ ਦੱਸਿਆ ਸੀ ਕਿ ਨੂਰੋ ਹੁਣ ਨੂਰ ਭਰੀ ਹੋ ਗਈ ਏ, ਤਾਂ ਨਾਲ ਹੀ ਦੱਸਿਆ ਸੀ, ਉਹ ਅਗਲੇ ਮਹੀਨੇ ਵਿਆਹੀ ਜਾਣੀ ਏਂ; ਤੇ ਮੈਂ ਉਸ ਤੋਂ ਬਿਨਾਂ ਆਪਣਾ ਕਸਬ ਵੀ ਅੱਗੇ ਨਹੀਂ ਚਲਾ ਸਕਦਾ ਤੇ ਇਹ ਜੁੱਤੀ ਸਾਡੀ ਆਖ਼ਰੀ ਸੁਗਾਤ ਸਮਝੋ।''

''ਭਾਬੀ ਪਹਿਲਾਂ ਦਸਦੀਉਂ ਤਾਂ....।'' ''ਤੈਨੂੰ ਤੇ ਮੈਂ ਜਾਣ ਕੇ ਨਹੀਂ ਦੱਸਿਆ। ਵੈਸੇ ਮੈਂ ਜਿਹੜਾ ਰੇਸ਼ਮੀ ਸੂਟ ਆਪਣੇ ਨਾਲ ਲੈ ਗਈ ਸਾਂ, ਉਹ ਨੂਰੋ ਨੂੰ ਵਿਆਹ ਦੇ ਮੌਕੇ ਲਈ ਭੇਜ ਦਿੱਤਾ ਸੀ, ਸੁਰਾਜੇ ਹੱਥ ਹੀ।'' ''ਭਾਬੀ ਇਹ ਖਾਣ-ਪੀਣ ਤੇ ਸੁੱਚ ਭਿਟ ਦੀਆਂ ਗੱਲਾਂ ਤੇ ਹੁਣ ਮਿਟ-ਮਿਟਾ ਗਈਆਂ ਨੇ।''

''ਖੁਸ਼ੀ ਖੁਸ਼ੀ ਨਾਲ ਥੋੜ੍ਹੀਆਂ ਹੀ ਮਿਟੀਆਂ ਨੇ, ਇਨ੍ਹਾਂ ਹੀ ਗੱਲਾਂ ਦਾ ਨਤੀਜਾ ਤੇ ਪਾਕਿਸਤਾਨ ਬਣਿਆ, ਨਾਲੇ ਵੈਰਾਗ ਸਾਡੇ ਵੇਖਦਿਆਂ ਵੇਖਦਿਆਂ ਹੀ ਗੱਲ ਬਦਲ ਗਈ ਸੀ, ਹੁਣ ਮੁਸਲਮਾਨ ਸਾਡੇ ਘਰਾਂ ਦਾ ਨਹੀਂ ਸੀ ਖਾਂਦੇ, ਮਰਾਸੀ ਵੀ ਜਿਹੜੇ ਸਾਡੀਆਂ ਜੰਞਾਂ ਨਾਲ ਜਾਂਦੇ ਸਨ, ਰਸਦ ਮੰਗਦੇ ਸਨ।''

''ਹੁਣ ਸਾਨੂੰ ਕੀ ਭਾਬੀ।'' ਭਾਬੀ ਨੇ ਵੈਰਾਗ ਵੱਲ ਕੁਝ ਐਸੇ ਲਹਿਜੇ ਨਾਲ ਵੇਖਿਆ, ਵੈਰਾਗ ਨੇ ਲਾਡ ਜਿਹੇ ਨਾਲ ਭਾਬੀ ਦੀ ਛਾਤੀ ਵਿਚ ਆਪਣਾ ਮੂੰਹ ਲੁਕਾ ਲਿਆ, ''ਵੈਰਾਗ ਹੁਣ ਖਾਣ-ਪੀਣ ਤੇ ਸੁੱਚ ਭਿਟ ਦੀਆਂ ਪਾਬੰਦੀਆਂ ਤਾਂ ਹਟ ਗਈਆਂ। ਪਰ ਮੁਲਕੀ ਪਾਬੰਦੀਆਂ ਪੱਕੀਆਂ ਹੋ ਗਈਆਂ। ਐਸੀਆਂ ਹੱਦਾਂ ਬੱਝ ਗਈਆਂ ਕਿ ਹੁਣ ਅਸੀਂ ਆਪਣੀ ਜਨਮ ਭੂਮੀ, ਆਪਣਾ ਵਤਨ ਵੀ ਆਜ਼ਾਦੀ ਨਾਲ ਜਾ ਕੇ ਨਹੀਂ ਵੇਖ ਸਕਦੇ, ਵੈਰਾਗ ਡਾਢਾ ਦਿਲ ਕਰਦੈ, ਪੰਜਾ ਸਾਹਿਬ ਜਾਣ ਨੂੰ।''

ਪ੍ਰਗਟ ਤੌਰ ਤੇ ਵੈਰਾਗ ਨੇ ਆਪਣੀ ਪਿਆਰੀ ਭਾਬੀ ਦੀ ਖਾਹਿਸ਼ ਨੂੰ ਹੀ ਅਮਲੀ ਸ਼ਕਲ ਦਿੱਤੀ। ਵਿਸਾਖੀ ਤੋਂ ਇਕ ਦਿਨ ਪਹਿਲਾਂ ਵੈਰਾਗ ਤੇ ਉਸ ਦੀ ਭਾਬੀ ਰਾਵਲਪਿੰਡੀ ਸਟੇਸ਼ਨ 'ਤੇ ਉਤਰੇ। ਸੁਰਾਜ ਤੇ ਨੂਰ ਭਰੀ ਪਲੇਟਫਾਰਮ ਤੇ ਖੜ੍ਹੇ ਉਨ੍ਹਾਂ ਨੂੰ ਉਡੀਕ ਰਹੇ ਸਨ। ਨੂਰ ਭਰੀ ਦੇ ਕੁੱਛੜ ਬਾਲ ਸੀ, ਵੈਰਾਗ ਦੀ ਭਾਬੀ ਨੇ ਚੁੰਮ ਚੱਟ ਕੇ ਉਸ ਨੂੰ ਆਪਣੇ ਕੁੱਛੜ ਵਿਚ ਲਿਆ :- ''ਇਹ ਤੇ ਨਿਰਾ ਵੈਰਾਗ ਏ।'' ਭਾਬੀ ਦੇ ਮੂੰਹੋਂ ਨਿਕਲ ਗਿਆ। ਨੂਰ ਭਰੀ ਜ਼ਰਾ ਕੁਝ ਸਹਿਮ ਜਿਹੀ ਗਈ, ਇਸੇ ਤਰ੍ਹਾਂ ਉਸ ਦੀ ਇਕ ਸਹੇਲੀ ਨੇ ਵੀ ਕਿਹਾ ਸੀ। ਸੁਰਾਜ ਨੇ ਚਾਦਰ ਦੇ ਲੜ ਵਿਚੋਂ ਜੁੱਤੀ ਖੋਹਲ ਕੇ ਵੈਰਾਗ ਨੂੰ ਦਿੰਦਿਆਂ ਕਿਹਾ : ''ਇਹ ਤੇਰੇ ਮੇਚ ਦਾ ਇਕ ਹੋਰ ਜੋੜਾ ਨੂਰੋ ਦੇ ਵਿਆਹ ਤੋਂ ਪਹਿਲਾਂ ਦਾ ਬਣਿਆ ਪਿਆ ਸੀ।''

ਨੂਰੋ ਦੀ ਮਾਂ ਨਿੱਕੇ ਹੁੰਦੇ ਹੀ ਮਰ ਗਈ ਸੀ। ਨੂਰੋ ਬੜੀ ਖੁਸ਼ ਹੁੰਦੀ ਸੀ ਜਦੋਂ ਵੈਰਾਗ ਉਨ੍ਹਾਂ ਦੇ ਜਾਂਦਾ ਸੀ। ਇਕ ਵਾਰ ਉਸ ਨੇ ਦੁੱਧ ਵਿਚ ਗੁੰਨ੍ਹ ਕੇ ਮੰਡੇ ਵੀ ਵੈਰਾਗ ਨੂੰ ਜ਼ਰੂਰ ਖੁਆਏ ਸਨ, ਫਿਰ ਦੂਜੀ ਵੇਰ ਕਦੇ ਨਹੀਂ। ਨੂਰੋ ਜਦ ਕੁਝ ਸਿਆਣੀ ਹੋ ਗਈ ਸੀ, ਵੈਰਾਗ ਇਕ ਵੇਰਾਂ ਉਨ੍ਹਾਂ ਦੇ ਘਰ ਗਿਆ ਸੀ, ਸੁਰਾਜ ਘਰ ਨਹੀਂ ਸੀ। ਨੂਰੋ ਨੇ ਅੰਦਰੋਂ ਕੁੰਡਾ ਨਹੀਂ ਸੀ ਖੋਹਲਿਆ ਤੇ ਜ਼ੋਰ ਨਾਲ ਆਖਿਆ ਸੀ: ''ਅੱਬੇ ਦੇ ਆਉਣ ਤੇ ਜ਼ਰੂਰ ਆਇਉ, ਨਹੀਂ ਤੇ ਮੈਂ ਨਾਰਾਜ਼ ਹੋਵਾਂਗੀ ਤੇ ਕਦੇ ਵੀ ਅੱਗੋਂ ਨਹੀਂ ਬੋਲਾਂਗੀ।

ਵੈਰਾਗ ਨੂੰ ਇਹ ਗੱਲਾਂ ਚੇਤੇ ਆ ਰਹੀਆਂ ਸਨ। ਪਿੰਡੀ ਤੋਂ ਪੰਜਾ ਸਾਹਿਬ ਤੱਕ ਸਾਰੇ ਇਕੱਠੇ ਗਏ। ਸਾਡੀ ਕਹਾਣੀ ਤੇ ਪੂਰੀ ਹੋ ਗਈ ਹੈ। ਵੈਰਾਗ ਦੀ ਭਾਬੀ ਦੀ ਜਠਾਣੀ ਬਣਨ ਦੀ ਖਾਹਿਸ਼ ਪਤਾ ਨਹੀਂ ਕਦੇ ਪੂਰੀ ਹੋਈ ਕਿ ਨਹੀਂ।

ਨਵੀਂ ਜੁੱਤੀ ਮਿਲ ਜਾਣ ਨਾਲ ਪੁਰਾਣੀ ਠਿੱਬੀ ਜੁੱਤੀ ਦੀ ਚਰਚਾ ਵੀ ਹੁਣ ਖਤਮ ਹੈ।



# ਮੁੜ ਗੁਆਚੀ ਸ਼ੈ

**ਗੁਰਦਿਆਲ ਸਿੰਘ**

ਗੱਭਰੂ ਮੁੰਡੇ ਹਨੇਰੀਆਂ ਰਾਤਾਂ ਵਿੱਚ ਗੰਡਾਸੇ, ਡਾਂਗਾਂ ਤੇ ਬਰਛੇ ਚੁੱਕੀ ਪਿੰਡ ਦੇ ਆਲੇ-ਦੁਆਲੇ ਇੰਜ ਬੇਧੜਕ ਹੋ ਕੇ ਪਹਿਰਾ ਦਿੰਦੇ ਫਿਰਦੇ ਸਨ ਜਿਵੇਂ ਮੇਲੇ ਵਿਚ ਫਿਰਦੇ ਹੋਣ। ਕਿਸੇ ਦੇ ਖੇਤ ਜਾਂ ਘਰ ਵਿੱਚ ਅੱਗ ਦੀ ਚੰਗਿਆੜੀ ਦਾ ਵੀ ਸ਼ੱਕ ਪੈ ਜਾਂਦਾ ਤਾਂ ਉਹ ਅਲੀ-ਅਲੀ ਕਰਕੇ ਪੈ ਜਾਂਦੇ। ਪਿਛਲੇ ਤਿੰਨ ਦਿਨਾਂ ਵਿਚ ਹੀ ਉਹ ਅੱਗ ਬਾਲਣ ਪਿੱਛੋਂ ਨੌਂ ਬੰਦਿਆਂ ਨੂੰ ਪੰਚਾਇਤ ਕੋਲੋਂ ਪੰਜਾਹ-ਪੰਜਾਹ ਰੁਪਈਏ ਜੁਰਮਾਨਾ ਕਰਾ ਚੁਕੇ ਸਨ। ਸਿਆਲ ਦੀ ਰੁੱਤ, ਠੰਢੀ ਹਵਾ ਤੇ ਅੱਗ ਬਾਲਣ ਦਾ ਹੁਕਮ ਨਹੀਂ ਸੀ ਪਰ ਫਿਰ ਵੀ ਜਿਸ ਦੀ ਵਾਰੀ ਆ ਜਾਂਦੀ ਉਹਨੂੰ ਜਿਵੇਂ ਚਾਅ ਚੜ੍ਹ ਜਾਂਦਾ। ਨਹਿਰ ਦੇ ਵੱਡੇ ਪੁਲ 'ਤੇ ਜਾ ਕੇ ਉਹ ਤੋਪਾਂ ਦੀ ਧੜੂ-ਧੜਾ ਸੁਣਦੇ ਰਹਿੰਦੇ। ਤੋਪਾਂ ਚੱਲਣ ਨਾਲ ਜਿਹੜੀ ਚਮਕ ਪੈਦਾ ਹੁੰਦੀ ਉਹ ਉਹਨਾਂ ਨੂੰ ਦੀਵਾਲੀ ਦੀ ਆਤਿਸ਼ਬਾਜ਼ੀ ਵਰਗੀ ਜਾਪਦੀ। ਜਦੋਂ ਬਹੁਤੀ ਠੰਢ ਲੱਗਦੀ ਤਾਂ ਉਹ ਖੀਸਿਆਂ ਵਿੱਚ ਪਾਈਆਂ ਗੁੜ ਦੀਆਂ ਡਲੀਆਂ ਤੇ ਖੋਪੇ ਦੀਆਂ ਠੂਠੀਆਂ ਨੂੰ ਚੱਕ ਵੱਢਕੇ, ਦੌੜਾਂ ਲਾਉਂਦੇ, ਪਿੰਡ ਦੇ ਉੱਤਰ ਵਾਲੇ ਪਾਸੇ ਭੱਜ ਪੈਂਦੇ। ਉਹਨਾਂ ਦਾ ਖਿਆਲ ਸੀ ਕਿ ਪਿੰਡ ਦੇ ਉੱਤਰ ਵਾਲੇ ਪਾਸੇ, ਕੱਸੀ ਦੇ ਪੱਛਮ ਵੱਲ ਦੀ ਝਿੜੀ ਵਿਚ ਛਾਤਾਬਾਜ਼ ਫੜੇ ਗਏ ਸਨ।

ਇੱਕ ਰਾਤ ਕੋਈ ਬਾਰਾਂ-ਇੱਕ ਵਜੇ ਉਹਨਾਂ ਝਿੜੀ ਉਤੋਂ ਦੀ ਦੋ ਹਵਾਈ ਜਹਾਜ਼ ਪੱਛਮ ਤੋਂ ਪੂਰਬ ਵੱਲ ਲੰਘਦੇ ਵੇਖੇ। ਇਹ ਬਹੁਤ ਹੀ ਨੀਵੇਂ ਸਨ। ਕੋਈ ਪੰਜਾਂ ਮਿੰਟਾਂ ਪਿੱਛੋਂ ਉਹੋ ਹਵਾਈ ਜਹਾਜ਼ ਬੜੀ ਤੇਜ਼ ਰਫ਼ਤਾਰ ਨਾਲ ਪੱਛਮ ਵੱਲ ਵਾਪਸ ਮੁੜੇ। ਉਦੋਂ ਜਿਹੜੇ ਮੁੰਡੇ ਨਹਿਰ ਦੇ ਪੁਲ ਵੱਲ ਪਹਿਰਾ ਦੇ ਰਹੇ ਸਨ ਉਹ ਨੱਸ ਕੇ ਪਿੰਡ ਦੇ ਉੱਤਰ ਵਾਲੇ ਪਾਸੇ, ਝਿੜੀ ਕੋਲ ਜਾ ਪਹੁੰਚੇ।

"ਉਇ ਮੁੰਡਿਓ। ਏਧਰ ਨਾ ਜਾਇਓ!" ਕੱਸੀ ਦੇ ਉਰਲੇ ਪਾਸੇ, ਕਮਾਦ ਨੂੰ ਪਾਣੀ ਲਾ ਰਹੇ ਭਗਤੂ ਦੇ ਨਰੈਣੇ ਨੇ ਉੱਚੀ ਹੋਕਰਾ ਮਾਰਿਆ। ਫੇਰ ਆਪਣੇ ਨੇੜੇ ਆਏ ਮੁੰਡਿਆਂ ਨੂੰ ਉਸ ਧੀਮੀ ਅਵਾਜ਼ ਵਿੱਚ ਦੱਸਿਆ, "ਏਸ ਪਾਸੇ ਦੋ ਹਵਾਈ ਜਹਾਜ਼ ਛਤਰੀਆਂ ਵਾਲਿਆਂ ਨੂੰ ਉਤਾਰ ਕੇ ਗਏ ਐ ਹੁਣੇ!"

ਉਹ ਸਾਰੇ ਨਰੈਣੇ ਕੋਲ ਆ ਗਏ। ਸੰਤੂ ਨੇ ਨੇੜੇ ਆ ਕੇ ਦੱਬਵੀਂ ਆਵਾਜ਼ ਵਿੱਚ ਪੁੱਛਿਆ, "ਤੂੰ ਆਪ ਵੇਖੇ ਐ, ਚਾਚਾ?"

"ਹੁਣੇ ਤਾਂ ਮੇਰੇ ਸਾਹਮਣੇ ਲੰਘੇ ਐ। ਹੋਰ ਮੈਂ ਝੂਠ ਮਾਰਦੈਂ?" ਨਰੈਣੇ ਨੇ ਕੁਝ ਹਰਖ ਕੇ ਕਿਹਾ, "ਮੈਂ ਅਜੇ ਏਥੇ ਨਿਗਾਹ ਰੱਖੂੰ, ਪਿੱਛੋਂ ਬੰਦੇ ਕੱਠੇ ਕਰਕੇ ਲਿਆਓ। ਨਾਲੇ ਸਰਪੰਚ ਨੂੰ

ਆਖਿਓ ਹੁਣੇ ਦੋ ਬੰਦੇ ਭੇਜ ਕੇ ਠਾਣੇ ਵੀ ਇਤਲਾਹ ਕਰਾ ਦੇਵੇ।"

ਮੁੰਡੇ ਹੱਸ ਪਏ। ਉਹਨਾਂ ਦਾ ਖ਼ਿਆਲ ਸੀ ਕਿ 'ਨਰੈਣਾ' ਉਹਨਾਂ ਨੂੰ ਐਵੇਂ ਭਾਜੜ ਪਾਉਣ ਲਈ ਮਖੌਲ ਕਰ ਰਿਹਾ ਸੀ। ਉਹਨੂੰ ਭਗਤੇ ਦਾ ਨਰੈਣਾ ਕਹਿ ਕੇ ਤਾਂ ਕੋਈ ਹੀ ਬੁਲਾਉਂਦਾ ਸੀ, ਸਾਰੇ 'ਨਰੈਣਾ ਗੱਪੀ' ਹੀ ਕਹਿੰਦੇ ਸਨ।

"ਚਾਚਾ, ਤੂੰ ਸਹੁੰ ਖਾ ਬਈ ਤੂੰ ਆਪਣੀ ਅੱਖੀਂ ਵੇਖੇ ਐਂ?" ਕੈਲੇ ਨੇ ਹੱਸਦਿਆਂ ਕਿਹਾ।

"ਮੈਂ ਕਿਉਂ ਸਹੁੰ ਖਾਵਾਂ ਮੈਥੋਂ ਬੱਛੀ ਮਰਗੀ?" ਨਰੈਣੇ ਨੇ ਹਰਖ ਕੇ ਕਿਹਾ, "ਤੁਸੀਂ ਤਾਂ ਐਂ ਕਰਦੇ ਓਂ ਜਿਵੇਂ ਮੈਂ ਪਾਕਿਸਤਾਨੀਆਂ ਦਾ ਜਾਸੂਸ ਹੁੰਨਾ! ਜੇ ਮੇਰੇ ਤੇ ਏਨੀ ਬੇਅਤਬਾਰੀ ਕਰਦੇ ਓਂ ਤਾਂ ਮੈਨੂੰ ਕੀ। ਜੀਹਦੀਆਂ ਅੱਖਾਂ ਦੁਖਣਗੀਆਂ ਆਪੇ ਪੱਟੀਆਂ ਬੰਨ੍ਹੂ। ਮੇਰਾ ਕੀ ਉਹ ਕਿਲ੍ਹਾ ਢਾਹ ਦੇਣਗੇ; ਮੇਰੇ ਵੰਨੀਓ ਤਾਂ ਬਿਸ਼ਕ ਨਾ ਜਾਓ। ਜਦੋਂ ਪਿੰਡ ਨੂੰ ਗਰਨੇਟਾਂ ਨਾਲ ਉਡਾਉਣ ਲੱਗ ਪਏ ਤਾਂ ਆਪੇ ਸਭ ਦੀਆਂ ਅੱਖਾਂ ਉਘੜ ਆਉਣਗੀਆਂ।"

ਮੁੰਡਿਆਂ ਨੂੰ ਤਸੱਲੀ ਹੋ ਗਈ ਕਿ ਨਰੈਣਾ ਹੁਣ ਗੱਪ ਨਹੀਂ ਸੀ ਮਾਰ ਰਿਹਾ। ਉਹਨਾਂ ਸਾਰਿਆਂ ਨੇ ਸਲਾਹ ਕਰਕੇ ਕੁਝ ਮੁੰਡੇ ਪਿੰਡ ਵੱਲ ਭੇਜ ਦਿੱਤੇ ਤੇ ਤਿੰਨ ਜਣੇ ਝਿੜੀ ਵੱਲ ਤੁਰ ਪਏ।

ਅੱਧੇ ਕੁ ਘੰਟੇ ਮਗਰੋਂ ਹੋਮਗਾਰਡ ਦੇ ਤਿੰਨ ਜੁਆਨ ਤੇ ਪਿੰਡ ਦੇ ਮੁਹਤਬਰ ਬੰਦੇ ਵੀ ਆ ਗਏ। ਉਹਨਾਂ ਝਿੜੀ ਨੂੰ ਘੇਰਾ ਪਾ ਲਿਆ। ਕੁਝ ਚਿਰ ਪਿੱਛੋਂ ਦਸ ਪੰਦਰਾਂ ਬੰਦੇ ਹੋਰ ਵੀ ਆ ਗਏ। ਸਰਪੰਚ ਤੇ ਨੰਬਰਦਾਰ ਮੌਕੇ ਉਤੇ ਆ ਕੇ, ਨਰੈਣੇ ਤੋਂ ਪੁੱਛ-ਪੜਤਾਲ ਕਰਨ ਪਿੱਛੋਂ ਠਾਣੇ ਇਤਲਾਹ ਕਰਨ ਵੀ ਚਲੇ ਗਏ।

ਸਾਰੇ ਪਿੰਡ ਵਿੱਚ ਇੰਜ ਰੌਲਾ ਪੈ ਗਿਆ ਜਿਵੇਂ ਬੰਨ੍ਹ ਵਾਲੀ ਪਟੜੀ ਕੋਲੋਂ ਨਹਿਰ ਟੁੱਟ ਗਈ ਹੋਵੇ। ਘਰ-ਘਰ ਛਾਤਾਬਾਜ਼ਾਂ ਦੀ ਹੀ ਗੱਲ ਛਿੜੀ ਹੋਈ ਸੀ। ਨਿੱਘੀਆਂ ਰਜਾਈਆਂ ਵਿਚੋਂ ਕੋਚਰੀਆਂ ਵਾਂਗ ਮੂੰਹ ਬਾਹਰ ਕੱਢਦਿਆਂ ਬੱਚੇ ਵੀ ਸਹਿਮੀਆਂ ਆਵਾਜ਼ਾਂ ਨਾਲ ਵੱਡਿਆਂ ਤੋਂ ਪੁੱਛ ਰਹੇ ਸਨ, "ਕੀ ਹੋਇਐ ਬਾਪੂ?" "ਕੀ ਗੱਲ ਐ ਬੇਬੇ?" ਪਰ ਅੱਗੋਂ ਮਾਪੇ ਉਹਨਾਂ ਨੂੰ 'ਕੁਝ ਨਹੀਂ' ਕਹਿ ਕੇ ਤਸੱਲੀ ਦਿੰਦਿਆਂ ਮੁੜ ਸੌਂ ਜਾਣ ਲਈ ਕਹਿ ਦਿੰਦੇ।

ਪਹਿਰ ਦੇ ਤੜਕੇ ਜਦੋਂ ਕੁੱਕੜ ਨੇ ਬਾਂਗ ਦਿੱਤੀ ਤਾਂ ਨਰੈਣੇ ਗੱਪੀ ਦੀ ਅੱਧੀ ਗੱਲ ਸੱਚ ਹੋ ਗਈ। ਝਿੜੀ ਵੱਲੋਂ ਨਹੀਂ, ਨਹਿਰ ਦੇ ਸਰਕੜਿਆਂ ਵਿਚੋਂ ਇਕ ਛਾਤਾਬਾਜ਼ ਫੜਿਆ ਗਿਆ। ਗੱਭਰੂ ਉਸ ਦੀਆਂ ਮੁਸ਼ਕਾਂ ਕੱਸ ਕੇ ਉਸ ਨੂੰ ਪਿੰਡ ਦੀ ਧਰਮਸ਼ਾਲਾ ਵਿੱਚ ਲੈ ਆਏ। ਦਿਨ ਚੜ੍ਹਦੇ ਤੱਕ ਉਸ ਨੂੰ ਕੋਠੜੀ ਅੰਦਰ ਬੰਦ ਰੱਖਿਆ। ਪਿੰਡ ਦੇ ਕਾਹਲੇ ਬੰਦੇ ਤਾਂ ਮੂੰਹ ਹਨੇਰੇ ਹੀ ਉਹਨੂੰ ਵੇਖਣ ਆ ਗਏ ਪਰ ਪਹਿਰੇ ਉਤੇ ਬੈਠੇ ਮੁੰਡਿਆਂ ਨੇ ਕਿਸੇ ਨੂੰ ਕੋਠੜੀ ਦੇ ਨੇੜੇ ਨਾ ਜਾਣ ਦਿੱਤਾ।

ਲੋਈ ਪਾਟਦੀ ਨਾਲ ਬਾਬਾ ਗੁਰਮੁਖ, ਨਹਾ-ਧੋ ਕੇ ਪਾਠ ਕਰਦਿਆਂ ਜਦੋਂ ਧਰਮਸ਼ਾਲਾ ਕੋਲੋਂ ਲੰਘਿਆ ਤਾਂ ਏਡੇ ਸਵੱਖਤੇ, ਲੋਕਾਂ ਦਾ ਏਨਾ ਇਕੱਠ ਵੇਖ ਕੇ ਉਹਨੂੰ ਹੈਰਾਨੀ ਹੋਈ। ਉੱਚਾ ਸੁਣਨ ਕਰਕੇ ਉਹਨੂੰ ਪਿੰਡ ਜਾਂ ਆਪਣੇ ਘਰ ਪਏ ਰੌਲੇ-ਰੱਪੇ ਦਾ ਅਜੇ ਤੱਕ ਕੋਈ ਪਤਾ ਨਹੀਂ ਸੀ ਲੱਗ ਸਕਿਆ।

"ਕੀ ਗੱਲ ਹੋ ਗਈ ਸਾਊ?" ਉਸ ਅਗਾਂਹ ਵਧ ਕੇ ਬਸੰਤੇ ਭਿੰਡਰ ਦਾ ਮੋਢਾ ਫੜ ਕੇ ਹਲੂਣਦਿਆਂ ਪੁੱਛਿਆ,



ਬਸੰਤੇ ਨੇ ਪਿਛਾਂਹ ਤੱਕ ਕੇ, ਬਾਬੇ ਗੁਰਮੁਖ ਦੇ ਕੰਨ ਕੋਲ ਮੂੰਹ ਕਰਕੇ ਉੱਚੀ ਕਿਹਾ, "ਪਾਕਿਸਤਾਨੀ ਜਸੂਸ ਫੜਿਐ, ਤਾਇਆ!"

"ਹਲਾ।" ਖ਼ੁਸ਼ ਹੋਣ ਦੀ ਬਜਾਏ ਬਾਬੇ ਨੇ ਜਿਵੇਂ ਫਿਕਰ ਨਾਲ ਕਿਹਾ, "ਉਹ ਕੀ ਲੈਣ ਆਇਆ ਸੀ ਏਥੇ-ਸਹੁਰਾ ਕਮਲਾ!"

ਬਸੰਤੇ ਨੇ ਉਵੇਂ ਉੱਚੀ ਆਵਾਜ਼ ਵਿਚ ਬਾਬੇ ਨੂੰ ਦੱਸਿਆ, "ਆਪਣੀ ਨਹਿਰ ਤੋੜਨ ਆਇਆ ਸੀ-ਬਈ ਸਾਰਾ ਪਿੰਡ ਡੁੱਬ-ਜੇ!"

ਬਾਬਾ ਗੁਰਮੁਖ ਚੁੱਪ ਕਰਕੇ ਪਿਛਾਂਹ ਮੁੜ ਆਇਆ। ਗੁਰਦੁਆਰੇ ਜਾ ਕੇ ਪਾਠ ਸਮਾਪਤ ਕੀਤਾ ਤਾਂ ਹਮੇਸ਼ਾ ਨਾਲੋਂ ਉਲਟ, ਅਰਦਾਸ ਵੇਲੇ ਉਸ ਦਾ ਧਿਆਨ ਕੁਝ ਉਖੜਿਆ-ਉਖੜਿਆ ਰਿਹਾ। ਅਰਦਾਸ ਦੇ ਅੰਤ ਉਤੇ ਮੱਥਾ ਟੇਕਦਿਆਂ ਉਹਨੇ ਪੰਜ ਵਾਰ ਇਕੱਲੇ ਨੇ ਹੀ ਮੁੜ-ਮੁੜ 'ਸਰਬੱਤ ਕਾ ਭਲਾ' ਕਿਹਾ। ਭਾਈ ਜੀ ਨੂੰ ਅੱਜ ਉਸ ਦੇ ਇਸ ਓਪਰੇ ਵਤੀਰੇ ਦੀ ਸਮਝ ਨਹੀਂ ਸੀ ਪੈ ਰਹੀ।

ਗੁਰਦੁਆਰਿਓਂ ਮੁੜਦਿਆਂ ਜਦੋਂ ਬਾਬਾ ਧਰਮਸ਼ਾਲਾ ਕੋਲ ਆਇਆ ਤਾਂ ਉਸ ਦੇ ਕਦਮ ਫੇਰ ਰੁਕ ਗਏ। ਵਰਾਂਡੇ ਵਿਚ ਹੁਣ ਨਿਆਣਿਆਂ ਦਾ ਬਹੁਤ ਇਕੱਠ ਸੀ। ਬੰਦੇ ਸਿਰਫ ਪੰਦਰਾਂ-ਵੀਹ ਕੁ ਹੀ ਸਨ। ਇੰਝ ਜਾਪਦਾ ਸੀ ਸਾਰਾ ਪਿੰਡ ਵਾਰੋ-ਵਾਰੀ ਜਸੂਸ ਨੂੰ ਵੇਖ ਕੇ ਮੁੜ ਗਿਆ ਸੀ।

"ਉਹ ਕਿਹੜਾ ਬੰਦੈ ਬਈ ਮੁੰਡਿਓ।" ਬਾਬੇ ਨੇ ਥੜ੍ਹੀ ਉਤੇ ਚੜ੍ਹਦਿਆਂ ਪੁੱਛਿਆ।

ਵਰਾਂਡੇ ਸਾਹਮਣੇ ਇਕੱਠੇ ਹੋਏ ਬੰਦੇ ਬਾਬੇ ਨੂੰ ਹੱਥ ਜੋੜ ਕੇ ਫਤਿਹ ਬੁਲਾਉਂਦਿਆਂ ਲਾਂਭੇ ਹੋ ਗਏ। ਉਹ ਬੰਦਾ ਗੋਡਿਆਂ ਵਿਚ ਸਿਰ ਦੇ ਕੇ ਬੈਠਾ ਹੋਇਆ ਸੀ। ਠੰਢ ਨਾਲ ਉਹਦਾ ਪਿੰਡਾ ਨੀਲਾ ਹੋਇਆ ਪਿਆ ਸੀ। ਫ਼ੌਜੀ ਕਮੀਜ਼ ਤੇ ਜਰਸੀ ਥਾਂ-ਥਾਂ ਤੋਂ ਪਾਟੀ ਹੋਈ ਸੀ, ਜਿਵੇਂ ਕਈ ਦਿਨ ਉਹ ਕੰਡਿਆਲੇ ਝਾੜਾਂ ਵਿਚੋਂ ਦੀ ਲੰਘਦਾ ਆਇਆ ਹੋਵੇ। ਬਾਬਾ ਉਸ ਵੱਲ ਨਿਗਾਹ ਗੱਡ ਕੇ ਵੇਖਦਾ ਰਿਹਾ ਪਰ ਫੇਰ ਹੌਲੀ ਜਿਹੀ ਬੋਲਿਆ, "ਇਹ ਤਾਂ ਆਪਣੇ ਪਿੰਡ ਆਲੇ ਘੁੱਲੇ ਤੇਲੀ ਵਰਗਾ ਲੱਗਦੈ।"

ਬਾਬੇ ਦੀ ਲੰਮੀ ਹਉਕੇ ਵਰਗੀ ਇਹ ਆਵਾਜ਼ ਸੁਣਦਿਆਂ ਹੀ ਉਸ ਬੰਦੇ ਨੇ ਸਿਰ ਉਤਾਂਹ ਚੁੱਕਿਆ ਤਾਂ ਲੋਕਾਂ ਵੇਖਿਆ ਉਹ ਮੁਸਕਰਾ ਰਿਹਾ ਸੀ। ਉਸ ਬਾਬੇ ਵੱਲ ਸਿੱਧਾ ਤੱਕਦਿਆਂ ਉੱਚੀ ਸਾਰੀ ਹੋਕਰਾ ਮਾਰ ਕੇ ਕਿਹਾ, "ਤਾਇਆ ਗੁਰਮੁਖ ਸਿਹਾਂ, ਸਲਾਮਾਲੇਕਮ! ਸਾਸਰੀ ਕਾਲ!"

ਸਭ ਹੱਕੇ ਬੱਕੇ ਰਹਿ ਗਏ। ਬਾਬਾ ਉਸ ਬੰਦੇ ਦੇ ਹੋਰ ਨੇੜੇ ਹੁੰਦਿਆਂ ਬੋਲਿਆ, "ਉਇ ਤੂੰ ਕਿਤੇ ਸੱਚੀਂ ਈ ਘੁੱਲੇ ਦਾ ਇਲਮਾ ਤਾਂ ਨ੍ਹੀਂ?"

ਅੱਗੋਂ ਉਵੇਂ ਮੁਸਕਰਾਂਦਿਆਂ ਉਸ ਬੰਦੇ ਨੇ ਆਪਣੀਆਂ ਚਮਕੀਲੀਆਂ ਅੱਖਾਂ ਮਟਕਾ ਕੇ 'ਹਾਂ' ਵਿਚ ਸਿਰ ਹਿਲਾ ਦਿੱਤਾ।

ਬਾਬਾ ਜਿਵੇਂ ਭਵੰਤਰ ਗਿਆ। ਉਹਨੂੰ ਕਿਸੇ ਦਾ ਕੋਈ ਖ਼ਿਆਲ ਨਹੀਂ ਰਿਹਾ। ਇਲਮੇ ਦੇ ਨੇੜੇ ਹੁੰਦਿਆਂ, ਉਸ ਮੋਢੇ ਉਤੇ ਹੱਥ ਰੱਖ ਕੇ ਉਹਦੇ ਉਤੇ ਝੁਕ ਗਿਆ। ਫੇਰ ਚੁੱਪ-ਚਾਪ ਉਹਦੇ ਸਾਹਮਣੇ ਪੈਰਾਂ ਭਾਰ ਬੈਠ ਗਿਆ। ਕਿੰਨਾ ਚਿਰ ਉਹਨੂੰ ਕੋਈ ਗੱਲ ਨਾ ਅਹੁੜੀ। ਹੌਲੀ-ਹੌਲੀ ਇਲਮੇ ਦੇ ਮੋਢੇ ਨੂੰ, ਉਹਦੀ ਪਿੱਠ ਨੂੰ ਪਲੋਸੀ ਗਿਆ ਜਿਵੇਂ ਉਸਦਾ ਪਿਛਲੀ

ਜੰਗ ਵਿਚ ਮਾਰਿਆ ਗਿਆ ਆਪਣਾ ਹੀ ਪੁੱਤਰ ਨਿਧਾਨਾ, ਜੰਗ ਵਿਚੋਂ ਜੀਉਂਦਾ ਮੁੜ ਆਇਆ ਹੋਵੇ।

ਉਥੇ ਖੜੋਤੇ ਬੰਦਿਆਂ ਵਿਚੋਂ ਇਕ ਨੇ ਅਗਾਂਹ ਹੋ ਕੇ ਇਲਮੇ ਦੀਆਂ ਮੁਸ਼ਕਾਂ ਖੋਲ੍ਹਦਿਆਂ ਕਿਹਾ, "ਤੇਰੀ ਚਲਾਕੀਆਂ ਕਰਨ ਦੀ ਪੁਰਾਣੀ ਆਦਤ ਨਹੀਂ ਨਾ ਗਈ ਅਜੇ, ਇਲਮਿਆ! ਦੋਪਹਿਰ ਹੋ ਗਈ ਅਜੇ ਤਾਈਂ ਟੁੱਟੇ ਮੂੰਹ ਵਾਲੇ ਨੇ ਸਾਨੂੰ ਇਹ ਨਹੀਂ ਦੱਸਿਆ ਕਿ ਮੈਂ ਇਲਮਾ ਆਂ!...ਸਾਲਾ ਮਲੰਗ!"

ਇਹ ਬੰਦਾ ਧੰਨੇ ਮਾਨੀ ਦਾ ਵੱਡਾ ਪੁੱਤਰ ਗਿੰਦਰ ਸੀ। ਉਹ ਤੇ ਇਲਮਾ ਦੂਜੀ ਜਮਾਤ ਵਿਚ ਇਕੱਠੇ ਪੜ੍ਹਦੇ ਰਹੇ ਸਨ। ਇਕੱਠੇ ਡੰਗਰ ਚਾਰਦੇ ਰਹੇ ਸਨ। ਤੇ ਕੀ ਕੀ ਕੌਤਕ ਉਹ ਨਹੀਂ ਸਨ ਕਰਦੇ!

ਇਲਮੇ ਨੇ ਗਿੰਦਰ ਨੂੰ ਪਛਾਣਦਿਆਂ ਮੁਸ਼ਕਾਂ ਖੁੱਲ੍ਹਣ ਸਾਰ ਉੱਠ ਕੇ ਧਾਹ ਮਾਰਦਿਆਂ ਜੱਫੀ ਪਾ ਲਈ ਤੇ ਰੋਣਹਾਕੀ ਆਵਾਜ਼ ਵਿਚ ਕਿਹਾ, "ਉਇ ਪਾਪੀਆ! ਤੂੰ ਵੀ ਐਨੇ ਚਿਰ ਦਾ ਮੇਰੇ ਕੋਲ 'ਬਗਾਨਿਆ' ਵਾਂਗ ਖੜੋਤਾ ਰਿਹਾ-ਮੇਰੀ ਤੋਬਾ! ਮੇਰੇ ਅੱਲ੍ਹਾ! ਮੇਰੀ ਤੋਬਾ!..."

ਸਭ ਹੈਰਾਨ ਸਨ ਕਿ ਉਹ ਬੰਦਾ ਜਿਹੜਾ ਦੋ ਘੜੀਆਂ ਪਹਿਲਾਂ ਉਹਨਾਂ ਨੂੰ ਆਪਣਾ ਦੁਸ਼ਮਣ ਤੇ ਖਤਰਨਾਕ ਜਾਸੂਸ ਲੱਗਦਾ ਸੀ, ਗਿੰਦਰ ਨੂੰ ਜੱਫੀ ਵਿਚ ਘੁੱਟੀ ਜ਼ਾਰੋ-ਜ਼ਾਰ ਹੰਝੂ ਵਹਾ ਰਿਹਾ ਸੀ।

ਬਾਬਾ ਗੁਰਮੁਖ ਵੀ ਆਪਣਾ ਆਪ ਨਾ ਸੰਭਾਲ ਸਕਿਆ। ਉੱਠ ਕੇ ਖੜ੍ਹਾ ਹੁੰਦਿਆਂ ਉਸ ਅੱਖਾਂ ਪੂੰਝੀਆਂ ਤੇ ਮੁੜ ਇਲਮੇ ਦੀ ਪਿੱਠ ਪਲੋਸਦਿਆਂ ਬੋਲਿਆ, "ਆਹ ਤਾਂ ਅੱਜ ਭਾਗਾਂ ਵਾਲਾ ਦਿਨ ਚੜ੍ਹਿਆ, ਜਿਹੜਾ ਤੂੰ ਮਿਲ ਪਿਆ! ਉਸ ਦਾਤੇ ਦੇ ਰੰਗਾਂ ਦਾ ਕੋਈ ਪਤਾ ਨਹੀਂ ਲੱਗਦਾ। 'ਵਿਛੜਿਆਂ ਮੇਲੇ ਪ੍ਰਭੂ ਹਰਿ ਦਰਗਹਿ ਕਾ ਬੈਸੀਠ! ਧੰਨ ਸਤਿਗੁਰੂ! ਧੰਨ ਸੱਚਿਆ ਪਾਤਸ਼ਾਹ! ਤੇਰੀ ਲੀਲਾ ਨਿਆਰੀ!"

ਗਿੰਦਰ ਨੇ ਇਲਮੇ ਨੂੰ ਉਸ ਮੰਜੇ ਉਤੇ ਬਿਠਾ ਲਿਆ ਜਿਸ ਉਤੇ ਪਹਿਲਾਂ ਪਿੰਡ ਦੇ ਪਹਿਰਾ ਦੇਣ ਵਾਲੇ ਗੱਭਰੂ ਬੈਠੇ ਸਨ। ਬਾਬਾ ਸਾਹਮਣੇ ਪਏ ਵੱਡੇ ਤਖਤਪੋਸ਼ ਉਤੇ ਜਾ ਬੈਠਾ ਸੀ। ਬਾਕੀ ਲੋਕ ਉਹਨਾਂ ਤਿੰਨਾਂ ਨੂੰ ਓਪਰਿਆਂ ਵਾਂਗ ਦੇਖ ਰਹੇ ਸਨ। ਗਿੰਦਰ ਇਲਮੇ ਨਾਲ ਇੰਜ ਗੱਲਾਂ ਕਰਨ ਲੱਗ ਪਿਆ ਸੀ ਜਿਵੇਂ ਉਹ ਸੱਕੇ ਭਰਾ ਹੋਣ। ਪਲਾਂ-ਛਿਣਾਂ ਵਿੱਚ ਹੀ ਸਾਰੇ ਪਿੰਡ ਵਿੱਚ ਪਤਾ ਲੱਗ ਗਿਆ ਕਿ ਘੁੱਲੇ ਤੇਲੀ ਦਾ ਮੁੰਡਾ ਇਲਮਾ ਆਇਆ ਹੈ। ਉਹ ਛਾਤਾਬਾਜ਼ ਨਹੀਂ ਸੀ ਸਗੋਂ ਸਰਹੱਦ ਉਤੇ ਲੜਦਾ-ਲੜਦਾ, ਬਚ ਕੇ ਏਧਰ ਨੱਸ ਆਇਆ ਸੀ। ਫੇਰ ਜਾਨ ਹੂਲ ਕੇ ਦੋ ਦਿਨਾਂ ਵਿਚ, ਲੁਕਦਾ-ਛਿਪਦਾ ਨਹਿਰ ਕਿਨਾਰੇ ਪਹੁੰਚਿਆ ਤੇ ਆਪੇ ਹੀ ਪਹਿਰਾ ਦੇਣ ਵਾਲੇ ਮੁੰਡਿਆਂ ਕੋਲ ਆ ਕੇ ਆਖਣ ਲੱਗਾ, "ਮੈਨੂੰ ਫੜ ਲਓ।"

ਪਿੰਡ ਦਾ ਪੈਂਤੀ-ਚਾਲੀ ਵਰ੍ਹੇ ਦੀ ਉਮਰ ਤੋਂ ਵਡੇਰਾ ਹਰ ਮਰਦ ਤੇ ਇਸਤਰੀ ਘੁੱਲੇ ਦੇ ਇਲਮੇ ਨੂੰ ਮੁੜ ਵੇਖਣ ਆਇਆ। ਗਿੰਦਰ ਵਾਂਗ ਇਲਮੇ ਦੇ ਬਚਪਨ ਦੇ ਕਈ ਬੇਲੀ ਉਹਨੂੰ ਜੱਫੀਆਂ ਪਾ-ਪਾ ਮਿਲੇ। ਪੁਰਾਣੀਆਂ ਗੱਲਾਂ ਦੁਹਾਰਾਂਦੇ ਰਹੇ। ਯਾਦਾਂ ਸਾਂਝੀਆਂ ਕਰਦੇ ਰਹੇ। ਹੱਸਦੇ ਰਹੇ। ਆਰ-ਪਰਵਾਰ ਦਾ ਹਾਲ ਚਾਲ ਪੁੱਛਦੇ ਰਹੇ। ਹਿੰਦੁਸਤਾਨ-ਪਾਕਿਸਤਾਨ ਬਣਨ ਸਮੇਂ ਏਧਰ ਮਾਰੇ ਗਏ ਅਭਾਗਿਆਂ ਨੂੰ ਯਾਦ ਕਰ ਕਰ ਉਦਾਸ ਹੁੰਦੇ ਰਹੇ।

ਫੇਰ ਸਾਰਾ ਪਿੰਡ ਜਿਵੇਂ ਇਲਮੇ ਲਈ ਚਾਹ-ਪਾਣੀ ਤੇ ਰੋਟੀ-ਟੁਕ ਦਾ ਪ੍ਰਬੰਧ ਕਰਨ ਜੁੱਟ ਪਿਆ।



ਪਰ ਸੂਰਜ ਚੜ੍ਹਦਿਆਂ ਸਾਰ ਹੀ ਸਰਪੰਚ ਤੇ ਨੰਬਰਦਾਰ ਪੁਲਿਸ ਨੂੰ ਲੈ ਕੇ ਧਰਮਸ਼ਾਲਾ ਵਿਚ ਆ ਗਏ। ਉਹਨਾਂ ਜਦੋਂ ਇਹ ਅਦਭੁਤ ਨਜ਼ਾਰਾ ਵੇਖਿਆ ਤਾਂ ਹੈਰਾਨ ਰਹਿ ਗਏ। ਕਈਆਂ ਥਾਣੇਦਾਰ ਨੂੰ ਕਿਹਾ ਕਿ ਇਲਮੇ ਨੂੰ ਛੱਡ ਦਿੱਤਾ ਜਾਏ ਪਰ ਥਾਣੇਦਾਰ ਨੇ ਦੱਸਿਆ ਕਿ ਕਾਨੂੰਨੀ ਕਾਰਵਾਈ ਤਾਂ ਕਰਨੀ ਹੀ ਪਵੇਗੀ। ਉਸ ਦੇ ਕੁਝ ਵੀ ਵੱਸ ਨਹੀਂ ਸੀ। ਹੁਣ ਜੋ ਫੈਸਲਾ ਹੋਣਾ ਸੀ ਉਹ ਅਦਾਲਤ ਨੇ ਕਰਨਾ ਸੀ।

ਇਲਮੇ ਦੀਆਂ ਅੱਖਾਂ ਹੁਣ ਪਹਿਲਾਂ ਨਾਲੋਂ ਵੀ ਵੱਧ ਮੁਸਕਰਾ ਰਹੀਆਂ ਸਨ। ਉਸ ਨੇ ਹੱਸ ਕੇ ਥਾਣੇਦਾਰ ਨੂੰ ਕਿਹਾ, "ਸਰਦਾਰ ਜੀ, ਮੇਰੀ ਇਕ ਅਰਜ਼ ਮਨਜ਼ੂਰ ਕਰ ਲਓ। ਮੈਨੂੰ ਕੱਸੀ ਵਾਲੇ ਰਾਹ ਲੈ ਕੇ ਜਾਇਓ ਜਿੱਧਰ ਗਿੰਦਰ ਬਾਈ ਕਾ ਕਮਾਦ ਬੀਜਿਆ ਹੁੰਦਾ ਸੀ। ਨਾਲੇ ਜੇ ਗਿੰਦਰ ਨੂੰ ਮੇਰੇ ਨਾਲ ਠਾਣੇ ਤੱਕ ਜਾਣ ਦੀ ਇਜਾਜ਼ਤ ਦੇ ਦਿਓ ਤਾਂ ਬੜੀ ਮਿਹਰਬਾਨੀ.....ਅਜੇ ਅਸੀਂ ਰੱਜ ਕੇ ਗੱਲਾਂ ਨਹੀਂ ਕੀਤੀਆਂ। ਹੋਰ ਇਕ-ਦੋ ਬੇਲੀਆਂ ਨੂੰ ਵੀ ਨਾਲ ਜਾਣ ਦੀ ਇਜਾਜ਼ਤ ਦੇ ਦਿਓ।"

ਪਰ ਉਸ ਵੇਲੇ ਬਾਬੇ ਗੁਰਮੁਖ ਨੂੰ ਜਿਵੇਂ ਕੋਈ ਭੁੱਲੀ-ਵਿਸਰੀ ਗੱਲ ਚੇਤੇ ਆ ਗਈ। ਉਹ ਉੱਠ ਕੇ ਕਾਹਲ ਨਾਲ ਅਗਾਂਹ ਹੁੰਦਿਆਂ, ਇਲਮੇ ਨੂੰ ਪੁੱਛਣ ਲੱਗ ਪਿਆ, "ਸੱਚ ਬਈ ਇਲਮਿਆ। ਤੇਰੇ ਅੱਬਾ ਦਾ ਕੀ ਹਾਲ ਐ? ਤੇਰੀ ਬੇਬੇ ਤਕੜੀ ਰਹਿੰਦੀ ਐ? ਉਦੋਂ ਤਾਂ ਢਿੱਲੀ ਰਹਿੰਦੀ ਹੁੰਦੀ ਸੀ। ਤੇਰੀ ਨਿੱਕੀ ਭੈਣ, ਤੈਥੋਂ ਵੱਡਾ ਮੁੰਡਾ ਰਾਜ਼ੀ ਖ਼ੁਸ਼ੀ ਐਂ?"

ਇਲਮਾ ਝੂਠ-ਮੂਠ ਹੀ ਬਾਬੇ ਨੂੰ ਦੱਸੀ ਗਿਆ ਕਿ ਉਹ ਸਾਰੇ ਰਾਜ਼ੀ ਖ਼ੁਸ਼ੀ ਸਨ। ਉਹ ਇਹ ਦੱਸ ਕੇ ਪੁਰਾਣੇ ਜ਼ਖ਼ਮ ਮੁੜ ਨਹੀਂ ਸੀ ਉਚੇੜਨਾ ਚਾਹੁੰਦਾ ਕਿ ਚੌਵੀਂ ਵਰ੍ਹੇ ਪਹਿਲਾਂ ਉਸ ਦਾ ਪਿਉ ਸਰਹੱਦ ਤੋਂ ਦੋ ਕੋਹ ਦੂਰ ਉਰੇ ਹੀ ਕੁਝ ਲੋਕਾਂ ਨੇ ਮਾਰ ਦਿੱਤਾ ਸੀ। ਉਸ ਦੀ ਭੈਣ ਨੇ ਦਰਿਆ ਵਿਚ ਛਾਲ ਮਾਰ ਦਿੱਤੀ ਸੀ। ਉਸ ਦੀ ਮਾਂ ਚਾਰ ਵਰ੍ਹੇ ਹੋਏ ਦਮੇਂ ਦੀ ਪੁਰਾਣੀ ਬੀਮਾਰੀ ਨਾਲ ਮਰ ਗਈ ਸੀ। ਉਹਨੂੰ ਪਤਾ ਸੀ ਕਿ ਇਸ ਵਿਚ ਉਸ ਦੇ 'ਆਪਣੇ' ਪਿੰਡ ਦੇ ਲੋਕਾਂ ਦਾ ਕੋਈ ਕਸੂਰ ਨਹੀਂ ਸੀ। ਇਹੋ ਬਾਬਾ ਗੁਰਮੁਖ ਤੇ ਪਿੰਡ ਦੇ ਕਿੰਨੇ ਹੀ ਪਤਵੰਤੇ ਲੋਕ ਤਾਂ ਉਹਨਾਂ ਨੂੰ ਤੇ ਨਾਲ ਦੇ ਪਿੰਡ ਦੇ ਕਈ ਟੱਬਰਾਂ ਨੂੰ ਸਹੀ-ਸਲਾਮਤ ਗੱਡੀ ਚੜ੍ਹਾ ਕੇ ਆਏ ਸਨ। ਇਸ ਕਰਕੇ ਹੁਣ ਤੱਕ ਇਹ ਲੋਕ, ਇਹ ਧਰਤੀ, ਇਹ 'ਆਪਣਾ ਪਿੰਡ' ਵੇਖਣ ਲਈ ਤਰਸਦਾ ਇਲਮਾ, ਇੰਜ ਜੰਗ ਵਿਚੋਂ ਨੱਸ ਕੇ ਆ ਗਿਆ ਸੀ। ਮੌਤ ਮੰਗ ਕੇ ਵੀ ਪਹੁੰਚਿਆ ਸੀ। ਪਰ ਰਹਿ ਨਹੀਂ ਸੀ ਸਕਿਆ।

ਜਦੋਂ ਥਾਣੇਦਾਰ ਨੇ ਇਲਮੇ ਨੂੰ ਜੀਪ ਵਿਚ ਚੜ੍ਹਾਇਆ ਤਾਂ ਪਿੰਡ ਦੀ ਇੱਕ ਬੁੱਢੀ ਸੰਤੋ ਨੇ ਅਗਾਂਹ ਹੋ ਕੇ ਉਸ ਦਾ ਸਿਰ ਪਲੋਸਦਿਆਂ ਕਿਹਾ, "ਆਵਦੀ ਬੇਬੇ ਨੂੰ ਆਖੀਂ ਤੈਨੂੰ ਸੰਤੀ ਯਾਦ ਕਰਦੀ ਸੀ। ਸਾਡਾ ਤਾਂ ਸੁਹੇਲਪੁਣਾ ਈ ਬੜਾ ਸੀ।" ਸੰਤੀ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝਣ ਲੱਗ ਪਈ ਤਾਂ ਇਲਮੇ ਤੋਂ ਵੀ ਆਪਣਾ ਆਪ ਕਾਬੂ ਨਹੀਂ ਹੋਇਆ। ਉਸ ਹੰਝੂ-ਭਰੀਆਂ ਅੱਖਾਂ ਲੁਕਾਣ ਲਈ ਸਿਰ ਝੁਕਾ ਲਿਆ।

ਜੀਪ ਤੁਰ ਗਈ। ਬਾਬੇ ਗੁਰਮੁਖ ਸਮੇਤ ਲੋਕ ਜੀਪ ਪਿੱਛੋਂ ਉੱਡਦੀ ਧੂੜ ਵੱਲ ਇੰਝ ਵੇਖਦੇ ਰਹੇ ਜਿਵੇਂ ਉਹਨਾਂ ਦੀ ਕੋਈ ਬਹੁਤ ਕੀਮਤੀ ਸ਼ੈ ਇੱਕ ਵਾਰ ਲੱਭ ਕੇ ਫੇਰ ਗੁਆਚ ਗਈ ਹੋਵੇ।

# ਪਹੁ ਫੁੱਟ ਪਈ

## ਸੁਜਾਨ ਸਿੰਘ

ਨਸੀਮ, ਅੰਮ੍ਰਿਤਸਰ ਦੇ ਨਾਜ਼ਰ ਮੁਹੰਮਦ ਐਡਵੋਕੇਟ ਦੀ ਲਾਡਲੀ ਹੁਸੀਨ ਧੀ ਸੀ, ਤੇ ਕਠਾਣੀਆਂ ਦੇ ਨੰਬਰਦਾਰ ਮੁਹੰਮਦ ਯਾਸੀਨ ਦੇ ਇਕਲੌਤੇ ਪੁੱਤਰ ਕਪਤਾਨ ਵਾਰਿਸ ਮੁਹੰਮਦ ਨਾਲ ਵਿਆਹੀ ਗਈ ਸੀ। ਵਿਆਹ ਤੋਂ ਮਗਰੋਂ ਡੇਢ ਮਹੀਨਾ ਨਵ-ਵਿਵਾਹਿਤ ਜੋੜੇ ਨੇ ਕਸ਼ਮੀਰ ਵਿਚ ਬਿਤਾਇਆ ਸੀ- ਬਹੁਤਾ ਚਿਰ ਡੱਲ ਦੀ ਸੁੰਦਰ ਹਾਊਸ-ਬੋਟ ਵਿਚ। ਕੁਝ ਚਿਰ ਪੇਕਿਆਂ ਦੇ ਰਹਿ ਕੇ ਉਹ ਆਪਣੇ ਪਤੀ ਕੋਲ ਮੇਰਠ ਛਾਉਣੀ ਚਲੀ ਗਈ ਸੀ, ਜਿੱਥੇ ਓਸ ਫੌਜੀਆਂ ਦੀਆਂ ਬੀਵੀਆਂ ਦੇ ਅਦਬ-ਅਦਾਬ ਤੋਂ ਇਲਾਵਾ ਮੋਟਰ ਚਲਾਉਣੀ ਵੀ ਸਿੱਖ ਲਈ ਸੀ। ਭਾਵੇਂ ਪੇਕੇ ਤੇ ਸਹੁਰੇ ਦੋਵੇਂ ਖਾਨਦਾਨ ਕੱਟੜ ਮੁਸਲਮਾਨ ਸਨ, ਪਰ ਨੂੰਹ-ਧੀ ਦੇ ਨੰਗੇ ਮੂੰਹ ਰਹਿਣ, ਨੱਚਣ, ਗਾਉਣ ਆਦਿ ਨੂੰ ਮਜ਼ਬ ਦੇ ਖਿਲਾਫ਼ ਹੁੰਦਿਆਂ ਵੀ ਬੁਰਾ ਨਹੀਂ ਸਨ ਮਨਾਉਂਦੇ।

ਕੱਲ੍ਹ ਜਦ ਕੱਥੂ ਨੰਗਲ ਵੱਲੋਂ ਸਿੱਖਾਂ ਦੇ ਜੱਥੇ ਨੇ ਰਫ਼ਲਾਂ, ਬਰੇਨ ਗੰਨਾਂ ਤੇ ਬੰਬਾਂ ਨਾਲ ਹਮਲਾ ਕੀਤਾ, ਤਾਂ ਉਹ ਨਿਆਈਂ ਦੀਆਂ ਪੈਲੀਆਂ ਦੇ ਚਰ 'ਚ ਸੀ। ਦੋ ਘੰਟੇ ਜੱਥੇ ਦੀ ਤੇ ਪਿੰਡ ਦੀ ਫੌਜੀ ਢੰਗ ਨਾਲ ਲੜਾਈ ਹੁੰਦੀ ਰਹੀ ਤੇ ਨਸੀਮ, ਜੋ ਕਦੇ ਪਿੰਡ ਵਿਚ ਆਈ ਘੱਟ ਹੀ ਬਾਹਰ ਨਿਕਲਦੀ ਸੀ, ਆਪਣੇ ਆਪ ਨੂੰ ਸੰਭਾਲ ਕੇ ਚਰ੍ਹ ਵਿਚ ਵੜੀ ਰਹੀ। ਗਰਮੀ ਦੇ ਡਰ ਨਾਲ ਨਸੀਮ ਦਾ ਖ਼ੂਨ, ਮਾਨੋ ਪਸੀਨਾ ਹੋ ਕੇ ਵਗ ਰਿਹਾ ਸੀ।

ਅਖ਼ੀਰ ਮੋਰਚਾ ਸਰ ਹੋ ਗਿਆ। ਜੱਥਾ ਦੱਖਣ ਵੱਲੋਂ ਪਿੰਡ ਵਿਚ ਦਾਖਲ ਹੋਇਆ ਤੇ ਵੱਢ-ਟੁੱਕ ਸ਼ੁਰੂ ਹੋ ਗਈ। ਨਸੀਮ ਦਾ ਡਰ, ਜਿਵੇਂ ਅਕਲ ਬਣਦਾ ਜਾ ਰਿਹਾ ਸੀ। ਉਹ ਚਰ੍ਹ ਵਿੱਚੋਂ ਘਿਸਰਦੀ-ਘਿਸਰਦੀ ਪਿੰਡ ਤੋਂ ਦੂਰ ਹੁੰਦੀ ਗਈ। ਬਹੁਤੇ ਮੁਸਲਮਾਨ ਬੇ-ਹੌਸਲਾ ਹੋ ਕੇ ਪੱਛਮ ਵੱਲ ਨੱਠ ਰਹੇ ਸਨ ਅਤੇ ਜੱਥਾ ਉਹਨਾਂ ਦੁਆਲੇ ਦਾਇਰਾ ਤੰਗ ਕਰ ਰਿਹਾ ਸੀ। ਨਸੀਮ ਪੂਰਬ ਵੱਲ ਨੂੰ ਹੱਟਦੀ ਜਾ ਰਹੀ, ਕਦੀ ਖਾਲ ਵਿਚ ਲਿਬੜਦੀ, ਕਦੀ ਸੜਕੜੇ ਨਾਲ ਪਛੀਂਦੀ, ਕਦੀ ਗਾਚੇ ਵਿਚ ਲੁਕਦੀ ਤੇ ਕਦੀ ਨਕਾਰੀ ਸੁੰਡੀ ਵਾਂਗ ਰੀਂਗਦੀ, ਉਹ ਰਾਤ ਦੇ ਹਨ੍ਹੇਰੇ ਵਿਚ ਇਕ ਖੂਹ ਲਾਗੇ ਜਾ ਪੁੱਜੀ। ਅੰਦਾਜ਼ੇ ਤੋਂ ਉਹ ਆਪਣੇ ਸਹੁਰਿਆਂ ਦਾ ਉੱਚਾ ਮਕਾਨ ਫੁਕੀਂਦਾ ਦੇਖ ਰਹੀ ਸੀ। ਉਸ ਦਾ ਖਿਆਲ ਸੀ ਕਿ ਪਿੰਡ ਵਿੱਚੋਂ ਕੋਈ ਨਹੀਂ ਬਚਿਆ ਹੋਵੇਗਾ। ਉਹ ਅੱਲਾ ਦਾ ਵਿਰਦ ਕਰ ਰਹੀ ਸੀ। ਗ਼ਮ ਤੇ ਦੁੱਖਾਂ ਦੇ ਹੱਲਿਆਂ ਵਿਚ ਉਸ ਨੂੰ ਇਸ ਗੱਲ ਦੀ ਠੰਢ ਸੀ, ਕਿ ਉਸ ਦਾ ਪਤੀ ਪਿੰਡ ਵਿਚ ਨਾ ਹੋਣ ਕਰਕੇ ਸਹੀ ਸਲਾਮਤ ਹੈ। ਅਤੇ ਕੀ ਪਤਾ। ਕੱਲ੍ਹ ਹੀ ਉਹ ਪਾਕਿਸਤਾਨ ਫ਼ੌਜ ਤੇ ਟਰੱਕ ਲੈ ਕੇ ਉਸ ਨੂੰ ਬਚਾਉਣ ਆ



ਨਿਕਲੇ। ਪਰ ਕੱਲ੍ਹ ਤੱਕ ਉਸ ਨਾਲ ਕੀ ਨਹੀਂ ਹੋ ਸਕਦਾ। ਇਹ ਖਿਆਲ ਉਸ ਲਈ ਮੌਤ ਤੋਂ ਵੀ ਡਰਾਉਣਾ ਜਾਪਦਾ ਸੀ। "ਮੋਏ ! ਕਾਫ਼ਰ !" ਹੌਲੀ ਜਿਹੀ ਕਹਿ ਕੇ ਉਹ ਉਸ ਖਿਆਲ ਦੇ ਡਰ ਦੇ ਭਾਰ ਨੂੰ ਹਲਕਾ ਕਰਨਾ ਚਾਹੁੰਦੀ ਸੀ। ਉਸ ਦਾ ਸਹੁਰਾ ਖ਼ਤਮ, ਉਸ ਦੀ ਬੁੱਢੀ ਸੱਸ ਖਤਮ, ਕੌਣ ਸੀ ਜੋ ਅੱਗ ਦੇ ਤੂਫ਼ਾਨ ਵਿੱਚੋਂ ਬਚ ਕੇ ਨਿਕਲ ਸਕਦਾ? ਪਰ ਆਖ਼ਰ ਉਹ ਵੀ ਤਾਂ ਬਚ ਨਿਕਲੀ ਸੀ। ਹੋਰ ਕਿੰਨਾ ਚਿਰ ਬਚੀ ਰਹੇ, ਇਸ ਦਾ ਉਸ ਨੂੰ ਕੁਝ ਪਤਾ ਨਹੀਂ ਸੀ। ਉਹ ਆਪਣੀ ਜਾਨ ਬਚਾਉਂਦੀ, ਸਿੱਖਾਂ-ਹਿੰਦੂਆਂ ਦੇ ਪਿੰਡ ਮੋਹਣ ਪੁਰੇ ਵੱਲ ਹਟ ਰਹੀ ਸੀ।

ਭਾਦੋਂ ਦੇ ਛਿੜਾਕਿਆਂ ਮਗਰੋਂ ਜੇ ਕਿਤੇ ਸੂਰਜ ਅੱਧਾ ਘੰਟਾ ਵੀ ਲਿਸ਼ਕ ਜਾਵੇ ਤਾਂ ਜਿਹੜਾ ਤਵਾੜ ਲੱਗਦਾ ਹੈ, ਉਸ ਦੀ ਕੁਝ ਨਾ ਪੁੱਛੋ। ਇਸ ਹੁੱਸੜ ਵਿਚ ਤਾਂ ਹੰਢੇ ਬੀਤੇ ਕਰੜੇ ਕਿਸਾਨ ਵੀ ਦਿਲ ਛੱਡ ਜਾਂਦੇ ਹਨ। ਕੱਲ੍ਹ ਦੇ ਛਿੜਾਕੇ, ਚੰਗੀ ਭੋਂ-ਭਿੱਜ ਕਰ ਗਏ ਸਨ। ਏਹੋ ਜਿਹੇ ਹੁੱਸੜ ਵਿਚ ਉਸ ਨੂੰ ਝੋਨੇ ਦੇ ਡੂੰਘੇ ਪਾਣੀ ਨਾਲ ਅੱਧ-ਭਰੇ ਖੇਤਾਂ ਲਾਗਿਉਂ ਲੰਘਣਾ ਪੈ ਰਿਹਾ ਸੀ। ਚਾਣ-ਚੱਕ ਉਸ ਨੂੰ ਬਹੁਤ ਸਾਰੇ ਪੈਰਾਂ ਦਾ ਖੜਾਕ ਤੇ ਵੱਟ ਦੇ ਦੁਪਾਸੜ ਉੱਗੇ ਸੰਘਣੇ ਗਾਚੇ ਵਿੱਚੋਂ ਕਈ ਸਰੀਰਾਂ ਦੇ ਖਹਿਸਰਨ ਦੀ ਆਵਾਜ਼ ਆਈ। ਗਾਚਾ ਢੇਰ ਪਿੱਛੇ ਰਹਿ ਗਿਆ ਸੀ ਅਤੇ ਚਰ੍ਹ ਤੇ ਗੁਆਰਾ ਕਾਫ਼ੀ ਦੂਰ ਸਨ। ਇਸ ਤੋਂ ਪਹਿਲਾਂ ਕਿ ਉਹ ਲੋਕ ਏਥੇ ਆਉਣ ਤੇ ਉਸ ਨੂੰ ਦੇਖ ਕੇ ਲੁੱਟ ਦੇ ਮਾਲ ਵਿਚ, ਉਸ ਨੂੰ ਮਾਲ-ਢਾਂਡੇ ਵਾਂਗ ਰਲਾ ਲੈਣ, ਉਹ ਛੋਪਲੀ ਜਿਹੀ ਤਵਾੜ ਛੱਡਦੇ ਪਾਣੀ ਵਿਚ ਉੱਤਰ ਕੇ, ਲੇਟ ਗਈ। ਝੋਨਾ ਹਾਲਾਂ ਸੰਘਣਾ ਨਹੀਂ ਸੀ ਹੋਇਆ....ਪਰ ਰਾਤ ਦੇ ਹਨ੍ਹੇਰੇ ਨੇ ਉਸ ਨੂੰ ਸੰਘਣਾ ਬਣਾ ਕੇ ਨਸੀਮ ਦਾ ਸਹਾਇਕ ਬਣਾ ਦਿੱਤਾ। ਕਾਫ਼ੀ ਚਿਰ ਲੁਟੇਰੇ ਲਾਗਿਉਂ ਦੀ ਲੰਘਦੇ ਰਹੇ ਅਤੇ ਝੋਨੇ ਦੇ ਮੁੱਢਾਂ ਵਿਚਲੇ ਚਿੱਕੜ ਵਿੱਚੋਂ ਉਸ ਦੇ ਸਰੀਰ ਦੇ ਭਾਰ ਨਾਲ ਬੁਲਬੁਲੇ ਉੱਠ-ਉੱਠ ਕੇ, ਉਸ ਦੇ ਲਾਗੇ ਪਾਟਦੇ ਰਹੇ। ਤਵਾੜ ਤੇ ਹਵ੍ਹਾੜ ਨੇ ਨਸੀਮ ਵਰਗੀ ਛੋਹਰੀ ਨੂੰ ਨੀਮ ਬੇਹੋਸ਼ ਕਰ ਦਿੱਤਾ ਸੀ। ਪਰ ਮੌਤ ਤੇ ਉਸ ਤੋਂ ਵੀ ਵੱਧ, ਉਧਾਲੇ ਤੇ ਖ਼ੂਨੀ ਬੇਪਤੀ ਤੋਂ ਬਚ ਨਿਕਲਣ ਦੇ ਖ਼ਿਆਲ ਨੇ ਉਹਨੂੰ ਪੂਰੀ ਤਰ੍ਹਾਂ ਬੇਹੋਸ਼ ਨਾ ਹੋਣ ਦਿੱਤਾ।

ਆਖਰ ਲੁਟੇਰਿਆਂ ਦਾ ਜਲੂਸ ਮੁੱਕਾ। ਨਸੀਮ ਨੇ ਸੰਘਣੇ ਹਨ੍ਹੇਰੇ ਵਿੱਚੋਂ ਵੀ ਆਪਣੇ ਪਿੰਡ ਦਿਆਂ ਜਵਾਨਾਂ ਤੇ ਕੁੜੀਆਂ ਨੂੰ ਨੇਜ਼ਿਆਂ ਅੱਗੇ ਲਾ ਕੇ ਹੱਕੇ ਜਾਂਦਿਆਂ ਦੇਖ ਹੀ ਲਿਆ ਸੀ। ਉਹ ਉਸ ਥਾਂ ਤੋਂ ਇਕ ਪਾਸੇ ਹਟ ਗਈ। ਮਲ੍ਹਿਆਂ ਦੇ ਕੰਡਿਆਂ ਵਿਚ ਅੜ ਕੇ ਉਸ ਦੀ ਰੇਸ਼ਮੀ ਸਲਵਾਰ ਦੀਆਂ ਲੀਰਾਂ ਲੱਥ ਗਈਆਂ। ਆਖ਼ਰ ਉਹ ਇਕ ਦੁਹਰਟੇ 'ਤੇ ਪੁੱਜੀ, ਜਿਸ 'ਤੇ ਉਹ ਆਪ ਤਾਂ ਕਦੀ ਨਹੀਂ ਸੀ ਆਈ ਪਰ ਜਿਸ ਦੇ ਬਾਰੇ ਉਸ ਨੇ ਸੁਣਿਆ ਹੋਇਆ ਸੀ ਕਿ ਉਹ ਪਿੰਡ ਦੀ ਹੱਦ 'ਤੇ ਹੈ। ਉਸ ਨੇ ਸੁਣਿਆ ਹੋਇਆ ਸੀ ਕਿ ਉਹਨਾਂ ਖੇਤਾਂ ਵਿਚ ਇਕ ਖੜੱਪਾ ਰਹਿੰਦਾ ਹੈ ਜੋ ਕਈ ਵਾਰ ਮਗਰ ਵੀ ਪੈ ਜਾਂਦਾ ਹੈ। ਲੁਟੇਰੇ ਉਸ ਪਾਸੇ ਵੱਲ ਨਹੀਂ ਸਨ ਆ ਰਹੇ। ਜ਼ਹਿਰੀਲੀ ਖੜੱਪੇ ਦੀ ਜੂਹ ਨੂੰ ਉਸ ਆਪਣਾ ਰੱਖਿਆ-ਸਥਲ ਸਮਝਿਆ। ਉਹ ਡਰਦੀ ਮਾਰੀ ਉੱਥੋਂ ਹਟੀ ਨਾ। ਖੂਹ ਤੋਂ ਜ਼ਰਾ ਕੁ ਹਟਵੇਂ, ਇਕ ਪੱਠਿਆਂ ਦੇ ਟੱਕ ਦੀ ਆੜ ਵਿਚ ਉਹ ਨਿਸਚਿੰਤ ਲੰਮੀ ਪੈ ਗਈ। ਉਸ ਦੇ ਸਰੀਰ ਨਾਲ ਉਸ ਦੇ ਚਿੱਕੜ-ਲਿਬੜੇ ਕੱਪੜੇ ਚੰਬੜੇ ਹੋਏ ਸਨ। ਉਹ ਸਿਰ ਹੇਠਾਂ ਬਾਂਹ ਦੇ ਕੇ ਸਿਤਾਰਿਆਂ ਵੱਲ ਵੇਖ ਰਹੀ ਸੀ। ਜਿਹਨਾਂ ਨੂੰ ਕਦੀ-ਕਦੀ ਹਨ੍ਹੇਰੇ ਬੱਦਲਾਂ ਦੇ ਟੁਕੜੇ ਕੱਜ ਲੈਂਦੇ ਸਨ ਅਤੇ ਉਹਨਾਂ ਦੇ ਲੰਘ ਜਾਣ ਮਗਰੋਂ ਐਉਂ ਪ੍ਰਤੀਤ ਹੁੰਦਾ ਸੀ, ਕਿ ਉਹ ਵਧੇਰੀ ਸ਼ਾਨ ਨਾਲ ਚਮਕ ਪਏ ਹਨ। ਆਪਣੀ ਕਿਸਮਤ ਦੇ

ਸਿਤਾਰੇ 'ਤੇ ਵੀ ਉਹ ਦੁੱਖ ਤੇ ਗਮਾਂ ਦੇ ਅਸਥਾਈ ਬੱਦਲ ਛਾਏ ਵੇਖਣ ਲੱਗੀ। ਖੜੱਪੇ ਦਾ ਖਿਆਲ ਉਸ ਨੂੰ ਰਹਿ-ਰਹਿ ਕੇ ਆਉਂਦਾ, ਪਰ ਉਸ ਨੂੰ ਭੈਅ ਭੀਤ ਕਰਨ ਦੀ ਥਾਂ ਦ੍ਰਿੜ੍ਹ ਬਣਾ ਜਾਂਦਾ। ਟਿੱਡੀਆਂ ਦੀ ਆਵਾਜ਼ ਵਿੱਚੋਂ ਉਹ ਕਈ ਵਾਰ ਸੱਪ ਦੀ ਟਿਚਕਾਰੀ ਵੀ ਨਿਖੇੜਦੀ, ਪਰ ਕੋਈ ਸੱਪ ਉਸਦੇ ਕਲ ਨਾ ਆਉਂਦਾ। ਕਈ ਵਾਰੀ ਘਾਹ ਦੇ ਟਿੱਡੇ ਟਪੋਸੀ ਮਾਰ ਕੇ ਉਸ ਦੀਆਂ ਕੋਮਲ ਗੱਲ੍ਹਾਂ ਨਾਲ ਟਕਰਾਉਂਦੇ, ਤੇ ਉਹ ਆਪਣੀਆਂ ਮਖ਼ਮਲੀ ਉਂਗਲਾਂ ਦੇ ਪੁੱਠੇ ਪੋਟਿਆਂ ਨਾਲ ਉਹਨਾਂ ਨੂੰ ਝਾੜ ਸੁੱਟਦੀ। ਕੀੜਿਆਂ-ਮਕੌੜਿਆਂ ਦੀ ਬੇਰਹਿਮੀ ਉਸਨੂੰ ਚੇਤਨ ਮਨੁੱਖ ਦੀ ਨਿਰਦੈਤਾ ਤੋਂ ਭੈੜੀ ਨਹੀਂ ਸੀ ਜਾਪਦੀ। ਉਸ ਨੂੰ ਸ਼ੈਕਸਪੀਅਰ ਦਾ ਉਹ ਗੀਤ ਯਾਦ ਆਇਆ, ਜੋ ਉਸ ਨੇ 'ਐਜ਼ ਯੂ ਲਾਈਕ ਇਟ' ਵਿੱਚ ਡਿਊਕ ਦੇ ਮੂੰਹੋਂ ਗਵਾਇਆ :-

ਵੱਗ ਵੱਗ ਸਿਆਲ ਦਿਆ ਠੱਕਿਆ,
ਤੂੰ ਉੱਨਾ ਨਿਰਦੈ ਨਹੀਂ ਹੈਂ.........
ਅਤੇ ਅੱਗੇ ਉਸ ਨੇ ਜੋੜਿਆ—
ਜਿੰਨਾ ਮਜ਼੍ਹਬ ਦਾ ਕੱਟੜ ਵਿਸ਼ਵਾਸੀ।

ਉਹ ਅੱਜ ਆਪਣੀ ਲੀਗੀ ਕੱਟੜ ਪਾਲਸੀ ਤੋਂ ਹੇਠਾਂ ਉੱਤਰ ਜਾਂ ਸ਼ਾਇਦ ਉੱਪਰ ਉੱਠ ਕੇ ਸੋਚ ਰਹੀ ਸੀ।

ਸੋਚਦਿਆਂ-ਸੋਚਦਿਆਂ ਉਹ ਸੌਂ ਗਈ। ਕਹਿੰਦੇ ਨੇ ਨੀਂਦ ਤੇ ਸੂਲੀ 'ਤੇ ਵੀ ਆ ਜਾਂਦੀ ਹੈ। ਜੀਵਨ ਰੱਖਿਆ ਲਈ ਤਨ-ਮਨ ਦੀਆਂ ਸਾਰੀਆਂ ਸ਼ਕਤੀਆਂ ਖਰਚ ਕਰ ਕੇ ਕੀਤੇ ਉਸਦੇ ਉਤਸ਼ਾਹੀ ਉੱਦਮ ਨੇ ਉਸਨੂੰ ਵੱਢ ਦੇ ਖੁੰਘਾਂ 'ਤੇ ਵੀ ਘੂਕ ਸੁਆ ਦਿੱਤਾ। ਉਹ ਦਿਨ ਚੜ੍ਹੇ ਤੱਕ ਸੁੱਤੀ ਰਹੀ। ਅਭੜਵਾਹੀ ਰੌਲਾ ਪਾਉਂਦੀ ਉੱਠੀ, "ਏਹ ਜ਼ੁਲਮ ਨਾ ਕਰਿਓ, ਮੈਂ ਮਾਂ ਬਣਨ ਵਾਲੀ ਹਾਂ।"

ਉਸ ਨੇ ਦੇਖਿਆ ਦਿਨ ਚੜ੍ਹ ਆਇਆ ਸੀ—ਏਥੋਂ ਤੱਕ ਕਿ ਸੂਰਜ ਦੀਆਂ ਕਿਰਨਾਂ ਉਸ ਦੇ ਮੂੰਹ 'ਤੇ ਪਈ ਤਰੇਲ ਨੂੰ ਸੁਕਾ ਗਈਆਂ ਸਨ, ਭਾਵੇਂ ਉਸ ਦੇ ਸਰੀਰ ਨਾਲ ਲੱਗੇ ਚੀਥੜੇ ਹਾਲੇ ਵੀ ਸਿੱਲ੍ਹੇ ਸਨ। ਉਸ ਨੇ ਉੱਠਣ ਦਾ ਯਤਨ ਕੀਤਾ ਪਰ ਉਸ ਤੋਂ ਉੱਠਿਆ ਨਾ ਗਿਆ। ਉਸ ਨੂੰ ਇਸ ਤਰ੍ਹਾਂ ਜਾਪਿਆ ਜਿਸ ਤਰ੍ਹਾਂ ਖੜੱਪਾ ਉਸ ਦਾ ਸਾਹ ਸੱਤ ਪੀ ਗਿਆ ਹੈ। ਉਸ ਵਿਚਾਰੀ ਨੂੰ ਕੀ ਪਤਾ ਕਿ ਧਰਮ ਵਾਂਗ ਖੁਸ਼ਨੁਮਾ ਸਣ ਦੇ ਬਸੰਤੀ ਗੁੱਛੇਦਾਰ ਫੁੱਲਾਂ ਵਾਲੇ ਹਰੇ-ਕਚਾਹ ਬੂਟਿਆਂ ਦੀ ਵਾੜ ਨੇ, ਜੋ ਨਾਲ ਦੀ ਪੈਲੀ ਦੇ ਦੁਆਲੇ ਉੱਗੇ ਹੋਏ ਸਨ, ਉਸ ਦੇ ਨੈਣ-ਪਰਾਣ ਜਕੜ ਲਏ ਸਨ। ਆਖ਼ਰ ਉਹ ਆਪਣੇ ਸਾਰੇ ਸਰੀਰ ਤੇ ਮਨ ਦੇ ਬਲ ਨੂੰ ਸਰੀਰ ਵਿਚ ਕੇਂਦਰਤ ਕਰਕੇ ਉੱਠੀ ਤੇ ਆਪਣੇ ਆਪ ਨੂੰ ਬਹੁਤ ਖਤਰੇ ਵਿਚ ਸਮਝ ਕੇ ਚਰ੍ਹ ਵਿਚ ਜਾ ਵੜੀ। ਲੋਕੀਂ ਦਿਨ ਦੇ ਚਾਨਣ ਵਿਚ ਲੁੱਟ ਦਾ ਮਾਲ ਲੈ ਕੇ ਥੋੜ੍ਹੀ ਕੁ ਵਿੱਥ ਤੋਂ ਲੰਘ ਰਹੇ ਸਨ.....ਹਿੰਦੂ ਵੀ ਸਿੱਖ ਵੀ। ਦੋ-ਤਿੰਨ ਬੰਦੇ ਕੁਰਾਹੇ ਪੈ ਕੇ ਉਸ ਖੇਤ ਦੇ ਲਾਗਿਓਂ ਦੀ ਲੰਘੇ।

ਇਕ ਕਹਿ ਰਿਹਾ ਸੀ, "ਰਾਤੀਂ ਮੁਸਲਿਆਂ ਦੀਆਂ ਪੈਲੀਆਂ ਨੂੰ ਹੱਥ ਲਾ ਦਿਉ ਤੇ ਪੱਠੇ ਵੱਢਕੇ ਲੈ ਚੱਲੋ।"

ਦੂਜੇ ਨੇ ਕਿਹਾ, "ਹਾਲਾਂ ਤੇ ਮਾਲ ਦੀ ਲੁੱਟ ਬਥੇਰੀ ਹੈ। ਕਈ ਪਿੰਡ ਹਾਲੇ ਮੁਸਲਿਆਂ ਦੇ ਮਾਰਨ ਵਾਲੇ ਨੇ। ਤੇ ਜ਼ਨਾਨੀ ਤੇ ਸਾਡੇ ਹੱਥ ਆਈ ਨਹੀਂ, ਮੱਖ, ਕੋਈ।"

ਤੀਜੇ ਕਿਹਾ, "ਮਾਈਂ...ਮੁਸਲੀਆਂ ਕਈ ਕਈ ਤੇ ਨਿਰਾ ਪਰਸਤਾਨ ਈ ਨੇ।"



ਪਹਿਲਾ ਬੋਲਿਆ, "ਮੱਝਾ ਸਿਹਾਂ, ਤੂੰ ਚੰਗਾ ਵੈਲੀ ਏਂ। ਪੱਠਾ ਦੱਥਾ ਵੀ ਨਹੀਂਓਂ ਛੱਡਣਾ, ਅਸੀਂ ਤੇ ਏਹਨਾਂ ਦੀਆਂ ਫਸਲਾਂ ਵੀ ਚਾਰ ਛੱਡਣੀਆਂ ਨੇ। ਵਾਹਿਗੁਰੂ ਨੇ ਮੌਕਾ ਬਣਾਇਐ, ਗੁਰੂ ਦੇ ਪੁੱਤਾਂ ਨੂੰ ਬਦਲਾ ਲੈਣ ਦਾ।"

ਨਸੀਮ ਨੇ ਫਨੀਅਰ ਸੱਪ ਵਾਲੇ ਖੇਤ ਵੀ ਖਤਰੇ ਤੋਂ ਖਾਲੀ ਨਾ ਸਮਝੇ। ਉਸ ਸੋਚਿਆ, "ਕਿਤੇ ਦਿਨ ਵੇਲੇ ਈ ਕੋਈ ਮੇਰੇ ਵਾਲੇ ਖੱਤੇ ਦਾਤਰੀ ਨਾ ਪਾ ਦਏ। ਆਲੇ-ਦੁਆਲੇ ਦੇਖਿਆ, ਖੂਹ ਦੇ ਲਾਗੇ ਦੋ ਮੂਸਲ ਸਨ। ਇਕ ਨੂੰ ਹੱਥ ਲੱਗਾ ਹੋਇਆ ਸੀ ਤੇ ਹੇਠਾਂ ਗੋਲ ਮਘੋਰਾ ਸੀ। ਆਲੇ-ਦੁਆਲੇ ਕੋਈ ਨਾ ਦੇਖ ਕੇ ਉਹ ਜੀ-ਭਿਆਣੀ ਮੂਸਲ ਵਿਚ ਜਾ ਵੜੀ। ਏਹ ਉਸਨੇ ਇਕ ਬੜੀ ਭਾਰੀ ਗਲਤੀ ਕੀਤੀ- ਪਰ ਇਹ ਨਾ ਕਰਦੀ ਤੇ ਕੀ ਕਰਦੀ?

ਸਾਰਾ ਦਿਨ ਲੋਕ ਲੁੱਟ ਦੇ ਮਾਲ ਦੀ ਰਹਿੰਦ-ਖੂੰਹਦ ਢੋਂਦੇ ਰਹੇ ਤੇ ਉਸ ਲਈ ਬਾਹਰ ਨਿਕਲਣਾ ਅਸੰਭਵ ਹੋ ਗਿਆ। ਹਵਾ ਰੁਕੀ ਹੋਈ ਸੀ ਤੇ ਹੁੱਸੜ ਨੇ ਮੂਸਲ ਨੂੰ ਲੋਹਾ ਢਾਲਣ ਵਾਲੀ ਭੱਠੀ ਬਣਾ ਦਿੱਤਾ ਸੀ। ਨਸੀਮ ਨੂੰ ਮਾਲੂਮ ਹੁੰਦਾ ਸੀ ਕਿ ਉਸ ਦਾ ਸਰੀਰ ਮੋਮ ਦਾ ਹੈ। ਉਹ ਹੌਲੀ-ਹੌਲੀ ਪੰਘਰ ਕੇ ਘਟ ਰਿਹਾ ਹੈ। ਪਰ ਉਹ ਰਾਤੇ ਦੇ ਸੁਪਨੇ ਨੂੰ ਜਾਗਰਤ ਜੀਵਨ ਵਿਚ ਯਾਦ ਦੇ ਪਰਦੇ 'ਤੇ ਸਾਕਾਰ ਕਰ ਕੇ ਦੇਖਣ ਲਈ ਮਜਬੂਰ ਸੀ।

ਇਕ ਅਜੀਬ ਅਨਹੋਣਾ ਨਜ਼ਾਰਾ ਸੀ। ਧਰਤੀ ਤੇ ਵਿਸ਼ਾਲ ਪੱਧਰ ਮੈਦਾਨ ਦੇ ਵਿਚਕਾਰ ਇਕ ਲੀਕ ਵਹੀ ਹੋਈ ਸੀ ਅਤੇ ਲੀਕ ਦੇ ਪੱਛਮ ਦੇ ਵੱਲ ਲਿਖਿਆ ਹੋਇਆ ਸੀ, ਪਾਕਿਸਤਾਨ ਤੇ ਪੂਰਬ ਵੱਲ ਸੀ ਹਿੰਦੁਸਤਾਨ। ਉਹ ਹਿੰਦੋਸਤਾਨ ਵਿਚ ਸੀ। ਪਾਕਿਸਤਾਨ ਵਿਚ ਹਿੰਦੂ-ਸਿੱਖ ਔਰਤਾਂ ਤੇ ਬੱਚੀਆਂ ਦੀਆਂ ਭੇਡਾਂ ਵਾਂਗ ਬੋਲੀਆਂ ਦਿੱਤੀਆਂ ਜਾ ਰਹੀਆਂ ਸਨ ਤੇ ਖ਼ਰੀਦਦਾਰ ਉਹਨਾਂ ਨੂੰ ਚੰਗੀ ਤਰ੍ਹਾਂ ਟੋਹ-ਟੋਹ ਕੇ ਦੇਖ ਰਹੇ ਸਨ। ਹਿੰਦੁਸਤਾਨ ਵਿਚ ਔਰਤਾਂ ਤੇ ਬੱਚੀਆਂ ਨੂੰ ਨੰਗਿਆਂ ਕਰਕੇ ਤਿੱਖਿਆਂ ਬਰਛਿਆਂ ਦੇ ਜ਼ੋਰ, ਸਰੇ-ਬਜ਼ਾਰ ਨਚਾਇਆ ਜਾ ਰਿਹਾ ਸੀ। ਕਿੱਡਾ ਖੌਫ਼ਨਾਕ ਸੀ ਇਹ ਨਾਚ। ਤੇ ਲੋਕ ਹੱਸ ਰਹੇ ਸਨ। ਪਾਕਿਸਤਾਨ ਵਿਚ ਗੱਡੀਆਂ ਵਿਚ ਪਿਆਸੇ ਹਿੰਦੂ-ਸਿੱਖਾਂ ਨੂੰ ਪੀਣ ਲਈ ਪਾਣੀ ਵੀ ਨਹੀਂ ਸੀ ਮਿਲ ਸਕਦਾ। ਹਿੰਦੁਸਤਾਨ ਵਿਚ ਮੁਸਲਮ ਮਾਵਾਂ, ਬੱਚਿਆਂ ਨੂੰ ਜਿੰਦਾ ਰੱਖਣ ਲਈ ਆਪਣੇ ਸਰੀਰ ਦਾ ਹੀ ਗੰਦਾ ਪਾਣੀ ਆਪਣੇ ਬੱਚਿਆਂ ਦੇ ਮੂੰਹ ਵਿਚ ਪਾ ਰਹੀਆਂ ਸਨ। ਪਾਕਿਸਤਾਨ ਵਿਚ ਹਿੰਦੂ-ਸਿੱਖ ਬੱਚੇ ਨੇਜ਼ਿਆਂ ਵਿਚ ਪਰੋ ਕੇ ਮਾਵਾਂ ਨੂੰ ਪਿੱਛੇ ਲਾ ਕੇ ਜਲੂਸ ਕੱਢੇ ਜਾ ਰਹੇ ਸਨ, ਹਿੰਦੁਸਤਾਨ ਵਿਚ ਬੱਚਿਆਂ ਦੇ ਸਾਹਮਣੇ ਉਨ੍ਹਾਂ ਦੀਆਂ ਜਵਾਨ ਮਾਵਾਂ ਦੀ ਬੇਇਜ਼ਤੀ ਕੀਤੀ ਜਾ ਰਹੀ ਤੇ ਹਿੰਦੂ-ਸਿੱਖ ਤੀਵਆਂ ਏਹ ਵੇਖ ਕੇ ਇਕ ਜ਼ਾਲਮ ਖੁਸ਼ੀ ਦਾ ਵਹਿਸ਼ੀ ਹਾਸਾ ਹੱਸ ਰਹੀਆਂ ਸਨ।

ਸੁਪਨੇ 'ਚ ਡਿੱਠੇ ਨਜ਼ਾਰੇ ਏਨੇ ਖ਼ੂਨ ਭਰੇ ਤੇ ਗੰਦ ਨਾਲ ਲਿਬੜੇ ਹੋਏ ਸਨ, ਕਿ 'ਕਾਉ ਬਾਏ' ਤੇ 'ਡਕੈਤੀ' ਦੀਆਂ ਫ਼ਿਲਮਾਂ ਦੀ ਅਤੇ ਦਿਲਪਾੜ ਦੁਖੀ ਕਥਾਵਾਂ ਦੀ ਚਾਹਵਾਨ ਹੋਣ ਦੇ ਬਾਵਜੂਦ, ਹੁਣ ਉਨ੍ਹਾਂ ਸੁਪਨੇ ਦੇ ਨਜ਼ਾਰਿਆਂ ਨੂੰ ਜਾਗਰਤ-ਕਲਪਨਾ ਦੇ ਸਾਹਮਣੇ ਵੇਖਣ ਦਾ ਹੀਆ, ਨਸੀਮ ਨਹੀਂ ਸੀ ਕਰਦੀ। ਪਰ ਇਹ, ਤੇ ਇਹਨਾਂ ਤੋਂ ਵੀ ਭਿਆਨਕ ਤੇ ਦਿਲ-ਹਿਲਾਊ ਘਟਨਾਵਾਂ ਆਮ ਘਟਨਾਵਾਂ ਵਾਂਗ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਜਿਦੋ-ਜਿਦੀ ਹੋ ਰਹੀਆਂ ਸਨ। ਕਿਸੇ ਸ਼ੈਤਾਨ ਦਾ ਪ੍ਰਛਾਵਾਂ ਦੋਹਾਂ ਪਾਸਿਆਂ ਦੇ ਲੋਕਾਂ ਦੀਆਂ ਰੂਹਾਂ 'ਤੇ ਪੈ ਗਿਆ ਜਾਪਦਾ ਸੀ। ਪਰ ਨਸੀਮ ਨੂੰ ਯਾਦ ਸੀ ਕਿ ਅੱਖਾਂ ਵਿਚੋਂ ਚੰਗਿਆੜੇ

ਸੁੱਟਦੇ, ਇਕ ਅੱਗ-ਬਗੋਲੇ ਦੇਓ ਵਰਗੇ ਚਿਹਰੇ ਵਾਲੇ ਬਾਬੇ ਨੇ ਉਸ ਨੂੰ ਪਕੜ ਲਿਆ ਤੇ ਅੱਗੋਂ ਤਿੱਖੀ, ਦੋ ਢਾਈ ਇੰਚ ਮੋਟੀ ਭੱਠੀ ਵਿੱਚੋਂ ਲਾਲ ਸੁਰਖ ਲੋਹੇ ਦੀ ਲੱਠ ਨੂੰ, ਉਸ ਦੇ ਸਰੀਰ ਵਿਚ ਚੁਭਾਉਣ ਲੱਗਾ, ਉਹ ਇਕ ਅਤਿ ਭਿਆਨਕ ਹਾਸਾ ਹੱਸ ਰਿਹਾ ਸੀ ਤੇ ਇਉਂ ਮਾਲੂਮ ਹੁੰਦਾ ਸੀ, ਕਿ ਉਸਦੇ ਹਾਸੇ ਨਾਲ ਭੁਚਾਲ ਆ ਰਿਹਾ ਹੋਵੇ। ਨਸੀਮ ਕਹਿ ਰਹੀ ਸੀ, "ਏਹ ਨਾ ਜ਼ੁਲਮ ਕਰਿਓ, ਬਾਬਾ ਜੀ। ਮੈਂ ਪੰਜਾਂ ਮਹੀਨਿਆਂ ਤੱਕ ਮਾਂ ਬਣਨ ਵਾਲੀ ਹਾਂ।"

ਏਥੇ ਉਸਦੇ ਸੁਪਨੇ ਨੇ ਟੁੱਟ ਕੇ ਉਸ ਦਾ ਛੁਟਕਾਰਾ ਕਰ ਦਿੱਤਾ ਸੀ। ਪਰ ਅਸਲ ਵਿਚ ਉਸ ਮਕਾਰ ਫਰੰਗੀ ਦੀ ਵਾਹੀ ਲੀਕ ਦੇ ਦੁਪਾਸੜ ਕਿਸੇ ਬਾਬੇ ਨੇ ਕਿਸੇ ਪੋਤੀ ਦੀ ਇਹੋ ਜਿਹੀ ਬੇਨਤੀ ਨਹੀਂ ਸੀ ਸੁਣੀ। ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਹਿੰਦੂ ਸਿੱਖ। ਸਾਰੇ ਰੱਬ-ਰਹੀਮ ਤੇ ਦਿਆਲੂ-ਪਰਮਾਤਮਾ ਤੇ ਵਾਹਿਗੁਰੂ ਦੇ ਪਿਆਰੇ!

ਨਸੀਮ, ਹੁਣ ਨਾਂ ਦੀ ਨਸੀਮ ਸੀ। ਉਹ ਸੜ ਰਹੀ ਸੀ, ਉਸ ਦਾ ਗਲਾ ਸੁੱਕ ਗਿਆ ਸੀ। ਉਸ ਦਾ ਜੀਅ ਕਰਦਾ ਸੀ, ਉਹ ਕੁੱਤੇ ਵਾਂਗ ਜੀਭ ਲਮਕਾ ਲਵੇ। ਉਹ ਉਸ ਮੂਸਲ ਦੇ ਅੰਦਰਲੇ ਦੋਜ਼ਖ਼ ਵਿੱਚੋਂ ਬਾਹਰ ਨਿਕਲਣਾ ਚਾਹੁੰਦੀ ਸੀ। ਪਰ ਬਾਹਰ ਵੀ ਤਾਂ ਦੋਜ਼ਖ਼ ਦੀ ਭਾਅ, ਦੂਣੀ ਭੜਕ ਰਹੀ ਸੀ। ਜੀਵਨ ਆਸ ਦੇ ਸਹਾਰੇ ਬੜਾ ਪਿਆਰਾ ਹੁੰਦਾ ਹੈ। ਬਾਹਰ ਨਾ ਨਿਕਲਣਾ ਚਾਹੁੰਦਿਆਂ ਵੀ ਉਸ ਨੂੰ ਬਾਹਰ ਨਿਕਲਣਾ ਈ ਪਿਆ। ਉਸ ਨੂੰ ਇਉਂ ਮਹਿਸੂਸ ਹੋਇਆ ਕਿ ਘੁੱਪ ਹਨ੍ਹੇਰੀ ਨਰਕ ਦੀ ਖੁੰਦਰ ਵਿਚ ਫੁੰਕਾਰੇ ਵੱਜ ਰਹੇ ਹਨ। ਰਾਤੀਂ ਉਸ ਨੂੰ ਖੇਤਾਂ ਵਿਚ ਸੁੱਤਿਆਂ ਕਿਸੇ ਫਨੀਅਰ ਦਾ ਡਰ ਨਹੀਂ ਸੀ ਆਇਆ, ਪਰ ਹੁਣ ਉਹ ਇਤਨੀ ਭੈਅ-ਭੀਤ ਹੋ ਗਈ ਕਿ ਉਸ ਮਘੋਰੇ ਵਿੱਚੋਂ ਨਿਕਲਣਾ ਈ ਉਸ ਲਈ ਅਸੰਭਵ ਹੋ ਗਿਆ ਸੀ। ਦਿਨ ਭਰ ਦੀ ਗਰਮੀ ਤੇ ਹੁੱਸੜ ਨੇ ਉਸ ਦਾ ਲਹੂ ਨਿਚੋੜ ਲਿਆ ਸੀ ਪਰ ਜੋ ਰਹਿੰਦਾ-ਖੂੰਹਦਾ ਸੀ ਵੀ, ਉਹ ਉਸ ਨੂੰ ਨਾੜਾਂ ਵਿਚ ਜੰਮ ਗਿਆ ਜਾਪਿਆ। ਉਹ ਬੇਹਿੱਸ ਉੱਥੇ ਹੀ ਪਈ ਰਹੀ। ਆਖ਼ਰ ਉਸ ਨੂੰ ਕੁਝ ਚਿਰ ਮਗਰੋਂ ਫੁੰਕਾਰਿਆਂ ਦੀ ਅਵਾਜ਼ ਆਉਣੀ ਬੰਦ ਹੋਈ। ਉਸ ਵਿਚ ਵੀ ਜਾਨ ਨਵੇਂ ਸਿਰਿਓਂ ਸਰਕੀ। ਉਹ ਹੌਲੀ ਰੀਂਗ ਕੇ ਮਘੋਰੇ ਦੇ ਪੈਰੋ-ਪੈਰ ਘੱਟਦੇ ਚਾਨਣ ਵੱਲ ਵਧਣ ਲੱਗੀ। ਉਸ ਆਪਣਾ ਸਿਰ ਬਾਹਰ ਕੱਢਿਆ ਤੇ ਫੇਰ ਆਪਣਾ ਧੜ ਤੇ ਫੇਰ ਝੱਟ ਹੀ ਉਸ ਆਪਣੀਆਂ ਲੱਤਾਂ ਇਕੱਠੀਆਂ ਕਰ ਕੇ ਡੱਡੂ ਵਾਂਗ ਟਪੋਸੀ ਲਾਈ ਤੇ ਦੂਰ ਜਾ ਪਈ।

ਹੋਸ਼ ਸੰਭਾਲ ਕੇ ਉਸ ਚਾਰੇ ਪਾਸੇ ਵੇਖਿਆ ਤ੍ਰਿਕਾਲਾਂ ਪੈਣ ਵਾਲੀਆਂ ਸਨ। ਲਾਗੇ ਕੋਈ ਨਹੀਂ ਸੀ। ਖ਼ਬਰੇ ਕਿਸੇ ਹੋਰ ਮੋਰਚੇ 'ਤੇ ਇਕੱਠ ਜੁੜਿਆ ਹੋਵੇ। ਖੂਹ ਦੀਆਂ ਟਿੰਡਾਂ ਚੋ-ਚੋ ਕੇ ਸਭ ਖਾਲੀ ਪਈਆਂ ਸਨ ਤੇ ਨਸੀਮ ਅੰਦਰ ਲੱਗੀ ਤ੍ਰੇਹ ਦੀ ਅੱਗ ਨੂੰ ਬੁਝਾਉਣ ਲਈ ਪਾਣੀ ਲੱਭ ਰਹੀ ਸੀ। ਖੂਹ ਭਾਰਾ ਸੀ, ਉਸ ਕੋਲੋਂ ਗਿੜ ਨਹੀਂ ਸੀ ਸਕਦਾ। ਤੇ ਜੇ ਗਿੜ ਵੀ ਸਕਦਾ ਹੁੰਦਾ ਤਾਂ ਉਹ ਖੜਾਕ ਨਾਲ, ਕਿਸੇ ਲੁਟੇਰੇ ਨੂੰ ਉੱਥੇ ਖਿੱਚ ਲਿਆਉਣ ਦੇ ਡਰ ਤੋਂ ਨਾ ਗੇੜਦੀ। ਕੱਚੇ ਔਲੂ ਵਿਚ ਕੁਝ ਪਾਣੀ ਜਮ੍ਹਾਂ ਸੀ। ਉਸ ਨੇ ਬੁੱਕ ਭਰ-ਭਰ ਕੇ ਪਾਣੀ ਪੀਤਾ ਤੇ ਉਸਨੂੰ 'ਆਬੇ-ਹਯਾਤ'...ਜ਼ਿੰਦਗੀ ਨਵੇਂ ਸਿਰਿਓਂ ਦੇਣ ਵਾਲਾ ਪਾਣੀ ਸਮਝਿਆ। ਉਸਨੂੰ ਕੀ ਪਤਾ ਸੀ ਕਿ ਦਿਨੇ ਉਸ ਔਲੂ ਵਿੱਚੋਂ ਕੁੱਤੇ ਪਾਣੀ ਲੱਕਦੇ ਰਹੇ ਸਨ। ਉਹ ਜਾਣਦੀ ਵੀ ਹੁੰਦੀ ਤਾਂ ਇਸ ਤੋਂ ਸਿਵਾ ਹੋਰ ਕੀ ਕਰਦੀ?

ਅਚਾਨਕ ਉਸ ਨੂੰ ਲਾਗਲੀ ਪੈਲੀ ਦੇ ਟੱਕ ਵਿੱਚੋਂ ਅਵਾਜ਼ ਆਈ, "ਕਿਹੜੀ ਐਂ ਤੂੰ? ਜ਼ਰਾ ਐਧਰ ਆਈਂ, ਪੱਠਿਆਂ ਨੂੰ ਹੱਥ ਪੁਆਈਂ।"



ਨਸੀਮ ਨੇ ਅੱਧ ਕੁ ਮਿੰਟ ਸੋਚਿਆ।

ਉਧਰੋਂ ਫੇਰ ਅਵਾਜ਼ ਆਈ, "ਆਉਂਦੀ ਨਹੀਂ ਕੌਣ ਐਂ ਤੂੰ?"

ਨਸੀਮ ਅੰਨ੍ਹੇਵਾਹ ਜਿੱਧਰੋਂ ਰਾਤੀਂ ਆਈ ਸੀ, ਉਸੇ ਪਾਸੇ ਉੱਠ ਦੌੜੀ। ਪੱਠਿਆਂ ਵਾਲਾ ਦਾਤਰੀ ਭਰੀ 'ਚੋਂ ਖਿੱਚ ਕੇ ਪੱਠਿਆਂ ਦੇ ਉੱਤੋਂ ਦੀ ਭੱਜਾ। ਨਸੀਮ ਘਬਰਾਈ ਹੋਈ ਉਸਦੀ ਚਾਲ ਨਾ ਸਮਝ ਸਕੀ। ਉਸ ਨੇ ਕੇਵਲ ਪਿਛਾਂਹ ਹੀ ਮੁੜ ਕੇ ਡਿੱਠਾ ਪਰ ਪਿੱਛੇ ਕੋਈ ਨਹੀਂ ਸੀ। ਉਹ ਲਾਗਲੇ ਚਰ੍ਹ ਵਿਚ ਵੜਨ ਹੀ ਲੱਗੀ ਸੀ ਕਿ ਜੱਟ ਨੇ ਉਸਨੂੰ ਉਤੋਂ ਆ ਘੇਰਿਆ।

"ਕੌਣ ਹੈਂ ਤੂੰ?" ਉਸ ਪੁੱਛਿਆ ਤੇ ਜਵਾਬ ਨਾ ਮਿਲਣ ਤੇ ਆਪੇ ਹੀ ਉਸ ਦੀ ਸ਼ਕਲ, ਪਹਿਰਾਵੇ ਤੇ ਲੇਥੂ-ਪੇਥੂ ਹੋਏ ਕੱਪੜਿਆਂ ਤੋਂ ਅੰਦਾਜ਼ਾ ਲਾ ਕੇ ਜਵਾਬ ਦਿੱਤਾ, "ਮੁਸਲਮਾਨੀ!" ਨਸੀਮ ਨੇ ਹਾਂ ਜਾਂ ਨਾਂਹ ਵਿਚ ਕੋਈ ਉੱਤਰ ਨਾ ਦਿੱਤਾ। ਸਿੱਖ ਨੇ ਉਸ ਨੂੰ ਬਾਹੋਂ ਫੜ ਕੇ ਖਿੱਚਿਆ। ਪਰ ਉਹ ਨਾ ਉੱਠੀ। ਉਸ ਦੂਸਰੀ ਵਾਰ ਸਾਰਾ ਜ਼ੋਰ ਲਾ ਕੇ ਉਸ ਨੂੰ ਖਿੱਚਿਆ। ਉਹ ਚੀਕ ਮਾਰ ਕੇ ਉੱਠੀ ਅਤੇ ਉਸਦਾ ਮੁਕਾਬਲਾ ਕਰਨ ਦਾ ਯਤਨ ਕੀਤਾ, ਪਰ ਦੂਸਰੇ ਪਲ ਜੱਟ ਦੀ ਲਿਸ਼ਕਦੀ ਤਣੀ ਦਾਤਰੀ ਨੇ ਉਹਨੂੰ ਫੇਰ ਬਿਠਾ ਦਿੱਤਾ।

"ਸਿੱਧੀ ਹੋ ਕੇ ਆਪੇ ਤੁਰ ਪਓ, ਮੈਂ ਆਖਿਆ, ਨਹੀਂ ਤੇ......" ਉਸ ਦਾਤਰੀ ਸਿੱਧੀ ਉਸ ਦੀ ਛਾਤੀ ਵੱਲ ਕਰ ਦਿੱਤੀ। ਨਸੀਮ ਡਰੀ ਨਹੀਂ। ਉਸ ਨੇ ਉੱਠ ਕੇ ਆਪਣੀ ਪਰੋਲੇ ਵਰਗੀ ਚੁੰਨੀ ਸੰਭਾਲੀ ਫੇਰ ਦਾਅ ਬਚਾ ਕੇ ਜੱਟ ਕੇ ਗਲ ਪੈ ਗਈ। ਜੱਟ ਨੇ ਦਾਤਰੀ ਪਰ੍ਹੇ ਸੁੱਟ ਕੇ ਉਸ ਨੂੰ ਦੋਹਾਂ ਹੱਥਾਂ ਨਾਲ ਕਾਬੂ ਕਰਨ ਦਾ ਯਤਨ ਕੀਤਾ, ਪਰ ਨਸੀਮ ਕਾਫੀ ਕਰੜੀ ਨਿਕਲੀ। ਜੱਟ ਨੂੰ ਪੰਜ-ਸੱਤ ਮਿੰਟ ਚੰਗਾ ਜ਼ੋਰ ਲਾਉਣਾ ਪਿਆ ਤਾਂ ਕਿਤੇ ਉਹ ਉਸ ਦੀ ਸੱਜੀ ਬਾਂਹ ਮਰੋੜਨ ਵਿਚ ਸਫ਼ਲ ਹੋਇਆ। ਪਰ ਇਸ ਤੋਂ ਪਹਿਲਾਂ ਨਸੀਮ ਉਸ ਦੇ ਮੂੰਹ 'ਤੇ ਆਪਣੇ ਨਹੁੰਆਂ ਨਾਲ ਕਈ ਲਾਲ ਲਕੀਰਾਂ ਵਾਹ ਚੁੱਕੀ ਸੀ ਤੇ ਹਾਲਾਂ ਤੱਕ ਉਸਦੀ ਦਾੜ੍ਹੀ ਦੇ ਕਾਲੇ ਮੋਟੇ ਵਾਲ ਉਸ ਦੀਆਂ ਉਂਗਲਾਂ ਵਿਚ ਫਸੇ ਹੋਏ ਸਨ।

"ਤਾਂ! ਇਹ ਲੂੰਬੜ ਦੀ ਬੱਚੀ ਛੇਤੀ ਕਾਬੂ ਆਉਣ ਵਾਲੀ ਨਹੀਂ?" ਜੱਟ ਨੇ ਆਪਣੇ ਆਪ ਨੂੰ ਉਚੀ ਸਾਰੀ ਕਿਹਾ, ਅਤੇ ਸਾਰੇ ਜ਼ੋਰ ਦਾ ਇਕ ਗੋਡਾ ਨਸੀਮ ਦੇ ਲੱਕ ਵਿਚ ਮਾਰਿਆ।

ਨਸੀਮ ਮੂਧੜੇ ਮੂੰਹ ਪਈ, ਪਰ ਉਸ 'ਹਾਏ...... ਊਈ' ਕੋਈ ਨਾ ਕੀਤੀ। ਉਸਨੂੰ ਨਿੱਸਲ ਹੋ ਕੇ ਪਈ ਨੂੰ ਜੱਟ ਨੇ ਆਪਣੀ ਲੱਥ ਕੇ ਭੁੰਜੇ ਪਈ ਪੱਗ ਨਾਲ, ਹੱਥ ਪਿੱਛੇ ਕਰਕੇ ਨੂੜ ਦਿੱਤਾ, ਤੇ ਫੇਰ ਆਪਣੀ ਦਾਤਰੀ ਚੁੱਕ ਕੇ ਉਸ ਨੂੰ ਉੱਠਣ ਲਈ ਹੁਕਮ ਦਿੱਤਾ। ਉਸ ਭੁੰਜੇ ਪਈ ਨੇ ਕਿਹਾ, "ਜ਼ਾਲਮ ਮੈਨੂੰ ਮਾਰ ਸੁੱਟ। ਮੈਂ ਤੇਰਾ ਏਹ ਵੀ ਅਹਿਸਾਨ ਮੰਨਾਂਗੀ। ਤੇਰਾ ਏਹ ਵੀ ਰੱਬ ਦੀ ਦਰਗਾਹੇ ਰਹਿਮ ਮੰਨਿਆ ਜਾਏਗਾ।"

"ਤੈਨੂੰ ਮੈਂ ਕੁਝ ਨਹੀਂ ਆਖਦਾ। ਆਪੇ ਚੁੱਪ ਕਰ ਕੇ ਟੁਰ ਪੈ, ਨਹੀਂ ਤੇ ਇਹੋ ਜਿਹੀ ਮਾਰ ਮਾਰੂੰ ਕਿ ਸਾਰੀ ਉਮਰ ਯਾਦ ਰੱਖੇਂਗੀ।"

ਸ਼ਾਇਦ ਉਹ ਇਸ ਲੁੱਟ ਦੇ ਮਾਲ ਤੇ ਅਰਸ਼ੋਂ ਉੱਤਰੀ ਪਰੀ ਤੇ ਇਕੱਲਾ ਹੀ ਮੱਲ ਮਾਰੀ ਰੱਖਣਾ ਚਾਹੁੰਦਾ ਸੀ। ਨਸੀਮ ਮੂਧੜੇ ਮੂੰਹ ਪਈ ਨਾ ਉੱਠੀ। ਉਸ ਆਦਮੀ ਨੇ ਉਸ ਨੂੰ ਗੁੱਤੋਂ ਫੜ ਕੇ ਖੜ੍ਹੀ ਕਰ ਦਿੱਤਾ। ਨਸੀਮ ਦੇ ਨੱਕ ਵਿੱਚੋਂ ਲਹੂ ਵਗ ਰਿਹਾ ਸੀ।

"ਤੁਰ ਪੌ ਸਿੱਧੀ ਹੋ ਕੇ" ਉਸ ਨੇ ਕੁਰੱਖਤ ਹੌਲੀ ਆਵਾਜ਼ ਵਿਚ ਕਿਹਾ, "ਜਿਵੇਂ ਉਹ ਕਿਸੇ ਹੋਰ ਕੋਲੋਂ ਡਰ ਰਿਹਾ ਹੁੰਦਾ ਹੈ।"

ਸੂਰਜ ਡੁੱਬ ਗਿਆ ਸੀ। ਨਸੀਮ ਦਾ ਮਨੁੱਖਤਾ ਤੋਂ ਵਿਸ਼ਵਾਸ ਉੱਠ ਚੁਕਾ ਸੀ। ਉਹ ਚੀਕ ਚਿਹਾੜਾ ਨਹੀਂ ਸੀ ਪਾਉਣਾ ਚਾਹੁੰਦੀ, ਪਰ ਫਿਰ ਵੀ ਉਸ ਉੱਚੀ ਹਾਲ ਦੁਹਾਈ ਪਾਈ, "ਮੈਨੂੰ ਬਚਾਉ.......! ਇਸ ਸ਼ੈਤਾਨ ਕੋਲੋਂ। ਬਹੁੜਿਓ! ਕੋਈ, ਰੱਬ ਦੇ ਨੇਕ ਬੰਦਿਓ!!"

ਇਹ ਤਿੱਖੀ ਚੀਰਵੀਂ ਆਵਾਜ਼ ਆਖ਼ਰ ਕਿਸੇ ਦੇ ਕੰਨ ਤੱਕ ਪਹੁੰਚ ਹੀ ਗਈ।

ਉਸ ਰਾਖਸ਼ ਨੇ ਕਿਹਾ, "ਖ਼ਬਰਦਾਰ! ਜੇ ਦੂਜੀ ਆਵਾਜ਼ ਕੱਢੀ ਤੇ। ਏਹੋ ਦਾਤਰੀ ਤੇਰੀਆਂ ਆਂਦਰਾਂ ਧੂਹ ਲਿਆਊ।"

ਉਸਨੂੰ ਏਹ ਨਹੀਂ ਸੀ ਪਤਾ ਕਿ ਨਸੀਮ ਮਰਨੋਂ ਉੱਕਾ ਨਹੀਂ ਸੀ ਡਰਦੀ। ਜੇ ਉਹ ਜੀਉਣਾ ਚਾਹੁੰਦੀ ਸੀ ਤਾਂ ਕੇਵਲ ਆਪਣੇ ਪਤੀ ਮਿਲਣ ਦੀ ਆਸ 'ਤੇ। ਉਹ ਖੜੋਤੀ ਰਹੀ। ਇਕ ਗੋਡਾ ਉਸਦੇ ਲੱਕ ਵਿਚ ਵੱਜਾ, ਉਹ ਮਸਾਂ ਡਿੱਗਦੀ-ਡਿੱਗਦੀ ਬਚੀ, ਪਰ ਫੇਰ ਕਰੜੀ ਹੋ ਕੇ ਖੜੋ ਗਈ। ਜੱਟ ਦੀ ਦਾਤਰੀ ਦਾ ਦਸਤਾ ਮੌਰਾਂ ਵਿਚ ਵੱਜ ਕੇ ਖੁੱਭ ਗਿਆ, ਪਰ ਉਹ ਨਾ ਹਿੱਲੀ। ਸ਼ੈਤਾਨ ਦੇ ਦਿਲ ਵਿਚ ਖ਼ਬਰੇ ਕੀ ਆਇਆ। ਉਸ ਕੁੜੀ ਦੀ ਸੱਜੀ ਵੱਖੀ 'ਚ ਖੱਬਾ ਹੱਥ ਦੇ ਕੇ, ਦੂਜੀ ਬਾਂਹ ਗੋਡਿਆਂ ਦੇ ਹੇਠਾਂ ਦੇ ਕੇ ਉਸ ਰੋਂਦੀ-ਕੁਰਲਾਉਂਦੀ ਨੂੰ ਚੱਕ ਲਿਆ।

ਅਚਾਨਕ ਇਕ ਕਰੜੀ ਅਵਾਜ਼ ਆਈ, "ਖ਼ਬਰਦਾਰ! ਜੇ ਇੱਕ ਪੈਰ ਵੀ ਪੁੱਟਿਆ।" ਪੈਲੀ ਦੀ ਨੁੱਕਰ 'ਤੇ ਕੋਈ ਠਾਠਾ ਬੰਨ੍ਹੀ ਖੜ੍ਹਾ ਸੀ। ਪਰ ਉਸ ਦੇ ਹੱਥ ਵਿਚ ਕੁਝ ਨਹੀਂ ਸੀ।

"ਕੌਣ ਏਂ ਤੂੰ ਓਏ, ਮੈਨੂੰ ਰੋਕਣ ਵਾਲਾ।"

"ਮੈਂ ਕੋਈ ਵੀ ਹੋਵਾਂ। ਤੂੰ ਏਹਨੂੰ ਛੇਤੀ ਛੱਡ ਦੇ।"

"ਭਈ ਤੂੰ ਏਹਨੂੰ ਲੈ ਜਾਵੇਂ?" ਪਹਿਲੇ ਨੇ ਵਾਕ ਪੂਰਾ ਕਰਦਿਆਂ ਕਿਹਾ। ਨਾਲ ਹੀ ਸ਼ਾਇਦ ਹਿਮਾਇਤ ਹਾਸਲ ਕਰਨ ਲਈ ਜਾਂ ਖਬਰੇ ਬੇਸ਼ਰਮੀ ਦਾ ਨਿਉਂਦਾ ਦੇ ਕੇ ਨਰਮ ਕਰਨ ਲਈ ਉਸ ਕਿਹਾ, "ਏਹ ਤੇ ਮੁਸਲਮਾਨੀ ਆਂ।"

ਦੂਜਾ ਬੰਦਾ ਦੌੜ ਕੇ ਅੱਗੇ ਹੋ ਗਿਆ। ਪਹਿਲੇ ਨੇ ਕੁੜੀ ਨੂੰ ਉੱਥੇ ਹੀ ਸੁੱਟ ਕੇ ਦਾਤਰੀ ਸੂਤ ਲਈ।

"ਦੇਖ ਓਏ ਆਤਮਿਆਂ, ਜੇ ਇਕ ਪੈਰ ਵੀ ਹੋਰ ਅਗਾਂਹ ਪੁੱਟਿਆ ਤਾਂ ਗੋਲੀ ਵਿਚ ਦੀ ਲੰਘਾ ਦਊਂ।" ਪਹਿਲਾ ਆਦਮੀ ਉੱਥੇ ਹੀ ਸਹਿਮ ਕੇ ਖੜ੍ਹ ਗਿਆ। ਨਵੇਂ ਆਦਮੀ ਨੇ ਕੁੜਤੇ ਥੱਲਿਉਂ ਪਸਤੌਲ ਕੱਢ ਕੇ ਤਾਣਿਆ ਹੋਇਆ ਸੀ।

"ਕੋਈ ਗੱਲ ਨਹੀਂ, ਮੇਹਰ ਸਿਆਂ, ਰਹਿਣਾ ਤੇ ਇਸੇ ਬਾਹਰੇ 'ਚ ਈ ਆ ਨਾ ਤੂੰ। ਤੇਰੀ ਖੈਰ ਨਹੀਂ। ਗੁਰੂ ਮਾਰਿਆ, ਤੂੰ ਸੁਲ੍ਹਿਆਂ ਨੂੰ ਬਚਾਉਂਨਾ ਏਂ। ਕੋਈ ਰੱਬ ਦਾ ਖ਼ੌਫ਼ ਕਰ। ਪਰ ਰੱਬ ਨੂੰ ਤਾਂ ਤੁਸੀਂ ਲੋਕ ਮੰਨਦੇ ਈ ਨਹੀਂ", ਪੂੰਛ ਦਬਾ ਕੇ ਭੱਜੇ ਜਾਂਦੇ ਕੁੱਤੇ ਵਾਂਗ ਪਹਿਲਾ ਜਿਵੇਂ ਦੰਦ ਵਿਖਾ ਕੇ ਭੌਂਕਿਆ।

ਨਸੀਮ ਸਮਝ ਗਈ ਇਹ ਕੋਈ ਮੁਨਕਰ ਹੈ, ਪਰ ਪਹਿਲੇ ਆਦਮੀ ਦੇ ਲਫ਼ਜ਼ਾਂ ਨੇ ਹੀ ਉਸ ਦਾ ਨਵੇਂ ਆਦਮੀ 'ਤੇ ਭਰੋਸਾ ਬੰਨ੍ਹਾ ਦਿੱਤਾ ਸੀ। ਉਹ ਉਸ ਵੱਲ ਵਧੀ। ਨਵੇਂ



ਆਦਮੀ ਨੇ ਉਸ ਦੀਆਂ ਬਾਹਵਾਂ ਖੋਲ੍ਹ ਦਿੱਤੀਆਂ। ਉਹ ਦੋਵੇਂ ਪਹਿਲੇ ਆਦਮੀ ਤੋਂ ਉਲਟ ਪਾਸੇ ਤੁਰ ਪਏ। ਨਵੇਂ ਆਦਮੀ ਨੇ ਮੂੰਹ ਮੋੜਕੇ ਉੱਚੀ ਦੇ ਕੇ ਕਿਹਾ, "ਓਏ ਵੱਟ ਤੋਂ ਆਪਣੀ ਪੱਗ ਲੈ ਜਾ, ਐਵੇਂ ਭੱਜਾ ਜਾਨੈਂ।"

ਕੁਝ ਦੂਰ ਜਾਣ ਤੋਂ ਮਗਰੋਂ ਮਿਹਰ ਸਿੰਘ ਨੇ ਨਸੀਮ ਨੂੰ ਕਿਹਾ, "ਬੀਬੀ, ਸਾਨੂੰ ਖੇਤਾਂ ਦੇ ਓਹਲੇ-ਓਹਲੇ ਉਸੇ ਪਾਸੇ ਜਾਣਾ ਪਵੇਗਾ, ਜਿਸ ਪਾਸਿਓਂ ਆਏ ਹਾਂ। ਉਂਜ ਮੁਸਲਿਮ ਕੈਂਪ ਏਥੋਂ ਕੁੱਲ ਪੰਜ ਮੀਲ ਏ, ਪਰ ਹੁਣ ਲੁਟੇਰੇ ਘੋੜੀਆਂ 'ਤੇ ਸਾਡਾ ਪਿੱਛਾ ਕਰਨਗੇ। ਏਸ ਵੇਲੇ ਘਰ-ਘਰ ਰਫ਼ਲਾਂ ਨੇ, ਅਸੀਂ ਦੋਵੇਂ ਜੀਊਂਦੇ ਨਹੀਂ ਬਚ ਸਕਦੇ। ਏਥੋਂ ਦਾਅ ਨਾਲ ਹੀ ਨਿਕਲਣਾ ਪਵੇਗਾ। ਰਾਤੀਂ ਸਾਡੇ ਪੈਰਾਂ ਦੇ ਨਿਸ਼ਾਨ ਉਹਨਾਂ ਨੂੰ ਪੂਰੇ ਨਹੀਂ ਦਿੱਸਣੇ। ਕਿਤੇ ਡਰਦੀ ਤੇ ਨਹੀਂ ਕੁੜੀਏ ਤੂੰ?"

'ਬੀਬੀ' ਤੇ 'ਕੁੜੀਏ' ਸ਼ਬਦਾਂ ਨੇ ਨਸੀਮ ਦੇ ਤਪਦੇ ਦਿਲ ਵਿਚ ਠੰਢ ਵਰਤਾ ਦਿੱਤੀ। ਉਸ ਦਾ ਸਰੀਰ ਹੌਲਾ ਫੁੱਲ ਹੋ ਗਿਆ ਤੇ ਥਕਾਵਟ ਦਾ ਨਾਂ ਨਿਸ਼ਾਨ ਨਹੀਂ ਰਿਹਾ। ਉਸ ਮਹਿਸੂਸ ਕੀਤਾ ਕਿ ਮੁੜ ਬੱਚੀ ਬਣ ਗਈ ਹੈ। ਤੇ ਬਚਪਨ ਦੇ ਲਾਡ ਨਾਲ ਆਪਣੇ ਵੱਡੇ ਭਰਾ ਨੂੰ ਕਹਿ ਰਹੀ ਹੈ, "ਨਹੀਂ ਭਰਾ ਜੀ, ਤੁਹਾਡੇ ਹੁੰਦਿਆਂ ਮੈਨੂੰ ਕਾਹਦਾ ਡਰ ਹੈ।"

ਉਹ ਉਲਟੇ ਪਾਸੇ ਤੁਰ ਪਏ। ਉਸ ਪਿੰਡ ਦੇ ਉੱਤਰ ਵੱਲੋਂ ਵਲਾ ਕੇ ਉਹ ਖੇਤਾਂ ਵਿੱਚੋਂ ਬਚਦੇ-ਬਚਾਂਦੇ ਚੋਖੀ ਰਾਤ ਪਈ ਇਕ ਹੋਰ ਪਿੰਡ ਪਹੁੰਚੇ। ਬਾਹਰ ਵਾਰ ਇਕ ਕੱਚੇ ਕੋਠੇ ਦੇ ਬੂਹੇ ਨੂੰ ਠਕੋਰਿਆ। ਬੂਹਾ ਖੁੱਲ੍ਹਣ ਤੋਂ ਪਹਿਲਾਂ ਉਸ ਨੂੰ ਇਸ ਤਰ੍ਹਾਂ ਪੰਜ-ਚਾਰ ਵਾਰ ਠਕੋਰਨਾ ਪਿਆ। ਅੰਦਰੋਂ ਇਕ ਬਜ਼ੁਰਗ ਹਿੰਦੂ ਨਿਕਲਿਆ। ਹਨ੍ਹੇਰੇ ਵਿਚ ਹੀ ਨਸੀਮ ਵੱਲ ਵੇਖ ਕੇ ਕਹਿਣ ਲੱਗਾ, "ਕੋਈ ਮੁਸਲਮਾਨ ਬੀਬੀ ਏ?"

ਮਿਹਰ ਸਿੰਘ ਦੇ "ਹਾਂ" ਕਹਿਣ ਤੇ ਬਜ਼ੁਰਗ ਨੇ ਨਸੀਮ ਨੂੰ ਕਿਹਾ, "ਧੀਏ, ਸਾਹਮਣੀ ਕੋਠੀ ਵਿਚ ਮੰਜਾ ਡੱਠਾ ਹੋਇਆ ਹੈ। ਚੈਨ ਨਾਲ ਅਰਾਮ ਕਰ, ਮੈਂ ਦੁੱਧ ਭੇਜਦਾਂ ਤੇਰੇ ਲਈ।"

ਤਸੱਲੀ ਨਾਲ ਦੁੱਧ ਪੀ ਕੇ ਨਸੀਮ ਬੜੀ ਤਸੱਲੀ ਨਾਲ ਸੁੱਤੀ। ਤੜਕੇ ਜਦੋਂ ਉਸ ਨੂੰ ਉਠਾਇਆ ਗਿਆ ਤਾਂ ਉਸ ਦਾ ਉੱਠਣ ਨੂੰ ਜੀਅ ਨਹੀਂ ਸੀ ਕਰਦਾ। ਸ਼ਾਇਦ ਕੋਈ ਬਹਿਸ਼ਤਾਂ ਦੇ ਸੁਪਨੇ ਲੈ ਰਹੀ ਸੀ। ਉਸ ਨੂੰ ਇਕ ਖੱਦਰ ਦੀ ਚਾਦਰ ਉੱਤੇ ਲੈਣ ਨੂੰ ਦਿੱਤੀ ਗਈ, ਇੱਕ ਸਾਦਾ ਸੂਟ ਤੇ ਉਸ ਦੀ ਬਾਂਹ ਵਿਚ ਇਕ ਲੋਹੇ ਦਾ ਕੜਾ ਪੁਆਇਆ ਗਿਆ। ਮੂੰਨ੍ਹੇਰੇ ਹੀ ਮਿਹਰ ਸਿੰਘ ਤੇ ਨਸੀਮ ਬਾਹਰ ਨਿਕਲੇ। ਪੈਲੀਆਂ ਵਿੱਚੋਂ ਵਲਦੇ-ਵਲਾਂਦੇ ਉਹ ਪੱਕੀ ਸੜਕ 'ਤੇ ਪੁੱਜੇ। ਕੁਝ ਚਿਰ ਉਹ ਇਸ ਤਰ੍ਹਾਂ ਖਲੋਤੇ ਰਹੇ, ਜਿਵੇਂ ਕਿਸੇ ਲਾਰੀ ਦੀ ਉਡੀਕ ਵਿਚ ਹੋਣ। ਆਖ਼ਰ ਉਸ ਚਾਦਰ ਵਿਚ ਕੱਜੀ ਨਸੀਮ ਨੂੰ ਸੜਕ ਕੰਢੇ ਬਹਿ ਜਾਣ ਲਈ ਕਿਹਾ। ਮਿਹਰ ਸਿੰਘ ਨੇ ਵੀ ਕੱਪੜੇ ਬਦਲੇ ਹੋਏ ਸਨ। ਉਹ ਹੱਲ-ਵਾਹਕ ਜੱਟ ਮਾਲੂਮ ਹੁੰਦਾ ਸੀ, ਜੋ ਹੁਣੇ-ਹੁਣੇ ਜੋਤਰਾ ਲਾ ਕੇ ਆਇਆ ਹੋਵੇ।

ਅਖ਼ੀਰ ਮਿਲਟਰੀ ਦਾ ਇੱਕ ਟਰੱਕ ਆਉਂਦਾ ਦਿੱਸਿਆ। ਮਿਹਰ ਸਿੰਘ ਨੇ ਬੈਟਰੀ ਦੇ ਲਿਸ਼ਕਾਰੇ ਨਾਲ ਉਸ ਨੂੰ ਖੜ੍ਹਾ ਕਰ ਲਿਆ। ਉਸ ਵਿਚ ਕੁਝ ਪੇਂਡੂ ਮੁਸਲਮਾਨ ਤੇ ਪਾਕਿਸਤਾਨੀ ਸਿਪਾਹੀ ਸਨ।

"ਭੈਣ!" ਉਸ ਨਸੀਮ ਨੂੰ ਕਿਹਾ, "ਆ ਜਾ। ਏਹ ਤੈਨੂੰ ਤੇਰੇ ਟਿਕਾਣੇ ਪਹੁੰਚਾ ਦੇਣਗੇ।"

ਮਿਲਟਰੀ ਦੇ ਆਦਮੀਆਂ ਵੱਲ ਵੇਖਦੇ ਉਸ ਕਿਹਾ, "ਇਹ ਕੈਪਟਨ ਵਾਰਿਸ ਮੁਹੰਮਦ ਦੇ ਘਰੋਂ ਹਨ।"

ਨਸੀਮ ਟਰੱਕ ਤੇ ਚੜ੍ਹਾ ਲਈ ਗਈ। ਟਰੱਕ ਵਿੱਚੋਂ ਇਕ ਆਦਮੀ ਨੇ ਉੱਚੀ ਦਿੱਤੀ ਕਿਹਾ, "ਤੂੰ! ਮਿਹਰ ਸਿਆਂ। ਜ਼ਰੂਰ ਜਾਨ ਗੁਆ ਬੈਠੇਂਗਾ-ਆਪਣੇ ਭਰਾਵਾਂ ਹੱਥੋਂ ਈ।"

"ਚੰਗਾ ਜ਼ਹੂਰ, ਜੇ ਨੇਕ ਕੰਮ ਕਰਦਿਆਂ ਮੌਤ ਆਉਂਦੀ ਹੈ ਤਾਂ ਲੱਖ ਵਾਰ ਆਵੇ।"

ਜ਼ਹੂਰ ਦੀਨ ਇਸ ਇਲਾਕੇ ਵਿਚ ਮੁਸਲਮਾਨਾਂ ਵਿਚੋਂ ਵੱਡਾ ਕਾਫ਼ਰ ਤੇ ਮੁਨਕਰ ਮੰਨਿਆ ਜਾਂਦਾ ਸੀ। ਨਸੀਮ ਦੇ ਕੰਨਾਂ ਵਿਚ ਵੀ ਇਸ ਨਾਂ ਦੀ ਮਸ਼ਹੂਰੀ ਪਹੁੰਚੀ ਹੋਈ ਸੀ।

ਟਰੱਕ ਰਵਾਨਾ ਹੋ ਗਿਆ।

"ਭਰਾ ਜੀ, ਫੇਰ ਮਿਲਾਂਗੇ ਕਦੀ!" ਨਸੀਮ ਨੇ ਉਸ ਨੂੰ ਵਿਲਾਇਤੀ ਢੰਗ ਨਾਲ ਹੱਥ ਨੂੰ ਹਿਲਾਉਂਦਿਆਂ, ਉੱਚੀ ਪੁਕਾਰ ਕੇ ਕਿਹਾ।

ਅਤੇ ਸਾਰਾ ਰਾਹ, ਉਹ ਸੋਚਦੀ ਗਈ ਕਿ 'ਇਹ ਕਿਸ ਤਰ੍ਹਾਂ ਦੇ .......ਕਾਫ਼ਰ ਹਨ।' ਤੇ .....ਆਖ਼ਰ ਪਹੁ ਫੁੱਟ ਪਈ।



# ਮੇਰਾ ਉੱਜੜਿਆ ਗਵਾਂਢੀ

**ਸੰਤੋਖ ਸਿੰਘ ਧੀਰ**

ਜਰਨੈਲੀ ਸੜਕ ਉੱਤੇ, ਚਾਰ ਮੀਲਾਂ ਵਿਚਕਾਰ, ਮਜ਼ਹਬ ਦੇ ਮਾਰਿਆਂ ਦਾ ਕਾਫ਼ਲਾ, ਨਵੇਂ ਵਤਨ ਨੂੰ ਜਾ ਰਿਹਾ ਸੀ।

ਮੈਂ ਕਿਤੋਂ ਬਾਹਰੋਂ, ਆਪਣੇ ਪਿੰਡ ਵੱਲ ਨੂੰ ਆ ਰਿਹਾ ਸੀ। ਮੇਰੀ ਮੰਜ਼ਲ ਤੋਂ ਕੋਈ ਦੋ ਕੁ ਮੀਲ ਉਰੇ – ਕਾਫ਼ਲੇ ਦੇ ਅੱਧ-ਵਿਚਾਲੇ ਸਾਡੀ ਲਾਰੀ ਦਾ ਕੁਝ ਵਿਗੜ ਗਿਆ। ਸਵਾਰੀਆਂ ਲਹਿ ਕੇ ਨਿਵਾਣ ਵਿਚ ਖਿੰਡ ਗਈਆਂ ਤੇ ਡਰਾਈਵਰ ਇੰਜਣ ਦਾ ਘੁੰਡ ਚੁੱਕ ਕੇ ਨੁਕਸ ਟੋਹਣ ਲੱਗਿਆ।

ਸੜਕ ਦੀ ਖੱਬੀ ਕੰਨੀ ਉੱਤੇ, ਸੁਸਤ ਚਾਲ ਵਿਚ, ਗੱਡੇ ਚੀਕ ਰਹੇ ਸਨ। ਜਿਵੇਂ ਬੋਦੇ ਪ੍ਰਈਏ ਧੁਰਾਂ ਉੱਤੇ ਮਜਬੂਰ ਘੁੰਮਦੇ ਹੋਣ। ਭੁੱਖੇ, ਹੌਂਕਦੇ ਬਲਦਾਂ ਦੀਆਂ ਲਿਫੀਆਂ ਧੌਣਾਂ ਉੱਤੇ ਟੱਬਰ-ਟੱਬਰ ਦਾ ਭਾਰ ਸੀ। ਬਲਦ ਬੀਮਾਰਾਂ ਵਾਂਗ ਤੁਰਦੇ ਸਨ। ਜਿਵੇਂ ਉਹਨਾਂ ਦੇ ਮੁਹਾਰਚੀਆਂ ਦੇ ਦਿਲ ਉਹਨਾਂ ਦੀ ਤੋਰ ਨਾਲ ਸਹਿਮਤ ਨਾ ਹੋਣ ਇਕ ਰੁੱਖੀ ਧੂੜ ਬਲਦਾਂ ਦੀਆਂ ਪੈੜਾਂ ਵਿਚੋਂ ਉੱਡ ਕੇ ਹਵਾ ਦੀਆਂ ਲਹਿਰਾਂ ਨੂੰ ਚੰਬੜਦੀ ਚੁਫ਼ੇਰੇ ਫੈਲ ਰਹੀ ਸੀ।

ਬਲਦਾਂ ਦੇ ਗਲ ਘੰਗਰੂ ਨਹੀਂ ਸਨ, ਕਿਸੇ-ਕਿਸੇ ਗੱਡੇ ਉੱਤੇ ਕੋਈ ਬਲੂਰ ਵਿਲਕਦਾ ਸੀ।

ਗੱਡਿਆਂ ਉੱਤੋਂ ਲੋਥਾਂ ਵਰਗੇ ਭੁੱਖੇ ਪਿੰਜਰ ਬਿਟ-ਬਿਟ ਝਾਕਦੇ ਸਨ। ਬੱਸ, ਉਹ ਚੁੱਪ-ਚਾਪ ਝਾਕੀ ਜਾਂਦੇ ਸਨ। ਉਹਨਾਂ ਦੇ ਪੀਲੇ ਚਿਹਰੇ ਧੂੜ ਨਾਲ ਖ਼ਾਕੀ ਬਣ ਗਏ। ਸੜੀ, ਜ਼ਿੰਦਗੀ ਉੱਤੇ ਮੱਖੀਆਂ ਭਿਣਕਦੀਆਂ, ਤੇ ਇਕ ਬਦਬੀ ਹਵਾ ਦੇ ਖੁਸ਼ਕ ਫ਼ਰਾਟਿਆਂ ਨਾਲ ਖ਼ਲਾਅ ਨੂੰ ਹੁਟ ਰਹੀ ਸੀ। ਮੈਂ ਚਾਹਿਆ ਉੱਜੜੇ ਜਾਂਦਿਆਂ ਨੂੰ, ਜਾਂਦੀ ਵਾਰ ਦਾ, ਨੇੜੇ ਹੋ ਕੇ ਦੇਖ ਲਵਾਂ।

ਦੋ ਉਲਾਂਘਾਂ, ਮੈਨੂੰ ਸੜਕ ਦੀ ਚਿੱਬ-ਖੜਿੱਬੀ ਸੱਜੀ ਕੰਨੀ ਉੱਤੇ ਲੈ ਗਈਆਂ, ਇਕਾ-ਇਕ ਮੂਹਰਿਉਂ ਗੱਡੇ ਖੜੋਣੇ ਸ਼ੁਰੂ ਹੋ ਗਏ। ਸ਼ਾਇਦ ਕਾਫ਼ਲਾ ਰੋਕਿਆ ਗਿਆ ਸੀ।

ਮੈਂ ਸੁਰਮਈ ਸੜਕ ਉੱਤੇ ਹੋ ਗਿਆ, ਤੇ ਬਿੰਦ ਦੀ ਬਿੰਦ, ਇਕ-ਇਕ ਗੱਡੇ ਨੂੰ ਤੱਕਦਾ, ਲੰਮੀ ਕਤਾਰ ਦੇ ਨਾਲੋ-ਨਾਲ, ਹੌਲੀ-ਹੌਲੀ ਤੁਰਨ ਲੱਗਿਆ।

ਕਿਸੇ-ਕਿਸੇ ਗੱਡੇ ਉੱਤੋਂ ਜਦ ਕੋਈ ਉਦਾਸ ਅੱਖਾਂ ਕਿਤੇ ਮੇਰੇ ਵੱਲ ਝਮਕ ਪੈਂਦੀਆਂ, ਤਾਂ ਉਹ ਝੱਟ ਮੈਨੂੰ ਦੇਖਣੋਂ ਟਲ ਜਾਂਦੀਆਂ। ਹਰ ਗਾਡੀਆ ਮੇਰੀ ਸ਼ਕਲ ਤੋਂ ਇਕ ਵੇਰ ਦੜ੍ਹ ਜਾਂਦਾ-ਜਿਵੇਂ ਉਹਨਾਂ ਨੂੰ ਮੇਰੀਆਂ ਅੱਖਾਂ ਵਿਚ ਬਰਛੇ ਚਮਕਦੇ ਦਿਸਦੇ ਹੋਣ – ਮੈਂ ਸੁਰਮਈ ਸੜਕ ਤੋਂ ਹਟ ਕੇ ਮੁੜ ਕੱਚੀ ਪਟੜੀ ਉੱਤੇ ਹੋ ਗਿਆ।

ਕੋਈ ਤਿੰਨ ਗੱਡਿਆਂ ਪਿੱਛੋਂ ਅਚਾਨਕ ਇਕ ਗਾਡੀਏ ਨੇ ਮੇਰੇ ਵੱਲ ਤੱਕਿਆ। ਉਹਦੀਆਂ ਨਜ਼ਰਾਂ ਟਲਦੀਆਂ-ਟਲਦੀਆਂ ਮੁੜ ਕਰਾਰ ਫੜ ਗਈਆਂ। ਉਸ ਫੇਰ ਤੱਕਿਆ ਤੇ ਪਲ ਦੀ ਪਲ ਉਹਦੇ ਚਿਹਰੇ ਉੱਤੇ ਭਾਗ ਜਿਹਾ ਫਿਰ ਆਇਆ। ਉਹਦੀਆਂ ਅੱਖਾਂ ਵਿਚ ਲਿਸ਼ਕ ਆਈ, ਜਿਹੜੀ ਇਸ ਕਾਫ਼ਲੇ ਵਿਚ ਬਿਲਕੁਲ ਅਣਹੋਣੀ ਹੋ ਸਕਦੀ ਸੀ।

ਗਾਡੀ ਨੇ ਠੋਡ ਉੱਤੇ ਪੱਬ ਧਰਿਆ ਤੇ ਇਕ ਛਲਾਂਗ ਨਾਲ ਗੱਡਿਓਂ ਲਹਿ ਕੇ ਮੇਰੇ ਵਲ ਨੂੰ ਵਧਿਆ- ਜਿਵੇਂ ਉਹਦੀ ਛਾਤੀ ਵਿਚ ਕੋਈ ਗੋਲਾ ਫਟ ਗਿਆ ਹੋਵੇ-ਉਹਦੀਆਂ ਖਾਖਾਂ ਉੱਤੇ ਮਾਸ ਕੰਬਿਆ ਤੇ ਉਹਦੀ ਭੁੱਬ ਨਿਕਲ ਗਈ।

"ਓ-ਹੋ...ਦੁਲ੍ਹਿਆ! ਬੜਾ ਮਾੜਾ ਹੋ ਗਿਐਂ ਯਾਰ! ਡੱਕੇ ਵਰਗਾ। ਪਛਾਣਿਆ ਵੀ ਨਹੀਂ ਗਿਆ।" ਮੈਂ ਉਹਨੂੰ ਦੇਖ ਕੇ ਆਖਿਆ।

ਦੁੱਲ੍ਹੇ ਦੀ ਭੁੱਬ ਨੇ ਗੱਡੇ ਉੱਤੇ ਨਿੱਸਲ ਪਈ ਲੁਟਕਦੀ, ਬੇ-ਸੁਰਤ ਜ਼ੈਨਬ ਦੇ ਕਾਲਜੇ ਉੱਤੇ ਧੱਕ ਮਾਰਿਆ। ਪਿਓ ਦਾ ਰੋਣ ਸੁਣ ਕੇ ਧੀਆਂ ਕਬਰਾਂ ਵਿਚੋਂ ਜਾਗ ਪੈਂਦੀਆਂ ਹਨ।

"ਬਾਈ...ਤੂੰ....ਉਰੇ....ਆ.....ਜਾ.....!" ਜ਼ੈਨਬ ਨੇ ਮਰੀ ਹੋਈ ਆਵਾਜ਼ ਵਿਚ ਆਖਿਆ। ਉਹਦੀਆਂ ਆਂਦਰਾਂ ਨੂੰ ਜਿਵੇਂ ਸੁੰਨ ਚੜ੍ਹਦਾ ਸੀ। ਉਸ ਨੇ ਮੈਨੂੰ ਪਛਾਣਿਆ ਨਹੀਂ ਸੀ, ਤੇ ਗੱਡੇ ਤੋਂ ਦੂਰ ਹੁੰਦੇ ਪਿਉ ਨੂੰ ਮੌਤ ਦੀਆਂ ਦਾੜ੍ਹਾਂ ਵਿਚ ਜਾਂਦਾ ਸਮਝਦੀ ਸੀ।

"ਦੁਲ੍ਹਿਆ! ਬੱਸ ਵੀਰ, ਹੁਣ ਆਪਾਂ ਕੋਈ ਗੱਲ ਕਰੀਏ।" ਮੈਂ ਦੁਲ੍ਹੇ ਨੂੰ ਵਿਰਾਉਣ ਲਈ ਮੋਢਿਓਂ ਫੜ ਕੇ ਜ਼ਰਾ ਜਿੰਨਾ ਝੂਣਿਆ। ਉਹਦੀ ਵੀਣੀ ਹੰਝੂਆਂ ਨਾਲ ਤਰ ਹੋ ਗਈ ਸੀ। ਉਹਨੇ ਟੁੱਟਵੇਂ ਹੌਕੇ ਲੈਂਦਿਆਂ, ਝੱਗੇ ਦੇ ਮੈਲੇ ਪੱਲੇ ਨਾਲ ਨੱਕ ਤੇ ਅੱਖਾਂ ਪੂੰਝੀਆਂ। ਰੋ ਕੇ ਹੰਭੀਆਂ, ਲਾਲ ਪੀਂਜੂ ਅੱਖਾਂ ਨਾਲ ਮੇਰੇ ਵੱਲ ਹੌਲਾ ਜਿਹਾ ਹੋ ਕੇ ਤੱਕਿਆ ਤੇ ਇਕ ਨਿੰਮ੍ਹੇ ਹੁਲਾਸ ਵਿਚ, ਹੌਲੀ ਜੇਹੀ ਧੌਣ ਫੇਰ ਕੇ, ਆਪਣੀ ਧੀ ਨੂੰ ਆਖਿਆ :

"ਪੁੱਤ, ਜ਼ੈਨਬੇ, ਗੁਰਬਚਨ ਸਿਉਂ ਖੜ੍ਹਾ ਏ-ਆਪਣਾ ਪੜੌਸੀ--ਮਿਲ ਲੈ...." ਉਹਦੀਆਂ ਢਿੱਲੀਆਂ ਬਾਹਵਾਂ ਨੇ ਢਾਕਾਂ ਉੱਤੇ ਆਸਰਾ ਲੈ ਕੇ ਕੂਹਣੀਆਂ ਕੱਢ ਲਈਆਂ ਤੇ ਉਹਦੇ ਲੱਕ ਉਤੋਂ ਟੁੰਗੇ, ਅਧੀਆ ਤੰਬੇ ਦੀ ਇਕ ਝੋਲ, ਖੱਚਾਂ ਉੱਤੇ ਫੂਲ੍ਹਕਦੀ ਸੀ।

ਮੇਰਾ ਨਾਓਂ ਸੁਣ ਕੇ ਜ਼ੈਨਬ ਦੇ ਵੈਣ ਫੁੱਟ ਪਏ। ਉਹਦੀਆਂ ਵੱਖੀਆਂ ਵਿਚ ਸਾਹ ਖਿੱਚਣ ਜੋਗਾ ਵੀ ਸਤ ਨਹੀਂ ਸੀ, ਪਰ ਰੋਣ ਲਈ ਜਿਵੇਂ ਉਹਦੇ ਵਿਚ ਉਚੇਚਾ ਜ਼ੋਰ ਆ ਗਿਆ ਹੋਵੇ। ਉਹਦੇ ਕੀਰਨਿਆਂ ਨੇ ਬਲਦਾਂ ਦੀਆਂ ਅੱਖਾਂ ਵਿਚੋਂ ਘਰਾਲਾਂ ਵਗਾ ਘੱਤੀਆਂ।

ਦੁੱਲ੍ਹਾ ਸਾਡੇ ਪਿੰਡ ਦਾ ਕਹਿੰਦਾ-ਕਹੌਂਦਾ ਰਾਠ ਗੁੱਜਰ ਸੀ। ਵੀਹ-ਵੀਹ ਕੋਹਾਂ ਵਿਚ ਉਹਦੀ ਧਾਂਕ ਸੀ। ਸਾਰੇ ਪਿੰਡ ਦਾ ਚੌਣਾ ਉਹੀ ਚਾਰਦਾ ਹੁੰਦਾ ਸੀ, ਤੇ ਨਾਲੇ ਉਹ ਬੱਕਰੀਆਂ ਦਾ ਆਪਣਾ ਇੱਜੜ ਵੱਖ ਪਾਲਦਾ ਸੀ। ਉਹਦੀ ਸਪੁਰਦਗੀ ਵਿਚ ਕਦੇ ਇਹ ਨਹੀਂ ਸੀ ਹੋਇਆ ਸਾਡੇ ਪਿੰਡ ਦਾ ਕੋਈ ਡੰਗਰ-ਖੇਤ ਵਿਚ ਵੜ ਜਾਣ ਤੋਂ-ਕਿਸੇ ਦੂਜੇ ਪਿੰਡ ਨੇ ਫਾਟਕ ਦੇ ਲਿਆ ਹੋਵੇ।

ਇਕੋ ਵੀਹੀ ਵਿਚ ਘਰ ਹੋਣ ਕਰ ਕੇ ਸਾਡਾ ਤਾਂ ਉਹ ਖ਼ਾਸ ਕਰ ਗੁਆਂਢੀ ਸੀ। ਵਡਾਰੂਆਂ ਤੋਂ ਲੈ ਕੇ ਉਹਨਾਂ ਨਾਲ ਸਾਡਾ ਵਾਹ ਚੱਲਿਆ ਆਇਆ ਸੀ।

ਸਾਡੇ ਪਿਛੋਕੜ, ਪਸ਼ੂਆਂ ਦੇ ਵਾੜੇ ਨਾਲ ਹੀ, ਉਹਦੀਆਂ ਬੱਕਰੀਆਂ ਦਾ ਵਾੜਾ ਸੀ। ਮੇਰਾ ਪਿਉ ਦੱਸਦਾ ਹੁੰਦਾ ਹੈ ਕਿ ਦੁਲ੍ਹੇ ਦੇ ਤਾਏ ਸੁਲੇਮਾਨ ਨੇ ਉਹਨੂੰ ਇਕ ਵਾਰ ਭਰੋਸਾ ਦਿੱਤਾ ਸੀ।



"ਸਾਉਣ ਸਿਆਂ, ਤੇਰਾ-ਸਾਡਾ ਮਾਲ ਕੋਈ ਦੋ ਤਾਂ ਨ੍ਹੀ, ਤੂੰ ਸੌਂ ਰਿਹਾ ਕਰ ਘਰੇ, ਬੇ-ਫਿਕਰ ਹੋ ਕੇ, ਅਸੀਂ ਕੋਈ ਥੱਕਦੇ ਨ੍ਹੀ ਤੇਰੇ ਡੰਗਰ ਸਾਂਭਦੇ।" ਉਦੋਂ ਤੋਂ ਹੀ ਅਸੀਂ ਕਦੇ ਆਪਣੇ ਲਵੇਰਿਆਂ ਪਾਸ ਮੰਜਾ ਨਹੀਂ ਸੀ ਡਾਹਿਆ।

ਜ਼ੈਨਬ, ਮੇਰੀਆਂ ਭੈਣਾਂ ਦੀ ਗੂਹੜੀ ਸਹੇਲੀ ਸੀ। ਉਹਨਾਂ ਜਦੋਂ ਰਲ ਕੇ ਤ੍ਰਿੰਝਣੀਂ ਬੈਠਣਾ ਤਾਂ ਪਹਿਰ ਦੇ ਤੜਕੇ ਤੀਰ ਛੋਪ ਪਾਉਂਦੇ ਰਹਿਣਾ। ਇਕੱਠੀਆਂ ਤੀਆਂ ਗਾਉਣੀਆਂ, ਪੀਂਘਾਂ ਝੂਟਣੀਆਂ। ਇਹਨਾਂ ਦੀ ਸੂਆ ਬਹੱਤਰੀ ਇਕ ਹੁੰਦੀ ਸੀ। ਰਲ ਕੇ ਉਹ ਬੜੇ ਸੁਹਣੇ ਫੁਲਹਿਰੇ-ਬੋਈਏ ਗੁੰਦਦੀਆਂ ਸਨ। ਸਾਡੀਆਂ ਡੱਬ-ਖੜੱਬੀਆਂ ਦਰੀਆਂ ਉਹਨਾਂ ਦੀਆਂ ਸਾਂਝੀਆਂ ਰੀਝਾਂ ਦੀਆਂ ਰੰਗਲੀਆਂ ਮੂਰਤਾਂ ਸਨ। ਜ਼ੈਨਬ ਦਾ ਦਾਜ ਮੇਰੀਆਂ ਭੈਣਾਂ ਨੇ ਰਲ ਕੇ ਤਿਆਰ ਕਰਵਾਇਆ ਸੀ, ਤੇ ਹੁਣ ਜ਼ੈਨਬ ਮੇਰੀਆਂ ਭੈਣਾਂ ਦਾ ਦਾਜ ਨਾਲ ਲੱਗ ਕੇ ਬਣਵਾ ਰਹੀ ਸੀ।

ਜ਼ੈਨਬ, ਬਿਲਕੁਲ ਮੈਨੂੰ ਆਪਣੀ ਸਕੀ ਭੈਣ ਜਾਪਦੀ ਸੀ। ਉਹਨੇ 'ਬੀਰ' ਤੋਂ ਬਿਨਾਂ ਮੈਨੂੰ ਕਦੇ ਮੂੰਹ ਨਹੀਂ ਸੀ ਖੋਲ੍ਹਿਆ। ਜੇ ਕਦੇ ਉਹ ਮੇਰੀ ਕਿਸੇ ਭੈਣ ਨਾਲ ਝਾਟਮ-ਝੀਟੀ ਹੋ ਪੈਂਦੀ ਤਾਂ ਮੈਥੋਂ ਨਿਰਣਾ ਨਹੀਂ ਸੀ ਹੋ ਸਕਦਾ ਕਿਸ ਦਾ ਕਸੂਰ ਕੱਢਾਂ-ਕਿਸ ਨੂੰ ਘੂਰਾਂ।

ਜਦ ਉਹ ਡੋਲੀ ਪੈਣ ਲੱਗੀ ਸੀ, ਉਹਨਾਂ ਦੀਆਂ ਮੇਲਣਾਂ ਨਾਲ ਮੇਰੀਆਂ ਭੈਣਾਂ ਨੇ ਵੀ ਰੋ-ਰੋ ਕੇ ਹੋਰੇ ਲਾਏ ਸਨ। ਭਾਵੇਂ ਉਹਨਾਂ ਦੀਆਂ ਛੀਟਾਂ-ਪਹਿਰੀਆਂ ਤੇ ਚਾਂਦੀ-ਮੜ੍ਹੀਆਂ ਮੇਲਣਾਂ ਵਿਚ ਮੇਰੀਆਂ ਸਾਦੀਆਂ ਭੈਣਾਂ ਓਪਰੀਆਂ ਲੱਗਦੀਆਂ ਸਨ, ਪਰ ਮੈਂ ਰੂਹਾਂ ਵਿਚੋਂ ਫੁੱਟੇ ਦਰਦੀਲੇ ਹੇਰਿਆਂ ਵਿੱਚੋਂ ਆਪਣੀਆਂ ਭੈਣਾਂ ਦਾ ਬੋਲ ਪਛਾਣ ਨਹੀਂ ਸੀ ਸਕਿਆ।

ਉਹਦੇ ਵੀਰ ਅਤੇ ਪਿਉ ਨੇ ਆਪਣੀਆਂ ਨਿਮਾਣੀਆਂ ਪੱਗਾਂ ਦੇ, ਕੰਨਾਂ ਉਤੋਂ ਲਮਕਦੇ, ਗਰੀਬ ਲੜਾਂ ਨਾਲ ਅੱਖੀਆਂ ਪੂੰਝੀਆਂ ਸਨ। ਉਹ ਭਾਵੇਂ ਰਾਠ ਸਨ, ਪਰ ਧੀਆਂ ਨੂੰ ਤੋਰਨ ਵੇਲੇ ਬੜੇ-ਬੜੇ ਖੱਬੀ-ਖ਼ਾਨ ਵੀ ਤਾਂ ਮੁਚ ਕੇ ਗ਼ਰੀਬ ਹੋ ਜਾਂਦੇ ਹਨ। ਜ਼ੈਨਬ, ਆਪਣੇ ਮਾਮੇ ਦੇ ਕਲਾਵੇ ਵਿਚ, ਉਹਦੇ ਗਲ ਨੂੰ ਚੰਬੜੀ, ਇਕ ਅਜੀਬ, ਕੰਬਦੀ ਲੈਅ ਵਿਚ, "ਊਂ...ਊਂ..." ਕਰ ਕੇ ਰੋ ਰਹੀ ਸੀ। ਇਸ ਲੈਅ ਨਾਲ ਜੀਵਨ ਵਿਚ ਤੀਵੀਂ ਸ਼ਾਇਦ ਇੱਕੋ ਵਾਰ ਰੋਂਦੀ ਹੋਵੇ। ਉਹਦੇ ਰੋਣ ਦੀ ਥਰਕਦੀ ਲੈਅ ਵਿਚ ਮੇਰਾ ਦਿਲ ਘੁਲਦਾ ਜਾ ਰਿਹਾ ਸੀ : ਜਿਵੇਂ ਮੇਲ੍ਹਦੀਆਂ ਲਹਿਰਾਂ ਦੇ ਛੂਹਣ ਨਾਲ ਦਰਿਆ ਦੇ ਕੰਢੇ ਖੁਰ ਜਾਂਦੇ ਹਨ। ਦੋ ਹੰਝੂ ਮੇਰੀਆਂ ਵੀ ਝਿੰਮਣੀਆਂ ਵਿਚੋਂ ਨੁੱਚੜ ਕੇ ਗੋਲ-ਕਣੀਆਂ ਬਣ ਗਏ ਸਨ।

ਉਹੀ ਜ਼ੈਨਬ ਮੈਨੂੰ ਓਪਰਾ ਕਰ ਰਹੀ ਸੀ, ਜਿਵੇਂ ਉਹਦੇ ਦਿਲ ਵਿਚੋਂ ਵਿਸਾਹ ਉੱਡ ਗਿਆ ਹੋਵੇ। ਉਹਦੇ ਅੰਦਰ ਕੋਈ ਪਾਲਾ ਜਾਪਦਾ ਸੀ :

"ਵੀਰ! ਵੀਰ! ਕਰਦੀਆਂ ਕਿਹੜਾ ਵੱਢੀਆਂ ਨਹੀਂ ਗਈਆਂ....।"

ਹਿੱਕ ਮੇਰੀ ਵਿਚਕਾਰ ਵੀ ਛੁਰੀਆਂ ਚੱਲ ਰਹੀਆਂ ਸਨ... 'ਭੈਣ ਨੂੰ ਅੱਜ ਵੀਰ ਦਾ ਭਰੋਸਾ ਨਹੀਂ ਰਿਹਾ।'....ਉਸੇ ਜ਼ੈਨਬ ਦਾ ਅੰਦਰ ਅੱਜ ਮੇਰੇ ਪਛਤਾਵੇ ਤੋਂ ਕੰਬਦਾ ਸੀ, ਜਿਹੜੀ ਵਿਆਹੁਲੀ ਮੁੜ ਕੇ ਆਈ ਮੈਨੂੰ ਇਸ ਤਰ੍ਹਾਂ ਗਲਵੱਕੜੀ ਪਾ ਕੇ ਚੰਬੜੀ ਸੀ, ਜਿਵੇਂ ਆਪਣੇ ਵੀਰ ਜਮਾਲੇ ਨੂੰ।

"ਚੰਗਾ ਗੁਰਬਚਨ ਸਿਆਂ! ਤੂੰ ਮਿਲ ਗਿਆ—ਅਖ਼ੀਰੀ ਮੇਲੇ....।" ਦੁਲ੍ਹੇ ਨੇ ਸੰਘ ਵਿਚ ਰੁਕੇ ਗ਼ੁਬਾਰ ਦਾ ਘੁੱਟ ਭਰਿਆ। ਮਸੀਂ ਰਾਹ ਲੱਭ ਕੇ ਤਿੰਘੜਦੇ ਹੋਏ, ਉਹਦੇ ਅੰਦਰੋਂ ਬੋਲ ਆਇਆ।

"ਸਮੇਂ ਦਾ ਗੇੜ ਐ! ਦੁਲ੍ਹਿਆ! ਕੋਈ ਵਾ ਈ ਚੰਦਰੀ ਵਗ ਗਈ। ਚੰਗੇ ਭਲੇ ਆਦਮੀ ਪਸ਼ੂ ਬਣ ਗਏ।"

"ਅੱਲ੍ਹਾ ਜਾਣਦੈ ਬਚਨ ਸਿਆਂ! ਅਸੀਂ ਤਾਂ ਕਿਸੇ ਦਾ ਕੁਛ ਨਹੀਂ ਸੀ ਵਿਗਾੜਿਆ–ਬੇਦੋਸ਼ਿਆਂ ਨੇ।" ਦੁਲ੍ਹੇ ਦੀਆਂ ਖ਼ੁੰਜਿਆਂ ਕੋਲੋਂ ਹੇਠਾਂ ਨੂੰ ਲਮਕੀਆਂ ਹੋਈਆਂ ਢਿੱਲੀਆਂ ਬਾਰੀਕ ਮੁੱਛਾਂ ਕੰਬ ਗਈਆਂ ਤੇ ਉਹਦੀ ਦਾੜ੍ਹੀ ਦੇ ਵਾਲ ਬੁਰਸ਼ ਵਾਂਗ ਆਕੜੇ ਖੜ੍ਹੇ ਸਨ, ਜਿਨ੍ਹਾਂ ਵਿਚੋਂ ਅੱਟੀ ਹੋਈ ਧੂੜ ਦੀ ਘਸਮੈਲ ਝਾਕਦੀ ਸੀ। "ਸੱਚ! ਨੂਰਾਂ ਜੀਨਾਂ, ਕੈਮੀ, ਤੇ ਉਹ ਛੋਟੀ ਮੁੰਨੀ ਫ਼ਾਤਾਂ ਨਹੀਂ ਦਿਸੇ।"

"ਸਭ ਨੂੰ ਆਪੋ ਆਪਣੀ ਪੈ ਗਈ। ਭਾਜੜ ਵਿਚ ਨਿਆਣਿਆਂ ਨੂੰ ਕੀਹਨੇਂ ਸਾਂਭਿਐ। ਪੀਰੂ ਡੂਮ ਦੇ ਪੁੱਤ ਨਜ਼ੀਰ ਨੇ ਦੱਸਿਐ ਕਿ ਉਹ ਗੋਰੇ ਦੀਆਂ ਚਰਾਂਦਾਂ ਵਿਚ ਥੇਹ ਕੋਲ ਪਾੜੇ ਗਏ, ਜਿਥੋਂ ਉਹ ਲਾਲ ਡੀਕਰੀਆਂ ਚੁਗ ਕੇ ਟੋਭੇ ਵਿਚ ਕ੍ਰਾਤਰੀ ਚਲਾਉਂਦੇ ਹੁੰਦੇ ਸੀ।" ਦੁਲ੍ਹੇ ਦੀਆਂ ਆਂਦਰਾਂ ਨੇ ਜਿਵੇਂ ਕੋਈ ਚੁੱਪ ਰੋਣ ਝੋਅ ਦਿੱਤਾ ਹੋਵੇ। ਉਹਦੇ ਮਿਚੇ-ਮਿਚਾਏ ਬੁੱਲ੍ਹ ਅਤੇ ਠੋਡੀ ਉੱਤੇ ਗ਼ਮ ਕੰਬ ਗਿਆ, "ਮੈਂ ਜ਼ੈਨਬ ਤੇ ਔਹ ਗ਼ਾਮ ਦਾ ਛੋਟਾ ਜਾਤਕ ਹਸਨਾ ਚਾਰ ਦਿਨ, ਚਾਰ ਰਾਤਾਂ ਇੱਖ ਵਿਚ ਲੁਕੇ ਰਹੇ, ਤੇ ਇਕ ਰਾਤ ਜਦ ਅੰਬਰਾਂ ਉਤੋਂ ਧਰਤੀ ਉੱਤੋਂ ਹਨ੍ਹੇਰ ਕਿਰ ਗਿਆ, ਦਾਅ ਲਾ ਕੇ ਰੌਂਜ਼ੀਂ ਜਾ ਲੁਕੇ, ਤਾਂ ਜਾਨ ਬਚੀ।"

"ਖੈਰ, ਚੰਗਾ ਦੁਲ੍ਹਿਆ, ਤੇਰੀ ਜਾਨ ਬਚ ਗਈ। ਸਭ ਕੁਛ ਮੁੜ ਕੇ ਸਿੰਵਰ ਜੂ।"

"ਅੱਛਾ, ਸ਼ੁਕਰ ਐ ਉਸ ਮਾਲਕ ਦਾ....." ਦੁਲ੍ਹੇ ਨੇ ਅਸਮਾਨ ਵੱਲ ਨੂੰ ਅਦਬ ਦੀ ਸੈਨਤ ਕਰਕੇ ਆਖਿਆ। ਦੂਰ ਉੱਚੀ ਸਾਰੇ ਕਾਵਾਂ ਦੀ ਡਾਰ ਉਡਦੀ ਸਾਡੇ ਪਿੰਡ ਵੱਲ ਨੂੰ ਜਾ ਰਹੀ ਸੀ। ਦੁਲ੍ਹੇ ਦੀਆਂ ਅੱਖਾਂ ਵਿਚ ਰੀਸ ਦਾ ਲਾਲਚ ਆਇਆ– "ਜੇ ਮੈਂ ਕਿਵੇਂ ਕਾਂ ਬਣ ਜਾਵਾਂ......ਜਾਂਦੀ ਵਾਰੀ ਆਪਣੇ ਪਿੰਡ ਦੇ ਬਨੇਰਿਆਂ ਤੋਂ ਰੱਜ ਕੇ ਉੱਡ ਆਵਾਂ.....। ਮੇਰੀ ਜਾਨ ਨੂੰ ਕੋਈ ਧੋਖਾ ਨਹੀਂ ਹੋਵੇਗਾ। ਮੇਰਾ ਕਿਹੜਾ ਕੋਈ ਮਜ਼੍ਹਬ ਹੋਣਾ ਏ.....।"

ਡਾਰ ਦੂਰ ਲੰਘ ਗਈ, ਜਿਉਂ ਕਾਵਾਂ ਦਾ ਮੱਛਰ ਬਣ ਗਿਆ ਹੋਵੇ। ਦੁਲ੍ਹੇ ਨੇ ਡਾਰ ਦੀ ਦੂਰੀ ਜਿੰਨਾ ਲੰਮਾ ਹੌਕਾ ਸੂਤਿਆ।

"ਪੁੱਤ, ਜ਼ੈਨਬੇ! ਕਰ ਲੈ ਕੋਈ ਗੱਲ ਤੂੰ ਵੀ–ਬੀਰ ਖੜ੍ਹੈ।" ਦੁਲ੍ਹੇ ਨੇ ਕੁੜੀ ਉਤੇ ਤਰਸ–ਲਾਡ ਨਾਲ ਝਾਕਦਿਆਂ ਕਿਹਾ।

ਜ਼ੈਨਬ ਦੇ ਕੀਰਨੇ ਹੁਣ ਟੁੱਟਵੇਂ ਡੁਸਕਾਰੇ ਬਣ ਗਏ। ਉਹਨੇ ਰੋ–ਰੋ ਕੇ ਲਹੂਰ ਕਰ ਲਏ ਸਨ। ਉਹਦੀਆਂ ਫਾਵੇ ਹੋਈਆਂ ਚੁੰਨ੍ਹੀਆਂ ਅੱਖਾਂ ਪਾਨੀ ਵਿਚ ਡੁੱਬੀਆਂ ਸੂਹੀਆਂ ਮੱਛੀਆਂ ਵਾਂਗ ਲਗਦੀਆਂ।

ਉਹਨੇ ਘਿੱਗੀ ਖੋਲ੍ਹੀ:

"ਬੀਰ ਤੂੰ ਸਾਨੂੰ ਅਜੇ ਵੀ ਰੱਖ ਲੈ – ਅਸੀਂ ਤੇਰੇ ਧਰਮ 'ਚ ਆ ਜਾਨੇ ਆਂ......"

"ਭੈਣ, ਮੇਰਾ ਧਰਮ ਅੱਜ ਕੋਈ ਨ੍ਹੀ। ਜੇ ਮੇਰਾ ਧਰਮ ਹੁੰਦਾ ਤਾਂ ਮੇਰੇ ਸਾਹਮਣੇ ਤੁਸੀਂ ਉੱਜੜਦੇ ਨਾ।"

"ਬੀਰ.....ਚੰਗਾ।" ਜ਼ੈਨਬ ਨੇ ਪਲ ਦੀ ਮੇਰੇ ਵੱਲ ਅੱਖਾਂ ਪਾੜ ਕੇ ਤੱਕਿਆ, ਜਿਵੇਂ ਉਹ ਹਨ੍ਹੇਰੇ ਵਿਚੋਂ ਕੋਈ ਔਟਲੀ ਕਿਰਨ ਤਲਾਸ਼ਦੀ ਹੋਵੇ। ਪਰ ਝੱਟ ਹੀ ਉਹਦੀਆਂ ਅਧ–ਬੁਝੀਆਂ ਅੱਖਾਂ ਉੱਤੇ ਧੂੜ–ਧੌਲੀਆਂ ਝਿੱਫਣਾਂ ਲਹਿ ਗਈਆਂ। ਉਹਦੇ ਦਿਲ ਤੇ ਇਕ



ਚੀਘ ਪੈ ਗਈ। ਉਹਨੇ ਮਹਿਸੂਸ ਕੀਤਾ: "ਭੈਣ ਨੂੰ ਘਰ ਵੱਲ ਔਂਦਿਆਂ ਦੇਖ ਕੇ ਨਮੋਹੇ ਵੀਰ ਨੇ ਦਰ ਭੇੜ ਲਏ।"

"ਚੰਗਾ ਬਚਨ ਸਿਆਂ, ਪਿੰਡ ਦੇ ਦਰਵਾਜ਼ੇ ਨੂੰ ਮੇਰਾ ਸਲਾਮ ਕਹੀਂ। ਤੇ ਮੀਂਹ ਕਣੀ ਵਿਚ ਸਾਡੇ ਕੋਠੇ ਦੀ ਸੋਗ੍ਰਮੀ ਰੱਖੀਂ। ਕੋਈ ਵਿਰਲ ਚੋਆ ਨਾ ਖੁੱਲ੍ਹ ਜਾਵੇ। ਮੇਰੇ ਪੜਦਾਦੇ ਦੇ ਵਖਤਾਂ ਤੋਂ ਉਹਦੀ ਛੱਤ ਸਾਨੂੰ ਓਟ ਕਰਦੀ ਆਈ ਐ। ਸੁੰਨੇ ਘਰਾਂ ਦੇ ਲਿਉੜ ਲਹਿ–ਲਹਿ ਕੇ ਖੋਲੇ ਬਣ ਜਾਂਦੇ ਨੇ।"

"ਤੇਰੇ ਕੋਠੇ ਦੀ.....।" ਮੇਰੇ ਮੂੰਹੋਂ ਸੱਚ ਫੁੱਟਣ ਲੱਗਾ ਸੀ ਕਿ "ਤੇਰੇ ਕੋਠੇ ਦੀ ਛੱਤ ਨੇ, ਦੁਲ੍ਹਿਆ ਤੈਨੂੰ ਬੰਨਾ ਨਹੀਂ ਟੱਪਣ ਦਿੱਤਾ। ਤੇਰੇ ਜਾਂਦਿਆਂ ਉਹਦੇ ਵਿਚ ਭੰਬੂਕੇ ਬਲ ਉਠੇ। ਨੀਲੀਆਂ ਜੀਭਾਂ ਵਾਲੀਆਂ ਅੱਗ ਦੀਆਂ ਲਾਟਾਂ ਸੱਪਣੀਆਂ ਵਾਂਗ ਸ਼ੂਕ–ਸ਼ੂਕ ਉੱਡਦੀਆਂ ਸਨ: ਜਿਨ੍ਹਾਂ ਦੀ ਲਪੇਟ ਵਿਚ ਤੇਰੇ ਬੋਦੇ ਕੋਠੇ ਦੀਆਂ ਕੁੱਬੀਆਂ ਕੜੀਆਂ ਤਿੜ–ਤਿੜ ਕਰ ਕੇ ਮੁੱਕ ਗਈਆਂ ਤੇ ਥੋੜੇ ਕੋਠੇ ਦੀਆਂ ਧੁਆਂਖੀਆਂ ਤੇ ਬੇ–ਵਾਰਿਸ ਕੰਧਾਂ ਉਤੇ ਜ਼ਹਿਰੀ ਲਾਟਾਂ ਦੇ ਡੰਗਾਂ ਨੇ ਕਾਲੇ ਚਟਾਕ ਪਾ ਦਿੱਤੇ....." ਪਰ, ਸੱਚ ਕਈ ਵਾਰ ਸੇਲੇ ਵਾਂਗ ਵਜਦਾ ਹੈ, ਤੇ ਏਨਾ ਦੁੱਖ ਦਿੰਦਾ ਹੈ ਕਿ ਅਸੀਂ ਉਸ ਬਾਰੇ ਨਿਸਚਿਤ ਹੁੰਦੇ ਵੀ ਸਗੋਂ ਉਸ ਨੂੰ ਝੂਠ ਸੁਣ ਕੇ ਰੂਹ ਦੀ ਖੁਸ਼ੀ ਲੈਂਦੇ ਹਾਂ।"

ਦੁਖਦੇ ਦਿਲ ਉੱਤੇ ਇਕ ਹੋਰ ਸੇਲਾ ਕਿਉਂ ਗੱਡਾਂ? ਮੈਂ ਉਸ ਨੂੰ ਸੱਚ ਦੱਸਦੇ–ਦੱਸਦੇ ਰੁਕ ਗਿਆ ਤੇ ਮਲਵੀਂ ਜੀਭ ਨਾਲ ਆਖ ਦਿੱਤਾ।

"ਤੂੰ ਬੇ–ਫ਼ਿਕਰ ਰਹੁ ਦੁਲ੍ਹਿਆ। ਤੇਰੇ ਘਰ ਦੀ ਮੈਂ ਵਿੜਕ ਰੱਖਾਂਗਾ।"

ਅਸੀਂ ਸੜਕ ਦੀ ਕੱਚੀ ਪਟੜੀ ਉੱਤੋਂ ਲਹਿ ਕੇ ਨਿਵਾਣ ਵਿਚ ਹੋ ਗਏ। ਰਾਖੇ ਫੌਜੀਆਂ ਦੀ ਇਕ ਮਿੱਡੀ ਲਾਰੀ, ਅੱਧੀ ਕੱਚੀ ਤੇ ਅੱਧੀ ਪੱਕੀ ਸੜਕ ਉਤੇ ਬੁੜ੍ਹਕਦੀ ਆ ਰਹੀ ਸੀ। ਘੂੰ–ਘੂੰ ਕਰਦੀ ਬੁੜ੍ਹਕਦੀ ਲਾਰੀ ਸਾਡੇ ਕੋਲੋਂ ਗੁਜ਼ਰ ਗਈ। ਧੂੜ ਦਾ ਇਕ ਭਰਿਆ ਬੱਦਲ ਧਰਤੀ ਉੱਤੋਂ ਉੱਡ ਕੇ ਪੁਲਾੜ ਵਿਚ ਖਿੰਡਣ ਲੱਗਿਆ। ਦੂਰ ਤੀਕ ਇਸ ਮੇਲ੍ਹਦੇ ਬੱਦਲ 'ਤੋਂ, ਸੰਗੀਨਾਂ ਦੀਆਂ ਤਿੱਖੀਆਂ ਜੀਭਾਂ ਲਿਸ਼ਕਦੀਆਂ ਜਾ ਰਹੀਆਂ ਸਨ।

ਬੱਦਲ ਹੰਭ ਕੇ ਪਤਲਾ ਪੈ ਗਿਆ। ਧੂੜ ਦੀ ਖ਼ੁਸ਼ਕ ਧੌਲਕ ਕਾਫ਼ਲੇ ਉੱਤੇ ਕਿਰ–ਕਿਰ ਜੰਮਦੀ ਗਈ।

"ਚੰਗਾ, ਗੁਰਬਚਨ! ਅੱਲਾ ਨੇ ਚਾਹਿਆ ਤਾਂ ਕਿਤੇ ਫੇਰ ਮਿਲਾਂਗੇ ਜੀਊਂਦੇ ਨਹੀਂ ਤਾਂ...।"

"ਜ਼ਰੂਰ ਮਿਲਾਂਗੇ ਦੁਲਿਆ, ਤੂੰ ਓਦਰ ਨਾ, ਮਿਲੇ ਬਿਨਾਂ ਆਪਣਾ ਕੰਮ ਨਹੀਂ ਚੱਲਣਾ–ਅਖ਼ੀਰ ਸਾਨੂੰ ਇਕ ਹੋਣਾ ਪਏਗਾ।"

"ਪਰ, ਮੈਨੂੰ ਤਾਂ ਆਸ ਨਹੀਂ।"

"ਤੂੰ ਤਾਂ ਕਮਲਾ ਏਂ! ਨੌਹਾਂ ਨਾਲੋਂ ਕਦੇ ਮਾਸ ਨਹੀਂ ਟੁੱਟਦਾ। ਇਹੇ ਤਾਂ ਸਾਰੇ ਅੰਗਰੇਜ਼ ਨੇ ਪਾਟਕ ਪਾਏ ਨੇ। ਸਾਨੂੰ ਚੁੱਕ ਚਮ੍ਹਲਾ ਕੇ ਭੂਤਨੇ ਬਣਾ ਦਿੱਤਾ ਐ। ਭਾਈ ਨੇ ਭਾਈ ਦਾ ਢਿੱਡ ਪਾੜ ਕੇ ਲੀਰਾਂ ਕਰ ਦਿੱਤੀਆਂ।"

"ਤੁਰੋ ਓਏ, ਸੁੱਲਿਓ! ਸਹੁਰੀ ਦੇ ਕਿਵੇਂ ਝੱਟ ਡੱਡੂਆਂ ਵਾਂਗ ਤਿੜਕ ਜਾਂਦੇ ਨੇ।" ਕਾਫ਼ਲੇ ਦੇ ਨਾਲੋ ਨਾਲ ਪੈਦਲ ਗਸ਼ਤ ਕਰਦੇ ਫੌਜੀਆਂ ਨੇ ਜਿਨ੍ਹਾਂ ਦੇ ਮੋਢਿਆਂ ਚਿੱਟੀਆਂ

ਜੀਭਾਂ ਵਾਲੀਆਂ ਬੰਦੂਕਾਂ ਸਨ, ਉਹਨਾਂ ਘਾਹ ਖੁਰਚਦਿਆਂ ਨੂੰ, ਬੂਟਾਂ ਨਾਲ ਠੋਰ-ਠੋਰ ਆਖਿਆ, ਜਿਹੜੇ ਕਾਫ਼ਲਾ ਖਲੋਂਦਿਆਂ ਬਲਦਾਂ ਦੇ ਢਿੱਡ ਭਰਨ ਲਈ ਬਿੰਦ ਝੱਟ ਦਾ ਲਾਹਾ ਤੱਕ ਕੇ, ਧਰਤੀ 'ਤੋਂ ਉੱਫਣੀਆਂ ਧਲੀਆਂ ਉਧੇੜਨ ਲੱਗ ਜਾਂਦੇ ਹਨ।

ਮੂਹਰਿਓਂ ਕਾਫ਼ਲਾ ਸਰਕਣ ਲੱਗਿਆ। ਬਲਦਾਂ ਨੇ ਤਿਲਕਵੀਂ ਸਲੇਟੀ ਸੜਕ ਉੱਤੇ ਖੁਰ ਅੜਾ ਕੇ ਆਪਣੀਆਂ ਧੌਣਾਂ ਉੱਤੇ ਟੱਬਰ-ਟੱਬਰ ਦਾ ਭਾਰ ਖਿੱਚਿਆ। ਕਿੱਲ੍ਹਦੇ ਬਲਦਾਂ ਦੀਆਂ ਅੱਖਾਂ, ਜਿਵੇਂ ਚੌੜੀਆਂ ਹੋ ਕੇ ਪਾਟਣ ਲੱਗੀਆਂ ਹੋਣ, ਤੇ ਗੱਡਿਆਂ ਦੇ ਪ੍ਹਈਏ ਧਰਤੀ ਵਿਚ ਧਸੇ ਹੋਏ ਹੋਣ। ਬੇ-ਦਿਲ ਗਾਡੀਆਂ ਨੇ ਬਲਦਾਂ ਦੀਆਂ ਪੂਛਾਂ ਨੂੰ ਮਰੋੜੇ ਤੇ ਉਹਨਾਂ ਦੇ ਪੱਟਾਂ ਦੇ ਵਿਚਕਾਰ ਆਪਣੀਆਂ ਪਰੈਣਾਂ ਦੇ ਤਿੱਖੇ ਡੰਗ ਚੋਭੇ। ਬੋਦੇ ਪ੍ਹਈਏ ਧੁਰਾਂ ਉੱਤੇ ਮਜਬੂਰ ਫਿਰਨ ਲੱਗੇ। ਗੱਡਿਆਂ ਦੀ ਪਸਲੀ-ਪਸਲੀ ਜੜਕਣ ਲੱਗੀ ਤੇ ਇਕ ਤਿੱਖੀ ਚੀਕ ਪ੍ਹਈਆਂ ਵਿਚੋਂ ਨਿਕਲ ਕੇ ਸਾਰੀਆਂ ਚੀਕਾਂ ਨਾਲ ਰਲਦੀ, ਕਾਫ਼ਲੇ ਦੀ ਸਮੁੱਚੀ ਚੀਕ ਬਣਨ ਲੱਗੀ।

ਦੁਲ੍ਹਾ ਠੋਡ ਉੱਤੇ ਪੱਬ ਧਰ ਕੇ ਇਕ ਬਲੂਕੀ ਨਾਲ ਗੱਡੇ ਦੀ ਗਿੱਚੀ ਉਤੇ ਜਾ ਬੈਠਾ। ਬਲਦਾਂ ਦੀਆਂ ਚਿੱਟੀਆਂ ਪੂਛਾਂ ਦੇ ਉਸ ਕੁੰਡਲ ਬਣਾ ਦਿੱਤੇ, ਜਿਨ੍ਹਾਂ 'ਤੇ ਇਕ-ਇਕ ਥੱਕੀ ਹੋਈ ਕਾਲੀ ਚੌਰੀ ਮੇਲ੍ਹਦੀ ਸੀ। ਉਸ ਨੇ ਆਪਣੀਆਂ ਲਮਕਦੀਆਂ ਟੰਗਾਂ ਦੇ ਅੰਗੂਠੇ ਬਲਦਾਂ ਦਿਆਂ ਪੱਟਾਂ ਵਿਚਕਾਰ ਛੋਹੇ ਤੇ ਉਹਦੇ ਗੱਡੇ ਦੇ ਪ੍ਹਈਆਂ ਵਿਚੋਂ, ਇਕ ਵਿੰਨ੍ਹਵੀਂ ਚੀਕ ਨਿਕਲ ਕੇ, ਮਹਾਨ ਚੀਕ ਨਾਲ ਸੂਰ ਹੋ ਗਈ।

ਮੇਰੀ ਜੇਬ ਵਿਚ ਤਿੰਨ ਰੁਪਏ ਸਤ ਆਨੇ ਸਨ। ਸਵਾ ਰੁਪਿਆ ਮੈਂ ਕਿਰਾਇਆ ਦੇਣਾ ਸੀ। ਮੈਂ ਤੁਰਦੇ ਤੁਰਦਿਆਂ ਦੋ ਰੁਪਏ ਦਾ ਨੋਟ ਜ਼ੈਨਬ ਦੀ ਤਲੀ ਦੇ ਵਿਚ ਦੇ ਕੇ ਉਹਦੀਆਂ ਡੱਕਿਆਂ ਵਰਗੀਆਂ ਪਤਲੀਆਂ ਤੇ ਸੁੱਕੀਆਂ ਉਂਗਲਾਂ ਮੀਚਣ ਲੱਗਿਆ।

"ਬੀਰ, ਤੂੰ ਰਹਿਣ ਦੇ-ਖੇਚਲ ਨਾ ਕਰ....।"

"ਫੜ ਲੈ, ਫੜ ਲੈ ਮੇਰੀ ਭੈਣ ਖੇਚਲ ਕਾਹਦੀ ਐ, ਮੈਂ ਤੇਰਾ ਵੀਰ ਨ੍ਹੀਂ....?" ਮੇਰਾ ਦਿਲ ਉੱਖੜ ਕੇ ਸੰਘ ਵਿਚਕਾਰ ਅੜ ਗਿਆ। ਮੈਥੋਂ ਖੁੱਲ੍ਹ ਕੇ ਬੋਲ ਨਾ ਹੋਇਆ। ਮੇਰੀਆਂ ਅੱਖਾਂ ਵਿਚ ਕੁਝ ਇਸ ਤਰ੍ਹਾਂ ਸੀ, ਜਿਵੇਂ ਮੈਂ ਧੁੰਦਲੇ ਸ਼ੀਸ਼ਿਆਂ ਵਿਚੋਂ ਤੱਕਦਾ ਹਾਂ।

"ਚੰਗਾ...ਬੀਰ, ਮਿੰਦੋ ਤੇ ਪ੍ਰੀਤੋ ਨੂੰ ਮੇਰਾ ਸਲਾਮ ਆਖੀਂ।" ਜ਼ੈਨਬ ਨੇ ਮੇਰੀਆਂ ਭੈਣਾਂ ਵੱਲ ਸੁਨੇਹਾ ਦਿੱਤਾ...."ਤੇ ਨਾਲੇ ਉਹਨਾਂ ਵਿਹੜਿਆਂ ਨੂੰ, ਜਿੱਥੇ ਨੂੰ ਮੇਰੀਆਂ ਆਂਦਰਾਂ ਭੱਜ-ਭੱਜ ਜਾਂਦੀਆਂ ਨੇ। ਸਾਡੇ ਪਿਛੋਕੜਲੇ ਵਿਹੜੇ ਵਿਚਲੇ ਅੰਬ ਦੇ ਟੂਸੇ ਦੀਆਂ ਜੜ੍ਹਾਂ ਵਿਚ ਕਿਤੇ-ਕਿਤੇ ਪਾਣੀ ਪੁਆ ਦਿਆ ਕਰੀਂ। ਉਹਦੀ ਚੱਕਲੀ ਮੈਂ ਬੜੇ ਮਲ੍ਹਾਰਾਂ ਨਾਲ ਆਪ ਲਾਈ ਸੀ, ਉਹਦੇ ਲਿਚ-ਲਿਚ ਕਰਦੇ ਵੈਂਗਣੀ ਪੱਤੇ ਕਿਤੇ ਸੁੱਕ ਕੇ ਭੁਰ ਨਾ ਜਾਣ.....।" ਜ਼ੈਨਬ ਕਹਿੰਦੀ ਗਈ, ਜਿਵੇਂ ਰੋਗੀ ਲੰਮਿਆਂ ਸਾਹਾਂ ਉਤੇ ਆ ਕੇ ਅਵਾ-ਤਵਾ ਬੁੜ-ਬੁੜਾਂਦਾ ਹੈ।

ਸਮ੍ਹੀ-ਸੰਝ ਦਾ ਥੱਕਿਆ ਸੂਰਜ, ਪੱਛਮ ਦੀ ਗੁੱਠ ਉੱਤੇ ਕੋਡਾ ਹੋ ਗਿਆ ਤੇ ਇਕ-ਇਕ ਕਰ ਕੇ ਗੱਡਿਆ ਦੀ ਲੰਮੀ ਜ਼ੰਜੀਰ ਮੇਰੇ ਕੋਲੋਂ ਸਰਕਦੀ, ਮੁੱਕ ਗਈ।



# ਆਪਣੇ ਘੜੇ ਦਾ ਪਾਣੀ

**ਰਾਮ ਸਰੂਪ ਅਣਖੀ**

ਅਰਦਾਸ ਤੋਂ ਬਾਅਦ ਬਾਬੇ ਦਾ ਪ੍ਰਸ਼ਾਦ ਵੰਡਿਆ ਗਿਆ ਤੇ ਫੇਰ ਸਾਨੂੰ ਕਿਹਾ ਗਿਆ ਕਿ ਅਸੀਂ ਹੁਣ ਗੁਰਦੁਆਰਾ ਸਾਹਿਬ ਤੋਂ ਬਾਹਰ, ਵੀਜ਼ੇ ਵਿਚ ਦਿੱਤੀ ਹੱਦ ਦੇ ਅੰਦਰ—ਕਿਤੇ ਵੀ ਜਾ ਸਕਦੇ ਹਾਂ, ਕਿਸੇ ਨੂੰ ਮਿਲ ਸਕਦੇ ਹਾਂ। ਰਾਤ ਦਸ ਵਜੇ ਤੋਂ ਪਹਿਲਾਂ-ਪਹਿਲਾਂ ਵਾਪਸ ਗੁਰਦੁਆਰਾ ਸਾਹਿਬ ਮੁੜਨਾ ਹੋਵੇਗਾ।

ਗੁਰਦੁਆਰੇ ਤੋਂ ਬਾਹਰ ਨਿਕਲੇ ਤਾਂ ਪਾਕਿਸਤਾਨੀ ਲੋਕਾਂ ਦਾ ਇਕ ਵੱਡਾ ਇਕੱਠ ਸਾਨੂੰ ਉਡੀਕ ਰਿਹਾ ਸੀ। ਉਹਨਾਂ ਦੀਆਂ ਬਾਹਾਂ ਸਾਡੇ ਵੱਲ ਉੱਠੀਆਂ। ਲੋਕ ਇੱਕ ਦੂਜੇ ਨੂੰ ਪਹਿਚਾਣ ਰਹੇ ਸਨ। ਕਿਸੇ ਨੂੰ ਕੋਈ ਲੱਭ ਪਿਆ ਸੀ, ਤਾਂ ਝੱਟ ਬਗਲਗ਼ੀਰ ਹੋ ਗਿਆ ਸੀ। ਇਕ ਦੂਜੇ ਬਾਰੇ ਬੇ-ਸ਼ੁਮਾਰ ਸਵਾਲ ਪੁੱਛੇ ਜਾ ਰਹੇ ਸਨ। ਕਾਹਲ ਵਿਚ, ਛੇਤੀ-ਛੇਤੀ। ਉਸ ਜੱਥੇ ਵਿਚ ਅਸੀਂ ਤਿੰਨ ਸ਼ਾਇਰ ਵੀ ਸਾਂ। ਪਾਕਿਸਤਾਨ ਦੇ ਸ਼ਾਇਰ ਸਾਨੂੰ ਹੀ ਲੱਭ ਰਹੇ ਸਨ। ਅਸੀਂ ਸਭ ਮਿਲੇ ਸਾਂ, ਤਾਂ ਜੱਫੀਆਂ ਦੇ ਵਟਾਂਦਰੇ ਤੋਂ ਬਾਅਦ ਇਕ ਪਾਸੇ, ਇਕ ਰੁੱਖ ਥੱਲੇ ਖੜ੍ਹੇ ਹੋ ਕੇ, ਭਾਰਤ ਦੇ ਕਿੰਨੇ ਹੀ ਪੰਜਾਬੀ ਅਦੀਬਾਂ ਬਾਰੇ ਉਨ੍ਹਾਂ ਦੀਆਂ ਪੁੱਛਾਂ ਦੇ ਜਵਾਬ ਦੇਣ ਲੱਗੇ ਸਾਂ। ਕਿੰਨੀਆਂ ਸਾਰੀਆਂ ਗੱਲਾਂ ਅਸੀਂ ਕੀਤੀਆਂ ਸਨ। ਕਿੰਨਾ ਕੁਝ ਉਹਨਾਂ ਨੂੰ ਦੱਸਿਆ, ਕਿੰਨਾ ਕੁਝ ਉਨ੍ਹਾਂ ਤੋਂ ਜਾਣ ਲਿਆ। ਸ਼ਾਮ ਚਾਰ ਵਜੇ ਇੱਕ ਮੁਸ਼ਾਇਰਾ ਰੱਖਿਆ ਗਿਆ ਸੀ। ਇਕ ਘੰਟਾ ਪਹਿਲਾਂ, ਉਨ੍ਹਾਂ ਆ ਕੇ ਸਾਨੂੰ ਮੁਸ਼ਾਇਰੇ ਵਾਲੀ ਥਾਂ ਉੱਤੇ ਲੈ ਜਾਣਾ ਸੀ।

ਪਾਕਿਸਤਾਨੀ ਸ਼ਾਇਰ ਮੁੜ ਆਉਣ ਦਾ ਇਕਰਾਰ ਦੇ ਕੇ ਤੇ ਮੁਸਕਰਾਹਟਾਂ ਬਖੇਰਦੇ, ਜਦ ਵਾਪਸ ਜਾ ਰਹੇ ਸਨ, ਅਸੀਂ ਉੱਚੀ-ਉੱਚੀ ਬੋਲ ਕੇ ਉਨ੍ਹਾਂ ਨੂੰ ਆਖਿਆ, ਕਿ ਉਹ ਸਾਡਾ ਫ਼ਿਕਰ ਨਾ ਕਰਨ, ਮੁਸ਼ਾਇਰੇ ਦਾ ਇੰਤਜ਼ਾਮ ਕਰ ਲੈਣ, ਤਿੰਨ ਵਜੇ ਅਸੀਂ ਏਥੇ ਗੁਰਦੁਆਰੇ ਵਿਚ ਹੀ ਹੋਵਾਂਗੇ। ਮੈਂ ਦੇਖਿਆ, ਇਕ ਔਰਤ ਇਕੱਲੀ ਖੜ੍ਹੀ ਸੋਗਵਾਰ ਅੱਖਾਂ ਨਾਲ ਮੇਰੇ ਵੱਲ ਝਾਕ ਰਹੀ ਸੀ। ਉਹ ਕਿਸੇ ਨੂੰ ਮਿਲਣ ਆਈ ਹੋਵੇਗੀ। ਉਹਦਾ ਕੋਈ ਜੱਥੇ ਨਾਲ ਨਹੀਂ ਆਇਆ ਹੋਵੇਗਾ। ਕੋਈ ਹੋਰ ਵੀ ਜਾਣ-ਪਹਿਚਾਣ ਵਾਲਾ ਨਹੀਂ ਦਿੱਸਿਆ ਹੋਵੇਗਾ। ਉਹ ਉਦਾਸ ਸੀ। ਮੇਰਾ ਬੋਲ ਸੁਣ ਕੇ ਉਸ ਦੀਆਂ ਅੱਖਾਂ ਵਿੱਚ ਬੇ-ਮਲੂਮੀ ਜਿਹੀ ਚਮਕ ਉੱਭਰੀ। ਉਦਾਸੀ ਦੇ ਰੰਗ ਵਿਚ ਘੁਲ ਕੇ ਖੋ ਜਾਣ ਵਿਚ, ਜਿੰਨੀ ਕੁ ਚਮਕ! ਆਪਣੇ ਸਾਥੀ ਸ਼ਾਇਰ ਨਾਲ ਮੈਂ ਕੋਈ ਗੱਲ ਕੀਤੀ ਤਾਂ ਉਸ ਔਰਤ ਨੇ ਬੜੀ ਕਾਹਲ ਨਾਲ ਪੁੱਛਿਆ, "ਤੂੰ ਕਿੱਥੋਂ ਦਾ ਰਹਿਣ ਵਾਲਾ ਹੈਂ ਵੀਰਾ?" ਉਸ ਦੇ ਪੁੱਛਣ ਤੋਂ ਮੈਨੂੰ ਪਤਾ ਲੱਗ ਗਿਆ ਕਿ ਇਹ ਵੀ ਜਿਹਲਮ ਵੱਲ ਦੀ ਕੋਈ ਹੈ। ਮੇਰੀ ਜਿਹਲਮੀ ਬੋਲੀ ਪਹਿਚਾਣ ਕੇ ਹੀ ਉਹਨੇ ਕੋਈ ਗੱਲ ਦਿਲ ਵਿਚ ਸੋਚੀ ਹੋਵੇਗੀ, ਤੇ ਮੈਨੂੰ ਬੁਲਾ ਲਿਆ ਸੀ।

"ਪਟਿਆਲੇ ਤੋਂ।" ਮੈਂ ਜਵਾਬ ਦਿੱਤਾ।

"ਉੱਧਰ ਹੀ ਜੰਮਿਆ ਸੀ, ਜਾਂ ਏਧਰੋਂ ਦਾ ਹੈਂ ਕਿਤੋਂ ਦਾ?" ਮੇਰੇ ਜਵਾਬ ਨਾਲ ਉਸਦੀ ਤਸੱਲੀ ਨਹੀਂ ਹੋਈ ਸੀ।

"ਜਨਮ ਤਾਂ ਮੇਰਾ ਏਧਰ ਦਾ ਹੀ ਹੈ ਭੈਣਾਂ! ਏਧਰ ਹੀ ਵੱਡਾ ਹੋਇਆ ਸਾਂ। ਉੱਜੜ ਕੇ ਓਧਰ ਗਿਆ ਹਾਂ।"

"ਏਧਰ ਕਿੱਥੋਂ ਦਾ?"

"ਕਾਲਾ, ਜਿਹਲਮ ਦੇ ਨੇੜੇ ਪਿੰਡ ਹੈ।"

"ਹੱਛਾ! ਕਾਲਾ ਪਿੰਡ ਹੈ ਤੇਰਾ?" ਉਸ ਦੀਆਂ ਅੱਖਾਂ ਵਿਚੋਂ ਨਾਲ ਦੀ ਨਾਲ ਸਾਰੀ ਉਦਾਸੀ ਉੱਡ ਗਈ। ਉਸ ਦੀ ਨਿਗਾਹ ਚਿੱਟੀ-ਨਿੱਘੀ ਧੁੱਪ ਵਾਂਗ ਮਹਿਕ ਉੱਠੀ। ਤੇ ਫੇਰ ਉਸ ਨੇ ਕਿਹਾ, "ਮੈਂ ਤਾਂ ਤੇਰੀ ਬੋਲੀ ਹੀ ਪਹਿਚਾਣ ਲਈ ਸੀ, ਵੀਰਾ!" ਤੇ ਉਸ ਨੇ ਉੱਡ ਕੇ ਮੇਰਾ ਹੱਥ ਫੜ ਲਿਆ।

"ਤੂੰ ਏਧਰ ਕਿੱਥੋਂ ਦੀ ਹੈਂ, ਭੈਣ?" ਮੇਰਾ ਮਨ ਵੀ ਪਿਘਲਣ ਲੱਗ ਪਿਆ।

"ਕਾਲਾ ਹੀ ਮੇਰਾ ਪਿੰਡ ਹੈ।" ਉਸ ਦੀਆਂ ਅੱਖਾਂ ਵਿਚ ਅਪਣੱਤ ਉਭਰਨ ਲੱਗੀ।

"ਤੂੰ ਵਿਆਹੀ ਹੋਵੇਂਗੀ, ਉੱਥੇ?"

"ਨਹੀਂ, ਮੈਂ ਜੰਮੀ ਸਾਂ ਕਾਲੇ ਪਿੰਡ। ਵਿਆਹੀ ਗਈ ਸਾਂ, ਅਧਵਾਲ। ਮੇਰਾ ਖਾਵੰਦ ਅੰਮ੍ਰਿਤਸਰ ਕੱਪੜੇ ਦੀ ਦੁਕਾਨ ਕਰਦਾ ਸੀ। ਮੁਲਕ ਦੀ ਵੰਡ ਵੇਲੇ ਓਧਰ ਹੀ ਰਹਿ ਗਿਆ ਸੀ। ਮੈਂ ਤਾਂ ਅਜੇ ਵਿਆਹੀ ਹੀ ਸਾਂ। ਦੋ ਵਾਰ ਉਹ ਮੈਨੂੰ ਅੰਮ੍ਰਿਤਸਰ ਲੈ ਕੇ ਗਿਆ ਸੀ। ਇਕ ਮਹੀਨਾ ਹੀ ਰਹੀ ਸਾਂ ਤੇ ਫੇਰ ਭਾਣਾ ਵਰਤ ਗਿਆ। ਮੈਂ ਤਾਂ ਕਾਲੇ ਹੀ ਸਾਂ, ਮਾਪਿਆਂ ਕੋਲ। ਹੁਣ, ਜਦ ਵੀ ਕੋਈ ਜੱਥਾ ਪੰਜਾ ਸਾਹਿਬ ਆਉਂਦਾ ਹੈ, ਮੈਂ ਸੱਤਰ ਮੀਲ ਦਾ ਪੈਂਡਾ ਮਾਰ ਕੇ ਏਥੇ ਆਉਂਦੀ ਹਾਂ। ਕੀ ਐ, ਕੋਈ ਮਿਲ ਜਾਵੇ ਤੇ ਮੈਨੂੰ ਉਸ ਦਾ ਪਤਾ ਦੱਸੇ। ਤੂੰ ਤਾਂ ਨਹੀਂ ਜਾਣਦਾ ਹੋਵੇਂਗਾ ਵੀਰ, ਉਸਨੂੰ?" ਉਸ ਨੇ ਮੇਰਾ ਮੋਢਾ ਝੰਜੋੜਿਆ। ਕੱਦ ਵਿਚ ਉਹ ਮੈਥੋਂ ਲੰਮੀ ਸੀ ਤੇ ਦਰੱਖਤ ਦੀ ਛਾਂ ਵਾਂਗ ਮੇਰੇ ਉੱਤੇ ਝੁਕੀ ਹੋਈ ਸੀ।

"ਕੀ ਨਾਂ ਸੀ?" ਮੈਂ ਪੁੱਛਿਆ।

"ਕਰਮ ਦੀਨ।" ਉਸ ਦੇ ਬੁੱਲ੍ਹਾਂ ਉੱਤੇ ਕਿਸੇ ਮਿੱਠੀ ਆਸ ਦੀ ਫੜਫੜਾਹਟ ਸੀ।

"ਅੰਮ੍ਰਿਤਸਰ ਕਿਸ ਬਾਜ਼ਾਰ ਵਿਚ ਦੁਕਾਨ ਸੀ ਉਸ ਦੀ?"

ਉਸ ਦੀਆਂ ਅੱਖਾਂ ਵਿਚ ਕੋਈ ਅਕਹਿ ਰੌਸ਼ਨੀ ਸੀ। ਉਹ ਤੜਪ ਉੱਠਣ ਵਾਂਗ ਬੋਲੀ, "ਹਾਲ ਬਾਜ਼ਾਰ ਵਿਚ।" ਹੁਣ ਉਸ ਦੀਆਂ ਗਹਿਰ ਗੰਭੀਰ ਅੱਖਾਂ ਮੇਰੇ ਬੁੱਲ੍ਹਾਂ ਉੱਤੇ ਗੱਡੀਆਂ ਹੋਈਆਂ ਸਨ। ਜਿਵੇਂ ਮੈਂ ਜੋ ਕੁਝ ਬੋਲਾਂਗੀ, ਉਸ ਨਾਲ ਉਸ ਦੀ ਕਿਸਮਤ ਜਾਗ ਉੱਠੇਗੀ। ਪਰ ਮੈਂ ਤਾਂ ਸੋਚਾਂ ਵਿਚ ਹੀ ਡੁੱਬ ਗਿਆ ਹੋਇਆ ਸਾਂ। ਕੌਣ ਕਰਮ ਦੀਨ? ਹਾਲ ਬਾਜ਼ਾਰ ਵਿਚ ਕਿਹੜੀ ਦੁਕਾਨ? ਮੈਨੂੰ ਕੁਝ ਪਤਾ ਨਹੀਂ ਸੀ। ਮੇਰੀ ਚੁੱਪ ਨੂੰ ਵੇਖ ਕੇ ਉਹ ਨਿਰਾਸ਼ ਹੋ ਗਈ। ਅੱਖਾਂ ਦੇ ਚਿੱਟੇ ਚਾਨਣ ਵਿੱਚ ਉਦਾਸੀ ਦਾ ਰੰਗ ਇਕਦਮ ਘੁਲ ਗਿਆ। ਉਹ ਧਰਤੀ ਉੱਤੇ ਪੈਰਾਂ ਭਾਰ ਬੈਠ ਗਈ ਤੇ ਪੁੜਪੁੜੀਆਂ ਉੱਤੇ ਹੱਥ ਧਰ ਲਏ। ਮੈਂ ਵੀ ਉਸ ਤੋਂ ਜ਼ਰਾ ਹਟ ਕੇ, ਇਕ ਪੱਥਰ ਉੱਤੇ ਬੈਠ ਗਿਆ। ਜ਼ਹਿਰ ਵਰਗੀ ਕੌੜੀ ਘੁੱਟ ਅੰਦਰ ਲੰਘਾ ਕੇ ਫੇਰ ਉਸ ਨੇ ਗੱਲ ਦਾ ਰੁਖ ਬਦਲਿਆ, "ਕਾਲੇ ਵਿਚ, ਵੀਰ, ਤੁਹਾਡਾ ਘਰ ਕੇਹੜੇ ਪਾਸੇ ਸੀ?"



"ਚੜ੍ਹਦੇ ਪਾਸੇ।" ਦੇਵੀ ਦੇ ਮੰਦਰ ਕੋਲ।"

"ਹੱਛਾ, ਹੱਛਾ! ਹਾਂ, ਉਹ ਇਕੋ ਹੀ ਘਰ ਹੈ ਉਸ ਪਾਸੇ, ਜਿਸ ਵਿਚ ਹੁਣ ਇਕ ਰਫ਼ਿਊਜ਼ੀ ਟੱਬਰ ਰਹਿੰਦਾ ਹੈ। ਸਾਡਾ ਘਰ ਵੀ ਉਸ ਪਾਸੇ ਹੈ। ਮੈਂ ਅਮਾਮ ਬਖ਼ਸ਼ ਦੀ ਧੀ ਹਾਂ।"

"ਅਮਾਮ ਬਖ਼ਸ਼, ਜਿਸ ਕੋਲ ਭੇਡਾਂ ਦਾ ਇੱਜੜ ਹੁੰਦਾ ਸੀ?

"ਹਾਂ, ਉਹੀ ਵੀਰ!"

"ਤੂੰ ਸਦੀਕਾਂ ਤਾਂ ਨਹੀਂ?"

"ਹਾਂ ਵੀਰ, ਮੈਂ ਸਦੀਕਾਂ ਹਾਂ।"

ਤੇ ਅਸੀਂ ਆਪਣੀ, ਆਪਣੀ ਥਾਂ ਤੋਂ ਉੱਠੇ ਤੇ ਨੇੜੇ ਹੋ ਕੇ ਖੜ੍ਹ ਗਏ। ਮੈਂ ਦੱਸਿਆ, "ਮੈਂ ਦਰਸ਼ਨ ਹਾਂ। ਹੌਲਦਾਰ ਸ਼ਿੰਗਾਰਾ ਸਿੰਘ ਦਾ ਪੁੱਤਰ। ਸ਼ਿੰਗਾਰਾ ਸਿੰਘ, ਜਿਹੜਾ ਦੂਜੀ ਵੱਡੀ ਜੰਗ ਵਿਚ ਮਾਰਿਆ ਗਿਆ ਸੀ। ਮੇਰਾ ਇਕ ਤਾਇਆ ਵੀ ਸੀ, ਸੁਜਾਨ ਸਿੰਘ। ਉਸ ਨੇ ਹੀ ਮੈਨੂੰ ਪਿਆਰ ਦਿੱਤਾ ਸੀ। ਮੈਨੂੰ ਪੜ੍ਹਾਇਆ ਸੀ। ਤੇ ਫਿਰ ਆਪਣੇ ਨਾਲ ਹੀ ਸ਼ਹਿਰ ਲੈ ਗਿਆ ਸੀ, ਜਿੱਥੇ ਉਸਦੀ ਲੱਕੜਾਂ ਦੀ ਵੱਡੀ ਟਾਲ ਸੀ।

"ਤੂੰ ਦਰਸ਼ਨ ਹੈਂ!" ਸਦੀਕਾਂ ਨੇ ਮੇਰੇ ਦੋਵੇਂ ਹੱਥ ਫੜ ਕੇ ਆਪਣੇ ਕਾਲਜੇ ਨਾਲ ਘੁੱਟੇ ਤੇ ਫੇਰ ਮੇਰੇ ਮੱਥੇ ਉੱਤੇ ਪਿਆਰ ਦੇ ਕੇ ਆਖਿਆ, "ਚੱਲ ਅੱਜ ਕਾਲੇ ਨੂੰ। ਇਕ ਰਾਤ ਰਹਿ ਆ ਸਾਡੇ ਕੋਲ।"

"ਓਥੇ ਤਾਂ ਮੈਂ ਜਾ ਨਹੀਂ ਸਕਦਾ, ਸਦੀਕਾਂ! ਮੇਰੇ ਵੀਜ਼ੇ ਵਿਚ ਲਿਖਿਆ ਹੋਇਆ ਨਹੀਂ। ਹੁਣ ਤਾਂ ਸਰਕਾਰਾਂ ਦੇ ਵੱਸ ਪਏ ਹੋਏ ਹਾਂ।"

"ਉਹ ਰੋਣ ਲੱਗੀ....।"

ਆਪਣੇ ਪਿੰਡ ਕਾਲੇ ਦਾ ਨਾਂ ਸੁਣ ਕੇ ਆਪਣੇ ਘਰ ਨੂੰ ਅੱਖਾਂ ਵਿਚ ਵਸਾ ਕੇ, ਜਿਸ ਵਿਚ ਹੁਣ ਕੋਈ ਰਫ਼ਿਊਜ਼ੀ ਪਰਿਵਾਰ ਰਹਿੰਦਾ ਸੀ ਤੇ ਸਦੀਕਾਂ ਨਾਲ ਬਚਪਨ ਵਿਚ ਖੇਡਣ ਦੀ ਫ਼ਿਲਮ ਯਾਦਾਂ ਦੀ ਸਕਰੀਨ ਉੱਤੇ ਚੱਲਦੀ ਦੇਖ ਕੇ, ਮੈਂ ਤਾਂ ਗੁਆਚ ਹੀ ਗਿਆ ਸਾਂ। ਪਤਾ ਨਹੀਂ, ਕੀ-ਕੀ ਸੋਚ ਗਿਆ ਸਾਂ। ਅੱਖਾਂ ਪੂੰਝ ਕੇ ਉਸ ਨੇ ਮੇਰਾ ਹੱਥ ਫੜਿਆ ਤੇ ਪੁੱਛਿਆ, "ਕੱਲ੍ਹ ਨੂੰ ਵੀ ਏਥੇ ਹੀ ਹੈਂ?"

"ਹਾਂ, ਕੱਲ੍ਹ ਸ਼ਾਮ ਨੂੰ ਅਸੀਂ ਚੱਲਣਾ ਹੈ।"

"ਮੈਂ ਅੱਜ ਕਾਲੇ ਨੂੰ ਜਾਂਦੀ ਹਾਂ। ਕੱਲ੍ਹ ਦੁਪਹਿਰ ਨੂੰ ਤੇਰੇ ਲਈ ਘਰੋਂ ਆਪ ਰੋਟੀ ਪਕਾ ਕੇ ਲਿਆਵਾਂਗੀ। ਤੂੰ ਕਾਲੇ ਦੀ ਰੋਟੀ ਖਾਵੀਂ।"

ਮੇਰਾ ਲੂੰ-ਲੂੰ 'ਹਾਂ' ਕਹਿ ਗਿਆ।

ਉਹ ਚਲੀ ਗਈ। ਗੁਰਦੁਆਰੇ ਅੰਦਰ ਦੋਵੇਂ ਸਾਥੀ ਸ਼ਾਇਰਾਂ ਕੋਲ ਮੈਂ ਵੀ ਜਾ ਬੈਠਾ। ਅਸੀਂ ਸ਼ਾਮ ਨੂੰ ਪੜ੍ਹਨ ਵਾਲੀਆਂ ਨਜ਼ਮਾਂ ਦੀ ਚੋਣ ਕਰਨ ਲੱਗੇ।

ਦੂਜੇ ਦਿਨ ਸਦੀਕਾਂ ਰੋਟੀ ਲੈ ਕੇ ਆਈ। ਗੁਰਦੁਆਰੇ ਤੋਂ ਬਾਹਰ ਇੱਕ ਰੁੱਖ ਥੱਲੇ ਅਸੀਂ ਬੈਠ ਗਏ, ਚਾਰ ਡੱਬਿਆਂ ਵਾਲੇ ਵੱਡੇ ਟਿਫ਼ਨ ਵਿਚ ਉਸ ਨੇ ਕਿੰਨਾ ਹੀ ਕੁਝ ਲਿਆਂਦਾ ਹੋਇਆ ਸੀ। ਮੈਨੂੰ ਆਦਤ ਹੈ, ਸਾਰੀ ਰੋਟੀ ਖਾਣ ਪਿੱਛੋਂ ਹੀ ਮੈਂ ਪਾਣੀ ਪੀਂਦਾ ਹਾਂ। ਵਿਚ ਦੀ ਸਦੀਕਾਂ ਨੇ ਪੁੱਛਿਆ ਵੀ, "ਪਾਣੀ ਪਾ ਦਿਆਂ?" ਪਰ ਮੈਂ ਕਹਿ ਦਿੱਤਾ, "ਕੋਈ ਗੱਲ ਨਹੀਂ, ਪਾਣੀ ਵੀ ਪੀ ਲਵਾਂਗਾ।"

ਮੇਰੇ ਕੋਲ ਬੈਠੀ ਉਹ ਸੰਵਾਰ-ਸੰਵਾਰ ਕੇ ਮੈਨੂੰ ਰੋਟੀ ਖਵਾ ਰਹੀ ਸੀ। ਮੇਰੀ ਮਾਂ ਮੈਨੂੰ ਇਸੇ ਤਰ੍ਹਾਂ ਐਨੇ ਹੀ ਚਾਅ ਨਾਲ ਰੋਟੀ ਖਵਾਇਆ ਕਰਦੀ ਸੀ। ਸਦੀਕਾਂ ਦੀਆਂ ਲਿਆਂਦੀਆਂ ਪਰੌਂਠੀਆਂ, ਆਲੂ-ਛੋਲਿਆਂ ਦੀ ਲਜ਼ੀਜ਼ ਸੁੱਕੀ ਸਬਜ਼ੀ, ਅੰਬ ਤੇ ਨਿੰਬੂ ਦਾ ਜ਼ਾਇਕੇਦਾਰ ਅਚਾਰ, ਅਣਗਾਲੇ ਦੁੱਧ ਵਿਚ ਰਿੰਨ੍ਹੀ ਰਬੜੀ ਵਰਗੀ ਮਿੱਠੀ ਤੇ ਖੋਪਾ-ਦਾਖਾਂ ਪਾ ਕੇ ਬਣਾਈ ਖੀਰ। ਸਭ ਕਾਸੇ ਵਿੱਚੋਂ ਮੈਨੂੰ ਉਹੀ ਸੁਆਦ ਆਇਆ, ਜਿਹੜਾ ਮਾਂ ਵੇਲੇ ਆਇਆ ਕਰਦਾ ਸੀ। ਮੈਂ ਦੁੱਗਣੀ ਰੋਟੀ ਖਾ ਗਿਆ ਹੋਵਾਂਗਾ। ਫਿਰ ਵੀ ਉਹ ਜ਼ਿੱਦ ਕਰ ਰਹੀ ਸੀ, "ਭੁੱਖਾ ਨਾ ਰਹੀਂ, ਵੀਰ ਵੇ।"

ਮਾਂ ਦੀ ਆਦਤ ਸੀ, ਉਹ ਰੋਟੀ ਵੇਲੇ ਪਾਣੀ ਨਹੀਂ ਦਿਆ ਕਰਦੀ ਸੀ। ਕਹਿ ਦਿੰਦੀ, "ਆਪੇ ਲੈ ਲੈ ਘੜੇ ਵਿੱਚੋਂ।" ਮੈਂ ਵੀ ਘੋਲ ਕਰ ਜਾਂਦਾ ਸਾਂ, ਸਾਰੀ ਰੋਟੀ ਖਾਣ ਪਿੱਛੋਂ ਹੀ ਪਾਣੀ ਪੀਂਦਾ। ਸਾਰੀ ਰੋਟੀ ਖਾਣ ਤੋਂ ਬਾਅਦ ਪਾਣੀ ਪੀਣ ਦੀ ਆਦਤ ਸ਼ਾਇਦ ਉਦੋਂ ਤੋਂ ਹੀ ਮੇਰੀ ਬਣ ਗਈ ਹੋਈ ਸੀ। ਰੋਟੀ ਖਾਣ ਪਿੱਛੋਂ ਘੜੇ ਦੇ ਗਲ਼ ਵਿੱਚ ਬਾਂਹ ਪਾ ਕੇ ਪਾਣੀ ਦੀ ਗੜਵੀ ਭਰਦਾ ਤੇ ਹੱਥ ਨਾਲ ਹੀ ਪੀ ਲੈਂਦਾ। ਬਾਅਦ ਵਿਚ ਜਿਹੜਾ ਡਕਾਰ ਆਉਂਦਾ, ਉਸ ਨਾਲ ਤਾਂ ਪੂਰਾ ਸੁਆਦ ਆ ਜਾਂਦਾ। ਉਸ ਤਰ੍ਹਾਂ ਦੀ ਸੁਆਦੀ ਰੋਟੀ ਮੁੜ ਸਾਰੀ ਉਮਰ ਨਹੀਂ ਮਿਲੀ ਸੀ। ਜਾਂ ਫਿਰ ਇਹ ਦਿਨ.....

ਸਦੀਕਾਂ ਵੱਲ ਭਰਪੂਰ ਨਿਗਾਹਾਂ ਭਰ ਕੇ ਤੇ ਫਿਰ ਆਲਾ-ਦੁਆਲਾ ਭਾਂਪ ਕੇ ਮੈਂ ਅੰਦਾਜ਼ਾ ਲਾਇਆ, ਪਾਣੀ ਕਿਤੇ ਨਹੀਂ ਸੀ। ਮੈਂ ਉਸ ਨੂੰ ਕਿਹਾ, "ਰੋਟੀ ਤਾਂ ਤੂੰ ਕਾਲੇ ਦੀ ਲੈ ਆਈ, ਪਾਣੀ ਹੁਣ ਕਿੱਥੋਂ ਪੀਵਾਂ?"

ਉਸ ਨੇ ਵੱਡੇ ਡੋਲੂ ਦਾ ਢੱਕਣ ਖੋਲ੍ਹਿਆ ਅਤੇ ਸਟੀਲ ਦਾ ਗਲਾਸ ਭਰ ਕੇ ਕਹਿਣ ਲੱਗੀ, "ਪਾਣੀ ਵੀ ਉੱਥੋਂ ਹੀ ਲੈ ਕੇ ਆਈ ਹਾਂ। ਤੁਹਾਡੇ ਘਰ ਵਾਲੀ ਖੂਹੀ ਦਾ ਹੈ।"

ਰੋਟੀ ਨਾਲ ਐਨਾ ਰੱਜ ਜਾਣ ਤੋਂ ਬਾਅਦ ਵੀ ਮੇਰਾ ਦਿਲ ਕਰਦਾ ਸੀ, ਸਾਰਾ ਡੋਲੂ ਪੀ ਜਾਵਾਂ!



# ਫੱਤੂ ਮਰਾਸੀ

**ਗੁਰਬਚਨ ਸਿੰਘ ਭੁੱਲਰ**

ਫੱਤੂ ਮਰਾਸੀ, ਉਹਦੀ ਘਰ-ਵਾਲੀ ਕਰੀਮਾ, ਉਹਦੇ ਦੋਵੇਂ ਪੁੱਤਰ, ਯੂਸਫ਼ ਅਤੇ ਹਮੀਦਾ ਇਕ ਦਿਨ ਅਚਨਚੇਤ ਪਾਕਿਸਤਾਨੋਂ ਮੁੜ ਕੇ ਪਿੰਡ ਆ ਗਏ। ਸਾਰੇ ਪਿੰਡ ਵਿਚ ਕਰਨ ਲਈ ਹੁਣ ਇਹੋ ਗੱਲ ਸੀ। ਲੋਕ ਫੱਤੂ ਅਤੇ ਉਹਦੇ ਟੱਬਰ ਨੂੰ ਦੇਖਣ ਗਏ। ਫੱਤੂ ਪਿੰਡ ਦੇ ਇਕੱਲੇ-ਇਕੱਲੇ ਘਰ ਫਿਰਿਆ। ਉਹਨੂੰ ਜਿਵੇਂ ਚਿਰਾਂ ਦੀ ਕੋਈ ਅਣਬੁਝ ਤੇਹ ਲੱਗੀ ਹੋਈ ਸੀ ਅਤੇ ਉਹ ਘਰੋ-ਘਰ ਫਿਰ ਕੇ ਮਿਲਣੀਆਂ ਦੀਆਂ ਘੁੱਟਾਂ ਭਰ-ਭਰ ਉਹਨੂੰ ਤ੍ਰਿਪਤ ਕਰਦਾ ਫਿਰਦਾ ਸੀ। ਉਹ ਇੱਕ ਘਰੋਂ ਨਿਕਲਦਾ ਅਤੇ ਦੂਜੇ ਘਰ ਜਾ ਕੇ ਕਹਿੰਦਾ, "ਚਾਚੀ ਮੱਥਾ ਟੇਕਦਾਂ...ਸੌਣ ਸਿਆਂ ਭਰਾਵਾ ਸਾਹ ਸ੍ਰੀ ਕਾਲ.....ਦਿਆਲ ਕੁਰੇ, ਪ੍ਰਭਾਣੀਏ, ਆਹ ਗੁੱਡੀ ਐ? ਮਰ-ਜਾਣੀ ਮੇਰੇ ਪਿਛੋਂ-ਪਿਛੋਂ ਹੀ ਸੁੱਖ ਨਾਲ ਮੁਟਿਆਰ ਹੋ ਗਈ।"

ਪਿੰਡ ਦੇ ਪੁਰਾਣੇ ਬੰਦਿਆਂ-ਬੁੜ੍ਹੀਆਂ ਕੋਲ ਉਹ ਕਿੰਨਾ-ਕਿੰਨਾ ਚਿਰ ਬੈਠਾ ਰਹਿੰਦਾ, ਦੁੱਖ-ਸੁੱਖ ਦੀਆਂ, ਘਰ-ਬਾਹਰ ਦੀਆਂ, ਸਾਕ-ਸੰਬੰਧੀਆਂ ਦੀਆਂ ਗੱਲਾਂ ਪੁੱਛਦਾ-ਦੱਸਦਾ ਰਹਿੰਦਾ। ਲੋਕਾਂ ਨੂੰ ਮਿਲਦਿਆਂ ਉਹਦੇ ਅੰਦਰ ਅਕਸਰ ਮੋਹ ਦੀ ਇਕ ਛੱਲ ਜਿਹੀ ਉੱਠਦੀ ਅਤੇ ਉਹਦਾ ਗੱਲ ਭਰ ਆਉਂਦਾ। ਕਈ ਦਿਨ ਫੱਤੂ ਪਿੰਡ ਦੀਆਂ ਗਲੀਆਂ ਵਿਚ ਭੌਂਦਾ ਫਿਰਿਆ। ਕਰੀਮਾ ਪਿੰਡ ਦੀਆਂ ਬੁੜ੍ਹੀਆਂ ਨੂੰ ਮਿਲਦੀ ਤੇ ਦੁੱਖ-ਸੁੱਖ ਕਰਦੀ ਰਹੀ।

ਫੱਤੂ, ਸੁਖਵੰਤ ਦੇ ਪਿੰਡ ਦਾ ਜੱਦੀ ਮਰਾਸੀ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਜਦੋਂ ਸੁਖਵੰਤ ਅਜੇ ਪਿੰਡ ਦੇ ਮਿਡਲ ਸਕੂਲ ਵਿਚ ਪੜ੍ਹਦਾ ਸੀ, ਫੱਤੂ ਦਾ ਮੁੰਡਾ ਯੂਸਫ਼ ਉਹਦਾ ਜਮਾਤੀ ਸੀ। ਭਾਵੇਂ ਯੂਸਫ਼ ਲਾਗੀਆਂ ਦਾ ਮੁੰਡਾ ਸੀ, ਪਰ ਉਹਨਾਂ ਦੋਵਾਂ ਦੀ ਵਾਹਵਾ ਯਾਰੀ ਸੀ। ਕਈ ਵਾਰ ਸੁਖਵੰਤ ਉਹਦੇ ਨਾਲ ਉਹਦੇ ਘਰ ਚਲਿਆ ਜਾਂਦਾ। ਜਿਸ ਦਿਨ ਯੂਸਫ਼ ਦੀ ਸੁੰਨਤ ਹੋਈ ਸੀ, ਉਹਨਾਂ ਦੇ ਘਰ ਉਹਨੇ ਰੱਜ-ਰੱਜ ਕੇ ਸ਼ੱਕਰ ਖਾਧੀ ਸੀ। ਯੂਸਫ਼ ਆਪਣੇ ਤਾਏ ਦੇ ਪੁੱਤਰਾਂ-ਧੀਆਂ ਦੀ ਰੀਸ ਨਾਲ ਫੱਤੂ ਨੂੰ ਚਾਚਾ ਕਹਿੰਦਾ ਸੀ। ਫੱਤੂ ਸੁਖਵੰਤ ਦੇ ਬਾਪੂ ਨਾਲੋਂ ਸੀ ਵੀ ਛੋਟਾ, ਉਹ ਵੀ ਉਹਨੂੰ ਚਾਚਾ ਆਖ ਕੇ ਬੁਲਾਉਂਦਾ।

1947 ਦਾ ਸਾਲ ਚੜ੍ਹਿਆ। ਦੂਰੋਂ-ਨੇੜਿਉਂ, ਮੰਦੀਆਂ-ਮੰਦੀਆਂ ਕਨਸੋਆਂ ਆਉਣ ਲੱਗੀਆਂ। ਪਰ ਲੋਕਾਂ ਨੂੰ ਸੱਚ ਨਹੀਂ ਸੀ ਆਉਂਦਾ। ਇਹ ਕਿਵੇਂ ਹੋ ਸਕਦਾ ਸੀ? ਛੇਕੜ ਕੱਟਾ-ਵੱਢੀ ਇਸ ਇਲਾਕੇ ਵਿਚ ਵੀ ਸ਼ੁਰੂ ਹੋ ਗਈ। ਫੱਤੂ ਦਾ ਵਿਚਕਾਰਲਾ ਪੁੱਤਰ ਬਸ਼ੀਰਾ ਨਾਨਕੀਂ ਗਿਆ ਹੋਇਆ ਸੀ ਅਤੇ ਖ਼ਬਰ ਆਈ ਕਿ ਉਥੇ ਸਭ ਮੁਸਲਮਾਨ ਵੱਢ ਦਿੱਤੇ ਗਏ ਸਨ। ਫੱਤੂ ਦੀ ਪਿਛੇ ਜਿਹੇ ਵਿਆਹੀ ਧੀ ਨਿਆਮਤ ਦੇ ਸਹੁਰੇ ਪਿੰਡ ਵੀ ਇਹੋ ਭਾਣਾ ਵਰਤ ਗਿਆ ਸੀ। ਪਰ ਕਿਸੇ ਦੀ ਖ਼ਬਰ ਲੈਣ ਦੀ ਸੁਰਤ ਕੀਹਨੂੰ ਸੀ?

ਗੱਲਾਂ ਹੋਣ ਲੱਗੀਆਂ ਕਿ ਦੋ-ਚਾਰ ਦਿਨਾਂ ਵਿਚ ਹੀ ਇਲਾਕੇ ਦੀਆਂ ਧਾੜਾਂ ਨੇ ਪਿੰਡ ਉੱਤੇ ਧਾਵਾ ਬੋਲਣਾ ਸੀ। ਖ਼ੁਦ ਇਸ ਪਿੰਡ ਦੇ ਬਦਮਾਸ਼ ਗੰਡਾਸੇ ਰੇਤਣ ਲੱਗ ਪਏ ਸਨ। ਕੁਝ ਕੁ ਜ਼ੋਰ ਵਾਲੇ ਸਿਆਣੇ ਲੋਕਾਂ ਨੇ ਸਲਾਹ ਕੀਤੀ ਅਤੇ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ ਪਹਿਰੇ ਹੇਠ ਫ਼ੀਰੋਜ਼ਪੁਰ ਕੋਲੋਂ ਹੱਦ ਪਾਰ ਕਰਵਾ ਦਿੱਤੀ।

ਪਿੱਛੋਂ ਪਤਾ ਲੱਗਿਆ ਬਸ਼ੀਰੇ ਦੇ ਸਿਰ ਵਿਚ ਵੱਜਿਆ ਗੰਡਾਸਾ ਉਹਦੇ ਨੱਕ ਤੱਕ ਧੱਸ ਗਿਆ ਸੀ ਅਤੇ ਨਿਆਮਤ ਦੇ ਘਰ ਵਾਲਿਆਂ ਨੂੰ ਵੱਢ ਕੇ ਬਦਮਾਸ਼ ਉਹਨੂੰ ਚੁੱਕ ਕੇ ਲੈ ਗਏ ਸਨ।

ਉਧਰੋਂ ਫੱਤੂ ਦੀਆਂ ਅਤੇ ਪਿੰਡ ਦੇ ਹੋਰ ਕਈ ਮੁਸਲਮਾਨਾਂ ਦੀਆਂ ਚਿੱਠੀਆਂ ਆਉਣ ਲੱਗੀਆਂ। ਉਹ ਜੋ ਕੁਝ ਤਰਦਾ-ਤਰਦਾ ਘਰਾਂ ਤੋਂ ਚੁੱਕ ਕੇ ਲੈ ਗਏ ਸਨ, ਉਹ ਹੱਦ ਪਾਰ ਕਰਦਿਆਂ ਖੁਹਾ ਗਏ ਸਨ ਅਤੇ "ਮੋਮਨਾਂ ਦੀ ਧਰਤੀ" ਉੱਤੇ ਉਹਨਾਂ ਨੇ ਖ਼ਾਲੀ ਹੱਥੀਂ ਪੈਰ ਪਾਇਆ ਸੀ। ਫੱਤੂ ਦੀਆਂ ਕਈ ਚਿੱਠੀਆਂ ਸੁਖਵੰਤ ਦੇ ਬਾਪੂ, ਸੇਵਾ ਸਿੰਘ ਨੂੰ ਆਈਆਂ। ਉਹਨਾਂ ਵਿਚ ਆਮ ਸੁੱਖ-ਸਾਂਦ ਤੋਂ ਇਲਾਵਾ ਇਕੋ ਗੱਲ ਪੁੱਛੀ ਹੋਈ ਹੁੰਦੀ-ਬਸ਼ੀਰੇ ਤੇ ਨਿਆਮਤ ਦੇ ਥਹੁ-ਪਤੇ ਬਾਰੇ।

ਪਿੱਛੇ ਰਹਿ ਗਏ ਮੁਟਿਆਰ ਧੀ ਅਤੇ ਜਵਾਨ ਮੁੰਡਾ ਜਦੋਂ ਫੱਤੂ ਨੂੰ ਯਾਦ ਆਉਂਦੇ, ਉਹਦੀ ਧਾਹ ਨਿਕਲ ਜਾਂਦੀ। ਇਹ ਰੁਦਣ ਉਹਦੀਆਂ ਚਿੱਠੀਆਂ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦਾ। ਉਹਨੇ ਹਿੰਦੁਸਤਾਨ ਵਿਚ ਰਹਿ ਗਏ ਬੰਦੇ ਲਿਆਉਣ ਵਾਲੀ ਪਾਕਿਸਤਾਨੀ ਪੁਲਿਸ ਕੋਲ ਮੁੜ-ਮੁੜ ਨੱਕ ਰਗੜਿਆ ਕਿ ਉਹ ਉਹਨੂੰ ਵੀ ਲੈ ਜਾਣ, ਤਾਂ ਜੋ ਉਹ ਆਪਣੀਆਂ ਆਂਦਰਾਂ ਦੇ ਟੋਟੇ ਭਾਲ ਲਿਆਵੇ। ਪਰ ਉਹਨੂੰ ਹਰ ਵਾਰ ਇਹੋ ਉੱਤਰ ਮਿਲਦਾ ਕਿ ਉਹ ਉਧਰੋਂ ਪਤਾ ਮੰਗਵਾਵੇ, ਉਹਦੇ ਧੀ ਪੁੱਤਰ ਕਿੱਥੇ ਸਨ ਅਤੇ ਉਹਨੂੰ ਨਾਲ ਲੈ ਕੇ ਕਢਵਾ ਲਿਆਉਣਗੇ। ਉਹ ਸੇਵਾ ਸਿੰਘ ਨੂੰ ਬੇਨਤੀਆਂ ਕਰਦਾ ਕਿ ਉਹ ਬੱਸ ਇਕ ਵਾਰ ਉਹਦੇ ਬੱਚਿਆਂ ਦੇ ਥਾਂ-ਟਿਕਾਣੇ ਦੀ ਸੂਹ ਦੇਵੇ...।

ਪਰ ਸੇਵਾ ਸਿੰਘ ਦਾ ਹੌਸਲਾ ਨਾ ਪਿਆ ਕਿ ਉਹ ਸੱਚ ਲਿਖ ਭੇਜੇ। ਉਹਨੇ ਜਵਾਬ ਵਿਚ ਲਿਖ ਦਿੱਤਾ ਕਿ ਉਹਨੀਂ ਦੋਹੀਂ ਪਿੰਡੀ ਕੁਝ ਮੁਸਲਮਾਨ ਮਾਰੇ ਗਏ ਸਨ ਅਤੇ ਬਾਕੀ ਬਚ ਕੇ ਭੱਜ ਗਏ ਸਨ। ਬਸ਼ੀਰੇ ਅਤੇ ਕੁੜੀ ਦਾ ਕੋਈ ਪਤਾ ਨਹੀਂ ਸੀ, ਕੀ ਬਣਿਆ।

ਤੇ ਫੇਰ ਇਹ ਚਿੱਠੀਆਂ ਵੀ ਬੰਦ ਹੋ ਗਈਆਂ।

ਅਸਮਾਨ ਉੱਤੇ ਚੜ੍ਹੀ ਹਨੇਰੀ ਉੱਤਰ ਗਈ, ਲੋਕੀਂ ਕੀਤੇ ਉਤੇ ਪਛਤਾਉਣ ਲੱਗੇ। ਫੱਤੂ ਮਰਾਸੀ ਵਰਗੇ ਬੰਦੇ ਅਕਸਰ ਯਾਦ ਕੀਤੇ ਜਾਂਦੇ। ਸੁਖਵੰਤ ਤੋਂ ਆਪਣਾ ਬੇਲੀ ਯੂਸਫ਼ ਭੁਲਾਇਆਂ ਨਾ ਭੁੱਲਦਾ। ਵਰ੍ਹੇ ਬੀਤਦੇ ਗਏ ਅਤੇ ਸੰਤਾਲੀ ਤੋਂ ਪਹਿਲਾਂ ਦੀਆਂ ਗੱਲਾਂ ਸੰਤਾਲੀ ਤੋਂ ਪਹਿਲਾਂ ਦੇ ਬੰਦੇ, ਲੋਕਾਂ ਦੇ ਚੇਤਿਆਂ ਵਿਚ ਕੁਝ ਮੱਧਮ ਪੈਣ ਲੱਗ ਪਏ।

ਸੁਖਵੰਤ ਕਈ ਵਾਰ ਫੱਤੂ ਦੇ ਘਰ ਅੱਗੋਂ ਲੰਘਦਾ ਤਾਂ ਉਹਦੇ ਪੈਰ ਜਿਵੇਂ ਰੁਕ ਜਾਂਦੇ। ਉਹਨਾਂ ਦਾ ਘਰ ਕਿਸੇ ਨੂੰ ਅਲਾਟ ਨਹੀਂ ਸੀ ਹੋਇਆ। ਇਸ ਪਿੰਡ ਦੇ ਸਾਰੇ ਮੁਸਲਮਾਨ ਬੇਜ਼ਮੀਨੇ ਲਾਗੀ ਸਨ। ਜ਼ਮੀਨਾਂ ਵਾਲੇ ਮੁਸਲਮਾਨਾਂ ਦੇ ਪਿੰਡਾਂ ਦੀਆਂ ਘਰ-ਜ਼ਮੀਨਾਂ ਪਾਕਿਸਤਾਨੋਂ ਆਏ ਲੋਕਾਂ ਨੂੰ ਅਲਾਟ ਹੋ ਗਈਆਂ ਸਨ, ਪਰ ਇਹੋ ਜਿਹੇ ਪਿੰਡਾਂ ਵਿਚ ਨਾ ਕੋਈ 'ਪਾਕਿਸਤਾਨੀ' ਆਇਆ ਅਤੇ ਨਾ ਮੁਸਲਮਾਨਾਂ ਦੇ ਘਰਾਂ ਦਾ ਕੁਝ ਬਣਿਆ। ਜਾਂ ਉਹ



ਨਾਲ ਲੱਗਦੇ ਘਰਾਂ ਵਾਲਿਆਂ ਨੇ ਰੋਕ ਲਏ ਅਤੇ ਜਾਂ ਸੁੰਨੇ ਪਏ ਢਹਿ ਗਏ ਅਤੇ ਲੋਕਾਂ ਨੇ ਉਥੇ ਰੂੜੀਆਂ ਲਾ ਲਈਆਂ। ਫੱਤੂ ਦੇ ਘਰ ਦੇ ਇੱਟਾਂ-ਰੋੜੇ ਹੌਲੀ-ਹੌਲੀ ਇਧਰ-ਉਧਰ ਹੋ ਗਏ ਅਤੇ ਹੁਣ ਉਥੇ ਰੜਾ-ਮੈਦਾਨ ਸੀ, ਜਿਥੇ ਆਮ ਕਰਕੇ ਰਿਆਹ ਡੰਗਰ ਬੈਠੇ ਜੁਗਾਲੀ ਕਰਦੇ ਰਹਿੰਦੇ।

ਜਦੋਂ ਫੱਤੂ ਮਰਾਸੀ, ਉਹਦੀ ਘਰਵਾਲੀ ਕਰੀਮਾ, ਉਹਦੇ ਪੁੱਤਰ ਯੂਸਫ਼ ਅਤੇ ਹਮੀਦਾ ਮੁੜ ਕੇ ਪਿੰਡ ਆਏ, ਘਰ ਦੀ ਥਾਂ ਰੜਾ-ਮੈਦਾਨ ਵੇਖ ਕੇ ਇਕ ਵਾਰ ਤਾਂ ਉਹ ਦਿਲਗੀਰ ਹੋ ਗਏ। ਪਰ ਲੋਕਾਂ ਨੇ ਉਹਨਾਂ ਨੂੰ ਦਿਲਾਸਾ ਦਿੱਤਾ। ਜੇ ਹੁਣ ਉਹ ਰਹਿਣ ਲਈ ਆਏ ਸਨ, ਤਾਂ ਕੋਈ ਫ਼ਿਕਰ ਵਾਲੀ ਗੱਲ ਨਹੀਂ ਸੀ। ਸਭ ਉਹਨਾਂ ਦੇ ਨਾਲ ਸਨ।

ਕਿਤੋਂ ਕੱਚੀਆਂ ਇੱਟਾਂ, ਕਿਤੋਂ ਪੱਕੇ ਰੋੜੇ, ਕਿਤੋਂ ਸ਼ਤੀਰ, ਕਿਤੋਂ ਕੜੀਆਂ, ਅਤੇ ਫੱਤੂ ਮਰਾਸੀ ਨੇ ਦੋ ਕੋਠੜੀਆਂ ਛੱਤ ਕੇ ਬਾਹਰਲੀ ਕੰਧ ਕਢਵਾ ਲਈ। ਕਈ ਦਿਨ ਉਹ ਘਰ-ਘਰ ਅੱਲਾ-ਖ਼ੈਰ ਜਗਾਉਂਦਾ ਅਤੇ ਲੋੜੀਂਦੀਆਂ ਚੀਜ਼ਾਂ ਲਿਆਉਂਦਾ ਫਿਰਿਆ।

ਕੋਠੜੀਆਂ ਦੀ ਛਤਾਈ ਤੋਂ ਵਿਹਲਾ ਹੋ ਕੇ ਉਹਨੇ ਨਵੇਂ ਬਦਲ ਕੇ ਆਏ ਕਿਸੇ ਕਰਮਚਾਰੀ ਵਾਂਗ ਆਪਣੀ ਥਾਂ ਸੰਭਾਲ ਲਈ। ਪਿੰਡ ਵਿਚ ਕਿਸੇ ਦੇ ਵਿਆਹ ਹੁੰਦਾ ਜਾਂ ਮਰਨਾ, ਉਹ ਅੱਲਾ-ਖ਼ੈਰ ਆਖ ਕੇ ਵਿਹੜੇ ਵਿਚ ਜਾ ਬੈਠਦਾ। ਜੋ-ਜੋ ਕੰਮ ਕਹੇ ਜਾਂਦੇ, ਉਹ ਭੱਜ-ਭੱਜ ਕਰਦਾ ਰਹਿੰਦਾ। ਜਿਸ ਬੰਦੇ ਨੂੰ ਬੁਲਾਉਣ ਲਈ ਕਿਹਾ ਜਾਂਦਾ, ਉਹ ਭੱਜ-ਭੱਜ ਬੁਲਾ ਲਿਆਉਂਦਾ। ਉਹਦਾ ਛੋਟਾ ਪੁੱਤਰ ਹਮੀਦਾ, ਜੀਹਨੇ ਪਾਕਿਸਤਾਨ ਵਿਚ ਨਾਈ ਦਾ ਕੰਮ ਸਿੱਖ ਲਿਆ ਸੀ, ਸ਼ਹਿਰ ਦੇ ਇਕ ਹਜਾਮ ਕੋਲ ਨੌਕਰ ਰਹਿ ਪਿਆ। ਉਹਦਾ ਵੱਡਾ ਪੁੱਤਰ ਯੂਸਫ਼ ਵਿਆਹ-ਸਾਹਿਆਂ ਦੀਆਂ ਗੰਢਾਂ ਜਾਂ ਸੋਗ ਦੀਆਂ ਸੁਣਾਉਣੀਆਂ ਦੇਣ ਲੋਕਾਂ ਦੀਆਂ ਸਾਕ-ਸਕੀਰੀਆਂ ਵਾਲੇ ਪਿੰਡਾਂ ਵਿਚ ਜਾਂਦਾ।

ਹਾੜ੍ਹੀ ਦੀ ਫ਼ਸਲ ਪੱਕਣ ਉੱਤੇ ਆ ਗਈ। ਹੁਣ ਤੱਕ ਫੱਤੂ ਨੇ ਕੁਝ ਪੈਸੇ ਤਾਂ ਆਪ ਜੋੜ ਲਏ ਸਨ ਅਤੇ ਕੁਝ ਰਕਮ ਉਹਨੇ ਘਰ-ਘਰ ਤੋਂ ਉਗਰਾਹ ਲਈ ਅਤੇ ਇੱਕ ਟੱਟੂ ਤੇ ਟੈਰ ਖ਼ਰੀਦ ਲਏ। ਹਾੜ੍ਹੀਆਂ ਵੱਢਦੇ ਜੱਟਾਂ ਤੋਂ ਉਹਨੇ ਲਾਂਗਾ ਲੈ-ਲੈ ਵਾਹਵਾ ਹੱਥ ਸੁਖਾਲਾ ਕਰ ਲਿਆ ਅਤੇ ਉਹ ਪਹਿਲਾਂ ਵਾਂਗ ਹੀ ਸੌਖੇ ਦਿਨ ਲੰਘਾਉਣ ਲੱਗੇ।

ਭਾਵੇਂ ਫੱਤੂ ਹੁਣ ਉਸੇ ਤਰ੍ਹਾਂ ਸੰਤੁਸ਼ਟ ਸੀ, ਜਿਵੇਂ ਕੋਈ ਦੇਸ਼-ਨਿਕਾਲਾ ਕੱਟ ਕੇ ਵਾਪਸ ਆਇਆ ਮਨੁੱਖ ਹੋ ਸਕਦਾ ਹੈ, ਪਰ ਬਸ਼ੀਰੇ ਅਤੇ ਨਿਆਮਤ ਦੀ ਯਾਦ ਉਹਦੀ ਹਿੱਕ ਵਿਚ ਫੋੜਾ ਬਣ ਗਈ ਸੀ। ਕਈ ਵਾਰ ਉਹ ਘਰ ਦੇ ਵਿਹੜੇ ਦੀ ਕੰਧ ਨਾਲ ਪਿੱਠ ਲਾ ਕੇ ਬੈਠ ਜਾਂਦਾ ਅਤੇ ਹੁੱਕੇ ਦੀ ਨੜੀ ਮੂੰਹ ਵਿਚ ਲੈ ਕੇ ਅੱਖਾਂ ਮੀਟ ਲੈਂਦਾ। ਉਹਨੂੰ ਲੱਗਦਾ ਜਿਵੇਂ ਬਸ਼ੀਰਾ ਅਤੇ ਨਿਆਮਤ ਵਿਹੜੇ ਵਿਚ ਖੇਡ ਰਹੇ ਹੋਣ, ਗਲੀ ਵਿਚ ਭੱਜ ਰਹੇ ਹੋਣ। ਜਿਵੇਂ ਬਸ਼ੀਰਾ ਬਸਤਾ ਬੰਨ੍ਹ ਕੇ ਸਕੂਲ ਜਾ ਰਿਹਾ ਹੋਵੇ ਅਤੇ ਨਿਆਮਤ ਕਰੀਮਾ ਨਾਲ ਕੰਮ ਵਿਚ ਹੱਥ ਵਟਾ ਰਹੀ ਹੋਵੇ ਤੇ ਫੇਰ ਉਹਨੂੰ ਉਹ ਕਹਿਰ-ਭਰੇ ਦਿਨ ਯਾਦ ਆਉਂਦੇ....।

ਅੱਗੇ ਤੋਂ ਕੁਝ ਸੋਚਿਆ ਨਾ ਜਾਂਦਾ। ਹੁੱਕੇ ਦੀ ਨੜੀ ਉਹਦੀ ਖਾਖ ਵਿਚੋਂ ਬਾਹਰ ਲਟਕ ਜਾਂਦੀ ਅਤੇ ਦੋ ਪਤਲੀਆਂ ਧਾਰਾਂ ਬਣ ਕੇ ਉਹਦੇ ਹੰਝੂ ਗੱਲ੍ਹਾਂ ਉੱਤੋਂ ਦੀ ਵਗ ਕੇ ਦਾੜ੍ਹੀ ਤੇ ਪੈਂਦੇ। ਉਹ ਮਨ ਨੂੰ ਢਾਰਸ ਬੰਨ੍ਹਾਉਂਦਾ ਅਤੇ ਕੁੜਤੇ ਦੇ ਲੜ ਨਾਲ ਅੱਖਾਂ ਪੂੰਝ ਕੇ ਸੰਭਲ ਜਾਂਦਾ ਤੇ ਕੰਮ-ਧੰਦਿਆਂ ਵਿਚ ਆਪਣੇ ਆਪ ਨੂੰ ਗੁਆ ਕੇ ਜਿਵੇਂ ਸਭ ਕੁਝ ਭੁੱਲ ਜਾਣ ਦਾ ਯਤਨ ਕਰਦਾ ਰਹਿੰਦਾ।

ਇਕ ਦਿਨ ਮੰਡੀ ਨੂੰ ਜਾਂਦੇ ਸੁਖਵੰਤ ਨੂੰ ਰਾਹ ਵਿਚ ਫੱਤੂ ਮਿਲ ਪਿਆ ਅਤੇ ਉਹਨੇ ਉਹਦੇ ਤਾਏ ਦੇ ਪੁੱਤਰ ਦੇ ਵਿਆਹ ਦੀ ਤਰੀਕ ਪੁੱਛੀ। ਸੱਤ ਦਿਨ ਦੱਸੇ ਜਾਣ ਉੱਤੇ ਉਹ ਬੋਲਿਆ, "ਚੰਗੀ ਗੱਲ, ਪ੍ਰਭਾ, ਓਦੋਂ ਤੱਕ ਮੈਂ ਬੋਹੜਾਂ ਵਾਲੀ ਢਾਬ ਪੁਟਵਾ ਲਊਂ। ਇਉਂ ਲੱਗਦਾ ਐ ਜਿਵੇਂ ਮੇਰੇ ਮਗਰੋਂ ਨੱਗਰਖੇੜਾ ਢਾਬ ਪੁੱਟਣੀ ਹੀ ਭੁੱਲ ਗਿਆ ਹੋਵੇ। ਮੀਂਹ ਪੈਣਗੇ, ਪੱਟੇ ਹੋਏ ਟੋਭੇ ਵਿਚ ਮੱਝਾਂ 'ਰਾਮ ਨਾਲ ਬੈਠਣਗੀਆਂ। ਨਾਲੇ ਢਾਬ ਕਿਨਾਰੇ ਦੇ ਸਾਰੇ ਪਿੱਪਲਾਂ-ਬੋਹੜਾਂ ਦੁਆਲਿਉਂ ਮਿੱਟੀ ਖੁਰ-ਖੁਰ ਕੇ ਉਹਨਾਂ ਦੀਆਂ ਜੜ੍ਹਾਂ ਨੰਗੀਆਂ ਹੋਈਆਂ ਪਈਆਂ ਨੇ।"

ਪਾਕਿਸਤਾਨ ਬਣਨ ਤੋਂ ਪਹਿਲਾਂ ਹਰ ਸਾਲ ਫੱਤੂ ਆਹਰ ਕਰਦਾ ਅਤੇ ਬੋਹੜਾਂ ਵਾਲੀ ਢਾਬ ਪੁੱਟੀ ਜਾਂਦੀ। ਉਹਦਾ ਢੋਲ ਗੂੰਜਦਾ, ਹੋਰ ਗੂੰਜਦਾ ਰਹਿੰਦਾ ਅਤੇ ਹੇਠ ਕਹੀਆਂ ਡੂੰਘੀਆਂ, ਹੋਰ ਡੂੰਘੀਆਂ ਧਸਦੀਆਂ ਰਹਿੰਦੀਆਂ। ਚੁਫੇਰੇ ਖੜ੍ਹੇ ਦਰਖਤਾਂ ਹੇਠ ਚੌਂਤਰੇ ਬੱਝ ਜਾਂਦੇ। ਇਹਨਾਂ ਸਾਲਾਂ ਵਿਚ ਇਕ-ਦੋ ਵਾਰ ਢਾਬ ਦੀ ਮਿੱਟੀ ਕੱਢੀ ਤਾਂ ਗਈ, ਪਰ ਨਾ-ਬਰਾਬਰ।

ਸੁਖਵੰਤ ਨੇ ਕਿਹਾ, "ਚਾਚਾ, ਤੇਰੇ ਬਿਨਾਂ ਜੇ ਢਾਬ ਪੱਟੀ ਵੀ, ਤਾਂ ਵੀ ਨਾ-ਹੋਇਆਂ ਵਰਗੀ ਤੂੰ ਹੀ ਹਿੰਮਤ ਕਰੇਂ, ਤਾਂ ਗੱਲ ਬਣੇ।"

ਤੇ ਫੱਤੂ ਨੇ ਢਾਬ ਪੁੱਟਣ ਦਾ ਹੋਕਾ ਦੇ ਦਿੱਤਾ। ਅਗਲੇ ਦਿਨ ਲੋਕ ਕਹੀਆਂ ਲੈ ਕੇ ਜਾ ਜੁੱਟੇ। ਫੱਤੂ ਢੋਲ ਵਜਾਉਂਦਾ ਹੋਇਆ ਕਦੀ ਢਾਬ ਪੁੱਟਦਿਆਂ ਨੂੰ ਹੱਲਾਸ਼ੇਰੀ ਦਿੰਦਾ ਅਤੇ ਕਦੀ ਪਿੰਡ ਵਿਚ ਗੇੜਾ ਦੇ ਕੇ ਹੋਰ-ਹੋਰ ਲੋਕਾਂ ਨੂੰ ਘਰਾਂ ਵਿਚੋਂ ਕੱਢਦਾ ਤੇ ਬੁੜ੍ਹੀਆਂ ਨੂੰ ਗੁੜ-ਚਾਹ ਤੇ ਦੁੱਧ ਭੇਜਣ ਲਈ ਆਖਦਾ।

ਤਿੰਨ ਦਿਨਾਂ ਵਿਚ ਲੋਕਾਂ ਨੇ ਭੂਤਾਂ ਵਾਂਗ ਲੱਗ ਕੇ ਸਾਰੀ ਢਾਬ ਪੁੱਟ ਸੁੱਟੀ ਅਤੇ ਫੱਤੂ ਨੇ ਢੋਲ ਗਲੋਂ ਲਾਹਿਆ।

ਕੱਲ੍ਹ ਤੋਂ ਉਹ ਸੁਖਵੰਤ ਦੇ ਤਾਏ ਦੇ ਘਰ, ਵਿਆਹ ਵਿਚ ਊਰੀ ਵਾਂਗ ਘੁੰਮਦਾ ਫਿਰਦਾ ਸੀ। ਇਸ ਵਿਆਹ ਵਿਚ ਲਿਖਾ-ਪੜ੍ਹੀ ਵਾਲਾ, ਗਿਣਤੀ-ਮਿਣਤੀ ਵਾਲਾ ਸਾਰਾ ਕੰਮ ਸੁਖਵੰਤ ਜ਼ਿੰਮੇ ਲੱਗਿਆ ਹੋਇਆ ਸੀ। ਕੱਲ੍ਹ ਮੰਜੇ-ਬਿਸਤਰੇ ਇਕੱਠੇ ਕੀਤੇ ਸਨ। ਫੱਤੂ ਦੋ ਲਾਗੀਆਂ ਨੂੰ ਨਾਲ ਲੈ ਕੇ ਸੱਤ-ਅੱਠ ਘਰ ਪੁੱਛ ਜਾਂਦਾ ਅਤੇ ਵਾਪਸ ਆ ਕੇ ਇਕੱਠੇ-ਇਕੱਠੇ ਮੰਜੇ-ਬਿਸਤਰੇ ਉੱਤੇ ਸੁਖਵੰਤ ਤੋਂ ਮਾਲਕ ਦੇ ਨਾਂ ਵਾਲੀਆਂ ਪਰਚੀਆਂ ਲੁਆ ਦਿੰਦਾ। ਅੱਜ ਪਿਛਲੇ ਪਹਿਰ ਨਿਉਂਦਾ ਪੈਣਾ ਸੀ ਅਤੇ ਸੁਖਵੰਤ ਨੇ ਤਾਏ ਦੀ ਵਹੀ ਫਰੋਲ ਕੇ, ਜਿਨ੍ਹਾਂ ਘਰਾਂ ਨਾਲ ਉਹਨਾਂ ਦਾ ਨਿਉਂਦਾ-ਸਲਾਮੀ ਦਾ ਲੈਣ-ਦੇਣ ਸੀ, ਉਹਨਾਂ ਘਰਾਂ ਦੀ ਸੂਚੀ ਕਾਪੀ ਉੱਤੇ ਬਣਾ ਲਈ ਸੀ।

ਫੱਤੂ ਨੇ ਸੁਖਵੰਤ ਨੂੰ ਕਿਹਾ ਕਿ ਉਹ ਉਹਨੂੰ ਇਕ ਪਾਸੇ ਪੰਦਰਾਂ-ਵੀਹ ਘਰ ਗਿਣਾ ਦੇਵੇ। ਫੇਰ ਉਹ ਦੂਜੇ ਪਾਸੇ ਘਰਾਂ ਦੇ ਨਾਂ ਪੁੱਛ ਕੇ ਉਧਰ ਚਲਿਆ ਜਾਵੇਗਾ।

ਸੁਖਵੰਤ ਨੇ ਫੱਤੂ ਨੂੰ ਇਕੋ ਪਾਸੇ ਦੇ ਅਠਾਰਾਂ ਘਰ ਗਿਣਾ ਦਿੱਤੇ। ਉਹਨੇ ਇਕ ਵਾਰ ਉਹਨਾਂ ਸਾਰੇ ਘਰਾਂ ਦਾ ਨਕਸ਼ਾ ਦਿਮਾ.ਗ ਵਿਚ ਬਣਾਇਆ। ਫੇਰ ਆਪਣੀ ਤਰਤੀਬ ਅਨੁਸਾਰ ਉਹਨੇ ਅਠਾਰਾਂ ਘਰ ਸੁਖਵੰਤ ਸਾਹਮਣੇ ਗਿਣੇ-ਚਾਰੇ ਘਰ ਦਫ਼ੇਦਾਰਾਂ ਦੇ, ਤਿੰਨ ਘਰ ਸਰਪੰਚ ਕੇ, ਤਿੰਨੇ ਘਰ ਨੰਗ ਪੈਰਿਆਂ ਦੇ, ਦੋਵੇਂ ਘਰ ਚਿੜੀਮਾਰਾਂ ਦੇ, ਸੁਰਜਨ ਕਾ, ਗੋਧੇ ਕਾ, ਮੱਖਣ



ਸਿਉਂ ਕਾ, ਦਰਬਾਰਾ ਸਿਉਂ ਕਾ, ਦਿਆਲੇ ਕਾ, ਸੁਰਤੇ ਕਾ। ਤੇ ਉਹ ਖੱਬੇ ਮੋਢੇ ਉੱਤੇ ਪਰਨਾ ਠੀਕ ਕਰਦਿਆਂ, ਨਿੰਮ ਨਾਲ ਖੜ੍ਹੀ ਕੀਤੀ ਹੋਈ ਸੋਟੀ ਚੁੱਕ ਕੇ ਤਿੱਖੀ ਤੋਰ ਤੁਰ ਗਿਆ।

ਸੁਖਵੰਤ ਫੱਤੂ ਦੇ ਅਤੇ ਮਰਾਸੀ ਜ਼ਾਤ ਦੇ ਚੇਤੇ ਬਾਰੇ ਸੋਚਦਾ ਨਿੰਮ ਹੇਠ ਖੁੰਢ ਉੱਤੇ ਬੈਠ ਗਿਆ।

ਪਾਕਿਸਤਾਨ ਬਣਨ ਤੋਂ ਪਹਿਲਾਂ ਖ਼ੁਸ਼ੀ-ਗ਼ਮੀ ਦੇ, ਵਿਆਹ-ਸੋਚ ਦੇ ਹਰ ਮੌਕੇ ਉੱਤੇ ਪਿੰਡਾਂ ਵਿਚ ਮਰਾਸੀ ਹਾਜ਼ਰ ਹੁੰਦੇ। ਇਕ ਵਾਰ ਗੱਲ ਸਮਝਾ ਦਿਉ, ਘਰ ਗਿਣਾ ਦਿਉ, ਕੀ ਮਜਾਲ ਇਕ ਵੀ ਉਕਾਈ ਹੋ ਜਾਵੇ। ਨਾ ਕੰਮ ਤੋਂ ਟਲਣਾ, ਨਾ ਅੱਕਣਾ ਨਾ ਥੱਕਣਾ।

ਕਈ ਦਿਨ ਹੋਏ ਸੁਖਵੰਤ ਗੁਰਦੁਆਰੇ ਅਖ਼ਬਾਰ ਪੜ੍ਹਨ ਗਿਆ ਸੀ, ਤਾਂ ਭਾਈ ਜੀ ਵੀ ਫੱਤੂ ਨੂੰ ਕਹਿ ਰਿਹਾ ਸੀ "ਮਰਦਾਨੇ-ਕਿਆ ਤੇਰੇ ਬਿਨਾਂ ਬੜੀ ਔਖ ਕੱਟੀ। ਆਪਣੇ ਪਿੰਡ ਦੇ ਤਾਂ ਕੀਰਤਨੀਏ ਸਿੰਘ ਹੀ ਕੱਠੇ ਕਰਨੇ ਕਿਸੇ ਯੋਧੇ ਦਾ ਕੰਮ ਐ। ਤੇਰੇ ਮਗਰੋਂ ਚੌਕੀਦਾਰ ਨੂੰ ਕਹੀਦਾ ਸੀ ਤਾਂ ਜਿਵੇਂ ਸੱਪ ਲੜ ਜਾਂਦਾ ਸੀ। ਉਹਦੇ ਹਰ ਵਾਰ ਇਹੋ ਕਹਿੰਦਾ—ਭਾਈ ਜੀ ਇਕ ਕੀਰਤਨੀਆ ਸਿੱਖ ਪਿੰਡ ਦੇ ਇਕ ਸਿਰੇ, ਦੂਜਾ ਦੂਜੇ ਸਿਰੇ, ਤੀਜਾ ਤੀਜੇ ਸਿਰੇ, ਮੇਰੇ ਤਾਂ ਗੋਡੇ ਰਹਿ ਜਾਂਦੇ ਐ।"

ਤੇ ਫੱਤੂ ਸੰਤਾਲੀ ਤੋਂ ਪਹਿਲਾਂ ਵਾਂਗ ਹੀ, ਜਿਸ ਦਿਨ ਕਿਸੇ ਦੇ ਆਸਾ ਦੀ ਵਾਰ ਦਾ ਕੀਰਤਨ ਹੋਣਾ ਹੁੰਦਾ ਸਵੇਰੇ ਕੁੱਕੜ ਦੀ ਬਾਂਗ ਨਾਲ ਉੱਠਦਾ। ਉਹ ਸਾਰੇ ਕੀਰਤਨੀਆਂ ਨੂੰ ਘਰ-ਘਰ ਜਾ ਕੇ ਕੱਢਦਾ ਤੇ ਫੇਰ ਵਾਜਾ ਵਜਾਉਣ ਵਾਲੇ ਨੇਤਰਹੀਣ ਨੰਦ ਸਿੰਘ ਨੂੰ ਡੌਲਿਉਂ ਫੜ ਕੇ ਆਪ ਕੀਰਤਨ ਵਾਲੇ ਘਰ ਜਾ ਪੁੱਜਦਾ।

ਫੱਤੂ ਉਹਨੀਂ ਅਠਾਰੀਂ ਘਰੀਂ ਆਖ ਕੇ ਮੁੜਿਆ, ਤਾਂ ਰਾਹ ਵਿਚ ਸੰਤੇ ਨਾਈ ਦੇ ਦਰਵਾਜ਼ੇ ਵਿੱਚ, ਪੇਕੀਂ ਮਿਲਣ ਆਈ ਉਹਦੀ ਭੈਣ ਹਰ ਕੌਰ ਬੈਠੀ ਸੀ। ਹੋਰ ਟੱਬਰ ਅੰਦਰ ਸੀ। ਸੁੱਖ-ਸਾਂਦ ਪੁੱਛ ਕੇ ਫੱਤੂ ਹਰ ਕੌਰ ਦੇ ਮੰਜੇ ਕੋਲ ਭੁੰਜੇ ਬੈਠ ਗਿਆ। ਉਹ ਬੀਤੇ ਸਮੇਂ ਦੀ ਉਸ ਸੁਆਹ ਨੂੰ ਫਰੋਲਦੇ ਰਹੇ, ਜਿਹੜੀ ਕਦੀ ਲਟ-ਲਟ ਬਲਦੀ ਅੱਗ ਸੀ ਅਤੇ ਹੁਣ ਸਮੇਂ ਦੀਆਂ ਸੱਟਾਂ ਨਾਲ, ਉਮਰ ਦੇ ਬੀਤਣ ਨਾਲ ਬੁਝਿਆਂ ਵਰਗੀ ਹੋਈ ਪਈ ਸੀ। ਉੱਠਣ ਲੱਗਿਆਂ ਫੱਤੂ ਆਪਣੇ ਕਮੀਜ਼ ਦੀ ਬਾਂਹ ਚਾੜ੍ਹਦਿਆਂ ਬੋਲਿਆ, "ਦੂਜੀ ਵਾਰੀ ਓਧਰ ਸਭ ਕੁਝ ਛੱਡਿਆ, ਪਰ ਗੁਰੂਸਰ ਦੇ ਮੇਲੇ ਤੋਂ ਲਿਆਂਦਾ ਤੇਰਾ ਚਾਂਦੀ ਦਾ ਤਵੀਤ ਅਜੇ ਵੀ ਮੇਰੇ ਡੌਲੇ ਨਾਲ ਬੰਨ੍ਹਿਆ ਹੋਇਐ!"

ਇਸ ਤੋਂ ਅੱਗੇ ਉਹਨਾਂ ਦੇ ਕਰਨ ਵਾਲੀ ਕੋਈ ਗੱਲ ਨਹੀਂ ਸੀ ਰਹੀ ਅਤੇ ਉਹ ਉੱਥੋਂ ਉੱਠ ਕੇ ਬੜੇ ਕਾਹਲੇ-ਕਾਹਲੇ ਪੈਰੀਂ ਸੁਖਵੰਤ ਦੇ ਘਰ ਵੱਲ ਤੁਰ ਪਿਆ।

ਅੱਲਾ-ਖ਼ੈਰ ਆਖ ਕੇ ਫੱਤੂ ਸੁਖਵੰਤ ਦੇ ਸਾਹਮਣੇ ਖਲੋ ਗਿਆ, "ਲੈ ਪ੍ਰਭਾ, ਉਹਨੀਂ ਅਠਾਰੀਂ ਘਰੀਂ ਹੋ ਆਇਆ। ਕਾਪੀ ਖੋਲ੍ਹ ਕੇ ਮਿਲਾ ਲੈ, ਕਿਸੇ ਹੋਰ ਦੇ ਹੀ ਨਾ ਕਹਿ ਆਇਆ ਹੋਵਾਂ।" ਤੇ ਉਹਨੇ ਫੇਰ ਫਟਾ-ਫਟ ਘਰ ਗਿਣਾਉਣੇ ਸ਼ੁਰੂ ਕਰ ਦਿੱਤੇ, "ਚਾਰੇ ਘਰ ਦਫ਼ੇਦਾਰਾਂ ਦੇ, ਤਿੰਨ ਘਰ ਸਰਪੰਚ ਕੇ, ਤਿੰਨ ਘਰ ਨੰਗੀ-ਪੈਰਿਆਂ ਦੇ, ਦੋਵੇਂ ਚਿੜੀਮਾਰਾਂ ਦੇ, ਸੁਰਜਨ ਕਾ....।"

"ਬੱਸ ਬੱਸ, ਠੀਕ ਐ ਚਾਚਾ। ਭਲਾ ਤੂੰ ਭੁੱਲ ਕੇ ਹੋਰ ਕਿਸੇ ਘਰ ਆਖ ਦੇਵੇਂ!" ਸੁਖਵੰਤ ਬੋਲਿਆ, "ਚਾਹ ਆਉਂਦੀ ਐ, ਦੂਜੇ ਪਾਸੀਂ ਪੀ ਕੇ ਹੀ ਜਾਈਂ, ਬੈਠ ਜਾ।"

ਫੱਤੂ ਉਹਦੇ ਸਾਹਮਣੇ ਧਰਤੀ ਉੱਤੇ ਹੀ ਪੈਰਾਂ ਭਾਰ ਬੈਠ ਗਿਆ। ਸੁਖਵੰਤ ਫੱਤੂ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ। ਜਦੋਂ ਤੋਂ ਫੱਤੂ ਪਾਕਿਸਤਾਨੋਂ ਮੁੜਿਆ ਸੀ ਅਤੇ ਯੂਸਫ਼ ਨਾਲ ਇਕ-ਦੋ ਵਾਰ ਸੁਖਵੰਤ ਦੀਆਂ ਗੱਲਾਂ ਹੋਈਆਂ ਸਨ, ਇਕ ਸਵਾਲ ਉਹਦੇ ਮਨ ਵਿਚ ਅਟਕਿਆ ਹੋਇਆ ਸੀ। ਯੂਸਫ਼ ਕੋਲੋਂ ਉਹਦੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ ਮਿਲਿਆ। ਉਹ ਤਾਂ ਸਾਰਾ ਟੱਬਰ ਫੱਤੂ ਪਿੱਛੇ ਲੱਗਦੇ ਸਨ। ਜਿਵੇਂ ਉਹਨੇ ਕਿਹਾ ਸਾਰਿਆਂ ਨੇ ਉਸੇ ਤਰ੍ਹਾਂ ਹੀ ਕੀਤਾ।

ਯੂਸਫ਼ ਦੇ ਦੱਸਣ ਅਨੁਸਾਰ ਉਹਨਾਂ ਨੂੰ ਕੁਝ ਚਿਰ ਭਟਕ ਕੇ ਪਾਕਿਸਤਾਨ ਵਿਚ ਇਕ ਵਾਹਵਾ ਸਿਰ ਢੱਕਣ ਜੋਗਾ ਘਰ ਮਿਲ ਗਿਆ ਸੀ, ਜਿਸ ਵਿਚ ਅਜੇ ਨਿੱਕਾ-ਮੋਟਾ ਸਾਮਾਨ ਵੀ ਪਿਆ ਸੀ ਤੇ ਉਹਨਾਂ ਆਪਣੀ ਹਿੰਮਤ ਕਮਾਈ ਕਰਕੇ ਰੱਜਵੀਂ ਰੋਟੀ ਖਾਣੀ ਸ਼ੁਰੂ ਦਿੱਤੀ ਸੀ। ਫੇਰ ਇਹ ਕਿਵੇਂ ਹੋਇਆ ਕਿ ਫੱਤੂ ਏਨੇ ਸਾਲਾਂ ਪਿੱਛੋਂ ਪਰਤ ਕੇ ਇਧਰ ਆ ਗਿਆ?

ਗੱਲਾਂ ਵਿਚ ਲੱਗੇ ਫੱਤੂ ਨੂੰ ਉਹਨੇ ਇਹ ਸਵਾਲ ਵੀ ਕਰ ਦਿੱਤਾ, "ਚਾਚਾ, ਤੂੰ ਉਥੇ ਵਾਹਵਾ ਗੁਜ਼ਾਰੇ ਜੋਗਾ ਕੰਮ ਤੋਰ ਲਿਆ ਸੀ, ਫੇਰ ਤੈਨੂੰ ਇੱਥੇ ਆਉਣ ਦੀ ਕੀ ਸੁੱਝੀ।

"ਪ੍ਰਭਾ, ਆਬਦੇ ਪ੍ਰਭ ਆਬਦੇ ਈ ਹੁੰਦੇ ਐ", ਉਹ ਉਹਦੀਆਂ ਅੱਖਾਂ ਵਿਚ ਡੂੰਘਾ ਝਾਕਿਆ।

"ਚਾਚਾ, ਪੁਰਾਣੀਆਂ ਗੱਲਾਂ ਯਾਦ ਕਰਕੇ ਦੁਖੀ ਨਾ ਹੋਈਂ, ਪਰ ਜਿਨ੍ਹਾਂ ਨੇ ਤੇਰਾ ਬਸ਼ੀਰਾ ਵੱਢ ਸੁੱਟਿਆ, ਤੇਰੀ ਨਿਆਮਤ ਨੂੰ ਪਤਾ ਨਹੀਂ ਕਿਧਰੇ ਖਪਾ ਦਿੱਤਾ, ਉਹ ਤੇਰੇ ਆਬਦੇ ਪ੍ਰਭ ਕਿਵੇਂ ਹੋਏ?" ਸੁਖਵੰਤ ਉਹਦੇ ਨਾਲ ਵਾਪਰੀ ਚੇਤੇ ਕਰਕੇ ਭਾਵੁਕ ਹੋ ਗਿਆ।

ਫੱਤੂ ਇਕਦਮ ਉਦਾਸ ਹੋ ਗਿਆ। ਉਹਦੀਆਂ ਅੱਖਾਂ ਵਹਿ ਤੁਰੀਆਂ। ਉਹ ਜਿਵੇਂ ਪੈਰਾਂ ਭਾਰ ਬੈਠਾ ਨਾ ਰਹਿ ਸਕਿਆ ਅਤੇ ਉਹਨੇ ਭੁੰਜੇ ਚੌਂਕੜੀ ਮਾਰ ਲਈ, ਦੋ ਮਿੰਟ ਉਹ ਚੁੱਪ ਬੈਠਾ ਮਿੱਟੀ ਫਰੋਲਦਾ ਰਿਹਾ, ਜਿਵੇਂ ਸੰਘ ਵਿਚੋਂ ਕੁਝ ਹੇਠਾਂ ਉਤਾਰ ਰਿਹਾ ਹੋਵੇ ਤਾਂ ਏਸ ਮਿੱਟੀ ਵਿਚ ਗੁਆਚੇ ਬਸ਼ੀਰੇ ਤੇ ਨਿਆਮਤ ਦੇ ਨਕਸ਼ ਲੱਭ ਰਿਹਾ ਹੋਵੇ। ਫੇਰ ਮੋਢੇ ਉਤੇ ਰੱਖੇ ਪਰਨੇ ਦੇ ਲੜ ਨਾਲ ਅੱਖਾਂ ਪੂੰਝ ਕੇ ਸੰਭਲਦਿਆਂ ਉਹ ਬੋਲਿਆ, "ਉਹ ਤਾਂ, ਪ੍ਰਭਾ, ਇਕ ਹਨੇਰੀ ਸੀ, ਕਾਲੀ-ਬੋਲੀ ਹਨੇਰੀ। ਸਭ ਦੀ ਮੱਤ ਮਾਰੀ ਗਈ ਸੀ। ਕਿਸੇ ਦਾ ਕੀ ਦੋਸ਼। ਉਹ ਤਾਂ ਅੱਲਾ ਦਾ ਹੀ ਕੋਈ ਕਹਿਰ ਸੀ। ਹਨੇਰੀ ਆਈ ਤੇ ਲੰਘ ਗਈ ਹੁਣ ਯਾਦ ਕੀਤਿਆਂ ਕੀ ਫ਼ਾਇਦਾ?"

ਉਹਦੇ ਜਵਾਬ ਨਾਲ ਸੁਖਵੰਤ ਦੀ ਤਸੱਲੀ ਨਾ ਹੋਈ, "ਨਹੀਂ ਚਾਚਾ ਮੰਨ ਚਾਹੇ ਨਾ, ਪਾਕਿਸਤਾਨ ਵਿਚ ਜ਼ਰੂਰ ਔਖਾ ਰਿਹਾ ਹੋਵੇਂਗਾ। ਸੁਣਿਐ, ਉਥੋਂ ਦੇ ਲੋਕਾਂ ਦੀ ਹਾਲਤ ਏਧਰ ਨਾਲੋਂ ਵੀ ਮੰਦੀ ਐ?"

"ਹਾਲ-ਹੂਲ ਤਾਂ, ਪ੍ਰਭਾ ਸਾਰੇ ਹੀ ਇਹੋ ਜਿਐ। ਦਿਨ ਲੰਘੀ ਈ ਜਾਂਦੇ ਸੀ", ਉਹਨੇ ਡੱਕੇ ਨਾਲ ਪੁੱਟੀ ਮਿੱਟੀ ਵਿਚ ਉਂਗਲਾਂ ਫੇਰਦਿਆਂ ਆਖਿਆ।

"ਪਰ ਫੇਰ ਕੀ ਆਫ਼ਤ ਆ ਪਈ ਸੀ। ਇਕ ਵਾਰ ਤਾਂ ਇੱਥੇ ਵਸਦਾ ਰਸਦਾ ਘਰ ਡਾਢਿਆਂ ਦੇ ਪਾਕਿਸਤਾਨ ਬਣਾਉਣ ਉਤੇ ਛੱਡ ਗਿਆ ਸੀ। ਹੁਣ ਦੂਜੀ ਵਾਰ ਆਬਦਾ ਪਾਕਿਸਤਾਨ ਆਪੇ ਬਣਾਕੇ ਘਰ-ਘਾਟ ਛੱਡ ਆਇਆ?"

ਫੱਤੂ ਨੀਵੀਂ ਪਾ ਕੇ ਚੁੱਪ ਕਰ ਗਿਆ। ਸੁਖਵੰਤ ਉਸ ਵੱਲ ਵੇਖਦਾ ਰਿਹਾ, ਪਰ ਬੋਲਿਆ ਕੁਝ ਨਾ। ਛੇਕੜ ਫੱਤੂ ਨੇ ਉਹਦੀਆਂ ਅੱਖਾਂ ਵਿਚ ਆਪਣੀਆਂ ਤਿੱਖੀਆਂ, ਭੱਖਦੀਆਂ



ਅੱਖਾਂ ਪਾਈਆਂ ਤੇ ਬੋਲਿਆ, "ਪ੍ਰਭਾ, ਉਹ ਘਰ-ਘਾਟ ਮੇਰਾ ਕਾਹਦਾ ਸੀ? ਹਿੰਦੁਸਤਾਨ ਸਾਨੂੰ ਰਹਿਣ ਨਹੀਂ ਸੀ ਦਿੱਤਾ ਗਿਆ, ਪਾਕਿਸਤਾਨੀ ਸਾਨੂੰ ਸਮਝਦਾ ਕੋਈ ਨਹੀਂ ਸੀ। ਅਸੀਂ ਤਾਂ 'ਮੁਹਾਜਿਰ' ਸੀ, 'ਰਫਿਊਜ਼ੀ' ਵਿਚਾਰੇ!"

ਤੇ ਫੇਰ ਉਹਨੇ ਇਕਦਮ ਆਪਣੇ ਸਾਹਮਣਿਉਂ ਮਿੱਟੀ ਦੀ ਮੁੱਠੀ ਚੁੱਕ ਕੇ ਅੱਖਾਂ ਮੀਟਦਿਆਂ ਮੱਥੇ ਨੂੰ ਲਾਈ, "ਪ੍ਰਭਾ, ਮੈਨੂੰ ਇਹਦੀ ਖਿੱਚ ਨੇ ਮਾਰਿਆ। ਉਥੇ ਇਹ ਨ੍ਹੀਂ ਸੀ।"

# ਕੋਈ ਜਗਰਾਵਾਂ ਤੋਂ ਆਇਆ ਜੇ?

**ਬਲਦੇਵ ਸਿੰਘ**

ਲਾਹੌਰ ਸਟੇਸ਼ਨ 'ਤੇ ਉਤਰੇ ਹੀ ਸਾਂ, ਸਾਨੂੰ ਮਰਦਾਂ, ਤੀਵੀਆਂ ਅਤੇ ਨੌਜਵਾਨਾਂ ਦੀ ਭੀੜ ਨੇ ਘੇਰ ਲਿਆ।

—ਕੋਈ ਨੂਰਮਹਿਲ ਤੋਂ ਆਇਆ ਜੇ?

—ਕੋਈ ਸ਼ਾਹਕੋਟ ਤੋਂ ਆਇਆ ਜੇ?

—ਕੋਈ ਮੁੱਲਾਂਪੁਰ ਤੋਂ ਆਇਆ ਜੇ?

—ਕੋਈ ਕਾਦੀਆਂ ਤੋਂ ਆਇਆ ਜੇ?

—ਕੋਈ ਜਗਰਾਵਾਂ ਤੋਂ ਆਇਆ ਜੇ?

ਜਗਰਾਵਾਂ ਦੀ ਆਵਾਜ਼ ਦੇਣ ਵਾਲੇ ਵੱਲ ਮੈਂ ਮੁੜਕੇ ਵੇਖਿਆ। ਇਕ ਅੱਸੀ ਕੁ ਸਾਲਾਂ ਦਾ ਬਿਰਧ ਅੱਖਾਂ ਵਿਚ ਉਮੀਦ ਦੀ ਚਮਕ ਲਈ ਸਾਡੇ ਜੱਥੇ ਵੱਲ ਤੱਕ ਰਿਹਾ ਸੀ। ਮੈਂ ਉਸ ਲਾਗੇ ਹੋਇਆ। ਆਪਣੇ ਨਾਲ ਖੜ੍ਹੇ ਗੱਭਰੂ ਦੀ ਬਾਂਹ ਫੜ ਕੇ ਉਸ ਦੇ ਨੇੜੇ ਕਰਦਿਆਂ ਕਿਹਾ—

"ਮੀਆਂ ਜੀ ਇਹ ਜਗਰਾਵਾਂ ਤੋਂ ਏ।" ਬਿਰਧ ਦੂਸਰਿਆਂ ਨੂੰ ਬਾਹਾਂ ਨਾਲ ਪਿੱਛੇ ਧੱਕਦਾ, ਸਾਡੇ ਸਾਹਮਣੇ ਆਣ ਖੜ੍ਹਾ ਤਰਸਦੀਆਂ ਅੱਖਾਂ ਨਾਲ ਗੱਭਰੂ ਵੱਲ ਤੱਕਣ ਲੱਗਾ। ਫਿਰ ਉਸ ਦੇ ਪੈਰਾਂ ਵੱਲ ਝੁਕਿਆ ਤਾਂ ਗੱਭਰੂ ਨੇ ਫੁਰਤੀ ਨਾਲ ਉਸ ਨੂੰ ਬੋਚ ਲਿਆ। 'ਇਹ ਕੀ ਕਰਨ ਲੱਗੈਂ ਬਾਬਾ, ਉਮਰ ਵਿਚ ਤੂੰ ਮੇਰਾ ਬਜ਼ੁਰਗ ਏਂ, ਪੈਰ ਤੇ ਮੈਨੂੰ ਛੂਹਣੇ ਚਾਹੀਦੇ ਨੇ।" ਗੱਭਰੂ ਨੇ ਹਲੀਮੀ ਨਾਲ ਕਿਹਾ।

"ਮੈਂ ਤੇ ਸੋਹਣਿਆਂ ਉਹਨਾਂ ਪੈਰਾਂ ਨੂੰ ਛੋਹਣ ਲੱਗਾ ਸਾਂ, ਜਿਹੜੇ ਉਸ ਭੋਇੰ ਉੱਪਰ ਤੁਰਦੇ ਰਹੇ ਨੇ, ਜਿੱਥੇ ਅਸਾਂ ਨਿੱਕੇ ਹੁੰਦੇ ਕਬੱਡੀਆਂ ਪਾਂਦੇ ਹੁੰਦੇ ਸਾਂ ਤੇ ਰਲ ਮਿਲ ਕੇ...।" ਉਸਦਾ ਗਲਾ ਭਰ ਆਇਆ ਤੇ ਉਸਨੇ ਗੱਭਰੂ ਨੂੰ ਗਲਵੱਕੜੀ ਪਾ ਲਈ।

ਸਾਡੇ ਚੁਫੇਰੇ ਰੌਲਾ ਸੀ। ਇਕ ਦੂਸਰੇ ਦੀਆਂ ਪਛਾਣਾਂ ਕੱਢੀਆਂ ਜਾ ਰਹੀਆਂ ਸਨ। ਬਜ਼ੁਰਗ ਕਿਸੇ ਦੀ ਵੀ ਪਰਵਾਹ ਕੀਤੇ ਬਿਨਾਂ ਗੱਭਰੂ ਨੂੰ ਹਿੱਕ ਨਾਲ ਲਾਈ ਉਸਦੇ ਮੋਢੇ ਉਪਰ ਸਿਰ ਸੁੱਟੀ ਅਡੋਲ ਬੁੱਤ ਵਾਂਗ ਖੜ੍ਹਾ ਰਿਹਾ। ਜਦੋਂ ਉਹ ਵੱਖ ਹੋਇਆ ਉਸਦਾ ਚਿਹਰਾ ਹੰਝੂਆਂ ਨਾਲ ਭਿੱਜਿਆ ਹੋਇਆ ਸੀ ਤੇ ਮੈਂ ਵੇਖਿਆ ਗੱਭਰੂ ਦਾ ਕਮੀਜ਼ ਵੀ ਮੋਢੇ ਕੋਲੋਂ ਗਿੱਲਾ ਸੀ। ਵੱਖ ਹੋ ਕੇ ਬਿਰਧ ਗੱਭਰੂ ਦਾ ਚਿਹਰਾ ਪਲੋਸਣ ਲੱਗਾ। ਉਸਨੇ ਮੋਹ ਨਾਲ ਪੁੱਛਿਆ—

'ਜਗਰਾਵਾਂ ਕਿਹੜੇ ਪਾਸੇ ਤੋਂ ਐਂ ਸੋਹਣਿਆਂ?'

ਗੱਭਰੂ ਨੇ ਦੱਸਿਆ ਤਾਂ ਉਸ ਕਾਹਲੀ ਨਾਲ ਪੁੱਛਿਆ—



'ਮਸੀਤ ਹੈਗੀ ਵੇ ਹਾਲੇ ਉੱਥੇ?' 'ਹੈਗੀ ਆ ਬਾਬਾ ਜੀ।'

'ਸਹੀ ਸਲਾਮਤ ਏ?'

ਗੱਭਰੂ ਨੇ ਹਾਂਅ ਕਿਹਾ ਤਾਂ ਉਸਦੀਆਂ ਅੱਖਾਂ ਫੇਰ ਭਰ ਆਈਆਂ। ਉਸਨੇ ਗੱਭਰੂ ਨੂੰ ਦੁਬਾਰਾ ਗਲਵੱਕੜੀ ਪਾਉਂਦਿਆਂ ਕਿਹਾ 'ਤੂੰ ਤੇ ਮੇਰਾ ਮੁਹੱਲੇਦਾਰ ਹੋਇਆ, ਮੇਰਾ ਗਰਾਈਂ। ਮੇਰਾ ਪੁੱਤਰ। ਮੈਨੂੰ ਖ਼ਿਦਮਤ ਕਰਨ ਦਾ ਮੌਕਾ ਦੇਹ, ਤੈਨੂੰ ਆਪਣੇ ਘਰ ਲੈ ਜਾਵਾਂ।' ਮੈਂ ਦੇਖਿਆ, ਉਸਦੇ ਹੱਥ ਜੁੜੇ ਹੋਏ ਸਨ ਤੇ ਚਿਹਰੇ ਉੱਪਰ ਤਰਲਾ ਸੀ।

ਮੈਂ ਬਿਰਧ ਨੂੰ ਸਮਝਾਇਆ, 'ਮੀਆਂ ਜੀ ਇਹ ਗੱਭਰੂ ਜੱਥੇ ਨਾਲ ਇੱਥੇ ਯਾਤਰਾ 'ਤੇ ਆਇਆ ਹੋਇਆ ਸਾਡੀਆਂ ਕੁਝ ਬੰਦਸ਼ਾਂ ਨੇ। ਇਨ੍ਹਾਂ ਸਭਨਾਂ ਨੂੰ ਖ਼ੈਰ ਸੁੱਖ ਨਾਲ ਵਾਪਸ ਲੈ ਜਾਣ ਦੀ ਮੇਰੀ ਜ਼ਿੰਮੇਵਾਰੀ ਏ। ਪਹਿਲਾਂ ਇਹਨਾਂ ਦੇ ਠਹਿਰਣ ਦਾ ਤੇ ਅਗਲੀ ਯਾਤਰਾ ਦਾ ਪ੍ਰਬੰਧ ਕਰਨਾ ਏ।'

ਇਸ ਗਰਾਈਂ ਦੇ ਠਹਿਰਨ ਦਾ ਪ੍ਰਬੰਧ ਤਾਂ ਮੈਂ ਆਪਣੇ ਘਰ ਕਰ ਦਿੰਨਾ ਵਾਂ। ਮੇਰੇ ਬੱਚੇ ਅਤੇ ਬੇਗਮ, ਉਨ੍ਹਾਂ ਦੀ ਖਾਹਿਸ਼ ਏ ਆਪਣੇ ਗਰਾਂ ਦੇ ਲੋਕ ਵੇਖੀਏ। ਉਂਜ ਤੇ ਹਕੂਮਤ ਸਾਨੂੰ ਵੀਜ਼ੇ ਨਹੀਂ ਲਾਂਦੀ ਪਈ। ਪਤਾ ਨਹੀਂ ਏਸ ਹਿਯਾਤੀ ਵਿਚ ਆਪਣੀ ਭੋਇੰ ਤੱਕਣੀ ਨਸੀਬ ਹੋਣੀ ਏ ਕਿ ਨਹੀਂ। ਆਪਣੀ ਭੋਇੰ ਦੇ ਲੋਕ ਤਾਂ ਤੱਕੀਏ....।'

ਮੈਂ ਕਿਹਾ 'ਮੀਆਂ ਜੀ ਇਹ ਕਿੱਡੀ ਕੁ ਵੱਡੀ ਗੱਲ ਏ, ਵੀਜੇ ਅਸੀਂ ਲਗਵਾਨੇ ਆਂ। ਪਾਸਪੋਰਟ ਬਣੇ ਹੋਏ ਨੇ?'

—ਪਾਸਪੋਰਟ ਤਾਂ ਕਦ ਦੇ ਬਣੇ ਹੋਏ ਨੇ।' ਬਿਰਧ ਨੇ ਹਉਕਾ ਲਿਆ।

—ਅਸੀਂ ਤੁਹਾਨੂੰ ਬੁਲਾਵਾਂਗੇ।' ਮੈਂ ਕਿਹਾ।

—ਆਖਦੇ ਤਾਂ ਸਾਰੇ ਨੇ ਪਰ ਕੋਈ ਮੁੜ ਨਹੀਂ ਬਹੁੜਦਾ। ਆਪਣੀ ਭੋਇੰ ਨੂੰ ਤਰਸਦੇ-ਤਰਸਦੇ ਅਸਾਂ ਅੱਲਾਹ ਨੂੰ ਪਿਆਰੇ ਹੋ ਜਾਣੈ।' ਬਿਰਧ ਦੀਆਂ ਅੱਖਾਂ ਫੇਰ ਭਿੱਜ ਗਈਆਂ।

ਮੈਂ ਬਜ਼ੁਰਗ ਨੂੰ ਠਹਿਰਣ ਦਾ ਪਤਾ ਟਿਕਾਣਾ ਦਿੱਤਾ। ਉਸਨੂੰ ਕਿਹਾ, 'ਮੈਨੂੰ ਪੂਰਾ ਨਾਮ ਪਤਾ ਅਤੇ ਪਾਸਪੋਰਟ ਦੀਆਂ ਫੋਟੋ ਕਾਪੀਆਂ ਦੇ ਜਾਣਾ ਅਸੀਂ ਕੋਸ਼ਿਸ਼ ਕਰਾਂਗੇ। ਤੈਨੂੰ ਜਗਰਾਵਾਂ ਜ਼ਰੂਰ ਵਿਖਾਵਾਂਗੇ ਮੀਆਂ ਜੀ।' ....ਇਕ ਉਮੀਦ ਵਿਚ ਉਸਦੀਆਂ ਅੱਖਾਂ ਫੇਰ ਛਲਕ ਪਈਆਂ।

• • •

ਪ੍ਰਧਾਨ ਰੁਕਿਆ।

ਅਸੀਂ ਸਾਰੇ ਪੂਰੀ ਉਤਸੁਕਤਾ ਨਾਲ ਉਸਦੀ ਹੱਡ-ਬੀਤੀ ਸੁਣ ਰਹੇ ਸਾਂ। ਇਕ ਅੰਤਰਰਾਸ਼ਟਰੀ ਜੱਥੇਬੰਦੀ ਦਾ ਇਹ ਸੰਚਾਲਕ ਮੋਗੇ ਆਇਆ ਹੋਇਆ ਸੀ ਤੇ ਇਕ ਸਥਾਨਕ ਸਾਹਿਤਕਾਰ ਦੇ ਯਤਨਾਂ ਨਾਲ, ਮੋਗੇ ਦੇ ਕੁਝ ਲੇਖਕ ਉਸਦੇ ਅਨੁਭਵ ਜਾਨਣ ਲਈ ਜੁੜ ਬੈਠੇ ਸਾਂ। ਇਹ ਪ੍ਰਸੰਗ ਛੇੜਣ ਤੋਂ ਪਹਿਲਾਂ ਪ੍ਰਧਾਨ ਆਪਣੀ ਜੱਥੇਬੰਦੀ ਦੇ ਮੁੱਖ ਮਕਸਦ ਸਾਡੇ ਨਾਲ ਸਾਂਝੇ ਕਰ ਚੁਕਿਆ ਸੀ। ਉਸਨੇ ਦੱਸਿਆ ਸੀ...ਉਹਨਾਂ ਦੀ ਜੱਥੇਬੰਦੀ ਹਮੇਸ਼ਾ ਏਧਰਲੇ ਅਤੇ ਉਧਰਲੇ ਪੰਜਾਬ ਦੇ ਵਿਛੜਿਆਂ ਨੂੰ ਆਪਸ ਵਿਚ ਮਿਲਾਉਣ ਦਾ ਕਾਰਜ ਕਰਦੀ ਹੈ। ਹੁਣ ਤੱਕ ਲਗਭਗ ਡੇਢ ਸੌ ਪਰਿਵਾਰਾਂ ਨੂੰ ਮਿਲਾ ਚੁਕੇ ਹਨ ਤੇ ਹਰ ਸਾਲ 500 ਦੇ ਕਰੀਬ

ਲੋਕ ਚੜ੍ਹਦੇ ਪੰਜਾਬ ਵਿਚੋਂ ਉਧਰ ਜਾਂਦੇ ਹਨ ਤੇ ਲਗਭਗ ਏਨੇ ਹੀ ਲੋਕ ਲਹਿੰਦੇ ਪੰਜਾਬ ਵੱਲੋਂ ਏਧਰ ਆਉਂਦੇ ਹਨ। ਪ੍ਰਧਾਨ ਦੀਆਂ ਦਮਦਾਰ ਗੱਲਾਂ ਅਤੇ ਬਿਆਨ ਕਰਨ ਦੇ ਅੰਦਾਜ਼ ਤੋਂ ਅਸੀਂ ਸਾਰੇ ਬੜੇ ਪ੍ਰਭਾਵਿਤ ਸਾਂ। ਉਸਨੇ ਆਖਿਆ ਸੀ—

'ਅਸੀਂ ਸਰਹੱਦਾਂ ਤੋੜ ਤਾਂ ਨਹੀਂ ਸਕਦੇ, ਪਰ ਆਉਣਾ ਜਾਣਾ ਸੁਖਾਲਾ ਤਾਂ ਕਰ ਸਕਨੇ ਆਂ। ਉਹ ਸਾਨੂੰ ਵਾਜਾਂ ਮਾਰਨ ਅਸੀਂ ਉਹਨਾਂ ਨੂੰ ਵਾਜਾਂ ਮਾਰੀਏ। ਏਨਾ ਤਾਂ ਸੁਣ ਸਕਨੇ ਆਂ। ਸਾਡਾ ਯਤਨ ਹੈ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਅੰਮ੍ਰਿਤਸਰ ਅਤੇ ਲਾਹੌਰ ਵਿਚ ਵੀਜ਼ਾ ਦਫ਼ਤਰ ਖੋਲ੍ਹਣ ਤੇ ਮਿਲਣ ਦੇ ਚਾਹਵਾਨਾਂ ਦੀ ਖੱਜਲ ਖੁਆਰੀ ਨਾ ਹੋਵੇ।' ਉਸਦੀਆਂ ਗੱਲਾਂ ਸੁਣ ਕੇ ਅਸੀਂ ਸਾਰੇ ਬੜੇ ਉਤਸ਼ਾਹਿਤ ਹੋਏ ਸਾਂ ਤੇ ਅਸੀਂ ਉਸਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਦਿੱਤਾ। ਉਸ ਵੇਲੇ ਸਾਡੇ ਇਕ ਸਾਥੀ ਨੇ ਪੁੱਛਿਆ 'ਪ੍ਰਧਾਨ ਸਾਹਿਬ ਫੇਰ ਉਸ ਬਜ਼ੁਰਗ ਨੂੰ ਜਗਰਾਵਾਂ ਦਿਖਾਇਆ ਜਾਂ ਨਹੀਂ?'

'ਉਹੀ ਦੱਸਣ ਲੱਗਾਂ। ਉਸ ਬਜ਼ੁਰਗ ਨੇ ਸਾਡੇ ਟਿਕਾਣੇ ਉੱਪਰ ਮੈਨੂੰ ਪਾਸਪੋਰਟ ਤੇ ਹੋਰ ਕਾਗਜ਼ ਲਿਆ ਦਿੱਤੇ।' ਉਸਨੇ ਕਿਹਾ....'ਸਰਦਾਰ ਸਾਹਿਬ ਏਥੇ ਮੇਰੀ ਚਾਲ੍ਹੀ ਘੁਮਾ ਖੇਤੀ ਏ, ਮੈਂ ਉਸਦਾ ਬੈ-ਨਾਮਾ ਧਾਡੇ ਨਾ ਲਿਖ ਦੇਨਾਂ ਵਾਂ, ਮੈਨੂੰ ਇਕ ਵਾਰ ਮੇਰੀ ਜੰਮਣ ਭੋਇੰ ਵਿਖਾ ਦਿਓ।' ਮੈਂ ਕਿਹਾ, 'ਮੀਆਂ ਜੀ ਤੁਹਾਡੀ ਪੈਲੀ ਤੁਹਾਨੂੰ ਮੁਬਾਰਕ। ਮੈਂ ਤੁਹਾਨੂੰ ਜਗਰਾਵਾਂ ਜ਼ਰੂਰ ਵਿਖਾਵਾਂਗਾ?'

—ਸੱਚ ਆਖਨੇ ਓਂ ਸਰਦਾਰ ਸਾਹਿਬ?' ਉਸਨੇ ਫੇਰ ਤਰਲੇ ਵਾਂਗ ਪੁੱਛਿਆ ਸ਼ਾਇਦ ਉਸ ਨਾਲ ਹੋਰਾਂ ਵੀ ਵਾਅਦੇ ਕੀਤੇ ਹੋਣਗੇ ਤੇ ਉਹ ਵਾਅਦੇ, ਵਾਹਗੇ ਦੇ ਪਰਲੇ ਪਾਸੇ ਹੀ ਸੁੱਟ ਆਏ ਹੋਣਗੇ। ਮੈਂ ਕਿਹਾ 'ਮੀਆਂ ਸਾਹਿਬ, ਇਕ ਪੰਜਾਬੀ ਦਾ ਦੂਸਰੇ ਪੰਜਾਬੀ ਨੂੰ ਵਾਅਦਾ ਏ। ਵਕਤ ਲੱਗ ਸਕਦਾ ਏ, ਪਰ ਤੁਸੀਂ ਜਗਰਾਵਾਂ ਵੇਖੋਗੇ।' ਉਸਦੇ ਚਿਹਰੇ ਉੱਪਰ ਰੌਣਕ ਆ ਗਈ ਸੀ ਤੇ ਉਹ ਮੈਨੂੰ ਦੁਆਵਾਂ ਦਿੰਦਾ ਤੁਰ ਗਿਆ। ਉਸਦੇ ਮੱਧਮ ਜਿਹੇ ਬੋਲ ਮੇਰੇ ਕੰਨੀਂ ਪੈਂਦੇ ਰਹੇ ਸਨ....'ਅੱਲਾਹ ਤੈਨੂੰ ਰਾਜ਼ੀ ਰੱਖੇ....ਅੱਲਾਹ ਤੈਨੂੰ ਬਰਕਤ ਦੇਵੇ'....ਤੇ ਉਸ ਤੁਰੇ ਜਾਂਦੇ ਨੇ ਦੋਵੇਂ ਹੱਥ ਉੱਪਰ ਅਸਮਾਨ ਵੱਲ ਚੁੱਕੇ ਹੋਏ ਸਨ।

....ਮਿੱਤਰੋ, ਮੈਂ ਤਿੰਨ ਕੁ ਮਹੀਨਿਆਂ ਵਿਚ ਮੀਆਂ-ਬੀਵੀ ਦੋਹਾਂ ਨੂੰ ਸੱਦਾ ਭੇਜ ਦਿੱਤਾ। ਕਮਾਲ ਦੀ ਗੱਲ ਇਹ ਹੋਈ ਸਾਡੀ ਜੱਥੇਬੰਦੀ ਵੱਲੋਂ ਸੱਦੇ 'ਤੇ ਉਹਨਾਂ ਦੋਹਾਂ ਨੂੰ ਵੀਜ਼ਾ ਮਿਲ ਗਿਆ। ਇਕ ਦਿਨ ਉਸਦਾ ਟੈਲੀਫ਼ੂਨ ਆਇਆ, ਖੁਸ਼ੀ ਵਿਚ ਉਸ ਕੋਲੋਂ ਫ਼ੋਨ ਉੱਪਰ ਗੱਲ ਨਹੀਂ ਸੀ ਹੋ ਰਹੀ। ਮੈਂ ਉਸਨੂੰ ਅੰਮ੍ਰਿਤਸਰ ਪੁੱਜਣ ਤੋਂ ਬਾਅਦ ਮੇਰੇ ਤੱਕ ਆਉਣ ਦਾ ਰਾਹ ਸਮਝਾ ਦਿੱਤਾ। ਮੈਂ ਇਹ ਵੀ ਕਿਹਾ ਜਿਸ ਦਿਨ ਇੰਡੀਆ ਆਉਣਾ ਹੋਵੇ ਮੈਨੂੰ ਖ਼ਬਰ ਜ਼ਰੂਰ ਕਰਨਾ।

....ਖ਼ੈਰ ਇਕ ਦਿਨ ਸ਼ਾਮ ਦੇ ਸਾਢੇ ਕੁ ਚਾਰ ਵਜੇ ਉਹ ਦੋਵੇਂ ਮੀਆਂ-ਬੀਵੀ ਸਰਹੱਦ ਪਾਰ ਕਰਕੇ, ਮੇਰੇ ਕੋਲ ਪੁੱਜ ਗਏ। ਉਸਦੀ ਬੇਗਮ ਤਾਂ ਕੁਝ ਸੰਕੋਚ ਕਰਦੀ ਸੀ, ਪਰ ਬਜ਼ੁਰਗ ਦੀ ਖੁਸ਼ੀ ਵਿਚ ਬੜਾ ਉਤਾਵਲਾਪਣ ਸੀ। ਏਨੀ ਉਮਰ ਦਾ ਕੋਈ ਬਜ਼ੁਰਗ ਮੈਂ ਏਨੀ ਉਕਸਾਹਟ ਵਿਚ ਕਦੇ ਨਹੀਂ ਦੇਖਿਆ। ਲੱਗਦਾ ਸੀ ਜਿਵੇਂ ਲਹੂ ਉਸਦੀਆਂ ਨਾੜਾਂ ਵਿਚ ਉਬਾਲ 'ਤੇ ਆਇਆ ਹੋਵੇ। ਆਉਂਦਿਆਂ ਹੀ ਉਸਨੇ ਕਾਹਲੀ ਨਾਲ ਪੁੱਛਿਆ, 'ਸਰਦਾਰ ਸਾਹਿਬ ਜਗਰਾਵਾਂ ਨੂੰ ਕਦੋਂ ਤੁਰਨਾ ਜੇ?'



ਮੈਂ ਕਿਹਾ, 'ਮੀਆਂ ਜੀ ਸਫ਼ਰ ਤੋਂ ਆਏ ਓ ਪਹਿਲਾਂ ਚਾਹ ਪਾਣੀ ਪੀਨੇ ਆਂ ਫੇਰ ਆਪਾਂ....।'

'ਚਾਹ ਪਾਣੀ ਉੱਥੇ ਨੀ ਪੀ ਸਕਦੇ? ....ਮੇਰਾ ਮਤਲਬ ਏ ਜਗਰਾਵਾਂ.....।'

'ਮੀਆਂ ਸਾਹਬ....' ਮੈਂ ਕਿਹਾ—'ਜਗਰਾਵਾਂ ਏਥੋਂ ਦੂਰ ਏ। ਹੁਣ ਕੋਈ ਵਕਤ ਵੀ ਨਹੀਂ ਏ।....

—ਵਕਤ ਦੀ ਕੀ ਗੱਲ ਏ? ....ਹੁਣ ਤੇ ਵਕਤ ਈ ਵਕਤ ਏ....।'

—ਨਹੀਂ ਹੁਣ ਵਕਤ ਨਹੀਂ ਏ। ਸਵੇਰੇ ਚੱਲਾਂਗੇ।' ਮੈਂ ਸਮਝਾਇਆ।

—ਹੁਣੇ ਕਿਉਂ ਨਹੀਂ....?' ਉਹ ਰੋਣ ਵਾਂਗ ਬੋਲਿਆ।

—ਮੀਆਂ ਸਾਹਬ ਧੀਰਜ ਰੱਖੋ। ਹੁਣ ਏਧਰ ਆ ਗਏ ਆਂ। ਸਿਰਫ਼ ਰਾਤ ਦਾ ਮਸਲਾ ਏ। ਉੱਥੇ ਜਾਂਦਿਆਂ ਨੂੰ ਰਾਤ ਪੈ ਜਾਣੀ ਏ।'

—ਰਾਤ ਨੂੰ ਕੀ ਏ? ਅਸੀਂ ਤੇ ਅੱਧੀ-ਅੱਧੀ ਰਾਤ ਤਾਈਂ ਛੂਹਣ ਛੁਹਾਈ ਖੇਡਦੇ ਰਹਿੰਨੇ ਸਾਂ....।

—ਵਕਤ ਬਦਲ ਗਏ ਨੇ....।'

—ਵਕਤ ਬਦਲ ਗਏ ਨੇ।' ਉਸ ਨੇ ਮੇਰੇ ਬੋਲ ਦੁਹਰਾਏ। ਜਿਵੇਂ ਕੋਈ ਕਬਰ ਵਿਚੋਂ ਬੋਲਦਾ। ਤਾਂ ਮੈਂ ਸਮਝਾਇਆ—'ਦਰਅਸਲ ਮੀਆਂ ਜੀ ਗੱਲ ਇਹ ਹੈ। ਮੈਂ ਉਸ ਗੱਭਰੂ ਨੂੰ ਉਧਰ ਦੱਸ ਦਿੱਤਾ ਹੈ....। ਹੁਣ ਰਾਤ ਨੂੰ ਜਾਵਾਂਗਾ ਤਾਂ ਕਿੱਥੇ ਮੁਹੱਲਾ ਪੁੱਛਦੇ ਫਿਰਾਂਗੇ....।'

—ਕੀ ਗੱਲ ਕਰਦੇ ਓ ਸਰਦਾਰ ਸਾਹਿਬ, ਮੁਹੱਲਾ ਕਿਵੇਂ ਨਹੀਂ ਲੱਭੇਗਾ? ਮੈਨੂੰ ਜਗਰਾਵਾਂ ਦੀ ਜੂਹ ਵਿਚ ਛੱਡ ਦਿਓ। ਮੈਂ ਤਾਂ ਅੱਖਾਂ ਉੱਪਰ ਪੱਟੀ ਬੰਨ੍ਹ ਕੇ ਆਪਣੇ ਮੁਹੱਲੇ ਵਿਚ ਚਲਿਆ ਜਾਵਾਂ....।'

ਅਸੀਂ ਸਾਹ ਰੋਕੀ ਪ੍ਰਧਾਨ ਦੀਆਂ ਗੱਲਾਂ ਸੁਣ ਰਹੇ ਸਾਂ। ਸਾਡੀਆਂ ਅੱਖਾਂ ਮੂਹਰੇ ਉਹ ਬਜ਼ੁਰਗ ਸਾਕਾਰ ਦਿਸ ਰਿਹਾ ਸੀ, ਜਿਹੜਾ ਆਪਣੇ ਜਨਮ ਸਥਾਨ ਨੂੰ ਦੇਖਣ ਲਈ ਤਰਲੇ ਲੈ ਰਿਹਾ ਸੀ।

—ਮੈਂ ਰਾਤ ਨੂੰ ਜਾਣਾ ਨਹੀਂ ਸਾਂ ਚਾਹੁੰਦਾ। ਰਾਤ ਵੇਲੇ ਤੁਰਨ ਦਾ ਲਾਭ ਵੀ ਕੋਈ ਨਹੀਂ ਸੀ। ਉਸਨੂੰ ਠੀਕ ਤਰ੍ਹਾਂ ਸਮਝਾ ਵੀ ਨਹੀਂ ਸਾਂ ਸਕਦਾ। ਕਿਹਾ, 'ਠੀਕ ਏ ਮੀਆਂ ਸਾਹਬ ਤੁਸੀਂ ਮੁਹੱਲਾ ਲੱਭ ਲਓਗੇ, ਘਰ ਵੀ ਪਛਾਣ ਲਓਗੇ ਪਰ ਆਪਾਂ ਸਵੇਰੇ ਚੱਲਾਂਗੇ। ਹੁਣ ਚਾਹ ਪਾਣੀ ਪੀਨੇ ਆਂ। ਤੁਹਨੂੰ ਅੰਮ੍ਰਿਤਸਰ ਘੁਮਾ ਦਿੰਨਾਂ।....'

ਮੀਏਂ ਦਾ ਹਉਕਾ ਮੈਂ ਸੁਣਿਆ। ਹੌਲੀ ਜਿਹੇ ਕਿਹਾ....ਤਾਂ ਏਧਰ ਆਕੇ ਵੀ ਅੱਜ ਮੈਂ ਜਗਰਾਵਾਂ ਨਹੀਂ ਵੇਖ ਸਕਾਂਗਾ।'

—ਇਹ ਗੱਲ ਨਹੀਂ ਹੈ....ਮੀਆਂ....।'

....ਹੁਣ ਉਹ ਮੇਰੀ ਗੱਲ ਨਹੀਂ ਸਨ ਸੁਣ ਰਹੇ। ਦੋਵੇਂ ਜਣੇ ਨੀਵੀਆਂ ਪਾ ਕੇ ਬਹਿ ਗਏ। ਮੈਨੂੰ ਉਹ ਕਾਫ਼ੀ ਬੇਚੈਨ ਦਿਸੇ। ਮੈਂ ਉਹਨਾਂ ਦੀ ਭਾਵੁਕਤਾ ਜਾਣਦਾ ਸੀ ਪਰ ਸੱਚੀ ਗੱਲ ਹੈ, ਏਸ ਵੇਲੇ ਜਗਰਾਵਾਂ ਨੂੰ ਤੁਰਨ ਦੀ ਕੋਈ ਤੁੱਕ ਨਹੀਂ ਸੀ। ....ਮੈਂ ਕਿਹਾ 'ਮੀਆਂ ਜੀ ਏਸ ਤਰ੍ਹਾਂ ਨਿਰਾਸ਼ ਨਾ ਹੋਵੋ। ਕੱਲ੍ਹ ਆਪਾਂ ਜਗਰਾਵਾਂ ਹੋਵਾਂਗੇ।'

ਠੀਕ ਹੈ, ਠੀਕ ਹੈ ਸਰਦਾਰ ਸਾਹਬ....ਮੀਏਂ ਨੇ ਸ਼ਾਇਦ ਆਪਣੇ ਆਪ ਨੂੰ ਉਸ

ਭਾਵੁਕਤਾ ਵਿਚੋਂ ਕੱਢ ਲਿਆ ਸੀ…'ਖਿਮਾ ਕਰਨਾ…ਅੱਜ ਏਥੇ ਈ ਰੁਕਨੇ ਆਂ…ਫਿਰ ਕੁਝ ਪਲ ਰੁਕ ਕੇ ਉਸਦੇ ਮੂੰਹੋਂ ਸੁਭਾਵਕ ਨਿਕਲਿਆ…'ਅੱਲਾਹ' ਨਾਲ ਹੀ ਉਸ ਹਉਕੇ ਵਰਗਾ ਸਾਹ ਲਿਆ।

…ਮਿੱਤਰੋ ! ਜਿਹੜੀ ਗੱਲ ਮੈਂ ਤੁਹਾਨੂੰ ਹੁਣ ਦੱਸਣ ਲੱਗਾ ਵਾਂ, ਉਸਨੇ ਤਾਂ ਮੇਰੀ ਨੀਂਦ ਵੀ ਉਡਾ ਦਿੱਤੀ।

ਅਸੀਂ ਸਾਰੇ ਸਤੱਰਕ ਹੋ ਗਏ। ਮੇਰਾ ਇਕ ਮਿੱਤਰ ਤਾਂ ਇਸ ਤਰ੍ਹਾਂ ਓੜਕੂ ਜਿਹਾ ਬੈਠਾ ਪ੍ਰਧਾਨ ਵੱਲ ਤੱਕਣ ਲੱਗਾ ਜਿਵੇਂ ਸਾਰਾ ਸਰੀਰ ਹੀ ਉਸਦੇ ਕੰਨ ਬਣ ਗਏ ਹੋਣ।

ਪ੍ਰਧਾਨ ਬੋਲਿਆ—

—ਅੱਧੀ ਰਾਤ ਮੈਂ ਪਿਸ਼ਾਬ ਕਰਨ ਉਠਿਆ, ਦੇਖਿਆ ਮੀਆਂ ਜੀ ਵਿਹੜੇ ਵਿਚ ਚੱਕਰ ਲਾ ਰਿਹਾ ਹੈ। ਮੈਂ ਬੁਲਾਇਆ ਨਹੀਂ ਸੋਚਿਆ ਸ਼ਾਇਦ ਇਹ ਵੀ ਮੇਰੇ ਵਾਂਗ ਹੀ ਬਾਹਰ ਆਇਆ ਹੋਵੇ। ਆਪਣੇ ਕਮਰੇ ਵਿਚ ਜਾਣ ਤੋਂ ਪਹਿਲਾਂ ਮੈਂ ਕੁਝ ਦੇਰ ਖੜ੍ਹਾ ਉਸਦੇ ਅੰਦਰ ਜਾਣ ਦੀ ਉਡੀਕ ਕਰਦਾ ਰਿਹਾ, ਪਰ ਉਹ ਉਵੇਂ ਹੀ ਚੱਕਰ ਕੱਟਦਾ ਰਿਹਾ। ਸਵੇਰੇ ਜਗਰਾਵਾਂ ਪਹੁੰਚਣ ਦੀ ਉਤੇਜਨਾ ਵਿਚ ਸ਼ਾਇਦ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਫਿਰ ਮੈਂ ਚਾਰ ਕੁ ਵਜੇ ਬਾਹਰ ਨਿਕਲਿਆ ਤਾਂ ਮੀਆਂ ਜੀ ਉਵੇਂ ਦਾ ਉਵੇਂ ਚੱਕਰ ਕੱਟਦਾ ਦਿੱਸਿਆ। ਮੈਂ ਬਹੁਤ ਪਰੇਸ਼ਾਨ ਹੋਇਆ, ਇਹ ਤਾਂ ਸਾਰੀ ਰਾਤ ਹੀ ਨਹੀਂ ਸੁੱਤਾ। ਇਸ ਤੋਂ ਬਾਅਦ ਤਾਂ ਮੈਨੂੰ ਵੀ ਨੀਂਦ ਨਹੀਂ ਆਈ।

…ਸਵੇਰੇ ਪੰਜ ਕੁ ਵਜੇ ਹੀ ਉਹ ਦੋਵੇਂ ਜਣੇ ਤਿਆਰ ਹੋ ਕੇ ਆ ਗਏ।

—ਸਰਦਾਰ ਸਾਹਬ ਅਸੀਂ ਤੇ ਤਿਆਰ ਜੇ, ਕਦੋਂ ਤੁਰਨਾ ਵੇ?'

—ਨਾਸ਼ਤਾ ਕਰ ਲਈਏ ਤੁਰਨੇ ਆਂ ਬੱਸ।' ਮੈਂ ਕਿਹਾ। ਪਰ ਉਹ ਹੁਣ ਏਨਾ ਚਿਰ ਵੀ ਉਡੀਕਣ ਲਈ ਤਿਆਰ ਨਹੀਂ ਸੀ।

—ਮੈਨੂੰ ਤੇ ਭੁੱਖ ਈ ਕਾਈ ਨਹੀਂ। ਬੇਗਮ ਨੇ ਵੀ ਕੁਝ ਨਹੀਂ ਖਾਣਾ।'

—ਕੀ ਗੱਲਾਂ ਕਰਦੇ ਓ ਮੀਆਂ ਸਾਹਬ ਨਾਸ਼ਤਾ ਤਿਆਰ ਏ, ਜਿੰਨੀ ਲੋੜ ਐ ਉਨਾ ਕੁ ਲੈ ਲਓ, ਉਦੋਂ ਤੱਕ ਮੈਂ ਗੱਡੀ ਤਿਆਰ ਕਰ ਲਵਾਂ।'

…ਮੈਂ ਗੱਡੀ ਵੀ ਰੈਡੀ ਕਰ ਲਈ। ਮੈਨੂੰ ਪਤਾ ਲੱਗਿਆ ਉਨ੍ਹਾਂ ਨਾਸ਼ਤਾ ਵੀ ਢੰਗ ਨਾਲ ਨਹੀਂ ਕੀਤਾ। ਉਹਨਾਂ ਦੀ ਅਜੀਬ ਸਥਿਤੀ ਸੀ। ਨਾ ਉਹਨਾਂ ਨੂੰ ਭੁੱਖ ਲੱਗਦੀ ਸੀ ਨਾ ਪਿਆਸ ਲੱਗਦੀ ਸੀ…। ਮੈਂ ਵੀ ਕਾਹਲੀ ਵਿਚ ਹੀ ਚਾਰ ਪੰਜ ਗਰਾਹੀਆਂ ਅੰਦਰ ਸੁੱਟੀਆਂ, ਕਿਉਂਕਿ ਉਹ ਲਗਾਤਾਰ ਮੈਨੂੰ ਖਾਂਦੇ ਨੂੰ ਵੇਖ ਰਿਹਾ ਸੀ। ਜਦੋਂ ਜੀਪ ਵਿਚ ਬਹਿ ਕੇ ਅਸੀਂ ਤੁਰ ਪਏ ਤਾਂ ਮੀਆਂ ਜੀ ਨੇ ਦੋਵੇਂ ਹੱਥ ਉੱਪਰ ਚੁੱਕ ਕੇ ਮੂੰਹ ਵਿਚ ਕੁਝ ਕਿਹਾ। ਉਸਦੀ ਬੀਵੀ ਨੇ ਆਖਿਆ, 'ਬਿਰਾ ਜੀ, ਇਹ ਤਾਂ ਸਾਰੀ ਰਾਤ ਜਾਗਦੇ ਰਹੇ ਨੇ ਝੱਟ ਲੇਟਦੇ ਸਨ, ਫਿਰ ਉਠ ਬਹਿੰਦੇ ਸਨ। ਨਾ ਆਪੂੰ ਸੁੱਤੇ ਨਾ ਮੈਨੂੰ ਸੌਣ ਦਿੱਤਾ।' ਮੈਂ ਕੀ ਆਖਦਾ ਮੈਂ ਉਸ ਦੀ ਮਾਨਸਿਕ ਹਾਲਤ ਸਮਝਦਾ ਸਾਂ।

…ਮੌਸਮ ਬੜਾ ਸੋਹਣਾ ਸੀ। ਬੱਦਲਵਾਈ ਸੀ। ਲੱਗਦਾ ਸੀ ਕਦੇ ਵੀ ਮੀਂਹ ਆ ਸਕਦਾ ਹੈ। ਕਣਕਾਂ ਵਿਚ ਦਾਣਾ ਪੈ ਗਿਆ ਹੋਇਆ ਸੀ ਤੇ ਉਸ ਦੀ ਖੁਸ਼ਬੂ ਫੈਲੀ ਹੋਈ ਸੀ। ਰਾਹ ਵਿਚ ਕਿਤੇ-ਕਿਤੇ ਬੱਦਲ ਬਹੁਤ ਨੀਵੇਂ ਹੋ ਜਾਂਦੇ। ਕਦੇ-ਕਦੇ ਕੋਈ ਕਣੀ ਵੀ ਡਿੱਗਦੀ



ਸੀ। ਮੀਆਂ ਚੁਫੇਰੇ ਤੱਕਦਾ ਇਉਂ ਖੁਸ਼ ਬੈਠਾ ਸੀ ਜਿਵੇਂ ਉਸ ਨੂੰ ਕੋਈ ਕੀਮਤੀ ਖਜ਼ਾਨਾ ਮਿਲਣ ਵਾਲਾ ਹੋਵੇ। ਹਰ ਚਾਰ ਪੰਜ ਮੀਲ ਬਾਅਦ ਉਹ ਪੁੱਛਦਾ—

…'ਜਗਰਾਵਾਂ ਅਜੇ ਕਿੰਨੀ ਦੂਰ ਏ?' …ਮੈਂ ਹੱਥ ਦੇ ਇਸ਼ਾਰੇ ਨਾਲ ਉਸਨੂੰ ਸਬਰ ਰੱਖਣ ਲਈ ਆਖਦਾ।

…ਜਗਰਾਵਾਂ ਲਾਗੇ ਆਏ ਤਾਂ ਮੀਂਹ ਕੁਝ ਵਧੇਰੇ ਸੀ, ਭਾਵੇਂ ਟੋਇਆਂ ਵਿਚ ਅਜੇ ਪਾਣੀ ਨਹੀਂ ਸੀ ਖੜ੍ਹਾ। ਜਗਰਾਵਾਂ ਚੌਂਕ ਵਿਚ ਉਸ ਨੇ ਗੱਡੀ ਰੁਕਵਾ ਲਈ। ਮੀਆਂ ਹੇਠਾਂ ਉਤਰਿਆ ਧਰਤੀ ਨੂੰ ਮੱਥਾ ਝੁਕਾਇਆ। ਫਿਰ ਆਪਣੇ ਕੱਪੜਿਆਂ ਦੀ ਪਰਵਾਹ ਕੀਤੇ ਬਿਨਾਂ ਬਾਹਾਂ ਫੈਲਾ ਕੇ ਧਰਤੀ ਉੱਪਰ ਲੇਟ ਗਿਆ। ਕੁਝ ਦੇਰ ਉਵੇਂ ਪਿਆ ਰਿਹਾ। ਆਸੇ ਪਾਸੇ ਲੋਕ ਜਮ੍ਹਾਂ ਹੋਣ ਲੱਗਾਂ। ਮੈਂ ਜੀਪ ਵਿਚੋਂ ਉਤਰਿਆ ਉਸਦਾ ਮੋਢਾ ਥਪਥਪਾਇਆ। ਉਹ ਉੱਠਿਆ, ਪਰ ਦੋਨੋਂ ਗੋਢੇ ਜ਼ਮੀਨ ਉੱਪਰ ਟੇਕੀ ਰੱਖੇ। ਮੈਂ ਦੇਖਿਆ—ਜਿੱਥੇ ਉਸ ਦਾ ਮੂੰਹ ਸੀ ਉੱਥੇ ਧਰਤੀ ਉਸ ਦੇ ਹੰਝੂਆਂ ਨਾਲ ਹੋਰ ਗਿੱਲੀ ਹੋ ਗਈ ਸੀ। ਉਸਦਾ ਆਪਣਾ ਚਿਹਰਾ ਭਿੱਜਿਆ ਹੋਇਆ ਸੀ। ਉਸਨੂੰ ਸਹਾਰਾ ਦੇ ਕੇ ਜੀਪ ਵਿਚ ਬਿਠਾਇਆ। ਉਸਦੀਆਂ ਅੱਖਾਂ ਵਿਚ ਅਨੋਖੀ ਚਮਕ ਸੀ, ਪਰ ਹੰਝੂ ਵਹਿ ਰਹੇ ਸਨ। ਉਸ ਦੀ ਬੀਵੀ ਨੇ ਮਿੱਟੀ ਨਾਲ ਲਿਬੜਿਆ ਉਸਦਾ ਕਮੀਜ਼ ਝਾੜਨਾ ਚਾਹਿਆ ਤਾਂ ਉਸਨੇ ਇਕ ਦਮ ਵਰਜਿਆ, 'ਨਾ ਇਹ ਮੇਰੇ ਪੁਰਖਿਆਂ ਦੀ ਮਿੱਟੀ ਏ।'

…ਪਹਿਲਾਂ ਮੈਂ ਉਸ ਦਾ ਗਾਈਡ ਸਾਂ। ਹੁਣ ਉਹ ਮੇਰਾ ਗਾਈਡ ਸੀ। ਵਿਚ-ਵਿਚ ਉਹ ਇੱਧਰ-ਉੱਧਰ ਵੀ ਵੇਖਦਾ ਜਾਂਦਾ ਸੀ।…. ਕਿੰਨਾ ਬਦਲ ਗਿਆ ਏ। ਏਥੇ ਚੌਂਕ ਨਹੀਂ ਸੀ ਹੁੰਦਾ। ….ਏਥੇ ਤਾਂ ਪਾਰਕ ਨਹੀਂ ਸੀ।

…ਆਹ ਬਾਜ਼ਾਰ ਤੇ ਨਵਾਂ ਈ ਉੱਗ ਪਿਆ ਏ।

…ਏਨੀ ਭੀੜ ਤਾਂ ਨਹੀਂ ਸੀ ਹੁੰਦੀ ਉਦੋਂ।…ਏਥੋਂ ਬੱਸ ਅੱਡਾ ਕਿੱਧਰ ਗਿਆ? ਔਧਰ ਸੱਜੇ ਪਾਸੇ ਇਕ ਦਰਜੀ ਦੀ ਦੁਕਾਨ ਹੁੰਦੀ ਸੀ।….ਇਸ ਮੋੜ 'ਤੇ, …ਹਾਂਅ, ਏਥੇ ਈ ਬੈਠਦਾ ਹੁੰਦਾ ਸੀ….ਫਜਲੂ ਜੁੱਤੀਆਂ ਵਾਲਾ। ਸਰਦਾਰ ਸਾਹਬ ਧੌੜੀ ਤੇ ਕੁਰਮ ਦੀਆਂ ਜੁੱਤੀਆਂ ਦਾ ਕੀ ਮੁਕਾਬਲਾ ਸੀ….? ਮੈਂ ਪੁੱਛਿਆ-ਘਰ ਪਛਾਣਦਾ ਏਂ?

—ਆਹੋ-ਆਹੋ….ਸਿੱਧਾ ਚਲੋ ਅਜੇ….ਬੱਸ ਥੋੜ੍ਹਾ ਈ ਏ ਅੱਗੇ ਤੋਂ ਖੱਬੇ ਬੱਸ ਏਥੇ ਈ ਹੋਣਾ ਏ।….ਤਿੰਨ ਘਰ ਛੱਡ ਕੇ….ਬੱਸ-ਬੱਸ-ਬੱਸ।'…ਇਕ ਪੁਰਾਣੇ ਡਾਟਾਂ ਵਾਲੇ ਵੱਡੇ ਦਰਵਾਜ਼ੇ ਮੂਹਰੇ ਉਸ ਨੇ ਗੱਡੀ ਰੁਕਵਾ ਲਈ।

…ਭਰਾਵੋ, ਉਸਦੀ ਹਾਲਤ ਵੇਖਣ ਵਾਲੀ ਸੀ। ਉਹ ਥਮਲਿਆਂ ਨੂੰ, ਕੰਧਾਂ ਨੂੰ ਲਿਪਟਣ ਲੱਗਾ….ਇਉਂ ਤਾਂ ਕੋਈ ਆਪਣੇ ਬੱਚਿਆਂ ਜਾਂ ਮਾਂ-ਪਿਉ ਨੂੰ ਵੀ ਨਹੀਂ ਲਿਪਟਦਾ।

…ਮੀਂਹ ਪੈ ਕੇ ਹਟਿਆ ਸੀ। ਦਰਵਾਜ਼ੇ ਦੀਆਂ ਇੱਟਾਂ ਵਿਚੋਂ ਸਿੰਮਦੇ ਪਾਣੀ ਦਾ ਇਕ ਤੁਪਕਾ ਡਿੱਗਣ-ਡਿੱਗਣ ਕਰਦਾ ਸਬੱਬ ਨਾਲ ਮੀਏਂ ਦੇ ਮੱਥੇ 'ਤੇ ਆਣ ਡਿੱਗਾ।

…ਮੀਏਂ ਨੇ ਆਖਿਆ….ਦੇਖੋ ਨਾ ਸਰਦਾਰ ਸਾਹਬ ਘਰ ਦਾ ਬੂਹਾ ਵੀ ਰੋਣ ਡਿਹਾ ਏ। ਉਸ ਦਾ ਆਪਣਾ ਰੋਣ ਵੀ ਠੱਲ੍ਹਿਆ ਨਹੀਂ ਸੀ ਜਾਂਦਾ। ਹੁਣ ਤਾਂ ਉਸਦੀ ਬੀਵੀ ਵੀ ਉਸ ਨੂੰ ਦੇਖ ਕੇ ਰੋਣ ਲੱਗੀ। ….ਏਨੇ ਵਿਚ ਘਰ ਵਾਲੇ ਆ ਗਏ ਸਨ ਤੇ ਉਹ ਗੱਭਰੂ ਵੀ ਜਿਹੜਾ ਮੀਏਂ ਨੂੰ ਲਾਹੌਰ ਵਿਚ ਮਿਲਿਆ ਸੀ। ਅਸੀਂ ਆਉਣ ਬਾਰੇ ਗੱਭਰੂ ਨੂੰ ਦੱਸਿਆ

ਹੋਇਆ ਸੀ। ਪਲਾਂ ਵਿਚ ਹੀ ਪੂਰੇ ਮੁਹੱਲੇ ਵਿਚ ਖ਼ਬਰ ਫੈਲ ਗਈ। ਪੁਰਾਣੀ ਉਮਰ ਦੇ ਕੁਝ ਬਜ਼ੁਰਗ ਅਤੇ ਔਰਤਾਂ, ਜਿਵੇਂ ਸਨ ਉਵੇਂ ਤੁਰ ਆਏ। ਉਹਨਾਂ ਦੇ ਪਹਿਰਾਵੇ ਤੋਂ ਲੱਗਦਾ ਸੀ ਜੇ ਕਿਸੇ ਦੇ ਸਿਰ ਉੱਪਰ ਪਰਨਾ ਸੀ ਤੇ ਉਸ ਨੇ ਪੱਗ ਬੰਨ੍ਹਣ ਲਈ ਵਕਤ ਨਹੀਂ ਗਵਾਇਆ। ਜੇ ਕੋਈ ਸਿਰੋਂ ਨੰਗਾ ਸੀ, ਉਸ ਨੇ ਸਿਰ ਨਹੀਂ ਢੱਕਿਆ। ਏਵੇਂ ਔਰਤਾਂ ਜੇ ਨੰਗੇ ਪੈਰੀਂ ਸਨ ਤਾਂ ਉਹਨਾਂ ਜੁੱਤੀ ਲੱਭਣ ਦਾ ਯਤਨ ਨਹੀਂ ਕੀਤਾ ਹੋਣਾ। ਉਹਨਾਂ ਦੇ ਨਾਲ ਹੀ ਗੱਭਰੂ ਅਤੇ ਬੱਚੇ ਦੌੜੇ ਆਏ। ਘਰ ਵਿਚ ਚੰਗਾ ਖਾਸਾ ਇਕੱਠ ਹੋ ਗਿਆ। ਹਰ ਕੋਈ ਪਾਕਿਸਤਾਨ ਤੋਂ ਆਏ ਜੋੜੇ ਨੂੰ ਇਕ ਦੂਸਰੇ ਦੇ ਅੱਗੇ ਹੋ-ਹੋ ਦੇਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਨਾਂ ਨੂੰ ਵੇਖ ਉਹ ਹੈਰਾਨੀ ਨਾਲ ਇਕ ਦੂਸਰੇ ਨੂੰ ਦੱਸਦੇ—

....ਉਏ ਇਹ ਤਾਂ ਆਪਣੇ ਵਾਂਗੂੰ ਬੋਲਦੇ ਐ।

....ਇਕ ਜਣਾ ਤਾਂ ਮੀਏਂ ਦਾ ਹਾਣੀ ਲੱਭ ਗਿਆ। ਉਸ ਨੇ ਘਰ ਅੰਦਰ ਵੜਦਿਆਂ ਹੀ ਰੋਂਦਿਆਂ ਹਾਕ ਮਾਰੀ—

.....'ਉਏ ਅਫਜ਼ਲਾ....ਕੜਾਹ ਖਾਣਿਆਂ।' ....ਮੀਆਂ ਵੀ ਝੱਲਿਆਂ ਵਾਂਗ ਉਠ ਕੇ ਉਸ ਵੱਲ ਦੌੜਿਆ—

'ਉਏ ਬਖਤਾਵਰਾ....ਖਰਬੂਜ਼ੇ ਚੋਰਾ।' ਤੇ ਉਹ ਦੋਵੇਂ ਇਕ ਦੂਸਰੇ ਨੂੰ ਚੰਬੜ ਕੇ ਬੱਚਿਆਂ ਵਾਂਗ ਰੋਣ ਲੱਗੇ, ਉੱਚੀ-ਉੱਚੀ ਰੋਂਦੇ-ਰੋਂਦੇ ਉਹ ਬੋਲੀ ਜਾ ਰਹੇ ਸਨ—

'ਉਏ ਆਪਾ ਕੌਡੀ ਖੇਡਦੇ ਹੁੰਦੇ ਸੀ ਉਏ।'

'ਕੌਡੀ ਖੇਡਦਿਆਂ ਤੇਰਾ ਲੰਗੋਟ ਖੁੱਲ੍ਹ ਗਿਆ ਸੀ ਉਏ ਅਫਜ਼ਲਾ।'

'ਤੂੰ ਮੇਰੇ ਨਿਆਣਾ ਮਾਰ ਕੇ ਪੱਟ ਦੀ ਹੱਡੀ ਜਰਕਾ ਛੱਡੀ ਸੀ ਬਖਤਾਵਰਾ।'

'ਤੂੰ ਇਕ ਵਾਰ ਮੇਰਾ ਗਿੱਟਾ ਕੱਢ ਦਿੱਤਾ ਸੀ।'

'ਉਏ ਆਹੋ।'

ਘਰਦਿਆਂ ਨੇ ਉਹਨਾਂ ਨੂੰ ਵੱਖ-ਵੱਖ ਕੀਤਾ। ਰੋ-ਰੋ ਕੇ ਦੋਹਾਂ ਦੇ ਮੋਢੇ ਭਿੱਜੇ ਹੋਏ ਸਨ। ਦੁਆਲੇ ਜੁੜੀ ਖੜ੍ਹੀ ਭੀੜ ਵਿਚੋਂ ਵੀ ਬਹੁਤਿਆਂ ਦੀਆਂ ਅੱਖਾਂ ਭਰੀਆਂ ਹੋਈਆਂ ਸਨ।

ਕੁਝ ਸ਼ਾਂਤ ਹੋ ਕੇ ਮੰਜੇ ਉੱਪਰ ਬਹਿੰਦਿਆਂ ਹੀ ਮੀਏਂ ਅਫਜ਼ਲ ਫੇਰ ਧਾਅ ਮਾਰੀ—

....ਹਾਏ ਉਏ ਬਖਤਾਵਰਾ ਸਮੇਂ ਨੂੰ ਪੁੱਠਾ ਗੇੜਾ ਕਿਉਂ ਨਹੀਂ ਪਾਂਦਾ, ਅੱਲਾਹ।'

ਉਹ ਫੇਰ ਰੋਣ ਲੱਗ ਪਿਆ। ਘਰ ਵਾਲੇ ਚਾਹ ਪਾਣੀ ਦਾ ਪ੍ਰਬੰਧ ਕਰਨ ਵਿਚ ਰੁੱਝ ਗਏ। ਫਿਰ ਕੁਝ ਸਹਿਜ ਹੋ ਕੇ ਗੱਲਾਂ ਹੋਣ ਲੱਗੀਆਂ। ਉਹ ਆਪਣੀ ਬੀਵੀ ਨੂੰ ਨਾਲ ਲੈ ਕੇ ਘਰ ਵਿਚ ਗੇੜਾ ਦੇਣ ਲੱਗਾ। ਮੁਹੱਲੇ ਦੇ ਲੋਕ ਵੀ ਉਹਨਾਂ ਦੇ ਪਿੱਛੇ ਸਨ।

....ਆਹ ਕਮਰਾ ਮੇਰੇ ਅੱਬਾ ਦਾ ਸੀ....ਤੇ ਆਹ ਮੇਰੇ ਤੋਂ ਛੋਟੇ ਬਿਰਾ ਅਲੀ ਦਾ, ਅੱਲਾਹ ਉਸਦੀ ਰੂਹ ਨੂੰ ਸਕੂਨ ਦੇਵੇ, ਪਿਛਲੇ ਸਾਲ ਕਬਰ ਵਿਚ ਜਾ ਪਿਆ ਵੇ।

....ਏਧਰ ਸਾਡੇ ਪਸ਼ੂ ਹੁੰਦੇ ਸਨ। ਹੁਣ ਤਾਂ ਏਥੇ ਕਮਰੇ ਬਣਵਾ ਲਏ ਹੋਏ ਨੇ....ਹੁਣ ਤੇ ਛੱਤਾਂ ਵੀ ਪੱਕੀਆਂ ਹੋ ਗਈਆਂ ਨੇ।

ਮੀਆਂ ਛੱਤਾਂ ਵਲ ਝਾਕਿਆ....ਬਾਹਰ ਵਿਹੜੇ ਵਿਚ ਆਇਆ....'ਏਧਰ ਨਿੰਮ ਹੁੰਦੀ ਸੀ ਇਕ....।'

ਉਹ ਕੰਧਾਂ ਨੂੰ, ਦਰਵਾਜ਼ਿਆਂ ਨੂੰ, ਚੁਗਾਠਾਂ ਨੂੰ ਹੱਥ ਲਾ ਕੇ ਪਲੋਸਦਾ ਸੀ, ਜਿਵੇਂ



ਆਪਣੀ ਕਿਸੇ ਗੁਆਚੀ ਸ਼ੈਅ ਦੀ ਪਛਾਣ ਕਰਦਾ ਹੋਵੇ....ਚਾਹ ਪੀਂਦਿਆਂ ਰੋਟੀ ਖਾਂਦਿਆਂ ਵੀ ਉਹ ਘਰ ਦੀ ਇਕ-ਇਕ ਨੁੱਕਰ ਬਾਰੇ ਗੱਲਾਂ ਕਰਦਾ ਰਿਹਾ। ਬਖਤਾਵਰ ਤੇ ਉਹ ਆਪਣੀ ਜਵਾਨੀ ਵੇਲੇ ਦੀਆਂ ਗੱਲਾਂ ਕਰ-ਕਰ ਝੂਰਦੇ ਰਹੇ। ਮੈਂ ਉਹਨਾਂ ਨੂੰ ਵਕਤ ਸਿਰ ਵਾਪਸ ਚੱਲਣ ਲਈ ਖ਼ਬਰਦਾਰ ਕੀਤਾ। ਪਰ ਉਹ ਤਾਂ ਇਸ ਤਰ੍ਹਾਂ ਲੋਕਾਂ ਵਿਚ ਘਿਰਿਆ ਹੋਇਆ ਸੀ, ਜਿਵੇਂ ਵਾਪਸ ਜਾਣਾ ਹੀ ਨਾ ਹੋਵੇ। ਹਰ ਕੋਈ ਉਹਨਾਂ ਨੂੰ ਆਪਣੇ ਘਰ ਲੈ ਜਾਣਾ ਚਾਹੁੰਦਾ ਸੀ। ਬਖਤਾਵਰ ਸਿੰਘ ਤਾਂ ਅੜ ਹੀ ਗਿਆ। ਕਹਿੰਦਾ—'ਜਿੰਨਾ ਚਿਰ ਅਫਜ਼ਲਾ ਮੇਰੇ ਘਰ ਨਹੀਂ ਜਾਏਂਗਾ ਅਸੀਂ ਮੁਹੱਲੇ ਵਿਚੋਂ ਨਹੀਂ ਨਿਕਲਣ ਦੇਣਾ।'

ਬਖਤਾਵਰ ਦੇ ਘਰ ਜਾਣ ਵੇਲੇ, ਸਾਰਾ ਮੁਹੱਲਾ ਫੇਰ ਉਹਨਾਂ ਦੇ ਨਾਲ ਤੁਰ ਪਿਆ। ਬਖਤਾਵਰ ਦੇ ਘਰ ਜਾਂਦਿਆਂ ਹੀ ਮੀਏਂ ਨੇ ਕਿਹਾ....'ਉਏ ਬਖਤਾਵਰਾ, ਏਧਰ ਖੱਬੇ ਤੂੜੀ ਵਾਲਾ ਕੋਠਾ ਹੁੰਦਾ ਸੀ?'

'ਆਹੋ ਹੁੰਦਾ ਸੀ, ਹੁਣ ਏਦੂ ਅਗਾਂਹ ਕੁਝ ਨਹੀਂ ਆਖਣਾ।' ਬਖਤਾਵਰ ਨੇ ਜਿਵੇਂ ਝਿੜਕਿਆ ਹੋਵੇ। ਮੈਨੂੰ ਤਾਂ ਭਰਾਵੋ ਇਉਂ ਹੀ ਲੱਗਿਆ।

ਮੀਏਂ ਦੇ ਚਿਹਰੇ ਉੱਪਰ ਸ਼ਰਾਰਤ ਵੀ ਦਿੱਸੀ, 'ਉਏ ਮੈਂ ਕਦ ਇਹਨਾਂ ਨੂੰ ਦੱਸਨਾਂ ਪਿਆਂ, ਤੈਨੂੰ ਢਾਹ ਕੇ ਮੈਂ ਕੁੱਟਿਆ ਸੀ ਏਥੇ।' ਭੀੜ ਹੱਸ ਪਈ। ਇਕ ਨੇ ਪੁੱਛਿਆ ....'ਬਾਬਾ ਜੀ ਕਿਉਂ ਕੁੱਟਿਆ ਸੀ ਏਹਨੇ?' 'ਉਏ ਛੱਡੋ ਪਰ੍ਹਾਂ ਉਹ ਉਦੋਂ ਦੀ ਗੱਲ ਸੀ।' ਬਖਤਾਵਰ ਦੇ ਚਿਹਰੇ ਉੱਪਰ ਸ਼ਰਮ ਆ ਗਈ ਲੱਗੀ।

'ਬਖਤਾਵਰ ਨੇ ਕੀ ਦੱਸਣਾ, ਇਹ ਮੇਰੀ ਬੱਕਰੀ ਚੂੰਘ ਕੇ ਏਥੇ ਆ ਲੁਕਿਆ ਸੀ, ਤੂੜੀ ਵਾਲੇ ਕੋਠੇ 'ਚ ਤੇ ਮੈਂ ਆ ਕੇ ਢਾਹ ਲਿਆ ਫਿਰ।' ਹੁਣ ਔਰਤਾਂ ਅਤੇ ਬੱਚੇ ਵੀ ਹੱਸ ਪਏ।

'ਵਾਹ ਉਏ ਬਾਬਾ, ਹੁਣ ਪਤਾ ਲੱਗਿਆ ਜਵਾਨੀ 'ਚ ਬੱਕਰੀਆਂ ਚੁੰਘਦਾ ਰਿਹੈਂ ਤੇ ਸਾਨੂੰ ਹੁਣ ਝਿੜਕਾਂ ਮਾਰਦੈਂ....।' ਇਕ ਮਨਚਲੇ ਨੇ ਛੇੜਿਆ।

....ਉਏ ਕਾਹਨੂੰ....।' ਬਖਤਾਵਰ ਵੀ ਕੱਚਾ ਹੁੰਦਾ ਹੱਸਣ ਲੱਗਾ। ....ਫਿਰ ਉਹ ਦੋਵੇਂ ਹੱਸ-ਹੱਸ ਲੋਟ ਪੋਟ ਹੋਣ ਲੱਗੇ। ਹੱਸਦੇ ਰਹੇ, ਹੱਸਦੇ ਰਹੇ। ਫਿਰ ਅਚਾਨਕ ਬਖਤਾਵਰ ਨੂੰ ਚਿੰਬੜ ਕੇ ਮੀਆਂ ਉੱਚੀ-ਉੱਚੀ ਰੋਣ ਲੱਗਾ।

....ਅੱਲਾਹ ਸਮੇਂ ਨੂੰ ਪੁੱਠਾ ਗੇੜਾ ਕਿਉਂ ਨਹੀਂ ਦਿੰਦਾ ਪਿਆ ਉਏ ਬਖਤਾਵਰਾ?' ਹੁਣ ਬਖਤਾਵਰ ਵੀ ਰੋਣ ਲੱਗਾ ਤੇ ਮੈਂ ਵੇਖਿਆ ਮੁਹੱਲੇ ਵਾਲੇ ਵੀ ਰੋਣ ਲੱਗੇ।

....ਚਾਹ ਪੀਣ ਤੋਂ ਬਾਅਦ ਤੁਰਨ ਦਾ ਵੇਲਾ ਆ ਗਿਆ। ਬਖਤਾਵਰ ਦੀ ਘਰ ਵਾਲੀ ਅੰਦਰੋਂ ਇਕ ਸੂਟ ਤੇ ਕੰਬਲ ਕੱਢ ਲਿਆਈ ਤੇ ਅਫਜ਼ਲ ਮੀਆਂ ਦੀ ਬੀਵੀ ਦੀ ਝੋਲੀ ਵਿਚ ਰੱਖਦਿਆਂ ਕਿਹਾ—

....ਭੈਣ ਜੀ, ਘਰੋਂ ਖਾਲੀ ਹੱਥ ਤੇ ਨਹੀਂ ਤੋਰਨਾ ਅਸੀਂ।' ਹੁਣ ਰੋਣ ਦਾ ਵੇਲਾ ਅਫਜ਼ਲ ਮੀਆਂ ਦੀ ਬੀਵੀ ਦਾ ਸੀ। ਉਹ ਬਖਤਾਵਰ ਦੀ ਘਰ ਵਾਲੀ ਦੇ ਗਲ ਲੱਗ ਕੇ ਰੋਣ ਲੱਗ ਪਈ। ਦੇਖਾ ਦੇਖੀ ਹਰ ਕੋਈ ਆਪਣੇ ਘਰਾਂ ਵੱਲ ਭੱਜਿਆ। ਕੋਈ ਫੁਲਕਾਰੀ, ਕੋਈ ਸੂਟ, ਕੋਈ ਬਰਤਨ। ਉਹਨਾਂ ਦੇ ਸਾਹਮਣੇ ਸ਼ਗਨਾਂ ਅਤੇ ਤੋਹਫਿਆਂ ਦਾ ਢੇਰ ਲੱਗ ਗਿਆ।

'ਇੰਜ ਤੇ ਨਾ ਕਰੋ। ਅਸੀਂ ਤੇ ਖਾਲੀ ਹੱਥ ਆਏ ਆਂ।' ਮੀਏਂ ਨੇ ਭਰੀਆਂ ਅੱਖਾਂ ਨਾਲ ਹੱਥ ਜੋੜੇ।

....'ਏਨਾ ਕਰਜ਼ ਤੇ ਨਾ ਚਾਹੜੋ। ਮੈਂ ਤਾਂ ਤੁਸਾਂ ਦਾ ਪਹਿਲਾਂ ਹੀ ਕਰਜ਼ਦਾਰ ਹੋ ਗਿਆਂ।'

'ਉਏ ਤੂੰ ਕਾਹਦਾ ਕਰਜ਼ਦਾਰ ਏਂ ਅਫਜ਼ਲਾ, ਤੂੰ ਤੇ ਮਾਲਕ ਏਂ ਏਥੋਂ ਦਾ। ਏਹ ਤਾਂ ਤੁਹਾਡਾ ਹੱਕ ਐ।' ਬਖਤਾਵਰ ਦੀ ਗੱਲ ਤੇ ਉਹ ਫੇਰ ਰੋਣ ਲੱਗ ਪਿਆ।

....'ਕਿੰਨਾ ਰੌਲਾ ਪੈਣ ਡਿਹਾ ਏ ਦੋਹੀਂ ਪਾਸੀਂ, ਪਰ ਅਸਾਂ ਲੋਕ ਤੇ ਕੁਝ ਨਹੀਂ ਵੰਡਿਆ ਕਦੇ।'

....ਅਸੀਂ ਫੇਰ ਉਸਦੇ ਪੁਰਾਣੇ ਘਰ ਆ ਗਏ। ਮੈਂ ਜੀਪ ਘੁਮਾ ਕੇ ਖੜ੍ਹੀ ਕਰ ਦਿੱਤੀ। ਇਕ ਜਣਾ ਕਿੱਧਰੋਂ ਫੋਟੋਗਰਾਫਰ ਸੱਦ ਲਿਆਇਆ। ਹਰ ਕੋਈ ਉਹਨਾਂ ਨਾਲ ਤਸਵੀਰਾਂ ਖਿਚਵਾਉਣ ਲੱਗਾ। ਗੱਡੀ ਵਿਚ ਬੈਠਣ ਤੋਂ ਪਹਿਲਾਂ ਅਫਜ਼ਲ ਨੇ ਮੈਨੂੰ ਇਕ ਪਾਸੇ ਕਰਕੇ ਕਿਹਾ....

....'ਮੈਂ ਇਸ ਵਿਹੜੇ ਦੀ ਮਿੱਟੀ ਖੜਨੀ ਏ....ਇਹ ਕੁਝ ਆਖਣ ਤਾਂ ਨਹੀਂ ਲੱਗੇ?' ਮੈਂ ਘਰ ਵਾਲੇ ਉਸ ਗੱਭਰੂ ਨੂੰ ਪੁੱਛਿਆ। ਉਹ ਹੈਰਾਨ ਹੋਇਆ।

'ਕੀ ਆਖਦੈਂ ਬਾਬਾ ਚੰਗੇ ਲੱਗਦੇ ਆਂ ਮਿੱਟੀ ਦਿੰਦੇ? ਦੇਸੀ ਘਿਉ ਦੀ ਪੀਪੀ ਭਰ ਦਿੰਨੇ ਆਂ, ਘਰ ਦਾ ਬਣਾਇਆ ਗੁੜ ਦੇ ਦਿੰਨੇ ਆਂ।' ਮੀਏਂ ਨੇ ਇਹ ਗੱਲਾਂ ਸੁਣ ਲਈਆਂ ਸਨ। ਉਹ ਨੇੜੇ ਆਇਆ, ਬੋਲਿਆ—

'ਮੇਰੇ ਤੋਂ ਵੱਡਾ ਬਿਰਾ ਏ, ਉਹਦੇ ਸਾਹ ਅਟਕੇ ਪਏ ਨੇ, ਜਦੋਂ ਗੱਲ ਕਰਦਾ ਏ, ਆਖਦਾ ਏ—ਮੇਰੀ ਇਕੋ ਖਾਹਿਸ਼ ਏ—ਮੇਰੇ ਉੱਪਰ ਮੇਰੇ ਗਰਾਂ ਦੀ ਮਿੱਟੀ ਪਾਉਣੀ....'

ਗੱਭਰੂ ਕੁਝ ਨਹੀਂ ਬੋਲਿਆ। ਵਿਹੜੇ ਦੀ ਨੁੱਕਰ ਵਿਚ ਪਈ ਕਹੀ ਚੁੱਕੀ। ਉਸਨੇ ਆਪਣੀ ਘਰ ਵਾਲੀ ਨੂੰ ਕੋਈ ਖਾਲੀ ਪੀਪੀ ਲਿਆਉਣ ਲਈ ਕਿਹਾ।

ਜਦੋਂ ਉਹ ਪੀਪੀ ਵਿਚ ਵਿਹੜੇ ਦੀ ਮਿੱਟੀ ਭਰ ਕੇ ਲਿਆਇਆ ਤਾਂ ਮੀਏਂ ਨੇ ਉਸ ਨੂੰ ਆਪਣੇ ਦੋਹਾਂ ਹੱਥਾਂ ਵਿਚ ਇਉਂ ਸਤਿਕਾਰ ਨਾਲ ਫੜਿਆ ਜਿਵੇਂ ਆਪਾਂ ਕੋਈ ਬਹੁਤ ਪਵਿੱਤਰ ਸ਼ੈਅ ਹੱਥਾਂ ਵਿਚ ਲੈਂਦੇ ਹੋਈਏ। ਉਸ ਨੇ ਮਿੱਟੀ ਵਾਲੀ ਪੀਪੀ ਨੂੰ ਮੱਥੇ ਨਾਲ ਲਾਇਆ। ਅੱਖਾਂ ਫੇਰ ਭਰ ਆਈਆਂ। ਸਾਰੇ ਮੁਹੱਲੇਦਾਰਾਂ ਵੱਲ ਝਾਕ ਕੇ ਬੋਲਿਆ—

'ਮੈਂ ਅਜੇ ਤੱਕ ਹੱਜ ਨਹੀਂ ਕਰਨ ਗਿਆ ਸਾਂ। ਅੱਲਾਹ ਨੂੰ ਕਿਹਾ ਸੀ ਜਦ ਤਾਈਂ ਆਪਣੀ ਜੰਮਣ ਭੋਇੰ ਨਹੀਂ ਵੇਖ ਲੈਂਦਾ ਹੱਜ 'ਤੇ ਨਹੀਂ ਜਾਵਾਂਗਾ। ਹੁਣ ਤੇ ਬਿਰਾਵੋ ਮੇਰਾ ਹੱਜ ਹੋ ਗਿਆ ਏ। ਏਥੇ ਆਣ ਕੇ ਮੈਂ ਸੌ ਮੱਕਿਆਂ ਦਾ ਹੱਜ ਕਰ ਲੀਤਾ ਵੇ।'....

ਤੇ ਮਿੱਤਰੋ! ਉਹ ਰੋਂਦਾ-ਰੋਂਦਾ ਜੀਪ ਵਿਚ ਬਹਿ ਗਿਆ। ਅੰਮ੍ਰਿਤਸਰ ਤੱਕ ਨਾ ਉਸਨੇ ਅੱਖਾਂ ਖੋਹਲੀਆਂ, ਨਾ ਕੁਝ ਬੋਲਿਆ। ਸਰਹੱਦ 'ਤੇ ਜਾ ਕੇ ਪੁੱਛਿਆ—

'ਮੀਆਂ ਜੀ ਇਹ ਕੀ?'

'ਉਸ ਘਰ ਤੋਂ ਬਾਅਦ ਹੁਣ ਹੋਰ ਕੁਝ ਵੇਖਣ ਦੀ ਖਾਹਿਸ਼ ਈ ਕਾਈ ਨਹੀਂ....।'

ਪ੍ਰਧਾਨ ਗੱਲ ਸੁਣਾ ਕੇ ਚੁੱਪ ਕਰ ਗਿਆ। ਬਾਕੀ ਦੋਸਤਾਂ ਬਾਰੇ ਤਾਂ ਮੈਂ ਕੁਝ ਕਹਿ ਨਹੀਂ ਸਕਦਾ, ਪਰ ਮੇਰੇ ਸਾਹਮਣੇ ਅਫਜ਼ਲ ਮੀਆਂ ਅਜੇ ਵੀ ਆਪਣੇ ਵਿਹੜੇ ਦੀ ਮਿੱਟੀ ਮੱਥੇ ਨਾਲ ਲਾਈ ਅੱਖਾਂ ਭਰੀ ਖੜ੍ਹਾ ਉਵੇਂ ਦਿਸੀ ਜਾ ਰਿਹਾ ਸੀ।



# ਸੜਦੇ ਜ਼ਖ਼ਮ

**ਜਸਵੰਤ ਸਿੰਘ ਕੰਵਲ**

ਪਿਆਰੀ ਭੈਣ

ਗੁਰਮੀਤ ਸਹੇਲੀ!

ਦੁੱਖ ਹੈ ਕਿ ਹਿੱਕ ਪਾਟਦੀ ਨਹੀਂ, ਜ਼ਿੰਦਗੀ ਮੌਤ ਦੀ ਉਡੀਕ ਵਿਚ ਵਿਆਕੁਲ। ਜ਼ਖਮ ਹੋਰ ਡੂੰਘੇ ਹੋ ਰਹੇ ਹਨ, ਰਾਤ ਵਧਦੀ ਜਾ ਰਹੀ ਹੈ। ਸਾੜਾ ਜੀਵਨ ਦਾ ਅਹਿਸਾਸ ਵੀ ਚੱਟ ਗਿਆ ਹੈ।

ਸਮਾਂ ਤੇ ਕੁਦਰਤ ਰਲ ਕੇ ਹੋਣੀਆਂ ਵਰਤਾਂਦੇ ਹਨ, ਜਾਂ ਮੁਖੀ ਸਰਦਾਰ ਆਪਣੀਆਂ ਗਰਜ਼ਾਂ ਪੂਰਨ ਲਈ? ਕਾਲੇ ਤੇ ਗੋਰੇ ਪਾਲਿਟੀਸ਼ਨਾਂ ਨੇ ਰਲ ਕੇ ਪੰਜਾਬ ਦੀ ਚਟਾਨ ਵਰਗੀ ਹੈਸੀਅਤ ਨੂੰ ਪੁੜਾਂ ਵਿਚ ਚੀਰ ਦਿੱਤਾ ਅਤੇ ਮਾਸੂਮ ਜਨ ਜ਼ਿੰਦਗੀ ਨੂੰ ਅਨਾਜ ਦੇ ਕਮਜ਼ੋਰ ਦਾਣਿਆਂ ਵਾਂਗ ਬੇ-ਦਰਦੀ ਨਾਲ ਪੀਹ ਸੁੱਟਿਆ। ਇਕ ਪਾਲਿਟੀਸ਼ਨ ਚਾਹੇ ਕਿਸੇ ਵੀ ਇਜ਼ਮ ਦਾ ਕਾਇਲ ਹੋਵੇ, ਆਪਣਾ ਇਰਾਦਾ ਮਨੁੱਖਤਾ ਤੇ ਠੋਸਣ ਲਈ ਗਿੱਦੜ ਤੋਂ ਬਘਿਆੜ ਬਣ ਜਾਂਦਾ ਹੈ।

ਮੈਂ ਆਪਣਾ ਰੋਣਾ ਚਿੱਠੀ ਦੇ ਮੁੱਢ ਵਿਚ ਹੀ ਸ਼ੁਰੂ ਕਰ ਦਿੱਤਾ। ਪਰ ਗੁਰਮੀਤ, ਮੇਰੇ ਕੋਲ ਰੋਣ ਤੋਂ ਬਿਨਾਂ ਹੈ ਹੀ ਕੁਝ ਨਹੀਂ, ਸਗੋਂ ਵਾਹਿਗੁਰੂ ਦਾ ਲੱਖ ਸ਼ੁਕਰ ਕਰਦੀ ਹਾਂ, ਜਿਸ ਅੱਜ ਚਿੱਠੀ ਲਿਖਣ ਦਾ ਮੌਕਾ ਦਿੱਤਾ ਹੈ। ਭਲਾ ਹੋਵੇ, ਵਿਚਾਰੀ ਰਹਿਮੋ ਦਾ, ਜਿਸ ਕਾਗਜ਼, ਕਲਮ-ਦਵਾਤ ਅਤੇ ਲਿਫਾਫੇ ਦਾ ਬੰਦੋਬਸਤ ਕੀਤਾ ਏ। ਉਸ ਕੁਰਾਨ ਦੀ ਕਸਮ ਖਾਧੀ ਏ ਕਿ ਲੈਟਰ ਬਾਕਸ ਵਿਚ ਵੀ ਪਾ ਆਵਾਂਗੀ।

ਰਹਿਮੋ, ਅੰਮ੍ਰਿਤਸਰ ਦੇ ਸਰਹਾਲੀ ਪਿੰਡ ਦੀ ਵਸਨੀਕ ਸ਼ਰਨਾਰਥਣ ਹੈ, ਜਿਸ ਵਹਿਸ਼ੀ ਮਰਦ ਦੀ ਕਤਲਾਮ ਵੇਖੀ ਹੈ। ਨਫ਼ਸ ਦੀਆਂ ਮਾਰੂ ਸੱਟਾਂ ਵਿਚ ਜ਼ਖ਼ਮੀ ਹੋਈ ਹੈ। ਉਸ 'ਤੇ ਕਿਸੇ ਨਹੀਂ ਤਰਸ ਖਾਧਾ। ਉਸ ਦਾ ਆਪਣਾ ਦਿਲ ਈ ਦੁਰਦਸ਼ਾ ਤੇ ਰੋਇਆ ਤੇ ਪਸੀਜਿਆ। ਦੈਂਤਾਂ ਦੀ ਅੰਨ੍ਹੀ ਕਤਲਾਮ ਨੇ ਔਰਤ ਨੂੰ ਔਰਤ ਦਾ ਹਮਦਰਦ ਬਣਾ ਦਿੱਤਾ। ਰਹਿਮੋ ਜਾਣਦੀ ਹੈ, ਕਿ ਇਕ ਮਜਬੂਰ ਅਬਲਾ ਹਮਦਰਦੀ ਦੀ ਕਿੰਨੀ ਭੁੱਖੀ ਹੁੰਦੀ ਹੈ, ਕਿਉਂਕਿ ਉਸ ਲਚਾਰ ਹੋਕੇ ਵੇਖ ਲਿਆ ਹੈ।

ਅੱਗੇ ਵੀ ਲਿਖਣ ਦੇ ਕਈ ਮੌਕੇ ਮਿਲੇ ਸਨ, ਪਰ ਇਕ ਲੰਮਾ ਸਮਾਂ ਮੈਂ ਸਹੀ ਹੋਸ਼ ਵੱਲੋਂ ਬੌਰੀ ਰਹੀ ਹਾਂ। ਮਾਰੂ ਜ਼ੁਲਮ ਦੇ ਮੂੰਹ ਜ਼ੋਰ ਵਗਦੇ ਹੜ੍ਹ ਵਿਚ ਮੇਰਾ ਦਿਮਾਗ ਬੌਂਦਲ ਗਿਆ ਸੀ, ਅਸਲੋਂ ਹੀ ਸੁੰਨ। ਉਸ ਹਾਲਤ ਵਿਚ ਤਾਂ ਮੈਨੂੰ ਆਪਣੀ ਸਹੀ ਹੋਂਦ ਦਾ ਵੀ

ਗਿਆਨ ਨਹੀਂ ਸੀ। ਅੱਜ ਜ਼ਹੀਰ, ਜਿਸ ਦੀ ਮੈਂ ਮਲਕੀਅਤ ਹਾਂ, ਲਾਹੌਰ ਗਿਆ ਹੋਇਆ ਏ ਅਤੇ ਮੈਂ ਉਸ ਦੀ ਹਵੇਲੀ ਵਿਚ ਵਿਹਲੀ ਹਾਂ? ਕਾਫ਼ਰ ਹੋਣ ਦੀ ਹੈਸੀਅਤ ਵਿਚ ਸਤਰ ਕਿਸ ਤਰ੍ਹਾਂ ਰੱਖੀ ਜਾ ਸਕਦੀ ਹਾਂ? ਅਸਲ ਵਿਚ ਮੈਂ ਹਵਸ ਦੀ ਭੱਠੀ ਦਾ ਬਾਲਣ ਹਾਂ, ਜਿਸ ਸ਼ਰਾਫਤ ਦੀਆਂ ਅੱਖਾਂ ਤੋਂ ਉਹਲੇ ਸ਼ਰੀਫ਼ਾਂ ਲਈ ਹੀ ਬਲਣਾ ਹੈ। ਜ਼ਹੀਰ ਭਾਰੀ ਜਾਇਦਾਦ ਦਾ ਮਾਲਕ ਹੈ। ਰਹਿਮੋ ਦਾ ਪਿਤਾ ਵੀ ਏਥੇ ਆ ਕੇ ਉਸ ਦਾ ਰਾਹਕ ਬਣ ਗਿਆ ਹੈ।

ਮੈਂ ਇਸ ਹਵੇਲੀ ਦੇ ਬੰਧਨ ਵਿਚ ਆਜ਼ਾਦ ਹਾਂ, ਬਾਹਰ ਨਹੀਂ ਜਾ ਸਕਦੀ। ਹੰਝੂ ਵਹਾਣ ਦੀ ਮੈਨੂੰ ਖੁੱਲ੍ਹ ਹੈ, ਪਰ ਰੋ ਨਹੀਂ ਸਕਦੀ। ਸਿਸਕੀਆਂ ਵਿਚ ਰਿਝਣਾ ਹੀ ਜ਼ਿੰਦਗੀ ਹੈ। ਜ਼ਹੀਰ ਮੀਆਂ ਕਾਫੀ ਆਜ਼ਾਦ ਖਿਆਲ ਹਨ। ਜਦ ਕਦੀ ਸ਼ਰਾਬੀ ਹੁੰਦੇ ਹਨ, ਤਦ ਗਾਉਣ ਲਈ ਕਹਿ ਦੇਂਦੇ ਹਨ। ਪਰ ਮੇਰੇ ਹਿੰਦੁਸਤਾਨ ਜਾਣ ਦੇ ਖ਼ਿਆਲ ਨਾਲ ਉਨ੍ਹਾਂ ਦੇ ਲਹੂ ਵਿਚ ਇਨਕਲਾਬ ਆ ਜਾਂਦਾ ਹੈ। ਆਖਦੇ ਹਨ-

'ਸਰਦਾਰ ਬੱਲੀ ! ਕੀ ਸੱਚਮੁੱਚ ਤੂੰ ਮੇਰੇ ਲਤੀਫ਼ ਅਹਿਸਾਸ ਨੂੰ ਸੱਟ ਮਾਰ ਜਾਵੇਂਗੀ? ਤੂੰ ਮੇਰੀ ਆਜ਼ਾਦੀ ਏਂ ! ਪਿਆਰ ਦੀ ਰੂਹ !'

ਉਸ ਮੇਰਾ ਰਾਜਿੰਦਰ ਤੋਂ ਸਰਦਾਰ ਬੇਗਮ ਨਾਂ ਰੱਖ ਲਿਆ ਹੈ। ਨਾਂ ਬਦਲ ਦੇਣ ਨਾਲ ਮਜ਼੍ਹਬ ਬਦਲ ਜਾਣ ਦੀ ਤਸੱਲੀ ਹੋ ਜਾਂਦੀ ਹੈ। ਗ਼ੈਰ-ਮਜ਼੍ਹਬੀ ਹੋਣ ਦਾ ਅਹਿਸਾਸ ਦਿਮਾਗ ਵਿਚ ਉੱਬਲਦਾ ਜ਼ਹਿਰ ਬਣਿਆ ਰਹਿੰਦਾ ਹੈ।

ਉਹ ਸੁਭਾ ਦੇ ਥੋੜੇ ਜ਼ਿੱਦੀ ਹਨ, ਪਰ ਦਿਲ ਦੇ ਨਰਮ ਤੇ ਹਮਦਰਦ ਹਨ। ਇਕ ਵਾਰ ਸਰੂਰ ਵਿਚ ਮੈਨੂੰ ਪੁੱਛਿਆ:-

'ਤੇਰਾ ਹਿੰਦੁਸਤਾਨ ਜਾਣ ਨੂੰ ਜੀ ਕਰਦਾ ਏ?'

ਇਹ ਸਵਾਲ ਬਿਲਕੁਲ ਅਜਿਹਾ ਸੀ, ਜਿਵੇਂ ਕਿਸੇ ਮਜ਼ਲੂਮ ਨੂੰ ਪੁੱਛਿਆ ਜਾਵੇ, ਪੀੜ ਹੁੰਦੀ ਹੈ। ਇਕ ਬੱਚੇ ਨੂੰ ਪੁੱਛਣਾ ਕਿੰਨੀ ਹਮਦਰਦ ਸਾਂਝ ਹੈ ਕਿ ਤੈਨੂੰ ਮਾਂ ਯਾਦ ਆਉਂਦੀ ਹੈ?

ਵੇਦਨਾ ਵਿਚ ਗੁੰਨ੍ਹੀਆਂ ਸਾਰੀਆਂ ਯਾਦਾਂ ਨੂੰ ਹੁਣ ਭੁਲਾਣ ਦਾ ਯਤਨ ਕਰ ਰਹੀ ਹਾਂ। ਪਰ ਰੂਪ ਵਿਚ ਤਲਖੀ ਦਾ ਸੇਕ ਵਿਆਪਕ ਏ, ਜਿਹੜਾ ਕਦੇ ਨਾ ਕਦੇ ਭਾਫ਼ ਬਣ ਉੱਠਦਾ ਹੈ। ਜਿਵੇਂ ਫਨਾਹ ਹੋ ਚੁਕੀ ਇਸਤਰੀਅਤ ਵਿਚ ਜੀਵਨ ਦੀ ਕੋਈ ਰੌਂਅ ਜ਼ਿੰਦਾ ਹੁੰਦੀ ਹੈ। ਮੈਂ ਸਿੱਧੇ ਕੀਤੇ ਤੇ ਤੈਹਾਂ ਕੀਤੇ ਕਾਗਜ਼ਾਂ ਵਿਚ ਚੋਰੀ-ਛੱਪੇ ਲਿਖੀ ਡਾਇਰੀ ਵੀ ਪਾੜ ਦਿੱਤੀ ਹੈ। ਦਿਲ ਵਿਚ ਕਦੇ ਵਹਿਮ ਜਾਗ ਉੱਠਦਾ ਹੈ, ਕਿ ਇਹ ਦੁਨੀਆਂ ਸੱਚੀ ਵਹਿਸ਼ੀਆਂ ਦੀ ਨਹੀਂ। ਕਿਉਂਕਿ ਜ਼ਹੀਰ ਨੇ ਮੈਨੂੰ ਲਾਹੌਰੋਂ ਜਮਾਲ ਅਤੇ ਫੱਤੂ ਤਾਂਗੇ ਵਾਲਿਆਂ ਤੋਂ ਢਾਈ ਸੌ ਨੂੰ ਤਰਸ ਖਾ ਕੇ ਖਰੀਦ ਕੇ ਲਿਆਂਦਾ ਸੀ। ਢਾਈ ਸੌ ਰੁਪਿਆ ਉਦੋਂ ਹਰੇਕ ਕੁੜੀ ਦਾ ਮੁੱਲ ਨਹੀਂ ਸੀ ਪੈਂਦਾ। ਜ਼ਹੀਰ ਹੋਰੀਂ ਆਖਦੇ ਸਨ ਕਿ ਮੇਰਾ ਐਜੂਕੇਟਿਡ ਅਤੇ ਸੁਨੱਖੀ ਹੋਣ ਕਰ ਕੇ ਹੀ ਐਨਾ ਮੁੱਲ ਪਿਆ ਸੀ। ਮੈਨੂੰ ਪਤਾ ਤੱਕ ਨਹੀਂ, ਮੇਰਾ ਕਦੋਂ ਸੌਦਾ ਹੋਇਆ ਅਤੇ ਪੰਤਾਲੀ ਚੱਕ ਕਦੋਂ ਲਿਆਂਦੀ ਗਈ। ਇਕ ਵਾਰ ਉਨ੍ਹਾਂ ਆਪਣੇ ਸੱਚੇ ਇਸ਼ਕ ਦਾ ਅਜ਼ਹਾਰ ਕਰਦਿਆਂ ਦੱਸਿਆ :

"ਮੈਨੂੰ ਤੇਰਾ ਅਗਲੇ ਦਿਨ ਹੀ ਤਿੰਨ ਸੌ ਮਿਲਦਾ ਸੀ, ਪਰ ਮੈਂ ਲਿਆ ਨਹੀਂ ਕਿਉਂ ਕਿ ਤੇਰੀ ਪਹਿਲੀ ਨਜ਼ਰ ਹੀ ਮੈਨੂੰ ਬੁਰੀ ਤਰ੍ਹਾਂ ਫ਼ੱਟੜ ਕਰ ਗਈ ਸੀ।"



ਮੈਂ ਕਿਸ ਤਰ੍ਹਾਂ ਮੰਨਾਂ ਕਿ ਰਾਂਝਿਆਂ ਵਿੱਚੋਂ ਇਸ਼ਕ ਤੇ ਹਮਦਰਦੀ ਖ਼ਤਮ ਹੋ ਗਈ।

ਅੱਜ ਟੁੱਟਾ ਫੁੱਟਾ ਚੇਤਾ ਆਖਦਾ ਹੈ ਕਿ ਅਸੀਂ, ਭਾਵ ਮੈਂ, ਮੇਰਾ ਪਿਤਾ ਅਤੇ ਭਰਾ ਸਿੰਦਰ, ਰਾਮ ਗਲੀ ਵਿਚੋਂ ਤਾਂਗੇ ਤੇ ਸਟੇਸ਼ਨ ਨੂੰ ਨੱਠੇ ਜਾ ਰਹੇ ਸਾਂ, ਸਾਰਾ ਲਾਹੌਰ ਧੂੰਏਂ ਅਤੇ ਅੱਗ ਨਾਲ ਝੁਲਸਿਆ ਜਾ ਰਿਹਾ ਸੀ। ਗਲੀਆਂ ਅਤੇ ਸੜਕਾਂ ਤੇ ਮਨੁੱਖ ਦਾ ਖ਼ੂਨ ਅੱਗ ਬਣਿਆ ਪਿਆ ਸੀ। ਇਸ ਹਫੜਾ-ਦਫੜੀ ਵਿਚ ਖ਼ਿਆਲ ਆਇਆ ਕਿ ਜ਼ਿੰਦਗੀ ਸਾਰੀਆਂ ਚੀਜ਼ਾਂ ਨਾਲੋਂ ਪਿਆਰੀ ਹੈ। ਰਾਹ ਵਿਚ ਅਸਾਂ ਦੋ ਲਾਸ਼ਾਂ ਔਰਤ ਤੇ ਮਰਦ ਦੀਆਂ ਦੇਖੀਆਂ, ਜਿਨ੍ਹਾਂ ਵਿਚੋਂ ਗਰਮ ਖ਼ੂਨ ਨਿਕਲ ਕੇ ਸੜਕ ਨੂੰ ਦਾਗੀ ਕਰ ਰਿਹਾ ਸੀ। ਅਸੀਂ ਤਾਂਗੇ ਵਿਚ ਸਾਰੇ ਕੰਬਣ ਲੱਗ ਪਏ। ਇਕ ਹੋਟਲ ਵਿਚੋਂ ਨਿਕਲ ਕੇ ਉਨ੍ਹਾਂ ਸਾਨੂੰ ਘੇਰ ਲਿਆ। ਮੇਰੇ ਪਿਤਾ ਦੀ ਗਰਦਨ ਵਿਚ ਇਕ ਨੇ ਝੱਟ ਛੁਰਾ ਖੋਭ ਦਿੱਤਾ ਅਤੇ ਉਹ ਤਾਂਗੇ ਵਿਚੋਂ ਲੁੜ੍ਹਕ ਕੇ ਸੜਕ ਤੇ ਢਹਿ ਪਏ। ਦੋਂਹ ਨੂੰ ਮੈਂ ਸਿੰਦਰ ਪਿੱਛੇ ਸੜਕੇ-ਸੜਕ ਨੱਸੇ ਜਾਂਦਿਆਂ ਵੇਖਿਆ। ਐਨਾ ਚੇਤਾ ਹੈ ਕਿ ਮੇਰੀ ਚੀਕ ਜ਼ਰੂਰ ਨਿਕਲੀ ਸੀ। ਉਸ ਪਿੱਛੋਂ ਪਤਾ ਨਹੀਂ ਕੀ ਹੋਇਆ। ਕਈ ਦਿਨ ਮੈਂ ਫੱਤੂ ਅਤੇ ਜਮਾਲ ਦੀ ਕਰੜੀ ਕੈਦ ਵਿਚ ਰਹੀ। ਫਿਰ ਮੇਰਾ ਸੌਦਾ ਤਹਿ ਹੋ ਗਿਆ। ਹਿੰਦੋਸਤਾਨ ਨੇ ਆਜ਼ਾਦੀ ਲਈ ਬੜੀਆਂ ਕੁਰਬਾਨੀਆਂ ਦਿੱਤੀਆਂ ਸਨ। ਮੈਂ ਵੀ ਆਪਣੀ ਆਜ਼ਾਦੀ ਲਈ ਪਿਤਾ ਅਤੇ ਭਰਾ ਵਾਰ ਚੁਕੀ ਹਾਂ ਅਤੇ ਆਪਣਾ ਆਪ........।

ਇਸ ਚੱਕ ਵਿਚ ਮੇਰੀਆਂ ਹੋਰ ਵੀ ਹਮ-ਮਜ਼੍ਹਬ ਦੁਖੀ ਸਾਥਣਾਂ ਹਨ। ਇਕ ਕਸ਼ਮੀਰ ਦਾ ਤੋਹਫ਼ਾ ਸੱਤਿਆ ਹੈ। ਜਿਸ ਨੂੰ ਪਹਿਲੇ ਹਮਲੇ ਵਿਚ ਹੀ ਬਾਰਾਂਮੂਲੇ ਤੋਂ ਘਸੀਟ ਲਿਆਂਦਾ ਸੀ। ਉਸ ਨੂੰ ਆਪਣੇ ਮਾਂ ਬਾਪ ਦਾ ਕੁਝ ਨਹੀਂ ਪਤਾ। ਮਨੁੱਖ ਦੀ ਸਾਰੀ ਸੱਤਿਆ ਹੀ ਨਿੱਸਲ ਹੈ, ਨਿਢਾਲ ਹੈ। ਇਕ ਪੋਠੋਹਾਰ ਦੇ ਦੁਬੇਰਨ ਪਿੰਡ ਦੀ ਵੀਰਾਂ ਵਾਲੀ ਹੈ, ਜਿਸ ਦੀ ਵਾਰਤਾ ਅਤਿ ਹੀ ਰੂਹ ਕੰਬਾਊ ਹੈ। ਵੀਰਾਂ ਵਾਲੀ ਇਸ ਚੱਕ ਤੱਕ ਪਹੁੰਚਦੀ ਨੌਂ ਵਾਰ ਵਿਕ ਚੁਕੀ ਹੈ ਅਤੇ ਹਰ ਥਾਂ ਨਫਾ ਈ ਦੇਂਦੀ ਆਈ ਹੈ। ਹੁਣ ਉਹ ਜ਼ਹੀਰ ਦੇ ਰਾਹਕ ਅਲੀਏ ਜਾਂਗਲੀ ਦੀ ਬੀਵੀ ਹੈ। ਉਸ ਇਕ ਦਿਨ ਆਪਣੇ ਭਰਉਫਣੇ ਛਾਲਿਆਂ ਨੂੰ ਫੋਂਹਦਿਆਂ ਦੱਸਿਆ, 'ਉਸ ਦੀ ਇਕ ਭੈਣ ਕੌਸ਼ੱਲਿਆ ਹੋਰ ਵੀ ਸੀ। ਪੱਚੀ ਤੀਹ ਕੁੜੀਆਂ ਵਿਚੋਂ ਉਹਨਾਂ ਦੋਹਾਂ ਨੂੰ ਅਬਦੁਲ ਖੋਜੇ ਨੇ ਛਾਂਟ ਕੇ ਕੱਢ ਲਿਆ ਸੀ। ਬਰਕਤ ਸਿੰਘ ਦੀ ਹਵੇਲੀ ਉਹਨਾਂ ਮੁਜਾਹਦਾਂ ਨੇ ਕਤਲਗਾਹ ਬਣਾ ਲਈ ਸੀ। ਜਿੱਥੇ ਬੱਚਿਆਂ ਨੂੰ ਤੇਲ ਦੇ ਕੜਾਹਿਆਂ ਵਿਚ ਤਲਿਆ। ਮਹੰਤ ਜੋਤਾ ਸਿੰਘ ਹੋਰਾਂ ਦੀਆਂ ਅੱਖਾਂ ਵਿਚ ਲਾਲ ਸੂਹੀਆਂ ਸਲਾਈਆਂ ਫੇਰੀਆਂ ਗਈਆਂ, ਇਸ ਲਈ ਕਿ ਉਹ ਸਿਦਕ ਛੱਡ ਕੇ ਅਸਲਾਮ ਨਹੀਂ ਕਬੂਲਦੇ ਸਨ : ਪੰਜ ਸੌ ਤੋਂ ਉੱਪਰ ਇਸਤਰੀਆਂ ਤੇ ਬੱਚੇ, ਬੁੱਢੇ ਅਤੇ ਜਵਾਨ ਅਨੇਕਾਂ ਤਸੀਹਿਆਂ ਨਾਲ ਕਤਲ ਕੀਤੇ ਗਏ। ਇਹ ਸਾਰੀ ਖ਼ੂਨੀ ਹੌਲੀ ਇਸ ਲਈ ਖੇਡੀ ਗਈ ਕਿ ਸਾਮਰਾਜ ਹਿੰਦੁਸਤਾਨ ਤੇ ਪਾਕਿਸਤਾਨ ਦੀਆਂ ਦੋ ਕੌਮੀਅਤਾਂ ਨੂੰ ਆਜ਼ਾਦ ਕਰ ਰਿਹਾ ਸੀ।

ਸਾਮਰਾਜ ਦੀ ਸਾਰੀ ਕਾਰਵਾਈ ਕਤਲੇ-ਏ-ਆਮ ਹਾਲੇ ਦੋਹੀਂ ਪਾਸੀ ਜ਼ੋਰਾਂ ਤੇ ਸੀ, ਇਕ ਦਿਨ ਜ਼ਹੀਰ ਨੇ ਅਖ਼ਬਾਰ ਦੀ ਇਕ ਖ਼ਬਰ ਵੱਲ ਧਿਆਨ ਦੁਆਇਆ।

"ਅੰਮ੍ਰਿਤਸਰ ਦੇ ਇਕ ਅਤਿ ਸਿਆਣੇ ਮੁੰਡੇ ਨੇ ਅਫੀਮ ਖਾ ਕੇ ਆਤਮਘਾਤ ਕਰ ਲਿਆ। ਇਸ ਲਈ ਕਿ ਦੁਨੀਆਂ ਪਾਗਲ ਹੋ ਗਈ ਤੇ ਵਹਿਸ਼ੀ ਹੋ ਗਈ ਸੀ। ਇਸਤਰੀਆਂ, ਬੱਚਿਆਂ ਤੇ ਬੁੱਢਿਆਂ ਨੂੰ ਤੇਗ ਦੀ ਧਾਰ ਲੰਘਾ ਕੇ ਹਲਾਕੂ ਅਤੇ ਚੰਗੇਜ਼ ਨੂੰ ਵੀ ਸ਼ਰਮਿੰਦਾ ਕਰ

ਦਿੱਤਾ। ਇਹ ਨੌਜਵਾਨ 'ਰਾਇਸਟ' ਕਰਕੇ ਅੰਮ੍ਰਿਤਸਰ ਦੀ ਸਿਆਣੀ ਸੁਸਾਇਟੀ ਵਿਚ ਪ੍ਰਸਿੱਧ ਸੀ।"

ਮੈਨੂੰ ਖ਼ਬਰ ਪੜ੍ਹ ਕੇ ਅਫਸੋਸ ਹੀ ਹੋਇਆ। ਉਸ ਨੌਜਵਾਨ ਨੂੰ ਵੀ ਚਾਹੀਦਾ ਸੀ, ਉਹ ਵੀ ਕਾਤਲਾਂ ਤੇ ਲੁਟੇਰਿਆਂ ਦੀ ਧਾੜ ਵਿਚ ਸ਼ਾਮਲ ਹੋ ਜਾਂਦਾ। ਰੱਜ ਕੇ ਲੁੱਟਮਾਰ ਕਰਦਾ। ਉਸ ਦੇ ਦੇਸ ਵਿਚ ਵੀ ਔਰਤਾਂ ਰੁਲ ਹੀ ਗਈਆਂ ਸਨ, ਉਹ ਵੀ ਉਹਨਾਂ ਦਾ ਵਪਾਰ ਕਰਦਾ। ਇਕ ਅੱਧ ਦਾ ਧਰਮ ਤੋੜ ਕੇ ਉਸ ਨਾਲ ਸ਼ਾਦੀ ਕਰਵਾਂਦਾ ਅਤੇ ਆਪਣੇ ਆਪ ਨੂੰ ਆਜ਼ਾਦ ਹਿੰਦੁਸਤਾਨੀ ਦੇ ਸ੍ਵੈਮਾਣ ਨਾਲ ਉੱਚਾ ਸਮਝਦਾ। ਆਤਮਘਾਤ ਕਰ ਕੇ ਉਸ ਨੇ ਕੀ ਲੈ ਲਿਆ? ਜਵਾਨੀ ਗਵਾ ਲਈ ਅਤੇ ਆਜ਼ਾਦੀ ਦੇ ਸਾਰੇ ਸੁੱਖਾਂ ਤੋਂ ਵਾਂਝਾ ਰਹਿ ਗਿਆ, ਜਿਹੜੀ ਭੁੱਖੇ ਹਿੰਦੁਸਤਾਨੀਆਂ ਨੂੰ ਕਈ ਸਦੀਆਂ ਪਿੱਛੋਂ ਮਸੀਂ ਮਿਲੀ ਸੀ।

ਇਸ ਚੱਕ ਵਿਚ ਕਸ਼ਮੀਰ ਹੈ, ਪੋਠੋਹਾਰ ਹੈ, ਮਾਝਾ ਹੈ। ਫ਼ੀਰੋਜ਼ਪੁਰ ਦੇ ਸ਼ਰਨਾਰਥੀ, ਪੁਰਾਣੀ ਬਾਰ, ਥੋੜੀ ਦਿੱਲੀ ਵੀ ਆ ਰਲੀ ਹੈ। ਥਾਂ-ਥਾਂ ਦੀਆਂ ਬੋਲੀਆਂ, ਭਾਂਤ-ਭਾਂਤ ਦੇ ਮਜ਼੍ਹਬ ਅਤੇ ਕਲਚਰਾਂ ਨਾਲ ਪੰਤਾਲੀ ਚੱਕ ਮਿਲਗੋਭਾ ਹੋ ਗਿਆ ਹੈ, ਜਿਵੇਂ ਦੂਰ ਨੇੜੇ ਦੇ ਗੰਨੇ ਵੇਲਨੇ ਵਿਚ ਦੀ ਨਿਕਲ ਕੇ ਪੱਛੀਆਂ ਇਕ ਥਾਂ ਇਕੱਠੀਆਂ ਹੋ ਜਾਂਦੀਆਂ ਹਨ।

ਤੂੰ ਆਖੇਂਗੀ, ਮੈਂ ਕੀ ਵਾਅਹਯਾਤ ਲਿਖ ਰਹੀ ਹਾਂ, ਇਹ ਜ਼ਿੰਦਗੀ ਤੇ ਇਸ ਦਾ ਮਾਹੌਲ ਵੀ ਵਾਅਹਯਾਤ ਹੈ। ਵਾਅਹਯਾਤ ਸਮਝ ਕੇ ਹੀ ਹਿੰਦੁਸਤਾਨ ਸਾਨੂੰ ਲਿਜਾਣਾ ਨਹੀਂ ਚਾਹੁੰਦਾ, ਅਸੀਂ ਉਹਨਾਂ ਲਈ ਕੋਹੜ ਹਾਂ। ਹਿੰਦੁਸਤਾਨ ਦੀ ਸਵੱਛਤਾ ਵਿਚ ਗੁਨਾਹ ਦਾ ਅਤਿ ਮਲੀਨ ਦਾਗ ਹਾਂ। ਉਸਦੇ ਅਤਿ ਉੱਚੇ ਉੱਠਦੇ ਸਮਾਜ ਵਿਚ ਗਲੀਆਂ ਸੜੀਆਂ ਲਾਸ਼ਾਂ ਹਾਂ। ਉਹ ਚਾਹੁੰਦਾ ਹੈ ਕਿ ਕਿਸੇ ਤਰ੍ਹਾਂ ਅਸੀਂ ਉਸ ਦੇ ਅਨੁਭਵ ਵਿਚੋਂ ਵੀ ਖਤਮ ਹੋ ਜਾਈਏ। ਪਰ ਭੈਣ ਗੁਰਮੀਤ ! ਅਸਾਂ ਔਰਤਾਂ ਨੇ ਦੇਸ਼ ਦੀਆਂ ਵੰਡੀਆਂ ਨਹੀਂ ਪਵਾਈਆਂ। ਸਟੇਜ ਤੇ ਜਾ ਕੇ ਅਸਲਾਮ, ਹਿੰਦੂ ਅਤੇ ਸਿੱਖ ਧਰਮ ਨੂੰ ਗਾਹਲਾਂ ਨਹੀਂ ਦਿੱਤੀਆਂ। ਅਖ਼ਬਾਰਾਂ ਵਿਚ ਜ਼ਹਿਰ ਅਸਾਂ ਨਹੀਂ ਛਿੜਕਿਆ ਅਤੇ ਕੌਮ ਦੀਆਂ ਲੀਡਰ ਅਸੀਂ ਨਹੀਂ ਸਾਂ। ਪਰ, ਜੋ ਕੁਝ ਅਸਾਂ ਨਾਲ ਹੋਇਆ ਹੈ ਕੀ ਉਸਦੀ ਤਫਸੀਲ ਕੋਈ ਜਿਉਂਦਾ ਖ਼ੁਦਾ ਪੁੱਛੇਗਾ? ਮੇਰੇ ਵਿਸ਼ਵਾਸ ਵਿਚ ਹਰ ਚੰਗੇ ਤੋਂ ਚੰਗਾ ਖ਼ੁਦਾ ਵੀ ਕਤਲ ਹੋ ਗਿਆ ਏ। ਅਸੀਂ ਹਵਸ ਦੇ ਬਘਿਆੜ ਦੀ ਪਨਾਹ ਵਿਚ ਹਾਂ। ਉਸ ਦੀ ਖੁਰਾਕ ਹਾਂ। ਥੋੜ੍ਹਾ ਖਾਵੇ ਜਾਂ ਬਹੁਤਾ ਔਰਤ ਉੱਤੇ ਮਰਦ ਦਾ ਇਹ ਪਹਿਲਾ ਜ਼ੁਲਮ ਨਹੀਂ, ਸਦੀਆਂ ਤੋਂ ਉਸ ਨੂੰ ਆਪਣੀ ਮਰਜ਼ੀ ਅਨੁਸਾਰ ਭੰਨਿਆਂ, ਤੋੜਿਆ ਅਤੇ ਮਰੋੜਿਆ ਜਾ ਰਿਹਾ ਹੈ। ਔਰਤ ਮੁਸਲਮਾਨ ਹੋਵੇ, ਹਿੰਦੂ ਜਾਂ ਸਿੱਖ, ਕੋਈ ਚੰਗੇ ਤੋਂ ਚੰਗਾ ਧਰਮ ਉਸ ਦੇ ਦਿਲੋਂ ਉਸ ਵਿਰੋਧ-ਅਗਨੀ ਨੂੰ ਨਹੀਂ ਬੁਝਾ ਸਕੇਗਾ।

ਭੈਣ ਮੈਨੂੰ ਤੇਰੇ ਨਾਲ ਗਿਲਾ ਹੈ, ਇਸ ਲਈ ਕਿ ਤੂੰ ਸਿੱਖ ਧਰਮ ਦੀ ਪੈਦਾਵਾਰ ਏਂ, ਕਦੇ ਮੈਨੂੰ ਵੀ ਇਸ ਧਰਮ ਦਾ ਮਾਣ ਹੁੰਦਾ ਸੀ, ਪਰ ਹੁਣ ਤੇ ਕੁਝ ਵੀ ਨਹੀਂ ਰਿਹਾ। ਤੇਰਾ ਧਰਮ ਇਕ ਅਜਿਹੇ ਰਹਿਬਰ ਦੀ ਰਹਿਮਤ ਸੀ ਜਿਹੜਾ ਪੰਜਾਬ ਦੇ ਅਨ੍ਹੇਰੇ ਵਿਚ ਪੂਰਨਮਾ ਦਾ ਚੰਦ ਬਣ ਕੇ ਚੜ੍ਹਿਆ, ਉਹ ਦੁਨੀਆਂ ਭਰ ਦੇ ਹਿੰਦੂ-ਮੁਸਲਮਾਨ ਦੇ ਇਤਹਾਦ ਦੀ ਵਿਚਕਾਰਲੀ ਕੜੀ ਸੀ, ਉਸਦੇ ਸੱਜੇ ਮਰਦਾਨੇ ਦੀ ਸ਼ਖ਼ਸੀਅਤ ਵਿਚ ਅਸਲਾਮ ਜ਼ਿੰਦਾ ਸੀ ਅਤੇ ਖੱਬੇ ਭਾਈ ਬਾਲੇ ਵਿਚ ਹਿੰਦੂ ਧਰਮ ਪਰਫੁੱਲਤ। ਉਹ ਰਹਿਬਰ, ਏਕਤਾ ਦੀ ਰੂਹ ਸੀ ਅਤੇ ਸਾਰੀ ਸਿੱਖ ਕੌਮ ਉਹਦਾ ਸਾਕਾਰ ਰੂਪ। ਉਸ ਵੇਸਵਾ ਨੂੰ ਜਗਤ ਮਾਤਾ ਕਹਿ ਕੇ ਸਤਿਕਾਰਿਆ ਸੀ। ਉਸ



ਦੀ ਉੱਮਤ ਦੇ ਬਜ਼ੁਰਗਾਂ, ਅਬਲਾ ਦਾ ਸਤਿ ਬਚਾਣ ਲਈ ਹਜ਼ਾਰਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਪਰ ਗੁਰਮੀਤ। ਤੇਰੀ ਕੌਮ ਨੇ ਸੜਦੀ ਦੁਪਹਿਰ ਵਿਚ ਸਤਵੰਤੀਆਂ ਦੇ ਸਤ ਤੋੜੇ। ਉਹਨਾਂ ਦੀਆਂ ਦੁੱਧ ਭਰੀਆਂ ਛਾਤੀਆਂ ਕੱਟੀਆਂ। ਗਰਭਵਤੀਆਂ ਦੇ ਢਿੱਡਾਂ ਵਿਚ ਤਲਵਾਰਾਂ ਖੋਭੀਆਂ। ਬੱਚਿਆਂ ਤੇ ਬੁੱਢਿਆਂ ਨੂੰ ਵੀ ਦੁਸ਼ਮਣਾਂ ਵਾਂਗ ਧਰ ਲਿਆ। ਕੀ ਐਨਾ ਜ਼ੁਲਮ ਸਿੱਖ ਧਰਮ ਦੀ ਵਡਿਆਈ ਸੀ? ਪੰਜਾਬ ਨੂੰ ਹਰ ਪਹਿਲੂ ਤੋਂ ਬਲਵਾਨ ਕਰਨ ਵਾਲੇ ਸੱਚੇ ਕੌਮ ਪ੍ਰਸਤ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ, ਤੁਸਾਂ ਵੱਟਾ ਲਾ ਦਿੱਤਾ। ਤੁਹਾਨੂੰ ਚਾਹੀਦਾ ਏ ਕਿ ਤੁਸੀਂ ਉਸ ਗੁਰੂ ਨੂੰ ਬੇਦਾਵਾ ਦੇ ਦੇਵੋ, ਤਿਆਗ ਦੇਵੋ। ਤਾਂ ਕਿ ਅਸੀਂ ਕਾਫ਼ਰ, ਗੁਨਾਹਗਾਰ, ਅਧਰਮਣਾਂ, ਜਿਨ੍ਹਾਂ ਦਾ ਕੋਈ ਧਰਮ ਨਹੀਂ ਰਿਹਾ, ਉਸ ਨੂੰ ਆਪਣਾ ਰਹਿਬਰ ਮੰਨ ਲਈਏ। ਵੇਸਵਾ ਨੂੰ ਮਾਤਾ ਆਖਣ ਵਾਲਾ ਮਹਾਂਪੁਰਸ਼ ਸਾਨੂੰ ਵੇਸਵਾ ਵਰਗੀਆਂ ਨੂੰ ਜ਼ਰੂਰ ਭੈਣਾਂ ਤੇ ਪੁੱਤਰੀਆਂ ਪੁਕਾਰ ਕੇ ਵਰਾਂਦਾ। ਸਾਡੇ ਸੜਦੇ ਜ਼ਖ਼ਮਾਂ ਤੇ ਹਮਦਰਦੀ ਦੀ ਮਲ੍ਹਮ ਰੱਖਦਾ। ਉਸ ਨੂੰ ਮਨੁੱਖ ਦਾ ਦਰਦ ਸੀ, ਪੰਜਾਬ ਨਾਲ ਪਿਆਰ ਸੀ। ਤੁਸੀਂ ! ਲੰਮੇ-ਲੰਮੇ ਜਲੂਸ ਕੱਢ-ਕੱਢ ਉਸਦਾ ਗੁਰਪਰਬ ਮਨਾਣ ਵਾਲਿਓਂ, ਉਸ ਦੀ ਰੂਹ ਨੂੰ ਮਾਰ ਦਿੱਤਾ। ਉਸਦਾ ਪੰਜਾਬ ਕਤਲ ਕਰ ਸੁੱਟਿਆ।

ਇਹਨਾਂ ਗਲੇ-ਸੜ੍ਹੇ ਜ਼ਖਮਾਂ 'ਚੋਂ ਛੇੜਿਆਂ ਪੀਕ ਹੀ ਨਿਕਲੇਗੀ, ਰਾਧ ਹੀ ਵਗੇਗੀ। ਅਸੀਂ ਹਿੰਦੁਸਤਾਨ ਦੇ ਜ਼ਖ਼ਮ ਹਾਂ, ਜਿਹੜੇ ਪਾਕਿਸਤਾਨ ਵਿਚ ਕਰਾਹ ਰਹੇ ਹਾਂ। ਹਿੰਦੁਸਤਾਨ ਦਾ ਗੰਦ ਆਂ, ਜਿਸ 'ਤੇ ਪਾਕਿਸਤਾਨ ਥੁੱਕ ਰਿਹਾ ਹੈ ਤੇ ਉਹਦੇ ਕੁੱਤੇ ਉਸ ਨੂੰ ਹਾਬੜੀ ਭੁੱਖ ਵਿਚ ਖਾ ਰਹੇ ਹਨ। ਅਜਿਹੀ ਸੜਿਆਂਦ ਹਿੰਦੁਸਤਾਨ ਵਿਚ ਵੀ ਬਹੁਤ ਹੋਵੇਗੀ। ਅਖ਼ਬਾਰਾਂ ਦੀ ਗਿਣਤੀ ਅਨੁਸਾਰ ਅਸਾਂ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਤੀਹ ਹਜ਼ਾਰ ਵੇਸਵਾਵਾਂ ਦਾ ਵਾਧਾ ਕੀਤਾ ਹੈ। ਬਾਰਾਂ ਲੱਖ ਦੀ ਗਿਣਤੀ, ਦੁਹਾਂ ਦੇਸ਼ਾਂ ਆਜ਼ਾਦੀ ਦੇ ਸਵਾਗਤ ਵਿਚ ਕੁਰਬਾਨ ਕਰ ਦਿੱਤੀ। ਹਿੰਦੁਸਤਾਨ ਅਤੇ ਪਾਕਿਸਤਾਨ ਕਿਸ ਸ਼ਾਨ ਨਾਲ ਅਜ਼ਾਦ ਹੋਏ ਹਨ? ਤਾਰੀਖ ਦੇ ਸਫੇ ਇਸ ਨੂੰ ਫ਼ਖ਼ਰ ਨਾਲ ਯਾਦ ਰੱਖਣਗੇ। ਪਾਕਿਸਤਾਨ ਆਜ਼ਾਦ ਹੈ, ਹਿੰਦੁਸਤਾਨ ਆਜ਼ਾਦ ਹੈ ਪਰ ਉਸ ਵਿਚ ਗੁਨਾਹਗਾਰ ਔਰਤ.......? ਇਹ ਤੇ ਪੁੱਛਣਾ ਹੀ ਗੁਨਾਹ ਹੈ।

ਇਕ ਵਾਰ ਜ਼ਹੀਰ ਦੀ ਬੀਵੀ ਅਇਸ਼ਾ ਬੇਗਮ ਮੇਰੇ ਕੋਲ ਹਵੇਲੀ ਵਿਚ ਆਈ। ਜ਼ਹੀਰ ਕਿਤੇ ਬਾਹਰ ਗਿਆ ਹੋਇਆ ਸੀ। ਉਸ ਦੇ ਖਿਆਲ ਵਿਚ ਮੈਂ ਕਾਫ਼ਰ ਨੇ ਉਸ ਦਾ ਖਾਵੰਦ ਖੋਹ ਲਿਆ ਸੀ। ਪਹਿਲੋਂ ਉਸ ਦੇ ਚਿਹਰੇ 'ਤੇ ਮੇਰੇ ਬਾਰੇ ਨਫ਼ਰਤ ਤੇ ਗੁੱਸਾ ਸੀ। ਪਰ ਮਰਦ ਦੀ ਨਿਰਦੈਤਾ ਤੇ ਬੇਵਫਾਈ ਅੱਗੇ ਅਸੀਂ ਦੋਵੇਂ ਹਮਦਰਦੀ ਦੀਆਂ ਭੁੱਖੀਆਂ ਸਾਂ। ਮੈਨੂੰ ਉਸ 'ਤੇ ਬੜਾ ਤਰਸ ਆਇਆ, ਪਰ ਉਹ ਮੇਰੇ ਗ਼ਮ 'ਤੇ ਰੋ ਹੀ ਪਈ। ਮੈਨੂੰ ਉਸ ਸੱਚੇ ਦਿਲੋਂ ਭੈਣ ਕਿਹਾ। ਆਖ਼ਰ ਔਰਤ ਦਾ ਦਿਲ ਸੀ, ਕਿਵੇਂ ਨਾ ਪਸੀਜਦਾ? ਮੈਂ ਉਸ ਦੀ ਗਲਵਕੜੀ ਵਿਚ ਪਹਿਲੇ ਦਿਨ ਫੁੱਟ-ਫੁੱਟ ਰੋਈ, ਕਿਉਂਕਿ ਮਜ਼ਲੂਮ ਦਾ ਹਮਦਰਦ ਆ ਗਿਆ ਸੀ। ਮੇਰੀਆਂ ਅੱਖਾਂ ਪਿਤਾ ਦੀ ਲਾਸ਼, ਕਾਲੀ ਸੜਕ ਤੇ ਲਹੂ-ਲੁਹਾਨ ਤੜਪਦੀ ਦੇਖ ਰਹੀਆਂ ਸਨ। ਉਹ ਪੰਜਾਬ ਦੇ ਰਹਿਬਰ ਦਾ ਵਾਸਤਾ ਪਾ ਰਿਹਾ ਸੀ। ਮੈਂ ਤੀਹ ਹਜ਼ਾਰ ਭੈਣਾਂ ਦੀ ਬੇਵੱਸੀ ਤੇ ਰੋਈ, ਬਾਰਾਂ ਲੱਖ ਤੇ ਰੋਈ, ਪੰਜਾਬ ਦੇ ਕਤਲ ਤੇ ਰੋਈ, ਮਨੁੱਖਤਾ ਦੀ ਮਰ ਚੁਕੀ ਰੂਹ ਤੇ ਰੋਈ। ਇਕ ਮਜ਼ਲੂਮ ਔਰਤ ਜਿਹੜੀ ਲੀਡਰ ਨਹੀਂ, ਵਜ਼ੀਰ ਨਹੀਂ, ਗਵਰਨਰ ਨਹੀਂ।

ਅੱਜ ਸਾਡੀ ਹਜ਼ਾਰਾਂ ਦੀ ਗਿਣਤੀ ਨੂੰ ਅੱਖੋਂ ਉਹਲੇ ਕੀਤਾ ਜਾ ਰਿਹਾ ਹੈ। ਸਰਹੱਦਾਂ

'ਤੇ ਵਪਾਰ ਧੜਾ-ਧੜ ਹੋ ਰਿਹਾ ਹੈ। ਹਿੰਦੁਸਤਾਨ ਅਤੇ ਪਾਕਿਸਤਾਨ ਦੋ ਦੁਸ਼ਮਨ ਦੇਸ਼ ਹਨ, ਪਰ ਦੋਵੇਂ ਗੌਰਮਿੰਟਾਂ ਆਪੋ ਵਿਚ ਲੋੜ ਅਨੁਸਾਰ ਮਿਲਵਰਤਨ ਵੀ ਕਰ ਲੈਂਦੀਆਂ ਹਨ। ਕਰਾਚੀ ਤੇ ਦਿੱਲੀ ਦੋਸਤ ਹਨ ਪਰ ਕਸ਼ਮੀਰ.......? ਸਾਡੇ ਲਈ ਕਾਗਜ਼ੀ ਕਾਰਵਾਈ ਕਾਫ਼ੀ ਹੈ। ਜਾਂ ਅਖ਼ਬਾਰਾਂ ਚੰਗੇ ਬਿਆਨ ਛਾਪ ਦੇਂਦੀਆਂ ਹਨ। ਗੌਰਮਿੰਟ ਨੂੰ ਹੋਰ ਵੀ ਕਈ ਰੁਝੇਵੇਂ ਹਨ। ਉਸ ਕੌਮਾਂਤਰੀ ਸ਼ੁਹਰਤ ਹਾਸਲ ਕਰਨੀ ਹੈ, ਏਸ਼ੀਆ ਦਾ ਲੀਡਰ ਬਣਨਾ ਹੈ। ਸਾਡੇ ਵਾਅਹਯਾਤਾਂ ਲਈ ਸਮਾਂ ਤੇ ਸਰਮਾਇਆ ਬਰਬਾਦ ਕਰਨ ਦੀ ਕੀ ਲੋੜ?

ਪਿਛਲੇ ਮਹੀਨੇ ਤੋਂ ਮੈਨੂੰ ਪਤਾ ਲੱਗ ਗਿਆ ਹੈ, ਕਿ ਮੇਰੇ ਅੰਦਰ ਉਹ ਪਾਪ ਜਾਗ ਪਿਆ ਹੈ ਜਿਸ ਨੂੰ ਨਾ ਕੋਈ ਦੇਸ ਸਾਂਭੇਗਾ ਅਤੇ ਨਾ ਧਰਮ। ਇਕ ਪਿਤਾ ਵੀ ਉਸਦਾ ਪਿਤਾ ਨਹੀਂ ਬਣੇਗਾ, ਵੀਰਾਂ ਵਾਲੀ ਕੋਲ ਇਕ ਬੱਚਾ ਹੈ ਅਤੇ ਹੁਣ ਫਿਰ ਉਮੈਦਵਾਰੀ ਵਿਚ ਹੈ, ਰਹਿਮੋ ਨੂੰ ਏਥੇ ਆ ਕੇ ਜੰਮਿਆਂ ਹੈ। ਕਿੰਨੀ ਦੁਖਦ ਅਵਸਥਾ ਹੈ। ਸਾਡੇ ਨਿਆਸਰੀਆਂ ਤੋਂ ਬਿਨਾਂ ਇਕ ਅਜਿਹੀ ਨਸਲ, ਦੋਹਾਂ ਡੁਮੀਨੀਅਨਾਂ ਵਿਚ ਆ ਰਹੀ ਹੈ ਜਿਸ ਦਾ ਕੋਈ ਖ਼ੁਦਾ ਵੀ ਵਾਰਸ ਹੋਣ ਨੂੰ ਤਿਆਰ ਨਹੀਂ।

ਸਾਡਾ ਕੀ ਗੁਨਾਹ ਸੀ, ਜਿਸ ਲਈ ਸਾਡੇ ਤੇ ਜ਼ੁਲਮ ਦੇ ਪਹਾੜ ਤੋੜੇ ਗਏ? ਕੀ ਇਹ ਬੱਚੇ ਆਪਣੀ ਮਰਜ਼ੀ ਨਾਲ ਖੁਦਰੌ-ਪੌਦਿਆਂ ਵਾਂਗ ਪੈਦਾ ਹੋ ਰਹੇ ਹਨ? ਉਹਨਾਂ ਦਾ ਕੀ ਬਣੇਗਾ? ਕਦੇ ਕਿਸੇ ਲੀਡਰ ਜਾਂ ਵਜ਼ੀਰ ਨੇ ਸੋਚਿਆ ਏ? ਸਾਡੇ ਅੰਦਰ ਇਕ ਲਾਵਾ ਰਿੱਝ ਰਿਹਾ ਏ। ਇਕ ਜਵਾਲਾਮੁਖੀ ਪਾਟਣ ਵਾਲਾ ਹੈ, ਜਿਸ ਅੱਗੇ ਪਾਕਿਸਤਾਨ ਤੇ ਹਿੰਦੁਸਤਾਨ ਕੀ, ਦੁਨੀਆਂ ਦੀਆਂ ਬਸਤੀਆਂ ਤਬਾਹ ਹੋ ਜਾਣ ਨੂੰ ਹਨ।

ਸਾਡਾ ਕੋਈ ਦੇਸ ਨਹੀਂ ਰਿਹਾ, ਧਰਮ ਈਮਾਨ ਤੋੜ ਦਿੱਤੇ ਗਏ। ਮੈਂ, ਵੀਰਾਂ ਵਾਲੀ ਤੇ ਸੱਤਿਆ ਗਊ ਖਾ ਚੁਕੀਆਂ ਹਾਂ ਅਤੇ ਰਹਿਮੋ ਸੂਰ। ਮਰਦ ਨੇ ਜੋ ਦਿੱਤਾ ਖਾ ਲਿਆ। ਜੋ ਧਰਮ ਬਣਾਇਆ ਅਪਣਾ ਲਿਆ। ਮੈਂ ਪੁੱਛਦੀ ਹਾਂ, ਔਰਤ ਨਾਂਹ ਕਹਿਣ ਵਾਲੀ ਕੱਚੀ ਵਫ਼ਾ ਹੀ ਕਦੋਂ ਸੀ? ਅਸੀਂ ਕਿਸੇ ਕੌਮੀਅਤ ਦਾ ਹਿੱਸਾ ਨਹੀਂ ਰਹੀਆਂ। ਮੈਂ ਵੀਰਾਂ ਅਤੇ ਸੱਤਿਆ ਨਮਾਜ਼ ਪੜ੍ਹ ਲੈਣ ਨਾਲ, ਅਤੇ ਹਲਾਲ ਖਾ ਲੈਣ ਨਾਲ ਵੀ ਮੁਸਲਮਾਨ ਨਹੀਂ ਸਮਝੀਆਂ ਗਈਆਂ। ਰਹਿਮੋ ਅੰਮ੍ਰਿਤ ਛੱਕ ਕੇ ਝਟਕਾ ਖਾ ਕੇ ਸਿੱਖ ਨਹੀਂ ਬਣ ਸਕੀ? ਉਹ ਮੁਸਲੀ ਅਤੇ ਅਸੀ ਕਾਫ਼ਰ ਹੀ ਰਹੀਆਂ। ਏਹ ਮਰਦ ਦਾ ਮੁਕਤੀਆਂ ਦੇਣ ਵਾਲਾ ਧਰਮ ਹੈ। ਜ਼ਿੰਦਗੀ ਨਾਲੋਂ ਕੋਮਲਤਾ ਲਾਹ ਲਈ ਹੈ। ਨਫ਼ਸ ਦੀਆਂ ਬੱਜਰ ਸੱਟਾਂ ਨਾਲ ਸਾਰੇ ਅੰਗ ਛਿੱਲੇ ਗਏ ਹਨ। ਪਰ ਇਹ ਤਲਖ ਹਕੀਕਤ ਇਤਿਹਾਸ ਵਿਚੋਂ ਨੋਚੀ ਨਹੀਂ ਜਾ ਸਕੇਗੀ:- ਅਸੀਂ ਕਦੇ ਜ਼ਿੰਦਗੀ ਦੀਆਂ ਰਾਣੀਆਂ ਸਾਂ, ਅਸੀਂ ਹੀ ਕਦੇ ਮਹਾਤਮਾ ਬੁੱਧ, ਗੁਰੂ ਨਾਨਕ ਤੇ ਮੁਹੰਮਦ ਸਾਹਿਬ ਵਰਗੇ ਪੈਗੰਬਰ ਦੁਨੀਆਂ ਨੂੰ ਦਿੱਤੇ ਸਨ। ਪਰ ਅੱਜ ਸਮੇਂ ਦੇ ਨਕਸ਼ ਸਾਡੀ ਹਾਲਤ ਤੇ ਲਹੂ ਭਿੱਜੀਆਂ ਚਟਾਨਾਂ ਵਿਚ ਜੰਮ ਗਏ ਹਨ।

ਮੇਰੀ ਇਹ ਚਿੱਠੀ ਭੈਣ ਗੁਰਮੀਤ ! ਤੇਰੇ ਰਾਹੀਂ ਸਾਰੇ ਹਿੰਦੁਸਤਾਨ ਨੂੰ ਹੈ। ਉਹ ਸਦਾ ਆਜ਼ਾਦ ਰਹੇ, ਖੁਸ਼ਹਾਲ ਵੱਸੇ। ਕੌਮਾਂਤਰੀ ਸ਼ੁਹਰਤ ਹਾਸਲ ਕਰੇ, ਉਹਦੇ ਲੀਡਰ, ਵਜ਼ੀਰ ਅਤੇ ਰਾਜ-ਪ੍ਰਮੁੱਖ ਜੰਮ-ਜੰਮ ਕਾਨਫਰੰਸਾਂ ਦੀਆਂ ਪ੍ਰਧਾਨਗੀਆਂ ਹੰਢਾਣ। ਉਹਦੇ ਬੀਰ ਸਿਪਾਹੀ ਰਾਤ ਦਿਨੇਂ ਜਿੱਤਾਂ ਪ੍ਰਾਪਤ ਕਰਨ। ਹੈਦਰਾਬਾਦ ਦੀ ਜਿੱਤ ਨੇ ਉਹਨਾਂ ਦੀ ਸ਼ਾਨ ਦੁੱਗਣੀ ਕਰ ਦਿੱਤੀ ਹੈ। ਕਸ਼ਮੀਰ ਦੀ ਫਤਿਹ ਉਨ੍ਹਾਂ ਨੂੰ ਦੁਨੀਆਂ ਦੀ ਸ਼੍ਰੋਮਣਤਾ ਵਿਚ ਲੈ ਜਾਵੇਗੀ। ਅਸੀਂ



ਤੁਹਾਨੂੰ ਸ਼ੁਭ ਇੱਛਾਂ ਤੇ ਅਸੀਸਾਂ ਭੇਜਦੀਆਂ ਹਾਂ। ਹੋਰ ਜ਼ਖ਼ਮ-ਨਸੀਬ ਭੈਣਾਂ ਤੁਹਾਨੂੰ ਕੀ ਦੇ ਸਕਦੀਆਂ ਹਨ। ਜਿਹਨਾਂ ਕੋਲੋਂ ਰੱਬ ਨੇ ਵੀ ਸਭ ਕੁਝ ਖੋਹ ਲਿਆ ਹੈ। ਤੁਸੀਂ ਸਾਰੇ ਹਿੰਦੁਸਤਾਨ ਵਾਸੀਓ ! ਰਾਜ ਭਾਗ ਦੀ ਆਜ਼ਾਦੀ ਵਿਚ ਸਦਾ ਸੁਖੀ ਵੱਸੋ।

ਜੇ ਕਦੇ ਸਾਡੀ ਯਾਦ ਆਵੇ ਤਦ ਭੁੱਲ ਜਾਣਾ ਕਿ ਕਦੇ ਅਸੀਂ ਹਿੰਦੁਸਤਾਨ ਵਿਚ ਬਰਾਬਰ ਦੀ ਵੋਟ ਦੀਆਂ ਹੱਕਦਾਰ ਸਾਂ। ਜਿਸਦੇ ਆਸਰੇ ਜਵਾਹਰ ਲਾਲ ਵਜ਼ੀਰ-ਏ-ਆਜ਼ਮ ਅਤੇ ਬਲਦੇਵ ਸਿੰਘ ਵਜ਼ੀਰ-ਏ-ਜੰਗ ਬਣੇ ਹਨ। ਤੁਸੀਂ ਸਾਡੇ ਲਈ ਕੋਈ ਖ਼ਤਰਾ ਨਾ ਸਹੇੜਨਾ, ਆਪਣੀ ਵੀਰਤਾ ਸਾਂਭ ਕੇ ਰੱਖਣੀ। ਭਾਵੇਂ ਅਸੀਂ ਕੱਟਿਆ ਹੋਇਆ ਹਿੰਦੁਸਤਾਨ ਹਾਂ, ਪਰ ਇਸ ਨਿਕੰਮੇ ਹਿੰਦੁਸਤਾਨ ਦੀ ? ਲੋੜ ਨਹੀਂ, ਜਿਸ ਨੂੰ ਕੋਈ ਸਮਾਜ ਨਹੀਂ ਅਪਣਾ ਸਕਦਾ, ਕੋਈ ਧਰਮ ਨਹੀਂ ਸਾਂਭ ਸਕਦਾ। ਸਾਡੀ ਗੁਨਾਹਗਾਰ ਔਲਾਦ ਆਪੇ ਹੀ ਰੁਲ-ਖੁਲ ਕੇ ਪਲ ਜਾਵੇਗੀ। ਜਿਸ ਦਾ ਕੋਈ ਦੇਸ਼ ਨਹੀਂ, ਧਰਮ ਨਹੀਂ, ਕੌਮ ਨਹੀਂ, ਰੱਬ ਵੱਲੋਂ ਵੀ........। ਸਾਨੂੰ ਵੀ ਪਨਾਹ ਮਿਲ ਜਾਵੇਗੀ। ਵੱਡੇ ਸ਼ਹਿਰਾਂ ਦੇ ਚੱਕਲੇ ਬੜੇ ਲੰਮੇ, ਦੋਹਰੀਆਂ ਛੱਤਾਂ ਦੇ ਹੁੰਦੇ ਹਨ। ਅਸੀਂ ਆਪਣੇ ਗਾਹਕਾਂ ਦੀ ਸੌਖ ਲਈ ਦੁਕਾਨਾਂ ਉਤੇ ਰੰਗੀਨ ਸਾਈਨ ਬੋਰਡ ਲਟਕਾ ਲਵਾਂਗੀਆਂ:-

ਏਥੇ ਵਿਕਦੀ ਹੈ
ਹਿੰਦੁਸਤਾਨ ਦੀ ਸੁੰਦਰਤਾ ਤੇ ਇੱਜ਼ਤ
ਰੋਟੀ ਦੇ ਟੁਕੜੇ ਤੋਂ

ਅਸੀਂ ਕਿਸੇ ਲਈ ਭਾਰ ਨਹੀਂ ਸਾਬਤ ਹੋਣਾ ਚਾਹੁੰਦੀਆਂ ਅਤੇ ਨਾ ਹੀ ਚਾਹੁੰਦੀਆਂ ਕਿ ਸਾਡੀ ਖਾਤਰ ਹਿੰਦੁਸਤਾਨ ਕਿਸੇ ਸੰਕਟ ਵਿਚ ਪਵੇ। ਇਕ ਅਧਰਮਣ ਭੈਣ ਦੀ ਸਾਰੇ ਹਿੰਦੁਸਤਾਨ ਨੂੰ ਸਤਿ ਸ੍ਰੀ ਅਕਾਲ ਅਤੇ ਕਾਫ਼ਰ ਦੀ ਸਲਾਮ।

ਹਜ਼ਾਰਾਂ ਭੈਣਾਂ ਦੇ ਸੜਦੇ ਜ਼ਖ਼ਮਾਂ ਨਾਲ,
ਮੈਂ ਹਾਂ ਸਰਦਾਰਾਂ:
ਉਰਫ਼ ਰਾਜਿੰਦਰ ਕੌਰ ਬੀ. ਏ.

# ਲਕੀਰ

**ਖ਼ਾਲਿਦ ਹੁਸੈਨ**

ਭਾਰਤ ਤੇ ਪਾਕਿਸਤਾਨ ਦੇ ਸੰਬੰਧਾਂ ਬਾਰੇ ਇਹ ਅਖਾਣ ਪੂਰੀ ਤਰ੍ਹਾਂ ਢੁਕਵਾਂ ਹੈ ਕਿ ਲੁਹਾਰ ਦੀ ਸੰਨ੍ਹੀ ਕਦੇ ਅੱਗ ਵਿਚ ਤੇ ਕਦੇ ਪਾਣੀ ਵਿਚ। ਅਜਿਹੇ ਰਿਸ਼ਤਿਆਂ ਦੇ ਬਾਵਜੂਦ ਵੀ ਦੋਹਾਂ ਸਰਕਾਰਾਂ ਦਾ ਇਹ ਫ਼ੈਸਲਾ ਸ਼ਲਾਘਾਯੋਗ ਸੀ ਕਿ ਕਸ਼ਮੀਰ ਦੇ ਦੋਵਾਂ ਪਾਸੇ ਵਸਦੇ ਲੋਕਾਂ ਨੂੰ ਆਪੋ ਵਿਚ ਮਿਲਣ ਦਿੱਤਾ ਜਾਏ। ਐਸੇ ਫ਼ੈਸਲੇ ਦੇ ਮੂਜਬ ਪਾਕਿਸਤਾਨ ਪ੍ਰਸ਼ਾਸਨ ਵਾਲੇ ਕਸ਼ਮੀਰ ਵੱਲ ਜਾਣ ਲਈ ਮੈਨੂੰ ਤੇ ਮੇਰੀ ਪਤਨੀ ਨੂੰ ਸਰਕਾਰ ਵਲੋਂ ਪ੍ਰਵਾਨਗੀ ਤੇ ਰਵਾਨਗੀ ਪਰਮਿਟ ਮਿਲ ਗਿਆ ਸੀ। ਮਿੱਥੀ ਤਾਰੀਖ਼ ਨੂੰ ਜਾਣ ਲਈ ਜਿਹੜੀ ਪਹਿਲੀ ਬੱਸ ਸ੍ਰੀਨਗਰ ਤੋਂ ਮੁਜ਼ੱਫਰਾਬਾਦ ਜਾਣੀ ਸੀ, ਉਸ ਵਿਚ ਹਾਲੀਂ ਦਸ-ਬਾਰਾਂ ਦਿਹਾੜੇ ਬਾਕੀ ਸਨ। ਮੈਨੂੰ ਖਾੜਕੂਆਂ ਵਲੋਂ ਕਤਲ ਦੀਆਂ ਧਮਕੀਆਂ ਵੀ ਮਿਲੀਆਂ ਸਨ ਪਰ ਮੈਂ ਆਪਣਾ ਇਰਾਦਾ ਨਹੀਂ ਸੀ ਬਦਲਿਆ। ਮੈਂ ਪਾਰਲੇ ਕਸ਼ਮੀਰ ਵਿਚ ਵਸਦੇ ਆਪਣਿਆਂ ਸਾਕਾਂ ਲਈ ਤੋਹਫ਼ੇ ਖਰੀਦਣ ਵਿਚ ਰੁੱਝਿਆ ਰਿਹਾ ਸਾਂ। ਅਸੀਂ ਦੋਵੇਂ ਮੀਆਂ-ਬੀਵੀ ਖੁਸ਼ ਸਾਂ। ਮੇਰੀ ਬੀਵੀ ਨਸੀਮ ਦੀਆਂ ਮਾਸੀਆਂ ਤੇ ਫੁਫੇਰੇ ਭੈਣ ਭਰਾ ਲਾਹੌਰ, ਰਾਵਲਪਿੰਡੀ, ਇਸਲਾਮਾਬਾਦ, ਮੀਰਪੁਰ ਤੇ ਸਿਆਲਕੋਟ ਵਿਚ ਰਹਿੰਦੇ ਨੇ। ਭਾਰਤ ਤੇ ਪਾਕ ਦੇ ਨਿੱਜੀ ਤੇ ਸਰਕਾਰੀ ਟੈਲੀਵਿਜ਼ਨ ਚੈਨਲ ਸਾਡੇ ਅਤੇ ਸਾਡੇ ਰਿਸ਼ਤੇਦਾਰਾਂ ਦੇ ਇੰਟਰਵਿਊ ਦਿਖਾ ਰਹੇ ਸਨ ਤੇ ਅਖ਼ਬਾਰਾਂ ਵਿਚ ਵੀ ਸਾਡੇ ਬਾਰੇ ਸੁਰਖੀਆਂ ਦਿੱਤੀਆਂ ਹੁੰਦੀਆਂ ਸਨ। ਇੰਜ ਦਿਨ ਲੰਘਦੇ ਗਏ ਤੇ ਫਿਰ 5 ਅਪ੍ਰੈਲ 2005 ਦਾ ਉਹ ਦਿਨ ਵੀ ਕੋਲ ਆ ਗਿਆ ਜਦੋਂ ਅਸਾਂ ਜੰਮੂ ਤੋਂ ਸ੍ਰੀਨਗਰ ਜਾਣਾ ਸੀ ਤਾਂ ਜੋ 7 ਅਪ੍ਰੈਲ ਨੂੰ ਉਥੋਂ ਮੁਜ਼ੱਫਰਾਬਾਦ ਜਾਣ ਵਾਲੀ ਪਹਿਲੀ ਬੱਸ ਵਿਚ ਸਵਾਰ ਹੋ ਸਕੀਏ। ਇਹ ਇਕ ਇਤਿਹਾਸਕ ਫ਼ੈਸਲਾ ਸੀ ਜਿਹੜਾ ਸ਼ਾਇਦ ਅਮਰੀਕੀ ਦਬਾਉ ਕਾਰਨ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਲਿਆ ਸੀ ਤੇ ਜਿਸ ਲਈ ਅਟਲ ਬਿਹਾਰੀ ਵਾਜਪਾਈ, ਸੋਨੀਆ ਗਾਂਧੀ, ਮਨਮੋਹਨ ਸਿੰਘ ਤੇ ਜਨਰਲ ਮੁਸ਼ੱਰਫ਼ ਦੀ ਸਭੇ ਪਾਸਿਉਂ ਚੋਖੀ ਵਾਹ-ਵਾਹ ਹੋ ਰਹੀ ਸੀ। ਸਾਡੀ ਤਿਆਰੀ ਪੂਰੀ ਹੋ ਚੁਕੀ ਸੀ। ਅਸੀਂ ਕੱਲ੍ਹ ਸਵੇਰੇ ਸ੍ਰੀਨਗਰ ਜਾਣ ਲਈ ਬਿਲਕੁਲ ਤਿਆਰ ਸਾਂ ਕਿ ਦੇਰ ਰਾਤੀਂ ਇਕ ਬਜ਼ੁਰਗ ਮੈਨੂੰ ਮਿਲਣ ਆਇਆ ਤੇ ਕਹਿਣ ਲੱਗਾ—

"ਮੈਂ ਤੁਹਾਡੇ ਨਾਲ ਦੋ ਗੱਲਾਂ ਕਰਨੀਆਂ ਨੇ।" ਮੈਂ ਬਾਬੇ ਨੂੰ ਇੱਜ਼ਤ ਨਾਲ ਕੋਲ ਬਿਠਾਇਆ ਤੇ ਕਿਹਾ, "ਫ਼ਰਮਾਓ! ਕੀ ਗੱਲ ਏ?"

"ਮੈਂ ਤੁਹਾਡੇ ਨਾਲ ਇਕੱਲਿਆਂ ਗੱਲ ਕੱਥ ਕਰਨਾ ਚਾਹਨਾਂ ਵਾਂ। ਏਥੇ ਲੋਕਾਂ ਨਾਲ ਤੁਹਾਡੀ ਬੈਠਕ ਭਰੀ ਪਈ ਹੈ।"



ਮੈਂ ਉਸ ਬਜ਼ੁਰਗ ਦਾ ਮਾਣ ਰੱਖਿਆ ਤੇ ਉਹਨੂੰ ਦੂਜੇ ਕਮਰੇ ਵਿਚ ਲੈ ਗਿਆ। ਉਸ ਦੀ ਉਮਰ ਕੋਈ ਅੱਸੀਆਂ ਸਾਲਾਂ ਦੇ ਨੇੜੇ-ਤੇੜੇ ਹੋਵੇਗੀ ਪਰ ਉਹ ਹਾਲੀਂ ਵੀ ਉੱਚਾ-ਲੰਮਾ ਸੋਹਣਾ ਤੇ ਮਜ਼ਬੂਤ ਹੱਡ-ਗੋਡਿਆਂ ਦਾ ਮਾਲਕ ਸੀ। ਅਸੀਂ ਦੋਨੋਂ ਕਮਰੇ ਵਿਚ ਵਿਛੀ ਕਾਲੀਨ 'ਤੇ ਬਹਿ ਗਏ। ਮੈਂ ਦੇਸੀ ਲੂਣਕੀ ਚਾਹ ਮੰਗਵਾਈ ਤੇ ਉਸਨੂੰ ਕਿਹਾ, "ਬਾਬਾ ਜੀ! ਹੁਕਮ ਕਰੋ। ਮੈਂ ਤੁਹਾਡੀ ਕੀ ਖ਼ਿਦਮਤ ਕਰ ਸਕਨਾ ਵਾਂ।"

"ਪੁੱਤਰ! ਮੈਂ ਤੈਨੂੰ ਦੋ-ਚਾਰ ਵਾਰੀ ਟੈਲੀਵਿਜ਼ਨ ਚੈਨਲਾਂ 'ਤੇ ਵੇਖਿਆ ਅਤੇ ਪਤਾ ਚੱਲਿਆ ਕਿ ਤੂੰ ਪਾਰਲੇ ਕਸ਼ਮੀਰ ਜਾ ਰਿਹਾਂ, ਜਿੱਥੇ ਮੇਰੀ ਸਾਬਰੀ ਰਹਿੰਦੀ ਏ। ਤੈਨੂੰ ਵੇਖ ਕੇ ਖੌਰੇ ਮੈਨੂੰ ਕਿਉਂ ਇਹ ਯਕੀਨ ਹੋਣ ਲੱਗਾ ਕਿ ਤੂੰ ਮੈਨੂੰ ਨਿਰਾਸ਼ ਨਹੀਂ ਕਰੇਂਗਾ ਤੇ ਮੇਰਾ ਕੰਮ ਜ਼ਰੂਰ ਕਰ ਦੇਵੇਂਗਾ।"

"ਬਾਬਾ ਜੀ! ਤੁਸੀਂ ਫ਼ਰਮਾਓ। ਮੈਨੂੰ ਖ਼ੁਸ਼ੀ ਹੋਵੇਗੀ ਜੇ ਮੈਂ ਤੁਹਾਡੇ ਕਿਸੇ ਕੰਮ ਆ ਸਕਾਂ।" ਮੇਰਾ ਜਵਾਬ ਸੁਣ ਕੇ ਬਾਬੇ ਦੇ ਮੁਹਾਂਦਰੇ 'ਤੇ ਰੌਣਕ ਆ ਗਈ। ਉਸਨੇ ਖੰਘ ਨਾਲ ਸੰਘ ਸਾਫ਼ ਕੀਤਾ ਤੇ ਕਹਿਣ ਲੱਗਾ—

"ਪੁੱਤਰਾ! ਮੇਰਾ ਨਾਂ ਸਜਾਵਲ ਚੌਧਰੀ ਏ। ਮੈਂ ਪੁਰਾਣੀ ਤਹਿਸੀਲ ਬਾਂਗ ਦਾ ਰਹਿਣ ਵਾਲਾ ਹਾਂ। ਮੇਰਾ ਪਿੰਡ ਭੋਟ ਭਾਈਆਂ ਸੀ। ਦੇਸ਼ ਦੀ ਵੰਡ ਅਤੇ ਪਾਕਿਸਤਾਨ ਬਣਨ ਨਾਲ ਮੇਰੇ ਉੱਤੇ ਦੁੱਖਾਂ ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਦਰਦ-ਸੂਲਾਂ ਨੇ ਮੇਰਾ ਸੀਨਾ ਛਲਣੀ ਕਰ ਦਿੱਤਾ। ਦਿਲ ਦੇ ਜ਼ਖ਼ਮਾਂ ਨੇ ਡਾਢਾ ਸ਼ੋਰ ਮਚਾਇਆ ਪਰ ਮੈਂ ਕੁਝ ਨਹੀਂ ਕਰ ਸਕਿਆ ਤੇ ਵੇਲੇ ਹੱਥੋਂ ਬੇਵੱਸ ਹੋ ਗਿਆ।"

"ਬਾਬਾ ਜੀ! ਗੱਲ ਛੇਤੀ ਮੁਕਾਉ। ਮੈਨੂੰ ਮਿਲਣ ਲਈ ਕਈ ਸਾਕ ਸਬੰਧੀ ਤੇ ਯਾਰ-ਬੇਲੀ ਆਏ ਨੇ। ਮੈਂ ਉਨ੍ਹਾਂ ਨਾਲ ਵੀ ਗੱਲਾਂ ਕਰਨੀਆਂ ਨੇ। ਫਿਰ ਸਵੇਰੇ ਸ੍ਰੀਨਗਰ ਦਾ ਸਫ਼ਰ ਵੀ ਕਰਨਾ ਹੈ।"

"ਚੰਗਾ ਪੁੱਤਰ, ਚੰਗਾ! ਮੈਂ ਛੇਤੀ ਗੱਲ ਮੁਕਾਣ ਦੀ ਕੋਸ਼ਿਸ਼ ਕਰਾਂਗਾ। ਪਰ ਤੂੰ ਗੌਰ ਨਾਲ ਸੁਣ ਤੇ ਮੇਰੀ ਮਦਦ ਕਰੀਂ। ਰੱਬ ਤੈਨੂੰ ਏਸ ਦਾ ਅਜ਼ਹਰ ਦੇਵੇਗਾ। ਪੁੱਤਰਾ! ਮੈਂ ਭੋਟ ਭਾਈਆਂ ਦੇ ਨੰਬਰਦਾਰ ਚੌਧਰੀ ਸਰਾਜਦੀਨ ਦੇ ਘਰ ਚਾਕਰੀ ਕਰਦਾ ਸਾਂ। ਮਾਲ ਡੰਗਰ ਤੇ ਭੇਡ ਬੱਕਰੀਆਂ ਚਰਾਣਾ, ਛਾਹ ਵੇਲੇ ਗਾਵਾਂ-ਮੱਝਾਂ ਦਾ ਦੁੱਧ ਚੋਣਾ, ਜੰਗਲ ਵਿਚ ਲੱਕੜੀ 'ਕੱਠੀ ਕਰਨੀ ਤੇ ਬਸਾਵੀਆਂ ਲਿਆਣੀਆਂ। ਬਾਗ਼ਾਂ ਦੇ ਰੁੱਖਾਂ ਨੂੰ ਛਾਂਗਣਾ। ਦਵਾਈਆਂ ਛਿੜਕਣੀਆਂ। ਘਰਾਟ ਜਾਣਾ ਤੇ ਕਣਕ ਤੇ ਮੱਕੀ ਦਾ ਆਟਾ ਪਿਸਵਾ ਕੇ ਲਿਆਣਾ। ਬਉਲੀ ਤੋਂ ਪਾਣੀ ਲਿਆਣਾ। ਡੰਗਰਾਂ ਨੂੰ ਨਹਾਵਣਾ ਤੇ ਰੋਜ਼ ਦੇ ਹੋਰ ਕੰਮ ਕਰਨੇ। ਰਾਤੀਂ ਚੌਧਰੀ ਜੀ ਦੀਆਂ ਲੱਤਾਂ ਘੁਟਣੀਆਂ। ਮੇਰਾ ਪਿਉ ਨਿੱਕੀ ਉਮਰੇ ਹੀ ਫ਼ੌਤ ਹੋ ਗਿਆ ਸੀ। ਮਾਂ ਨੇ ਦੂਜਾ ਵਿਆਹ ਕਰਾ ਲਿਆ ਸੀ। ਮੇਰਾ ਮਤਰੇਆ ਪਿਉ ਗੱਲ-ਗੱਲ 'ਤੇ ਮੈਨੂੰ ਮਾਰਦਾ, ਨਾਲੇ ਗੰਦੀਆਂ ਗਾਲ੍ਹਾਂ ਕੱਢਦਾ ਸੀ। ਅਖੀਰ ਤੰਗ ਆ ਕੇ ਮੈਂ ਘਰੋਂ ਭੱਜ ਗਿਆ ਤੇ ਚੌਧਰੀ ਸਰਾਜ ਹੋਰਾਂ ਕੋਲ ਆ ਗਿਆ। ਉਨ੍ਹਾਂ ਮੈਨੂੰ ਆਸਰਾ ਦਿੱਤਾ ਤੇ ਨੌਕਰ ਰੱਖ ਲਿਆ। ਸਾਫ਼ ਸੁਥਰੀ ਰੋਟੀ, ਖਾਲਸ ਦੁੱਧ-ਦਹੀਂ, ਮੱਖਣ ਤੇ ਘਿਉ ਖਾਣ ਨਾਲ ਮੇਰਾ ਸਰੀਰ ਵਧਣ-ਫੁਲਣ ਲੱਗਾ। ਜਵਾਨੀ ਨੂੰ ਪੁੰਗਰ ਪੈਣ ਲੱਗੀ ਤੇ ਫਿਰ ਭਾਗਾਂ ਸੜੀ ਜਵਾਨੀ ਢਲਕਾਂ ਮਾਰਨ ਲੱਗੀ। ਮੈਂ ਮੌਕਾ ਮਿਲਦਿਆਂ ਹੀ ਪਿੰਡ ਦੇ ਅਖਾੜੇ ਵਿਚ ਵੀ ਜਾਂਦਾ ਤੇ ਰੱਜ ਕੇ ਡੰਡ ਬੈਠਕਾਂ ਕੱਢਦਾ।

ਪਹਿਲਵਾਨਾਂ ਨਾਲ ਜ਼ੋਰ ਕਰਦਾ ਤੇ ਪਹਿਲਵਾਨੀ ਦਾਅ ਸਿੱਖਦਾ। ਮੇਰੇ ਡੌਲੇ, ਪੱਟ ਤੇ ਛਾਤੀ ਵੇਖ ਕੇ ਮੁਟਿਆਰਾਂ ਮੈਨੂੰ ਰਿਝਾਣ ਦਾ ਯਤਨ ਕਰਦੀਆਂ। ਉਨ੍ਹਾਂ ਦੀਆਂ ਬੇਹੱਦ ਰੱਤੀਆਂ ਅੱਖਾਂ ਮੈਨੂੰ ਰਾਹਤ ਅਵੱਲੜਾ ਦੱਸਦੀਆਂ। ਮੈਂ ਜਾਣ ਬੁੱਝ ਕੇ ਝੱਲਾ ਬਣ ਜਾਂਦਾ ਤੇ ਆਪਣਾ ਝੱਲਪੁਣਾ ਹਿਣਕ ਛੱਡਦਾ। ਪਰ ਇਕ ਗਾਜਰੀ ਰੰਗ ਦੀ ਮੁਟਿਆਰ ਮੇਰੇ ਪਿੱਛੇ ਹੀ ਪੈ ਗਈ। ਮੈਂ ਉਹਦੇ ਕੋਲੋਂ ਪਿੱਛਾ ਛੁਡਾਵਣ ਦੇ ਬਥੇਰੇ ਜਤਨ ਕੀਤੇ ਪਰ ਉਹ ਸ਼ਰਮਾਂ ਸੜੀ ਨੂੰ ਇਸ਼ਕ ਦਾ ਚਾਅ ਚੜ੍ਹਿਆ ਹੋਇਆ ਸੀ। ਉਸ ਦਾ ਨਾਂ ਸਾਬਰੀ ਸੀ ਤੇ ਉਹ ਚੌਧਰੀ ਸਰਾਜ ਦੀ ਧੀ ਸੀ। ਉਹਦੇ ਸਰੀਰ ਦੇ ਅੰਗ ਬੜੇ ਜਚਵੇਂ ਸਨ ਤੇ ਉਹਦੇ ਜਿਹੀ ਸੋਹਣੀ ਕੋਈ ਵਿਰਲੀ ਹੀ ਹੋਵੇਗੀ। ਪਰ ਮੈਨੂੰ ਕੋਈ ਹੱਕ ਨਹੀਂ ਕਿ ਨੰਬਰਦਾਰ ਦੀ ਪੱਤ ’ਤੇ ਹੱਥ ਪਾਵਾਂ। ਮੈਂ ਚੌਧਰੀ ਦੇ ਅਹਿਸਾਨਾਂ ਥੱਲੇ ਦੱਬਿਆ ਹੋਇਆ ਅਜਿਹਾ ਮਨੁੱਖ ਸਾਂ ਜਿਸਦਾ ਆਪਣਾ ਕੁਝ ਵੀ ਨਹੀਂ ਸੀ ਅਤੇ ਜਿਸਦੇ ਨਸੀਬੇ ਗੋਡੇ-ਗੋਡੇ ਭੁੱਖ ਫਿਰੀ ਹੋਈ ਸੀ। ਪਰ ਹੱਕੀ ਗੱਲ ਇਹ ਸੀ ਕਿ ਸਾਬਰੀ ਮੈਨੂੰ ਗੂੜ੍ਹ ਚਾਨਣ ਲੱਗੀ ਸੀ। ਮੈਂ ਜਿੰਨਾ ਉਸ ਕੋਲੋਂ ਦੂਰ ਭੱਜਦਾ, ਉਹ ਉਨਾ ਹੀ ਮੇਰੇ ਨੇੜੇ ਆਉਂਦੀ ਜਾਂਦੀ।

ਕੁੜੀਆਂ ਧਰੇਕ ਵਾਂਗਰ ਵਧ ਜਾਂਦੀਆਂ ਨੇ ਤੇ ਮਾਪਿਆਂ ਨੂੰ ਪਤਾ ਹੀ ਨਹੀਂ ਚੱਲਦਾ ਕਿ ਕਦ ਉਨ੍ਹਾਂ ਜਵਾਨੀ ਦੀ ਮੁਹਾਠ ਵੀ ਟੱਪ ਲਈ ਹੈ ਤੇ ਇਸ਼ਕੇ ਦੀ ਗੁੜ੍ਹਤੀ ਵੀ ਚੱਟ ਲਈ ਹੈ। ਸਾਬਰੀ ਦੇ ਹੁਸਨ ਦੀ ਬਹਾਰ ਵੇਖ ਕੇ ਵਿਚੋਲੇ ਚੌਧਰੀ ਦੇ ਘਰ ਆਉਣ-ਜਾਣ ਲੱਗੇ। ਚੌਧਰੀ ਦੀਆਂ ਅੱਖਾਂ ਖੁੱਲ੍ਹੀਆਂ ਤੇ ਉਹ ਵੀ ਧੀ ਲਈ ਚੰਗੇ ਰਿਸ਼ਤੇ ਦੀ ਭਾਲ ਕਰਨ ਲੱਗਾ।

ਮੈਂ ਚੌਧਰੀ ਦਾ ਨਮਕ ਹਲਾਲ ਸਾਂ ਤੇ ਨਹੀਂ ਸਾਂ ਚਾਹੁੰਦਾ ਕਿ ਇਸ਼ਕ ਦੀ ਮੁਸ਼ਕ ਕੋਠੀ ਵਿਚ ਫੈਲੇ। ਇਕ ਦਿਨ ਜਦ ਮੈਂ ਚੌਧਰੀ ਸਰਾਜ ਦੀਆਂ ਲੱਤਾਂ ਦਬਾ ਰਿਹਾ ਸੀ ਤਾਂ ਉਨ੍ਹਾਂ ਮੈਨੂੰ ਹੁੱਕਾ ਤਾਜ਼ਾ ਕਰਨ ਦਾ ਹੁਕਮ ਦਿੱਤਾ। ਮੈਂ ਚਾਹਰੀ ਵਿਚ ਤਾਜ਼ਾ ਪਾਣੀ ਪਾਇਆ। ਚਿਲਮ ਵਿਚ ਤੰਮਾਕੂ ਭਰਿਆ। ਕੁੱਢਣ ਨਾਲ ਚੁਲ੍ਹਾ ਫੇਰਦਿਆਂ ਨੇ ਦੋ-ਤਿੰਨ ਅੰਗਿਆਰ ਟੋਪੀ ਵਿਚ ਪਾਏ ਤੇ ਹੁੱਕਾ ਨੰਬਰਦਾਰ ਸਾਹਮਣੇ ਜਾ ਰੱਖਿਆ। ਉਨ੍ਹਾਂ ਹੁੱਕੇ ਦੀ ਨਾਲ ਫੜੀ ਤੇ ਸੂਟੇ ਲਾਣ ਲੱਗੇ ਤੇ ਆਪਣੇ ਲੋਰ ਵਿਚ ਸੈਫੁਲ ਮਲੂਕ ਗਾਣ ਲੱਗੇ। ਮੈਂ ਮੌਕੇ ਨੂੰ ਗਨੀਮਤ ਸਮਝਿਆ ਤੇ ਹੌਲ਼ੀ ਜੇਹੀ ਕਿਹਾ।

“ਸਰਕਾਰ! ਮੈਂ ਆਪਣਾ ਘਰਾਟ ਚਲਾਣਾ ਚਾਹੁੰਦਾ ਵਾਂ। ਸਵੇਰੇ-ਸ਼ਾਮੀਂ ਤੁਹਾਡੀ ਚਾਕਰੀ ਕਰਦਾ ਰਹਾਂਗਾ ਪਰ ਦਿਨ ਨੂੰ ਘਰਾਟ ਚਲਾਵਾਂਗਾ। ਇੰਜ ਤਾਂ ਤੁਹਾਡੇ ਹੁੰਦਿਆਂ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਏ ਪਰ ਮੈਂ ਆਪਣੇ ਪੈਰਾਂ ’ਤੇ ਖਲੋਣਾ ਚਾਹੁੰਦਾ ਹਾਂ। ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਜੰਗਲ ਲਾਗੇ ਵਹਿੰਦੀ ਨਦੀ ’ਤੇ ਘਰਾਟ ਬਣਾਵਾਂਗਾ। ਸਵੇਰੇ ਘਰ ਦਾ ਸਾਰਾ ਕੰਮ ਮੁਕਾ ਕੇ ਡੰਗਰ ਲੈ ਜਾਇਆ ਕਰਾਂਗਾ। ਘਰਾਟ ਵੀ ਚਲਾਵਾਂਗਾ ਤੇ ਡੰਗਰ ਵੀ ਚਰਾਕੇ ਲਿਆਵਾਂਗਾ।”

ਚੌਧਰੀ ਹੁਰਾਂ ਮੈਨੂੰ ਇਜਾਜ਼ਤ ਦੇ ਦਿੱਤੀ। ਮੈਂ ਘਰਾਟ ਚਲਾਉਣ ਲੱਗਾ। ਮੈਂ ਸੋਚਿਆ ਸੀ ਕਿ ਇੰਜ ਸਾਬਰੀ ਕੋਲੋਂ ਮੇਰਾ ਪਿੱਛਾ ਛੁੱਟ ਜਾਏਗਾ ਪਰ ਮੈਂ ਗ਼ਲਤੀ ’ਤੇ ਸਾਂ। ਸਾਬਰੀ ਸ਼ਿਕਰੇ ਦੀ ਅੱਖ ਰੱਖਦੀ ਸੀ। ਉਹ ਆਪਣੀਆਂ ਸਹੇਲੀਆਂ ਨਾਲ ਰੋਜ਼ ਸੈਰ ਕਰਨ ਦੇ ਬਹਾਨੇ ਘਰਾਟ ਵੱਲ ਆ ਜਾਂਦੀ। ਉਹ ਸਾਰੀਆਂ ਮਾਹੀਏ, ਟੱਪੇ, ਬਾਲੋ ਤੇ ਕੈਂਚੀ ਗਾਂਵਦੀਆਂ ਤੇ ਮੈਨੂੰ ਰਿਝਾਂਵਦੀਆਂ। ਮੈਂ ਪਹਿਲਾਂ ਤਾਂ ਝਕਦਾ ਰਿਹਾ, ਸੰਗਦਾ ਰਿਹਾ। ਫਿਰ ਅੰਤ ਨੂੰ ਮੈਂ ਕੁੰਡੀ ਦਿਲ



ਦੀ ਖੋਲ੍ਹ ਦਿੱਤੀ ਤੇ ਸਾਬਰੀ ਅਡੋਲ ਮੇਰੇ ਦਿਲ ਦੀ ਕੁੱਲੀ ਅੰਦਰ ਵੜ ਗਈ ਅਤੇ ਪਾਣੀ ਵਾਂਗਰ ਮੇਰੇ ਉੱਤੇ ਢਹਿ ਪਈ। ਤੁਹਾਨੂੰ ਤਾਂ ਪਤਾ ਹੀ ਹੋਵੇਗਾ ਕਿ ਪਾਣੀ ਬੜਾ ਮਨ ਮੌਜੀ ਹੁੰਦਾ ਹੈ। ਇਹਦਾ ਜੀ ਕਰੇ ਤਾਂ ਤਰਦਿਆਂ ਨੂੰ ਡੋਬ ਦਿੰਦਾ ਤੇ ਡੁੱਬਦਿਆਂ ਨੂੰ ਤਾਰ ਛੱਡਦਾ ਹੈ। ਖੌਰੇ ਮੈਂ ਡੁੱਬਿਆ ਸਾਂ ਕਿ ਤਰਿਆ ਸਾਂ ਪਰ ਖਰੀ ਗੱਲ ਇਹ ਹੈ ਕਿ ਪਾਣੀ ਜੇ ਅੱਗ ਕੋਲ ਰਹੇ ਤਾਂ ਪਾਣੀ ਨੂੰ ਉਬਾਲਾ ਆ ਹੀ ਜਾਂਦਾ ਹੈ। ਤੇ ਮੈਨੂੰ ਪਤਾ ਹੀ ਨਹੀਂ ਚੱਲਿਆ ਬਈ ਕਦੋਂ ਇਸ਼ਕ ਦਾ ਨਾਗ ਉਬਲਦੇ ਪਾਣੀ ਵਿਚੋਂ ਨਿਕਲਿਆ ਤੇ ਮੇਰੇ ਕਾਲਜੇ ਨੂੰ ਡੰਗ ਮਾਰ ਗਿਆ। ਮੈਂ ਉਸ ਨਾਰ ਪਟੋਲੀ ਨੂੰ ਅੱਖਾਂ ਦੀ ਪਟਾਰੀ ਵਿਚ ਰੱਖ ਲਿਆ ਤੇ ਉਹਦੇ ਸਦਕੜੇ ਜਾਣ ਲੱਗਾ। ਮੈਂ ਵੀ ਰਾਂਝੇ ਵਾਂਗੂੰ ਵੰਝਲੀ ਫੜ ਲਈ ਤੇ ਸਾਬਰੀ ਦੇ ਪਿਆਰ ਗੀਤਾਂ ਦਾ ਹਿੱਸਾ ਬਣ ਗਿਆ। ਅਸੀਂ ਰੋਜ਼ ਮਿਲਣ ਲੱਗੇ। ਸਾਡੇ ਨੈਣਾਂ ਨੇ ਅੰਗ-ਅੰਗ ਵਿਚ ਪਿਆਰ ਪੀਂਘਾਂ ਪਾਈਆਂ ਤੇ ਮੈਂ ਆਪਣੀਆਂ ਨੀਂਦਰਾਂ ਸਾਬਰੀ ਦੇ ਨਾਂ ਕਰ ਦਿੱਤੀਆਂ। ਉਹ ਰੋਜ਼ ਨੂਰ ਪੀਰ ਵੇਲੇ ਘਰਾਟ ’ਤੇ ਆਉਂਦੀ ਤੇ ਮੇਰੇ ਲਈ ਮੱਕ ਦਾ ਮਿੱਠਾ ਰੋਟ ਪਕਾ ਕੇ ਲਿਆਂਦੀ। ਗੋਕੇ ਘਿਉ ’ਚ ਨਰੋਈ ਚੂਰੀ ਕੁੱਟ ਕੇ ਆਪਣੇ ਹੱਥੀਂ ਖੁਆਂਦੀ। ਫਿਰ ਅਸੀਂ ਗੱਲਾਂ ਕਰਦੇ, ਹਸਦੇ, ਗਾਂਵਦੇ। ਹੌਲ਼ੀ-ਹੌਲ਼ੀ ਸਾਡੇ ਇਸ਼ਕ ਦੇ ਤਾਪ ਦਾ ਸੇਕ ਸਾਬਰੀ ਦੇ ਮਾਪਿਆਂ ਤੀਕਰ ਪਹੁੰਚਣ ਲੱਗਾ। ਇਸ ਤੋਂ ਪਹਿਲਾਂ ਕਿ ਇਹ ਸੇਕ ਉਨ੍ਹਾਂ ਨੂੰ ਸਾੜ ਦੇਵੇ। ਉਹ ਸਾਬਰੀ ਲਈ ਵਰ ਢੂੰਡਣ ਲੱਗੇ। ਰਿਸ਼ਤੇ ਆਣ ਲੱਗੇ, ਪਰਖ ਪੜਚੋਲ ਹੋਣ ਲੱਗੀ। ਇਕ ਅੱਧ ਥਾਂ ’ਤੇ ਗੱਲ ਅੱਗੇ ਵਧਣ ਹੀ ਲੱਗੀ। ਮੈਂ ਚੁੱਪ ਸਾਂ ਕਿਉਂਕਿ ਚਾਕਰ ਹਮੇਸ਼ਾ ਮਾਲਕ ਦੇ ਦਾਬੇ ਹੇਠ ਰਹਿੰਦਾ ਹੈ, ਪਰ ਸਾਬਰੀ ਨੇ ਹੌਸਲਾ ਕਰਕੇ ਲਿੱਸੀ ਜੇਹੀ ਆਵਾਜ਼ ਵਿਚ ਆਪਣੀ ਮਾਂ ਨੂੰ ਕਿਹਾ।

“ਮੈਂ ਸਜਾਵਲ ਨਾਲ ਨਿਹੁੰ ਲਾਇਆ ਏ। ਉਹ ਮੇਰਾ ਰਾਂਝਾ ਜੋਗੀ ਏ ਤੇ ਮੈਂ ਉਸ ਦੀ ਜੋਗਨ। ਸਾਡੀ ਜੋੜੀ ਬੜੀ ਫਬਦੀ ਏ। ਮੈਂ ਉਹਦੇ ਬਗ਼ੈਰ ਜ਼ਿੰਦਾ ਨਹੀਂ ਰਹਿ ਸਕਦੀ। ਤੁਸੀਂ ਬਾਹਰ ਫੇਰੀਆਂ ਮਾਰਨੀਆਂ ਬੰਦ ਕਰੋ ਤੇ ਸਾਡਾ ਵਿਆਹ ਕਰ ਦਿਓ। ਮੈਂ ਤੁਹਾਡੀ ਇਕੱਲੀ ਧੀ ਹਾਂ। ਸਜਾਵਲ ਸਾਡੇ ਘਰ ਵਿਚ ਹੀ ਰਹੇਗਾ ਤੇ ਸਾਰੀ ਉਮਰ ਤੁਹਾਡੀ ਸੇਵਾ ਕਰੇਗਾ। ਉਸਦਾ ਤੁਹਾਡੇ ਬਗੈਰ ਹੋਰ ਕੋਈ ਨਹੀਂ। ਉਹ ਏਥੇ ਹੀ ਪਲਿਆ ਹੈ ਤੇ ਏਥੇ ਹੀ ਆਪਣੀ ਗ੍ਰਹਿਸਥੀ ਬਣਾਏਗਾ। ਮਾਂ! ਤੂੰ ਅੱਬਾ ਜੀ ਨੂੰ ਸਮਝਾ।” ਸਾਬਰੀ ਦੀ ਗੱਲ ਸੁਣ ਕੇ ਉਸਦੀ ਮਾਂ ਅੱਖਾਂ ਪਾੜ-ਪਾੜ ਕੇ ਵੇਖਣ ਲੱਗੀ ਤੇ ਕਹਿਣ ਲੱਗੀ।

“ਸਾਬਰੀ! ਚੌਧਰੀ ਨੂੰ ਕਹਿਰ ਚੜ੍ਹਿਆ ਹੋਇਆ ਏ। ਉਹ ਸਜਾਵਲ ਦੇ ਡੱਕਰੇ ਕਰ ਦੇਵੇਗਾ। ਇਹ ਗੱਲ ਕਦੇ ਸੋਚੀ ਵੀ ਨਹੀਂ ਜਾ ਸਕਦੀ। ਨੰਬਰਦਾਰ ਦੀ ਕੁੜੀ ਨੌਕਰ ਨਾਲ ਵਿਆਹੀ ਜਾਵੇ। ਇਹ ਅਨਰਥ ਹੈ। ਉਸ ਕੋਲ ਹੈ ਹੀ ਕੀ ਏ? ਉਹ ਤੈਨੂੰ ਕਿੱਥੋਂ ਖਵਾਏਗਾ? ਸਾਬਰੀ ਕੱਖਾਂ ਨਾਲ ਆਲ੍ਹਣੇ ਤਾਂ ਪੈਂਦੇ ਨੇ ਪਰ ਘਰ ਨਹੀਂ ਉਸਰਦੇ। ਤੈਨੂੰ ਸਜਾਵਲ ਨੇ ਟੂਣਾ ਕਰ ਦਿੱਤਾ ਏ। ਏਸ ਲਈ ਤੂੰ ਇੰਜ ਬਕਵਾਸ ਕਰ ਰਹੀ ਏਂ।”

“ਮਾਂ! ਸੁਣ, ਝੂਠ ਨੂੰ ਫਟਕਾਰ ਤੇ ਹੱਕ ਨੂੰ ਸਤਿਕਾਰ। ਏਸ ਲਈ ਆਪਣਾ ਤੇ ਸਾਡਾ ਮਾਣ ਰੱਖ ਲੈ।” ਪਰ ਉਹ ਟੱਸ ਤੋਂ ਮੱਸ ਨਹੀਂ ਹੋਈ। ਇਕ ਦਿਨ ਜਦ ਘਰ ਵਿਚ ਪਤਾਸਿਆਂ ਦੇ ਟੋਕਰੇ ਆਏ ਤਾਂ ਸਾਬਰੀ ਨੇ ਹੋਵਣ ਵਾਲੀ ਕੁੜਮਾਚਾਰੀ ਨੂੰ ਆਰੀ ਨਾਲ ਵੱਢਣ ਦਾ ਫ਼ੈਸਲਾ ਕਰ ਲਿਆ। ਕਹਿਣ ਲੱਗੀ, “ਚੱਲ ਨੱਠ ਚੱਲੀਏ ਏਥੋਂ। ਮੇਰੇ ਮਾਪੇ ਨਹੀਂ ਮੰਨਦੇ। ਚੱਲ ਚੱਲੀਏ ਤੇ ਕੋਈ ਅਜੇਹੀ ਥਾਂ ਢੂੰਡੀਏ, ਜਿੱਥੇ ਨਾ ਕੋਈ ਧਰਮ ਹੋਵੇ, ਨਾ ਹਸਬ

ਨਸੀਬ ਤੇ ਜਾਤ ਹੋਵੇ। ਨਾ ਜਬਰ ਹੋਵੇ ਨਾ ਕਹਿਰ। ਨਾ ਦਹਿਸ਼ਤ ਹੋਵੇ ਨਾ ਵਹਿਸ਼ਤ। ਚੱਲ ਉੱਥੇ ਜਾ ਕੇ ਵੱਸੀਏ।"

ਮੈਂ ਬੜਾ ਰੋਕਿਆ। ਚੋਖਾ ਸਮਝਾਇਆ। ਪਰ ਉਸ ਨੇ ਇਕ ਨਾ ਸੁਣੀ ਤੇ ਫਿਰ ਅਸੀਂ ਦੋਵੇਂ ਰਾਤੋ ਰਾਤ ਉਥੋਂ ਨਿਕਲ ਪਏ। ਅਸੀਂ ਔਖੀਆਂ ਢਕੀਆਂ, ਪਹਾੜੀ ਗਲੇ ਤੇ ਢੋਕਾਂ ਚੜ੍ਹਣ ਲੱਗੇ। ਨਦੀ, ਨਾਲੇ ਤੇ ਦਰਿਆ ਪਟਣ ਲੱਗੇ ਤੇ ਅਖੀਰ ਰਾਜੌਰੀ ਦੇ ਇਕ ਪਿੰਡ ਸਾਜ ਵਿਚ ਆ ਗਏ। ਅਸਾਂ ਦੋਨਾਂ ਨਿਕਾਹ ਕਰਾ ਲਿਆ। ਮੈਂ ਸਾਜ ਨਦੀ 'ਤੇ ਆਪਣਾ ਘਰਾਟ ਬਣਾਇਆ ਅਤੇ ਕਣਕ ਤੇ ਕਕੜੀਆਂ (ਮੱਕਾ) ਪੀਹ-ਪੀਹ ਕੇ ਨਾਲੇ ਆਟਾ ਵੇਚ-ਵੇਚ ਕੇ ਰਿਜ਼ਕ ਕਮਾਣ ਲੱਗਾ। ਮੈਂ ਸਾਬਰੀ ਦਾ ਪੂਰਾ ਖ਼ਿਆਲ ਰੱਖਦਾ। ਉਸ ਦੀ ਹਰ ਰੀਝ ਪੂਰੀ ਕਰਦਾ। ਕਿਉਂ ਜੋ ਉਹਨੇ ਆਪਣੇ ਸਾਰੇ ਸੁਫ਼ਨੇ ਮੇਰੇ ਨਾਂ ਕਰ ਦਿੱਤੇ ਸਨ। ਅਸੀਂ ਦੋਵੇਂ ਖੁਸ਼ ਸਾਂ। ਅਸਾਂ ਆਪਣਾ ਨਿੱਕਾ ਜੇਹਾ ਕੋਠਾ ਵੀ ਪਾ ਲਿਆ ਸੀ। ਚਾਰ ਸਾਲਾਂ ਦੇ ਅੰਦਰ-ਅੰਦਰ ਸਾਡੇ ਵਿਹੜੇ ਸਾਂਵਲ ਤੇ ਨਫੀਸਾ ਖੇਡਣ ਲੱਗੇ। ਮੈਂ ਜੁਟ ਕੇ ਮਿਹਨਤ ਕਰਨ ਲੱਗਾ। ਘਰਾਟ ਦੇ ਨਾਲ ਹੀ ਇਕ ਨਿੱਕੀ ਜੇਹੀ ਦੁਕਾਨ ਵੀ ਖੋਲ੍ਹ ਲਈ ਜਿੱਥੇ ਪਿੰਡਾਂ ਦੇ ਲੋਕ ਸ਼ਹਿਦ, ਮੋਠ, ਰਾਜਮਾਂਹ, ਦੇਸੀ ਘਿਉ, ਗੇਜਾ ਚਾਵਲ, ਗੁੱਛੀਆਂ ਤੇ ਕਈ ਹੋਰ ਸ਼ੈਆਂ ਵੇਚਣ ਲਈ ਲਿਆਂਦੇ ਅਤੇ ਬਦਲੇ ਵਿਚ ਲੋੜੀਂਦਾ ਸੌਦਾ ਖਰੀਦ ਕੇ ਲੈ ਜਾਂਦੇ। ਅਸੀਂ ਆਪਣੀ ਨਿੱਕੀ ਜੇਹੀ ਦੁਕਾਨ ਵਿਚ ਖੁਸ਼ ਸਾਂ।

ਇਕ ਦਿਨ ਰਾਜੌਰੀ ਦੇ ਬਾਜ਼ਾਰ ਵਿਚ ਮੈਂ ਦੁਕਾਨ ਲਈ ਮਾਲ ਲੈ ਰਿਹਾ ਸਾਂ ਕਿ ਚੌਧਰੀ ਸਰਾਜ ਦੇ ਲੰਗੋਟੀਏ ਯਾਰ ਸਰਦਾਰ ਉੱਤਮ ਸਿੰਘ ਨੇ ਮੈਨੂੰ ਵੇਖ ਲਿਆ। ਮੈਂ ਉਸ ਕੋਲੋਂ ਅੱਖਾਂ ਚੁਰਾਉਣ ਦਾ ਬੜਾ ਯਤਨ ਕੀਤਾ ਪਰ ਸਭ ਬੇਕਾਰ। ਉਹਨੇ ਮੈਨੂੰ ਫੜ ਲਿਆ ਤੇ ਸਾਬਰੀ ਬਾਰੇ ਪੁੱਛਣ ਲੱਗਾ। ਉਸਦੇ ਜ਼ੋਰ ਪਾਣ ਨਾਲ ਮੈਂ ਚਾਚੇ ਉੱਤਮ ਸਿੰਘ ਨੂੰ ਆਪਣੇ ਘਰ ਲੈ ਆਇਆ। ਚਾਚੇ ਉੱਤਮ ਸਿੰਘ ਨੂੰ ਵੇਖ ਕੇ ਸਾਬਰੀ ਖ਼ੁਸ਼ੀ ਨਾਲ ਪਾਗ਼ਲ ਹੋ ਗਈ ਤੇ ਦੌੜ ਕੇ ਉਹਦੇ ਗਲ ਲੱਗ ਗਈ ਅਤੇ ਢਾਈਂ ਮਾਰ-ਮਾਰ ਕੇ ਰੋਣ ਲੱਗੀ। ਚਾਚਾ ਉੱਤਮ ਸਿੰਘ ਉਹਨੂੰ ਚੁੱਪ ਕਰਾਉਂਦਾ ਰਿਹਾ ਪਰ ਅੱਖਾਂ ਵਿਚ ਦਰਿਆ ਦਾ ਡੱਕਿਆ ਹੜ੍ਹ ਸਾਰੇ ਬੰਨੇ ਤੋੜ ਕੇ ਵਹਿ ਰਿਹਾ ਸੀ। ਚਾਚਾ ਉੱਤਮ ਸਿੰਘ ਵੀ ਕਿੰਨਾ ਚਿਰ ਉਭੇ ਸਾਹ ਲੈ ਕੇ ਰੋਂਦਾ ਰਿਹਾ। ਰੋ-ਰੋ ਕੇ ਸਾਬਰੀ ਹ਼ਫ ਗਈ ਤਾਂ ਕਿਤੇ ਉਹਨੂੰ ਸਬਰ ਸੰਤੋਖ ਮਿਲਿਆ। ਉਹਨੇ ਚਾਚੇ ਨੂੰ ਖਾਟ 'ਤੇ ਬਿਠਾਇਆ। ਆਪਣੇ ਦੋਵੇਂ ਬੱਚਿਆਂ ਸਾਂਵਲ ਤੇ ਨਫੀਸਾ ਨੂੰ ਮਿਲਾਇਆ। ਫਿਰ ਚਾਹ ਪਿਲਾਈ। ਆਪਣੇ ਤੇ ਸਜਾਵਲ ਬਾਰੇ ਢੇਰ ਸਾਰੀਆਂ ਗੱਲਾਂ ਕੀਤੀਆਂ ਤੇ ਅਖੀਰ ਆਪਣਿਆਂ ਮਾਪਿਆਂ ਬਾਰੇ ਪੁੱਛਿਆ।

"ਧੀਏ! ਤੂੰ ਘਰੋਂ ਭੱਜ ਕੇ ਬੜਾ ਜ਼ੁਲਮ ਕੀਤਾ ਆਪਣਿਆਂ ਮਾਪਿਆਂ 'ਤੇ। ਤੂੰ ਚੌਧਰੀ ਸਰਾਜ ਦੀ ਟਾਬਰੀ ਦਾ ਚਿਰਾਗ ਸੀ ਤੇ ਤੈਨੂੰ ਉਨ੍ਹਾਂ ਲਾਡਾਂ ਨਾਲ ਪਾਲਿਆ ਸੀ ਪਰ ਤੂੰ ਸਜਾਵਲ ਦੇ ਪਿਆਰ ਵਿਚ ਅੰਨ੍ਹੀ ਹੋ ਗਈ ਤੇ ਘਰੋਂ ਭੱਜ ਗਈ। ਤੂੰ ਪਿਉ ਦੀ ਲੱਜ ਨੂੰ ਕੱਜਣ ਦੀ ਥਾਂ ਭੰਡਣ ਦਾ ਕੰਮ ਕੀਤਾ। ਜਦ ਚੌਧਰੀ ਨੂੰ ਪਤਾ ਚੱਲਿਆ ਤਾਂ ਉਸਨੇ ਆਪਣੀ ਦੁਨਾਲੀ ਕੱਢ ਲਈ ਤੇ ਸਜਾਵਲ ਨੂੰ ਮਾਰਨ ਲਈ ਤੁਰ ਪਿਆ। ਉਸ ਨਾਲ ਉਹਦੇ ਗੋਗੇ (ਗੁਰਗੇ) ਵੀ ਸਨ। ਕਿਸੇ ਦਾਤਰੀ ਫੜੀ, ਕਿਸੇ ਬਰਛੀ ਤੇ ਕਿਸੇ ਕਿਰਚ-ਤਲਵਾਰ। ਜਿਸਦੇ ਹੱਥ ਜੋ ਆਇਆ, ਉਹ ਚੌਧਰੀ ਨਾਲ ਤੁਰ ਪਿਆ। ਚੌਧਰੀ ਦੀਆਂ ਅੱਖਾਂ ਵਿਚ ਕਹਿਰ ਸੀ। ਉਸ ਦੇ ਗਵਾਂਢ ਦੇ



ਸਾਰੇ ਪਿੰਡ, ਜੰਗਲ-ਬੇਲੇ, ਢੋਕਾਂ ਤੇ ਦਵਾਰਾਂ ਛਾਣ ਮਾਰੀਆਂ। ਪੁਲਸ ਵੀ ਤੁਹਾਨੂੰ ਫੜਣ ਲਈ ਥਾਂ-ਥਾਂ 'ਤੇ ਛਾਪੇ ਮਾਰਦੀ ਰਹੀ। ਚੌਧਰੀ ਦੇ ਦੁਮ-ਛੱਲੇ ਵੀ ਚੱਪਾ-ਚੱਪਾ ਲੱਭਦੇ ਰਹੇ। ਪਰ ਤੁਸੀਂ ਖੌਰੇ ਕਿਹੜੀ ਰੁਢ ਵਿਚ ਲੁਕੇ ਸੌ।

ਅਖੀਰ ਚੌਧਰੀ ਥੱਕ ਹਾਰ ਕੇ ਆਪਣੀ ਕੋਠੀ ਅੰਦਰ ਕੈਦ ਹੋ ਗਿਆ। ਉਹਨੇ ਆਪਣੇ ਦੁੱਖ ਨੂੰ ਮੂੰਹ ਰਾਹੀਂ ਨਹੀਂ ਸਗੋਂ ਅੱਥਰੂਆਂ ਰਾਹੀਂ ਕੱਢਿਆ। ਉਹਦੇ ਦਿਲ ਦੇ ਜ਼ਖ਼ਮਾਂ ਨੂੰ ਮਲ੍ਹਮ ਲਾਣ ਵਾਲਾ ਕੋਈ ਨਹੀਂ ਸੀ। ਤੇਰੀ ਨਮੋਸ਼ੀ ਨੇ ਉਸ ਦੀਆਂ ਸਾਰੀਆਂ ਖੁਸ਼ੀਆਂ ਨਚੋੜ ਲਈਆਂ ਸਨ। ਇਸ ਹਾਦਸੇ ਨੇ ਉਸ ਦੀ ਰੂਹ ਦੀ ਇਕ-ਇਕ ਤਾਰ ਨੂੰ ਹਲਾ ਦਿੱਤਾ ਸੀ। ਤੇਰੇ ਕਾਰਨ ਚੌਧਰੀ ਦੇ ਸ਼ਰੀਕਾਂ ਕੁੱਝਾਂ ਮਾਰੀਆਂ ਤੇ ਆਪਣਾ ਸਾੜ ਕੱਢਣ ਲਈ ਮੰਦਾ ਬੋਲਣ ਲੱਗੇ। ਲੰਡੀ ਬੁੱਚੀ ਨੰਬਰਦਾਰ ਦੀ ਇੱਜ਼ਤ ਨਾਲ ਲੀਰਾਂ ਲਾਹੁਣ ਲੱਗੀ। ਤੇਰੀ ਮਾਂ ਵੀ ਦਿਨੇ ਰਾਤੀਂ ਹਾੜੇ ਮਾਰਦੀ। ਉਹਦੀਆਂ ਅੱਖਾਂ ਬੂਹੇ ਵੱਲ ਲੱਗੀਆਂ ਰਹਿੰਦੀਆਂ। ਕੱਖ ਹਿੱਲੇ, ਅੱਖ ਫੜਕੇ ਪਰ ਸਾਬਰੀ ਨਾ ਦਿਸੇ। ਤੁਸਾਂ ਉਸਦੀ ਖੁਸ਼ਬਖਤੀ 'ਤੇ ਹੂੰਝਾ ਫੇਰ ਦਿੱਤਾ। ਉਸ ਦੀਆਂ ਦੁਖਦੀਆਂ ਰਗਾਂ ਤੇ ਕਲੇਜੇ ਦੀਆਂ ਚੀਕਾਂ ਨੂੰ ਵੇਲੇ ਨੇ ਚੁੱਪ ਵਿਚ ਵਲ੍ਹੇਟ ਲਿਆ। ਅਸਾਂ ਦੋਹਾਂ ਯਾਰੀ ਦੀ ਪੱਗ ਵਟਾਈ ਸੀ ਪਰ ਮੈਂ ਵੀ ਕੁਝ ਨਹੀਂ ਕਰ ਸਕਿਆ। ਉਹ ਬਦਨਾਮੀ ਦੇ ਖ਼ੂਹ ਵਿਚ ਡੁੱਬ ਗਿਆ। ਉਹਨੇ ਜ਼ਿੰਦਗੀ ਨੂੰ ਮੌਤ ਦਾ ਫਾਹਾ ਲਾ ਲਿਆ। ਹਵੇਲੀ ਵੀਰਾਨ ਤੇ ਮੇਰੀ ਮਾਂ ਨਿਮੂੰਝਾਣ ਹੋ ਗਈ। ਉਸ ਦੀ ਇਕ ਅੱਖ ਰੋਂਦੀ ਤੇ ਇਕ ਅੱਖ ਸੌਂਦੀ ਏ। ਉਸ ਦੀ ਦੁਨੀਆਂ ਖ਼ਤਮ ਹੋ ਗਈ ਏ। ਉਹ ਕਦੇ ਚੌਧਰੀ ਨੂੰ ਤੇ ਕਦੇ ਤੈਨੂੰ ਯਾਦ ਕਰਕੇ ਰੋਂਦੀ ਰਹਿੰਦੀ ਏ।"

ਸਰਦਾਰ ਉੱਤਮ ਸਿੰਘ ਦੀਆਂ ਗੱਲਾਂ ਸੁਣ ਕੇ ਸਾਬਰੀ ਹੌਕੇ ਭਰਦੀ ਰਹੀ, ਹਾੜੇ ਮਾਰਦੀ ਰਹੀ। ਜਦ ਉਹ ਥੱਕ ਗਈ ਤਾਂ ਚਾਚੇ ਉੱਤਮ ਸਿੰਘ ਨੂੰ ਕਹਿਣ ਲੱਗੀ, "ਚਾਚਾ! ਜੇ ਸਾਨੂੰ ਅੱਬਾ ਜੀ ਦੀ ਫੌਤਗੀ ਦਾ ਪਤਾ ਚੱਲਦਾ ਤਾਂ ਅਸੀਂ ਜ਼ਰੂਰ ਘਰ ਆ ਜਾਂਦੇ। ਘੱਟੋ-ਘੱਟ ਅੱਬਾ ਜੀ ਦੀ ਕਬਰ 'ਤੇ ਇਕ ਬੁੱਕ ਮਿੱਟੀ ਹੀ ਪਾਂਵਦੇ। ਫਾਤਹਿ ਪੜ੍ਹਦੇ। ਅੰਮੀ ਦੇ ਦੁਖ ਦੇ ਭਾਈਵਾਲ ਬਣ ਜਾਂਦੇ। ਪਰ ਸਾਨੂੰ ਕਿੰਜ ਪਤਾ ਚੱਲਦਾ। ਅਸਾਂ ਕਿਹੜਾ ਕਿਸੇ ਨੂੰ ਆਪਣਾ ਥਾਂ-ਥੱਥਾ ਦੱਸਿਆ ਸੀ। ਮੈਂ ਤਾਂ ਸਜਾਵਲ ਲਈ ਆਪਣੇ ਵਜੂਦ ਨੂੰ ਮਾਪਿਆਂ ਦੇ ਵਜੂਦ ਤੋਂ ਵੱਖ ਕਰ ਲਿਆ ਸੀ ਪਰ ਉਹ ਆਪਣੇ ਜਿਗਰ ਦੇ ਟੁਕੜੇ ਨੂੰ ਆਪਣੇ ਵਜੂਦ ਤੋਂ ਵੱਖ ਨਹੀਂ ਸਨ ਕਰ ਸਕੇ ਅਤੇ ਵਿਛੋੜੇ ਦੀ ਅੱਗ ਵਿਚ ਸੜ ਬਲ ਗਏ। ਚਾਚਾ! ਤੇਰੀ ਖ਼ੈਰ ਹੋਵੇ। ਤੇਰੀ ਪੱਗ ਦਾ ਸ਼ਮਲਾ ਉੱਚਾ ਰਹੇ। ਮੈਨੂੰ ਮੇਰੀ ਮਾਂ ਕੋਲ ਲੈ ਚੱਲ। ਮੇਰੀ ਬੇਵੱਸ ਮਾਂ ਇਕੱਲੀ ਰਹਿ ਗਈ ਏ। ਉਸ ਦੇ ਦੁੱਖ ਵੰਡਾਣ ਵਾਲਾ ਉਥੇ ਕੋਈ ਨਹੀਂ। ਮੈਂ ਕੁਝ ਦਿਨ ਉਸ ਕੋਲ ਰਹਿ ਕੇ ਆਵਾਂਗੀ ਤੇ ਹੋ ਸਕਿਆ ਤਾਂ ਉਹਨੂੰ ਨਾਲ ਵੀ ਲੈ ਪਰਤਾਂਗੀ। ਉਹਦਾ ਉਥੇ ਹੁਣ ਕੌਣ ਏ। ਚਾਚਾ! ਮੈਂ ਤੇਰੀ ਵੀ ਧੀ ਹਾਂ। ਮੇਰੀ ਰੂਹ ਤੜਫ਼ ਰਹੀ ਏ। ਮੈਨੂੰ ਆਪਣੇ ਨਾਲ ਪਿੰਡ ਲੈ ਚੱਲ।" ਫਿਰ ਉਹਨੇ ਮੇਰੇ ਵੱਲ ਮੂੰਹ ਕੀਤਾ ਤੇ ਕਹਿਣ ਲੱਗੀ।

"ਸਜਾਵਲ ਕੀ ਅਸੀਂ ਆਪਣੇ ਪਿੰਡ ਵਾਪਸ ਨਹੀਂ ਜਾ ਸਕਦੇ। ਕੀ ਅਸੀਂ ਆਪਣੇ ਘਰ ਨਹੀਂ ਰਹਿ ਸਕਦੇ। ਉਥੇ ਰਹਿ ਕੇ ਅਸੀਂ ਅੰਮੀ ਦੀ ਸੇਵਾ ਕਰਾਂਗੇ। ਅੱਬੂ ਦੇ ਕੰਮਕਾਜ ਸੰਭਾਲਾਂਗੇ।" ਮੈਂ ਸਾਬਰੀ ਨੂੰ ਸਮਝਾਇਆ ਕਿ ਰੱਬ ਦੀ ਮਿਹਰ ਨਾਲ ਸਾਡਾ ਏਥੇ ਕਾਰੋਬਾਰ ਵਧੀਆ ਚੱਲ ਰਿਹਾ ਏ। ਬੱਚੇ ਵੀ ਚੰਗੇ ਸਕੂਲ ਵਿਚ ਪੜ੍ਹਨ ਲੱਗ ਪਏ ਨੇ। ਇਸ ਲਈ ਆਪਣੇ ਬੱਚਿਆਂ ਦੀ ਬੇਹਤਰੀ ਲਈ ਅਸੀਂ ਇੱਥੇ ਹੀ ਰਹਾਂਗੇ। ਰੁਝੇਵਿਆਂ ਕਾਰਨ ਮੈਂ ਆਪ ਨਾ ਗਿਆ

ਪਰ ਸਾਬਰੀ ਨੂੰ ਚੌਧਰੀ ਦੀ ਕਬਰ 'ਤੇ ਫਾਤਹਿ ਕਹਿਣ ਤੇ ਮਾਂ ਨਾਲ ਕੁਝ ਦਿਨ ਰਹਿਣ ਵਾਸਤੇ ਜਾਣ ਦੀ ਇਜਾਜ਼ਤ ਦੇ ਦਿੱਤੀ। ਮੈਂ ਚਾਚੇ ਉੱਤਮ ਸਿੰਘ ਨੂੰ ਹੱਥ ਜੋੜ ਕੇ ਇਕੋ ਗੱਲ ਕਹੀ ਸੀ ਕਿ ਸਾਬਰੀ ਨੂੰ ਸਿਰਫ਼ ਤੇਰੇ ਭਰੋਸੇ ਘੱਲ ਰਿਹਾਂ। ਵਾਅਦਾ ਕਰ ਕਿ ਤੂੰ ਉਹਨੂੰ ਮੁੜ ਵਾਪਸ ਲੈ ਕੇ ਆਵੇਂਗਾ ਤੇ ਮੇਰਾ ਮਾਣ ਨਹੀਂ ਤੋੜੇਂਗਾ। ਉਹਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਮੈਨੂੰ ਯਕੀਨ ਦਿਲਾਇਆ ਸੀ ਤੇ ਕਿਹਾ ਸੀ—

"ਪੁੱਤਰ! ਮੈਂ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਸਹੁੰ ਖਾ ਕੇ ਕਹਿੰਦਾ ਹਾਂ ਕਿ ਸਾਬਰੀ ਨੂੰ ਮਾਂ ਨਾਲ ਮਿਲਾਕੇ ਮੁੜ ਵਾਪਸ ਲੈ ਕੇ ਆਵਾਂਗਾ ਤੇ ਤੇਰੀ ਅਮਾਨਤ ਤੇਰੇ ਹਵਾਲੇ ਕਰਾਂਗਾ। ਇਹ ਇਕ ਸਿੱਖ ਦੀ ਜ਼ਬਾਨ ਹੈ ਤੇ ਸਿੱਖ ਕਦੇ ਆਪਣੀ ਜ਼ਬਾਨ ਤੋਂ ਮੁੜਦਾ ਨਹੀਂ।" ਇੰਜ ਸਾਬਰੀ ਚਾਚੇ ਉੱਤਮ ਸਿੰਘ ਨਾਲ ਆਪਣੇ ਪਿੰਡ ਚਲੀ ਗਈ। ਸਾਂਵਲ ਤੇ ਨਫੀਸਾ ਮੇਰੇ ਕੋਲ ਹੀ ਰਹੇ। ਸਾਬਰੀ ਦੇ ਜਾਣ ਦੇ ਕੁਝ ਦਿਨ ਮਗਰੋਂ ਦੇਸ਼ ਦੀ ਵੰਡ ਹੋ ਗਈ। ਕਬਾਇਲੀ ਹਮਲਾ ਹੋਇਆ। ਭਾਰਤੀ ਫ਼ੌਜਾਂ ਰਿਆਸਤ ਅੰਦਰ ਦਾਖਲ ਹੋਈਆਂ, ਕਬਾਇਲੀਆਂ ਨੂੰ ਖਦੇੜਣ ਲਈ। ਸਿੱਟਾ ਇਹ ਨਿਕਲਿਆ ਕਿ ਭਾਰਤ ਦੇ ਨਾਲ-ਨਾਲ ਜੰਮੂ ਤੇ ਕਸ਼ਮੀਰ ਦੀ ਵੀ ਵੰਡ ਹੋ ਗਈ। ਸਾਬਰੀ ਕੋਟ ਭਾਈਆਂ ਵਿਚ ਰਹਿ ਗਈ ਤੇ ਉਸ ਦਾ ਸਜਾਵਲ ਰਾਜੌਰੀ ਵਿਚ। ਉਸ ਦੇ ਜਾਣ ਮਗਰੋਂ ਮੈਂ ਵਿਛੋੜੇ ਦੇ ਤਾਪ ਵਿਚ ਤਪਦਾ ਰਿਹਾ ਪਰ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਦਾ ਰਿਹਾ। ਮੈਂ ਬੜੀ ਮਿਹਨਤ ਕੀਤੀ। ਸਾਂਵਲ ਤੇ ਨਫੀਸਾ ਨੂੰ ਪੜ੍ਹਾਇਆ ਤੇ ਰਾਜੌਰੀ ਵਿਚ ਆਟੇ ਦੀ ਇਕ ਵੱਡੀ ਮਿੱਲ ਲਾਈ। ਨਫੀਸਾ ਦਾ ਵਿਆਹ ਇਕ ਸੌਖੇ ਘਰ ਵਿਚ ਕਰਾਇਆ। ਸਾਂਵਲ ਵੀ ਬੱਚਿਆਂ ਵਾਲਾ ਹੈ। ਉਹ ਅੱਜਕਲ੍ਹ ਮਿੱਲ ਦਾ ਸਾਰਾ ਕੰਮ ਕਾਜ ਸੰਭਾਲਦਾ ਏ। ਦਿਨ ਬੜੇ ਸੌਖੇ ਲੰਘ ਰਹੇ ਨੇ ਪਰ ਮੇਰੀ ਰੂਹ ਬੇਚੈਨ ਏ। ਉਹ ਸਾਬਰੀ ਨੂੰ ਮਿਲਣ ਲਈ ਤੜਫ ਰਹੀ ਏ। ਜੀਵਨ ਦਾ ਕੀ ਭਰੋਸਾ ਕੀ ਪਤਾ, ਕਦ ਰੂਹ ਸਰੀਰ ਨੂੰ ਛੱਡ ਦੇਵੇ। ਇਸ ਲਈ ਪੁੱਤਰਾ! ਮੈਂ ਤੇਰੇ ਕੋਲ ਆਇਆ ਹਾਂ ਕਿ ਤੂੰ ਮੇਰੀ ਸਾਬਰੀ ਦਾ ਪਤਾ ਲਗਾ ਕੇ ਕਿ ਉਹ ਜ਼ਿੰਦਾ ਵੀ ਹੈ ਕਿ ਮਰ ਗਈ। ਜੇ ਹਯਾਤ ਹੈ ਤਾਂ ਕੀ ਆਪਣੇ ਘਰ ਵਿਚ ਹੀ ਰਹਿ ਰਹੀ ਹੈ ਜਾਂ ਕਿਤੇ ਹੋਰ। ਮੈਂ ਪੁੱਤਰਾ! ਮਰਨ ਤੋਂ ਪਹਿਲਾਂ ਸਾਬਰੀ ਦਾ ਮੂੰਹ ਵੇਖਣਾ ਚਾਹਨਾਂ ਵਾਂ। ਏਸ ਲਈ ਮੇਰੀ ਮਦਦ ਕਰ।"

ਬਾਬੇ ਦੀ ਕਹਾਣੀ ਸੁਣ ਕੇ ਮੈਂ ਬੜਾ ਦੁਖੀ ਹੋਇਆ ਤੇ ਉਹਨੂੰ ਯਕੀਨ ਦਿਲਾਇਆ ਕਿ ਮੁਜ਼ੱਫਰਾਬਾਦ ਪੁੱਜਣ ਸਾਰ ਹੀ ਸਭ ਤੋਂ ਪਹਿਲਾਂ ਮੈਂ ਬੇਬੇ ਸਾਬਰੀ ਦਾ ਪਤਾ ਲਾਵਾਂਗਾ। ਉਹਨੂੰ ਆਪ ਮਿਲਕੇ ਤੇਰੇ ਬਾਰੇ ਸਾਰੀਆਂ ਗੱਲਾਂ ਸੁਣਾਵਾਂਗਾ ਅਤੇ ਵਾਪਸੀ 'ਤੇ ਇੰਸ਼ਾ ਅੱਲਾ ਤੈਨੂੰ ਸਭ ਕੁਝ ਦੱਸਾਂਗਾ। ਬਾਬਾ ਮੈਨੂੰ ਦੁਆਵਾਂ ਦਿੰਦਾ ਚਲਾ ਗਿਆ। ਮੈਂ ਸੋਚਣ ਲੱਗਾ ਕਿ ਦੇਸ਼ ਦੀ ਵੰਡ ਕਾਰਨ ਲੱਖਾਂ ਹਜ਼ਾਰਾਂ ਬੰਦੇ ਇੰਜ ਹੀ ਉਜੜੇ ਨੇ ਤੇ ਰੁਲ-ਖੁਲ ਗਏ ਨੇ। ਮੈਂ ਮਨ ਹੀ ਮਨ ਵਿਚ ਵੰਡ ਦੇ ਜ਼ਿੰਮੇਵਾਰ ਮਜ਼ਹਬੀ ਜਨੂੰਨੀਆਂ ਤੇ ਸਿਆਸਤਦਾਨਾਂ ਨੂੰ ਫਿਟਕਾਰ ਰੋੜਦਾ ਰਿਹਾ। ਸਾਰੀ ਰਾਤ ਗਹਿਮਾ-ਗਹਿਮੀ ਰਹੀ। ਯਾਰ ਬੇਲੀ ਤੇ ਰਿਸ਼ਤੇਦਾਰ ਆਉਂਦੇ-ਜਾਂਦੇ ਰਹੇ। ਚਾਹ-ਕਾਹਵਾ ਚੱਲਦਾ ਰਿਹਾ। ਸਵੇਰੇ ਸਵੱਖਤੇ ਅਸੀਂ ਦੋਵੇਂ ਸ਼੍ਰੀਨਗਰ ਰਵਾਨਾ ਹੋ ਗਏ ਅਤੇ ਸ਼ਾਮੀ ਸ਼੍ਰੀਨਗਰ ਪਹੁੰਚ ਗਏ। ਰਾਤ ਆਪਣੇ ਬੇਲੀ ਤਾਜ ਦੇ ਘਰ ਗੁਜ਼ਾਰੀ ਜਿਹੜਾ ਸਕਿਉਰਟੀ ਜ਼ੋਨ ਵਿਚ ਸੀ। 7 ਅਪ੍ਰੈਲ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਤੇ ਉਨ੍ਹਾਂ ਨਾਲ ਆਏ ਕੁਝ ਕੇਂਦਰੀ ਮੰਤਰੀਆਂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਨੇ ਪੋਲੋ ਗਰਾਊਂਡ ਵਿਖੇ ਇਸ ਇਤਿਹਾਸਕ ਸਫ਼ਰ



'ਤੇ ਜਾਣ ਵਾਲਿਆਂ ਨੂੰ ਰਵਾਨਾ ਕੀਤਾ। ਦੁਪਹਿਰ ਦੀ ਰੋਟੀ ਉੜੀ ਸਲਾਮਾਬਾਦ 'ਚ ਖਾਧੀ ਤੇ ਫਿਰ ਕਾਰਵਾਂ ਅਮਨ ਦੀ ਬੱਸ ਕਮਾਨ ਪੁਲ ਵੱਲ ਚੱਲ ਪਈ। ਕਸਟਮ ਵਾਲਿਆਂ ਸਾਡੇ ਸਾਰਿਆਂ ਦੇ ਪਰਮਟ ਚੈੱਕ ਕੀਤੇ। ਸ਼ਨਾਖ਼ਤੀ ਕਾਰਡ ਵੇਖੇ। ਸਾਮਾਨ ਦੀ ਤਲਾਸ਼ੀ ਲਈ ਤੇ ਸਾਨੂੰ ਚਕੋਟੀ ਜਾਣ ਦੀ ਇਜਾਜ਼ਤ ਦੇ ਦਿੱਤੀ। ਕਮਾਨ ਪੁਲ ਦੇ ਦੂਜੇ ਪਾਸੇ ਪਾਕ ਫ਼ੌਜ ਦੇ ਅਫ਼ਸਰ ਤੇ ਜਵਾਨਾਂ ਨਾਲ ਮੁਜ਼ੱਫ਼ਰਾਬਾਦ ਡਿਵੀਜ਼ਨ ਦੇ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਸਾਡੇ ਸਵਾਗਤ ਲਈ ਖੜ੍ਹੇ ਸਨ। ਚਕੌਟੀ ਵਿਚ ਪਾਕਿਸਤਾਨੀ ਪ੍ਰਸ਼ਾਸਨ ਵਾਲੇ ਕਸ਼ਮੀਰ ਦੇ ਪ੍ਰਧਾਨ ਮੰਤਰੀ ਤੇ ਦੂਜੇ ਮੰਤਰੀਆਂ ਸਾਡਾ ਸਵਾਗਤ ਕੀਤਾ। ਅਸੀਂ ਮੁਜ਼ੱਫਰਾਬਾਦ ਸ਼ਾਮ ਨੂੰ ਅੱਪੜੇ ਅਤੇ ਦੂਜੇ ਦਿਨ ਆਪਣੇ ਰਿਸ਼ਤੇਦਾਰਾਂ ਨਾਲ ਵੱਖ-ਵੱਖ ਥਾਵਾਂ ਲਈ ਟੁਰ ਪਏ। ਸਾਨੂੰ ਵੀ ਲੈਣ ਲਈ ਮੀਰਪੁਰ ਤੋਂ ਆਸ਼ਕ ਭਾਈ ਆਇਆ ਸੀ। ਦੋ ਦਿਨ ਮੀਰਪੁਰ ਰਹਿਣ ਮਗਰੋਂ ਮੈਂ ਕੋਟ ਭਾਈਆਂ ਚਲਾ ਗਿਆ। ਪਤਾ ਪੁੱਛਦੇ-ਪੁੱਛਦੇ ਮੈਂ ਚੌਧਰੀ ਸਰਾਜ ਦੇ ਘਰ ਪੁੱਜ ਗਿਆ ਤੇ ਬੇਬੇ ਸਾਬਰੀ ਨੂੰ ਮਿਲਿਆ। ਉਹਨੂੰ ਮਿਲਕੇ ਮੈਂ ਬਹੁਤ ਖ਼ੁਸ਼ ਹੋਇਆ। ਉਸਦੀ ਆਵਾਜ਼ ਵਿਚ ਦਰਦ ਸੀ ਤੇ ਅੱਖਾਂ ਵਿਚ ਘੋਰ ਉਦਾਸੀ। ਉਸ ਨਾਲ ਢੇਰ ਸਾਰੀਆਂ ਗੱਲਾਂ ਕੀਤੀਆਂ। ਸਜਾਵਲ ਬਾਰੇ, ਸਾਂਵਲ ਬਾਰੇ ਤੇ ਨਫ਼ੀਸਾ ਬਾਰੇ ਸਹੀ ਜਾਣਕਾਰੀ ਦਿੱਤੀ। ਅਤੇ ਦੱਸਿਆ ਬਈ ਸਜਾਵਲ ਦੀਆਂ ਅੱਖਾਂ ਵਿਚ ਸਾਬਰੀ ਨੂੰ ਮਿਲਣ ਦੀ ਤੜਫ਼ ਹਾਲੀ ਵੀ ਸੱਜਰੀ ਏ। ਬੇਬੇ ਸਾਬਰੀ ਇਹ ਸਭ ਸੁਣ ਕੇ ਧਾਹੀਂ ਮਾਰ-ਮਾਰ ਕੇ ਰੋਣ ਲੱਗੀ ਤੇ ਕਹਿਣ ਲੱਗੀ—

"ਸਜਾਵਲ ਨੇ ਤਾਂ ਆਪਣੇ ਦੁਖ-ਸੁਨੇਹੇ ਸੁਣਾ ਦਿੱਤੇ ਪਰ ਮੇਰੇ ਦਰਦ-ਵਿਛੋੜਿਆਂ ਦਾ ਉਹਨੂੰ ਕਿੰਜ ਪਤਾ ਚੱਲਦਾ। ਮੈਂ ਬੜੇ ਯਤਨ ਕੀਤੇ ਕਿ ਕਿਸੇ ਤਰ੍ਹਾਂ ਸਜਾਵਲ ਕੋਲ ਜਾ ਸਕਾਂ ਪਰ ਸਰਹੱਦਾਂ ਦੀ ਕੰਡਿਆਲੀ ਤਾਰ ਨੇ ਮੇਰੀ ਆਤਮਾ ਨੂੰ ਲਹੂ-ਲੁਹਾਨ ਕਰ ਦਿੱਤਾ। ਫਿਰ ਵੀ ਰੱਬ ਸੱਚੇ ਮੇਰੀ ਹਾਲਤ 'ਤੇ ਤਰਸ ਨਹੀਂ ਆਇਆ।" ਬੇਬੇ ਸਾਬਰੀ ਨੇ ਮੇਰੇ ਸਾਹਮਣੇ ਦੁੱਧ ਦਾ ਗਲਾਸ ਰੱਖਿਆ ਤੇ ਫਿਰ ਆਪਣੀ ਹੱਡਬੀਤੀ ਸੁਨਾਣ ਲੱਗੀ।

"ਚਾਚੇ ਉੱਤਮ ਸਿੰਘ ਨਾਲ ਜਦੋਂ ਮੈਂ ਆਪਣੀਆਂ ਪਿੰਡ ਅੱਪੜੀ ਤਾਂ ਦੋਵੇਂ ਮਾਵਾਂ-ਧੀਆਂ ਆਪਣੇ ਦੁੱਖ-ਫਰੋਲੇ ਤੇ ਰੱਜ ਕੇ ਨੀਰ ਸਮੁੰਦਰ ਰੋਏ। ਮਾਂ ਨੇ ਮੈਨੂੰ ਕੋਸਿਆ ਤੇ ਕਿਹਾ, "ਸਾਡੀ ਸਿਰਫ਼ ਕਹਾਣੀ ਰਹਿ ਗਈ। ਕੱਲੀ ਜਿੰਦ ਨਿਮਾਣੀ ਰਹਿ ਗਈ। ਤੇਰੀ ਦੀਦ ਨੂੰ ਮੇਰੇ ਨੈਣ ਸਵਾਈ ਹੋ ਗਏ। ਆਹਾਂ ਦੇ ਭਾਂਡੇ ਖਾਲੀ ਹੋ ਗਏ। ਤੈਨੂੰ ਯਾਦ ਕਰ ਕਰਕੇ ਅੱਥਰੂ ਡੁੱਲ੍ਹ ਪੈਂਦੇ ਤੇ ਕੱਖਾਂ ਵਿਚ ਰੁਲ ਪੈਂਦੇ। ਮੇਰੇ ਦੁੱਖਾਂ ਦੀ ਬੇੜੀ ਦਰਦ ਦੀਆਂ ਛੱਲਾਂ ਨਾਲ ਖਹਿੰਦੀ ਰਹਿੰਦੀ। ਡੰਗਰ ਵੀ ਆਪਣੇ ਘਰ ਨੂੰ ਨਹੀਂ ਭੁੱਲਦੇ ਪਰ ਤੂੰ ਸਭ ਕੁਝ ਭੁੱਲ ਗਈ। ਮਾਪੇ, ਘਰ, ਪਿੰਡ ਸਭ ਕੁਝ। ਤੇਰੇ ਬਗ਼ੈਰ ਸੁੰਝੀ ਹਵੇਲੀ 'ਚ ਹਾਸੇ ਰੁੱਸ ਗਏ। ਫਿਰ ਹੰਝੂ ਮੁੱਕ ਗਏ ਤੇ ਹੌਕੇ ਸੁੱਕ ਗਏ। ਕਿਉਂ ਜੋ ਹਿਜਰ ਵਿਛੋੜੇ ਦੇ ਜ਼ਖ਼ਮਾਂ ਲਈ ਵੇਲਾ ਸਭ ਤੋਂ ਵੱਡੀ ਮਰਹਮ ਹੁੰਦਾ ਏ।"

ਫਿਰ ਉਸਨੇ ਮੈਨੂੰ ਗਲਵਕੜੀ ਪਾ ਲਈ ਤੇ ਮੈਨੂੰ ਚੁੰਮਣ ਲੱਗੀ। ਬੇਚੈਨ ਰੂਹਾਂ ਨੂੰ ਸਕੂਨ ਮਿਲਿਆ। ਦਿਲਾਂ ਦੀ ਪਿਆਸ ਬੁਝੀ। ਕਾਲਜੇ ਵਿਚ ਠੰਡ ਪਈ। ਤੇ ਫਿਰ ਮੈਂ ਬੇਬੇ ਨੂੰ ਸਜਾਵਲ, ਸਾਂਵਲ ਤੇ ਨਫੀਸਾ ਬਾਰੇ ਦੱਸਿਆ ਅਤੇ ਉਸਨੂੰ ਯਕੀਨ ਦਿਲਾਇਆ ਕਿ ਅਸੀਂ ਸਭੇ ਰਾਜੌਰੀ ਵਿਚ ਸੁਖੀ ਜੀਵਨ ਗੁਜ਼ਾਰ ਰਹੇ ਹਾਂ ਅਤੇ ਕਿਸੇ ਗੱਲ ਦੀ ਮੁਹਤਾਜੀ ਨਹੀਂ ਹੈ। ਸਭ ਕੁਝ ਦਾਤੇ ਦਾ ਦਿੱਤਾ ਮੌਜੂਦ ਹੈ। ਸਜਾਵਲ ਮੈਨੂੰ ਤੇ ਬੱਚਿਆਂ ਨੂੰ ਅੱਤ ਦਾ ਪਿਆਰ ਕਰਦਾ ਹੈ ਅਤੇ ਘਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਸਾਰੇ ਸ਼ਰੀਕ ਤੇ ਰਿਸ਼ਤੇਦਾਰ ਅਤੇ

ਪਿੰਡ ਵਾਲੇ ਵੀ ਮੈਨੂੰ ਮਿਲਣ ਆਏ। ਕੁਝ ਪਤਾ ਨਹੀਂ ਚੱਲਿਆ ਬਈ ਦਸ-ਬਾਰਾਂ ਦਿਨ ਕਿੰਜ ਲੰਘ ਗਏ। ਇਕ ਦਿਨ ਚਾਚਾ ਉੱਤਮ ਸਿੰਘ ਸਾਡੇ ਘਰ ਆਇਆ ਤੇ ਕਹਿਣ ਲੱਗਾ ਕਿ ਕਬਾਇਲੀ ਜੱਥੇ ਰਿਆਸਤ ਵਿਚ ਦਾਖ਼ਲ ਹੋ ਗਏ ਨੇ ਤੇ ਰਿਆਸਤੀ ਫ਼ੌਜਾਂ ਭੱਜ ਗਈਆਂ ਨੇ। ਮਹਾਰਾਜਾ ਜੰਮੂ ਚਲਾ ਗਿਆ ਏ ਤੇ ਕਬਾਇਲੀਆਂ ਕਹਿਰ ਮਚਾਇਆ ਹੋਇਆ। ਉਹ ਲੋਕਾਈ ਨੂੰ ਕਤਲ ਕਰ ਰਹੇ ਨੇ ਅਤੇ ਉਨ੍ਹਾਂ ਲੁੱਟਮਾਰ ਮਚਾਈ ਹੋਈ ਏ। ਦੋ-ਚਾਰ ਦਿਨਾਂ ਮਗਰੋਂ ਚਾਚਾ ਉੱਤਮ ਸਿੰਘ ਫਿਰ ਆਇਆ ਤੇ ਕਹਿਣ ਲੱਗਾ ਕਿ ਮਹਾਰਾਜੇ ਨੇ ਹਿੰਦੁਸਤਾਨ ਨਾਲ ਅਲਹਾਕ ਕੀਤਾ ਹੈ ਅਤੇ ਭਾਰਤੀ ਫ਼ੌਜਾਂ ਕਬਾਇਲੀਆਂ ਨੂੰ ਬਾਹਰ ਕੱਢਣ ਲਈ ਰਿਆਸਤ ਅੰਦਰ ਦਾਖ਼ਲ ਹੋ ਗਈਆਂ ਨੇ। ਜ਼ੋਰਦਾਰ ਯੁੱਧ ਚੱਲ ਰਿਹਾ ਏ। ਉਸ ਨੇ ਮੈਨੂੰ ਤਿਆਰ ਹੋਣ ਲਈ ਕਿਹਾ ਤਾਂ ਜੋ ਉਹ ਸਜਾਵਲ ਦੀ ਅਮਾਨਤ ਨੂੰ ਉਸ ਤੀਕਰ ਪੁਚਾ ਸਕੇ ਅਤੇ ਆਪਣਾ ਬਚਨ ਨਿਭਾ ਸਕੇ। ਉਸਨੇ ਦੱਸਿਆ—

"ਇਹ ਸਭ ਭਾਰਤ ਦੀ ਵੰਡ ਅਤੇ ਪਾਕਿਸਤਾਨ ਨਾਂ ਦਾ ਇਕ ਨਵਾਂ ਦੇਸ਼ ਬਣਨ ਕਾਰਨ ਹੋਇਆ ਹੈ। ਫਿਰਕੂ ਫਸਾਦ ਹੋ ਰਹੇ ਨੇ ਅਤੇ ਇਨਸਾਨ, ਹਿੰਦੂ, ਮੁਸਲਮਾਨ ਤੇ ਸਿੱਖ ਦੇ ਨਾਂ 'ਤੇ ਥਾਂ-ਥਾਂ ਮਾਰੇ ਜਾ ਰਹੇ ਹਨ। ਫਿਰਕੂ ਅੱਗ ਦਾ ਸੇਕ ਇੱਧਰ ਵੀ ਵੱਧ ਰਿਹਾ ਹੈ। ਇਥੇ ਕੀ ਬਣੇਗਾ? ਇਸ ਲਈ ਭਲਕੇ ਤਿਆਰ ਰਹੀਂ। ਅਸੀਂ ਰਾਜੌਰੀ ਚੱਲਾਂਗੇ।"

ਮੈਂ ਬੇਬੇ ਨੂੰ ਨਾਲ ਚੱਲਣ ਲਈ ਬਥੇਰਾ ਜ਼ੋਰ ਪਾਇਆ ਪਰ ਉਹ ਨਾ ਮੰਨੀ ਤੇ ਆਪਣਾ ਘਰ ਛੱਡਣ ਲਈ ਤਿਆਰ ਨਾ ਹੋਈ। ਦੂਜੀ ਸਵੇਰੇ ਪਹੁ ਫੁੱਟਦੇ ਹੀ ਚਾਚਾ ਉੱਤਮ ਸਿੰਘ ਘੋੜੇ ਲੈ ਕੇ ਆ ਗਿਆ। ਬੇਬੇ ਨੇ ਰੋਂਦਿਆਂ ਵਿਦਾ ਕੀਤਾ। ਮੇਰੀਆਂ ਅੱਖਾਂ ਵਿਚ ਵੀ ਸੈਲਾਬ ਸੀ। ਅਸੀਂ ਮਦਾਰਪੁਰ ਦੇ ਰਸਤੇ ਬਨੋਟੀ ਅੱਪੜੇ। ਉਥੇ ਰਾਤ ਗੁਜ਼ਾਰੀ। ਦੂਜੇ ਦਿਨ ਲੋਏ-ਲੋਏ ਅਸੀਂ ਉਥੋਂ ਤੁਰ ਪਏ। ਹਾਲੀਂ ਮੇਂਡਰ ਦੇ ਨੇੜੇ ਸਖੀ ਮੈਦਾਨ ਪੁੱਜੇ ਹੀ ਸਾਂ ਕਿ ਪਠਾਨ ਬਲਵਾਈਆਂ ਸਾਨੂੰ ਘੇਰ ਲਿਆ। ਇਕ ਬਲਵਾਈ ਜਦ ਮੇਰੇ ਵੱਲ ਵਧਿਆ ਤਾਂ ਚਾਚੇ ਉੱਤਮ ਸਿੰਘ ਨੇ ਉਹਨੂੰ ਲਲਕਾਰਿਆ ਤੇ ਤਲਵਾਰ ਕੱਢ ਲਈ ਪਰ ਬਲਵਈਆਂ ਕੋਲ ਬੰਦੂਕਾਂ ਸਨ। ਚਾਚੇ ਨੇ ਬੜੀ ਦਲੇਰੀ ਨਾਲ ਮੁਕਾਬਲਾ ਕੀਤਾ ਪਰ ਤਲਵਾਰ ਬੰਦੂਕ ਦਾ ਮੁਕਾਬਲਾ ਨਹੀਂ ਕਰ ਸਕੀ। ਚਾਚਾ ਉੱਤਮ ਸਿੰਘ ਸ਼ਹੀਦ ਹੋ ਗਿਆ। ਮੇਰੀ ਲੱਜ ਬਚਾਉਂਦਿਆਂ ਤੇ ਕੀਤਾ ਬਚਨ ਨਿਭਾਉਂਦਿਆਂ। ਇੱਜ਼ਤ ਤੇ ਸ਼ਰਾਫ਼ਤ ਦਾ ਥੰਮ ਢਹਿ ਗਿਆ। ਬਲਵਈਆਂ ਮੈਨੂੰ ਅਗਵਾ ਕਰ ਲਿਆ ਤੇ ਮਾਲ ਗਨੀਮਤ ਦੀ ਵੰਡ ਵਿਚ ਮੈਨੂੰ ਕਰਾਮਾਤ ਖ਼ਾਨ ਦੇ ਹਵਾਲੇ ਕਰ ਦਿੱਤਾ। ਉਹ ਮੈਨੂੰ ਭਾਗਾਂ ਸੜੀ ਨੂੰ ਜ਼ਬਰਦਸਤੀ ਆਪਣੇ ਇਲਾਕੇ ਬਾਲਾਕੋਟ ਲੈ ਗਿਆ। ਮੈਂ ਉਸਨੂੰ ਆਪਣੀ ਜ਼ਿੰਦਗੀ ਦਾ ਸੱਚ ਸੁਣਾਇਆ ਪਰ ਉਸ ਨੂੰ ਰਹਿਮ ਨਹੀਂ ਆਇਆ। ਮੇਰਾ ਦਰਦ ਸਵਾਇਆ ਹੋ ਗਿਆ ਪਰ ਮੈਂ ਕੁਝ ਨਾ ਕਰ ਸਕੀ, ਸਿਰਫ਼ ਆਪਣੀ ਤਕਦੀਰ ਨੂੰ ਬਦ-ਦੁਆਵਾਂ ਦਿੰਦੀ ਰਹੀ। ਮੈਂ ਬੇਬਸ ਹੋ ਗਈ। ਮੈਂ ਜਾਣਦੀ ਸਾਂ ਕਿ ਭੇਡ ਜਿੱਥੇ ਵੀ ਜਾਸੀ ਕੁਤਰੀ ਜਾਸੀ। ਸੋ ਕਰਾਮਾਤ ਭੇਡ ਦੀ ਉਨ ਕੁਤਰਨ ਲੱਗਾ। ਉਹ ਟੁੱਟ ਪੈਣਾ ਬੜਾ ਜ਼ਾਲਿਮ ਸੀ, ਉਸਨੇ ਮੈਨੂੰ ਦੋ ਵਰ੍ਹਿਆਂ ਤੀਕਰ ਗ਼ੁਲਾਮ ਗਰਦਿਸ਼ ਵਿਚ ਕੈਦ ਰੱਖਿਆ। ਫੇਰ ਮੇਰੇ ਸਬਰ ਨੇ ਉਹਦੇ ਜ਼ੁਲਮ ਉਤੇ ਜਿੱਤ ਪਾ ਲਈ। ਇਕ ਨੇਕ ਸੁਆਣੀ ਦੀ ਸਹਾਇਤਾ ਨਾਲ ਮੈਂ ਉਥੋਂ ਭੱਜ ਨਿਕਲੀ ਤੇ ਆਪਣੇ ਪਿੰਡ ਮਾਂ ਕੋਲ ਆ ਗਈ। ਬੇਬੇ ਮੇਰੇ ਦੁੱਖ ਬਰਦਾਸ਼ਤ ਨਹੀਂ ਕਰ ਸਕੀ, ਉਹ ਹੱਡੀਆਂ ਦੀ ਪਿੰਜਰ ਬਣ ਗਈ। ਉਹ ਖੁਰਦੀ ਗਈ। ਉਹ ਮਰਦੀ ਗਈ ਤੇ ਅਖ਼ੀਰ



ਖ਼ਤਮ ਹੋ ਗਈ। ਮੈਂ 'ਕੱਲੀ ਰਹਿ ਗਈ। ਵੇਲਾ ਪਰ ਲਾ ਕੇ ਉੱਡਣ ਲੱਗਾ ਪਰ ਮੇਰੇ ਅੰਦਰ ਦੇ ਸਮੁੰਦਰ ਵਿਚ ਬੇ-ਸ਼ੁਮਾਰ ਘੁੰਮਣ ਘੇਰੀਆਂ ਸਨ। ਸਜਾਵਲ, ਸਾਂਵਲ ਤੇ ਨਫੀਸਾ ਸਭ ਇਨ੍ਹਾਂ ਘੁੰਮਣਘੇਰੀਆਂ ਵਿਚ ਘੁੰਮਦੇ ਰਹਿੰਦੇ। ਮੈਂ ਕਈ ਵਾਰੀ ਮੌਤ ਨੂੰ ਗਲੇ ਲਾਉਣ ਦਾ ਯਤਨ ਕੀਤਾ ਪਰ ਜ਼ਿੰਦਗੀ ਨੇ ਮੈਨੂੰ ਮਰਨ ਨਹੀਂ ਦਿੱਤਾ। ਮੈਂ ਦੁਆਵਾਂ ਮੰਗਣੀਆਂ ਛੱਡ ਦਿੱਤੀਆਂ ਕਿਉਂ ਜੇ ਦੁਆਵਾਂ ਕਬੂਲ ਹੋਣ ਦੀਆਂ ਸਿਫ਼ਤ ਭੁੱਲ ਚੁਕੀਆਂ ਸਨ। ਪਰ ਪੁੱਤਰਾ ਮੇਰੇ ਹੱਥਾਂ ਤੇ ਵਿਛੋੜੇ ਦੀ ਮਹਿੰਦੀ ਬੜੀ ਗੂੜ੍ਹੀ ਏ, ਇਹ ਹਾਲੇ ਵੀ ਫਿੱਕੀ ਨਹੀਂ ਪਈ ਅਤੇ ਸਜਾਵਲ ਮੇਰੀ ਹਕੀਕਤ ਐ, ਮੇਰੀ ਮੁਹੱਬਤ ਤੇ ਮੇਰੀ ਇਬਾਦਤ, ਮੇਰੇ ਦਿਲ ਨੇ ਸਦਾ ਉਸੇ ਨਾਂ ਦਾ ਹੀ ਸਿਮਰਨ ਕੀਤਾ ਹੈ ਤੇ ਉਦਾਸੀ ਦੇ ਇਸ ਲੰਮੇ ਮੌਸਮ ਵਿਚ ਤੂੰ ਪਹਿਲੀ ਵਾਰੀ ਫੁੱਲਾਂ ਦੀ ਖ਼ੁਸ਼ਬੂ ਵਹਾਣ ਆਇਆ ਐਂ। ਮੇਰੇ ਸੁਫ਼ਨਿਆਂ ਦੀ ਤਾਬੀਰ ਬਣ ਕੇ। ਮੈਂ ਤਾਂ ਖੂਹ ਦੀ ਕੰਧ ਵਿਚ ਉੱਗੇ ਪਿੱਪਲ ਵਾਂਗਣ ਸਾਂ, ਜਿਸ ਦੀ ਕੋਈ ਪੂਜਾ ਨਹੀਂ ਕਰਦਾ। ਜਿਸ ਨੂੰ ਕੋਈ ਧਾਗਾ ਨਹੀਂ ਬੰਨ੍ਹਦਾ। ਮੈਂ ਤਾਂ ਉਹ ਵਿਛੜੀ ਕੂੰਜ ਸਾਂ ਜਿਹੜੀ ਤੇਰੇ ਕਾਰਣ ਮੁੜ ਆਪਣੀ ਡਾਰ ਨਾਲ ਰਲ ਸਕਦੀ ਏ, ਕਹਿੰਦੇ ਨੇ ਕਿ ਜਿਸ ਨੂੰ ਰੱਬ ਤਾਰੇ ਉਸ ਨੂੰ ਕੌਣ ਮਾਰੇ ਅਤੇ ਤੂੰ ਮੇਰੇ ਲਈ ਰੱਬ ਦਾ ਰੂਪ ਬਣ ਕੇ ਆਇਆ ਐਂ, ਇਸ ਲਈ ਮੇਰੀ ਮਦਦ ਕਰ। ਮੈਂ ਸਜਾਵਲ ਨੂੰ ਮਿਲਣਾ ਚਾਹੁੰਦੀ ਹਾਂ। ਸਾਂਵਲ ਤੇ ਨਫੀਸਾ ਨੂੰ ਦੇਖਣਾ ਚਾਹੁੰਦੀ ਹਾਂ। ਪੁੱਤਰ ਹਯਾਤੀ ਕੱਚੇ ਘੜੇ ਵਾਂਗਰ ਬੜੀ ਬੇ-ਇਤਬਾਰੀ ਹੁੰਦੀ ਏ। ਇਸ ਲਈ ਸਾਹਾਂ ਦੀ ਡੋਰ ਟੁੱਟਣ ਤੋਂ ਪਹਿਲਾਂ ਮੈਨੂੰ ਰਾਜੌਰੀ ਲੈ ਚੱਲ।"

ਬੇਬੇ ਸਾਬਰੀ ਦੀ ਹੱਡਬੀਤੀ ਸੁਣ ਕੇ ਮੈਂ ਨਿੰਮੋਝੂਣਾ ਸਾਂ ਤੇ ਸੋਚ ਰਿਹਾ ਸਾਂ ਕਿ ਇਸ ਵੰਡ ਨੇ ਹਰ ਥਾਂ ਡੰਡ ਪਾਈ। ਲੱਖਾਂ ਜਾਨਾਂ ਜਾਇਆ ਹੋਈਆਂ। ਧਰਮ ਤੇ ਜਨੂੰਨ ਦੀ ਰਾਜਨੀਤੀ ਨੇ ਅੱਗ ਤੇ ਖ਼ੂਨ ਦੀ ਹੋਲੀ ਖੇਡੀ। ਕਰੋੜਾਂ ਬੰਦੇ ਇਸ ਸੁਨਾਮੀ ਵਿਚ ਤਬਾਹ ਹੋਏ। ਪਰ ਹਾਸਲ ਕੁਝ ਨਹੀਂ ਹੋਇਆ। ਬਰਬਾਦੀ ਦੇ ਖੰਡਰਾਂ ਨੇ ਸਿਰਫ਼ ਇਤਿਹਾਸ ਬਣਾਇਆ। ਜ਼ਮੀਨ ਆਪਣੀ ਜਗ੍ਹਾ ਕਾਇਮ ਰਹੀ। ਇਹ ਨਹੀਂ ਵੰਡੀ ਜਾ ਸਕੀ। ਸਭਿਆਚਾਰ ਤੇ ਰਹਿਤਲ ਨਹੀਂ ਵੰਡੀਂਦੀ ਪਰ ਧਰਤੀ ਨੂੰ ਵੰਡਣ ਵਾਲੇ ਮਰ ਖਪ ਗਏ। ਖਾਕ ਵਿਚ ਮਿਲ ਗਏ।

ਮੈਂ ਬੇਬੇ ਸਾਬਰੀ ਨੂੰ ਯਕੀਨ ਦਿਲਾਇਆ ਕਿ ਮੈਂ ਉਸਦੇ ਪਰਮਟ ਲਈ ਪੂਰੀ ਕੋਸ਼ਿਸ਼ ਕਰਾਂਗਾ। ਫਿਰ ਮੈਂ ਦਸ ਦਿਨ ਤੱਕ ਲਾਹੌਰ, ਰਾਵਲਪਿੰਡੀ, ਸਿਆਲਕੋਟ, ਗੁਜਰਾਤ, ਕਸੂਰ, ਸਾਹੀਵਾਲ, ਟੈਕਸਲਾ ਤੇ ਹੜੱਪਾ ਅਤੇ ਸ਼ਾਰਦਾ ਫਿਰਦਾ ਰਿਹਾ। ਭਾਰਤੀ ਤਹਿਜ਼ੀਬ ਤੇ ਸਭਿਆਚਾਰ ਦਾ ਅਰੂਜ਼ ਤੇ ਜ਼ਵਾਲ ਵੇਖਦਾ ਰਿਹਾ। ਵੇਦਾਂ ਦੀ ਧਰਤੀ ਵਿਚ ਉਨ੍ਹਾਂ ਦੇ ਰਚਨਹਾਰਿਆਂ ਨੂੰ ਢੂੰਡਦਾ ਰਿਹਾ ਪਰ ਖੰਡਰਾਤ ਤੋਂ ਛੁੱਟ ਕੁਝ ਨਾ ਮਿਲਿਆ। ਪਾਗ਼ਲ ਇਨਸਾਨ ਨੇ ਆਪਣੀਆਂ ਜੜ੍ਹਾਂ ਆਪ ਕੱਟ ਦਿੱਤੀਆਂ ਸਨ। ਸਾਡੇ ਪਰਮਟ ਦੀ ਮਿਆਦ ਖ਼ਤਮ ਹੋ ਰਹੀ ਸੀ। ਅਸੀਂ ਮੁੜ ਮੁਜ਼ੱਫਰਾਬਾਦ ਆ ਗਏ ਤਾਂ ਜੋ ਦੂਜੇ ਦਿਨ ਵਾਪਸੀ ਦਾ ਸਫ਼ਰ ਕਰ ਸਕੀਏ। ਰਾਤੀਂ ਮੁਜ਼ੱਫਰਾਬਾਦ ਡਿਵੀਜ਼ਨ ਦੇ ਕਮਿਸ਼ਨਰ ਵਲੋਂ ਸਾਨੂੰ ਰਾਤ ਦੇ ਖਾਣੇ ਦੀ ਦਾਵਤ ਸੀ। ਉੱਥੇ ਮੈਂ ਕਮਿਸ਼ਨਰ ਸਾਹਿਬ ਨੂੰ ਬੇਬੇ ਸਾਬਰੀ ਤੇ ਸਜਾਵਲ ਬਾਬੇ ਦੀ ਦੁਖ ਭਰੀ ਕਹਾਣੀ ਸੁਣਾਈ ਤੇ ਗੁਜ਼ਾਰਿਸ਼ ਕੀਤੀ ਕਿ ਬੁੱਢੀ ਅੰਮਾ ਸਾਬਰੀ ਨੂੰ ਸਰਹੱਦ ਦੇ ਇਸ ਪਾਸੇ ਆਣ ਦੀ ਇਜਾਜ਼ਤ ਦਿੱਤੀ ਜਾਵੇ। ਉਹਨੂੰ ਪਰਮਟ ਦੇ ਕੇ ਚੱਕਾਂ ਦੇ ਬਾਗ਼ ਵਲੋਂ ਸਾਡੇ ਵੱਲ ਭੇਜਿਆ ਜਾਏ ਤਾਂ ਜੋ ਅੰਮਾ ਸਾਬਰੀ ਸਜਾਵਲ ਨੂੰ ਮਿਲ ਸਕੇ। ਆਪਣੇ ਬੱਚਿਆਂ ਸਾਂਵਲ ਤੇ ਨਫੀਸਾ ਨੂੰ ਗਲੇ ਲਾ ਸਕੇ। ਕਮਿਸ਼ਨਰ ਸਾਹਿਬ ਨੇ ਮੈਨੂੰ ਭਰੋਸਾ ਦਿਲਾਇਆ ਕਿ ਉਹ ਅੰਮਾ ਸਾਬਰੀ ਦਾ ਪਰਮਟ ਬਣਾਉਣ ਵਿਚ ਹਰ ਤਰ੍ਹਾਂ ਦੀ ਮਦਦ ਕਰਨਗੇ।

ਸਵੇਰੇ ਅਸੀਂ ਮੁਜ਼ੱਫਰਾਬਾਦ ਤੋਂ ਸ਼੍ਰੀਨਗਰ ਆਣ ਵਾਲੀ ਬੱਸ ਵਿਚ ਬਹਿ ਗਏ। ਸਰਕਾਰੀ ਅਫ਼ਸਰ ਅਤੇ ਹਜ਼ਾਰਾਂ ਲੋਕੀਂ ਸਾਨੂੰ ਰੁਖ਼ਸਤ ਕਰਨ ਲਈ ਆਏ ਸਨ। ਦੁਪਹਿਰ ਦਾ ਖਾਣਾ ਅਸਾਂ ਮੁੜ ਉੜੀ ਸਲਾਮਾਬਾਦ ਵਿਚ ਖਾਧਾ ਤੇ ਸ਼ਾਮੀਂ ਪੰਜ ਵਜੇ ਸ਼੍ਰੀਨਗਰ ਅੱਪੜੇ। ਕਸ਼ਮੀਰ ਦੇ ਇੰਸਪੈਕਟਰ ਜਨਰਲ ਪੁਲਿਸ ਜਾਵੇਦ ਮਖ਼ਦੂਮੀ ਹੋਰਾਂ ਮੈਨੂੰ ਸ਼੍ਰੀਨਗਰ ਦੇ ਪੁਲਿਸ ਗੈਸਟ ਹਾਊਸ ਵਿਚ ਰੱਖਿਆ। ਦੂਜੇ ਦਿਨ ਅਸੀਂ ਜੰਮੂ ਆਪਣੇ ਘਰ ਆ ਗਏ।

ਰਿਸ਼ਤੇਦਾਰ ਤੇ ਯਾਰ ਸਾਨੂੰ ਮਿਲਣ ਆਣ ਲੱਗੇ। ਉਥੋਂ ਦੇ ਹਾਲਾਤ ਬਾਰੇ ਪੁੱਛਣ ਲੱਗੇ। ਉਥੇ ਦੀ ਉਨਤੀ ਤੇ ਤਰੱਕੀ ਬਾਰੇ, ਤਾਲੀਮ ਬਾਰੇ, ਆਰਥਿਕ ਸਥਿਤੀ ਬਾਰੇ, ਲੋਕਾਂ ਦੀ ਸਿਆਸੀ ਸੋਚ ਬਾਰੇ। ਸਾਰਾ ਦਿਨ ਅਸੀਂ ਦੋਨੋਂ ਮੀਆਂ-ਬੀਵੀ ਆਪਣੇ ਰਿਸ਼ਤੇਦਾਰਾਂ ਬਾਰੇ, ਉਥੇ ਦੀ ਸਰਕਾਰ ਬਾਰੇ ਅਤੇ ਲੋਕਾਂ ਦੇ ਖ਼ਿਆਲਾਂ ਬਾਰੇ ਗੱਲਾਂ ਕਰਦੇ ਰਹੇ। ਦੀਗਰ ਵੇਲੇ ਮੈਨੂੰ ਸਜਾਵਲ ਬਾਬਾ ਵੀ ਮਿਲਣ ਆ ਗਿਆ। ਮੈਂ ਸਾਰਿਆਂ ਕੋਲੋਂ ਇਜਾਜ਼ਤ ਮੰਗੀ ਤੇ ਬਾਬੇ ਨੂੰ ਲੈ ਕੇ ਆਪਣੇ ਸੌਣ ਵਾਲੇ ਕਮਰੇ ਵਿਚ ਆ ਗਿਆ। ਮੈਂ ਸਜਾਵਲ ਨੂੰ ਬੇਬੇ ਸਾਬਰੀ ਨਾਲ ਆਪਣੀ ਮੁਲਾਕਾਤ ਦਾ ਸਾਰਾ ਹਾਲ ਸੁਣਾਇਆ। ਉਸ ਨਾਲ ਬੀਤੀ ਸਾਰੀ ਕਹਾਣੀ ਸੁਣਾਈ। ਸਜਾਵਲ ਮੇਰੀਆਂ ਗੱਲਾਂ ਸੁਣ ਕੇ ਰੋਂਦਾ ਰਿਹਾ। ਮੈਂ ਉਹਨੂੰ ਹੌਸਲਾ ਦਿੱਤਾ ਤੇ ਦੱਸਿਆ ਕਿ ਛੇਤੀ ਹੀ ਬੇਬੇ ਸਾਬਰੀ ਤੁਹਾਨੂੰ ਮਿਲਣ ਆ ਰਹੀ ਹੈ। ਤੇ ਉਸ ਦੇ ਪਰਮਟ ਬਣਨ ਦੀ ਕਾਰਵਾਈ ਸ਼ੁਰੂ ਹੋ ਚੁੱਕੀ ਏ। ਉਥੇ ਦੇ ਸਰਕਾਰੀ ਅਫ਼ਸਰਾਂ ਮੈਨੂੰ ਯਕੀਨ ਦਿਲਾਇਆ ਹੈ ਕਿ ਉਹ ਇਸ ਸਿਲਸਿਲੇ ਵਿਚ ਅੰਮਾ ਸਾਬਰੀ ਦੀ ਪੂਰੀ ਮਦਦ ਕਰਨਗੇ। ਬਾਬਾ ਬੜਾ ਖੁਸ਼ ਹੋਇਆ ਤੇ ਮੈਨੂੰ ਢੇਰ ਸਾਰੀਆਂ ਦੁਆਵਾਂ ਦਿੰਦਾ ਹੋਇਆ ਚਲਾ ਗਿਆ।

ਡੇਢ-ਦੋ ਮਹੀਨਿਆਂ ਮਗਰੋਂ ਇਕ ਦਿਨ ਮੈਨੂੰ ਸਜਾਵਲ ਬਾਬੇ ਦਾ ਫ਼ੋਨ ਆਇਆ। ਉਹ ਬੜਾ ਖ਼ੁਸ਼ ਸੀ। ਉਹਨੇ ਦੱਸਿਆ ਕਿ ਬੇਬੇ ਸਾਬਰੀ ਚੱਕਾਂ ਦੇ ਬਾਗ਼ ਵਾਲੇ ਰਸਤੇ ਤੋਂ ਰਾਵਲਕੋਟ-ਪੁੰਛ ਵਾਲੀ ਬੱਸ ਰਾਹੀਂ ਰਾਜੌਰੀ ਅੱਪੜੀ ਹੈ। ਉਹਨੂੰ ਲੈਣ ਲਈ ਸਜਾਵਲ ਬਾਬਾ, ਸਾਂਵਲ, ਨਫੀਸਾ ਤੇ ਉਨ੍ਹਾਂ ਦੇ ਬੱਚੇ ਸਭ ਚੱਕਾਂ ਦੇ ਬਾਗ਼ ਗਏ ਸਨ। ਸਜਾਵਲ ਨੇ ਦੱਸਿਆ ਕਿ ਬੇਬੇ ਸਾਬਰੀ ਨੂੰ ਸਿਰਫ਼ ਪੰਦਰਾਂ ਦਿਨਾਂ ਦਾ ਪਰਮਟ ਮਿਲਿਆ ਹੈ ਜਿਸਨੂੰ ਹੋਰ ਪੰਦਰਾਂ ਦਿਨਾਂ ਤੋੜੀ ਵਧਾਇਆ ਜਾ ਸਕਦਾ ਏ ਪਰ ਉਹ ਚਾਹੁੰਦਾ ਸੀ ਕਿ ਬੇਬੇ ਸਾਬਰੀ ਨੂੰ ਰਾਜੌਰੀ ਵਿਚ ਪੱਕੀ ਤਰ੍ਹਾਂ ਰਹਿਣ ਦੀ ਇਜਾਜ਼ਤ ਮਿਲ ਜਾਏ ਤੇ ਇਸ ਬਾਰੇ ਵਿਚ ਉਹ ਮੇਰੀ ਮਦਦ ਲੈਣਾ ਚਾਹੁੰਦਾ ਸੀ। ਮੈਂ ਬਾਬੇ ਨੂੰ ਸਮਝਾਇਆ ਬਈ ਦੋਹਾਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਮੁਤਾਬਕ ਇੰਜ ਨਹੀਂ ਹੋ ਸਕਦਾ ਪਰ ਫਿਰ ਵੀ ਮੈਂ ਕੋਸ਼ਿਸ਼ ਕਰਾਂਗਾ।

ਦਿਨ ਲੰਘਦੇ ਗਏ। ਮੈਂ ਹੋਮ ਮਨਿਸਟਰੀ ਤੇ ਚੀਫ਼ ਮਨਿਸਟਰ ਤੱਕ ਰਾਬਤਾ ਕੀਤਾ। ਸਜਾਵਲ ਤੇ ਬੇਬੇ ਸਾਬਰੀ ਦੀ ਉਮਰ ਦਾ ਵਾਸਤਾ ਦਿੱਤਾ। ਪਰ ਕੁਝ ਨਾ ਬਣਿਆ। ਮੇਰੀ ਸਾਰੀ ਕੋਸ਼ਿਸ਼ ਨਾਕਾਮ ਹੋ ਗਈ। ਪਤਾ ਹੀ ਨਹੀਂ ਚੱਲਿਆ ਕਿ ਇਕ ਮਹੀਨਾ ਕਿੰਝ ਬੀਤ ਗਿਆ। ਬੇਬੇ ਸਾਬਰੀ ਦੇ ਜਾਣ ਦਾ ਵੇਲਾ ਹੋ ਗਿਆ ਸੀ। ਵਾਪਸ ਜਾਣ ਤੋਂ ਦੋ ਦਿਨ ਪਹਿਲਾਂ ਮੈਂ ਬੇਬੇ ਨੂੰ ਮਿਲਣ ਰਾਜੌਰੀ ਗਿਆ। ਮੈਂ ਦੇਖਿਆ ਉੱਥੇ ਕੁਹਰਾਮ ਮਚਿਆ ਹੋਇਆ ਸੀ। ਸਭ ਉਦਾਸ ਤੇ ਨਿੰਮੋਝਾਨ ਬੈਠੇ ਸਨ। ਸਜਾਵਲ ਦੇ ਵੀਰਾਨ ਦਿਲ ਅੰਦਰ ਖੁਸ਼ੀਆਂ ਦਾ ਜਿਹੜਾ ਬਾਗ਼ ਕੁਝ ਚਿਰ ਲਈ ਸਜਿਆ ਸੀ, ਉਹ ਵੀਰਾਨ ਹੋ ਗਿਆ ਸੀ। ਉਹਦਾ ਦਿਲ ਮਰ ਚੁਕਾ ਸੀ। ਉਹਦੀ ਦੁਨੀਆਂ ਮਰ ਚੁਕੀ ਸੀ। ਉਹਦੇ ਸੀਨੇ ਦੇ ਜ਼ਖ਼ਮ ਮੁੜ ਹਰੇ ਹੋ ਗਏ ਸਨ। ਉਹ ਕੁਰਲਾ ਰਿਹਾ ਸੀ



ਤੇ ਕਹਿ ਰਿਹਾ ਸੀ ਕਿ ਉਹ ਦੋਨੋਂ ਇਕੱਠੇ ਕਿਉਂ ਨਹੀਂ ਰਹਿ ਸਕਦੇ। ਸਜਾਵਲ ਨੇ ਆਪਣੇ ਤੌਰ ’ਤੇ ਵੀ ਸਾਰੇ ਸਰਕਾਰੀ ਬੂਹੇ ਠਕੋਰੇ ਪਰ ਕਿਸੇ ਬੂਹਾ ਨਾ ਖੋਲ੍ਹਿਆ। ਦੋਹਾਂ ਮੁਲਕਾਂ ਵਿਚਕਾਰ ਅਜੇਹਾ ਕੋਈ ਸਮਝੌਤਾ ਨਹੀਂ ਸੀ। ਖ਼ੈਰ ਉਹ ਦਿਨ ਆ ਗਿਆ ਜਦੋਂ ਬੇਬੇ ਸਾਬਰੀ ਦੀ ਬੱਸ ਚੱਕਾਂ ਦੇ ਬਾਗ਼ ਤੋਂ ਰਾਵਲਕੋਟ ਜਾਣੀ ਸੀ।

ਸਜਾਵਲ, ਸਾਂਵਲ, ਨਫੀਸਾ ਤੇ ਉਨ੍ਹਾਂ ਦੇ ਬੱਚੇ ਬੇਬੇ ਸਾਬਰੀ ਨੂੰ ਲੈ ਕੇ ਸਰਹੱਦ ਤੀਕਰ ਛੱਡਣ ਗਏ। ਕਸਟਮ ਪੋਸਟ ’ਤੇ ਜ਼ਰੂਰੀ ਪੜਤਾਲ ਹੋਣ ਮਗਰੋਂ ਬੇਬੇ ਹੌਲ਼ੀ-ਹੌਲ਼ੀ ਨੋ ਮੈਨਜ਼ ਲੈਂਡ ਵਿਚ ਚੱਲ ਰਹੀ ਸੀ। ਸਜਾਵਲ, ਸਾਂਵਲ ਤੇ ਨਫੀਸਾ ਬੇਬੇ ਸਾਬਰੀ ਨੂੰ ਜਾਂਦੇ ਵੇਖ ਰਹੇ ਸਨ। ਬੇਬੇ ਸਾਬਰੀ ਦੀ ਖਵਾਹਿਸ਼ ਸੀ ਕਿ ਉਹ ਜ਼ਿੰਦਗੀ ਦੀਆਂ ਆਖਰੀ ਘੜੀਆਂ ਸਜਾਵਲ ਨਾਲ ਗੁਜ਼ਾਰੇ ਪਰ ਇੰਜ ਹੋ ਨਹੀਂ ਸਕਿਆ। ਬੇਬੇ ਅੱਧੇ ਰਸਤੇ ਤੀਕਰ ਪਹੁੰਚਣ ਮਗਰੋਂ ਖੜੋ ਗਈ। ਸ਼ਾਇਦ ਲੈਣ ਲਈ। ਉਹ ਨੋ ਮੈਨਜ਼ ਲੈਂਡ ਦੇ ਦੋਵਾਂ ਪਾਸੇ ਵੇਖ ਰਹੀ ਸੀ। ਉਹਦੀਆਂ ਨਜ਼ਰਾਂ ਕਦੇ ਸਜਾਵਲ ਨੂੰ ਵੇਖ ਰਹੀਆਂ ਸਨ ਤੇ ਕਦੇ ਆਪਣੇ ਬੱਚਿਆਂ ਨੂੰ। ਫਿਰ ਉਹ ਮੁੜ ਚੱਲਣ ਲੱਗੀ ਪਰ ਉਹਦੀਆਂ ਲੱਤਾਂ ਜਵਾਬ ਦੇ ਚੁਕੀਆਂ ਸਨ। ਉਹ ਡਿੱਗ ਪਈ। ਉਹਨੂੰ ਚੁੱਕਣ ਲਈ ਦੋਹਾਂ ਮੁਲਕਾਂ ਦੇ ਸਰਹੱਦੀ ਮੁਹਾਫ਼ਿਜ਼ ਦੌੜੇ। ਪਰ ਜਦ ਉਹ ਬੇਬੇ ਸਾਬਰੀ ਕੋਲ ਅੱਪੜੇ ਤਾਂ ਉਹਨਾਂ ਦੇਖਿਆ ਬਈ ਬੇਬੇ ਦੀ ਰੂਹ ਉਸ ਦਾ ਸਰੀਰ ਛੱਡ ਚੁਕੀ ਸੀ ਤੇ ਸਾਰੇ ਕਾਇਦੇ-ਕਾਨੂੰਨਾਂ ਤੋਂ ਆਜ਼ਾਦ ਹੋ ਚੁਕੀ ਸੀ।

## ਕਿੱਥੇ ਗਈ ਹਮੀਦਾ?

**ਭਗਵੰਤ ਰਸੂਲਪੁਰੀ**

ਜਦੋਂ ਦਾ ਫ਼ਾਤਿਮਾ ਦਾ ਸਾਡੇ ਘਰ ਕੈਲੋਨਾ ਵਿਖੇ ਆਉਣਾ ਜਾਣਾ ਵਧਿਆ ਹੈ, ਮੇਰੀਆਂ ਸੋਚਾਂ ਵਿਚ ਦੇਸ਼ ਵੰਡ ਵੇਲੇ ਦੀਆਂ ਘਟਨਾਵਾਂ, ਲੜੀਆਂ ਬਣ ਬਣ ਕੇ ਜੁੜਨ ਲੱਗ ਪਈਆਂ ਸਨ। ਸਾਡੇ ਘਰ ਆ ਪਹਿਲਾਂ-ਪਹਿਲ ਫ਼ਾਤਿਮਾ ਬੁਰਕੇ ਵਿਚ ਆਉਂਦੀ ਸੀ। ਬੁਰਕੇ ਵਿਚ ਹੀ ਗੱਲਾਂ ਕਰਦੀ। ਮੈਂ ਉਹਦੀ ਸ਼ਕਲ ਦੇਖਣ ਲਈ ਤੜਫਦਾ ਰਹਿੰਦਾ... ਉਹ ਪਾਕਿਸਤਾਨ ਦੀਆਂ ਗੱਲਾਂ ਦੱਸਦੀ ਰਹਿੰਦੀ ਜਦੋਂ ਪਾਕਿਸਤਾਨ ਬਨਿਆ ਸੀ। ਫਿਰ ਉਹ ਬੁਰਕਾ ਚੁੱਕ ਕੇ ਗੱਲਾਂ ਕਰਨ ਲੱਗ ਪਈ ਸੀ। ਉਹ ਮੇਰੀ ਘਰਵਾਲੀ ਕੋਲ ਆ ਬੈਠਦੀ ਜਿਹਦੀ ਗੋਡਿਆਂ ਦੀ ਤਕਲੀਫ ਬਹੁਤ ਵਧ ਗਈ ਸੀ ਅਤੇ ਉਹਦੇ ਕੋਲੋਂ ਮਸਾਂ ਹੀ ਤੁਰ ਹੁੰਦਾ ਸੀ। ਮੈਂ ਵੀ ਇਕੱਲਤਾ ਤੋਂ ਅੱਕਿਆ ਉਨ੍ਹਾਂ ਕੋਲ ਕੁਰਸੀ ਕਰ ਲੈਂਦਾ ਸੀ। ਮੈਨੂੰ ਉਹਦੇ ਵਿਚੋਂ ਹਮੀਦਾ ਦਾ ਚਿਹਰਾ ਦਿਸਣ ਲੱਗ ਪੈਂਦਾ ਕਦੇ ਨੂਰੀ ਦਾ... ਉਸ ਹਮੀਦਾ ਦਾ ਜਿਨ੍ਹਾਂ ਦਾ ਘਰ ਬੰਗਿਆਂ ਵਿਖੇ ਮੇਰੇ ਨਾਨਕੇ ਘਰ ਦੇ ਨੇੜੇ ਸੀ। ਇਸ ਸੁੰਨੇ ਘਰ ਵਿਚ ਮੇਰੀਆਂ ਸੋਚਾਂ ਹੋਰ ਤੇਜ਼ ਦੌੜਦੀਆਂ ਸਨ।

• • •

... ਉਸ ਦਿਨ ਅਜੇ ਹਫ਼ਤਾ ਕੁ ਹੀ ਮੈਨੂੰ ਕੈਨੇਡਾ ਤੋਂ ਬੈਰਸੀਆਂ ਪਿੰਡ ਆਇਆਂ ਹੋਇਆ ਸੀ। ਮੇਰੇ ਨਾਲ ਮੇਰਾ ਪੁੱਤ ਤੇ ਉਸ ਦਾ ਪਰਿਵਾਰ ਆਇਆ ਸੀ। ਮੇਰਾ ਮਨ ਬੈਰਸੀਆਂ ਦੇ ਅੱਡੇ 'ਤੇ ਜਾਣ ਨੂੰ ਕਰ ਆਇਆ ਸੀ। ਮੈਂ ਜੇਰਾ ਕਰਕੇ ਖੂੰਡੀ ਚੁੱਕ ਹੌਲੀ ਹੌਲੀ ਤੁਰਦਾ ਤੁਰਦਾ ਅੱਡੇ ਵੱਲ ਨੂੰ ਤੁਰ ਪਿਆ ਸੀ। ਭਾਵੇਂ ਕਿ ਮੈਂ ਕਿਸੇ ਮੁੰਡੇ ਨੂੰ ਅੱਡੇ ਛੱਡ ਕੇ ਆਉਣ ਲਈ ਵੀ ਕਹਿ ਸਕਦਾ ਸੀ। ਪਰ ਮੈਂ ਪਿੰਡ ਵਿਚ ਗੇੜਾ ਕੱਢ ਕੇ ਅੱਡੇ ਨੂੰ ਜਾਣਾ ਚਾਹੁੰਦਾ ਸੀ।

...ਅੱਡੇ ਨੂੰ ਜਾਣ ਦਾ ਰਸਤਾ ਭਾਵੇਂ ਕੱਚਾ ਹੀ ਸੀ। ਫਿਰ ਵੀ ਅੱਡੇ 'ਤੇ ਪਰੋਪਰਟੀ ਡੀਲਰਾਂ ਦੇ ਖੋਖਿਆਂ ਨੁਮਾ ਦੁਕਾਨਾਂ ਨੇ ਰੌਣਕਾਂ ਲਾ ਦਿੱਤੀਆਂ ਸਨ। ਬੈਰਸੀਆਂ ਪਿੰਡ ਦੇ ਅੱਡੇ 'ਤੇ ਹੁਣ ਵਾਹਵਾ ਰੌਣਕਾਂ ਸਨ। ਸਗਲੀ ਚਮਾਰ ਦਾ ਚਾਹ ਵਾਲਾ ਖੋਖਾ ਉਦੋਂ ਵਾਹਵਾ ਚੱਲ ਪਿਆ ਸੀ। ਉਹਦੀ ਘਰਵਾਲੀ ਆਲੂਆਂ ਵਾਲੇ ਪਰੌਂਠੇ ਵੀ ਬਣਾਉਣ ਲੱਗ ਪਈ ਸੀ। ਉਹਨੇ ਆਪਣੇ ਦੋਵੇਂ ਮੁੰਡੇ ਸਕੂਲੋਂ ਹਟਾ ਕੇ ਅੱਡੇ ਦੀਆਂ ਦੁਕਾਨਾਂ ਵਿਚ ਚਾਹ ਸਪਲਾਈ ਕਰਨ ਲਾ ਦਿੱਤੇ ਸੀ। ਇਕ ਵਾਰ ਜਦੋਂ ਮੈਂ ਸਗਲੀ ਨੂੰ ਪੁੱਛਿਆ, 'ਸਗਲੀ ਤੂੰ ਨਿਆਣੇ ਕਿਓਂ ਪੜ੍ਹਨੋਂ ਹਟਾ ਦਿੱਤੇ?' ਉਹ ਕਹਿਣ ਲੱਗਾ 'ਚਾਚਾ ਇਹਨਾਂ ਕਿਹੜਾ ਪੜ੍ਹ ਕੇ ਠਾਣੇਦਾਰ ਲੱਗਣਾ!'



ਇਨ੍ਹਾਂ ਡੀਲਰਾਂ ਨੇ ਲਾਗਲੇ ਪਿੰਡਾਂ ਦੇ ਖੇਤਾਂ ਨੂੰ ਕਲੋਨੀਆਂ ਦੀ ਸ਼ਕਲ ਦੇ ਕੇ ਟੁਕੜੇ ਟੁਕੜੇ ਕਰਕੇ ਵੇਚਣੇ ਸ਼ੁਰੂ ਕਰ ਦਿੱਤੇ ਸਨ। ਸਾਡੇ ਪਿੰਡ ਦਾ ਜੈਲਾ ਤਾਂ ਕਾਰਾਂ ਵਿਚ ਘੁੰਮਦਾ ਸੀ, ਉਹਨੂੰ ਇਹ ਜ਼ਮੀਨਾਂ ਦੀ ਡੀਲਰੀ ਰਾਸ ਆ ਗਈ ਸੀ। ਮੇਰਾ ਕੈਨੇਡਾ ਰਹਿੰਦਾ ਮੁੰਡਾ ਵੀ ਮੈਨੂੰ ਕਈ ਵਾਰ ਪਿੰਡ ਦੀ ਦਸ ਕੀਲੇ ਜ਼ਮੀਨ ਦੀ ਕਲੋਨੀ ਕੱਟ ਕੇ ਵੇਚਣ ਬਾਰੇ ਕਹਿ ਹਟਿਆ ਸੀ। ਪਰ ਮੈਂ ਇਕੋ ਹੀ ਰਟ ਲਾਈ ਰੱਖੀ ਸੀ, 'ਕਮਲਿਆ ਜ਼ਮੀਨ ਤਾਂ ਜੱਟ ਦੀ ਮਾਂ ਹੁੰਦੀ ਆ। ਮੇਰੇ ਮਰਨ ਤੋਂ ਬਾਅਦ ਚਾਹੇ ਵੇਚੀਂ ਚਾਹੇ ਰੱਖੀਂ।' ਖ਼ੈਰ... ਮੈਂ ਸਾਸਰੀਕਾਲ, ਰਾਮ ਰਾਮ ਬੁਲਾਉਂਦਾ ਤੁਰਿਆ ਜਾ ਰਿਹਾ ਸੀ। ਕਈ ਚਿਹਰੇ ਤਾਂ ਮੇਰੀ ਪਛਾਣ 'ਚ ਵੀ ਨਾ ਆਉਂਦੇ, ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਵਿੱਚੋਂ ਨੀਝ ਲਾ ਕੇ ਦੇਖਣ ਦੇ ਬਾਵਜੂਦ ਵੀ।

ਮੈਂ ਰਤਾ ਖੜ੍ਹਾ ਹੋ ਕੇ ਟਾਹਲੀ ਥੱਲੇ ਬੈਠੇ ਡੀਲਰਾਂ ਵੱਲ ਦੇਖਿਆ। ਸੋਚਿਆ, ਕਿ ਉਨ੍ਹਾਂ ਕੋਲੋਂ ਪਾਣੀ ਪੀਵਾਂਗਾ, ਹੋਰ ਲਾਗੇ ਜਾਣ 'ਤੇ ਉਨ੍ਹਾਂ ਕੋਲੋਂ ਇਕ ਆਦਮੀ ਉੱਠ ਕੇ ਸਕੂਟਰ ਵੱਲ ਅਹੁਲਿਆ, ਜੋ ਮੇਰੀ ਪਛਾਣ ਵਿਚ ਨਹੀਂ ਸੀ ਆ ਸਕਿਆ ਪਰ ਉਹਦੇ ਨਾਲ ਦੇ ਬਜ਼ੁਰਗ ਦੀ ਤੋਰ ਤੋਂ ਮੈਂ ਮਨ ਹੀ ਮਨ ਅੰਦਾਜ਼ਾ ਲਾ ਲਿਆ, "ਹੈਂ! ... ਇਹ ਤਾਂ ਦੀਨਾ ਆ!" ਨਵਾਂ ਸ਼ਹਿਰ ਵੱਲ ਨੂੰ ਜਾਂਦਾ ਲਮਰੇਟਾ ਸਕੂਟਰ ਅਤੇ ਫਿਰ ਧੂੜ ਦਾ ਵਰੋਲਾ ਹੀ ਮੇਰੇ ਸਾਹਮਣੇ ਰਹਿ ਗਿਆ ਸੀ। ਟਾਹਲੀ ਥੱਲੇ ਆ ਪਾਣੀ ਪੀ ਚਿੱਟੀਆਂ ਮੁੱਛਾਂ ਦਾੜ੍ਹੀ ਤੇ ਹੱਥ ਫੇਰ ਮੈਂ ਸਗਲੀ ਦੇ ਚਾਹ ਵਾਲੇ ਖੋਖੇ 'ਤੇ ਆ ਸਗਲੀ ਨੂੰ ਕਿਹਾ, "ਬਈ ਜੁਆਨਾ, ਆਹ ਕੌਣ ਸੀ ਭਲਾ?"

"ਬਜ਼ੁਰਗਾ ਤੇਰਾ ਯਾਰ ਪੰਡਤ ਦੀਨਾ ਸੀ ਤੇ ਨਾਲ ਉਹਦਾ ਮੁੰਡਾ ਕਿਸ਼ੋਰੀ ਲਾਲ।"

"ਅੱਛਾ, ਕਿਵੇਂ ਆਏ ਸੀ?"

"ਬਸ ਐਵੇਂ ਆਏ ਸੀ?"...ਲੰਘਦੇ ਲੰਘਦੇ ਘੜੀ ਪਲ ਰੁਕ ਗਏ। ਆਏ ਤਾਂ ਉਹ ਜੈਲੇ ਡੀਲਰ ਦੀ ਦੁਕਾਨ ਤੇ ਸੀ। ਭਲਾ ਦੀਨਾ ਨਾਥ ਮੈਨੂੰ ਦੇਖਦਾ ਤਾਂ ਮਿਲੇ ਬਗੈਰ ਹੀ ਨਵਾਂਸ਼ਹਿਰ ਚਲੇ ਜਾਂਦਾ।

... ਸੱਚਮੁੱਚ ਦੀਨਾ ਮੇਰਾ ਬੜਾ ਬਦਨਸੀਬ ਯਾਰ ਸੀ। ਹਰਿਗੁਪਾਲ ਦੀ ਹੱਤਿਆ ਨੇ ਤਾਂ ਉਹਦਾ ਲੱਕ ਤੋੜਕੇ ਰੱਖ ਦਿੱਤਾ ਸੀ। ਰੌਲਿਆਂ ਵੇਲੇ ਮਾਰੀ ਗਈ ਪਤਨੀ ਤੋਂ ਉਹ ਐਨਾ ਦੁਖੀ ਨਹੀਂ ਸੀ ਹੋਇਆ, ਜਿੰਨਾ ਹੁਣ ਦੁਖੀ ਹੋ ਰਿਹਾ ਸੀ।

... ਬਚਪਨ ਅਸੀਂ ਪਾਕਿਸਤਾਨ ਵਾਲੇ ਪੰਜਾਬ 'ਚ ਇਕੱਠਿਆਂ ਗੁਜ਼ਾਰਿਆ ਸੀ। ਭਾਵੇਂ ਕਿ ਉਹ ਮੇਰੇ ਤੋਂ ਕੁਝ ਵੱਡਾ ਸੀ, ਪਰ ਪੜ੍ਹੇ ਅਸੀਂ ਇਕੱਠੇ ਹੀ ਸਾਂ। ਪੰਡਤਾਂ ਦਾ ਮੁੰਡਾ ਹੋਣ ਕਰਕੇ ਉਹ ਬੋਦੀ ਰੱਖਦਾ ਸੀ। ਉਹਦੇ ਸਿਰ 'ਤੇ ਰੱਖੀ ਬੋਦੀ ਵੇਖਕੇ ਅਸੀਂ ਉਸ ਨੂੰ ਟਿੱਚਰਾਂ ਕਰਦੇ। ਕੋਈ ਉਹਦੀ ਬੋਦੀ ਖਿੱਚ ਕੇ ਨੱਠ ਜਾਂਦਾ। ਉਹ ਅਤਿ ਦਾ ਸ਼ਰੀਫ਼ ਸੀ। ਸਿੱਧ-ਪਧਰਾ ਦੀਨਾ ਸਾਡੇ ਕੋਲੋਂ ਦੁੱਖੀ ਹੋ ਕੇ ਰੋਣ ਲੱਗ ਪੈਂਦਾ। ਉਹ ਮਾੜੇ ਸਰੀਰ ਦਾ ਹੋਣ ਕਰਕੇ ਮੈਨੂੰ ਕੁੱਟ ਤਾਂ ਨਾ ਸਕਦਾ, ਬੱਸ ਨਿਹੋਰਾ ਜਿਹਾ ਝਾੜਦਾ।

"ਕੋਈ ਨਾ ਜੋਗੀਆ ਦੱਸੂੰ ਤੈਨੂੰ ਵੀ ਘਰ ਜਾ ਕੇ, ਜੇ ਅੰਮਾਂ ਕੋਲੋਂ ਕੁੱਟ ਨਾ ਪਵਾਈ ਤਾਂ ਮੈਂ ਵੀ ਬਾਣੀਏ ਦਾ ਪੁੱਤ ਨ੍ਹੀ।"

"ਲੈ ਤੂੰ ਤਾਂ ਮੇਰਾ ਪੱਕਾ ਬੇਲੀ ਆਂ... ਮੈਂ ਤਾਂ ਉਦਾਂ ਈਂ ਕਰਦਾ ਸੀ,... ਤੂੰ ਅੰਮਾਂ ਨੂੰ ਨਾ ਦੱਸੀਂ, ਉਹ ਬੜੀ ਚੰਦਰੀ ਆ ਮੇਰੀ ਫੈਂਟੀ ਲਾਹੂ...।" ਮੈਂ ਲਿਲਕੜੀਆਂ ਜਿਹੀਆਂ ਕੱਢਣ ਲੱਗ ਪੈਂਦਾ।

"ਹੂੰ ਜੋਗੀ...ਸੱਪ ਕੱਢਣਾ ਜੋਗੀ!!" ਉਹ ਅੱਖਾਂ ਜਿਹੀਆਂ ਪੂੰਝਦਾ ਐਨਾ ਹੀ ਕਹਿੰਦਾ।

... ਮੇਰੇ ਮਗਰ ਪਈ ਜੋਗੀ ਦੀ ਅੱਲ੍ਹ ਦਾ ਵੀ ਅਜੀਬ ਕਿੱਸਾ ਸੀ। ਉਨ੍ਹਾਂ ਦਿਨਾਂ ਵਿਚ ਹੀ ਮੈਂ ਅਕਸਰ ਨਹਿਰ ਵਾਲੇ ਖੇਤਾਂ 'ਚ ਪਸ਼ੂ ਚਾਰਨ ਲੈ ਜਾਂਦਾ, ਨਾਲ ਹੀ ਦੀਨਾ ਤੇ ਰਹੀਮਾ ਵੀ ਹੁੰਦੇ, ਅਸੀਂ ਅਖਰੋਟਾਂ ਨਾਲ, 'ਨੱਕਾ-ਪੂਰ' ਖੇਡਦੇ ਤੇ ਕਦੇ ਕਦੇ ਮੈਂ ਅਖਰੋਟਾਂ ਨੂੰ ਥਾਂ ਹੀ ਛੱਡ ਕੇ, ਮੱਝਾਂ ਨੂੰ ਮੋੜਨ ਚਲੇ ਜਾਂਦਾ ਜਾਂ ਨਹਿਰ 'ਚ ਪਾਣੀ ਪਲਾਉਣ। ਨਹਿਰ 'ਚ ਪਿੱਛਿਓਂ ਪਾਣੀ ਨਾਲ ਸੱਪ ਵੀ ਆ ਜਾਂਦੇ... ਪਾਣੀ ਵਾਲੇ ਸੱਪ... ਮੈਂ ਆਪਣੇ ਬਾਪੂ ਕੋਲੋਂ ਖੇਤਾਂ ਵਿਚ ਸੱਪ ਮਾਰਦਿਆਂ ਸੁਣਿਆ ਸੀ ਕਿ ਇਹ ਘੱਟ ਹੀ ਜ਼ਹਿਰੀਲੇ ਹੁੰਦੇ ਹਨ। ਇਕ ਦਿਨ ਮੈਂ ਡੰਡੇ ਨਾਲ ਨਹਿਰ 'ਚੋਂ ਸੱਪ ਚੁੱਕ ਕੇ ਅਖਰੋਟ ਖੇਡਦੇ ਦੀਨੇ ਹੁਰਾਂ ਦੇ ਲਾਗੇ ਜਾ ਸੁੱਟਿਆ। ਸੱਪ ਦੇਖ ਕੇ ਦੀਨਾ ਤਾਂ ਚੀਕਾਂ ਮਾਰਨ ਲੱਗ ਪਿਆ। ਰਹੀਮਾਂ ਵੀ ਡਰ ਕੇ ਰੋਣ ਲੱਗ ਪਿਆ। ਸੱਪ ਉਨ੍ਹਾਂ ਵੱਲ ਜਾਣ ਹੀ ਲੱਗਾ, ਇਸ ਤੋਂ ਪਹਿਲਾਂ ਕਿ ਸੱਪ ਉਨ੍ਹਾਂ ਦੇ ਲਾਗੇ ਪਹੁੰਚਦਾ ਮੈਂ ਦਬਾ-ਸੱਟ ਸੱਪ ਨੂੰ ਪੂਛੋਂ ਫੜ ਕੇ ਦੋ-ਤਿੰਨ ਵਾਰ ਧਰਤੀ ਤੇ ਮਾਰਿਆ। ਸੱਪ ਥਾਏਂ ਹੀ ਰੀੜ੍ਹ ਦੀ ਹੱਡੀ ਟੁੱਟਣ ਕਾਰਨ ਵਿਸ਼ ਘੋਲਦਾ ਰਹਿ ਗਿਆ।

"ਓਏ ਤੂੰ ਤਾਂ ਯਾਰ ਬੜੇ ਜਿਗਰੇ ਵਾਲਾਂ... ਸੱਪ ਤੋਂ ਵੀ ਨੀਂ ਡਰਿਆ।" ਰਹੀਮਾਂ ਮੈਨੂੰ ਅੱਖਾਂ ਪੂੰਝਦਾ ਕਹਿਣ ਲੱਗਾ।

"ਇਹ ਤਾਂ ਕੁਝ ਵੀ ਨਹੀਂ ਮੈਂ ਤਾਂ ਆਪਣੇ ਖੇਤਾਂ 'ਚ ਪਾਣੀ ਲਾਉਂਦਿਆਂ ਇਹਤੋਂ ਵੀ ਖਤਰਨਾਕ ਸੱਪਾਂ ਨੂੰ ਚਿੱਤ ਕੀਤਾ ਆ।" ਮੈਂ ਆਪਣੀ ਸ਼ੇਖੀ ਪੱਟ 'ਤੇ ਥਾਪੀ ਮਾਰਦਿਆਂ ਕਹਿੰਦਾ।

"ਓਏ ਰਹੀਮਿਆਂ ਏਹਦਾ ਦਾਦਾ-ਬਾਬਾ ਜੋਗੀਆਂ ਦੀ ਨਸਲ 'ਚੋਂ ਹੋਊ... ਐਵੇਂ ਤਾਂ ਨੀਂ ਸਾਡੇ ਵਾਂਗੂੰ ਸੱਪ ਦੇਖ ਕੇ ਮੋਕ ਮਾਰਦਾ।" ਦੀਨਾ ਰਹੀਮੇ ਨੂੰ ਕਹਿੰਦਾ।

ਤੇ ਫਿਰ ਉਨ੍ਹਾਂ ਦਿਨਾਂ ਵਿਚ ਹੀ ਮਦਰੱਸੇ ਹੋ ਰਹੇ ਡਰਾਮੇ 'ਚ ਮੈਨੂੰ ਦੀਨੇ ਹੁਣਾਂ ਨੇ ਮਾਸਟਰਾਂ ਨੂੰ ਮੇਰੇ ਸੱਪ ਮਾਰਨ ਬਾਰੇ ਦੱਸ ਕੇ ਜੋਗੀ ਬਣਾ ਦਿੱਤਾ ਸੀ। ਮਦਰੱਸੇ 'ਚ ਖੇਡੇ ਡਰਾਮੇ 'ਚ ਮੈਂ ਜੋਗੀ ਦਾ ਸਾਂਗ ਵੀ ਖੂਬ ਵਧੀਆ ਕੀਤਾ ਸੀ ਤੇ ਮੇਰੇ ਮਗਰ ਦੀਨੇ ਹੁਣਾਂ ਨੇ ਪਾਈ ਜੋਗੀ ਦੀ ਅੱਲ੍ਹ ਨੇ ਰਹਿੰਦੀ-ਖੂੰਹਦੀ ਕਸਰ ਵੀ ਕੱਢ ਦਿੱਤੀ ਸੀ। ਰਹੀਮਾ ਬੜਾ ਸ਼ਰਾਰਤੀ ਸੀ। ਉਹ ਕਹਿੰਦਾ, "ਬਚ ਕੇ ਬਈ ਸੱਪ ਨਾ ਕੱਢ ਦੇਵੇ... ਜੋਗੀਆਂ ਦਾ ਕੀ ਭਰੋਸਾ, ਕਦੋਂ ਸੱਪ ਛੱਡ ਦੇਣ, ਫੇਰ ਸਾਰੇ ਸਕੂਲ ਨੂੰ ਸੱਪ ਸੁਸਰੀ ਵਾਂਗ ਸਿਲਾ ਦੇਊ।"

ਤੇ ਕੁਝ ਪਲਾਂ ਬਾਅਦ ਪੰਡਤ ਦੀਨਾ ਫਿਰ ਸਾਡੇ 'ਚ ਘੁਲ ਜਾਂਦਾ ਸੀ। ਮੇਰੀ ਅੰਮਾਂ ਵੀ ਦੀਨੇ ਨੂੰ ਬਹੁਤ ਪਿਆਰ ਕਰਦੀ ਸੀ। ਉਹ ਹਮੇਸ਼ਾ ਹੀ ਮੈਨੂੰ ਡਾਂਟਦੀ, "ਗੱਲ ਸੁਣ ਵੇ ਬੇਸ਼ਰਮਾ... ਤੂੰ ਇਹਨੂੰ ਕੁਝ ਨਾ ਕਿਹਾ ਕਰ, ਹਲਾ! ਫੇਰ ਇਹ ਬਿਚਾਰਾ ਤਾਂ ਮੇਰਾ ਗਊ ਪੁੱਤ ਆ।" ਮੇਰੀ ਅੰਮਾ ਦੀਨੇ ਨੂੰ ਹਿੱਕ ਨਾਲ ਲਾ ਲੈਂਦੀ।

ਦੀਨੇ ਹੁਰਾਂ ਦੀ ਹਵੇਲੀ ਪਿੰਡ ਦੇ ਵਿਚਕਾਰ ਹੀ ਸੀ। ਸਾਡਾ ਘਰ ਤਾਂ ਪਹਿਲਾਂ ਹੀ ਆ ਜਾਂਦਾ ਸੀ। ਅੱਧੀ ਛੁੱਟੀ ਵੇਲੇ ਦੀਨਾ ਸਾਡੇ ਘਰੋਂ ਹੀ ਰੋਟੀ ਖਾਂਦਾ। ਮੇਰੇ ਮਗਰੇ ਲਗ ਕੇ ਉਹ ਮੇਰੀ ਮਾਂ ਨੂੰ 'ਅੰਮਾਂ' ਕਹਿੰਦਾ ਸੀ। ਨਾਲੇ ਉਹਦੀ ਮਾਂ ਵੀ ਉਹਨੂੰ ਨਿੱਕੇ ਜਿਹੇ ਨੂੰ ਛੱਡ ਕੇ ਤੁਰ ਗਈ ਸੀ। ਦੋਹਾਂ ਘਰਾਂ ਵਿਚ ਪਿਆਰ ਕਰਕੇ ਹੀ ਸਾਡੇ ਕੋਲੋਂ ਦੀਨੇ ਦੇ ਬਾਪ ਨੇ ਕਦੇ



ਕਰਜ਼ੇ ਤੇ ਵਿਆਜ ਨਹੀਂ ਸੀ ਲਾਇਆ। ਫਿਰ ਵੱਡੇ ਹੋ ਕੇ ਦੀਨੇ ਨੇ ਆਪ ਬਾਪ ਵਾਲਾ ਵਿਆਜੂ ਪੈਸੇ ਦੇਣ ਦਾ ਕੰਮ ਸਾਂਭ ਲਿਆ ਸੀ। ਮੈਂ ਬੌਲਦਾਂ ਦੀਆਂ ਪੂਛਾਂ ਚੰਗੀ ਤਰ੍ਹਾਂ ਮਰੋੜਨ ਲੱਗ ਪਿਆ ਸੀ। ਮੇਰੀ ਲਿਆਕਤ ਅਲੀ ਤੇ ਦੀਨੇ ਨਾਲ ਯਾਰੀ ਇੰਨ ਬਿੰਨ ਪਹਿਲਾਂ ਵਾਂਗੂੰ ਹੀ ਸੀ, ਜਦੋਂ ਵੀ ਕਿਤੇ ਮੇਲਾ ਹੋਣਾ, ਜਾਂ ਛਿੰਝ ਹੋਣੀ ਅਸੀਂ ਇੱਕਠੇ ਜਾਂਦੇ। ਡਾਂਗਾਂ ਫੜੀ ਨਵੇਂ ਕੱਪੜੇ ਪਾ ਮੇਲੇ 'ਚ ਚੌੜੇ ਹੋ ਕੇ ਫਿਰਦੇ, ਵੈਲੀਆਂ ਵਾਂਗ ਰਾਤਾਂ ਬਾਹਰ ਰਹਿੰਦੇ। ਜਦੋਂ ਕਦੇ ਅਸੀਂ ਇਕੱਠੇ ਹੋ ਕੇ ਮੇਲੇ ਤੇ ਜਾਂਦੇ ਤਾਂ ਮੈਂ ਲਾਚੜ ਕੇ ਕਹਿੰਦਾ, "ਯਾਰ ਨੂਰੀ ਨੂੰ ਲੈ ਆਉਣਾ ਸੀ।" ਲਿਆਕਤ ਅਲੀ ਦੇ ਟੱਬਰ 'ਚੋਂ ਨੂਰੀ 'ਤੇ ਮੇਰਾ ਦਿਲ ਆ ਗਿਆ ਸੀ। ਉਹ ਵੀ ਮੈਨੂੰ ਵੇਖ ਕੇ ਹੱਸ ਪੈਂਦੀ ਸੀ। ਇਕ ਦੋ ਵਾਰ ਨਹਿਰ ਦੇ ਸੂਏ 'ਤੇ ਟੱਕਰੀ ਵੀ ਸੀ। ਸਾਡੀ ਪਿਆਰ-ਪੀਂਘ ਦਾ ਲਿਆਕਤ ਨੂੰ ਪਤਾ ਸੀ।

"ਟਲ ਜਾ ਜੱਟਾ, ਉਹਦੇ ਵੀਰਾਂ ਨੇ ਲੱਤੋਂ ਫੜ ਕੇ ਤੈਨੂੰ ਵਿਚਾਲਿਓਂ ਪਾੜ ਦੇਣਾ ਆ।"

"ਲੈ ਐਵੇਂ ਪਾੜ ਦੇਣਗੇ।" ਮੈਂ ਰਤਾ ਚੌੜਾ ਹੋ ਕੇ ਕਹਿੰਦਾ ਸੀ। ਜਦੋਂ ਦੇ ਕਬੀਲਦਾਰੀ ਦੀ ਚੱਕੀ 'ਚ ਫੱਸੇ, ਮੇਲੇ-ਛਿੰਜਾਂ ਸਾਰੇ ਦੇ ਸਾਰੇ ਵਿਸਰ ਗਏ। ਦੁੱਖ ਸੁੱਖ ਫਿਰ ਵੀ ਅਸੀਂ ਪਹਿਲਾਂ ਵਾਂਗੂੰ ਵੰਡਾਉਂਦੇ।

ਮੈਨੂੰ ਇਹ ਗੱਲ ਨਹੀਂ ਭੁੱਲਦੀ, ਜਦੋਂ ਦੀਨਾ ਨਾਥ ਦੇ ਘਰ ਕਿਸ਼ੋਰੀ ਲਾਲ ਹੋਇਆ ਸੀ। ਜਿਹੜਾ ਹੁਣ ਲਮਰੇਟਾ ਸਕੂਟਰ ਮੇਰੇ ਮੂਹਰੇ ਮੂਹਰੇ ਧੂੜ ਉਡਾਉਂਦਾ ਸ਼ਹਿਰ ਸਪਨ ਹੋ ਗਿਆ ਸੀ। ਸ਼ਾਮ ਨੂੰ ਲਿਆਕਤ ਅਲੀ ਢੋਲੀ ਲੈ ਆਇਆ ਸੀ ਤੇ ਮੈਂ ਤੇ ਲਿਆਕਤ ਨੇ ਦਾਰੂ ਪੀ ਕੇ ਭੰਗੜੇ ਨਾਲ ਸਾਰਾ ਵਿਹੜਾ ਭੁੱਬਲ ਕਰ ਦਿੱਤਾ ਸੀ। ਡੂੰਘੀ ਰਾਤ ਗਏ ਅਸੀਂ ਘਰਾਂ ਨੂੰ ਤੁਰੇ ਸਾਂ। ਲਿਆਕਤ ਤੋਂ ਨਿੱਖੜਦਿਆਂ ਨਾਲੀ 'ਚ ਪੈਰ ਪੈਣ ਕਾਰਨ ਮੈਂ ਉਥੇ ਹੀ ਮੂਧਾ ਹੋ ਗਿਆ ਸੀ। ਮੈਂ ਉਦੋਂ ਬੜਾ ਪਾਣੀਉਂ ਪਾਣੀ ਹੋਇਆ ਸੀ, ਫਿਰ ਲੋਕਾਂ ਨੇ ਗਾਰੇ ਨਾਲ ਲਿਬੜੇ ਨੂੰ ਨਾਲੀ ਲਾਗਿਓਂ ਚੁੱਕ ਕੇ ਮੈਨੂੰ ਘਰ ਛੱਡਿਆ ਸੀ। 'ਅੰਮਾਂ' ਕੋਲੋਂ ਤਾਂ ਮੈਂ ਬਚ ਗਿਆ ਸੀ ਪਰ ਬਾਪੂ ਨੇ ਮੈਨੂੰ ਲੰਮਾ ਪਾ ਲਿਆ ਸੀ।

... ਮੇਰਾ ਵੀ ਵਿਆਹ ਹੋ ਗਿਆ ਸੀ। ਮੇਰੇ ਘਰ ਮੁੰਡਾ ਹੋਇਆ ਗੁਲਜ਼ਾਰੀ। ਅਜੇ ਗੁਲਜ਼ਾਰੀ ਦਸਾਂ ਕੁ ਦਿਨਾਂ ਦਾ ਸੀ, ਜਦੋਂ ਸਾਡੇ ਘਰਾਂ 'ਚ ਰੌਲਿਆਂ ਦੀਆਂ ਖਬਰਾਂ ਆ ਵੜੀਆਂ ਸਨ। ਸ਼ਿਲੇ ਦੀ ਪੀੜ ਹੰਢਾਅ ਰਹੀ ਮੇਰੀ ਘਰਵਾਲੀ ਸਵਰਨੀ ਦਾ ਚਿਹਰਾ ਮਾਰ ਵੱਢ ਦੀਆਂ ਖਬਰਾਂ ਸੁਣ ਸੁਣ ਕੇ ਪੀਲਾ ਜ਼ਰਦ ਹੋਈ ਜਾ ਰਿਹਾ ਸੀ। ਭਾਵੇਂ ਮੇਰਾ ਯਾਰ ਲਿਆਕਤ ਸਾਡੇ ਘਰ ਆ ਕੇ, ਮੇਰੀ ਪਤਨੀ ਨੂੰ ਹੌਂਸਲਾ ਦੇ ਜਾਂਦਾ ਸੀ, "ਭਾਬੀ ਤੂੰ ਰਤਾ ਫ਼ਿਕਰ ਨਾ ਕਰ... ਮੈਂ ਗਿੱਟੇ ਛਾਂਗ ਦੂੰ ਜਿਹੜਾ ਲੁਟੇਰਾ ਪਿੰਡ ਵੜਿਆ ... ਮੇਰੇ ਹੁੰਦੇ ਤੁਸੀਂ ਕੋਈ ਫਿਕਰ ਨਾ ਕਰੋ।" ਪਰ ਐਨੇ ਇੱਜੜ ਮੂਹਰੇ ਉਹਦੀ ਇਕੱਲੇ ਦੀ ਕੀਹਨੇ ਸੁਣਨੀ ਸੀ।

ਦੀਨਾ ਤਾਂ ਮੇਰੇ ਤੋਂ ਵੱਧ ਲਹੂ ਸੁਕਾਈ ਬੈਠਾ ਸੀ। ਜਦੋਂ ਵੀ ਸ਼ਾਮ ਨੂੰ ਮੈਂ ਉਹਦੇ ਘਰ ਜਾਂਦਾ ਉਹ ਰੋਜ਼ ਨਵੀਂ ਖ਼ਬਰ ਮੇਰੇ ਕੰਨੀਂ ਪਾਉਂਦਾ, "ਓਏ ਜੋਗੀਆ, ਲਾਗਲੇ ਪਿੰਡ ਪੂਰਾ ਘਰ ਬਾਣੀਆਂ ਦਾ ਵੱਢ ਤਾ... ਫਲਾਣੇ ਪਿੰਡ ਸਿੱਖਾਂ ਦੀਆਂ ਸਾਰੀਆਂ ਜਨਾਨੀਆਂ ਸ਼ਰੇਆਮ ਘੜੀਸ ਕੇ ਲੈ ਗਏ... ਘਰਾਂ ਦੇ ਘਰ ਲੁੱਟ ਕੇ ਲੈ ਗਏ... ਫਲਾਣੇ ਪਿੰਡ..." ਉਹ ਬੋਲਦਾ ਬੋਲਦਾ ਰੁਕ ਜਾਂਦਾ... ਸਾਹ ਚੜ੍ਹ ਗਿਆ ਹੋਵੇ ਜਿਵੇਂ।

"ਉਏ ਕਮਲਿਆ ਹੌਸਲਾ ਰੱਖ... ਲਿਆਕਤ ਅਲੀ ਦੇ ਹੁੰਦਿਆਂ ਆਪਾਂ ਨੂੰ ਕੁਝ ਨੀਂ ਹੁੰਦਾ... ਹਾਂ ਭਾਬੀ ਬੱਸ ਤੂੰ ਗਹਿਣਾ-ਗੱਟਾ ਤਿਆਰ ਰੱਖੀਂ, ਪਤਾ ਨੀ ਕਿਹੜੇ ਵੇਲੇ ਨੱਠਣਾ ਪੈਜੇ... ਇਨ੍ਹਾਂ ਦਰਿੰਦਿਆਂ ਦਾ ਕੋਈ ਪਤਾ ਨਹੀਂ... ਜਿਨ੍ਹਾਂ ਦੇ ਮੂੰਹ ਨੂੰ ਲਹੂ ਲੱਗ ਜਾਏ, ਉਨ੍ਹਾਂ ਦਾ ਕੀ ਭਰੋਸਾ।"

ਫਿਰ ਦਿਨਾਂ ਵਿਚ ਹੀ ਪਿੰਡਾਂ ਦੇ ਪਿੰਡ ਖਾਲੀ ਹੋਣ ਲੱਗ ਪਏ। ਅਸੀਂ ਸਭ ਕੁਝ ਛੱਡ ਕੇ ਸ਼ਰਨਾਰਥੀ ਕੈਂਪਾਂ ਵਿਚ ਪਨਾਹ ਲੈ ਲਈ ਸੀ, ਪਰ ਦੀਨੇ ਨਾਲ ਬਹੁਤ ਮਾੜੀ ਹੋਈ ਸੀ। ਪਾਪੀਆਂ ਨੇ ਇਕੱਲੀ ਦੇਖ ਕੇ ਦੀਨੇ ਦੀ ਬਹੂ ਨੂੰ ਲੀਰਾਂ-ਲੀਰਾਂ ਕਰ ਦੇ ਲਾਸ਼ ਵਿਚ ਬਦਲ ਦਿੱਤਾ ਸੀ। ਦੀਨਾ ਕ੍ਰਿਸ਼ਨ ਲਾਲ ਨੂੰ ਮੋਢੀਂ ਚੁੱਕੀ ਅਤੇ ਕਿਸ਼ੋਰੀ ਲਾਲ ਦੀ ਉਂਗਲੀ ਫੜੀ ਮੇਰੇ ਘਰ ਆ ਗਿਆ ਸੀ। ਮੇਰੇ ਕੋਲੋਂ ਛੁੱਟ ਛੁੱਟ ਰੋਂਦਾ ਦੀਨਾ ਝੱਲਿਆ ਨਹੀਂ ਸੀ ਜਾਂਦਾ। ਫਿਰ ਅਗਲੇ ਪਲ ਮੇਰੀਆਂ ਅੱਖਾਂ 'ਚ ਪਾਣੀ ਸਿੰਮ ਆਇਆ ਸੀ। ਮੇਰੀਆਂ ਅੱਖਾਂ ਅੱਗੇ ਥਾਂ ਥਾਂ ਖਿਲਰੀਆਂ ਲਾਸ਼ਾਂ, ਜਨਾਨੀਆਂ ਦੇ ਸਰੀਰਾਂ 'ਚ ਸਿੰਮਦਾ ਲਹੂ, ਸੁਆਹ ਬਣੇ ਘਰ ਆ ਆ ਕੇ ਹਨੇਰਾ ਜਿਹਾ ਆਉਣ ਲੱਗਾ ਸੀ।

ਅਸੀਂ ਇੱਧਰ ਰੇਲ ਗੱਡੀ ਰਾਹੀਂ ਬੰਗੇ ਪਹੁੰਚੇ ਸੀ ਤਾਂ ਇੱਧਰ ਵੀ ਰੌਲਾ ਸੀ। ਮੁਸਲਮਾਨਾਂ ਨੂੰ ਘੇਰ ਘੇਰ ਕੇ ਏਧਰਲੇ ਲੋਕ ਮਾਰ ਰਹੇ ਸਨ। ਜਿਹਦਾ ਦਾਅ ਲੱਗਦਾ ਉਹ ਮੁਸਲਮਾਨਾਂ ਦੀਆਂ ਕੁੜੀਆਂ ਚੁੱਕ ਕੇ ਲੈ ਜਾਂਦਾ। ਕੋਈ ਘਰ ਲੁੱਟਣ ਆ ਵੜਦਾ... ਉਨ੍ਹਾਂ ਦਿਨਾਂ ਵਿਚ ਹੀ ਅਸੀਂ ਕਾਫ਼ਲੇ ਨਾਲ ਅਟਾਰੀ ਵਾਲੇ ਬਾਰਡਰ ਤੋਂ ਹੁੰਦੇ ਹੋਏ ਬੰਗੇ ਆ ਗਏ ਸੀ। ਬੰਗੇ ਮੇਰੇ ਨਾਨਕੇ ਸਨ। ਮੈਂ ਕਈ ਵਾਰ ਰੌਲਿਆਂ ਤੋਂ ਪਹਿਲਾਂ ਬੰਗੇ ਚਲੇ ਜਾਂਦਾ ਸੀ। ਫਿਰ ਮਹੀਨਾ ਮਹੀਨਾ ਰਹਿ ਕੇ ਜਾਂਦਾ। ਉਥੇ ਮੇਰੀ ਅੱਟੀ-ਸੱਟੀ ਹਮੀਦਾ ਨਾਲ ਵੀ ਲੱਗ ਗਈ ਸੀ। ਇਸ ਗੱਲ ਦੀ ਨਾਨੀ ਨੂੰ ਬਿੜਕ ਸੀ।

"ਕਹਿੰਦੇ ਹਮੀਦਾ ਵੀ ਆਪਣੇ ਘਰਦਿਆਂ ਨਾਲ ਬੰਗੇ ਕੈਂਪ 'ਚ ਚਲੇ ਗਈ।" ਮੈਂ ਨਾਨੀ ਦੇ ਮੁੰਡੇ ਨੂੰ ਕਿਹਾ ਸੀ।

"ਲੈ ਤੂੰ ਤਾਂ ਯਾਰ ਪਾਗਲ ਏਂ। ਉਹਨੇ ਏਥੇ ਰਹਿ ਕੇ ਕਿਸੇ ਦੇ ਹੱਥੋਂ ਆਪਣੀ ਇੱਜ਼ਤ ਲੀਰਾਂ ਕਰਵਾਉਣੀ ਸੀ।" ਉਹ ਹੈਰਾਨ ਹੋ ਕੇ ਬੋਲਿਆ ਸੀ।

ਹਾਂ, ਮੈਂ ਪਾਗਲ ਹੀ ਤਾਂ ਹੋ ਗਿਆ ਸੀ... ਹਮੀਦਾ ਵਰਗੀਆਂ ਚਾਰ-ਪੰਜ ਮੁਸਲਮਾਨ ਜਵਾਨ ਕੁੜੀਆਂ ਦੀਆਂ ਲਾਸ਼ਾਂ ਦੇਖ ਕੇ। ਸਾਨੂੰ ਏਥੇ ਆਇਆਂ ਨੂੰ ਅਜੇ ਦੋ ਤਿੰਨ ਦਿਨ ਹੀ ਹੋਏ ਸਨ। ਉਦੋਂ ਬੰਗਿਆਂ ਵਿਚ ਮੁਸਲਮਾਨਾਂ ਦਾ ਬਹੁਤ ਵੱਡਾ ਕੈਂਪ ਲੱਗਾ ਸੀ। ਰਾਹੋਂ, ਅੱਪਰਾ, ਗੁਣਾਚੌਰ ਤੇ ਹੋਰ ਲਾਗਰੇ ਪਿੰਡਾਂ ਦੇ ਮੁਸਲਮਾਨ ਉਸ ਕੈਂਪ ਵਿਚ 'ਕੱਠੇ ਹੋ ਰਹੇ ਸਨ। ਸਾਡੇ ਨਾਨਕੇ ਘਰ ਦੇ ਲਾਗੇ ਦੇ ਮੁਸਲਮਾਨ ਘਰ ਸਾਰੇ ਖਾਲੀ ਹੋ ਗਏ ਸਨ। ਸਾਰੇ ਆਪਣੀ ਜਾਨ ਬਚਾਉਣ ਲਈ ਕੈਂਪ ਵਿਚ ਆ ਬੈਠੇ ਸਨ। ਮੇਰੀ ਨਾਨੀ ਤੇ ਹੋਰ ਦੋ-ਚਾਰ ਤੀਮੀਆਂ ਰੋਟੀਆਂ ਦੇ ਥੱਬੇ ਪਕਾ ਕੇ ਕੈਂਪ ਵਿਚ ਰੋਟੀ ਖਵਾਉਣ ਜਾਂਦੀਆਂ ਸਨ। ਮੇਰੇ ਨਾਨਕੇ ਘਰ ਦੇ ਨਾਲ ਦਾ ਇਕ ਘਰ ਸੀ ਰਹਿਮਤ ਅਲੀ ਦਾ। ਉਹਦੀਆਂ ਪੰਜ ਮੁਟਿਆਰ ਧੀਆਂ ਸਨ। ਕਿਤੇ ਦੰਗਾਕਾਰੀਆਂ ਨੂੰ ਪਤਾ ਲੱਗ ਲਿਆ ਪਈ ਰਹਿਮਤ ਅਜੇ ਕੈਂਪ 'ਚ ਨਹੀਂ ਪਹੁੰਚਿਆ। ਉਹ ਘਰ 'ਚ ਹੀ ਲੁਕਿਆ ਪਿਆ ਸੀ। ਉਨ੍ਹਾਂ ਤਲਵਾਰਾਂ ਕੱਢ ਕੇ ਰਹਿਮਤ ਦੇ ਘਰ ਅੱਗੇ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ। ਅੰਦਰੋਂ ਕੋਈ ਨਿਕਲੇ ਨਾ, ਬੂਹਾ ਤੋੜ ਕੇ ਦੰਗਾਕਾਰੀਆਂ ਨੇ ਅੰਦਰ



ਵੜ ਕੇ ਰਹਿਮਤ ਅਲੀ ਦੀਆਂ ਡਰ ਨਾਲ ਖੂੰਜੇ ਲੱਗੀਆਂ ਚਾਰੇ ਧੀਆਂ ਮਾਰ ਦਿੱਤੀਆਂ। ਉਨ੍ਹਾਂ ਦੇ ਲੀੜੇ ਪਾਟੇ ਹੋਏ ਸਨ। ਤੌਬਾ!! ਤੌਬਾ!! ਸਾਰਾ ਘਰ ਲਾਸ਼ਾਂ ਨਾਲ ਭਰਿਆ ਹੋਇਆ ਸੀ। ਰਹਿਮਤ ਉਦੋਂ ਬਜ਼ਾਰ ਵਿੱਚੋਂ ਦਹੀਂ ਲੈਣ ਗਿਆ ਹੋਇਆ ਸੀ। ਉਹਦਾ ਵੀ ਪਤਾ ਨਹੀਂ ਲੱਗਾ ਉਹ ਕਿੱਥੇ ਗਿਆ।

ਰਹਿਮਤ ਅਲੀ ਦੀ ਜੋ ਪੰਜਵੀਂ ਧੀ ਸੀ ਉਹ ਮੇਰੀ ਨਾਨੀ ਦੇ ਘਰ ਦਾਲ ਲੈਣ ਗਈ ਸੀ। ਤੇ ਮੇਰੀ ਨਾਨੀ ਨੇ ਉਹਨੂੰ ਉਥੇ ਹੀ ਲਕੋ ਲਿਆ ਸੀ, ਜਦੋਂ ਉਹਨੇ ਗਲੀ 'ਚੋਂ ਦੰਗਾਕਾਰੀਆਂ ਦੀ ਰੌਲੀ ਸੁਣੀ ਸੀ। ਪਰ ਹਫ਼ਤੇ ਕੁ ਬਾਅਦ ਲੋਕਾਂ ਨੂੰ ਪਤਾ ਲੱਗ ਗਿਆ ਕਿ ਕਰਮੀ ਨੇ ਰਹਿਮਤ ਦੀ ਪੰਜਵੀਂ ਧੀ ਲੁਕੋ ਰੱਖੀ ਹੈ। ਉਨ੍ਹਾਂ ਇਕ ਦਿਨ ਨਾਨੀ ਦਾ ਬੂਹਾ ਭੰਨਣਾ ਸ਼ੁਰੂ ਕਰ ਦਿੱਤਾ, "ਏ ਕਰਮੀਏਂ ਕੱਢ ਮੁਸਲੀ ਨੂੰ ਜਿਹੜੀ ਤੈਂ ਭੋਰੇ 'ਚ ਲਕੋਈ ਹੋਈ ਆ।" ਮੇਰੀ ਨਾਨੀ ਵੀ ਜਵੇ ਵਾਲੀ ਬੁੜ੍ਹੀ ਸੀ। ਉਹ ਡਾਂਗ ਕੱਢ ਕੇ ਬੂਹੇ ਮੋਹਰੇ ਖੜ੍ਹ ਗਈ, "ਆਓ ਖਾਂ ਜ਼ਰਾ ਮੇਰੇ ਘਰ, ਕਿਹੜੇ ਮਾਂ ਦਾ ਪੁੱਤ ਆਉਂਦੇ।" ਸਾਰੇ ਡਰ ਕੇ ਪਿੱਛੇ ਮੁੜ ਗਏ ਸਨ।

ਹਾਂ, ਸੱਚ ਦੂਜੇ ਦਿਨ ਰਹਿਮਤ ਦੇ ਘਰ ਕੋਈ ਮੂੰਹ ਨਾ ਕਰੇ। ਮੇਰੀ ਨਾਨੀ ਮੈਨੂੰ ਕਹਿਣ ਲੱਗੀ। ਜਾਹ ਵੇ ਜੋਗੀਆ ਕੁੜੀਆਂ ਦੀਆਂ ਲਾਸ਼ਾਂ ਟਿੱਬੇ 'ਚ ਸੁੱਟ ਆ, ਐਵੇਂ ਮੁਸ਼ਕ ਮਾਰਨਗੀਆਂ। ਮੈਂ ਗੱਡੇ 'ਤੇ ਲਦਾ ਦਿੱਤੀਆਂ ਹਨ। ਮੈਂ ਬੜਾ ਔਖਾ ਹੋ ਕੇ ਟਿੱਬੇ 'ਤੇ ਗੱਡਾ ਲੈ ਕੇ ਗਿਆ। ਜਦੋਂ ਉਨ੍ਹਾਂ ਦੀਆਂ ਲਾਸ਼ਾਂ ਲਾਹੁਣ ਲੱਗਾ ਤਾਂ ਮੈਂ ਵੱਡੀ ਕੁੜੀ ਦੀ ਲਾਸ਼ ਦੇਖ ਦੇ ਹਿੱਲ ਗਿਆ... ਮੇਰੇ ਸਾਹਮਣੇ ਉਹਦਾ ਭਰ ਜੋਬਨ ਸਰੀਰ ਆ ਗਿਆ। ਮੈਂ ਉਥੇ ਹੀ ਗੱਡਾ ਛੱਡ ਕੇ ਭੱਜ ਤੁਰਿਆ... ਨਾਨੀ ਦੱਸਦੀ ਹੁੰਦੀ ਸੀ ਤੈਨੂੰ ਲੈ ਕੇ ਅਸੀਂ ਕਾਫੀ ਦੇਰ ਸਿਆਣਿਆਂ ਕੋਲ ਫਿਰਦੇ ਰਹੇ ਸੀ। ਤੂੰ ਪਾਗਲਾਂ ਵਰਗੀਆਂ ਗੱਲਾਂ ਕਰਨ ਲੱਗ ਪਿਆ ਸੀ। ਉਦੋਂ ਕੁ ਬੰਗਿਆਂ 'ਚ ਲੱਗਾ ਮੁਸਲਮਾਨਾਂ ਦਾ ਕੈਂਪ ਅਟਾਰੀ ਵੱਲ ਨੂੰ ਤੁਰ ਪਿਆ ਸੀ। ਲੋਕੀਂ ਕੈਂਪ ਵਾਲੀ ਥਾਂ ਮੁਸਲਮਾਨਾਂ ਦਾ ਬਚਿਆ ਸਾਮਾਨ ਚੁੱਕ-ਚੁੱਕ ਘਰਾਂ ਨੂੰ ਲਿਆਉਣ ਲੱਗ ਪਏ ਸਨ। ਤੇ ਮੈਂ ਉਜੜੇ ਹੋਏ ਕੈਂਪ ਵਿਚੋਂ ਇਕ ਨਵੀਂ ਰਜਾਈ ਚੁੱਕ ਲਿਆਇਆ ਸੀ। ਜਦੋਂ ਘਰ ਆ ਨਾਨੀ ਮੋਹਰੇ ਰੱਖ ਕੇ ਖੋਹਲਣ ਲੱਗਾ ਤਾਂ ਉਹਦੇ ਵਿੱਚੋਂ ਨਵੇਂ ਜੰਮੇ ਨਿਆਣੇ ਦੀ ਲਾਸ਼ ਦੇਖ ਕੇ ਮੈਂ ਸੁੰਨ ਹੋ ਗਿਆ ਸੀ।

"ਵੇ ਮੂਰਖਾ ਏਹਨੂੰ ਕਿੱਥੋਂ ਚੁੱਕ ਲਿਆਇਆਂ, ਜਾਹ ਸੁੱਟ ਆ ਉੱਥੇ ਹੀ, ਸਾਡੇ ਘਰ ਬਥੇਰੀਆਂ ਰਜਾਈਆਂ।" ਪਰ ਮੈਂ ਤਾਂ ਪੱਥਰ ਹੋ ਗਿਆ ਸੀ।

ਹਾਲਾਤ ਕੁਝ ਠੀਕ ਹੋਣ ਤੇ ਸਾਨੂੰ ਨਵਾਂਸ਼ਹਿਰ ਲਾਗੇ ਦੇ ਪਿੰਡ ਬੈਰਸੀਆਂ ਵਿਖੇ ਜ਼ਮੀਨ ਅਲਾਟ ਹੋ ਗਈ ਸੀ। ਇਹ ਵੀ ਮੁਸਲਮਾਨਾਂ ਦਾ ਪਿੰਡ ਸੀ। ਏਥੋਂ ਸਾਰੇ ਮੁਸਲਮਾਨ ਉਜੜ ਗਏ ਸਨ। ਸਾਰਾ ਪਿੰਡ ਭਾਂਅ ਭਾਂਅ ਕਰ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਹੀ ਮੇਰੀ ਪਤਨੀ ਦੇ ਸੰਪਰਕ 'ਚ ਆਈ ਸਾਡੀ ਬਰਾਦਰੀ ਦੀ ਔਰਤ ਜਿਹਦਾ ਪਤੀ ਉਧਰ ਰੌਲਿਆਂ 'ਚ ਮਾਰਿਆ ਗਿਆ ਸੀ। ਮੈਂ ਪੰਡਤ ਦੀਨਾ ਨਾਥ ਦੇ ਘਰ ਬਿਠਾ ਦਿੱਤੀ ਸੀ। ਉਹ ਵੀ ਇਸੇ ਪਿੰਡ ਆ ਗਏ ਸਨ। ਉਹ ਔਰਤ ਸਿਮਰਨ ਕੌਰ ਤੋਂ ਸ਼ੀਲਾ ਦੇਵੀ ਬਣ ਗਈ ਸੀ। ਸ਼ੀਲਾ ਦੇਵੀ ਪਹਿਲੀ ਪਤਨੀ ਤੋਂ ਵੱਧ ਮੇਰਾ ਮੋਹ ਕਰਦੀ ਸੀ। ਇਹਦੀ ਕੁੱਖੋਂ ਹੀ ਹਰਿਗੁਪਾਲ ਹੋਇਆ ਸੀ, ਜਿਹਦੀ ਪਿਛਲੇ ਦਿਨੀਂ ਅੱਤਵਾਦੀਆਂ ਨੇ ਹੱਤਿਆ ਕਰ ਦਿੱਤੀ ਸੀ ਤੇ ਜਿਹਦੀ ਲਾਸ਼ ਸਾਡੇ ਖੇਤਾਂ ਵਿਚੋਂ ਮੁਸ਼ਕ ਮਾਰਦੀ ਲੱਭੀ ਸੀ।

…ਹਰਿਗੁਪਾਲ ਦਾ ਚੇਤਾ ਆਉਂਦਿਆਂ ਹੀ ਬੁੱਢੇ ਗੋਡਿਆਂ ਦੀ ਪੀੜ ਮੈਂ ਇਕ ਵਾਰ ਤਾਂ ਭੁੱਲ ਹੀ ਬੈਠਾ ਸੀ। ਹਰਿਗੁਪਾਲ ਤੇ ਮੇਰਾ ਛੋਟਾ ਮੁੰਡਾ ਸੁਰਿੰਦਰ ਹਾਣੀ ਹੀ ਸਨ, ਇਕ ਵਾਰ ਉਹ ਇਕੱਲੇ ਹੀ ਮੇਰੇ ਕੋਲ ਮੋਟਰ ਤੇ ਆ ਗਏ, ਉਦੋਂ ਉਹ ਨਿੱਕੇ ਨਿੱਕੇ ਸਨ। ਹਰਿਗੁਪਾਲ ਆਉਂਦਾ ਹੀ ਟਪੂਸੀਆਂ ਮਾਰਦਾ ਕਹਿਣ ਲੱਗਾ, "ਬਾਬੂ ਅਹੀਂ ਅੱਜ ਤੇਰਾ ਸਾਰਾ ਹਦਵਾਣਿਆਂ ਦਾ ਬਾੜਾ ਖਾਲੀ ਕਰ ਦੇਣਾ…।"

"ਉਏ ਸ਼ੇਰੋ ਜੀ ਸਦਕੇ ਕਰੋ…।"

"ਬੋਰੀ ਭਰ ਕੇ ਲਿਜਾਵਾਂਗੇ ਅੱਜ ਤਾਂ… ਚਾਰ ਦਿਨ ਰੱਜ ਰੱਜ ਖਾਵਾਂਗੇ।"

"ਸਹੁਰੀ ਦਿਆ ਪੁੱਤ ਕਿਹਦਾ ਤੂੰ ਆਖਰ… ਬਾਣੀਏਂ ਦਾ ਈ ਨਾ… ਉਹ ਤਾਂ ਜਿਥੇ ਜਾਣ ਹੂੰਝਾ ਫੇਰ ਜਾਂਦੇ ਆ।" ਪਰ ਉਨ੍ਹਾਂ ਕਮਲਿਆਂ ਨੇ ਤਾਂ ਮੇਰੀ ਗੱਲ ਹੀ ਨਹੀਂ ਸੁਣੀ। ਦਬਾਸਟ ਬਾੜੇ 'ਚ ਦੜੰਗੇ ਮਾਰਦੇ ਜਾ ਵੜੇ… ਮੋਟੇ ਮੋਟੇ ਹਦਵਾਣੇ ਤੋੜ ਕੇ ਪਾਣੀ ਵਾਲੇ ਚਲ੍ਹੇ 'ਚ ਸੁੱਟੀ ਜਾਣ… ਜਾਂਦੇ ਹੋਏ ਹਦਵਾਣਿਆਂ ਦੇ ਕੌਲੀਆਂ ਵਰਗੇ ਖੱਪੜਾਂ 'ਚ ਮੂਤ ਕਰਕੇ ਆਪ ਹਦਵਾਣੇ ਬੋਰੀ 'ਚ ਪਾਉਣ ਲੱਗ ਪਏ।

"ਬਾਪੂ ਸਾਡੇ ਕੋਲੋਂ ਨ੍ਹੀਂ ਪੀ ਹੋਇਆ ਹਦਵਾਣਿਆਂ ਦਾ ਪਾਣੀ…।" ਹਰਿਗੁਪਾਲ ਮੂੰਹ 'ਚ ਹੱਸ ਰਿਹਾ ਸੀ, ਨਾਲੇ ਦੱਸ ਰਿਹਾ ਸੀ। ਨਜਦੀਕ ਜਾ ਕੇ ਨੱਕ ਨਾਲ ਸੁੰਘਣ ਤੇ ਮੈਨੂੰ ਹਰੀ ਦੀ ਸਾਰੀ ਸ਼ਰਾਰਤ ਸਮਝ ਆ ਗਈ। "ਖੜ੍ਹ ਜਾ ਰਤਾ ਹਰੀ ਦੇ ਬੱਚਿਆ।" ਤੇ ਉਹ ਦੋਵੇਂ ਹਿੜ-ਹਿੜ ਕਰਕੇ ਭੱਜ ਪਏ ਸਨ। ਉਹ ਬਾਹਲਾ ਹੀ ਸ਼ਰਾਰਤੀ ਸੀ। ਹਰ ਪਾਸਿਉਂ ਚੁਸਤ, ਮੈਂ ਕਦੇ ਕਦੇ ਪੰਡਤ ਦੀਨਾ ਨਾਥ ਨੂੰ ਕਹਿੰਦਾ ਹੁੰਦਾ ਸੀ, "ਬਈ ਪੰਡਤਾ ਤੇਰਾ ਇਹ ਨੇਕ ਹਰੀ ਕਰੂ ਕੁਝ ਵੱਡਾ ਹੋ ਕੇ।"

ਫਿਰ ਉਹ ਕਹਿੰਦਾ ਦੇਖ ਬਈ ਜੋਗੀਆ ਕਿਸਮਤ ਦੀਆਂ ਲਕੀਰਾਂ ਸ਼ਾਇਦ ਉਗੜ ਹੀ ਆਉਣ। … ਸੱਚ ਮੁੱਚ ਦੀਨੇ ਦੇ ਤਿੰਨੋਂ ਮੁੰਡੇ ਕ੍ਰਿਸ਼ਨ ਲਾਲ, ਕਿਸ਼ੋਰੀ ਲਾਲ ਤੇ ਹਰਿਗੁਪਾਲ ਨੇਕ ਨਿਕਲੇ ਸਨ। ਉਨ੍ਹਾਂ ਪਿੰਡ 'ਚ ਹੀ ਛੋਟੀ ਜਿਹੀ ਦੁਕਾਨ ਪਾਈ ਸੀ ਤੇ ਉਸ ਦੁਕਾਨ ਨੂੰ ਹੀ ਥੋੜ੍ਹੇ ਜਿਹੇ ਸਮੇਂ ਵਿਚ ਵੱਡੀ ਥੋਕ ਦੀ ਦੁਕਾਨ ਵਿਚ ਬਦਲ ਦਿੱਤਾ ਸੀ। ਲਾਗਲੇ ਪਿੰਡ ਦੇ ਛੋਟੇ ਦੁਕਾਨਦਾਰ ਉਹਨਾਂ ਕੋਲੋਂ ਹੀ ਪਰਚੂਨ ਦਾ ਸਾਮਾਨ ਲੈਣ ਲੱਗ ਪਏ ਸਨ। ਹਰਿਗੋਪਾਲ ਨੇ ਜਦੋਂ ਬੀ. ਏ. ਕਰ ਲਈ, ਉਹਨੇ ਬੈਂਕ ਤੋਂ ਕਰਜ਼ਾ ਲੈ ਕੇ ਪਿੰਡੋਂ ਬਾਹਰ ਜਾਲੀਆਂ ਵਾਲਾ ਕਾਰਖਾਨਾ ਖੋਲ੍ਹ ਲਿਆ ਸੀ। ਉਹ ਬੂਹੇ ਤਾਕੀਆਂ ਨੂੰ ਲਾਉਣ ਵਾਲੀਆਂ ਲੋਹੇ ਦੀਆਂ ਜਾਲੀਆਂ ਬਣਾਉਂਦਾ।

ਪਾਕਿਸਤਾਨ ਛੱਡ ਆਏ ਹਵੇਲੀਆਂ ਵਰਗੇ ਘਰ ਉਨ੍ਹਾਂ ਮੁੜ ਇੱਧਰ ਉਸਾਰਨੇ ਸ਼ੁਰੂ ਕਰ ਦਿੱਤੇ ਸਨ। ਜਦੋਂ ਕਦੇ ਦੀਨੇ ਨੇ ਕੋਈ ਨਵਾਂ ਕੰਮ ਸ਼ੁਰੂ ਕਰਨਾ ਹੁੰਦਾ ਸੀ, ਉਹ ਮੇਰੀ ਸਲਾਹ ਜ਼ਰੂਰ ਲੈਂਦਾ, ਉਹਦੇ ਮੁੰਡੇ ਵੀ ਮੇਰਾ ਦੀਨੇ ਤੋਂ ਵੱਧ ਮੋਹ ਕਰਦੇ ਸਨ।

ਜਦੋਂ ਦੀਨਾ ਦੁਕਾਨ ਤੇ ਹੁੰਦਾ ਉਹ ਮੇਰੇ ਤੋਂ ਘੱਟ ਵੱਧ ਹੀ ਪੈਸੇ ਲੈਂਦਾ ਅਤੇ ਬਹੁਤ ਹੀ ਮਜਬੂਰ ਕਰਨ ਤੇ ਲੈ ਵੀ ਲੈਂਦਾ ਪਰ ਉਹਦੇ ਮੁੰਡੇ ਹੁੰਦੇ ਤਾਂ ਉਹ ਮੇਰੇ ਤੋਂ ਅਸਾਨੀ ਨਾਲ ਪੈਸੇ ਲੈ ਲੈਂਦੇ। ਜਦ ਮੈਂ ਇਕ ਦਿਨ ਆਪਣੇ ਪੋਤੇ ਦੇ ਜਨਮ ਦਿਨ ਲਈ ਲਿਆਂਦੇ ਸਾਮਾਨ ਦੇ ਦੀਨੇ ਨੂੰ ਪੈਸੇ ਦੇਣ ਲੱਗਾ ਤਾਂ ਉਹ ਬੋਲਿਆ ਸੀ, "ਉਏ ਜੋਗੀਆ… ਉਏ ਕਮਲਿਆ… ਮੈਂ ਤੇਰੇ ਕੋਲੋਂ ਪੈਸੇ ਲਵਾਂ … ਆਪਣੇ ਭਰਾ ਤੋਂ…।" ਤੇ ਉਦੋਂ ਉਹ ਬੋਲਦਾ ਬੋਲਦਾ ਅਤਿ ਦਾ ਭਾਵੁਕ ਹੋ ਗਿਆ ਸੀ।



…ਦੀਨਾ ਅਜੇ ਨਿੱਕਾ ਜਿਹਾ ਹੀ ਸੀ ਜਦੋਂ ਬਿਮਾਰੀ ਫੈਲਣ ਨਾਲ ਉਹਦੀ ਮਾਂ ਦੁੱਧ ਚੁੰਘਦੇ ਨੂੰ ਹੀ ਛੱਡ ਤੁਰੀ ਸੀ। ਉਹ 'ਕੱਤੇ' ਦੀ ਬਿਮਾਰੀ ਸੀ। ਉਦੋਂ ਅਸੀਂ ਏਹਦੇ ਬਾਪ ਦੇ ਕਰਜ਼ੇ ਥੱਲੇ ਸਾਂ ਜਿਸ ਕਾਰਨ ਮੇਰੇ ਪਿਉ ਨੇ ਦੀਨੇ ਨੂੰ ਘਰ ਲੈ ਆਂਦਾ ਸੀ। ਇਕੋ ਮਾਂ ਦਾ ਦੁੱਧ ਚੁੰਘਦੇ ਹੀ ਰਿੜ੍ਹਨ ਲੱਗੇ ਸਾਂ, ਜਦੋਂ ਕਦੇ ਮੇਰਾ ਰੋਟੀ ਖਾਂਦੇ ਦਾ ਧਿਆਨ ਹੋਰ ਪਾਸੇ ਚਲੇ ਜਾਂਦਾ ਤਾਂ ਦੀਨਾ ਅੱਖ ਬਚਾ ਕੇ ਸਾਰੀ ਦਾਲ ਪੀ ਜਾਂਦਾ ਸੀ। ਤੇ ਫਿਰ ਦੀਨੇ ਦੇ ਬਾਪੂ ਨੇ ਖੁਸ਼ ਹੋ ਕੇ ਸਾਡਾ ਕਰਜ਼ਾ ਅੱਧਾ ਕੁ ਮਾਫ ਕਰ ਦਿੱਤਾ ਸੀ। ਉਹ ਦਿਨ ਤੋਂ ਹੀ ਸਾਡੇ ਹਿਰਦਿਆਂ ਵਿਚ ਮੋਹ ਦੀਆਂ ਤੰਦਾਂ ਪੱਕੀਆਂ ਹੋਣ ਲੱਗ ਪਈਆਂ ਸਨ।

ਜਦੋਂ ਕਦੇ ਮੈਂ ਕਈ ਕਈ ਦਿਨ ਦੁਕਾਨ ਤੇ ਨਾ ਜਾਣਾ ਤਾਂ ਦੀਨਾ ਆਪ ਜਾ ਕੇ ਕਿਸੇ ਕਾਮੇ ਮੁੰਡੇ ਦੇ ਹੱਥ ਸਾਡੇ ਘਰੇ ਰਾਸ਼ਨ ਦੇ ਜਾਂਦਾ ਤੇ ਮੈਨੂੰ ਮਜਬੂਰ ਹੋ ਕੇ ਦੁਕਾਨ ਤੇ ਪੈਸੇ ਦੇਣ ਜਾਣਾ ਪੈਂਦਾ। ਫਿਰ ਮੈਨੂੰ ਦੁਕਾਨ 'ਤੇ ਨਾ ਆਉਣ 'ਤੇ ਗੱਲ-ਗੱਲ ਨਿਹੋਰੇ ਮਾਰਦਾ। ਮੈਂ ਉਦੋਂ ਗੱਲ ਆਲੇ ਟਾਲੇ ਪਾ ਕੇ ਮਸਾਂ ਹੀ ਪਿੱਛਾ ਛੁਡਾਉਂਦਾ।

ਆਪਣੀ ਮਿਹਨਤ ਸਦਕਾ ਹਰਿਗੁਪਾਲ ਨੇ ਕਾਰਖਾਨੇ ਨੂੰ ਵੱਡਾ ਕਰਨਾ ਸ਼ੁਰੂ ਕਰ ਦਿੱਤਾ ਸੀ। ਕਈ ਕਾਮੇ ਰੱਖ ਲਏ ਸਨ। ਲਿਖਤ ਪੜ੍ਹਤ ਦਾ ਕੰਮ ਕਰਨ ਲਈ ਕਈ ਕਲਰਕ ਵੀ ਰੱਖ ਲਏ, ਫਿਰ ਤਾਂ ਪੰਡਤ ਦੀਨਾ ਨਾਥ ਛੋਟੇ ਮੁੰਡੇ ਦੀ ਨਵੀਂ ਕਾਰ 'ਚ ਮੈਨੂੰ ਘਰ ਮਿਲਣ ਆਉਂਦਾ ਸੀ।

ਚੰਗੇ ਦਿਨ ਗੁਜ਼ਾਰ ਰਹੇ ਪੰਡਤ ਦੀਨਾ ਨਾਥ ਨੂੰ ਕੀ ਪਤਾ ਸੀ ਉਹਦਾ ਹੀਰੇ ਵਰਗਾ ਜੁਆਨ ਹਰਿਗੁਪਾਲ ਇੰਝ ਉਹਦੇ ਸਾਹਮਣੇ ਲਾਸ਼ ਬਣ ਕੇ ਪੈ ਜਾਵੇਗਾ।

ਸਰਪੰਚ ਦੀ ਅਵਾਜ਼ ਨੇ ਮੇਰੀ ਸੋਚ ਨੂੰ ਮੁੜ ਕੱਚੇ ਰਾਹੇ ਤੋਰ ਦਿੱਤਾ ਸੀ, "ਬਜ਼ੁਰਗਾ ਕਿੱਧਰ ਐਨੀ ਧੁੱਪ 'ਚ … ਮੁੰਡਾ ਹੈ ਨ੍ਹੀਂ ਸੀ ਘਰੇ…?"

ਮੈਂ ਐਨਕਾਂ ਵਿਚ ਦੀ ਝਾਕਦਿਆਂ ਉਹਦੇ ਵੱਲ ਤੱਕਿਆ? "ਕੌਣ ਬਈ… ਸਰਪੰਚ ਐ?" ਫਿਰ ਮੈਂ ਰੁਕ ਕੇ ਮੂੰਹ ਉਪਰ ਚੁੱਕ ਕੇ ਬੋਲਿਆ, "ਯਾਰ ਮੈਂ ਅੱਡੇ 'ਤੇ ਐਵੇਂ ਗੇੜਾ ਮਾਰਨ ਆਇਆ ਸੀ, ਘਰੇ ਵੀ ਸਮਾਂ ਨੀ ਲੰਘਦਾ।"

"ਚੰਗਾ-ਚੰਗਾ ਠੀਕ ਆ… ਹਾਂ ਦੀਨਾ ਨਾਥ ਨੂੰ ਹੌਸਲਾ ਦਿਆ ਕਰ… ਉਹ ਤਾਂ ਜਮਾਂ ਈ ਰਹਿ ਗਿਆ, ਜਿੱਦਣ ਦਾ ਹਰੀ…।"

ਸਰਪੰਚ ਆਪ ਤਾਂ ਭਾਵੇਂ ਅੱਗੇ ਲੰਘ ਲਿਆ ਸੀ ਪਰ ਹਰਿਗੁਪਾਲ ਦੇ ਭੂਤ ਨੂੰ ਮੇਰੇ ਮਗਰ ਲਾ ਗਿਆ ਸੀ।

…ਉਸ ਦਿਨ ਰਾਤ ਕਾਫ਼ੀ ਗੂੜ੍ਹੀ ਹੋ ਗਈ ਸੀ। ਨੌਂ ਕੁ ਦਾ ਸਮਾਂ ਹੋਵੇਗਾ, ਮੈਂ ਮੋਟਰ ਤੋਂ ਆ ਨਹਾ ਕੇ ਮੰਜੇ ਤੇ ਰੋਟੀ ਖਾਣ ਬੈਠਾ ਸੀ। ਓਪਰਾ ਬੰਦਾ ਵੇਹੜੇ 'ਚ ਆਉਂਦਾ ਦੇਖ ਕੇ ਮੈਂ ਤੇ ਰੋਟੀ ਖਾਂਦਾ ਖਾਂਦਾ ਰੁਕ ਗਿਆ ਸੀ,

"ਬਾਪੂ ਜੀ ਮੈਂ ਕਾਰਖਾਨੇ ਤੋਂ ਆਇਆਂ।"

"ਹਾਂ, ਦੱਸ ਕੀ ਗੱਲ ?"

"ਉਹ …ਹ. ਆਪਣੇ ਬਾਬੂ ਹਰਿਗੁਪਾਲ ਨੂੰ ਲੈ ਗਏ…।"

ਮੈਂ ਉਹਦੀ ਗੱਲ ਸੁਣ ਕੇ ਉੱਠ ਪਿਆ ਸੀ, "ਕੌਣ ਲੈ ਗਏ ਬਈ… ਕਿੱਥੇ ਲੈ ਗਏ?"

"ਕਹਿੰਦੇ ਅੱਤਵਾਦੀ ਆਏ ਸੀ... ਉਨ੍ਹਾਂ ਦੇ ਮੂੰਹ ਢੱਕੇ ਹੋਏ ਸਨ, ਮਰੂਤੀ ਕਾਰ 'ਚ ਬੈਠ ਕੇ ਲੈ ਗਏ... ਬਾਬੂ ਹਰਿਗੁਪਾਲ ਬਸ ਲੇਲ੍ਹੜੀਆਂ ਹੀ ਕੱਢਦਾ ਰਿਹਾ।"

ਉਸ ਸਮੇਂ ਮੁੰਡੇ ਦੀ ਗੱਲ ਸੁਣ ਕੇ ਮੇਰਾ ਬੁੱਢਾ ਸਰੀਰ ਮਿੱਟੀ ਹੋ ਗਿਆ ਸੀ, ਹੱਥ ਪੈਰ ਕੰਬਣ ਲੱਗ ਪਏ ਸਨ। ਮੈਂ ਰੋਟੀ ਉੱਥੇ ਹੀ ਛੱਡ, ਕਾਰਖਾਨੇ ਵੱਲ ਤੁਰ ਪਿਆ ਸੀ। ਮੇਰੇ ਮੁੰਡੇ ਤੇ ਸਵਰਨੀ ਵੀ ਮੇਰੇ ਮਗਰ ਹੀ ਆ ਗਏ ਸਨ। ਕਾਰਖਾਨੇ ਪਿੱਟ-ਸਿਆਪਾ ਪਿਆ ਹੋਇਆ ਸੀ। ਦੀਨਾ ਨਾਥ ਤੇ ਸ਼ੀਲਾ ਦੇਵੀ ਦਾ ਬੁਰਾ ਹਾਲ ਸੀ। ਮੇਰੇ ਗਲੇ ਲੱਗ ਕੇ ਸ਼ੀਲਾ ਦੇਵੀ ਉੱਚੀ ਉੱਚੀ ਹਟਕੋਰੇ ਭਰਨ ਲੱਗ ਪਈ ਸੀ। ਮੈਂ ਮਸਾਂ ਹੀ ਪੁੱਛਿਆ ਸੀ, "ਨਾਹ ਭਾਬੀ ਹੋਇਆ ਕੀ ਏ?"

"ਹੋਣਾ ਕੀ ਭਰਾਵਾ... ਚਾਰ ਜਣੇ ਆਏ ਬੰਦੂਕ ਲੈ ਕੇ... ਬਸ ਆਉਂਦਿਆਂ ਹਰੀ ਨੂੰ ਬੰਦੂਕਾਂ ਦਖਾ ਕੇ ਖੜ੍ਹਾ ਕਰ ਲਿਆ, "ਤੂੰ ਈ ਆਂ ਉਏ ਹਰੀ?" ਇਕ ਬੋਲਿਆ। ਫਿਰ ਜੀ ਉਹ ਘਰ ਨੂੰ ਲੈ ਤੁਰੇ ਸ਼ੁਕਰ ਕਰ ਤੂੰ ਬਾਕੀ ਦੇ ਘਰ ਨਹੀਂ ਸੀ... ਨਈਂ ਤਾਂ ਕੋਈ ਹੱਜ ਸੀ... ਜਦੋਂ... ਜਦੋਂ ਬੰਦੂਕਾਂ ਮੂਹਰੇ ਲੱਗਿਆ ਹਰੀ ਦੇਖਿਆ ਤਾਂ ਸਾਡੇ ਤਾਂ ਸਾਹ ਹੀ ਨਿਕਲ ਗਏ... ਸਾਰੇ ਨਿਆਣੇ ਡਰ ਕੇ ਰੋਣ ਲੱਗ ਪਏ।"

"ਕੀ ਕਹਿ ਗਏ, ਉਹ ਜਾਂਦੇ ਹੋਏ?" ਮੈਂ ਕਿਹਾ ਸੀ।

"ਕਹਿੰਦੇ ਜੇ ਪੁਲਿਸ ਨੂੰ ਦੱਸਿਆ ਤਾਂ ਸਾਰੇ ਟੱਬਰ ਨੂੰ ਸੋਧ ਦਿਆਂਗੇ।" ਘਬਰਾਇਆ ਕਿਸ਼ੋਰੀ ਲਾਲ ਬੋਲਿਆ।

ਫਿਰ ਕੁਝ ਪਲਾਂ ਬਾਅਦ ਹੀ ਅਸੀਂ ਠਾਣੇ ਟੈਲੀਫੋਨ ਕਰ ਦਿੱਤਾ ਸੀ। ਕਿਸ਼ੋਰੀ ਹੁਣੀਂ ਬੰਦੇ ਲੈ ਕੇ ਉਨ੍ਹਾਂ ਦੇ ਮਗਰ ਵੀ ਗਏ। ਉਨ੍ਹਾਂ ਨਹਿਰ ਤੋਂ ਹੁੰਦੇ ਹੋਇਆਂ ਪਿੰਡ ਵੱਲ ਨੂੰ ਕਾਰ ਪਾ ਲਈ ਸੀ। ਕਾਰ ਉਹ ਉੱਥੇ ਹੀ ਛੱਡ ਕੇ ਕਮਾਦੀਂ 'ਚ ਜਾ ਵੜੇ ਸਨ। ਕਮਾਦ ਦੀ ਫ਼ਸਲ ਆਦਮੀ ਦੇ ਸਿਰ ਜਿੱਡੀ ਜਿੱਡੀ, ਜੰਗਲ ਵਾਂਗ ਸੰਘਣੀ ਸੀ। ਖੇਤਾਂ ਦੇ ਖੇਤ ਕਮਾਦ ਨਾਲ ਭਰੇ ਹੋਏ ਸਨ। ਕਾਰ ਦੇਖ ਕੇ ਕਿਸ਼ੋਰੀ ਲਾਲ ਹੁਣੀਂ ਮੁਰਝਾਏ ਜਿਹੇ ਮੂੰਹ ਲੈ ਕੇ ਘਰ ਪਰਤ ਆਏ ਸਨ। ਮੁੜਦਿਆਂ ਵਕਤ ਪੁਲਿਸ ਦੀ ਗੱਡੀ ਆਈ ਸੀ। ਕਾਰ ਖੜ੍ਹੀ ਬਾਰੇ ਦੱਸ ਕੇ ਪੁਲਿਸ ਨੂੰ ਕਹਿਣ ਲੱਗੇ ਸੀ, "ਸਾਹਬ ਜੀ ਮੁੰਡੇ ਨੂੰ ਬਚਾ ਲਓ।"

ਉਦੋਂ ਸਾਰਾ ਪਿੰਡ ਹੀ ਤਾਂ ਡਰਿਆ ਫਿਰ ਰਿਹਾ ਸੀ। ਹਰ ਇਕ ਦੇ ਮੂੰਹ ਤੇ ਸਹਿਮ ਦੀ ਪਰਤ ਚੜ੍ਹ ਗਈ ਸੀ। ਪੰਡਤ ਦੀਨਾ ਨਾਥ ਦੀਆਂ ਨੂੰਹਾਂ ਅਤੇ ਸ਼ੀਲਾ ਦੇਵੀ ਹੁਣਾਂ ਨੂੰ ਮੇਰੀ ਘਰਵਾਲੀ ਹੌਸਲਾ ਦੇ ਰਹੀ ਸੀ ਪਰ ਉਨ੍ਹਾਂ ਦਾ ਬੁਸ-ਬੁਸ ਕਰਨਾ ਥੰਮਿਆ ਨਹੀਂ ਸੀ ਜਾ ਰਿਹਾ।

ਦੀਨਾ ਨਾਥ ਤਾਂ ਮੈਨੂੰ ਉਸ ਦਿਨ ਬਹੁਤ ਬੁੱਢਾ ਹੋ ਗਿਆ ਲੱਗਿਆ ਸੀ। ਉਹਦੇ ਚਿਹਰੇ 'ਤੇ ਝੁਰੜੀਆਂ ਪਲਾਂ 'ਚ ਹੀ ਹੋਰ ਉਭਰ ਆਈਆਂ ਸਨ। ਹਰੀ ਦੇ ਅਗਵਾ ਹੋ ਜਾਣ ਤੋਂ ਬਾਅਦ ਉਹ ਚੁੱਪ ਹੀ ਹੋ ਗਿਆ ਸੀ। ਬਹੁਤ ਘੱਟ ਬੋਲਦਾ।

ਉਸ ਰਾਤ ਮੈਂ ਤਾਂ ਕੀ ਸਾਰਾ ਪਿੰਡ ਹੀ ਨਹੀਂ ਸੁੱਤਾ ਸੀ। ਮੇਰੀ ਪਤਨੀ ਭਾਵੇਂ ਮੈਨੂੰ ਹੌਸਲਾ ਰੱਖਣ ਨੂੰ ਕਹਿ ਰਹੀ ਸੀ। ਪਰ ਆਪ ਉਹ ਅੰਦਰੋਂ ਮੇਰੇ ਨਾਲੋਂ ਵੀ ਵੱਧ ਰੋ ਰਹੀ ਸੀ।

ਦੂਜੇ ਦਿਨ ਸਵੇਰੇ ਜਦ ਮੈਂ ਤੇ ਸਵਰਨ ਕੌਰ ਦੀਨੇ ਹੁਣਾਂ ਦੇ ਘਰ ਗਏ, ਤਾਂ ਦੀਨਾ ਡਰਿਆ ਡਰਿਆ ਜਿਹਾ ਵਿਹੜੇ 'ਚ ਖੂੰਡੀ ਲੈ ਕੇ ਕੁਰਸੀ ਤੇ ਬੈਠਾ ਸੀ।



"ਉਏ ਯਾਰ ਤੂੰ ਹੌਸਲਾ ਰੱਖ... ਕੁਝ ਨੀ ਹੁੰਦਾ ਉਹਨੂੰ ... ਪੈਸੇ ਪੂਸੇ ਲੈਣ ਦੇ ਮਾਰੇ ਈ ਅਗਵਾ ਕਰਦੇ ਆ, ਹੋਰ ਮਾਰਦੇ ਥੋੜ੍ਹਾ ਆ...।" ਮੈਂ ਬੈਠੀ ਹੋਈ ਆਵਾਜ਼ ਨਾਲ ਬਹੁਤ ਹੌਲੀ ਹੌਲੀ ਬੋਲ ਰਿਹਾ ਸੀ।

"ਲੱਗ ਜੂ ਅੱਜ ਭਲਕੇ ਪਤਾ।" ਮੈਂ ਕਹਿੰਦਾ।

"ਭਰਾਵਾ ਇਹ ਸਭ ਇਹ ਗੋਰਖ ਧੰਦਾ ਹੈ... ਪਤਾ ਨ੍ਹੀ ਸਮੇਂ ਨੂੰ ਕੀ ਮਾਰ ਵਗੀ ਆ।... ਤੂੰ ਹੌਸਲਾ ਰੱਖ...।" ਮੇਰੇ ਨਾਲ ਹੀ ਆਇਆ ਲੰਬੜਦਾਰ ਬੜੇ ਠਰ੍ਹੰਮੇ ਨਾਲ ਆਪਣੀ ਕੱਕੀ ਦਾੜ੍ਹੀ 'ਤੇ ਹੱਥ ਫੇਰਦਾ ਬੋਲਿਆ ਸੀ।

"ਦੇਖ ਭਰਜਾਈ ਤੂੰ ਅੱਪਰੇ ਵਾਲੇ ਇੰਗਲੈਂਡੀਏ ਦੇ ਮੁੰਡੇ ਦੀ ਗੱਲ ਨ੍ਹੀਂ ਸੁਣੀ, ਉਹਨੂੰ ਹਰਿਗੁਪਾਲ ਵਾਂਗੂ ਇਹੋ ਜਿਹੇ ਲੋਕ ਲੈ ਗਏ ਚੁੱਕ ਕੇ... ਮੁਕਦੀ ਗੱਲ ਉਨ੍ਹਾਂ ਨਾਲ ਦੋ ਲੱਖ ਦਾ ਸੌਦਾ ਹੋਇਆ... ਮੁੰਡਾ ਉਨ੍ਹਾਂ ਛੱਡ 'ਤਾ।" ਮੈਂ ਸ਼ੀਲਾ ਦੇਵੀ ਨੂੰ ਸਮਝਾਣ ਲੱਗ ਪਿਆ ਸੀ।

ਅਸੀਂ ਸਭ ਹਰਿਗੁਪਾਲ ਤੇ ਉਨ੍ਹਾਂ ਦੇ ਸੁਨੇਹੇ ਨੂੰ ਉਡੀਕਦੇ ਰਹੇ ਪਰ ਉਹ ਦਿਨ ਨਾ ਆਇਆ। ਕਾਰਖਾਨਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਸੀ। ਦੁਕਾਨ ਨੂੰ ਜਿੰਦਾ ਲੱਗ ਗਿਆ ਸੀ। ਕਿਸ਼ੋਰੀ ਲਾਲ ਤੇ ਕ੍ਰਿਸ਼ਨ ਲਾਲ ਬਹੁਤ ਘੱਟ ਘਰ ਰਹਿਣ ਲੱਗੇ ਸਨ। ਮੇਰੀਆਂ ਨੂੰਹਾਂ ਤੇ ਸਵਰਨੀ ਸਵੇਰੇ ਜਾ ਕੇ ਘਰੋਂ ਰੋਟੀ ਪਕਾ ਕੇ ਦੀਨੇ ਹੁਣਾਂ ਨੂੰ ਖਵਾ ਆਉਂਦੀਆਂ। ਇੰਝ ਉਡੀਕਦਿਆਂ ਉਡੀਕਦਿਆਂ ਹੀ ਚਾਰ ਪੰਜ ਦਿਨ ਬੀਤ ਗਏ। ਫਿਰ ਉਨ੍ਹਾਂ ਦਾ ਸੁਨੇਹਾ ਵੀ ਮਿਲਿਆ ਕਿ ਤਿੰਨ ਲੱਖ ਰੁਪਈਆ ਫਲਾਣੇ ਟਿਕਾਣੇ ਰੱਖ ਜਾਉ... ਨਹੀਂ ਤਾਂ ਤੁਹਾਡਾ ਮੁੰਡਾ ਮਾਰ ਦਿੱਤਾ ਜਾਊ ਤੇ ਦੀਨੇ ਹੁਣਾਂ ਨੇ ਪੁਲਿਸ ਤੋਂ ਚੋਰੀ ਪੈਸੇ ਵੀ ਦੱਸੇ ਟਿਕਾਣੇ ਉੱਤੇ ਪਹੁੰਚਾ ਦਿੱਤੇ। ... ਪਰ ਹਾਲੇ ਤੀਕ ਹਰਿਗੁਪਾਲ ਉਨ੍ਹਾਂ ਨਹੀਂ ਛੱਡਿਆ ਸੀ।

ਇਨ੍ਹਾਂ ਦਿਨਾਂ ਵਿਚ ਹੀ ਮੇਰਾ ਖੇਤਾਂ 'ਚ ਜਾਣ ਨੂੰ ਭੋਰਾ ਚਿੱਤ ਨਹੀਂ ਸੀ ਕਰਦਾ। ਸਾਡਾ ਨੌਕਰ ਮੰਗਲੀ ਤਾਂ ਡਰਦਾ ਮੂੰਹ ਵੀ ਨਹੀਂ ਸੀ ਕਰਦਾ। ਮੈਂ ਕਮਾਦੀ ਦੇ ਚਾਰ ਕੁ ਖੇਤ ਬੀਜੇ ਸਨ। ਉਹ ਹੁਣ ਉਹ ਵੱਢਣ ਵਾਲੀ ਸੀ। ਕਈਆਂ ਦਿਨਾਂ ਤੋਂ ਕਮਾਦੀ ਵਾਲੇ ਖੇਤ ਸੁੱਕੇ ਹੋਏ ਸਨ। ਜਦੋਂ ਇਸ ਕਮਾਦੀ ਵਿਚ ਹਰਿਗੁਪਾਲ ਨੂੰ ਲੈ ਕੇ ਅੱਤਵਾਦੀ ਸਪਨ ਹੋਏ ਸਨ, ਹਰ ਕੋਈ ਏਧਰ ਜਾਣ ਤੋਂ ਡਰਦਾ ਸੀ... ਕੀ ਪਤਾ ਕਦੋਂ ਉਹ ਵਿਚੋਂ ਨਿਕਲ ਕੇ ਕਿਸ ਨੂੰ ਗੋਲੀ ਮਾਰ ਦੇਣ। ਆਪਣੇ ਨੌਕਰ ਮੰਗਲੀ ਨੂੰ ਲੈ ਕੇ ਮੈਂ ਜਿਗਰੇ ਨਾਲ ਕਮਾਦੀ ਨੂੰ ਪਾਣੀ ਲਾਉਣ ਲਈ ਤੁਰ ਪਿਆ ਸੀ।

"ਸਰਦਾਰ ਜੀ ਜੇ ਉਹ ਬੰਦੂਕਾਂ ਵਾਲੇ ਅੱਤਵਾਦੀ ਉੱਥੇ ਹੋਏ... ਮੈਨੂੰ ਤਾਂ ਉਹ ਮਾਰ ਦੇਣਗੇ... ਕਹਿੰਦੇ ਭਈਆਂ ਨੂੰ ਵੀ ਮਾਰਦੇ ਆ...।" ਬਚਪਨ ਤੋਂ ਹੀ ਸਾਡੇ ਘਰ ਰਹਿੰਦੇ ਮੰਗਲੀ ਨੇ ਕਿੰਨੀ ਭੋਲੀ ਜਿਹੀ ਗੱਲ 'ਚ ਕੌੜੀ ਜ਼ਹਿਰ ਵਰਗੀ ਗੱਲ ਕਰ ਦਿੱਤੀ ਸੀ। ਮੇਰੇ ਘਰੋਂ ਸਵਰਨੀ ਵੀ ਮੰਗਲੀ ਨੂੰ ਪੁੱਤਾਂ ਵਾਂਗ ਮੋਹ ਕਰਦੀ ਸੀ।

"ਉਏ ਨਹੀਂ ਕਮਲਿਆ... ਕੋਈ ਨਹੀਂ ਮਾਰਨ ਲੱਗਾ ਤੈਨੂੰ... ਐਵੇਂ ਮੋਕ ਮਾਰੀ ਜਾਂਦੈਂ।" ਮੈਂ ਖੁਸ਼ਕ ਜਿਹਾ ਹਾਸਾ ਬੜਾ ਜ਼ੋਰ ਨਾਲ ਹੱਸਿਆ ਸੀ।

ਮੋਟਰ ਕੋਲ ਪਹੁੰਚ ਕੇ ਮੈਂ ਕਿਹਾ ਸੀ, "ਜਾਹ ਤੂੰ ਮੰਗਲੀ ਪੁੱਤ ਬਾਜਰਾ ਵੱਢ ਆ ਦੋ ਚਾਰ ਭਰੀਆਂ... ਮੈਂ ਆਪ ਹੌਲੀ-ਸਹਿਜੇ ਨੱਕੇ ਮੋੜ ਲਊਂ...।" ਉਹਨੂੰ ਬਾਜਰੇ ਵੱਲ ਤੋਰ ਮੈਂ ਕਮਾਦੀ ਨੂੰ ਪਾਣੀ ਲਾਉਣ ਲੱਗ ਪਿਆ ਸੀ।

ਪਾਣੀ ਕਿਆਰੇ ਦੇ ਧੁਰ ਪਹੁੰਚਿਆ ਦੇਖਣ ਲਈ ਮੈਂ ਉੱਠ ਤੁਰਿਆ ਸੀ। ਨਾਲ ਨਾਲ ਹੀ ਕਮਾਦੀ ਦੇ ਗੰਨੇ ਟੁੱਟੇ ਮੈਂ ਨੀਝ ਨਾਲ ਦੇਖਦਾ ਜਾਂਦਾ, "ਸ਼ਾਇਦ ਇੱਧਰ ਆਏ ਹੋਣ।" ਸੋਚ ਕੇ ਡਰਦਾ ਜਾਂਦਾ। ਜਦੋਂ ਮੈਂ ਕਿਆਰੇ ਦੇ ਅੱਧ ਕੁ 'ਚ ਪਹੁੰਚਿਆ ਤਾਂ ਮੈਨੂੰ ਬੜੀ ਸੜੀ ਹੋਈ ਬੂ ਆਉਂਦੀ ਮਹਿਸੂਸ ਹੋਈ। ਧੁਰ ਪਹੁੰਚਣ ਤੇ ਦੇਖਿਆ ਕਿਆਰਾ ਭਰਿਆ ਹੋਇਆ ਸੀ ਪਰ ਮੈਨੂੰ ਬੂ ਹੋਰ ਤੇਜ਼ ਆਉਂਦੀ ਮਹਿਸੂਸ ਹੋਈ ਤੇ ਮੈਂ ਬੂ ਬਾਰੇ ਸੋਚਦਾ ਬੰਨੇ ਤੇ ਬੈਠ ਗਿਆ... ਲੱਗਾ ਜਿਵੇਂ ਕਿਸੇ ਲਾਸ਼ 'ਚੋਂ ਮੁਸ਼ਕ ਆ ਰਿਹਾ ਹੋਵੇ। ਮੈਂ ਮੰਗਲੀ ਨੂੰ ਹਾਕ ਮਾਰੀ ਸੀ, "ਓਅ... ਓ... ਮੰਗਲੀ ਭੱਜ ਕੇ ਆ ਛੇਤੀ।" ਹਾਕ ਮਾਰਦਿਆਂ ਮੈਨੂੰ ਸਾਹ ਚੜ੍ਹ ਗਿਆ ਸੀ। ਮੰਗਲੀ ਦੇ ਨਜ਼ਦੀਕ ਆਉਣ 'ਤੇ ਮੈਂ ਕਿਹਾ, "ਉਏ ਮੰਗਲੀ ਐਂ ਲੱਗਦਾ ਜਿਵੇਂ ਕੋਈ ਲੋਥ ਮੁਸ਼ਕ ਮਾਰਦੀ ਹੋਵੇ... ਹੋ ਤਾਂ ਗਹਾਂ... ਐਥੋਂ ਮੁਸ਼ਕ ਜਿਹਾ ਬਾਹਲਾ ਆਉਂਦਾ।"

"ਮੈਂ ਦੇਖਦਾਂ ਬਾਪੂ।" ਕਹਿੰਦਾ ਮੰਗਲੀ ਕਮਾਦੀ 'ਚ ਜਾ ਵੜਿਆ ਸੀ ਫਿਰ ਮੈਨੂੰ ਉਹਦੀ ਰੌਲੀ ਵਰਗੀ ਆਵਾਜ਼ ਸੁਣੀ ਸੀ, "ਬਾਪੂ ਇਹ ਤਾਂ ਲਾਸ਼ ਆ... ਫੁੱਲੀ ਹੋਈ...।"

ਤੇ ਪਲਾਂ 'ਚ ਮੰਗਲੀ ਬੰਦੇ 'ਕੱਠੇ ਕਰਕੇ ਲੈ ਆਇਆ ਸੀ। ਲਾਸ਼ ਜਦੋਂ ਬਾਹਰ ਲਿਆਂਦੀ ਸੀ ਤਾਂ ਮੈਂ ਧਾਹੀਂ ਰੋ ਪਿਆ ਸੀ। ਹਰਿਗੁਪਾਲ ਫੁੱਲੀ ਹੋਈ, ਮੁਸ਼ਕ ਮਾਰਦੀ ਲਾਸ਼ ਵਿਚ ਬਦਲ ਕੇ ਮੇਰੇ ਸਾਹਮਣੇ ਪਿਆ ਸੀ। ਲਾਸ਼ ਦੀ ਖਬਰ ਅੱਗ ਵਾਂਗ ਸਾਰੇ ਪਿੰਡ 'ਚ ਮੂੰਹੋਂ ਮੂੰਹੀ ਹੁੰਦੀ ਹੋਈ ਫੈਲ ਗਈ ਸੀ। ਦੀਨਾ ਤੇ ਸ਼ੀਲਾ ਹੁਣੀਂ ਸਾਰੇ ਭੱਜ ਆਏ ਸਨ।

"ਮੇਰਾ ਹੀਰਾ...ਕਿੱਥੇ ਆ ਮੇਰਾ ਹੀਰਾ...ਉਏ ਮੂਰਖੋ...ਏਹ ਕੀ ਤੁਸੀਂ ਕਹਿਰ ਕੀਤਾ... ਏਹਦੀ ਥਾਂ ਮੈਨੂੰ ਮਾਰ ਦਿੰਦੇ...ਉਏ ਜ਼ਾਲਮੋਂ ਹਾਏ...ਹਾਏ।" ਭੁੱਬਾਂ ਮਾਰਦੀ ਸ਼ੀਲਾ ਦੇਵੀ ਹਰਿਗੁਪਾਲ ਦੀ ਲਾਸ਼ 'ਤੇ ਢੇਰੀ ਹੋ ਗਈ ਸੀ। ਦੀਨਾ ਨਾਥ ਅਲੱਗ ਅੱਥਰੂ ਕੇਰੀ ਜਾ ਰਿਹਾ ਸੀ। ਖੂੰਡੀ ਦੇ ਸਹਾਰੇ ਵੀ ਖੜ੍ਹਾ ਕੰਬੀ ਜਾ ਰਿਹਾ ਸੀ। ਮੁੰਡਿਆਂ ਨੇ ਸ਼ੀਲਾ ਦੇਵੀ ਨੂੰ ਅਲੱਗ ਕਰਕੇ ਪਾਣੀ ਪਿਆਇਆ ਸੀ। ਉਹਦੀਆਂ ਬਾਹਾਂ ਹੱਥਾਂ ਤੇ ਹਰਿ ਗੁਪਾਲ ਦੀ ਗਲੀ ਸੜੀ ਹੋਈ ਚਮੜੀ ਚੁੰਮੜ ਗਈ ਸੀ। ਫਿਰ ਤਾਂ ਮੈਨੂੰ ਵੀ ਯਾਦ ਨਹੀਂ ਕਦੋਂ ਉਹਦੀ ਲਾਸ਼ ਚੁੱਕ ਕੇ ਲਗਏ ਸਨ। ਮੇਰਾ ਦਿਮਾਗ ਤਾਂ ਜਿਵੇਂ ਪੂਰੀ ਤਰ੍ਹਾਂ ਹਿੱਲ ਹੀ ਗਿਆ ਸੀ। ਮੇਰੀ ਹਾਲਤ ਉਸ ਵੇਲੇ ਵਰਗੀ ਹੋ ਗਈ ਸੀ ਜਦੋਂ ਦੰਗਿਆਂ ਦੇ ਉਜਾੜੇ ਵੇਲੇ ਲਾਸ਼ਾਂ ਲਾਹੁੰਦਿਆਂ ਹੋ ਗਈ ਸੀ।

ਫਿਰ ਮੈਂ ਘਰ ਨੂੰ ਆ ਗਿਆ। ਦੋਚਿੱਤੀ ਜਿਹੀ 'ਚ ਪਿਆ ਮੈਂ ਸਵਰਨੀ ਨੂੰ ਹਾਕ ਮਾਰੀ ਸੀ? "ਮੈਂ ਕਿਹਾ ਸ਼ਿੰਦੇ ਦੀ ਮਾਂ... ਉਰੇ ਆ ਜ਼ਰਾ...।"

ਆਪਣੇ ਪੋਤੇ ਨੂੰ ਚੁੱਕੀ ਉਹ ਮੇਰੇ ਲਾਗੇ ਆ ਖੜ੍ਹੀ, "ਕੀ ਆ ਸ਼ਿੰਦੇ ਦੇ ਬਾਪੂ ਸੁੱਖ ਤਾਂ ਹੈ।"

"ਸੁੱਖ ਨੂੰ ਕੀ ਹੁਣ ਗੋਲੀ ਵੱਜੀ ਆ... ਰੋਟੀ ਦਾ ਟੁੱਕ ਤੇ ਦੇਹ ਮੈਨੂੰ ਮੈਂ ਦੀਨੇ ਵੱਲ ਜਾਣਾ।"

"ਹਲਾ।" ਤੇ ਉਹ ਮੈਨੂੰ ਰੋਟੀ ਦੇ ਗਈ ਸੀ।

ਮੈਂ ਰੋਟੀ ਖਾਣ ਤਾਂ ਲੱਗ ਪਿਆ ਸੀ ਪਰ ਸੰਘੋਂ ਰੋਟੀ ਲੰਘਦੀ ਨਹੀਂ ਸੀ। ਡੇਢ ਕੁ ਰੋਟੀ ਖਾ ਮੈਂ ਉੱਠ ਤੁਰਿਆ ਸੀ।



ਅੱਡੇ ਤੇ ਥੋੜ੍ਹਾ ਚਿਰ ਰੁਕ ਕੇ ਮੈਂ ਆਪਣੀ ਖੂੰਡੀ ਦੇ ਸਹਾਰੇ ਨਾਲ ਘਰ ਨੂੰ ਤੁਰ ਪਿਆ ਸੀ। ਕੈਨੇਡਾ ਤੋਂ ਮੇਰੇ ਨਾਲ ਆਇਆ ਮੇਰਾ ਪੋਤਾ ਮੈਨੂੰ ਦੋ ਵਾਰੀ ਲੈਣ ਆਇਆ ਸੀ। ਤੁਰਿਆ ਜਾਂਦਾ ਜਾਂਦਾ ਮੇਰਾ ਆਪਣੇ ਖ਼ੀਸੇ ਦੀ ਜੇਬ 'ਚ ਹੱਥ ਚਲੇ ਗਿਆ ਸੀ। ਜਦੋਂ ਬੈਰਸੀਆਂ ਪਿੰਡ ਆਇਆ ਸੀ, ਮੈਂ ਪੇਟੀ ਵਿਚੋਂ ਚਾਬੀ ਕੱਢ ਕੇ ਖ਼ੀਸੇ ਵਿਚ ਪਾ ਲਈ ਸੀ। ਵਿਚੋਂ ਇਕ ਚਾਬੀ ਨਿੱਕਲਦੀ ਸੀ। ਇਹ ਚਾਬੀ ਲਿਆਕਤ ਅਲੀ ਦੇ ਘਰ ਦੀ ਸੀ। ਮੁਸਲਮਾਨ ਦੀ ਵੱਢ ਟੁੱਕ ਦੇਖ ਸੁਣ ਕੇ ਉਹ ਆਪਣੀ ਹਵੇਲੀ ਨੂੰ ਜਿੰਦਾ ਲਾ ਕੇ ਕੈਂਪ 'ਚ ਚਲੇ ਗਏ ਸਨ ਉਥੋਂ ਉਨ੍ਹਾਂ ਪਾਕਿਸਤਾਨ ਚਲੇ ਜਾਣਾ ਸੀ। ਭਾਵੇਂ ਕਿ ਲੁੱਟਾਂ ਕਰਨ ਵਾਲੇ ਲੋਕਾਂ ਨੇ ਲਿਆਕਤ ਅਲੀ ਦੇ ਘਰ ਦਾ ਜਿੰਦਾ ਤੋੜ ਕੇ ਸਾਰਾ ਘਰ ਲੁੱਟ ਲਿਆ ਸੀ ਤੇ ਮੇਰੀ ਇਕ ਨੀ ਚੱਲੀ ਸੀ ਪਰ ਲਿਆਕਤ ਅਲੀ ਜਾਂਦਾ ਹੋਇਆ ਇਕ ਕੁੱਜਾ ਜਿਹੜਾ ਚੱਪਣ ਰੱਖ ਕੇ ਮਿੱਟੀ ਨਾਲ ਬੰਦ ਕੀਤਾ ਸੀ ਮੈਨੂੰ ਦੇ ਗਿਆ ਸੀ। ਮੈਂ ਕਈ ਸਾਲ ਸਾਂਭੀ ਰੱਖਿਆ। ਦੇਸ਼ ਅਜ਼ਾਦ ਹੋਏ ਨੂੰ ਚਾਲੀ ਸਾਲ ਬੀਤ ਗਏ ਸਨ। ਇਕ ਦਿਨ ਲਿਆਕਤ ਅਲੀ ਪਾਕਿਸਤਾਨੋਂ ਵੀਜ਼ਾ ਲੈ ਕੇ ਆਪਣੇ ਜੱਦੀ ਪਿੰਡ ਆ ਗਿਆ ਸੀ। ਮੇਰਾ ਨਾਂ ਪੁੱਛ ਕੇ ਮੇਰੇ ਘਰ ਆ ਗਿਆ। ਬੂਹੇ ਵੜਦਿਆਂ ਹੀ ਉਹਨੇ 'ਵਾਜ਼ ਮਾਰੀ ਸੀ, "ਉਹ ਜੋਗੀਆ! ਆਵਾਜ਼ ਸੁਣ ਕੇ ਤ੍ਰਭਕ ਕੇ ਉੱਠਿਆ, "ਕੌਣ?" ਮੇਰੇ ਕੋਲੋਂ ਐਨਾ ਹੀ ਬੋਲ ਹੋਇਆ।

"ਮੈਂ ਯਾਰ ਲਿਆਕਤ ... ਲਿਆਕਤ ਅਲੀ... ਨਨਕਾਣਾ ਸਾਹਿਬ ਤੋਂ ਆਇਆਂ ਯਾਰ ਮੈਂ।" ਮੇਰੀਆਂ ਅੱਖਾਂ ਛਲਕ ਪਈਆਂ, ਅਸੀਂ ਕਿੰਨਾ ਚਿਰ ਜੱਫੀ ਪਾਈ ਰੱਖੀ, ਚਾਹ ਪੀ ਕੇ ਤੁਰਨ ਲੱਗੇ ਨੂੰ ਮੈਂ ਰੋਕ ਲਿਆ ਸੀ। ਆਪਣੇ ਪੋਤੇ ਨੂੰ ਅੰਦਰੋਂ ਇਕ ਕੱਪੜੇ 'ਚ ਬੰਨ੍ਹਿਆ ਕੁੱਜਾ ਲਿਆਉਣ ਲਈ ਕਿਹਾ ਸੀ, ਉਹਨੂੰ ਫੜਾਉਂਦਿਆਂ ਮੈਂ ਕਿਹਾ, "ਲੈ ਯਾਰਾ ਆਪਣੀ ਅਮਾਨਤ ਸਾਂਭ ਲੈ ਹੁਣ। ਮੇਰੇ ਕੋਲੋਂ ਹੁਣ ਹੋਰ ਨੀਂ ਸਾਂਭੀ ਜਾਂਦੀ ਹੁਣ ਮੈਂ ਬੁੱਢਾ ਹੋ ਗਿਆਂ, ਨਾਲੇ ਪਤਾ ਨੀਂ ਕਦੋਂ ਸਾਨੂੰ ਸਾਡਾ ਮੁੰਡਾ ਕੈਨੇਡਾ ਲੈ ਜਾਵੇ। "

"ਉਏ ਜੋਗੀਆ ਅਮਾਨਤ ਤਾਂ ਮੈਨੂੰ ਅੱਜ ਮਿਲ ਗਈ ਪੰਜਾਹ ਸਾਲਾਂ ਤੋਂ ਗਵਾਚੀ ਹੋਈ।" ਉਹਨੇ ਮੈਨੂੰ ਮੁੜ ਜੱਫੀ ਪਾਉਂਦੇ ਆਖਿਆ ਸੀ।

"ਯਾਰ ਹਮੀਦਾ ਦਾ ਟੱਬਰ ਵੀ ਤੁਹਾਡੇ ਨਾਲ ਕੈਂਪ 'ਚ ਗਿਆ ਸੀ।"

"ਹਾਂ, ਜਦੋਂ ਸਾਡੇ ਕੈਂਪ ਦੇ ਸਾਰੇ ਲੋਕ ਗੱਡੀ 'ਚ ਜਾ ਰਹੇ ਸਨ ਤਾਂ ਅਟਾਰੀ ਸਟੇਸ਼ਨ ਕੋਲ ਸਿੱਖਾਂ ਨੇ ਗੱਡੀ ਘੇਰ ਲਈ, ਉਥੇ ਬੜੇ ਲੋਕ ਮਰੇ। ਹਮੀਦਾ ਦੇ ਦੋਵੇਂ ਭਰਾਂ ਤਲਵਾਰਾਂ ਨਾਲ ਵੱਢ ਸੁੱਟੇ, ਹਮੀਦਾ ਦਾ ਅੱਬਾ ਤੇ ਅੰਮਾ ਤਾਂ ਪਿੰਡ 'ਚ ਹੀ ਕਤਲ ਕਰ ਦਿੱਤੇ ਸੀ, ਹਮੀਦਾ ਇਕੱਲੀ ਹੀ ਨਨਕਾਣਾ ਸਾਹਿਬ ਪਹੁੰਚੀ। ਇਕ ਸੇਠ ਆਪਣੇ ਨਾਲ ਹਮੀਦਾ ਨੂੰ ਲੈ ਗਿਆ, ਫਿਰ ਉਹਦਾ ਨਿਕਾਹ ਕਰ ਦਿੱਤਾ... ਉਹਦਾ ਖ਼ਾਵੰਦ ਕੈਨੇਡਾ ਚਲੇ ਗਿਆ ਤੇ ਫਿਰ ਹਮੀਦਾ ਨੂੰ ਵੀ ਲੈ ਗਿਆ। ਹੁਣ ਉਹ ਕਈ ਸਾਲ ਹੋਏ ਉਥੋਂ ਆਈ ਨਹੀਂ ਖਬਰੇ ਜੀਉਂਦੀ ਹੈ ਜਾਂ ...।" ਲਿਆਕਤ ਅਲੀ ਨੇ ਇਕੋ ਸਾਹੇ ਹਮੀਦਾ ਦੀ ਕਹਾਣੀ ਸੁਣਾ ਦਿੱਤੀ ਸੀ।

"ਅੱਛਾ ...ਆ।" ਮੇਰਾ ਮੂੰਹ ਅੱਡਿਆ ਦਾ ਅੱਡਿਆ ਹੀ ਰਹਿ ਗਿਆ ਸੀ।

• • •

ਇਹ ਗੱਲਾਂ ਮੈਂ ਸੋਚਦਾ ਸੋਚਦਾ ਦੀਨੇ ਹੁਰਾਂ ਦੇ ਘਰ ਪਹੁੰਚ ਗਿਆ ਸੀ।

ਪੱਕੇ ਫਰਸ਼ ਵਾਲੇ ਵਿਹੜੇ 'ਚ ਸਾਰਾ ਪਰਿਵਾਰ ਬੈਠਾ ਹੋਇਆ ਸੀ। ਗਮਲਿਆਂ 'ਚ ਲੱਗੇ ਫੁੱਲਾਂ ਦੇ ਬੂਟੇ ਪਾਣੀ ਨਾ ਪਾਉਣ ਕਰਕੇ ਮੁਰਝਾ ਗਏ ਸਨ। ਮੈਂ ਗਹੁ ਨਾਲ ਸਾਰੇ ਪਰਿਵਾਰ ਵੱਲ ਨਿਗ੍ਹਾ ਮਾਰੀ ਸੀ। ਨੇੜੇ ਜਾਣ ਤੇ ਮੈਂ ਆਪਣੀ ਦਾਹੜੀ ਤੇ ਹੱਥ ਫੇਰਦਿਆਂ ਕਿਹਾ ਸੀ, "ਕਿਮੇ ਬੈਠੇ ਬਈ?"

"ਬਸ ਉਂਞ ਹੀ।" ਦੀਨਾ ਨਾਥ ਐਨਕਾਂ ਠੀਕ ਕਰਦਾ ਬੋਲਿਆ ਸੀ।

"ਦੇਖ ਬਈ ਦੀਨਾ ਨਾਥ ਹੁਣ ਐਂ ਢੇਰੀ ਢਾਹਿਆਂ ਨੀ ਸਰਨਾ, ਮੈਂ ਤੈਨੂੰ ਦੱਸਾਂ... ਇਹ ਤਾਂ ਗੱਲ ਪੱਕੀ ਐ ਬਈ ਹਰਿਗੁਪਾਲ ਦਾ ਘਾਟਾ ਤਾਂ ਹੁਣ ਪੂਰਾ ਨਹੀਂ ਹੋਣਾ... ਤੁਸੀਂ ਕਾਰਖਾਨਾ ਖੋਲ੍ਹੋ... ਦੁਕਾਨਾਂ ਚਲਾਓ।"

"ਯਾਰ ਜਦੋਂ ਕਾਰਖਾਨੇ ਵੱਲ ਵੇਖਦੇ ਆਂ ਤਾਂ ਭੁੱਬ ਨਿਕਲਦੀ ਆ। ਸਰਦਾਰ ਜੋਗਾ ਸਿਆਂ ਮੈਂ ਨੀਂ ਰਹਿਣਾ ਹੁਣ ਏਥੇ ਮੇਰੇ ਕੋਲੋਂ ਪੁੱਤਰਾਂ ਦੀਆਂ ਲਾਸ਼ਾਂ ਦੇਖੀਆਂ ਨਹੀਂ ਜਾਣੀਆਂ।"

"ਸਰਦਾਰ ਜੀ ਉਧਰ ਕਰਨਾਲ ਵੱਲ ਚਲੇ ਜਾਣਾ... ਉਧਰ ਕੋਈ ਮਾੜਾ ਮੋਟਾ ਕੰਮ ਚਲਾ ਲਵਾਂਗੇ...।" ਕਿਸ਼ਨ ਲਾਲ ਕਹਿ ਰਿਹਾ ਸੀ।

"ਨਹੀਂ ਯਾਰ ਐਂ ਨਹੀਂ ਹੋ ਸਕਦਾ...ਮੈਂ ਤੇਰਾ ਬਚਪਨ ਦਾ ਸਾਥੀ ਆਂ... ਆਪਾਂ ਇਕ ਈ ਮਾਂ ਦਾ ਦੁੱਧ ਪੀਤਾ, ਤੂੰ ਭੁੱਲ ਗਿਅ...ਯਾਰ ਮੇਰਿਆ ਮੈਂ ਤੇਰਾ ਜੋਗੀ ਆ ਜੋਗੀ...।"

"ਨਹੀਂ ਤੂੰ ਜੋਗੀ ਨ੍ਹੀਂ...ਤੂੰ ਹੁਣ ਜੋਗੀ ਰਿਹਾ ਹੀ ਨਹੀਂ... ਜੇ ਜੋਗੀ ਹੁੰਦਾ ਤਾਂ ਇਨ੍ਹਾਂ ਸੱਪਾਂ ਨੂੰ ਭਵਾਂ ਭਵਾਂ ਕੇ ਮਾਰਦਾ ਜਿੱਦਾਂ ਨਹਿਰ 'ਚੋਂ ਕੱਢ ਕੱਢ ਸੱਪ ਮਾਰਦਾ ਸੀ ਭਵਾਂ ਭਵਾਂ ਕੇ ਜਦੋਂ ਉਹ ਸਾਡੇ ਅੱਲ ਆਉਂਦੇ ਸੀ ਉਨ੍ਹਾਂ ਨੂੰ ਪੂੰਛੋਂ ਫੜ ਕੇ ਭਵਾਂ ਭਵਾਂ ਕੇ ਮਾਰਦਾ ਸੀ ਜਦੋਂ ਆਪਾਂ ਨਿੱਕੇ ਨਿੱਕੇ ਨਹਿਰ ਤੇ ਮੱਝਾਂ ਚਾਰਨ ਜਾਂਦੇ ਸੀ ਤੇ ਹੁਣ...।" ਦੀਨੇ ਨੇ ਹਰਖ਼ ਜਿਹੇ ਨਾਲ ਕਿਹਾ ਸੀ।

"ਅੱਛਾ ਭਰਾਵਾ!! ਕਲਯੁੱਗ ਆ ਗਿਆ।" ਮੇਰੇ ਕੋਲੋਂ ਹੋਰ ਕੁਝ ਬੋਲਿਆ ਨਹੀਂ ਗਿਆ ਸੀ। ਮੇਰੀਆਂ ਲੱਤਾਂ ਨੂੰ ਕਾਂਬਾ ਛਿੜ ਗਿਆ ਸੀ। ਮੇਰੀਆਂ ਮੋਟੀਆਂ ਸ਼ੀਸੇ ਵਾਲੀਆਂ ਖਿਸਕ ਕੇ ਪੱਕੇ ਫਰਸ਼ ਤੇ ਡਿੱਗ ਪਈਆਂ ਸਨ। ਫਿਰ ਮੈਨੂੰ ਪਤਾ ਨਹੀਂ ਲੱਗਾ ਸੀ ਮੈਂ ਕਿਵੇਂ ਘਰ ਪਹੁੰਚਿਆ ਸੀ।

•••

ਹੁਣ ਮੈਂ ਕਾਫੀ ਬਿਰਧ ਹੋ ਗਿਆ ਹਾਂ। ਅੱਖਾਂ 'ਤੇ ਮੋਟੇ ਸ਼ੀਸ਼ੇ ਦੀਆਂ ਐਨਕਾਂ ਲੱਗ ਗਈਆਂ ਹਨ। ਜਦੋਂ ਪੰਜਾਬ 'ਚ ਮਾੜੇ ਦਿਨ ਚੱਲ ਰਹੇ ਸਨ ਤੇ ਦੀਨਾ ਨਾਥ ਨੇ ਮੇਰੇ ਵੱਡੇ ਮੁੰਡੇ ਸਿਰ ਆਪਣੇ ਮੁੰਡੇ ਦੇ ਕਤਲ ਦਾ ਦੋਸ਼ ਲਾ ਦਿੱਤਾ ਸੀ, ਉਨ੍ਹਾਂ ਦਿਨਾਂ 'ਚ ਉਸ ਨੂੰ ਏਜੰਟਾਂ ਰਾਹੀਂ ਦੋ ਨੰਬਰ 'ਚ ਕੈਨੇਡਾ ਭੇਜ ਦਿੱਤਾ ਸੀ। ਉਥੇ ਜਾ ਕੇ ਉਹਨੇ ਪੁਲੀਟੀਕਲ ਸਟੇਅ ਲੈ ਲਈ ਸੀ। ਫੇਰ ਵਿਆਹ ਕਰਵਾ ਲਿਆ ਤੇ ਮੈਨੂੰ ਤੇ ਮੇਰੀ ਘਰਵਾਲੀ ਨੂੰ ਆਪਣੇ ਕੋਲ ਬੁਲਾ ਲਿਆ ਸੀ।

ਅਸੀਂ ਕਲੋਨਾ ਸ਼ਹਿਰ ਰਹਿੰਦੇ ਸਾਂ। ਸਾਡੇ ਨਾਲ ਦਾ ਘਰ ਮੁਸਲਮਾਨਾਂ ਦਾ ਸੀ। ਉਨ੍ਹਾਂ ਦੀ ਬਿਰਧ ਬੁੜ੍ਹੀ ਫਾਤਿਮਾ ਇਕੱਲੀ ਸੀ। ਸਾਰੇ ਕੰਮ ਤੇ ਚਲੇ ਜਾਂਦੇ, ਉਹ ਇਕੱਲੀ ਘਰ



ਹੁੰਦੀ, ਕਦੇ ਮੇਰੀ ਘਰਵਾਲੀ ਉਹਦੇ ਕੋਲ ਚਲੇ ਜਾਂਦੀ, ਕਦੇ ਉਹ ਆ ਜਾਂਦੀ। ਉਹਨੂੰ ਦੇਖ ਕੇ ਮੈਨੂੰ ਹਮੀਦਾ ਦਾ ਭੁਲੇਖਾ ਲੱਗਦਾ ਰਹਿੰਦਾ। ਮੈਂ ਉਹਦੇ ਚਿਹਰੇ 'ਤੋਂ ਭਰ ਜਵਾਨ ਹਮੀਦਾ ਦੇ ਨਕਸ਼ ਲੱਭਦਾ ਰਹਿੰਦਾ ਜਿਹੜੀ ਉਜਾੜੇ ਵੇਲੇ ਪਾਕਿਸਤਾਨ ਚਲੇ ਗਈ ਸੀ। ਤੇ ਲਿਆਕਤ ਕਹਿੰਦਾ ਸੀ ਉਹਦੇ ਦੋ ਭਰਾ ਤਾਂ ਅਟਾਰੀ ਸਟੇਸ਼ਨ ਤੇ ਗੱਡੀ 'ਚ ਗੁੰਡਿਆਂ ਨੇ ਵੱਢ ਦਿੱਤੇ ਸਨ। ਉਹ ਇਕੱਲੀ ਨਨਕਾਣਾ ਸਾਹਿਬ ਗਈ ਸੀ।

"ਜੇ ਹਮੀਦਾ ਹੋਵੇ ਤਾਂ ਮਜ਼ਾ ਆ ਜਾਵੇ।" ਮੈਂ ਮਨ ਹੀ ਮਨ ਕਹਿੰਦਾ ਸੀ।

ਇਕ ਦਿਨ ਉਹ ਘਰ ਆ ਗਈ ਸੀ। ਮੇਰੀ ਘਰਵਾਲੀ ਆਪਣੀ ਕੁੜੀ ਕੋਲ ਬਰਨੰਨ ਗਈ ਹੋਈ ਸੀ। ਅਸੀਂ ਬੈਠੇ ਬੈਠੇ ਗੱਲਾਂ ਕਰਨ ਲੱਗ ਪਏ,

"ਤੁਸੀਂ ਪਾਕਿਸਤਾਨੀ ਓਂ ਜਾਂ ਸਾਡੇ ਪੰਜਾਬ 'ਚੋਂ ਉਜੜ ਕੇ ਗਏ ਸੀ।" ਮੈਂ ਉਹਨੂੰ ਭੈਣ ਕਹਿਣ ਤੋਂ ਝਿਜਕ ਗਿਆ ਸੀ।

"ਨਹੀਂ ਵੀਰਾ ਅਸੀਂ ਤਾਂ ਨਨਕਾਣਾ ਸਾਹਿਬ ਦੇ ਹੀ ਆਂ। ਉਥੇ ਸਾਡੇ ਬਾਬੇ ਦੀ ਸੌ ਘੁਮਾਂ ਜ਼ਮੀਨ ਸੀ ਜਦੋਂ ਪੰਜਾਬ 'ਚੋਂ ਮੁਸਲਮਾਨ ਉਜੜੇ ਤਾਂ ਨਾਨਕਾਣਾ ਸਾਹਿਬ ਤੋਂ ਉਹ ਵੀ ਆਪਣੀ ਜਾਨ ਬਚਾਉਂਦੇ ਜ਼ਮੀਨਾਂ-ਜਾਇਦਾਤਾਂ ਛੱਡ ਕੇ ਭੱਜ ਤੁਰੇ।"

"ਤੇ ਤੂੰ??" ਮੇਰੇ ਕੋਲੋਂ ਮਸਾਂ ਬੋਲਿਆ ਗਿਆ, ਅੱਖਾਂ ਭਰ ਲਈਆਂ। ਉਹ ਮੇਰੇ ਕੋਲੋਂ ਕੁਝ ਲਕੋਣ ਦਾ ਯਤਨ ਕਰ ਰਹੀ ਸੀ। ਪਰ ਲਕੋ ਨਾ ਸਕੀ। "ਇਹ ਤਾਂ ਕੋਈ ਹੋਰ ਈ ਏ।" ਮੈਂ ਮਨ ਹੀ ਮਨ ਕਿਹਾ ਸੀ।

ਅੱਖਾਂ ਪੂੰਝ ਕੇ ਉਹ ਫਿਰ ਬੋਲੀ ਸੀ, "ਜਦੋਂ ਟੱਬਰ ਨਾਲ ਗੱਡਿਆਂ ਤੇ ਬੈਠ ਕੇ ਅਸੀਂ ਨਨਕਾਣਾ ਸਾਹਿਬ 'ਚ ਲੱਗੇ ਕੈਂਪ 'ਚ ਜਾ ਰਹੇ ਸੀ ਤਾਂ ਚੌਧਰੀ ਬਰਕਤ ਉਲਾ ਦੇ ਵੈਲੀ ਮੁੰਡੇ ਗਫ਼ੂਰੇ ਨੇ ਬਰਛੀ ਦਿਖਾ ਕੇ ਮੈਨੂੰ ਧੱਕੇ ਨਾਲ ਗੱਡੇ ਤੋਂ ਲਾਹ ਲਿਆ ਸੀ, ਉਹਦੇ ਨਾਲ ਦਸ ਬਾਰਾਂ ਹੋਰ ਵੈਲੀ ਸਨ, ਮੇਰੇ ਮਾਂ-ਪਿਓ ਡਰ ਗਏ ਸਨ, ਉਹ ਆਪਣੀ ਜਾਨ ਬਚਾ ਮੈਨੂੰ ਛੱਡ ਕੇ ਭੱਜ ਤੁਰ ਪਏ ਸਨ। ਮੈਂ ਬਹੁਤ ਚੀਕੀ ਸੀ... ਅਸੀਂ .... ਬੀਰਾ....!!!"

ਉਹ ਕਹਿੰਦੀ ਕਹਿੰਦੀ ਰੁਕ ਗਈ ਸੀ।

"ਤੂੰ ਤਾਂ ਸਾਡੀ ਕੁੜੀ ਏਂ?" ਮੇਰੇ ਅੰਦਰੋਂ ਉਸ ਪ੍ਰਤੀ ਬਣੀ ਰੇਤ ਦੀ ਦੀਵਾਰ ਮਿੰਟਾਂ ਵਿਚ ਢੇਰੀ ਹੋ ਗਈ ਸੀ।

"ਹਾਂ ਬੀਰਾ, ਮੈਂ ਜ਼ਿੰਮੀਦਾਰਾਂ ਦੀ ਧੀ ਆਂ, ਬਰਾੜ ਜੱਟਾਂ ਦੀ ਧੀ... ਹੁਣ ਕਾਹਦੀ ... ਹੁਣ ਤਾਂ ਮੁਸਲਮਾਨ ਬਣ ਕੇ ਰਹਿ ਗਈ ਹਾਂ ਪੂਰੀ ਤਰ੍ਹਾਂ... ਉਹ ਵੇਲਾ ਚੇਤੇ ਕਰਨ ਨੂੰ ਵੀ ਮਨ ਨਹੀਂ ਕਰਦਾ। ਪਿੰਡ ਵਿਚ ਹੁਣ ਬਰਕਤ ਉਲਾ ਦੀ ਨੂੰਹ ਕਹਾਉਂਦੀ ਹਾਂ... ਹੁਣ ਪਿੱਛੇ ਕਿੱਥੇ ਝਾਕਿਆ ਜਾਂਦਾ... ਹਨੇਰੇ ਨਾਲ ਭਰਿਆ ਹੈ ਮੇਰਾ ਪਿਛਲਾ ਸਮਾਂ।"

ਮੈਂ ਉਹਦੀਆਂ ਗੱਲਾਂ ਸੁਣ ਕੇ ਚੁੱਪ ਹੋ ਗਿਆ ਸੀ। ਮੇਰੀਆਂ ਅੱਖਾਂ ਪੱਥਰਾ ਗਈਆਂ ਸਨ। ਮੇਰੀ ਹਾਲਤ ਉਸ ਤਰ੍ਹਾਂ ਦੀ ਹੋਈ ਜਾ ਰਹੀ ਸੀ ਜਿਸ ਤਰ੍ਹਾਂ ਦੀ ਹਾਲਤ ਬੰਗਿਆਂ ਕੈਂਪ 'ਚ ਚਾਰ ਮੁਸਲਿਮ ਕੁੜੀਆਂ ਦੀਆਂ ਗੱਡੇ ਤੋਂ ਲਾਸ਼ਾਂ ਲਾਹੁੰਦਿਆਂ ਹੋਈ ਸੀ...। ਕਾਫੀ ਦੇਰ ਬਾਅਦ ਮੈਂ ਬੋਲਿਆ ਸੀ :

"ਅੱਜ ਤੋਂ ਤੂੰ ਸਾਡੀ ਭੈਣ ਏਂ ਸਾਡੀ ਕੁੜੀ... ਆਹ ਲੈ ਰੱਖ ਲੈ।" ਮੈਂ ਜੇਬ 'ਚੋਂ ਪੰਜ ਡਾਲਰ ਕੱਢ ਉਹਦੇ ਹੱਥ ਤੇ ਰੱਖ ਦਿੱਤੇ ਸਨ। ਉਹ ਚੁੱਪ ਚਾਪ ਮੇਰੇ ਕੋਲ ਖਿਸਕ ਆਈ ਸੀ, ਮੇਰਾ ਹੱਥ ਉਹਦੇ ਸਿਰ ਵੱਲ ਅੱਧਾ ਕੁ ਗਿਆ ਸੀ, ਫੇਰ...।

ਤੁਰਨ ਲੱਗੀ ਨੂੰ ਮੈਂ ਫਿਰ ਕਿਹਾ ਸੀ, "ਅਗਲੇ ਵੀਕ ਰੱਖੜੀ ਆ... ਤੂੰ ਮੇਰੇ ਲਈ ਰੱਖੜੀ ਲੈ ਕੇ ਆਈਂ... ਹਲ੍ਹਾ... ਭੁੱਲੀਂ ਨਾ...।"

•••

ਅੱਜ ਰੱਖੜੀ ਦਾ ਦਿਨ ਹੈ। ਮੈਂ ਨਹਾ ਕੇ ਨਵੇਂ ਕੱਪੜੇ ਪਾ ਕੇ ਬੈਠਾ ਉਹਦੀ ਉਡੀਕ ਕਰ ਰਿਹਾ ਹਾਂ। ਮੇਰੀ ਘਰਵਾਲੀ ਬੜੀ ਹੈਰਾਨ ਹੋ ਮੇਰੇ ਵੱਲ ਦੇਖ ਕੇ 'ਅੱਜ ਕੀ ਗੱਲ ਏ?' ਉਹ ਕਈ ਵਾਰੀ ਕਹਿ ਚੁਕੀ ਸੀ। ਵਾਰ ਵਾਰ ਮੇਰੇ ਤੌਰ ਤਰੀਕੇ ਦੇਖ ਰਹੀ ਹੈ। ਮੈਂ ਗੱਲ ਟਾਲ ਦਿੰਦਾ ਹਾਂ। ਕਾਫੀ ਦੇਰ ਹੋ ਗਈ ਹੈ। ਉਹ ਕਿਉਂ ਨਹੀਂ ਆਈ? ਤਿੰਨ ਚਾਰ ਘੰਟੇ ਬੀਤ ਗਏ ਹਨ। ਜੱਕੋ ਤੱਕੀ ਕਰਦਾ ਮੈਂ ਆਪਣੀ ਘਰਵਾਲੀ ਨੂੰ ਕਹਿ ਹੀ ਬੈਠਦਾ ਹਾਂ, 'ਫ਼ਾਤਿਮਾ ਨੇ ਆਉਣਾ ਸੀ ਮੇਰੇ ਲਈ ਰੱਖੜੀ ਲੈ ਕੇ... ਆਈ ਨ੍ਹੀ?"

ਮੇਰੀ ਘਰਵਾਲੀ ਤੇ ਜਿਵੇਂ ਤੱਤਾ ਤੱਤਾ ਪਾਣੀ ਡੁੱਲ੍ਹ ਗਿਆ ਹੋਵੇ, "ਹੈਂ!! ਕੀ?? ... ਨਾ ਅਸੀਂ ਨ੍ਹੀ ਬੰਨ੍ਹਾਉਣੀ ਮੁਸਲੀ ਦੇ ਹੱਥੋਂ ਰੱਖੜੀ, ਸਾਡੀ ਕੀ ਸਕੀਰੀ ਆ ਉਨ੍ਹਾਂ ਨਾਲ, ਐਵੇਂ ਝੱਲਪੁਣਾ ਖਿਲਾਰੀ ਜਾਂਦਾ।"

ਮੈਂ ਸੋਚਦਾ ਹਾਂ ਖਬਰੇ ਇਹ ਸੱਚ ਮੁੱਚ ਹਮੀਦਾ ਹੀ ਹੋਵੇ, ਮੇਰੇ ਕੋਲ ਨਾਟਕ ਜਿਹਾ ਕਰ ਗਈ ਹੋਵੇ। ਖਬਰੇ... ਖਬਰੇ...?? ਮੈਂ ਮੋਟੀਆਂ ਐਨਕਾਂ ਵਿਚਦੀ ਬਾਹਰ ਵੱਲ ਝਾਕਦਾ ਕਹਿੰਦਾ ਹਾਂ, 'ਖਬਰੇ ਉਹ ਹਮੀਦਾ ਸੀ। ਜੇ ਫਾਤਿਮਾ ਹੁੰਦੀ ਤਾਂ ਜ਼ਰੂਰ ਆਉਂਦੀ। ਕਿੱਥੇ ਗਈ ਹਮੀਦਾ?? ਆਈ ਨੀ ਅਜੇ ਤੀਕ??' ਪਰ ਮੇਰੀ ਆਵਾਜ਼ ਬਾਹਰ ਕਿਉਂ ਨਹੀਂ ਨਿਕਲੀ?? ਪਤਾ ਨਹੀਂ ਕਿਉਂ?? ਕਿਉਂ???



# ਧੁੱਪ ਦੇ ਪੈਰਾਂ ਹੇਠ

**ਹਰਜੀਤ ਅਟਵਾਲ**

ਪਾਕਿਸਤਾਨ ਬਣਿਆ ਤਾਂ ਚਾਚੇ ਬਿੱਕਰ ਦੀਆਂ ਵੀ ਕਈ ਕਹਾਣੀਆਂ ਬਣ ਗਈਆਂ। ਬੜੀ ਦੇਰ ਤੱਕ ਲੋਕ ਇਹਨਾਂ ਕਹਾਣੀਆਂ ਨੂੰ ਮਸਾਲੇ ਲਾ ਲਾ ਕੇ ਸੁਣਾਉਂਦੇ ਰਹੇ। ਵੱਡੇ ਖੂਹ ਵਾਲਾ ਅਮਰੀਕ ਸਿੰਘ ਦੱਸਣ ਲਗਦਾ,

"ਜਦ ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਲੁੱਟਣ ਸਾਧਪੁਰੀਏ ਬਖਤੌਰੇ ਦਾ ਟੋਲਾ ਆਇਆ ਤਾਂ ਮੈਂ ਤੇ ਬਿੱਕਰ ਨੇ ਕਿਰਪਾਨਾਂ ਕੱਢ ਲਈਆਂ ਤੇ ਜੋੜ ਲਈਆਂ ਪਿੱਠਾਂ! ...ਉਹ ਵੀਹ ਜਾਣੇ ਤੇ ਅਸੀਂ ਸਿਰਫ ਦੋ! ...ਆਹ ਪਿੰਡ ਦਾ ਮਹੈਣ ਤਾਂ ਉਦੋਂ ਆਇਆ ਜਦ ਅਸੀਂ ਉਹਨਾਂ ਨੂੰ ਭਾਜੜਾਂ ਪੁਆ ਦਿੱਤੀਆਂ।"

ਕੋਈ ਹੋਰ ਦੱਸਦਾ,

"ਸਾਨੂੰ ਪਤਾ ਲੱਗਿਆ ਬਈ ਆਹ ਚਿਮਨੇਵਾਲੀ ਕਿਸੇ ਨੇ ਦੋ ਮੁਸਲਮਾਨ ਕੁੜੀਆਂ ਲੈ ਆਂਦੀਆਂ, ਬਿੱਕਰ ਕਹਿੰਦਾ ਕਿ ਚੱਲ ਬਈ ਸੱਜਣ ਸਿਆਂ, ...ਅਸੀਂ ਜਾ ਬੂਹਾ ਖੜਕਾਇਆ ਪਰ ਡਰਦਾ ਕੋਈ ਖੋਹਲੇ ਹੀ ਨਾ, ਉਹਨਾਂ ਨੂੰ ਭਿਣਕ ਪੈ ਗਈ ਸੀ ਕਿ ਚੱਕਾਂ ਵਾਲਾ ਬਿੱਕਰ ਆ ਗਿਆ।...ਬਿੱਕਰ ਨੇ ਮਾਰਿਆ ਠੁੱਡਾ ਤੇ ਦਰ ਔਹ ਗਿਆ, ...ਕੁੜੀਆਂ ਵੀ ਸਮਝ ਗਈਆਂ, ...ਸਾਡੇ ਪਿੱਛੇ ਆ ਲੁਕੀਆਂ, ...ਕਿਸੇ ਦੀ ਰੋਕਣ ਦੀ ਹਿੰਮਤ ਹੀ ਨਾ ਪਈ, ਅਸੀਂ ਉਹਨੀਂ ਪੈਰੀਂ ਹੀ ਉਹਨਾਂ ਨੂੰ ਬਰਾਮ ਕੈਂਪ ਵਿਚ ਛੱਡ ਆਏ।"

ਚਾਚੇ ਦੇ ਦੋ ਨਿਸ਼ਾਨੇ ਸਨ; ਇਕ ਤਾਂ ਵਾਹ ਲਗਦਿਆਂ ਇਲਾਕੇ ਦੇ ਕਿਸੇ ਮੁਸਲਮਾਨ 'ਤੇ ਕੋਈ ਆਂਚ ਨਹੀਂ ਆਉਣ ਦੇਣੀ ਤੇ ਦੂਜਾ ਉਧਾਲ਼ੀਆਂ ਹੋਈਆਂ ਮੁਸਲਮਾਨਾਂ ਦੀਆਂ ਔਰਤਾਂ ਵਾਪਸ ਕਰਾਉਣੀਆਂ। ਚਾਚੇ ਬਾਰੇ ਬਹੁਤੀਆਂ ਕਹਾਣੀਆਂ ਇਹਨਾਂ ਦੋ ਵਿਸ਼ਿਆਂ ਦੁਆਲੇ ਹੀ ਘੁੰਮਦੀਆਂ ਹੁੰਦੀਆਂ। ਸਾਰੇ ਉਸ ਦੇ ਹੌਂਸਲੇ ਦੀ ਦਾਦ ਦਿੰਦੇ। ਮੈਨੂੰ ਇਹ ਚੰਗਾ ਚੰਗਾ ਵੀ ਲਗਦਾ ਕਿ ਮੈਂ ਚਾਚੇ ਬਿੱਕਰ ਦਾ ਭਤੀਜਾ ਹਾਂ। ਚਾਚੇ ਨੇ ਦੂਜੇ ਮਹਾਂਯੁੱਧ ਵਿਚ ਹਿੱਸਾ ਲਿਆ ਸੀ। ਬਰਮਾ ਦੇ ਫਰੰਟ 'ਤੇ ਜਪਾਨੀਆਂ ਖਿਲਾਫ ਲੜਿਆ ਸੀ। ਕਈ ਤਮਗੇ ਜਿੱਤੇ ਸਨ। ਜਿਹਨਾਂ ਦੀ ਬਦੌਲਤ ਉਸਨੂੰ ਹੌਲਦਾਰੀ ਵੀ ਮਿਲੀ ਸੀ ਪਰ ਇਹਦੇ ਬਾਰੇ ਸ਼ਾਇਦ ਹੀ ਕਿਸੇ ਨੇ ਕੋਈ ਗੱਲ ਕੀਤੀ ਹੋਵੇ।

ਰੌਲ਼ੇ ਪੈਣ ਵੇਲੇ ਚਾਚਾ ਫੌਜ ਵਿਚੋਂ ਲੰਮੀ ਛੁੱਟੀ ਆਇਆ ਹੋਇਆ ਸੀ। ਅੰਗਰੇਜ਼ ਸਰਕਾਰ ਨੇ ਵੰਡ ਕਾਰਨ ਪੰਜਾਬ ਵਿਚ ਹੋ ਰਹੀ ਗੜਬੜ ਨੂੰ ਧਿਆਨ ਵਿਚ ਰੱਖਦਿਆਂ ਫੌਜੀਆਂ ਨੂੰ ਛੇ ਛੇ ਮਹੀਨੇ ਦੀਆਂ ਛੁੱਟੀਆਂ ਦੇ ਦਿੱਤੀਆਂ ਸਨ ਤਾਂ ਜੋ ਉਹ ਜਾ ਕੇ ਆਪਣੇ ਟੱਬਰਾਂ ਦੀ ਸੰਭਾਲ ਕਰ ਸਕਣ। ਦੇਸ਼ ਦੀ ਰਾਖੀ ਕਰਦਾ ਆਇਆ ਚਾਚਾ ਪਿੰਡ ਆ ਕੇ ਪਿੰਡ

ਦਾ ਰਾਖਾ ਬਣ ਗਿਆ। ਪਿੰਡ ਵਿਚ ਕਾਫੀ ਸਾਰੇ ਮੁਸਲਮਾਨ ਸਨ। ਸ਼ੇਖਾਂ, ਅਰਾਈਆਂ ਤੋਂ ਲੈ ਕੇ ਤੇਲੀਆਂ ਤੇ ਭਰਾਈਆਂ ਤੱਕ ਦੀਆਂ ਸਾਰੀਆਂ ਹੀ ਜਾਤਾਂ ਵਸਦੀਆਂ ਸਨ। ਇਕ ਪੂਰਾ ਮੁਹੱਲਾ ਹੀ ਸੀ ਮੁਸਲਮਾਨਾਂ ਦਾ। ਆਲੇ ਦੁਆਲੇ ਦੇ ਪਿੰਡਾਂ ਵਿਚ ਮੁਸਲਮਾਨਾਂ ਦੀ ਵੱਢ-ਕੱਟ ਹੋਣ ਲੱਗੀ ਤਾਂ ਸਾਡੇ ਪਿੰਡ ਦੇ ਮੁਸਲਮਾਨ ਬਹੁਤ ਡਰ ਗਏ। ਚਾਚੇ ਨੇ ਪਿੰਡ ਦੇ ਕੁਝ ਮੋਹਤਬਰ ਨਾਲ ਲਏ ਤੇ ਉਹਨਾਂ ਦੇ ਮੁਹੱਲੇ ਉਹਨਾਂ ਨੂੰ ਤਸੱਲੀ ਦੇਣ ਤੁਰ ਪਿਆ। ਸਭ ਨੂੰ ਇਕ ਥਾਂ ਇਕੱਠੇ ਕਰਕੇ ਬੋਲਿਆ,

"ਦੇਖੋ ਭਰਾਵੋ, ਡਰਨ ਦੀ ਕੋਈ ਲੋੜ ਨਹੀਂ, ਜਿੰਨਾ ਚਿਰ ਅਸੀਂ ਹੈਗੇ ਆਂ ਤੁਹਾਡੀ ਹਵਾ ਵੱਲ ਵੀ ਕੋਈ ਨਹੀਂ ਦੇਖ ਸਕਦਾ।"

ਉਸ ਦੀ ਗੱਲ ਨਾਲ ਕਈਆਂ ਨੂੰ ਤਸੱਲੀ ਵੀ ਹੋਈ ਹੋਵੇਗੀ ਪਰ ਹਾਲਾਤ ਜ਼ਿਆਦਾ ਖਰਾਬ ਸਨ। ਕੋਈ ਵਿਚੋਂ ਬੋਲਿਆ,

"ਸਰਦਾਰ ਜੀ, ਜਦ ਸਰਕਾਰ ਨੇ ਬਹਿਰਾਮ ਕੈਂਪ ਲਗਾ ਦਿੱਤਾ ਤਾਂ ਕੁਝ ਸੋਚ ਕੇ ਹੀ ਲਗਾਇਆ ਹੋਵੇਗਾ, ਹੁਣ ਸਾਨੂੰ ਪਿੰਡ ਤਾਂ ਛੱਡਣਾ ਹੀ ਪਵੇਗਾ।"

"ਜੇ ਇਹ ਨੌਬਤ ਵੀ ਆ ਗਈ ਤਾਂ ਦੇਖ ਲਵਾਂਗੇ, ਅਸੀਂ ਤੁਹਾਨੂੰ ਆਪ ਪੂਰੀ ਹਿਫਾਜ਼ਤ ਨਾਲ ਕੈਂਪ ਵਿਚ ਛੱਡ ਕੇ ਆਵਾਂਗੇ ਪਰ ਹਾਲੇ ਤਾਂ ਰੇਤੇ ਵਿਚ ਮੌਜੇ ਖੋਹਲਣ ਵਾਲੀ ਗੱਲ ਐ, ਤੁਸੀਂ ਸਾਡੇ 'ਤੇ ਪੂਰਾ ਭਰੋਸਾ ਰੱਖੋ।"

ਸਰਕਾਰ ਨੇ ਬਹਿਰਾਮ ਕੈਂਪ ਵਰਗੇ ਹੋਰ ਕਈ ਕੈਂਪ ਪੰਜਾਬ ਵਿਚ ਲਗਾ ਦਿੱਤੇ ਸਨ। ਪਾਕਿਸਤਾਨ ਜਾਣ ਵਾਲੇ ਮੁਸਲਮਾਨ ਇਹਨਾਂ ਕੈਂਪਾਂ ਵਿਚ ਇਕੱਠੇ ਹੋ ਰਹੇ ਸਨ ਜਿੱਥੋਂ ਇਹਨਾਂ ਨੂੰ ਰੇਲ-ਗੱਡੀ ਰਾਹੀਂ ਅੱਗੇ ਨਵੇਂ ਬਣੇ ਮੁਲਕ ਵਿਚ ਲੈ ਜਾਇਆ ਜਾਣਾ ਸੀ। ਇਹਨਾਂ ਦਿਨਾਂ ਵਿਚ ਅਫਵਾਹਾਂ ਬਹੁਤ ਜ਼ੋਰਾਂ 'ਤੇ ਸਨ। ਅਖਬਾਰਾਂ ਵਾਲੇ ਵੀ ਖਬਰਾਂ ਨੂੰ ਮਸਾਲਾ ਲਾ ਲਾ ਕੇ ਛਾਪ ਰਹੇ ਸਨ। ਸਾਰਾ ਮਹੌਲ ਹੀ ਬਹੁਤ ਡਰਾਵਣਾ ਬਣਿਆ ਹੋਇਆ ਸੀ। ਇਲਾਕੇ ਦੇ ਬਦਮਾਸ਼ ਟੋਲੇ ਬਣਾ ਬਣਾ ਕੇ ਪਿੰਡਾਂ ਦੇ ਮੁਸਲਮਾਨਾਂ ਉਪਰ ਹਮਲੇ ਕਰ ਰਹੇ ਸਨ। ਉਹਨਾਂ ਦੀਆਂ ਜਾਇਦਾਦਾਂ ਲੁੱਟ ਰਹੇ ਸਨ, ਨੌਜਵਾਨ ਔਰਤਾਂ ਨੂੰ ਕੱਢ ਲੈ ਜਾ ਰਹੇ ਸਨ।

ਇਹਨਾਂ ਦਿਨਾਂ ਵਿਚ ਹੀ ਇਕ ਟੋਲੇ ਨੇ ਸਾਡੇ ਪਿੰਡ ਉਪਰ ਵੀ ਹਮਲਾ ਕਰ ਦਿੱਤਾ ਪਰ ਚਾਚਾ ਪਿੰਡ ਦੇ ਨੌਜਵਾਨਾਂ ਨੂੰ ਲੈ ਕੇ ਉਹਨਾਂ ਸਾਹਮਣੇ ਕੰਧ ਵਾਂਗ ਖੜ੍ਹ ਗਿਆ। ਧਾੜਵੀਆਂ ਨਾਲ ਗਹਿ ਗੱਚ ਲੜਾਈ ਹੋਈ। ਕਈ ਲੋਕ ਚਾਚੇ ਦਾ ਸਾਥ ਛੱਡ ਕੇ ਵੀ ਭੱਜ ਗਏ ਪਰ ਚਾਚਾ ਟਿਕਿਆ ਰਿਹਾ ਤੇ ਹਮਲਾਵਾਰਾਂ ਨੂੰ ਪਿੰਡੋਂ ਭਜਾ ਕੇ ਹੀ ਦਮ ਲਿਆ। ਦੋ ਕੁ ਵਾਰ ਫਿਰ ਸਾਡੇ ਪਿੰਡ ਉਪਰ ਅਜਿਹੇ ਲੋਕ ਚੜ੍ਹ ਕੇ ਆਏ ਪਰ ਚਾਚੇ ਨੇ ਮੂਹਰੇ ਹੋ ਕੇ ਮੁਕਾਬਲਾ ਕੀਤਾ। ਮੁਸਲਮਾਨਾਂ ਦਾ ਕੋਈ ਵੀ ਨੁਕਸਾਨ ਨਾ ਹੋਣ ਦਿੱਤਾ। ਭਾਵੇਂ ਕਿੰਨੀ ਵੀ ਸੁਰੱਖਿਆ ਮਿਲ ਰਹੀ ਸੀ ਪਰ ਮੁਸਲਮਾਨ ਸਮਝ ਗਏ ਸਨ ਕਿ ਹੁਣ ਪਿੰਡ ਛੱਡਣਾ ਹੀ ਪਵੇਗਾ। ਉਹ ਇਕ ਥਾਂ ਇਕੱਠੇ ਹੋਏ ਤੇ ਕਾਫਲਾ ਬਣਾ ਕੇ ਬਹਿਰਾਮ ਨੂੰ ਤੁਰ ਪਏ। ਚਾਚਾ ਤਲਵਾਰ ਲੈ ਕੇ ਕਾਫਲੇ ਦੇ ਮੂਹਰੇ ਮੂਹਰੇ ਚੱਲ ਰਿਹਾ ਸੀ। ਰਾਹ ਵਿਚ ਕੁਝ ਧਾੜਵੀ ਲੁੱਟਣ ਆਏ ਵੀ ਪਰ ਚਾਚੇ ਨੂੰ ਦੇਖ ਕੇ ਮੁੜ ਗਏ।

ਹੁਣ ਤੱਕ ਇਲਾਕੇ ਦਾ ਸ਼ਰਾਰਤੀ ਅਨਸਰ ਚਾਚੇ ਬਿੱਕਰ ਸਿੰਘ ਦੇ ਨਾਂ ਤੋਂ ਚੰਗੀ



ਤਰ੍ਹਾਂ ਜਾਣੂ ਹੋ ਚੁਕਿਆ ਸੀ। ਉਸ ਨੇ ਆਸ ਪਾਸ ਦੇ ਪਿੰਡਾਂ ਵਿਚ ਵੀ ਲੋਕਾਂ ਨੂੰ ਮੁਸਲਮਾਨਾਂ ਦੇ ਬਚਾਅ ਲਈ ਜਥੇਬੰਦ ਕਰਨਾ ਸ਼ੁਰੂ ਕਰ ਦਿਤਾ। ਬਾਬਾ ਵਤਨ ਸਿੰਘ ਚਾਚੇ ਨੂੰ ਬਹੁਤ ਸਮਝਾਉਂਦਾ ਕਿ ਇਹਨਾਂ ਗੱਲਾਂ ਵਿਚੋਂ ਉਸ ਨੇ ਕੀ ਲੈਣਾ ਹੈ, ਉਹ ਆਪਣੀ ਛੁੱਟੀ ਅਰਾਮ ਨਾਲ ਕੱਟੇ ਤੇ ਸੁੱਖ ਸਬੀਲੀ ਨਾਲ ਵਾਪਸ ਫੌਜ ਵਿਚ ਚਲੇ ਜਾਵੇ ਪਰ ਚਾਚਾ ਮੁੜਨ ਵਾਲਾ ਕਦੋਂ ਸੀ, ਉਹ ਆਪਣੇ ਕੰਮ ਲੱਗਾ ਰਿਹਾ। ਉਸ ਨੇ ਬਹੁਤ ਸਾਰੇ ਲੋਕਾਂ ਦਾ ਬਚਾਅ ਕੀਤਾ ਤੇ ਕਈ ਔਰਤਾਂ ਨੂੰ ਵਾਪਸ ਕਰਵਾਇਆ।

ਚਾਚੇ ਦੇ ਕੰਮ ਦੀ ਲੋਕ ਸਲਾਹੁਤਾ ਤਾਂ ਕਰਦੇ ਸਨ ਪਰ ਨਾਲ ਦੀ ਨਾਲ ਉਸ ਦੇ ਕਈ ਦੁਸ਼ਮਣ ਵੀ ਬਣ ਗਏ। ਸਾਡੇ ਪਿੰਡ ਦੇ ਮੀਂਹਾਂ ਸਿੰਘ ਨਾਲ ਚਾਚੇ ਨੇ ਐਸੀ ਵਿਗਾੜੀ ਕਿ ਉਸ ਟੱਬਰ ਦੀ ਸਾਡੇ ਨਾਲ ਬੋਲਚਾਲ ਸਦਾ ਲਈ ਬੰਦ ਹੋ ਗਈ। ਮੀਂਹਾਂ ਸਿੰਘ ਕੈਂਪ ਵਿਚੋਂ ਜੰਗਲ-ਪਾਣੀ ਨਿਕਲੀ ਕੁੜੀ ਨੂੰ ਲੈ ਆਇਆ ਸੀ। ਪੰਜਾਹ ਸਾਲਾ ਮੀਂਹਾਂ ਸਿੰਘ ਵਿਆਹ ਦੀਆਂ ਸਾਰੀਆਂ ਉਮੀਦਾਂ ਛੱਡ ਬੈਠਾ ਸੀ। ਚਾਚੇ ਨੇ ਇਸ ਮਾਮਲੇ ਵਿਚ ਦਖਲ ਦਿੱਤਾ ਤਾਂ ਉਸ ਨੇ ਪੰਚਾਇਤ ਇਕੱਠੀ ਕਰ ਲਈ। ਚਾਚੇ ਨੇ ਪੰਚਾਇਤ ਦੀ ਵੀ ਨਾ ਸੁਣੀ ਤੇ ਕੁੜੀ ਨੂੰ ਵਾਪਸ ਕੈਂਪ ਵਿਚ ਪਹੁੰਚਾ ਕੇ ਹੀ ਸਾਹ ਲਿਆ।

ਇਹ ਸਭ ਮੇਰੇ ਜਨਮ ਤੋਂ ਬਹੁਤ ਪਹਿਲਾਂ ਦੀਆਂ ਗੱਲਾਂ ਹਨ। ਮੈਂ ਆਪਣੇ ਬਾਬੇ ਨੂੰ ਸੁਣੀਆਂ ਕਹਾਣੀਆਂ ਦੇ ਸੱਚ ਬਾਰੇ ਪੁੱਛਣ ਲਗਦਾ ਤਾਂ ਉਹ ਦੱਬੀ ਜਿਹੀ ਜ਼ੁਬਾਨ ਨਾਲ ਆਖਦਾ,

"ਮੈਨੂੰ ਤਾਂ ਲਗਦਾ ਸੀ ਕਿ ਉਹਦਾ ਦਿਮਾਗ ਹਿੱਲ ਗਿਆ, ਜਪਾਨੀਆਂ ਦੀ ਕੈਦ ਵਿਚ ਜਿਉਂ ਰਿਹਾ ਸੀ।"

ਚਾਚੇ ਦੀ ਇਕ ਹੋਰ ਕਹਾਣੀ ਵੀ ਸੀ ਜਿਹੜੀ ਸਾਡੇ ਘਰ ਤੱਕ ਹੀ ਸੀਮਤ ਸੀ, ਜਿਸ ਬਾਰੇ ਬਾਹਰਲੇ ਲੋਕ ਘੱਟ ਗੱਲ ਕਰਦੇ ਸਨ। ਇਸ ਕਹਾਣੀ ਵਿਚ ਕੁਝ ਨਾਂ ਸੁਣਨ ਨੂੰ ਮਿਲਦੇ; ਬਰਕਤ ਅਲੀ, ਫੋਜ਼ੀਆ, ਆਲੀਆ, ਫਾਤਮਾ। ਇਹ ਕੋਈ ਪਰਿਵਾਰ ਸੀ ਜਿਹੜਾ ਸਾਡੇ ਘਰ ਕਈ ਦਿਨ ਤੱਕ ਰਿਹਾ ਸੀ। ਬਰਕਤ ਅਲੀ ਦੀ ਪਤਨੀ ਫੋਜ਼ੀਆ ਤੇ ਉਹਨਾਂ ਦੀਆਂ ਦੋ ਧੀਆਂ; ਆਲੀਆ ਤੇ ਫਾਤਮਾ। ਆਲੀਆ ਸੋਲਾਂ-ਸਤਾਰਾਂ ਸਾਲ ਦੀ ਤੇ ਫਾਤਮਾ ਦਸ ਕੁ ਸਾਲ ਦੀ। ਜਦ ਮੈਂ ਸਾਰੀਆਂ ਗੱਲਾਂ ਸਮਝਣ ਜੋਗਾ ਹੋਇਆ ਤਾਂ ਇਹਨਾਂ ਨਾਵਾਂ ਤੇ ਘਟਨਾਵਾਂ ਵਿਚੋਂ ਮੈਂ ਆਪ ਹੀ ਇਕ ਕਹਾਣੀ ਚੁਗ ਲਈ। ਪਤਾ ਨਹੀਂ ਉਸ ਵਿਚ ਸੱਚ ਕਿੰਨਾ ਸੀ ਤੇ ਕਲਪਨਾ ਕਿੰਨੀ ਪਰ ਮੈਂ ਉਸੇ ਕਹਾਣੀ ਉਪਰ ਯਕੀਨ ਕਰੀ ਬੈਠਾ ਸਾਂ।

ਬਰਕਤ ਅਲੀ ਦੀ ਪਿੰਡ ਪੰਡੋਰੀ ਵਿਚ ਦੁਕਾਨ ਸੀ। ਆਪਣੀ ਪਤਨੀ ਤੇ ਧੀਆਂ ਨਾਲ ਸੁਖੀ ਸੁਖੀ ਰਹਿ ਰਿਹਾ ਸੀ। ਪਾਕਿਸਤਾਨ ਦੇ ਬਣਨ ਦੀ ਖਬਰ ਨੇ ਉਹਨਾਂ ਦੇ ਜੀਵਨ ਵਿਚ ਭੁਚਾਲ ਲੈ ਆਂਦਾ। ਪਿੰਡ ਦੇ ਲੋਕ ਬਰਕਤ ਅਲੀ ਦੀ ਦੁਕਾਨ ਲੁੱਟਣ ਤੇ ਉਸ ਦੀ ਵੱਡੀ ਧੀ ਨੂੰ ਚੁੱਕਣ ਦੀਆਂ ਵਿਓਂਤਾਂ ਬਣਾਉਣ ਲੱਗੇ। ਕਿਸੇ ਖੈਰਖੁਆਹ ਨੇ ਆ ਕੇ ਉਸ ਨੂੰ ਖਬਰ ਦੇ ਦਿੱਤੀ ਕਿ ਅਜ ਰਾਤ ਨੂੰ ਉਸ ਦੇ ਘਰ ਉਪਰ ਹਮਲਾ ਕੀਤਾ ਜਾਵੇਗਾ। ਬਰਕਤ ਅਲੀ ਨੇ ਜੋ ਕੁਝ ਚੁੱਕ ਹੁੰਦਾ ਸੀ ਚੁੱਕਿਆ ਤੇ ਟੱਬਰ ਨੂੰ ਲੈ ਕੇ ਰਾਤੋ ਰਾਤ ਨਿਕਲ ਤੁਰਿਆ। ਬਹਿਰਾਮ ਦੇ ਕੈਂਪ ਬਾਰੇ ਸਭ ਨੂੰ ਪਤਾ ਹੀ ਸੀ। ਪੰਡੋਰੀ ਤੋਂ ਬਹਿਰਾਮ ਜਾਣ ਲਈ ਬਰਕਤ ਅਲੀ ਨੂੰ ਸਾਡੇ ਪਿੰਡ ਵਿਚ ਦੀ ਲੰਘਣਾ ਪੈਣਾ ਸੀ। ਸਾਡੇ ਪਿੰਡ ਪੁੱਜਣ ਤੱਕ ਬਰਕਤ ਅਲੀ ਦੇ ਟੱਬਰ ਨੂੰ ਦਿਨ

ਚੜ੍ਹ ਆਇਆ। ਫੌਜ਼ੀਆ ਤੇ ਦੋਵੇਂ ਕੁੜੀਆਂ ਥੱਕ ਵੀ ਗਈਆਂ ਹੋਈਆਂ ਸਨ। ਫੌਜ਼ੀਆ ਨੂੰ ਤਾਂ ਬੁਖਾਰ ਵੀ ਚੜ੍ਹ ਗਿਆ ਸੀ। ਉਹ ਸਾਰੇ ਦੁਬਕ ਕੇ ਝਾੜੀਆਂ ਓਹਲੇ ਲੁਕ ਗਏ ਤਾਂ ਜੋ ਰਾਤ ਪੈਣ 'ਤੇ ਅਗਲਾ ਸਫਰ ਜਾਰੀ ਰੱਖਿਆ ਜਾਵੇ।

ਚਾਚਾ ਨਿੱਤ ਵਾਂਗ ਖੇਤਾਂ ਦਾ ਗੇੜਾ ਮਾਰਨ ਗਿਆ। ਉਸ ਨੂੰ ਝਾੜੀਆਂ ਵਿਚ ਕਿਸੇ ਦੇ ਹੋਣ ਦਾ ਸ਼ੱਕ ਪਿਆ ਤਾਂ ਉਹ ਉਧਰ ਨੂੰ ਹੋ ਤੁਰਿਆ। ਬਰਕਤ ਅਲੀ ਨੇ ਸਾਹਮਣੇ ਉੱਚੇ-ਲੰਮੇ, ਖੁੰਢੀਆਂ ਮੁੱਛਾਂ ਵਾਲੇ ਸਰਦਾਰ ਨੂੰ ਖੜ੍ਹੇ ਦੇਖਿਆ ਤਾਂ ਉਹ ਗਿੜਗੜਾਉਂਦਾ ਬੋਲਿਆ,

"ਸਰਦਾਰਾ, ਆਹ ਲੈ ਟਰੰਕ ਸਾਂਭ ਲੈ ਪਰ ਮੇਰੀਆਂ ਕੁੜੀਆਂ ਨੂੰ ਕੁਝ ਨਾ ਕਹੀਂ, ਤੈਨੂੰ ਤੇਰੇ ਵਾਹਿਗੁਰੂ ਦਾ ਵਾਸਤਾ!"

ਚਾਚੇ ਨੇ ਬਰਕਤ ਅਲੀ ਨੂੰ ਤਸੱਲੀ ਦਿੱਤੀ। ਫੌਜ਼ੀਆ ਨੂੰ ਪਾਣੀ ਪਿਲਾਇਆ। ਉਸ ਦਾ ਵਤੀਰਾ ਦੇਖ ਕੇ ਬਰਕਤ ਅਲੀ ਨੂੰ ਕੁਝ ਕੁ ਯਕੀਨ ਬੱਝਿਆ। ਚਾਚਾ ਉਹਨਾਂ ਸਾਰਿਆਂ ਨੂੰ ਲੈ ਕੇ ਪਿੰਡ ਆ ਗਿਆ ਤੇ ਆਪਣੇ ਘਰ ਲੈ ਆਇਆ। ਬਾਬੇ ਵਤਨ ਸਿੰਘ ਨੂੰ ਇਹ ਸਭ ਚੰਗਾ ਤਾਂ ਨਾ ਲੱਗਿਆ ਪਰ ਚਾਚੇ ਨੂੰ ਕੁਝ ਕਹਿ ਵੀ ਨਹੀਂ ਸੀ ਸਕਦਾ। ਜਦ ਤਕ ਫੌਜ਼ੀਆ ਠੀਕ ਨਾ ਹੋਈ ਇਹ ਪਰਿਵਾਰ ਸਾਡੇ ਘਰ ਹੀ ਰਿਹਾ। ਪਿੰਡ ਦੇ ਲੋਕ ਦਬਵੀਂ ਜ਼ੁਬਾਨ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਕਰਦੇ ਰਹੇ ਪਰ ਚਾਚੇ ਨੇ ਕਿਸੇ ਦੀ ਪਰਵਾਹ ਨਾ ਕੀਤੀ। ਘਰ ਵਿਚ ਚਲਦੀਆਂ ਗੱਲਾਂ ਤੋਂ ਇਹ ਗੱਲ ਵੀ ਉਭਰਦੀ ਸੀ ਕਿ ਚਾਚੇ ਦਾ ਆਲੀਆ ਨਾਲ ਨੇੜ ਹੋ ਗਿਆ ਸੀ।

ਜਦ ਮੈਂ ਕਾਲਜ ਜਾਣ ਤੱਕ ਆਲੀਆ ਤੇ ਚਾਚੇ ਬਾਰੇ ਹੋਰ ਸੋਚਣ ਲੱਗ ਪਿਆ ਸਾਂ। ਇਕ ਦਿਨ ਮੈਂ ਹੌਂਸਲਾ ਕਰਕੇ ਮੈਂ ਆਪਣੀ ਦਾਦੀ ਨੂੰ ਪੁੱਛ ਹੀ ਲਿਆ,

"ਬੇਬੇ, ਆਹ ਲੋਕ ਚਾਚੇ ਤੇ ਓਸ ਮੁਸਲਮਾਨ ਕੁੜੀ ਬਾਰੇ ਕਦੇ ਕਦੇ ਕੋਈ ਗੱਲ ਕਰਦੇ ਹੁੰਦੇ ਆ, ਕੀ ਆ ਇਹ?"

"ਬਰਕਤ ਦੀ ਕੁੜੀ ਕੋਲ਼ ਕੋਈ ਕਾਲ਼ਾ ਇਲਮ ਸੀ, ਓਹਨੇ ਸਾਡਾ ਮੁੰਡਾ ਮਗਰ ਲਾ ਲਿਆ ਸੀ।"

ਬੇਬੇ ਨੇ ਰੁੱਖੇ ਜਿਹੇ ਰੁਖ਼ ਵਿਚ ਕਿਹਾ। ਮੈਂ ਤਾਏ ਜਰਨੈਲ ਸਿੰਘ ਨਾਲ ਗੱਲ ਕਰਨ ਬਾਰੇ ਸੋਚਿਆ। ਸ਼ਾਇਦ ਉਹ ਜ਼ਰਾ ਖੁੱਲ੍ਹ ਕੇ ਗੱਲ ਕਰ ਸਕੇ। ਤਾਇਆ ਕਹਿਣ ਲੱਗਿਆ,

"ਬਿੱਕਰ ਨੂੰ ਆਲੀਆ ਨਾਲ ਇਸ਼ਕ ਹੋ ਗਿਆ ਸੀ, ਆਲੀਆ ਵੀ ਬਿੱਕਰ 'ਤੇ ਮਰਨ ਲੱਗੀ ਸੀ, ਉਹਨੇ ਤਾਂ ਪਾਕਿਸਤਾਨ ਜਾਣ ਤੋਂ ਹੀ ਨਾਂਹ ਕਰ ਦਿੱਤੀ ਸੀ ਪਰ ਬਿੱਕਰ ਦੀ ਹਾਲਤ ਸੱਪ ਦੇ ਮੂੰਹ ਵਿਚ ਆਈ ਕੋਹੜ-ਕਿਰਲੀ ਵਾਲ਼ੀ ਹੋ ਗਈ। ਮੁਸਲਮਾਨਾਂ ਦੀਆਂ ਕੁੜੀਆਂ ਨੂੰ ਛੁਡਵਾਉਣ ਵਾਲਾ ਹੁਣ ਆਪ ਮੁਸਲੀ ਨੂੰ ਘਰ ਕਿੱਦਾਂ ਪਾ ਸਕਦਾ ਸੀ।"

"ਫਿਰ?"

"ਫਿਰ ਕੀ ਸੀ, ਬਿੱਕਰ ਆਪ ਹੀ ਇਕ ਦਿਨ ਬਰਕਤ ਅਲੀ ਦੇ ਟੱਬਰ ਨੂੰ ਕੈਂਪ ਵਿਚ ਛੱਡ ਆਇਆ ਪਰ ਓਦਾਂ ਹਰ ਰੋਜ਼ ਚੋਰੀ ਚੋਰੀ ਆਲੀਆ ਨੂੰ ਮਿਲਣ ਕੈਂਪ ਵਿਚ ਜਾ ਪੁੱਜਦਾ, ਸਾਨੂੰ ਤਾਂ ਲਗਦਾ ਸੀ ਕਿ ਇਕ ਦਿਨ ਏਹਨੇ ਕੁੜੀ ਦੂੜਾ ਲਿਆਉਣੀ ਆਂ ਪਰ ਓਹਨੇ ਏਦਾਂ ਨਹੀਂ ਕੀਤਾ।"



ਚਾਚੇ ਦੇ ਪਿਆਰ ਦਾ ਕਿੱਸਾ ਹੁਣ ਮੇਰੇ ਮੂਹਰੇ ਸਾਫ ਹੋ ਗਿਆ ਸੀ।

ਵਕਤ ਲੰਘਦਾ ਗਿਆ। ਜ਼ਖ਼ਮ ਭਰਦੇ ਗਏ ਪਰ ਜਿਹਨਾਂ ਨੇ ਪਾਕਿਸਤਾਨ ਬਣਦਾ ਦੇਖਿਆ ਸੀ ਉਹ ਇਹਦੇ ਬਾਰੇ ਗੱਲਾਂ ਕਰਨੋਂ ਨਾ ਹਟੇ। ਚਾਚੇ ਬਿੱਕਰ ਦਾ ਜ਼ਿਕਰ ਵੀ ਚੱਲਦਾ ਰਿਹਾ। ਜਿਹੜੇ ਮੇਰੀ ਪੀੜ੍ਹੀ ਦੇ ਲੋਕ ਸਨ, ਜਿਹੜੇ ਪਾਕਿਸਤਾਨ ਤੋਂ ਬਾਅਦ ਜਨਮੇ ਸਨ ਉਹਨਾਂ ਨੂੰ ਇਸ ਵੰਡ ਨਾਲ ਬਹੁਤੀ ਭਾਵੁਕ ਸਾਂਝ ਨਹੀਂ ਸੀ। ਸਾਡੀ ਪੀੜ੍ਹੀ ਦਾ ਤਾਂ ਸਗੋਂ ਪਾਕਿਸਤਾਨ ਨਾਲ ਦੁਸ਼ਮਣੀ ਜਿਹੀ ਵਾਲਾ ਨਾਤਾ ਬਣ ਗਿਆ ਸੀ। ਭਾਰਤੀ ਮੀਡੀਆ ਹਰ ਵੇਲੇ ਪਾਕਿਸਤਾਨ ਦੇ ਖਿਲਾਫ ਅੱਗ ਉਗਲ਼ਦਾ ਰਹਿੰਦਾ ਸੀ। ਪਾਕਿਸਤਾਨ ਨਾਲ ਲੱਗੀਆਂ ਦੋ ਲੜਾਈਆਂ ਨੇ ਵੀ ਦੋਨਾਂ ਮੁਲਕਾਂ ਨੂੰ ਬਹੁਤ ਦੂਰ ਕਰ ਦਿੱਤਾ ਸੀ। ਕਸ਼ਮੀਰ ਉਪਰ ਦੋਨਾਂ ਮੁਲਕਾਂ ਦਾ ਹੱਕ ਜਤਾਉਣਾ ਦੁਸ਼ਮਣੀ ਨੂੰ ਪੱਕੀ ਕਰਦਾ ਜਾ ਰਿਹਾ ਸੀ ਪਰ ਫਿਰ ਵੀ ਦਿਲ ਦੇ ਕਿਸੇ ਕੋਨੇ ਵਿਚ ਇਕ ਤਾਂਘ ਸੀ ਕਿ ਕਦੇ ਕੋਈ ਪਾਕਿਸਤਾਨੀ ਮਿਲੇ।

ਵਕਤ ਨੇ ਇਕ ਹੋਰ ਪਾਸਾ ਲਿਆ। ਮੇਰਾ ਵਿਆਹ ਹੋ ਗਿਆ ਤੇ ਮੈਂ ਇੰਗਲੈਂਡ ਆ ਗਿਆ। ਇੰਗਲੈਂਡ ਵਿਚ ਆ ਕੇ ਇਕ ਗੱਲ ਜ਼ਰਾ ਅਜੀਬ ਵੀ ਲੱਗੀ ਤੇ ਚੰਗੀ ਵੀ, ਉਹ ਇਹ ਸੀ ਕਿ ਇੱਥੇ ਪਾਕਿਸਤਾਨੀ ਭਾਰੀ ਗਿਣਤੀ ਵਿਚ ਵਸਦੇ ਸਨ। ਮੇਰਾ ਉਹਨਾਂ ਨਾਲ ਆਮ ਵਾਹ ਪੈਣ ਲੱਗਿਆ। ਭਾਵੇਂ ਇੱਥੇ ਵਸਦੇ ਭਾਰਤੀ ਲੋਕਾਂ ਦੇ ਪਾਕਿਸਤਾਨੀਆਂ ਬਾਰੇ ਵਿਚਾਰ ਬਹੁਤੇ ਚੰਗੇ ਨਹੀਂ ਸਨ ਪਰ ਉਹ ਆਪਸ ਵਿਚ ਖੁੱਲ੍ਹ ਕੇ ਵਰਤਦੇ ਸਨ। ਮੈਨੂੰ ਕਦੇ ਵੀ ਕੋਈ ਅਜਿਹਾ ਪਾਕਿਸਤਾਨੀ ਨਹੀਂ ਸੀ ਮਿਲਿਆ ਜਿਸ ਨੂੰ ਮੈਂ ਪਸੰਦ ਨਾ ਕਰਾਂ। ਮੇਰੇ ਘਰ ਦੇ ਨਜ਼ਦੀਕ ਹੀ ਗਰੌਸਰੀ ਦੀ ਦੁਕਾਨ ਸੀ, ਜਦ ਮੈਂ ਉਥੇ ਜਾਂਦਾ ਤਾਂ ਉਸ ਦਾ ਮਾਲਕ ਮੁਸ਼ਤਾਕ ਮੈਨੂੰ ਵੱਡੀ ਸਾਰੀ ਮੁਸਕ੍ਰਾਹਟ ਦਿੰਦਾ। ਮੀਟ ਦੀ ਦੁਕਾਨ ਵਾਲੇ ਅਨਵਰ ਦਾ ਵੀ ਸਰਦਾਰ ਜੀ ਸਰਦਾਰ ਜੀ ਕਹਿੰਦੇ ਦਾ ਮੂੰਹ ਸੁੱਕਦਾ। ਇਕ ਗੱਲ ਮੈਨੂੰ ਜ਼ਰਾ ਕੁ ਅਜੀਬ ਜ਼ਰੂਰ ਲਗਦੀ ਕਿ ਪਾਕਿਸਤਾਨੀ ਜਿਥੇ ਇੰਡੀਆ ਤੇ ਹਿੰਦੂਆਂ ਨੂੰ ਪਸੰਦ ਨਹੀਂ ਸਨ ਕਰਦੇ ਉਥੇ ਸਿੱਖਾਂ ਨਾਲ ਕੁਝ ਬਹੁਤਾ ਹੀ ਮੋਹ ਦਿਖਾਉਂਦੇ ਸਨ। ਸ਼ਾਇਦ ਉਹ ਸੋਚਦੇ ਸਨ ਕਿ ਪੰਜਾਬ ਵਿਚ ਸਿਰਫ ਸਿੱਖ ਹੀ ਰਹਿੰਦੇ ਹਨ। ਪਾਕਿਸਤਾਨੀ ਪੰਜਾਬੀਆਂ ਨਾਲ ਹੁਣ ਮੇਰਾ ਵਾਹ ਤਾਂ ਵਾਹਵਾ ਪੈਣ ਲਗ ਪਿਆ ਸੀ ਪਰ ਕਿਸੇ ਨਾਲ ਬਹੁਤੀ ਨੇੜਤਾ ਨਹੀਂ ਸੀ ਹੋਈ। ਇਹ ਨੇੜਤਾ ਕੁਝ ਦੇਰ ਬਾਅਦ ਵਿਚ ਹੋਈ, ਆਸਿਫ ਨਾਲ, ਜਦ ਮੈਂ ਫੋਰਡ ਦੇ ਬੌਡੀ-ਪਲਾਂਟ ਵਿਚ ਕੰਮ ਕਰਦਾ ਸਾਂ। ਉਹ ਮੇਰੀ ਟੀਮ ਵਿਚ ਆ ਸ਼ਾਮਲ ਹੋਇਆ ਸੀ। ਉਸ ਨਾਲ ਨੇੜਤਾ ਵੀ ਅਜਿਹੀ ਕਿ ਉਮਰ ਭਰ ਦੀ ਦੋਸਤੀ ਹੋ ਗਈ।

ਆਸਿਫ ਪਾਕਿਸਤਾਨ ਵਿਚੋਂ ਮੁਲਤਾਨ ਤੋਂ ਸੀ ਪਰ ਉਸ ਦੀ ਪੰਜਾਬੀ ਮੇਰੇ ਵਰਗੀ ਹੀ ਸੀ। ਅਸਲ ਵਿਚ ਉਸ ਦਾ ਟੱਬਰ ਹੁਸ਼ਿਆਰਪੁਰ ਤੋਂ ਗਿਆ ਹੋਣ ਕਰਕੇ ਉਹ ਘਰ ਵਿਚ ਦੁਆਬੀ ਹੀ ਬੋਲਦੇ ਸਨ, ਉਥੋਂ ਹੀ ਉਸ ਨੇ ਇਹ ਲਹਿਜ਼ਾ ਲਿਆ ਸੀ। ਗੱਲਾਂ ਕਰਨ ਦਾ ਉਹ ਵੀ ਸ਼ੌਕੀਨ ਸੀ। ਸਿਆਸੀ ਮੱਸ ਵੀ ਰੱਖਦਾ ਸੀ। ਅਸੀਂ ਗੱਲਾਂ ਕਰਨ ਲਗਦੇ ਤਾਂ ਕਿੰਨੀ ਦੇਰ ਤੱਕ ਲੱਗੇ ਰਹਿੰਦੇ। ਜ਼ਿਆ ਉਲ ਹੱਕ ਨੇ ਭੁੱਟੋ ਨੂੰ ਫਾਂਸੀ ਲਗਾ ਦਿੱਤਾ ਸੀ ਜਿਸ ਕਾਰਨ ਉਹ ਕਾਫੀ ਉਦਾਸ ਰਹਿੰਦਾ ਸੀ। ਹਿੰਦੁਸਤਾਨ ਦੀ ਡੈਮੋਕਰੇਸੀ ਦਾ ਉਹ ਬਹੁਤ ਮੱਦਾਹ ਸੀ। ਇਕ ਦਿਨ ਮੈਂ ਉਸ ਨੂੰ ਪੁੱਛਿਆ,

"ਆਸਿਫ, ਸੰਤਾਲੀ ਵਾਲੀ ਵੰਡ ਦਾ ਤੇਰੇ ਉਪਰ ਕਿੰਨਾ ਕੁ ਅਸਰ ਐ?"

"ਅਸਰ ਹੋਣਾ ਤਾਂ ਕੁਦਰਤੀ ਐ, ਮੇਰੇ ਸਾਰੇ ਵਡੇਰੇ ਹੀ ਉਧਰੋਂ ਆਏ ਆ, ਬਹੁਤ ਕੁਝ ਗਵਾ ਕੇ ਆਏ ਆ ਪਰ ਜਿਹੜੇ ਲੋਕ ਪਾਸਿਕਤਾਨ ਤੋਂ ਓਧਰ ਗਏ ਆ ਉਹਨਾਂ ਦਾ ਨੁਕਸਾਨ ਵੀ ਘੱਟ ਨਹੀਂ ਹੋਇਆ, ਸਮਾਂ ਹੀ ਅਜਿਹਾ ਸੀ, ਇਨਸਾਨ ਹੈਵਾਨ ਬਣ ਗਿਆ ਸੀ।"

"ਇਤਿਹਾਸ ਵਿਚ ਏਦਾਂ ਦੀਆਂ ਮਿਸਾਲਾਂ ਘੱਟ ਮਿਲਦੀਆਂ।"

"ਸਿੰਘ, ਇਕ ਗੱਲ ਸਮਝ ਨਹੀਂ ਲਗਦੀ ਕਿ ਇੰਡੀਅਨ ਲੋਕਾਂ ਨੂੰ ਪਾਕਿਸਤਾਨ ਦੀ ਹੋਂਦ ਹਾਲੇ ਤੱਕ ਵੀ ਮਨਜ਼ੂਰ ਕਿਉਂ ਨਹੀਂ ਹੋ ਰਹੀ!"

"ਹੋ ਕਿਉਂ ਨਹੀਂ ਰਹੀ ਪਰ ਜਿਹੜੇ ਲੋਕਾਂ ਨੇ ਵੰਡ ਹੁੰਦੀ ਦੇਖੀ ਐ ਉਹਨਾਂ ਤੋਂ ਸ਼ਾਇਦ ਮੁਲਕ ਵਿਚੋਂ ਦੋ ਵੱਡੇ ਹਿੱਸੇ ਅਲੱਗ ਹੁੰਦੇ ਬਰਦਾਸ਼ਤ ਨਹੀਂ ਸਨ ਹੋ ਰਹੇ।"

"ਏਹਦੇ ਵਿਚ ਕਿਹੜੀ ਗੱਲ ਸੀ, ਆਖਰ ਭਰਾ ਭਰਾ ਅਲੱਗ ਹੁੰਦੇ ਹੀ ਆ।"

"ਹਾਂ ਆਸਿਫ, ਘਰਾਂ ਵਿਚ ਭਰਾ ਅੱਡ ਹੁੰਦੇ ਹੀ ਆ ਪਰ ਦੇਸ਼ ਘਰ ਨਹੀਂ ਹੁੰਦਾ, ਜੇ ਦੇਸ਼ ਦੇ ਟੁਕੜੇ ਹੋਣ ਲੱਗ ਪੈਣ ਤਾਂ ਹੁਣ ਨੂੰ ਇੰਡੀਆ ਦੇ ਵੀਹ ਟੁਕੜੇ ਹੋ ਗਏ ਹੁੰਦੇ।"

"ਜੇ ਤੁਹਾਡੇ ਲੀਡਰਾਂ ਨੇ ਕਾਇਦੇ ਆਜ਼ਮ ਦੀ ਗੱਲ ਮੰਨ ਲਈ ਹੁੰਦੀ ਤਾਂ ਸ਼ਾਇਦ ਪਾਕਿਸਤਾਨ ਨਾ ਬਣਦਾ।"

"ਨਹੀਂ ਆਸਿਫ, ਪਾਕਿਸਤਾਨ ਬਣਨਾ ਇਕ ਚੰਗੀ ਘਟਨਾ ਸਾਬਿਤ ਹੋਇਐ।"

"ਸਿੰਘ, ਤੂੰ ਪਹਿਲਾ ਇੰਡੀਅਨ ਹੋਏਂਗਾ ਜਿਹੜਾ ਪਾਕਿਸਤਾਨ ਨੂੰ ਜਸਟੀਫਾਈ ਕਰ ਰਿਹਾ ਏਂ, ...ਪਰ ਕਿਵੇਂ?"

"ਇਕ ਤਾਂ ਪੰਜਾਬ ਵਿਚੋਂ ਮਜ਼ਬੀ ਫਸਾਦ ਸਦਾ ਲਈ ਖਤਮ ਹੋ ਗਏ ਜਿੱਦਾਂ ਕਿ ਇੰਡੀਆ ਦੇ ਹੋਰਨਾਂ ਸੂਬਿਆਂ ਵਿਚ ਹਾਲੇ ਵੀ ਹੁੰਦੇ ਰਹਿੰਦੇ ਆ ਤੇ ਦੂਜੇ ਪੰਜਾਬੀ ਜ਼ੁਬਾਨ ਨੂੰ ਬਹੁਤ ਫਾਇਦਾ ਹੋਇਆ, ਨਹੀਂ ਤਾਂ ਇਹ ਉੜਦੂ ਥੱਲੇ ਦੱਬੀ ਰਹਿਣੀ ਸੀ।"

"ਪਰ ਉੜਦੂ ਤਾਂ ਬਹੁਤ ਮਿੱਠੀ ਜ਼ੁਬਾਨ ਐ।"

"ਹਾਂ ਪਰ ਪੰਜਾਬ ਦੀ ਨਹੀਂ।"

ਇਵੇਂ ਸਾਡੀਆਂ ਗੱਲਾਂ ਸ਼ੁਰੂ ਹੁੰਦੀਆਂ ਤਾਂ ਮੁੱਕਦੀਆਂ ਹੀ ਨਾ। ਮੈਂ ਉਸ ਨੂੰ ਚਾਚੇ ਬਿੱਕਰ ਵਾਲੀ ਗੱਲ ਸੁਣਾਈ ਕਿ ਕਿਵੇਂ ਉਸ ਨੇ ਉਧਾਲੀਆਂ ਹੋਈਆਂ ਮੁਸਲਮਾਨ ਕੁੜੀਆਂ ਨੂੰ ਵਾਪਸ ਕਰਵਾਇਆ ਤੇ ਅੰਤ ਆਪਣੀ ਮੁਹੱਬਤ ਨੂੰ ਵੀ ਕੈਂਪ ਵਿਚ ਛੱਡ ਆਇਆ ਸੀ। ਇਸ ਬਾਰੇ ਉਸ ਦੀ ਰਾਏ ਸੀ ਕਿ ਹਾਲਾਤ ਮੁਜਬ ਕਈ ਵਾਰ ਆਰਜ਼ੀ ਜਿਹੇ ਇਸ਼ਕ ਹੋ ਜਾਇਆ ਕਰਦੇ ਹਨ।

ਅਸੀਂ ਇਕ ਦੂਜੇ ਦੇ ਘਰ ਵੀ ਆਉਣ ਜਾਣ ਲੱਗ ਪਏ। ਸਾਡੀਆਂ ਪਤਨੀਆਂ ਵੀ ਸਹੇਲੀਆਂ ਬਣ ਗਈਆਂ ਸਨ। ਉਸ ਨੂੰ ਭਾਰਤੀ ਫਿਲਮਾਂ ਤੇ ਗੀਤ ਚੰਗੇ ਲਗਦੇ। ਅਸੀਂ ਰਲ਼ ਕੇ ਵੀਡਿਓ ਤੇ ਫਿਲਮਾਂ ਕਿਰਾਏ 'ਤੇ ਲੈ ਆਉਂਦੇ ਤੇ ਇਕੱਠੇ ਬੈਠ ਕੇ ਦੇਖਦੇ। ਫਿਰ ਉਸ ਨੇ ਵੀਡਿਓ ਖਰੀਦਿਆ ਤਾਂ ਮੈਂ ਕਈ ਵਾਰ ਉਧਾਰਾ ਮੰਗ ਲਿਆਉਂਦਾ। ਮੈਂ ਫੋਰਡ ਵਿਚੋਂ ਕੰਮ ਛੱਡ ਦਿੱਤਾ ਤਾਂ ਵੀ ਸਾਡੀ ਦੋਸਤੀ ਕਾਇਮ ਰਹੀ। ਭੱਜ ਕੇ ਇਕ ਦੂਜੇ ਦੀ ਮਦਦ ਕਰਦੇ। ਔਖੇ ਸਮੇਂ ਅਗਲੇ ਦੇ ਨਾਲ ਖੜ੍ਹਦੇ।

ਮੇਰੇ ਮਾਤਾ-ਪਿਤਾ ਇੰਡੀਆ ਤੋਂ ਛੇ ਕੁ ਮਹੀਨੇ ਲਈ ਸਾਡੇ ਕੋਲ ਰਹਿਣ ਆ ਗਏ।



ਆਸਿਫ ਨੇ ਆਪਣੇ ਘਰ ਉਹਨਾਂ ਨੂੰ ਖਾਣੇ 'ਤੇ ਸੱਦਿਆ। ਖਾਣੇ 'ਤੇ ਹੀ ਨਹੀਂ ਸੱਦਿਆ ਬਲਕਿ ਕਿੰਨੇ ਸਾਰੇ ਤੋਹਫੇ ਦੇ ਕੇ ਮਾਣ-ਤਾਣ ਵੀ ਕੀਤਾ।

ਇਕ ਦਿਨ ਉਹ ਕਹਿਣ ਲੱਗਿਆ,

"ਸਿੰਘ ਯਾਰ, ਮੇਰਾ ਵੀ ਦਿਲ ਕਰਦਾ ਕਿ ਆਪਣੇ ਅੱਬੂ ਤੇ ਅੰਮੀ ਨੂੰ ਇਧਰਲਾ ਚੱਕਰ ਲਗਾ ਦੇਵਾਂ, ਹੁਣ ਸਾਰੇ ਭੈਣ ਭਰਾ ਵਿਆਹੇ ਗਏ ਆ ਤੇ ਉਹ ਵਿਹਲੇ ਹੀ ਆ।"

"ਜ਼ਰੂਰ ਸੱਦ।"

"ਮੈਨੂੰ ਜ਼ਰਾ ਗਾਈਡ ਕਰ ਦੇ, ਪੇਪਰ ਬਗੈਰਾ ਕਿੱਦਾਂ ਭਰਨੇ ਆਂ।"

"ਇਹ ਤਾਂ ਗੱਲ ਹੀ ਕੋਈ ਨਹੀਂ, ਮੈਂ ਤੇਰੇ ਨਾਲ ਹੋ ਕੇ ਸਪੌਂਸਰਸ਼ਿੱਪ ਤਿਆਰ ਕਰਵਾ ਦੇਨਾਂ।"

ਮੈਂ ਉਸ ਦੀ ਮਦਦ ਕਰ ਦਿੱਤੀ। ਕੁਝ ਮਹੀਨਿਆਂ ਬਾਅਦ ਉਸ ਦੇ ਮਾਂ-ਪਿਓ ਇੰਗਲੈਂਡ ਆ ਗਏ। ਮੈਂ ਵੀ ਉਸ ਦੇ ਨਾਲ ਉਹਨਾਂ ਨੂੰ ਏਅਰਪੋਰਟ ਤੋਂ ਲੈਣ ਗਿਆ। ਆਸਿਫ ਨੇ ਉਹਨਾਂ ਨਾਲ ਮੇਰਾ ਤੁਆਰਫ ਕਰਾਇਆ। ਉਹ ਜਿਵੇਂ ਪਹਿਲਾਂ ਹੀ ਮੈਨੂੰ ਜਾਣਦੇ ਹੋਣ। ਉਸ ਦਾ ਅੱਬੂ ਬੋਲਿਆ,

"ਪੁੱਤਰਾ, ਆਸਿਫ ਤਾਂ ਜਦ ਵੀ ਸਾਨੂੰ ਫੋਨ ਕਰੇ ਜਾਂ ਚਿੱਠੀ ਲਿਖੇ ਤੇਰਾ ਜ਼ਿਕਰ ਜ਼ਰੂਰ ਕਰਦਾ ਹੁੰਦਾ।"

ਉਸ ਦੀ ਮਾਂ ਮੇਰੇ ਸਿਰ ਉਪਰ ਹੱਥ ਫੇਰਦੀ ਪੁੱਛਣ ਲੱਗੀ,

"ਕਿਹੜਾ ਪਿੰਡ ਐ ਤੇਰਾ ਕਾਕਾ?"

"ਜੀ ਚੱਕਾਂ।"

ਮੇਰੇ ਜਵਾਬ ਤੋਂ ਉਹ ਚੌਂਕ ਜਿਹੀ ਗਈ। ਅੱਬੂ ਨੇ ਆਖਿਆ,

"ਚੱਕਾਂ ਜਿਹੜਾ ਹੁਸ਼ਿਆਰਪੁਰ ਕੋਲ਼ ਐ?"

"ਜੀ ਨਹੀਂ, ਜਿਹੜਾ ਬੰਗਿਆਂ ਕੋਲ ਐ।"

ਉਸ ਦੀ ਅੰਮੀ ਨੇ ਬਹੁਤ ਹੀ ਧਿਆਨ ਨਾਲ ਮੇਰੇ ਵੱਲ ਦੇਖਿਆ ਪਰ ਚੁੱਪ ਰਹੀ।

ਆਸਿਫ ਨੇ ਆਪਣੇ ਮਾਂ-ਪਿਓ ਦੀ ਆਵੰਦ ਵਿਚ ਆਪਣੇ ਘਰ ਗਾਰਡਨ ਪਾਰਟੀ ਰੱਖੀ। ਸਾਨੂੰ ਵੀ ਸੱਦਿਆ। ਗਰਮੀਆਂ ਦੇ ਦਿਨ ਸਨ। ਕਦੇ ਕਦੇ ਨਿਕਲਦੀ ਧੁੱਪ ਸਭ ਦੇ ਚਿਹਰਿਆਂ ਉਪਰ ਖੇਡ ਰਹੀ ਸੀ। ਕਾਫੀ ਸਾਰੇ ਲੋਕ ਆਏ ਹੋਏ ਸਨ। ਆਸਿਫ ਦੇ ਅੱਬੂ ਬਹੁਤ ਖੁਸ਼ ਸਨ ਪਰ ਅੰਮੀ ਦੇ ਮੱਥੇ 'ਤੇ ਤਨਾਵ ਦੀਆਂ ਰੇਖਾਵਾਂ ਸਾਫ ਦਿਸ ਰਹੀਆਂ ਸਨ। ਉਹ ਮੇਰੇ ਮੋਢੇ 'ਤੇ ਹੱਥ ਰੱਖਦੀ ਮੈਨੂੰ ਇਕ ਪਾਸੇ ਲੈ ਗਈ ਤੇ ਬੋਲੀ,

"ਤੁਹਾਡੇ ਪਿੰਡ ਦੇ ਇਕ ਸਨ ਸਰਦਾਰ ਵਤਨ ਸਿੰਘ, ਜਾਣਦਾ ਐਂ?"

"ਜੀ, ਉਹ ਤਾਂ ਮੇਰੇ ਹੀ ਬਾਬਾ ਜੀ ਸਨ।"

"ਉਹ! ...ਤੇਰੇ ਵਾਲਦ ਦਾ ਨਾਂ...?"

"ਜੀ, ਸਰਦਾਰ ਕਿਸ਼ਨ ਸਿੰਘ।"

"ਤੇਰੇ ਚਾਚਾ ਜੀ...?"

"ਜੀ, ਸਰਦਾਰ ਬਿੱਕਰ ਸਿੰਘ।"

"ਹਾਂ ਹਾਂ, ...ਉਹਨਾਂ ਦੇ ਬੱਚੇ ਵੀ ਹੁਣ ਵੱਡੇ ਹੋ ਗਏ ਹੋਣਗੇ! ਵਿਆਹੇ-ਵਰੇ ਗਏ ਹੋਣਗੇ!"

"ਜੀ!"

"ਉਹ ਵੀ ਤਾਂ ਸੂਬੇਦਾਰ ਬਣ ਕੇ ਰਿਟਾਇਰ ਹੋਏ ਹੋਣਗੇ!"

"ਜੀ!"

ਮੇਰੀ ਗੱਲ ਸੁਣ ਕੇ ਉਸ ਦੀਆਂ ਗੱਲ੍ਹਾਂ ਧੁੱਪ ਨਾਲ ਚਮਕਣ ਲੱਗੀਆਂ। ਉਹ ਮੇਰਾ ਮੋਢਾ ਥਾਪੜਦੀ ਆਪਣੀ ਨੂੰਹ ਨਾਲ ਗੱਲੀਂ ਜਾ ਲੱਗੀ। ਉਹ ਬਹੁਤ ਖੁਸ਼ ਜਾਪਦੀ ਸੀ। ਕਦੇ ਕਦੇ ਮੇਰੇ ਵੱਲ ਵੀ ਦੇਖਣ ਲਗਦੀ।

ਮੈਂ ਤਾਂ ਉਸ ਨੂੰ ਏਅਰਪੋਰਟ ਤੋਂ ਉਤਰਦਿਆਂ ਹੀ ਪਛਾਣ ਲਿਆ ਸੀ, ਸ਼ਾਇਦ ਉਸ ਤੋਂ ਵੀ ਪਹਿਲਾਂ ਜਦ ਆਸਿਫ ਨੇ ਉਹਨਾਂ ਲਈ ਪੇਪਰ ਭੇਜਣ ਸਮੇਂ ਉਸ ਦਾ ਨਾਂ ਲਿਖਵਾਇਆ ਸੀ; ਆਲੀਆ ਅਹਿਮਦ।

ਮੈਂ ਉਸ ਵੱਲ ਦੇਖਦਾ ਬਹਿਰਾਮ ਦੇ ਰਿਫਿਊਜ਼ੀ ਕੈਂਪ ਬਾਹਰ ਜਾ ਪੁੱਜਾ। ਉਥੇ ਜਿਥੇ ਚਾਚਾ ਬਿੱਕਰ ਹੱਥ ਵਿਚ ਤਲਵਾਰ ਲਈ ਖੜ੍ਹਾ ਸੀ। ਚਾਚੇ ਨੂੰ ਪਤਾ ਲੱਗ ਚੁੱਕਿਆ ਸੀ ਕਿ ਇਲਾਕੇ ਦੇ ਕੁਝ ਬਦਮਾਸ਼ ਕੈਂਪ ਵਿਚੋਂ ਕੁੜੀਆਂ ਚੁੱਕਣ ਆ ਰਹੇ ਸਨ। ਭਾਵੇਂ ਕੈਂਪ ਦੁਆਲੇ ਫੌਜ ਦਾ ਪਹਿਰਾ ਸੀ ਪਰ ਐਡੇ ਵੱਡੇ ਕੈਂਪ ਦੀ ਰਖਵਾਲੀ ਕਰਨੀ ਕੋਈ ਸੌਖੀ ਗੱਲ ਨਹੀਂ ਹੋਵੇਗੀ। ਚਾਚੇ ਨੇ ਕੈਂਪ ਬਚਾਉਣਾ ਸੀ ਜਾਂ ਫਿਰ ਸ਼ਾਇਦ ਆਪਣੀ ਆਲੀਆ। ਉਹ ਨੰਗੀ ਤਲਵਾਰ ਲੈ ਕੇ ਡਟਿਆ ਖੜ੍ਹਾ ਸੀ। ਪੱਚੀ ਕੁ ਬੰਦਿਆਂ ਦਾ ਟੋਲਾ ਆਇਆ, ਲੜਾਈ ਹੋਈ, ਪਤਾ ਨਹੀਂ ਕਿਹੜੇ ਵੇਲੇ ਇਕ ਬਰਛਾ ਚਾਚੇ ਦੀ ਹਿੱਕ ਵਿਚ ਆ ਖੁੱਭਿਆ। ਚਾਚਾ ਥਾਵੇਂ ਹੀ ਢੇਰੀ ਹੋ ਗਿਆ। ਜਦ ਤੱਕ ਫੌਜ ਪੁੱਜੀ ਤਾਂ ਚਾਚਾ ਜਾ ਚੁੱਕਿਆ ਸੀ।

ਮੈਂ ਸਦਾ ਇਹੋ ਸੋਚਿਆ ਕਰਦਾ ਸਾਂ ਕਿ ਆਲੀਆ ਨੂੰ ਚਾਚੇ ਬਾਰੇ ਉਸੇ ਵਕਤ ਪਤਾ ਚੱਲ ਗਿਆ ਹੋਵੇਗਾ ਤੇ ਵੈਣ ਪਾਉਂਦੀ ਦੌੜੀ ਆਈ ਹੋਵੇਗੀ ਤੇ ਚਾਚੇ ਦੀ ਲਾਸ਼ ਨੂੰ ਚੁੰਬੜ ਗਈ ਹੋਵੇਗੀ, ਵਿਚਾਰੀ ਆਲੀਆ ਦੀ ਹਾਲਤ ਬਹੁਤ ਬੁਰੀ ਹੋਈ ਹੋਵੇਗੀ। ਹੁਣ ਮੈਨੂੰ ਕੁਝ ਕੁ ਤਸੱਲੀ ਸੀ।



# ਪਾਂਡੀ

**ਤਲਵਿੰਦਰ ਸਿੰਘ**

ਜਿਵੇਂ ਹੀ ਉਹ ਚਿਹਰਾ ਮੇਰੀ ਨਜ਼ਰ ਵਿਚ ਆਉਂਦਾ ਹੈ, ਇਕ ਕਰੰਟ ਜਿਹਾ ਮੇਰੇ ਦਿਮਾਗ਼ ਵਿਚੋਂ ਨਿਕਲ ਪੂਰੇ ਵਜੂਦ ਵਿਚ ਫੈਲ ਜਾਂਦਾ ਹੈ। ਉਹ ਸਾਦ-ਮੁਰਾਦੀ ਪੇਂਡੂ ਜਿਹੀ ਦਿੱਖ ਵਾਲੀ ਔਰਤ। ਅੱਧਾ ਕੁ ਝੁਕਿਆ ਚਿਹਰਾ। ਚਾਦਰ ਨਾਲ ਅੱਧਾ ਕੁ ਢੱਕਿਆ ਸਿਰ। ਕੰਨਾਂ ਲਾਗੋਂ ਦਿਸਦੀਆਂ ਖਿਚੜੀ ਜਿਹੀਆਂ ਲਿਟਾਂ। ਮੇਰੀ ਨਿਗਾਹ ਕੁਝ ਚਿਰ ਲਈ ਉਥੇ ਹੀ ਟਿਕ ਜਾਂਦੀ ਹੈ।

'ਭੈਣ ਬਰਕਤੇ...!" ਮੇਰੇ ਬੁੱਲ੍ਹ ਫਰਕਦੇ ਹਨ। ਉਹ ਉਂਜ ਹੀ ਬੈਠੀ ਰਹਿੰਦੀ ਹੈ। ਮੇਰੇ ਇਹ ਧੀਮੇ ਜਿਹੇ ਬੋਲ ਕਿੱਥੇ ਸੁਣਨੇ ਨੇ ਉਹਨੂੰ? ਉਹ ਖ਼ਾਮੋਸ਼, ਉਦਾਸ, ਨਜ਼ਰਾਂ ਝੁਕਾਈ ਬੈਠੀ ਹੈ। ਮੇਰੇ ਪੋਟਿਆਂ ਵਿਚ ਜੁੰਬਸ਼ ਆਉਂਦੀ ਹੈ। ਬਟਨ ਹਿਲਾ ਕੇ ਮੈਂ ਉਹਦਾ ਅਕਸ ਹੋਰ ਸਪੱਸ਼ਟ ਕਰਦਾ ਹਾਂ। ਹੁਣ ਉਹ ਮੇਰੇ ਏਨਾ ਨੇੜੇ ਹੈ ਕਿ ਮੈਂ ਉਹਦੇ ਸਾਹਾਂ ਦੀ ਆਵਾਜ਼ ਤੱਕ ਮਹਿਸੂਸ ਕਰ ਸਕਦਾ ਹਾਂ। ਕੁਝ ਛਿਣਾਂ ਲਈ ਆਸੇ-ਪਾਸੇ ਦਾ ਸ਼ੋਰ ਜਿਵੇਂ ਜ਼ੀਰੋ ਹੋ ਜਾਂਦਾ ਹੈ। ਦਿਮਾਗ਼ ਵਿਚ ਜਿਵੇਂ ਸੈਆਂ ਘੋੜੇ ਦੌੜਨ ਲੱਗਦੇ ਨੇ, ਸਰਪਟ, ਇਕ ਦੂਜੇ ਨਾਲ ਖਹਿੰਦੇ, ਟਕਰਾਉਂਦੇ। ਹਵਾ ਦੀ ਲਰਜ਼ ਨਾਲ ਖਿਸਕਿਆ ਪੱਲਾ ਉਹ ਆਹਿਸਤਾ ਨਾਲ ਸੁਆਰਦੀ ਹੈ। ਮੇਰੀ ਜ਼ਬਾਨ ਫਿਰ ਕੰਬਦੀ ਹੈ, 'ਭੈਣ ਬਰਕਤੇ...!'

ਹਵਾ ਤੇਜ਼ ਹੋ ਜਾਂਦੀ ਹੈ। ਭਾਂਡਾ ਠੀਕਰ ਉੱਡਣ ਲੱਗਦਾ ਹੈ। ਅੰਨ੍ਹੇ ਘੋੜੇ ਖੌਰੂ ਪਾਉਣ ਲੱਗਦੇ ਨੇ। ਹਨੇਰੀ ਨਾਲ ਖੜਕਦੇ ਪਿੱਪਲ ਦੇ ਪੱਤ ਡਰਾਉਣੀਆਂ ਆਵਾਜ਼ਾਂ ਕੱਢਣ ਲੱਗਦੇ ਨੇ। ਇਸ ਪਿੱਪਲ ਦੇ ਸੰਘਣੇ ਪੱਤਿਆਂ ਟਾਹਣਿਆਂ ਵਿਚ ਵੱਸਦੀਆਂ ਚੁੜੇਲਾਂ ਜ਼ਮੀਨ 'ਤੇ ਆ ਕੇ ਤਾਂਡਵ ਨਾਚ ਨੱਚਣ ਲੱਗਦੀਆਂ ਨੇ, ਮਨ ਦੇ ਕਿਸੇ ਕੋਨੇ ਵਿਚ ਦੱਬੇ ਪਏ ਖ਼ੌਫ਼ ਦੇ ਸਿਰ ਚੁੱਕਦਿਆਂ ਹੀ ਮੇਰੇ ਮੱਥੇ 'ਤੇ ਤ੍ਰੇਲੀ ਆ ਜਾਂਦੀ ਹੈ।

ਹਨ੍ਹੇਰੇ ਦੀ ਸੰਘਣੀ ਤੇ ਨਿੱਗਰ ਪਰਤ ਤਾਰ-ਤਾਰ ਹੋਈ ਪਈ ਹੈ। ਘਰਾਂ-ਹਵੇਲੀਆਂ, ਗਲੀਆਂ-ਬਾਜ਼ਾਰਾਂ ਤੇ ਖੇਤ-ਖਲਵਾੜਾਂ 'ਚੋਂ ਮੱਚਦੀ ਅੱਗ ਨੇ ਕਾਲੀ ਬੋਲ਼ੀ ਰਾਤ ਵਿਚ ਵੀ ਦੁਪਹਿਰ ਜਿੰਨਾ ਚਾਨਣ ਕਰ ਦਿੱਤਾ ਹੈ। ਮਾਹੌਲ 'ਚੋਂ ਉੱਠਦੀਆਂ ਕਲਿਹਣੀਆਂ ਤੇ ਕੰਬਾਅ ਦੇਣ ਵਾਲੀਆਂ ਆਵਾਜ਼ਾਂ ਦਾ ਸ਼ੋਰ ਮੱਠਾ ਪੈਣ ਦਾ ਨਾਂ ਨਹੀਂ ਲੈ ਰਿਹਾ। ਤੇਜ਼ ਝੱਖੜ ਨੇ ਕਿੰਨਿਆਂ ਹੀ ਸਿਰਾਂ ਤੋਂ ਚਾਦਰਾਂ ਉਡਾ ਦਿੱਤੀਆਂ ਨੇ, ਕਿੰਨਿਆਂ ਦੇ ਵਾਲ ਖੁੱਲ੍ਹ ਕੇ ਖਿੱਲਰ ਗਏ ਨੇ, ਕਿੰਨਿਆਂ ਦੇ ਕੱਟੇ ਵੱਢੇ ਅੰਗ ਪੈਰ ਟਾਹਣਾਂ, ਬਨੇਰਿਆਂ, ਤਾਰਾਂ 'ਤੇ ਟੰਗੇ ਗਏ ਨੇ। ਹਫੜਾ-ਦਫੜੀ ਦੇ ਆਲਮ ਵਿਚ ਲੋਕ ਚੀਕਾਂ ਮਾਰਦੇ ਪਾਗ਼ਲਾਂ ਹਾਰ ਏਧਰ-ਉਧਰ ਦੌੜਨ ਲੱਗੇ ਨੇ।

ਦਰਵਾਜ਼ਾ ਜ਼ੋਰ ਨਾਲ ਖੜਕਿਆ। ਆਸੇ ਪਾਸੇ ਦੇ ਸ਼ੋਰ ਵਿਚੋਂ ਨਿੱਖੜ ਕੇ ਇਕ ਆਵਾਜ਼ ਸੁਣਾਈ ਦਿੱਤੀ, 'ਅੱਲ੍ਹਾ ਦਿੱਤਿਆ! ਬੂਹਾ ਖੋਲ੍ਹ।'

ਛਿਆਂ ਮਹੀਨਿਆਂ ਦੇ ਕੁੱਕੂ ਨੂੰ ਸੀਨੇ ਨਾਲ ਘੁੱਟੀ ਬਸ਼ੀਰਾਂ ਗਰਮੀ ਤੇ ਡਰ ਨਾਲ ਬੇਹੋਸ਼ ਹੋਣ ਵਾਲੀ ਸੀ। ਅੱਲ੍ਹਾ ਦਿੱਤੇ ਨੇ ਉਹਦੇ ਡਿੱਗ ਪੈਣ ਦੇ ਡਰੋਂ ਚੰਗੀ ਤਰ੍ਹਾਂ ਮੋਢਿਆਂ ਤੋਂ ਘੁੱਟ ਕੇ ਫੜਿਆ ਹੋਇਆ ਸੀ। ਕੋਈ ਲਸ਼ਕਰ ਮੌਤ ਦਾ ਢੰਡੋਰਾ ਪਿੱਟਦਾ ਗਲੀਆਂ ਕੱਛਦਾ ਪਿਆ ਸੀ। ਪਿੱਪਲ ਦੀ ਸੰਘਣੀ ਜੱਦ ਵਿਚੋਂ ਉਤਰਿਆ ਭੂਤਾਂ ਦਾ ਕੋਈ ਟੋਲਾ। ਅੱਗਾਂ ਲਾਉਂਦਾ, ਖ਼ੂਨ ਦੇ ਸੋਹਲੇ ਗਾਉਂਦਾ।

'ਅੱਲ੍ਹਾ ਦਿੱਤਿਆ!' ਇਸ ਵਾਰ ਐਨ ਸੁਫ਼ੇ ਵਾਲਾ ਬੂਹਾ ਖੜਕਿਆ। 'ਕੁੰਡੀ ਲਾਹ ਅੱਲ੍ਹਾ ਦਿੱਤਿਆ, ਮੈਂ ਤੇਰਾ ਯਾਰ ਆਂ ਬਿਸ਼ਨਾ।'

ਅੱਲ੍ਹਾ ਦਿੱਤੇ ਦੇ ਕਲਾਵੇ ਵਿਚੋਂ ਨਿਕਲਦਿਆਂ ਹੀ ਬਸ਼ੀਰਾਂ ਮੰਜੇ 'ਤੇ ਢਹਿ ਪਈ। ਕਿਸੇ ਬੇਪਛਾਣ ਸਹਿਮ ਵਿਚ ਧੜਕਦਾ ਬੱਚੇ ਦਾ ਕੋਮਲ ਜਿਹਾ ਦਿਲ ਹੋਰ ਤੇਜ਼ ਧੜਕਣ ਲੱਗਾ। ਅੱਲ੍ਹਾ ਦਿੱਤੇ ਨੇ ਜਿਵੇਂ ਕਿਆਮਤ ਨਾਲ ਆਡਾ ਲਾਉਣ ਦੀ ਠਾਣ ਲਈ ਤੇ ਅਗਾਂਹ ਹੋ ਕੇ ਦਰਵਾਜ਼ੇ ਦੀ ਕੁੰਡੀ ਲਾਹ ਦਿੱਤੀ। ਸਾਹਮਣੇ ਬਿਸ਼ਨਾ ਖਲੋਤਾ ਸੀ। ਉਹਦੇ ਸਿਰ ਨਾਲੋਂ ਉੱਚੀ ਬਲ੍ਹਮ ਉਹਦੇ ਹੱਥ ਵਿਚ ਸੀ।

'ਇਸ ਵੇਲੇ ਕੌਣ ਆਪਣਾ, ਕੌਣ ਪਰਾਇਆ...? ਸਾਹਮਣੇ ਮੌਤ ਖਲੋਤੀ ਹੈ ਜਾਂ ਜ਼ਿੰਦਗੀ?' ਪਲ ਦੀ ਪਲ ਅੱਲ੍ਹਾ ਦਿੱਤਾ ਹੋਣ ਤੇ ਨਾ ਹੋਣ ਦੇ ਅਹਿਸਾਸ ਵਿਚ ਲਟਕ ਗਿਆ। ਅਚਾਨਕ ਮੌਤ ਦੀ ਦਹਿਸ਼ਤ ਜਾਂਦੀ ਰਹੀ। ਉਹ ਅੱਗੇ ਵਧਿਆ ਤੇ ਆਪਣੇ ਯਾਰ ਬਿਸ਼ਨੇ ਦੀ ਪਨਾਹ ਵਿਚ ਚਲਾ ਗਿਆ। ਬਿਸ਼ਨੇ ਨੇ ਉਹਨੂੰ ਪੂਰੇ ਦੇ ਪੂਰੇ ਨੂੰ ਆਪਣੀ ਬੁੱਕਲ ਵਿਚ ਲੈ ਲਿਆ। ਪਲ ਛਿਣ ਵਿਚ ਹੀ ਉਸਦਾ ਡੋਲਦਾ ਸਰੀਰ ਆਪਣੇ ਭਾਰ ਸਿਰ ਹੋ ਗਿਆ। ਸੰਭਲ ਕੇ ਬੋਲਿਆ, 'ਮੇਰੇ ਭਰਾਵਾਂ ਦਾ ਕੋਈ ਸੁਖ ਪਤਾ?'

'ਪਤਾ ਨੀ, ਸ਼ੈਤ ਕਾਫ਼ਲੇ ਨਾਲ ਜਾ ਰਲੇ ਨੇ ਜਾਂ...।' ਬਾਹਰੋਂ ਪੂਰਾ ਸਾਬਤ ਤੇ ਅਡੋਲ ਦਿਸਣ ਵਾਲਾ ਬਿਸ਼ਨਾ ਅੰਦਰੋਂ ਟੁੱਟਾ ਤੇ ਭੁਰਿਆ ਜਿਹਾ ਲੱਗਾ। ਅੱਲ੍ਹਾ ਦਿੱਤੇ ਨੂੰ ਲੈ ਕੇ ਢਿੱਲੇ ਕਦਮੀਂ ਉਹ ਅੰਦਰ ਨੂੰ ਹੋਇਆ। ਜ਼ਿਬਾਹ ਹੋਣ ਲਈ ਤਿਆਰ ਪਸ਼ੂ ਵਾਂਗ ਬਸ਼ੀਰਾਂ ਦੀਆਂ ਅੱਖਾਂ ਦੀਆਂ ਪੁਤਲੀਆਂ ਘੁੰਮੀਆਂ। ਉਹਦੇ ਹੱਥੋਂ ਕਾਕੇ ਨੂੰ ਚੁੱਕ ਬਿਸ਼ਨਾ ਪੂਰੇ ਜਬ੍ਹੇ ਵਿਚ ਬੋਲਿਆ, 'ਕੋਈ ਮੈਨੂੰ ਮਾਰ ਕੇ ਤੁਹਾਡੇ ਤੱਕ ਪਹੁੰਚੂ... ਤੁਹਾਡਾ ਵਾਲ ਨੀ ਵਿੰਗਾ ਹੋ ਸਕਦਾ...ਮੈਂ ਇਸ ਪਿੰਡ ਦੇ ਮੁਹਤਬਰ ਸਰਦਾਰ ਲਹਿਣਾ ਸਿਹੁੰ ਦਾ ਪੁੱਤਰ ਬਿਸ਼ਨਾ ਪੂਰੇ ਹੋਸ਼ੋ-ਹਵਾਸ ਵਿਚ ਕਹਿ ਰਿਹਾਂ। ਹਿੰਮਤ ਰੱਖੋ ਤੇ ਕਾਇਮ ਰਹੋ।'

'ਵੀਰਾ, ਸਾਨੂੰ ਪਾਕਿਸਤਾਨ ਪੁਚਾ ਦੇ, ਰੱਬ ਤੈਨੂੰ ਬਰਕਤਾਂ ਬਖ਼ਸ਼ੇ, ਲੰਮੀ ਉਮਰ ਦਏ।' ਬਸ਼ੀਰਾਂ ਦੇ ਬੋਲ ਕੰਬੇ। ਉਹਦੇ ਹੱਥ ਜੁੜੇ। ਮਾਹੌਲ ਵਿਚ ਕੁਝ ਚਿਰ ਸੁੰਨ ਵਰਤੀ ਰਹੀ। ਉਮਰਾਂ ਲੰਮਾ ਸਾਥ ਕੱਚ ਵਾਂਗ ਟੁੱਟ ਕੇ ਖਿੱਲਰ ਗਿਆ ਸੀ। ਵਿਸ਼ਵਾਸ ਦੀ ਕੰਧ ਟੁੱਟ ਕੇ ਚੀਣਾ-ਚੀਣਾ ਹੋ ਗਈ ਸੀ।

ਬਿਸ਼ਨਾ ਨਿਆਸਰੀ ਹੋ ਕੇ ਢੱਠੀ ਬਸ਼ੀਰਾਂ ਨੂੰ ਮੁਖ਼ਾਤਿਬ ਹੋਇਆ, 'ਉੱਠ ਕੇ ਤਗੜੀ ਹੋ ਕੇ ਬਹਿ ਭਾਬੀ। ਕਿਤੇ ਨੀ ਜਾਣਾ ਤੂੰ, ਇਹ ਪਿੰਡ ਗਰਾਂ ਤੇਰਾ। ਤੈਨੂੰ ਹੱਥੀਂ ਵਿਆਹ ਕੇ ਲਿਆਂਦਾ ਅਸੀਂ, ਐਂ ਕਿਵੇਂ ਜਾਣ ਦੇਈਏ?' ਫਿਰ ਉਸਨੇ ਅੱਲ੍ਹਾ ਦਿੱਤੇ ਦੁਆਲੇ ਆਪਣੀ



ਬਾਹ ਵਲਾਈ, 'ਭਰਾ, ਤੇਰੇ ਬਿਨਾਂ ਤਾਂ ਊਂ ਈ ਨੀ ਸਰਨਾ। ਤੂੰ ਤੁਰ ਗਿਓਂ ਤਾਂ ਸਾਡੇ ਖੇਤ ਸੁੱਕ ਜਾਣੇ ਨੇ... ਸਾਡੀਆਂ ਮਾਹਲਾਂ ਟਿੰਡਾਂ ਕੌਣ ਬਣਾਊ? ਤੇਰੇ ਜਿੰਨਾ ਕਾਰੀਗਰ ਤਾਂ ਪੰਜਾਹ ਪਿੰਡਾਂ ਦੀਆਂ ਜੂਹਾਂ 'ਚ ਨਹੀਂ। ਤੈਨੂੰ ਨਹੀਂ ਜਾਣ ਦੇਣਾ ਅਸਾਂ। ਇਹ ਮੇਰਾ 'ਕੱਲੇ ਦਾ ਨਹੀਂ, ਸਾਰਿਆਂ ਦਾ ਸਾਂਝਾ ਫ਼ੈਸਲਾ। ਤੇਰੀ ਤਾਂ ਲੋੜ ਐ ਸਾਨੂੰ। ਤੁਸੀਂ ਨਿਸ਼ਚਿੰਤ ਹੋ ਕੇ ਬੈਠੋ। ਇਹ ਚਾਰ ਦਿਨ ਦੀ ਹਨ੍ਹੇਰੀ ਠੱਲ੍ਹ ਜਾਣੀ ਆਂ? ਸਭਨਾਂ ਵਾਪਸ ਘਰੀਂ ਮੁੜ ਆਉਣਾ, ਤੂੰ ਵੇਖ ਲਈਂ। ਮੈਂ ਤੁਹਾਡੇ ਘਰ ਦੇ ਬਾਹਰ ਪਹਿਰਾ ਬਿਠਾ ਦਿੱਤਾ, ਪੰਜ ਛੇ ਜੁਆਨਾਂ ਦਾ। ਕੋਈ ਤੁਹਾਡੀ 'ਵਾਅ ਵੱਲ ਨਹੀਂ ਵੇਖੂ।'

ਆਪਣੀ ਹਸਤੀ ਦਾ ਭਵਿੱਖ ਆਪਣੇ ਯਾਰ ਬਿਸ਼ਨੇ ਦੇ ਲੇਖੇ ਪਾ ਅੱਲ੍ਹਾ ਦਿੱਤਾ ਬਹਿ ਗਿਆ। ਚਾਰ ਦਿਨਾਂ ਦੀ ਹਨੇਰੀ ਤਾਂ ਠੱਲ੍ਹ ਗਈ ਸੀ ਪਰ ਘਰੀਂ ਮੁੜ ਕੇ ਕੋਈ ਨਾ ਆਇਆ। ਪਿੰਡ ਕੱਬਰਵੱਛੇ ਦਾ ਵਜੂਦ ਵੀ ਆਪਣੀ ਥਾਏਂ ਟਿਕਿਆ ਰਿਹਾ, ਪਰ ਉਹ ਰੂਹ ਨਾ ਰਹੀ। ਸੱਥ ਖ਼ਾਲੀ ਹੋ ਗਈ। ਗਲੀਆਂ ਘਰਾਂ ਵਿਚੋਂ ਰੌਣਕਾਂ ਨਿਕਲ ਗਈਆਂ। ਪਿੜ ਸੁੰਨੇ ਹੋ ਗਏ। ਖ਼ਾਲੀ ਵਿਹੜਿਆਂ ਵਿਚ ਪਨਾਹਗੀਰਾਂ ਆ ਡੇਰੇ ਲਾਏ। ਬਿਸ਼ਨਾ ਸਵੇਰੇ ਸ਼ਾਮ ਅੱਲ੍ਹਾ ਦਿੱਤੇ ਕੋਲ ਆਉਂਦਾ। ਉਸ ਨੂੰ ਢਾਰਸਾਂ ਬੰਨ੍ਹਾਉਂਦਾ। ਅੱਲ੍ਹਾ ਦਿੱਤਾ ਰੋਂਦਾ ਸੀ ਜ਼ਾਰੋ-ਜ਼ਾਰ, 'ਮੇਰੇ ਭੈਣ ਭਰਾਵਾਂ ਦਾ ਕੋਈ ਥਹੁ ਪਤਾ ਕਰ, ਮੇਰਾ ਐਡਾ ਵੱਡਾ ਟੱਬਰ ਸੀ। ਕੀ ਬਣਿਆ ਮੇਰੇ ਟੱਬਰ ਦਾ?' ਬਸ਼ੀਰਾਂ ਓਦੂੰ ਵੱਧ ਪੀੜ ਵਿਚ ਕੁਰਲਾਉਂਦੀ, 'ਕਿੱਥੇ ਹੋਣਗੇ ਮੇਰੇ ਮਾਂ ਪਿਓ, ਖ਼ੌਰੇ ਜਿਊਂਦੇ ਨੇ ਜਾਂ ਕਿਧਰੇ ਮਰ-ਖਪ ਗਏ ਨੇ। ਕਿਤੋਂ ਕੋਈ ਥਹੁ ਪਤਾ ਲੱਭ ਕੇ ਦੱਸੋ।'

ਬਿਸ਼ਨੇ ਕੋਲ ਹੌਸਲਾ ਦੇਣ ਤੋਂ ਸਿਵਾ ਕੋਈ ਹੋਰ ਉੱਤਰ ਨਾ ਹੁੰਦਾ, 'ਮੈਨੂੰ ਪੱਕਾ ਪਤਾ, ਉਹ ਕਾਫ਼ਲਿਆਂ ਨਾਲ ਜਾ ਰਲੇ ਹੋਣਗੇ ਤੇ ਸੁੱਖੀ ਸਾਂਦੀ ਹੋਣਗੇ। ਤੁਸੀਂ ਧੀਰਜ ਧਰੋ, ਛੇਤੀ ਹੀ ਪਤਾ ਲੱਗ ਜੂ।'

ਕਿੰਨੇ ਹੀ ਦਿਨ ਉਸ ਘੁਟਨ ਭਰੇ ਮਾਹੌਲ ਵਿਚ ਗੁਜ਼ਰ ਗਏ। ਦੋ ਕੁ ਮਹੀਨਿਆਂ ਬਾਅਦ ਅੱਲ੍ਹਾ ਦਿੱਤੇ ਨੇ ਘਰ ਵਿਚਲੀ ਕੈਦੀਆਂ ਵਾਲੀ ਜ਼ਿੰਦਗੀ ਛੱਡ ਕੇ ਬਾਹਰ ਨਿਕਲਣ ਦਾ ਹੌਸਲਾ ਕੀਤਾ। ਘਰ ਦਾ ਬੂਹਾ ਲੰਘ ਗਲੀ ਵਿਚ ਆਇਆ। ਆਪਣੇ ਘਰਾਂ ਵੱਲ ਵੇਖ-ਵੇਖ ਹਉਕੇ ਭਰਦਾ ਰਿਹਾ। ਮਸੀਤ ਵੀਰਾਨ ਪਈ ਸੀ। ਪਿੰਡ ਵਿਚ ਉਹ ਬੇਪਛਾਣ ਜਿਹਾ ਘੁੰਮਦਾ ਰਿਹਾ। ਅੱਗੋਂ ਮਿਲੇ ਟੱਕਰੇ ਲੋਕਾਂ ਉਹਦੀ ਸੁੱਖ-ਸਾਂਦ ਪੁੱਛੀ। ਉਹ ਹੂੰ-ਹਾਂ ਕਰਦਾ ਗਿਆ। ਕੁਝ ਦਿਨਾਂ ਤੋਂ ਲਾਗਲੇ ਪਿੰਡਾਂ ਦੇ ਬੰਦੇ ਖੂਹਾਂ ਦੀਆਂ ਟਿੰਡਾਂ ਬਣਵਾਉਣ ਦਾ ਕੰਮ ਕਹਿਣ ਉਹਦੇ ਕੋਲ ਆਉਂਦੇ ਰਹੇ ਸਨ। ਉਸਨੇ ਮੁੜ ਤੋਂ ਕੰਮ ਸੰਭਾਲਣ ਦਾ ਮਨ ਬਣਾਇਆ। ਉਸ ਦਿਨ ਰਤਨ ਕੁੱਬੇ ਦਾ ਗੱਡਾ ਲੈ ਕੇ ਅੱਲ੍ਹਾ ਦਿੱਤਾ ਤਲਵੰਡੀ ਦੀ ਮੰਡੀ ਲੋਹੇ ਦੀ ਚਾਦਰ-ਪੱਤੀ ਲੈਣ ਨਿਕਲਿਆ। ਉਹੀ ਜਾਣਿਆ ਪਛਾਣਿਆ ਰਾਹ ਸੀ, ਪਰ ਉਸ ਨੂੰ ਅਸਲੋਂ ਨਵਾਂ ਲੱਗ ਰਿਹਾ ਸੀ। ਓਪਰਾ ਤੇ ਬੇਪਛਾਣ। ਅੱਠਾਂ ਮੀਲਾਂ ਦਾ ਪੰਧ ਮੁੱਕਣ 'ਤੇ ਨਹੀਂ ਸੀ ਆ ਰਿਹਾ। ਮੰਡੀ ਪਹੁੰਚਿਆ ਤਾਂ ਤੇਲੂ ਰਾਮ ਲੋਹੇ ਵਾਲੇ ਦਾ ਉਸ ਨੂੰ ਵੇਖ ਕੇ ਜਿਵੇਂ ਹਉਕਾ ਈ ਨਿਕਲ ਗਿਆ, 'ਓਏ ਅੱਲ੍ਹਾ ਦਿੱਤਿਆ ਤੂੰ? ਤੂੰ ਨੀ ਗਿਆ ਆਪਣੇ ਮੁਲਕ? ਸਾਡੇ ਤਾਂ ਹਜ਼ਾਰਾਂ ਬੰਦੇ ਆਗੇ ਲੁੱਟੇ ਪੁੱਟੇ। ਵੱਢੇ ਕੱਟੇ। ਤੇਰੇ ਵੱਲ ਨੀ ਧਿਆਨ ਗਿਆ ਕਿਸੇ ਦਾ?'

ਤੇਲੂ ਰਾਮ ਤਾਂ ਜਿਵੇਂ ਹਿਰਖ਼ ਹੀ ਗਿਆ ਸੀ। ਅੱਲ੍ਹਾ ਦਿੱਤੇ ਦਾ ਅੰਦਰ ਕੰਬ ਗਿਆ। ਕੰਨਾਂ ਲਾਗੋਂ ਸੇਕ ਨਿਕਲਣ ਲੱਗਾ। ਸਾਹ ਅਟਕ-ਅਟਕ ਕੇ ਚੱਲਣ ਲੱਗਾ। ਉਹਨੂੰ ਲੱਗਾ,

ਹੁਣੇ ਬਾਜ਼ਾਰ ਵਿਚੋਂ ਧਾੜਵੀਆਂ ਦੀ ਵਾਹਰ 'ਕੱਠੀ ਹੋ ਕੇ ਉਹਨੂੰ ਘੇਰ ਲਏਗੀ ਤੇ ਉਹਦੀ ਬੋਟੀ-ਬੋਟੀ ਕਰ ਦਏਗੀ। ਇਹ ਉਹੀ ਤੇਲੂ ਰਾਮ ਸੀ ਜਿਹੜਾ ਆਉਂਦੇ ਨੂੰ ਬਿਠਾ ਕੇ ਪਾਣੀ-ਧਾਣੀ ਪੁੱਛ ਕੇ ਅਗਲੀ ਗੱਲ ਕਰਦਾ ਸੀ। ਪੈਸੇ ਦਾ ਅੱਗਾ ਪਿੱਛਾ ਵੀ ਨਹੀਂ ਸੀ ਗੌਲਦਾ। ਉਸਨੂੰ ਮਿਸਤਰੀ ਜੀ ਕਹਿਣ ਤੋਂ ਘੱਟ ਨਹੀਂ ਸੀ ਬੋਲਦਾ। ਅੱਜ ਉਹਨੇ ਅੱਖਾਂ ਹੀ ਮੱਥੇ 'ਤੇ ਰੱਖ ਲਈਆਂ ਸਨ। ਅਖੇ, 'ਤੂੰ ਬਚ ਕਿਵੇਂ ਗਿਆ? ਜਥੇਦਾਰ ਨਿਹਾਲ ਸਿਉਂ ਤਾਂ ਆਂਹਦਾ ਸੀ ਕਿ 'ਲਾਕੇ ਦਾ ਕੋਈ ਮੁਸਲਾ ਨੀ ਛੱਡਿਆ ਜਿਊਂਦਾ। ਕੋਈ ਪਾਰ ਵੀ ਨੀ ਜਾਣ ਦਿੱਤਾ। ਹੱਦ ਹੋ ਗਈ...। ਚੰਦੜਾ, ਘੁਮਿਆਰਾ, ਮਿਰਜ਼ੇ-ਕੇ, ਕਲਾਸ਼, ਮੁਦਦੀ, ਸਭ ਖ਼ਾਲੀ ਹੋ ਗਏ। ਕੱਬਰਵੱਛਾ ਕਿਵੇਂ ਬਚ ਗਿਆ?'

'ਸ਼ਾਹ ਤੂੰ ਓਸ ਪਾਸੇ ਆ ਜਿਹੜੇ ਕੰਮ ਅਸੀਂ ਆਏ ਆਂ।' ਆਪਣੀ ਖੱਚਰ ਰੇਹੜੀ ਨੂੰ ਇਕ ਗੁੱਠੇ ਖਲਿਹਾਰ ਲਾਗੇ ਆਏ ਰਤਨ ਕੁੱਬੇ ਨੇ ਸਾਹ ਸੂਤ ਕੇ ਬੈਠੇ ਅੱਲ੍ਹਾ ਦਿੱਤੇ ਦੀ ਜਿਵੇਂ ਬਾਂਹ ਆ ਫੜੀ। ਸ਼ਾਹ ਨੇ ਚੜ੍ਹੇ ਤੇਵਰ ਰਤਾ ਢਿੱਲੇ ਕੀਤੇ ਤੇ ਬੜੇ ਅਣਮੰਨੇ ਜਿਹੇ ਲਹਿਜ਼ੇ ਵਿਚ ਪੁੱਛਿਆ, 'ਹਾਂ ਦੱਸ, ਕਿੰਨਾ ਮਾਲ?'

'ਤਿੰਨ ਚਾਦਰਾਂ, ਵੀਹ ਗਜ਼ ਪੱਤੀ, ਇਕ ਸੇਰ ਰਿਵਟਾਂ।' ਅੱਲ੍ਹਾ ਦਿੱਤਾ ਜਿਵੇਂ ਡੂੰਘੇ ਖੂਹ ਵਿਚੋਂ ਉੱਭਰ ਕੇ ਮਸੀਂ ਬੋਲਿਆ।

'ਪੈਸੇ ਨਗਦ ਲੱਗਣੇ ਈ। ਤੇਰਾ ਕੀ ਪਤਾ, ਰਾਹ ਜਾਂਦੇ ਕੋਈ ਤੇਰਾ ਘੀਆ ਕਰ ਦਏ। ਮੈਂ ਕੀਹਦੀ ਮਾਂ ਨੂੰ ਮਾਸੀ ਆਖੂੰ?' ਤੇਲੂ ਰਾਮ ਨੇ ਆਪਣੇ ਵੱਲੋਂ ਖ਼ਰੀ ਗੱਲ ਕਹਿ ਦਿੱਤੀ। ਅੱਲ੍ਹਾ ਦਿੱਤੇ ਨੇ ਕੰਬਦਾ ਹੱਥ ਵੱਖੀ ਵਾਲੀ ਜੇਬ ਵਿਚ ਵਾੜਿਆ ਤੇ ਤੁੜੇ-ਮੁੜੇ ਨੋਟ ਤੇ ਭਾਨ ਕੱਢ ਕੇ ਤੇਲੂ ਸ਼ਾਹ ਅੱਗੇ ਢੇਰੀ ਕਰ ਦਿੱਤੇ। ਸ਼ਾਹ ਨੇ ਗਠੀਏ ਮਾਰੀਆਂ ਵਿੰਗੀਆਂ ਉਂਗਲਾਂ ਨਾਲ ਵੀਹ ਰੁਪਏ ਗਿਣ ਕੇ ਬਾਕੀ ਦੇ ਢਾਈ ਆਨੇ ਅੱਲ੍ਹਾ ਦਿੱਤੇ ਵੱਲ ਖਿਸਕਾ ਦਿੱਤੇ। ਅੱਲ੍ਹਾ ਦਿੱਤੇ ਦਾ ਉਹੀ ਕੰਬਦਾ ਹੱਥ ਉਨ੍ਹਾਂ ਸਿੱਕਿਆਂ ਨੂੰ ਮੁੜ ਜੇਬ ਵੱਲ ਲੈ ਗਿਆ। ਗਠੀਏ ਮਾਰੀਆਂ ਉਂਗਲਾਂ ਨੇ ਪੈਸਿਆਂ ਦੀ ਮੁੱਠ ਭਰੀ ਤੇ ਗੱਲੇ ਵਿਚ ਸੁੱਟੀ। ਫਿਰ ਭਰੀ ਪੀਤੀ ਆਵਾਜ਼ ਵਿਚ ਆਪਣੇ ਨੌਕਰ ਵੱਲ ਹੇਕ ਲਾਈ, 'ਓਏ ਦਾਨਿਆ, ਹਈਥੋਂ ਅਠਾਰਾਂ ਦੀਆਂ ਤਿੰਨ ਸ਼ੀਟਾਂ ਤੇ ਵੀਹ ਗਜ਼ ਪੱਤੀ ਰੋਲ ਕਰਕੇ ਲੈ ਆ ਤੇ ਲੋਏ-ਲੋਏ ਤੋਰ ਇਨ੍ਹਾਂ ਨੂੰ।'

'ਸ਼ਾਹ ਅੱਜ ਚੜ੍ਹੇ ਵੇਲੇ ਈ ਲੋਏ ਲੋਏ ਘੱਲਣ ਦਾ ਫ਼ਿਕਰ ਲੱਗਾ ਤੈਨੂੰ?' ਰਤਨ ਕੁੱਬੇ ਤੋਂ ਪੁੱਛਣੋਂ ਰਹਿ ਨਾ ਹੋਇਆ।

'ਉਹ ਭਾਈ ਹਾਲੇ ਦੋ ਮਹੀਨੇ ਤਾਂ ਸਾਰੇ ਹੋਏ ਨੇ ਘੱਲੂਘਾਰੇ ਨੂੰ। ਹਾਲੇ ਮੋਏ ਬੰਦਿਆਂ ਦਾ ਮੁਸ਼ਕ ਨੀ ਮੁੱਕਾ। ਤੂੰ ਬੰਦਾ ਤਾਂ ਸਿਆਣਾ ਸੀ, ਪਰ ਮੈਨੂੰ ਲੱਗਦਾ ਤੇਰੀ ਅਕਲ ਤੇਰੀ ਖੱਚਰ ਦੇ ਸਿਰ ਵਿਚ ਚਲੀ ਗਈ ਆ। ਤੈਨੂੰ ਨੀ ਪਤਾ ਮੈਂ ਦੁਕਾਨਦਾਰ ਬੰਦਾਂ। ਹੁਣੇ ਕੋਈ ਧਾੜ ਆ ਪਏ। ਹੋਰ ਕੋਈ ਨੀ ਤਾਂ ਪੁਲਿਸ ਦਾ ਬੰਦਾ ਈ ਆ ਘੇਰੇ। ਤੂੰ ਖਾਹਮਖਾਹ ਮੌਤ ਨੂੰ ਗਲ਼ ਲਾਈ ਫਿਰਦਾਂ। ਸਮਝ ਲੱਗੀ ਕਿ ਹੋਰ ਸਮਝਾਵਾਂ?'

'ਬੱਸ।' ਰਤਨ ਕੁੱਬਾ ਤਖ਼ਤਪੋਸ਼ ਤੋਂ ਉੱਠ ਖਲੋਤਾ ਤੇ ਥੜ੍ਹੀ ਤੋਂ ਉੱਤਰ ਟਾਹਲੀ ਦੇ ਰੁੱਖ ਨਾਲ ਬੱਝੀ ਖੱਚਰ-ਰੇਹੜੀ ਖੋਲ੍ਹ ਕੇ ਨੇੜੇ ਲੈ ਆਇਆ। ਚਾਦਰਾਂ ਲਦਵਾ ਕੇ ਤੇ ਅੱਲ੍ਹਾ ਦਿੱਤੇ ਨੂੰ ਬਿਠਾਉਂਦਿਆਂ ਬੋਲਿਆ, ''ਕੈਸੇ ਚੰਦਰੇ ਚੰਦਰੇ ਲੋਕ ਵੱਸਦੇ ਨੇ ਇਸ ਜ਼ਮੀਨ 'ਤੇ... ਰੱਬ ਖ਼ੈਰ ਕਰੇ।' ਫਿਰ ਉਸ ਖੱਚਰ ਨੂੰ ਪੁਚਕਾਰਿਆ, 'ਚੱਲ ਬੱਕੀਏ...।'



ਬਾਜ਼ਾਰ ਵਿਚੋਂ ਲੰਘਦਿਆਂ ਅੱਲ੍ਹਾ ਦਿੱਤੇ ਨੂੰ ਲੱਗਣ ਲੱਗਾ ਜਿਵੇਂ ਉਹ ਬੇਪਛਾਣ ਲੋਕਾਂ ਵਿਚ ਘਿਰ ਗਿਆ ਹੋਵੇ। ਇਕ ਤਰਦੀ ਨਜ਼ਰੇ ਉਸਨੇ ਰਤਨ ਕੁੱਬੇ ਵੱਲ ਵੇਖਿਆ। ਉਹਦਾ ਨਿਆਣਪੁਣੇ ਦਾ ਬੇਲੀ। ਕਿੰਨੀ ਲੰਮੀ ਸਾਂਝ ਹੈ। ਕਿੰਨਾ ਯਕੀਨ ਹੈ। ਕੀ ਪਤਾ ਰਾਹ ਵਿਚ...। ਪਰ ਰਤਨ ਕੁੱਬਾ ਕਸਬੇ ਦੀ ਜੱਦ ਵਿਚੋਂ ਨਿਕਲਦਾ ਈ ਉਧੜਨ ਲੱਗਾ, 'ਕਿੰਨੀ ਹੈਂਸਿਆਰੀ ਆ ਦੁਨੀਆ। ਬੰਦੇ ਨੂੰ ਬੰਦਾ ਨੀ ਸਮਝਦੀ। ਓ ਭਲਿਆ ਲੋਕਾ, ਗੁਰੂਆਂ ਨੇ ਐਵੇਂ ਨੀ ਕਿਹਾ, ਅਖੇ ਕੌਣ ਭਲੇ ਕੌਣ ਮੰਦੇ। ਪਰ ਕਿਥੇ ਭਰਾਵਾ, ਜੇ ਦਿਲਾਂ 'ਚ ਦਰੇਗ਼ ਹੁੰਦਾ ਤਾਂ ਇਹ ਭਾਵੀ ਨਾ ਵਾਪਰਦੀ...ਇਹ ਲਹੂ ਦੀਆਂ ਨਹਿਰਾਂ...ਇਹ ਉਜਾੜਾ।' ਅੱਲ੍ਹਾ ਦਿੱਤਾ ਚੁੱਪ ਰਿਹਾ। ਇਸ ਖ਼ੌਫ਼ਜ਼ਦਾ ਮਾਹੌਲ ਤੋਂ ਨਜ਼ਰਾਂ ਬਚਾ ਕੇ ਸਾਫ਼ੇ ਨਾਲ ਅੱਧਾ ਮੂੰਹ ਲਪੇਟੀ ਆਪਣੇ ਧਿਆਨ ਬੈਠੇ ਰਹਿਣ ਦਾ ਚਾਰਾ ਕਰਦਾ ਰਿਹਾ। ਬਾਕੀ ਦੇ ਰਾਹ ਨਾ ਰਤਨ ਕੁੱਬੇ ਨੇ ਕੋਈ ਗੱਲ ਛੋਹੀ ਨਾ ਅੱਲ੍ਹਾ ਦਿੱਤੇ ਨੇ। ਕਾਨਿਆਂ ਸਰਕੜਿਆਂ ਤੇ ਮਲ੍ਹਿਆਂ ਵਾਲੇ ਸੁੰਨੇ ਪਹੇ ਵਿਚੋਂ ਚੁਸਤ ਚਾਲ ਠੱਪ-ਠੱਪ ਪੌੜ ਮਾਰਦੀ ਰਤਨ ਕੁੱਬੇ ਦੀ ਬੱਕੀ ਤੁਰਦੀ ਗਈ। ਅੱਲ੍ਹਾ ਦਿੱਤਾ ਕੁਝ ਵੀ ਨਹੀਂ ਸੀ ਸੋਚ ਰਿਹਾ। ਉਹਦੇ ਕੰਨਾਂ ਵਿਚੋਂ ਸਾਂ-ਸਾਂ ਦੀ ਆਵਾਜ਼ ਆ ਰਹੀ ਸੀ। ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਮੌਸਮ ਦੀ ਤਪਸ਼ ਕਾਰਨ ਵੀ ਸਨ ਤੇ ਮਨ ਦੀ ਡਾਵਾਂਡੋਲ ਸਥਿਤੀ ਕਾਰਨ ਵੀ। ਅੱਧਾ ਕੁ ਮੂੰਹ ਉਸਨੇ ਪਹੇ ਦੀ ਗਰਦ ਤੋਂ ਬਚਣ ਲਈ ਵੀ ਕੱਜਿਆ ਹੋਇਆ ਸੀ ਤੇ ਆਪਣੇ ਆਪ ਨੂੰ ਲੁਕਾਉਣ ਲਈ ਵੀ।

ਪਿੰਡ ਪਹੁੰਚ ਕੇ ਉਹਨੇ ਸੁਖ ਦਾ ਸਾਹ ਲਿਆ। ਆਰਣ ਲਾਗੇ ਮਾਲ ਸੁਟਵਾ ਕੇ ਉਹਨੇ ਰਤਨ ਕੁੱਬੇ ਨੂੰ ਦੋ ਆਨੇ ਕਿਰਾਇਆ ਦਿੱਤਾ ਤੇ ਆਪ ਝਾੜੂ ਫੜ ਕੇ ਭੱਠੀ ਲਾਗੋਂ ਕੱਖ ਪੱਤ ਹੂੰਝਣ ਲੱਗ ਪਿਆ। ਸਾਫ਼ ਸਫ਼ਾਈ ਕਰਕੇ ਉਹ ਘਰ ਦਾ ਬੂਹਾ ਲੰਘਿਆ ਤੇ ਧਰੇਕ ਥੱਲੇ ਮੰਜਾ ਡਾਹੀ ਕੁੱਕੂ ਨੂੰ ਦੁੱਧ ਚੁੰਘਾਉਂਦੀ ਬਸ਼ੀਰਾਂ ਵੱਲ ਗਿਆ। ਉਹਦੀ ਭੁੱਖ ਮਰ ਗਈ ਸੀ। ਅੰਦਰਲੀ ਘੁਟਨ ਲੁਕਾਉਂਦਿਆਂ ਉਸ ਰੋਟੀ ਦੀ ਮੰਗ ਕੀਤੀ। ਘੜੇ 'ਚੋਂ ਪਾਣੀ ਦਾ ਲੋਟਾ ਭਰਿਆ ਤੇ ਮੂੰਹ ਹੱਥ ਧੋਤਾ। ਸਾਫ਼ਾ ਖੋਲ੍ਹ ਕੇ ਝਾੜਿਆ ਤੇ ਗਿੱਠ-ਗਿੱਠ ਹੋਏ ਛੱਤਰਿਆਂ ਨੂੰ ਜੂੜੇ ਵਾਂਗ ਵਲਣ ਦੀ ਕੋਸ਼ਿਸ਼ ਕਰਨ ਲੱਗਾ। ਸੁੱਤੇ ਪਏ ਕਾਕੇ ਨੂੰ ਮੰਜੇ 'ਤੇ ਪਾ ਕੇ ਬਸ਼ੀਰਾਂ ਰੋਟੀ ਲਾਹੀ। ਦਹੀਂ ਆਚਾਰ ਨਾਲ ਰੋਟੀ ਖਾ ਕੇ ਉਸ ਸਾਫ਼ੇ ਨੂੰ ਪੱਧਰਾ ਕਰਕੇ ਸਿਰ 'ਤੇ ਬੰਨ੍ਹਿਆ ਤੇ 'ਹੁਣੇ ਆਇਆ' ਕਹਿ ਕੇ ਬਾਹਰ ਨਿਕਲ ਗਿਆ। ਉਸ ਬਿਸ਼ਨੇ ਦੇ ਘਰ ਦਾ ਜਾ ਦਰ ਖੜਕਾਇਆ। ਡੰਗਰਾਂ ਨੂੰ ਪਾਣੀ ਡਾਹੁਣਾ ਛੱਡ ਕੇ ਬਿਸ਼ਨ ਸੁੰਹ ਬੜੀ ਗਰਮਜੋਸ਼ੀ ਨਾਲ ਉਹਨੂੰ ਮਿਲਿਆ। ਬਰਾਂਡੇ ਵਿਚ ਦਰੀ ਲਾ ਕੇ ਬੈਠੀ ਆਪਣੀ ਘਰਵਾਲੀ ਵੱਲ ਆਵਾਜ਼ ਲਾ ਕੇ ਬੋਲਿਆ, 'ਲਿਆ ਲਾਣੇਦਾਰਨੀਏ ਹਈਥੋਂ ਦੁੱਧ ਦਾ ਛੰਨਾ, ਮੇਰਾ ਭਰਾ ਆਇਆ।'

'ਲਿਆਈ ਜੀ।' ਅੱਗੋਂ ਜੁਆਬ ਆਇਆ।

'ਮੈਂ ਹੁਣੇ ਟੁੱਕਰ ਖਾ ਕੇ ਆਇਆਂ ਬਿਸ਼ਨਿਆ। ਹਾਲੇ ਰੂਹ ਨੀ ਮੰਨਦੀ।' ਅੱਲ੍ਹਾ ਦਿੱਤਾ ਬਿਸ਼ਨ ਸੁੰਹ ਨਾਲ ਕੰਧ ਦੀ ਛਾਵੇਂ ਡੱਠੇ ਮੰਜੇ ਵੱਲ ਜਾਂਦਾ ਬੋਲਿਆ। 'ਤੂੰ ਮੈਨੂੰ ਤੇ ਮੇਰੇ ਟੱਬਰ ਨੂੰ ਵਰ੍ਹਦੀ ਅੱਗ ਵਿਚੋਂ ਬਚਾਇਆ, ਪਰ ਅੱਗ ਹਾਲੇ ਬੁਝੀ ਨਹੀਂ। ਹਾਲੇ ਵੀ ਧੁਖ਼ ਰਹੀ ਆ। ਪਤਾ ਨੀ ਕਦੋਂ ਭੜਕ ਪਵੇ। ਤੂੰ ਇਕ ਕੰਮ ਹੋਰ ਕਰ। ਭਾਈ ਜੀ ਨੂੰ ਆਖ ਸਵੇਰੇ ਮੈਨੂੰ ਤੇ ਮੇਰੀ ਬੇਗਮ ਨੂੰ ਅੰਮ੍ਰਿਤ ਛਕਾ ਦੇਣ।'

'ਕਿਸੇ ਕੁਛ ਕਿਹਾ ਤੈਨੂੰ?' ਉਹਦੇ ਚਿਹਰੇ 'ਤੇ ਨਜ਼ਰਾਂ ਗੱਡ ਕੇ ਬਿਸ਼ਨ ਸੁੰਹ ਨੇ ਪੁੱਛਿਆ।

'ਕਿਹਾ ਹੋਵੇ ਜਾਂ ਨਾ, ਇਹ ਮੇਰੀ ਮਰਜ਼ੀ ਆ। ਮੇਰੇ ਦਿਲ ਦੀ 'ਵਾਜ। ਕਿਸੇ ਦਾ ਕੋਈ ਡਰ ਨਹੀਂ, ਨਾ ਦਬਾਅ...।' ਦੁੱਧ ਦਾ ਛੰਨਾ ਲੈ ਕੇ ਆਈ ਹਰਨਾਮ ਕੁਰ ਨੂੰ ਹੱਥ ਜੋੜ ਕੇ ਅੱਲ੍ਹਾ ਦਿੱਤੇ ਨੇ ਸਾਸਰੀਕਾਲ ਆਖੀ ਤੇ ਛੰਨਾ ਫੜ ਕੇ ਇਕੋ ਡੀਕੇ ਪੀ ਗਿਆ। ਪੋਟਾ-ਪੋਟਾ ਵਧੀਆਂ ਮੁੱਛਾਂ ਨੂੰ ਹੱਥ ਨਾਲ ਸਾਫ਼ ਕੀਤਾ ਤੇ ਆਖਿਆ, 'ਮੈਂ ਇਹੋ ਤੈਨੂੰ ਕਹਿਣ ਆਇਆਂ।'

'ਚੰਗਾ ਭਾਈ ਜਿੱਦਾਂ ਤੇਰੀ ਮਰਜ਼ੀ।' ਬਿਸ਼ਨ ਸੁੰਹ ਨੇ ਆਖਿਆ।

ਸ਼ਾਮੀਂ ਭਾਈ ਠਾਕਰ ਸਿਹੁੰ ਨੂੰ ਨਾਲ ਲੈ ਕੇ ਬਿਸ਼ਨ ਸੁੰਹ ਅੱਲ੍ਹਾ ਦਿੱਤੇ ਵੱਲ ਆਇਆ ਤੇ ਪੰਜ ਕਕਾਰਾਂ ਵਾਲਾ ਝੋਲਾ ਦੇ ਗਿਆ। ਭਾਈ ਜੀ ਨੇ ਉਨ੍ਹਾਂ ਨੂੰ ਲਾਗੇ ਬਹਾ ਕੇ ਸਿੱਖ ਰਹਿਤ ਮਰਿਆਦਾ ਦੇ ਮੋਟੇ-ਮੋਟੇ ਗੁਰ ਸਮਝਾ ਦਿੱਤੇ। ਸਵੇਰੇ ਦੋਹਾਂ ਜੀਆਂ ਇਸ਼ਨਾਨ ਕੀਤਾ ਤੇ ਨਵਾਂ ਲਿਬਾਸ ਪਹਿਨ ਲਿਆ। ਦੱਸੇ ਵੇਲੇ ਮੁਤਾਬਕ ਗੁਰਦੁਆਰੇ ਚਲੇ ਗਏ। ਨਿਤਨੇਮ ਦੀ ਸਮਾਪਤੀ ਮਗਰੋਂ ਭਾਈ ਜੀ ਨੇ ਬਾਟੇ ਵਿਚ ਪਤਾਸੇ ਘੋਲ ਕੇ ਦੋਹਾਂ ਜੀਆਂ ਨੂੰ ਦੋ-ਦੋ ਘੁੱਟ ਪਿਆਏ ਤੇ ਅੱਲ੍ਹਾ ਦਿੱਤਾ ਨੂੰ ਗੁਰਦਿੱਤਾ ਸਿੰਘ ਤੇ ਬਸ਼ੀਰਾਂ ਨੂੰ ਬੇਗਮ ਕੌਰ ਦੇ ਨਾਂ ਦੇ ਦਿੱਤੇ। ਕੁੱਕੂ ਦਾ ਅਸਲ ਨਾਂ ਗੁੱਲ ਮੁਹੰਮਦ ਵੀ ਬਦਲ ਕੇ ਗੁਰਦੇਵ ਧਰ ਦਿੱਤਾ। ਫਿਰ ਇਕ-ਇਕ ਸਾਫ਼ਾ ਉਨ੍ਹਾਂ ਦੇ ਗਲਾਂ ਵਿਚ ਪਾ ਕੇ ਭਾਈ ਠਾਕਰ ਸਿਹੁੰ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡ ਦਿੱਤਾ। ਪ੍ਰਸ਼ਾਦ ਲੈ ਕੇ ਬੀੜ ਸਾਹਿਬ ਅੱਗੇ ਮੱਥਾ ਟੇਕ ਕੇ ਕਿਸੇ ਨਵੇਂ ਸਵੈਮਾਣ ਵਿਚ ਗੁਰਦਿੱਤਾ ਬਾਹਰ ਨਿਕਲਿਆ। ਉਹਦੇ ਮਗਰ ਪੁੱਤਰ ਨੂੰ ਕੁੱਛੜ ਚੁੱਕੀ ਬੇਗਮ ਕੌਰ। ਬਾਹਰ ਨਿਕਲ ਉਨ੍ਹਾਂ ਸਾਰੀ ਸੰਗਤ ਨੂੰ ਫ਼ਤਿਹ ਬੁਲਾਈ। ਅੱਲ੍ਹਾ ਦਿੱਤੇ ਬਿਸ਼ਨ ਸੁੰਹ ਨੂੰ ਗਲਵੱਕੜੀ ਪਾਈ ਤੇ ਘਰ ਵੱਲ ਤੁਰ ਪਿਆ। ਉਹਦੇ ਮਗਰ-ਮਗਰ ਬੇਗਮ ਤੁਰੀ। ਗੁਰਦੁਆਰੇ ਤੋਂ ਵੀਹ ਕਰਮਾਂ ਪਰ੍ਹੇ ਲਹਿੰਦੀ ਗੁੱਠੇ ਵੀਰਾਨ ਪਈ ਮਸੀਤ ਵੱਲੋਂ ਨਿਗਾਹ ਬਚਾ ਕੇ ਅੱਲ੍ਹਾ ਦਿੱਤਾ ਅੰਦਰਲੀ ਬੀਹੀ ਪੈ ਗਿਆ ਤੇ ਘਰ ਜਾ ਕੇ ਨਿੱਕੇ-ਨਿੱਕੇ ਬਲੌਰਾਂ ਵਰਗੀਆਂ ਸ਼ਰਬਤੀ ਅੱਖੀਆਂ ਨਾਲ ਝਾਕਦੇ ਬੱਚੇ ਨੂੰ ਲਾਡ ਕਰਦਾ ਤੇ ਆਪਣੀ ਘਰਵਾਲੀ ਦੇ ਕੁੱਛੜੋਂ ਲੈਂਦਾ ਬੋਲਿਆ, 'ਲਿਆ ਖਾਂ ਸਰਦਾਰਨੀਏ, ਅੱਜ ਭਾਈਆਂ ਵਾਲਾ ਕੁਣਕਾ ਬਣਾ ਕੇ ਖੁਆ।'

ਬੇਗਮ ਦੇ ਚਿਹਰੇ 'ਤੇ ਉਦਾਸੀ ਭਰੀ ਖ਼ੁਸ਼ੀ ਸੀ। ਉਸਦੇ ਸਾਂਵਲੇ ਚਿਹਰੇ 'ਤੇ ਗਲ ਪਾਏ ਹਲਕੇ ਗੁਲਾਬੀ ਰੰਗ ਦੇ ਸੂਟ ਉੱਤੇ ਕਾਲੇ ਰੰਗ ਦਾ ਗਾਤਰਾ ਜਚ ਰਿਹਾ ਸੀ। ਉਹਦੀ ਰੂਹ ਵਿਚ ਕੋਈ ਅਵਾਜ਼ਾਰੀ ਫਸੀ ਹੋਈ ਸੀ। ਚੁੱਲ੍ਹੇ ਦੀ ਅੱਗ ਮਚਾਉਂਦਿਆਂ ਉਹ ਆਪਮੁਹਾਰੇ ਬੁੜਬੁੜਾਉਣ ਲੱਗੀ, 'ਮੇਰੇ ਮਾਂ-ਬਾਪ, ਸਕੇ ਸੰਬੰਧੀ ਪਤਾ ਨਹੀਂ ਕਿਹੜੇ ਹਾਲੀਂ ਹੋਣ। ਜਿਉਂਦੇ ਹੋਣ ਜਾਂ ਨਾ। ਮੇਰੇ ਦੀਦੇ ਗਲ ਗਏ ਨੇ ਰੋਂਦਿਆਂ। ਕੋਈ ਖੈਰ ਖ਼ਬਰ ਨੀ ਮਿਲੀ ਕਿਸੇ ਪਾਸਿਓਂ।'

'ਮੇਰੇ ਵੀ ਤਾਂ ਉਨ੍ਹੀਂ ਰਾਹੀਂ ਗਏ ਨੇ ਜਿੱਧਰ ਤੇਰੇ ਗਏ ਨੇ।' ਉਹਦੇ ਨੇੜੇ ਆ ਕੇ ਮੋਢਾ ਥਪਕਾਉਂਦਿਆਂ ਗੁਰਦਿੱਤਾ ਬੋਲਿਆ, 'ਜਿਉਂਦੇ ਹੋਏ ਤਾਂ ਕਦੇ ਮਿਲ ਪੈਣਗੇ, ਨਾ ਹੋਏ ਤਾਂ ਅੱਲ੍ਹਾ ਬੇਲੀ। ਕੀ ਕਰ ਸਕਦੇ ਆਂ? ਕੀ ਹਸਤੀ ਐ ਸਾਡੀ? ਇਹ ਵੀ ਤਾਂ ਸਾਡੇ ਜੀਣ ਦਾ ਹੀਲਾ ਐ।' ਨਵੇਂ ਲਿਬਾਸ ਵੱਲ ਵੇਖਦਾ ਉਹ ਬੋਲਿਆ, 'ਪਰ ਜੀਣਾ ਤਾਂ ਹੈ ਨਾ ਬਈ। ਮਰਦਿਆਂ ਨਾਲ ਮਰਿਆ ਵੀ ਨਹੀਂ ਜਾਂਦਾ। ਨਾਲੇ ਰੱਬ ਤਾਂ ਇਕ ਈ ਐ। ਮੈਂ ਤੇ ਬਿਸ਼ਨਾ ਪਹਿਲਾਂ ਵੀ ਭਰਾ ਸਾਂ, ਹੁਣ ਵੀ। ਮੈਂ ਪਹਿਲਾਂ ਵੀ ਬੰਦਾ ਸਾਂ, ਹੁਣ ਵੀ...। ਪਹਿਲਾਂ ਵੀ ਲੁਹਾਰ ਸਾਂ, ਹੁਣ ਵੀ।' ਨਿੱਗਰ ਤੇ ਮਜ਼ਬੂਤ ਇਰਾਦੇ ਦਾ ਮਾਲਕ ਹੁੰਦਿਆਂ ਵੀ ਉਹਦੀਆਂ ਅੱਖਾਂ ਸਿੰਮ ਆਈਆਂ। ਰੋਟੀ ਖਾ ਕੇ ਉਹ ਆਪਣੀ ਨਿੱਕੀ ਜਿਹੀ ਵਰਕਸ਼ਾਪ ਵਿਚ ਜਾ ਬੈਠਾ। ਚਾਦਰਾਂ



ਖੋਲ੍ਹ ਕੇ ਕੋਲੇ ਨਾਲ ਨਿਸ਼ਾਨ ਲਾਉਣ ਲੱਗਾ। ਲੋਹਾ ਕੱਟਣ ਵਾਲੀ ਕੈਂਚੀ ਫੜੀ ਤੇ ਕਟਾਈ ਸ਼ੁਰੂ ਕੀਤੀ। ਟੋਟਿਆਂ ਨੂੰ ਗਾਡਰ ਦੀ ਨੁੱਕਰ ਉੱਪਰ ਰੱਖ ਭੰਨ ਪਾਉਣ ਲੱਗਾ। ਅਹਿਰਨ ਉੱਪਰ ਹਥੌੜੇ ਦੀ ਠੱਕ ਠੱਕ ਹੋਣ ਲੱਗੀ। ਦਿਨਾਂ ਤੋਂ ਬੰਦ ਪਈ ਵਰਕਸ਼ਾਪ ਵਿਚ ਸਾਹ ਧੜਕਣ ਲੱਗਾ।

ਸ਼ਾਮ ਢਲੀ, ਕੰਮ ਬੰਦ ਕੀਤਾ। ਅੰਦਰ ਗਿਆ। ਰੇਸ਼ਮੀ ਕੱਪੜੇ 'ਚ ਲਪੇਟੀ ਕੁਰਾਨ ਕੱਢ ਕੇ ਕੁਝ ਛਿਣ ਤਲਾਵਤ ਕੀਤੀ। ਫਿਰ ਮੱਥੇ ਨਾਲ ਛੁਹਾ ਕੇ ਕੱਪੜੇ ਵਿਚ ਲਪੇਟੀ ਤੇ ਪਰਛੱਤੀ 'ਤੇ ਰੱਖ ਦਿੱਤੀ। ਰਾਤ ਹੋਈ ਤੇ ਅਗਲਾ ਦਿਨ ਚੜ੍ਹ ਪਿਆ। ਫਿਰ ਇਕ ਦਿਨ ਉਸ ਕੁਰਾਨ ਨੂੰ ਟਰੰਕੀ ਵਿਚ ਰੱਖ ਕੇ ਜਿੰਦਰੀ ਮਾਰ ਦਿੱਤੀ।

ਫਿਰ ਹੋਰ ਕਈ ਦਿਨ ਲੰਘ ਗਏ। ਇਕ ਦਿਨ ਸ਼ਾਮੀਂ ਗੁਰਦੁਆਰੇ ਸ਼ਾਮ ਦੀ ਹਾਜ਼ਰੀ ਭਰ ਕੇ ਮੁੜਦਿਆਂ ਨੱਥੂਰਾਮ ਚਿੱਠੀ ਰਸੈਣ ਨੇ ਉਸ ਨੂੰ ਆਵਾਜ਼ ਮਾਰੀ ਸੀ, 'ਭਾਈ ਗੁਰਦਿੱਤਾ ਸਿਆਂ ਤੇਰੀ ਚਿੱਠੀ ਆ ਪਾਕਿਸਤਾਨੋਂ।'

ਉਹ ਚਿੱਠੀ ਬਿਸ਼ਨੇ ਕੋਲ ਲੈ ਗਿਆ। ਵੱਡੇ ਭਰਾ ਮਿਹਰ ਅਲੀ ਦੀ ਚਿੱਠੀ ਸੀ। ਲਿਖਿਆ ਸੀ ਸਾਰੇ ਸੁੱਖ ਸਾਂਦ ਨਾਲ ਪਹੁੰਚ ਗਏ ਸਾਂ। ਕਸੂਰ ਜ਼ਿਲ੍ਹੇ ਦੇ ਪਿੰਡ ਦਫ਼ਤੂਹ ਵਿਚ ਗੁਜ਼ਾਰੇ ਜੋਗੀ ਜ਼ਮੀਨ ਅਲਾਟ ਹੋ ਗਈ ਸੀ। ਅੱਗੇ ਉਹਦਾ ਹਾਲ ਹਵਾਲ ਪੁੱਛਿਆ ਸੀ। ਲਿਖਿਆ ਸੀ ਕਿ ਉਹ ਵੀ ਆਪਣੇ ਟੱਬਰ ਵਿਚ ਆ ਜਾਵੇ। ਦੋਵੇਂ ਯਾਰ ਚਿੱਠੀ ਦੇ ਜਵਾਬ ਬਾਰੇ ਸੋਚਦੇ ਰਹੇ। ਫਿਰ ਚਿੱਠੀ ਜੇਬ ਵਿਚ ਪਾ ਉਹ ਘਰ ਆ ਗਿਆ। ਟਰੰਕੀ ਖੋਲ੍ਹੀ ਤੇ ਉਹ ਚਿੱਠੀ ਕੁਰਾਨ ਵਿਚ ਟਿਕਾ ਕੇ ਮੁੜ ਜਿੰਦਰੀ ਮਾਰ ਦਿੱਤੀ। ਕਈ ਵਰ੍ਹੇ ਉਹ ਜਿੰਦਰੀ ਉਂਜ ਹੀ ਵੱਜੀ ਰਹੀ।

• • •

ਮੈਂ ਹੈਂਡੀ ਕੈਮ ਦੇ ਲੈਂਨਜ਼ ਨੂੰ ਸਾਹਮਣੀ ਗੈਲਰੀ ਦੇ ਦਰਸ਼ਕਾਂ ਵੱਲ ਫੋਕਸ ਕਰਕੇ ਜ਼ੂਮ-ਇਨ ਕਰਦਾ ਹਾਂ। ਸਕਰੀਨ ਉੱਪਰ ਦਿਸਦੇ ਚਿਹਰਿਆਂ ਵਿਚੋਂ ਮੇਰੀ ਨਜ਼ਰ ਫਿਰ ਉਸ ਚਿਹਰੇ 'ਤੇ ਆ ਕੇ ਰੁਕ ਜਾਂਦੀ ਹੈ, ਜਿਸ ਬਾਰੇ ਮੇਰਾ ਕਿਆਫ਼ਾ ਹੈ ਕਿ ਇਹ ਉਹੀ ਬਰਕਤੇ ਹੈ। ਪਰ ਅਸਮਾਨੀ ਰੰਗ ਦੀ ਚਾਦਰ ਨਾਲ ਅੱਧ ਕੱਜਿਆ ਚਿਹਰਾ ਫਿਰ ਮੇਰੀ ਉਸ ਬਾਰੇ ਰਾਏ ਸਪੱਸ਼ਟ ਨਹੀਂ ਹੋਣ ਦਿੰਦਾ। ਫਿਰ ਵੀ ਮੇਰਾ ਮਨ ਕਹਿੰਦਾ ਹੈ ਕਿ ਇਹ ਓਹੀ ਬਰਕਤੇ ਹੈ, ਜਿਸ ਨੂੰ ਮੈਂ ਸਾਲ ਪਹਿਲਾਂ ਪਿੰਡ ਦਫ਼ਤੂਹ ਤੇ ਬਾਅਦ ਵਿਚ ਉਸਦੇ ਉਸ ਘਰ ਕਾਹਨੇ ਮਿਲਿਆ ਸਾਂ। ਦਫ਼ਤੂਹ ਤਾਂ ਇਕ ਨਵੀਂ ਕਿਸਮ ਦਾ ਮੇਲਾ ਲੱਗ ਗਿਆ ਸੀ। ਇਹ ਮੇਰੇ ਮਿੱਤਰ ਕੈਸਰ ਦਾ ਪਿੰਡ ਸੀ। ਲਲਿਆਣੀ ਤੋਂ ਕੋਈ ਦੋ ਕੋਹ ਦੀ ਵਾਟ। ਉਹ ਇਕ ਸੁਪਨੇ ਦਾ ਹਕੀਕੀ ਰੂਪ ਸੀ। ਅੱਲ੍ਹਾ ਦਿੱਤੇ ਦੇ ਸਕੇ ਭਰਾ ਮਿਹਰ ਅਲੀ ਦਾ ਘਰ। ਮਿਹਰ ਅਲੀ ਮਲਿਕ ਦਾ ਤੀਹਾਂ ਜੀਆਂ ਤੱਕ ਫੈਲਿਆ ਟੱਬਰ ਟੀਰ ਸਾਡੇ ਸਾਹਮਣੇ ਸੀ। ਹੱਸਦਾ ਖੇਡਦਾ ਪਰਿਵਾਰ। ਦਾਦੀ ਅੰਮਾ ਨੂਰਾਂ ਤਾਂ ਇਹ ਸੁਪਨਾ ਅੱਖਾਂ ਵਿਚ ਲੈ ਕੇ ਈ ਤੁਰ ਗਈ ਕਿ ਹੁਣ ਕਿਥੇ ਵਿਛੜੇ ਜੀਆਂ ਮਿਲਣਾ। ਆਖ਼ਰੀ ਦਮਾਂ ਤੀਕਰ ਉਹ ਬੁੱਕ-ਬੁੱਕ ਅੱਥਰੂ ਕੇਰਦੀ ਰਹੀ ਕਿ ਉਹਦਾ ਢਿੱਡੋਂ ਜਾਇਆ ਪੁੱਤਰ ਅੱਲ੍ਹਾ ਦਿੱਤਾ ਪਤਾ ਨਹੀਂ ਕਿਥੇ ਹੋਸੀ? ਭਰਾ ਮਿਹਰ ਅਲੀ ਤਾਂ ਉਸ ਵੱਲੋਂ ਨਿਰਾਸ਼ ਹੀ ਜਹਾਨ ਛੱਡ ਗਿਆ ਸੀ। ਆਖਦਾ, 'ਕਾਹਦਾ ਭਰਾ ਰਹਿ ਗਿਆ। ਚੰਦਰਾ ਕਾਫ਼ਰਾਂ ਵਿਚ ਜਾ ਰਲਿਆ।' ਕੱਬਰਵੱਛੇ ਦੀਆਂ ਜੂਹਾਂ ਕਾਲੇ ਕੋਹਾਂ ਦਾ ਪੈਂਡਾ ਹੋ ਗਿਆ ਸੀ। ਕੈਸਰ ਗਿਆ ਸੀ

ਇਕ ਵਾਰੀ ਇੰਡੀਆ। ਦਾਦੀ ਅੰਮਾ ਨੇ ਪੱਕ ਕੀਤੀ ਕਿ ਪੁੱਤਰ ਕਿਵੇਂ ਵੀ ਹੋਵੇ ਆਪਣੇ ਪਿੰਡ ਹੋ ਕੇ ਆਵੀਂ। ਜਿਵੇਂ ਵੀ ਹੋਵੇ ਆਪਣੇ ਚਾਚੇ ਨੂੰ ਮਿਲ ਕੇ ਆਵੀਂ, ਮੇਰਾ ਲਹੂ ਐ ਉਹ। ਪਰ ਉਹ ਮਜਬੂਰ ਸੀ। ਕੀ ਕਰਦਾ ਫਿਰੋਜ਼ਪੁਰ ਵੱਲ ਦਾ ਵੀਜ਼ਾ ਨਹੀਂ ਸੀ। ਲੁਕ ਛਿਪ ਕੇ ਜਾਣਾ ਉਹਨੂੰ ਗਵਾਰਾ ਨਾ ਜਾਪਿਆ। ਹਕੂਮਤਾਂ ਦੀ ਕਸ਼ੀਦਗੀ ਲੋਕਾਂ 'ਤੇ ਨਾਜ਼ਲ ਸੀ, ਇਹ ਚੰਗਾ ਨਹੀਂ ਸੀ ਲੱਗਾ ਉਹਨੂੰ। ਚਾਚੇ ਅੱਲ੍ਹਾ ਦਿੱਤੇ ਨੂੰ ਮਿਲਣ ਦੀ ਸਿੱਕ ਅਧੂਰੀ ਲੈ ਕੇ ਉਹ ਚਲਿਆ ਆਇਆ ਸੀ। ਦਾਦੀ ਅੰਮਾ ਦੀ ਆਸ ਨੇ ਹੀ ਦਮ ਨਾ ਤੋੜਿਆ, ਉਹ ਆਪ ਵੀ ਸਾਹਾਂ ਦਾ ਸਾਥ ਛੱਡ ਗਈ। ਜ਼ਿੰਦਗੀ ਦਾ ਇਕ ਖ਼ੂਬਸੂਰਤ ਕਾਂਡ, ਹੱਡੀਆਂ ਦੀ ਮੁੱਠ ਦਾਦੀ ਨਾਲ ਮੁੱਕ ਗਿਆ।

'ਤੁਸੀਂ ਕੌਣ? ਕਿਸੇ ਅਖ਼ਬਾਰ ਦੇ ਬੰਦੇ ਹੋ?' ਵਾਹਗੇ ਵਾਲੇ ਬੰਨੇ ਕਸਟਮ ਕਲੀਅਰ ਕਰਾਉਂਦਿਆਂ ਇਕ ਅਗਿਆਤ ਬੰਦੇ ਨੇ ਮੈਨੂੰ ਘੋਖਵੀਂ ਨਜ਼ਰੇ ਤਾੜਦਿਆਂ ਪੁੱਛਿਆ।

'ਨਹੀਂ ਮੇਰਾ ਤਾਅਲੁਕ ਕਿਸੇ ਅਖ਼ਬਾਰ ਨਾਲ ਨਹੀਂ।' ਮੈਂ ਜਵਾਬ ਦਿੱਤਾ।

'ਤੁਹਾਡੇ ਇਸ ਭਾਰੇ ਬੈਗ ਵਿਚ ਕੀ ਹੈ?' ਉਸਨੇ ਅਗਲਾ ਸਵਾਲ ਕੀਤਾ।

'ਕਿਤਾਬਾਂ।' ਮੈਂ ਫਿਰ ਮੁਖ਼ਤਸਰ ਜੁਆਬ ਦਿੱਤਾ।

'ਦਿਖਾਓਗੇ?' ਉਹਨੇ ਕਿਹਾ। ਮੈਂ ਚੁੱਪਚਾਪ ਬੈਗ ਦੀ ਜਿੱਪ ਖੋਲ੍ਹ ਦਿੱਤੀ। ਉਹਨੇ ਕਿਤਾਬਾਂ ਉਲਟਾ-ਪੁਲਟਾ ਕੇ ਵੇਖੀਆਂ ਤੇ ਪੁੱਛਿਆ, 'ਇਹ ਕਿਹੜੀ ਜ਼ੁਬਾਨ ਹੈ, ਹਿੰਦੀ?'

'ਨਹੀਂ, ਪੰਜਾਬੀ। ਗੁਰਮੁਖੀ ਵਿਚ। ਇਹ ਵਾਰਸ ਸ਼ਾਹ ਦੀ ਲਿਖੀ ਹੀਰ ਦੀਆਂ ਵੱਖ-ਵੱਖ ਜਿਲਦਾਂ ਨੇ, ਸਾਡੇ ਪਾਸੇ ਦੇ ਪੰਜਾਬ ਵਿਚ ਛਪੀਆਂ। ਜੰਡਿਆਲੇ ਸ਼ੇਰ ਖਾਨ ਤੋਂ ਮੇਰਾ ਮਿੱਤਰ ਜ਼ਾਹਿਦ ਇਕਬਾਲ ਹੀਰ ਉਪਰ ਕੋਈ ਰਿਸਰਚ ਕਰ ਰਿਹੈ, ਉਹਨੇ ਮੰਗਵਾਈਆਂ ਨੇ।'

'ਚਿੱਠੀ ਲਿਖ ਕੇ ਜਾਂ ਫ਼ੋਨ ਕਰਕੇ?' ਉਹਨੇ ਟੇਢੀ ਜਿਹੀ ਨਜ਼ਰੇ ਮੈਨੂੰ ਘੂਰਿਆ।

'ਨਹੀਂ, ਈ-ਮੇਲ ਕਰਕੇ।' ਮੈਂ ਬਿਨਾਂ ਕੋਈ ਤਲਖ਼ੀ ਵਿਖਾਏ ਦੱਸਿਆ। ਆਪਣੀ ਢੀਠਤਾਈ ਬਰਕਰਾਰ ਰੱਖਦਿਆਂ ਉਹਨੇ ਇਹੀ ਕਾਰਵਾਈ ਮੇਰੇ ਸਾਥੀ ਹਰਮੀਤ ਉੱਤੇ ਵੀ ਕੀਤੀ। ਬੈਗ ਖੁਲ੍ਹਵਾਇਆ ਤੇ ਕਿਤਾਬਾਂ ਚੈੱਕ ਕੀਤੀਆਂ। ਫਿਰ ਸੌਰੀ ਕਹਿ ਕੇ ਮਿਲਾਉਣ ਲਈ ਹੱਥ ਅੱਗੇ ਕੀਤਾ ਤੇ ਕਿਹਾ, 'ਸਰਦਾਰ ਜੀ, ਤੁਸੀਂ ਸਾਡੇ ਮਹਿਮਾਨ ਓ, ਦਿਲ ਤਾਂ ਨਹੀਂ ਕਰਦਾ ਪਰ ਹਕੂਮਤ...।' ਬਿਨਾਂ ਕੋਈ ਜੁਆਬ ਦਿੱਤੇ ਮੈਂ ਤੇ ਹਰਮੀਤ ਨੇ ਬੈਗ ਮੋਢਿਆਂ 'ਤੇ ਪਾ ਲਏ। ਉਹਦੇ ਪਰ੍ਹੇ ਜਾਣ 'ਤੇ ਹਰਮੀਤ ਨੇ ਤਿਊੜੀ ਕੱਸੀ, 'ਭੈਣ ਦੀ ਟੰਗ ਮਰਾ ਗਈ ਤੁਹਾਡੀ ਹਕੂਮਤ। ਅੱਧਾ ਘੰਟਾ ਜ਼ਾਇਆ ਕਰ 'ਤਾ ਭੈਣ ਦੇ ਦੀਨੇ ਨੇ।'

'ਚੱਲ ਹਿਰਖ਼ ਨਾ। ਉਹਨੇ ਗਲ ਪਿਆ ਢੋਲ ਵਜਾਉਣਾ। ਇਹ ਵਿਚਾਰੇ ਚਾਬੀ ਵਾਲੇ ਖਿਡੌਣੇ ਆ, ਇਨ੍ਹਾਂ ਦੇ ਕੀ ਵੱਸ?' ਮੈਂ ਉਹਨੂੰ ਅਗਾਂਹ ਤੋਰਿਆ। 'ਚੱਲ ਛੇਤੀ ਬਾਹਰ ਨਿਕਲੀਏ। ਆਪਣਾ ਯਾਰ ਬਾਹਰ 'ਡੀਕਦਾ ਹੋਣਾ।' ਅਸੀਂ ਕਾਹਲੇ ਪੈਰੀਂ ਬਾਹਰ ਨਿਕਲੇ। ਬਾਹਰ ਖਲੋਤਾ ਕੈਸਰ ਸਾਨੂੰ ਧਾਹ ਕੇ ਮਿਲਿਆ। ਜਿਵੇਂ ਚਿਰੀਂ ਵਿਛੁੰਨਿਆ ਭਰਾ ਹੋਵੇ। ਅੱਖਰਾਂ ਸ਼ਬਦਾਂ ਦੇ ਰਿਸ਼ਤੇ ਪਾਰੋਂ ਅਸੀਂ ਭਰਾ ਹੀ ਤਾਂ ਲੱਗਦੇ ਸਾਂ। ਸਾਡਾ ਆਪਣਾ ਇਕ ਖੁੱਲ੍ਹਾ ਮੋਕਲਾ ਪਰਿਵਾਰ ਸੀ। ਸੂਹੇ ਖ਼ੁਸ਼ਬੂਦਾਰ ਫੁੱਲਾਂ ਦੇ ਹਾਰ ਇਸ ਰਿਸ਼ਤੇ ਦੀ ਗਵਾਹੀ ਭਰ ਰਹੇ ਸਨ। ਕੈਸਰ ਆਖਿਆ, 'ਜਲਦੀ ਚਲੋ, ਪਹਿਲਾਂ ਹੀ ਬਹੁਤ ਦੇਰ ਹੋ ਗਈ।'



'ਕਿਤਾਬਾਂ ਤਾਂ ਐਂ ਘੋਖਦੇ ਆ ਜਿਵੇਂ ਬੰਬ ਹੋਣ।' ਕਾਰ ਵਿਚ ਬੈਗ ਟਿਕਾਉਂਦਾ ਹਰਮੀਤ ਵਿਸ਼ ਘੋਲ ਰਿਹਾ ਸੀ।

'ਕਿਤਾਬਾਂ ਵਾਲਿਆਂ ਤੋਂ ਖ਼ਾਸ ਈ ਤ੍ਰਹਿੰਦੇ ਐ।' ਕੈਸਰ ਹੱਸਿਆ। 'ਇਨ੍ਹਾਂ ਕਿਤਾਬਾਂ ਕਰਕੇ ਈ ਤੁਹਾਡੀ ਸਰਕਾਰ ਨੇ ਮੈਨੂੰ ਬਲੈਕ ਲਿਸਟ ਕੀਤਾ ਹੋਇਆ। ਅਖੇ, ਸਾਡੀ ਸਲਤਨਤ ਵਿਚ ਸੰਨ੍ਹ ਲਾਉਣ ਵਾਲੇ ਤੁਸੀਂ ਹੁੰਦੇ ਕੌਣ ਹੋ ਪੜ੍ਹਨ ਲਿਖਣ ਵਾਲੇ?'

ਈਚੋਗਿੱਲ ਨਹਿਰ ਦੇ ਨਾਲ-ਨਾਲ ਚੱਲਦਿਆਂ ਸ਼ਾਮ ਉਤਰਨ ਲੱਗੀ ਸੀ। ਸਿਆਲੀ ਦਿਨਾਂ ਕਾਰਨ ਅਸਾਂ ਜੈਕਟਾਂ ਦੀਆਂ ਜਿੱਪਾਂ ਉਤਾਂਹ ਤੱਕ ਖਿੱਚ ਲਈਆਂ ਸਨ। ਲਾਹੌਰ ਪਹੁੰਚਦਿਆਂ ਬੱਤੀਆਂ ਜਗ ਪਈਆਂ ਸਨ। ਕਾਰ ਖੁੱਲ੍ਹੀ ਸੜਕ 'ਤੇ ਦੌੜ ਰਹੀ ਸੀ। ਰੌਸ਼ਨੀਆਂ ਦੀਆਂ ਕਤਾਰਾਂ ਤੇ ਸਜੀਆਂ ਫੱਬੀਆਂ ਦੁਕਾਨਾਂ ਦਾ ਅੰਦਾਜ਼ ਦਿਲ ਲੁਭਾਉਣਾ ਸੀ। ਬਾਜ਼ਾਰਾਂ ਵਿਚ ਲੋਕਾਂ ਦੀ ਭੀੜ ਉਮੜੀ ਪਈ ਸੀ। ਪਟਿਆਲਾ ਹਾਊਸ ਵਿਚ ਕੈਸਰ ਦੇ ਬੁਲਾਏ ਮਿੱਤਰ ਇੰਤਜ਼ਾਰ ਵਿਚ ਬੈਠੇ ਸਨ। ਸਾਡੇ ਪਹੁੰਚਣ 'ਤੇ ਚੰਗੀ ਰੌਣਕ ਬੱਝ ਗਈ। ਹਾਸੇ ਮਸ਼ਗੂਲੇ ਦਾ ਦੌਰ ਸ਼ੁਰੂ ਹੋ ਗਿਆ। ਲਤੀਫ਼ੇਬਾਜ਼ੀ ਨੇ ਪੈਂਦੀ ਸੱਟੇ ਹੀ ਜ਼ੋਰ ਫੜ ਲਿਆ. ਦਸਾਂ ਪੰਦਰਾਂ ਮਿੰਟਾਂ ਤੱਕ ਇਹ ਖ਼ਬਰ ਨਾ ਰਹੀ ਕਿ ਕੌਣ ਪਹਿਲੀ ਵਾਰ ਮਿਲਿਆ ਹੈ ਤੇ ਕੌਣ ਦਸਵੀਂ ਵਾਰ। ਦਾਰੂ ਦੇ ਤਿੰਨ ਅਧੀਏ ਵਿੰਹਦਿਆਂ ਵਿੰਹਦਿਆਂ ਹੀ ਖ਼ਾਲੀ ਹੋ ਗਏ।

'ਯਾਰ, ਸਾਡੇ ਨਾਲ ਬਹੁਤ ਜ਼ੁਲਮ ਹੁੰਦਾ।' ਸਰੂਰੀਆਂ ਅੱਖਾਂ ਨਾਲ ਖ਼ਾਲੀ ਹੋਈ ਗਿਲਾਸੀ ਵੱਲ ਤੱਕਦਾ ਤੁਫ਼ੈਲ ਕਹਿਣ ਲੱਗਾ। ਉਹ ਕਿਸੇ ਅਖ਼ਬਾਰ ਵਿਚ ਕਾਰਟੂਨਿਸਟ ਸੀ ਤੇ ਮਿਲਦਿਆਂ ਸਾਰ ਹੀ ਘੁਲ ਮਿਲ ਗਿਆ ਸੀ।

'ਆਹੋ, ਫ਼ੌਜੀਆਂ ਦੇ ਵੱਸ ਜੁ ਪਏ ਓ। ਮੌਲਵੀਆਂ ਦੇ ਕੋੜੇ ਵੀ ਖਾਂਦੇ ਓ। ਏਜੰਸੀਆਂ ਦੇ ਧੱਕੇ ਵੀ ਚੜ੍ਹਦੇ ਓ।' ਮੈਂ ਵੀ ਖੁੱਲ੍ਹੇ ਖੁਲਾਸੇ ਅੰਦਾਜ਼ ਵਿਚ ਜੁਆਬ ਮੋੜਿਆ।

'ਨਹੀਂ, ਇਹ ਗੱਲ ਨਹੀਂ। ਸ਼ਰਾਬ ਬੜੀ ਮਹਿੰਗੀ ਆ। ਉੱਤੋਂ ਲੱਭਦੀ ਵੀ ਨਹੀਂ। ਪੈਸੇ ਬੋਝਿਆਂ ਵਿਚ ਪਾ ਕੇ ਪਾਗਲਾਂ ਵਾਂਗ ਤੁਰੇ ਫਿਰੀਦਾ...।' ਕੈਸਰ ਨੇ ਕਿਹਾ, 'ਤੁਸੀਂ ਇਸ ਗੱਲੋਂ ਭਾਗਾਂ ਵਾਲੇ ਓ। ਕਿਉਂ ਤੁਫ਼ੈਲ?'

'ਆਹੋ ਯਾਰ, ਕੁਝ ਤਰਸ ਖਾਓ ਸਾਡੇ 'ਤੇ।' ਤੁਫ਼ੈਲ ਨੇ ਜਿਵੇਂ ਲਿਲਕੜੀ ਕੱਢੀ।

'ਤੁਸੀਂ ਸਾਨੂੰ ਗੈਸ ਦੀ ਪਾਈਪ ਲਾਈਨ ਦੇ ਦਿਓ, ਅਸੀਂ ਤੁਹਾਡੇ ਵੱਲ ਦਾਰੂ ਦਾ ਨੱਕਾ ਮੋੜ ਦਿੰਨੇ ਆਂ।' ਹਰਮੀਤ ਨੇ ਤਜਵੀਜ਼ ਦਿੱਤੀ। ਤਾੜੀਆਂ ਨਾਲ ਸੁਆਗਤ ਹੋਇਆ ਤੇ ਆਉਣ ਵਾਲੇ ਸਮੇਂ ਇਸ ਨੂੰ ਅਮਲੀ ਰੂਪ ਦੇਣ ਦੇ ਅਹਿਦ ਹੋ ਗਏ। ਦੇਰ ਤੱਕ ਅਫ਼ਜ਼ਲ ਸਾਹਿਰ ਪੀੜ ਪਰੁੰਨੇ ਗੀਤ ਸੁਣਾਉਂਦਾ ਰਿਹਾ। ਵਿਚ-ਵਿਚ ਹਾਸੇ ਦੇ ਟੋਟਕੇ ਛੱਡ ਦਿੰਦਾ। ਰੇਡੀਓ ਉੱਪਰ ਐਂਕਰਿੰਗ ਕਰਨ ਕਾਰਨ ਉਹਦੇ ਮੂੰਹੋਂ ਗੱਲਾਂ ਪਰਬਤੀ ਝਰਨੇ ਵਾਂਗ ਫੁੱਟਦੀਆਂ ਸਨ। ਮਨਸੂਰ ਵਕੀਲ ਚੁੱਪ ਰਹਿਣੇ ਸੁਭਾਅ ਦਾ ਸੀ ਤੇ ਗਿਲਾਸੀ ਮਿੰਟ ਭਰ ਵੀ ਖ਼ਾਲੀ ਨਹੀਂ ਸੀ ਰਹਿਣ ਦਿੰਦਾ। ਪੱਕੇ ਰੰਗ ਤੇ ਚਿੱਟੇ ਵਾਲਾਂ ਵਾਲਾ ਨਾਦਰ ਕੱਪੜੇ ਦਾ ਵਪਾਰੀ ਸੀ। ਜਾਣ-ਪਛਾਣ ਕਰਾਉਂਦਿਆਂ ਕੈਸਰ ਨੇ ਦੱਸਿਆ ਸੀ ਕਿ ਇਹ ਹਜ਼ਰਤ ਨਾ ਹੋਣ ਤਾਂ ਅਸੀਂ ਦਾਰੂ ਦੀ ਤੋਟ ਵਿਚ ਪਿਆਸੇ ਮਰ ਜਾਈਏ। ਸਾਰੀ ਮਹਿਫ਼ਲ ਵਿਚ ਨਾਦਰ ਨੇ ਇਕ ਸ਼ੋਸ਼ਾ ਛੱਡਿਆ। ਮੈਨੂੰ ਪੁੱਛਿਆ, 'ਸਰਦਾਰ ਜੀ, ਹੁਣ ਕੀ ਮਸਲਾ ਹੈ ਤੁਹਾਡੀ ਕੌਮ ਨਾਲ?'

'ਕੇਹਾ ਮਸਲਾ।' ਉਹਦੀ ਗੱਲ ਮੇਰੇ ਪਿੜ ਪੱਲੇ ਨਹੀਂ ਸੀ ਪਈ।

‘ਹੁਣ ਤਾਂ ਤੁਹਾਡਾ ਵਜ਼ੀਰੇ ਆਜ਼ਮ ਸਿੱਖ ਐ, ਫਿਰ ਖ਼ਾਲਿਸਤਾਨ ਲੈਣ ’ਚ ਕੀ ਦਿੱਕਤ ਐ?’ ਮੇਰੇ ਸਮੇਤ ਸਾਰੇ ਖਿੜਖਿੜਾ ਕੇ ਹੱਸ ਪਏ। ਉੱਤਰ ਕੈਸਰ ਨੇ ਮੋੜਿਆ, ‘ਓਏ ਭੋਲੇ ਪਾਤਸ਼ਾਹੋ, ਕੱਪੜਿਆਂ ਦੀ ਗਿਣਤੀ ਮਿਣਤੀ ਵਿਚੋਂ ਕਦੇ ਬਾਹਰ ਬਰ ਬਾਰੇ ਵੀ ਸੋਚਿਆ ਕਰੋ। ਉਥੇ ਜਮਹੂਰੀਅਤ ਆ। ਇਕ ਸਿਸਟਮ ਆ। ਸਾਡੇ ਵਾਂਗ ਨਹੀਂ ਕਿ ਸਵੇਰੇ ਉੱਠ ਕੇ ਫੁਰਨਾ ਫੁਰਿਆ ਤੇ ਅਗਲੇ ਨੂੰ ਧੌਣ ਫੜ ਕੇ ਥੱਲੇ ਲਾਹ ਦਿੱਤਾ ਤੇ ਚੰਮ ਦੀਆਂ ਚਲਾ ਦਿੱਤੀਆਂ।’ ਫਿਰ ਕਾਫ਼ੀ ਦੇਰ ਹਾਸੇ ਮਸ਼ਗੂਲੇ ਨਾਲ ਸਿਆਸਤੀ ਗੱਲਾਂ ਵੀ ਘੁਲੀਆਂ ਮਿਲੀਆਂ ਰਹੀਆਂ। ਰਾਤ ਦੇ ਦਸ ਵਜੇ ਫੂਡ ਸਟਰੀਟ ਵੱਲ ਰਵਾਨਗੀ ਹੋਈ। ਗਵਾਲ ਮੰਡੀ ਦਾ ਖ਼ੂਬਸੂਰਤ ਗੇਟ ਲੰਘਿਆ ਜੋ ਰੰਗ ਬਰੰਗੀਆਂ ਰੌਸ਼ਨੀਆਂ ਨਾਲ ਝਿਲਮਿਲ ਝਿਲਮਿਲ ਕਰ ਰਿਹਾ ਸੀ। ਇਕ ਪਾਸਿਓਂ ਬਣੇ ਤੰਗ ਜਹੇ ਰਾਹ ਵਿਚੋਂ ਲੰਘ ਅਸੀਂ ਇਸ ਨਿਵੇਕਲੇ ਬਾਜ਼ਾਰ ਵਿਚ ਦਾਖ਼ਲ ਹੋਏ। ਕੋਈ ਦੋ ਕੁ ਸੌ ਗਜ਼ ਲੰਬੇ ਇਸ ਬਾਜ਼ਾਰ ਦੇ ਦੋਹੀਂ ਪਾਸੀਂ ਪੰਜ-ਪੰਜ ਛੇ-ਛੇ ਮੰਜ਼ਲਾਂ ਉੱਚੀਆਂ ਇਮਾਰਤਾਂ ਹਨ। ਇਨ੍ਹਾਂ ਬਿਲਡਿੰਗਾਂ ਦਾ ਆਰਕੀਟੈਕਚਰ ਕਮਾਲ ਦਾ ਸੀ। ਕੈਸਰ ਗਾਈਡ ਵਾਂਗ ਦੱਸ ਰਿਹਾ ਸੀ, ‘ਇਹ ਡਾਟਾਂ ਮਹਿਰਾਬਾਂ ਵਾਲੇ ਉੱਚੇ ਘਰ ਸੰਤਾਲੀ ਦੀ ਵੰਡ ਤੋਂ ਪਹਿਲਾਂ ਤੱਕ ਧਨਾਢ ਹਿੰਦੂ ਸਿੱਖਾਂ ਦੇ ਸਨ। ਇਥੇ ਆਮ ਸਾਧਾਰਨ ਬੰਦਾ ਆਉਣੋਂ ਝਕਦਾ ਸੀ। ਹਕੂਮਤ ਨੇ ਵੰਡ ਪਿੱਛੋਂ ਇਨ੍ਹਾਂ ਇਮਾਰਤਾਂ ਨਾਲ ਕਿਸੇ ਨੂੰ ਛੇੜਛਾੜ ਨਹੀਂ ਕਰਨ ਦਿੱਤੀ। ਹੇਠਲੀਆਂ ਦੁਕਾਨਾਂ ਜ਼ਰੂਰ ਕਾਰੋਬਾਰੀ ਲੋਕਾਂ ਨੂੰ ਦੇ ਦਿੱਤੀਆਂ ਗਈਆਂ ਨੇ।’

ਦੁਕਾਨਾਂ ’ਤੇ ਤੰਦੂਰ ਤਪਣ ਡਹੇ ਸਨ। ਆਪਣੇ ਮਿੱਤਰਾਂ ਨਾਲ ਘੁੰਮਦੇ ਮੈਂ ਤੇ ਹਰਮੀਤ ਪੱਗਾਂ ਕਾਰਨ ਸਭ ਦੀਆਂ ਨਜ਼ਰਾਂ ਦੇ ਕੇਂਦਰ ਸਾਂ। ਲੋਕ ਅਗਾਂਹ ਹੋ-ਹੋ ਸਾਡੇ ਨਾਲ ਹੱਥ ਮਿਲਾਉਂਦੇ। ਆਪਣੇ ਟੇਬਲਾਂ ’ਤੇ ਬੈਠੇ ਬਹੁਤ ਸਾਰੇ ਲੋਕਾਂ ਸਾਨੂੰ ਆਪਣੇ ਨਾਲ ਬਹਿ ਕੇ ਖਾਣ ਦੀ ਦਾਅਵਤ ਦਿੱਤੀ। ਇਕ ਬੰਦਾ ਤਾਂ ਸਾਡੇ ਖਹਿੜੇ ਹੀ ਪੈ ਗਿਆ, ‘ਸਰਦਾਰ ਜੀ, ਜਿਹੜੀ ਸ਼ੈਅ ਤੁਹਾਡੇ ਵੱਲ ਖੁੱਲ੍ਹੀ ਮਿਲਦੀ ਐ ਉਹ ਤਾਂ ਪਿਆ ਨੀ ਸਕਦੇ, ਇਸ ਲਈ ਏਹ ਕੋਕ ਹੀ ਪੀ ਲਓ।’ ਸਾਹਿਰ ਨੇ ਕਿਹਾ, ‘ਏਨੇ ਮੋਹ ਨਾਲ ਆਖ ਰਿਹੈ, ਪੀ ਲਓ ਯਾਰ।’ ਅਸਾਂ ਦੋ-ਦੋ ਘੁੱਟ ਉਹਦੀ ਬੋਤਲ ਵਿਚੋਂ ਵੀ ਭਰ ਲਏ। ਤੁਰਦਿਆਂ ਕੈਸਰ ਨੇ ਟੁੱਲ ਮਾਰਿਆ, ਦਾਰੂ ਦਾ ਕੋਟਾ ਇਹ ਸਰਦਾਰ ਪੂਰਾ ਕਰਕੇ ਈ ਤੁਰੇ ਨੇ।’

‘ਅੱਲ੍ਹਾ ਖ਼ੈਰ ਕਰੇ, ਕਰਮਾਂ ਵਾਲੇ ਜੀਊੜੇ ਨੇ।’ ਉਹ ਬੰਦਾ ਬੋਲਿਆ।

ਰੋਟੀ ਖਾਂਦਿਆਂ ਤੇ ਘੁੰਮਦਿਆਂ-ਘੁਮਾਉਂਦਿਆਂ ਰਾਤ ਦੇ ਬਾਰਾਂ ਵੱਜ ਗਏ। ਲਾਹੌਰ ਦਾ ਹੁਸਨ ਹਾਲੇ ਵੀ ਕਹਿਰਾਂ ਦਾ ਸੀ। ਸੜਕਾਂ ’ਤੇ ਰੌਣਕ ਜਿਓਂ ਦੀ ਤਿਓਂ ਸੀ। ਬਾਕੀ ਮਿੱਤਰਾਂ ਤੋਂ ਵਿਦਾ ਹੋ ਕੇ ਅਸੀਂ ਟਾਊਨਸ਼ਿਪ ਵੱਲ ਰੁਖ਼ ਕਰ ਲਿਆ। ਰੈਣ ਬਸੇਰਾ ਕੈਸਰ ਦੇ ਘਰ ਸੀ। ਘਰ ਦੀਆਂ ਪੌੜੀਆਂ ਚੜ੍ਹੇ ਤੇ ਪਹਿਲਾਂ ਹੀ ਰੱਖੀਆਂ ਰਜਾਈਆਂ ਵਿਚ ਟੇਢੇ ਹੋ ਗਏ।

‘ਆਪਣਾ ਪਿੱਛੋਂ ਪਿੰਡ ਕਿਹੜਾ?’ ਹਰਮੀਤ ਨੇ ਕੈਸਰ ਨੂੰ ਪੁੱਛਿਆ।

‘ਸਾਡਾ ਜੱਦੀ ਪਿੰਡ ਤਾਂ ਫਿਰੋਜ਼ਪੁਰ ਵੱਲ ਆ।’ ਉਸ ਦੱਸਿਆ।

‘ਉਧਰ ਦੇ ਸਾਰੇ ਪਿੰਡਾਂ ਦੀ ਮੈਨੂੰ ਵਾਕਫ਼ੀ ਆ, ਤੂੰ ਦੱਸ।’ ਹਰਮੀਤ ਨੇ ਉਤਸ਼ਾਹ ਵਿਚ ਕਿਹਾ।

‘ਕੱਬਰਵੱਛਾ, ਮੇਰਾ ਦਾਦਕਿਆਂ ਦਾ ਪਿੰਡ।’ ਕੈਸਰ ਨੇ ਦੱਸਿਆ।

‘ਸੰਤਾਲੀ ’ਚ ਸਾਰਾ ਟੱਬਰ ਏਧਰ ਆ ਗਿਆ ਸੀ?’ ਉਸ ਪੁੱਛਿਆ।



‘ਨਹੀਂ, ਮੇਰਾ ਬਾਪ ਦੱਸਦਾ ਸੀ, ਸਾਡਾ ਇਕ ਭਰਾ ਉਥੇ ਰਹਿ ਗਿਆ ਸੀ। ਉਹਦਾ ਨਾਂ ਅੱਲ੍ਹਾ ਦਿੱਤਾ ਸੀ।’

‘ਅੱਲ੍ਹਾ ਦਿੱਤਾ ਟੋਭਾ ਤਾਂ ਨਹੀਂ? ਜਿਹੜਾ ਮਾਹਲਾਂ ਬਣਾਉਂਦਾ ਸੀ। ਉਹਦਾ ਪੁੱਤਰ ਸੁੱਖਾ ਸਿੰਘ ਮਾਸਟਰ।’ ਹਰਮੀਤ ਨੇ ਦੱਸਿਆ।

‘ਚਾਚੇ ਦਾ ਨਾਂ ਤੇ ਉਹਦੇ ਮਾਹਲਾਂ ਬਣਾਉਣ ਦੇ ਕੰਮ ਤੋਂ ਵੱਧ ਮੈਨੂੰ ਹੋਰ ਨਹੀਂ ਪਤਾ। ਏਨਾ ਕੁ ਅੱਬੇ ਦੱਸਿਆ ਸੀ ਕਿ ਉਹ ਸਿੱਖ ਹੋ ਗਿਆ। ਪਰ ਯਾਰ, ਇਹ ਤਾਂ ਕਮਾਲ ਈ ਹੋ ਗਈ ਕਿ ਤੂੰ ਉਨ੍ਹਾਂ ਨੂੰ ਜਾਣਦਾਂ।’ ਕੈਸਰ ਦਾ ਚਿਹਰਾ ਕਿਸੇ ਉਤੇਜਨਾ ਵਿਚ ਭਖ਼ ਉੱਠਿਆ।

‘ਲੈ ਤੈਨੂੰ ਹੁਣੇ ਉਨ੍ਹਾਂ ਬਾਰੇ ਪਤਾ ਕਰਕੇ ਦੱਸਣਾ, ਆਪਣਾ ਮੋਬਾਇਲ ਦੇ ਜ਼ਰਾ।’ ਫਿਰ ਉਹਨੇ ਇਕ ਨੰਬਰ ਡਾਇਲ ਕੀਤਾ। ਕਾਫ਼ੀ ਦੇਰ ਬੈੱਲ ਵੱਜਣ ਮਗਰੋਂ ਸੁੱਤ ਉਨੀਂਦੀ ਜਿਹੀ ਆਵਾਜ਼ ਵਿਚ ਅੱਗੋਂ ‘ਹੈਲੋ’ ਹੋਈ। ਹਰਮੀਤ ਕਿਹਾ, ‘ਯਾਰ ਦਲਬੀਰ, ਸਵੇਰੇ ਉੱਠ ਕੇ ਪਹਿਲਾ ਕੰਮ ਇਹ ਕਰੀਂ, ਕੱਬਰਵੱਛੇ ਜਾਈਂ। ਅੱਲ੍ਹਾ ਦਿੱਤੇ ਮਾਹਲਾਂ ਵਾਲੇ ਬਾਰੇ ਸਾਰੀ ਜਾਣਕਾਰੀ ਪਤਾ ਕਰੀਂ ਤੇ ਦੱਸੀਂ।’

‘ਉਨ੍ਹਾਂ ਦਾ ਕੀ ਪਤਾ ਕਰਨਾ। ਗੁਰਦਿੱਤ ਸੂੰਹ ਮਾਹਲਾਂ ਵਾਲੇ ਦਾ ਨਿੱਕਾ ਪੁੱਤਰ ਸੁੱਖਾ ਤਾਂ ਆਪਣਾ ਯਾਰ ਆ। ਗੁਰਦਿੱਤ ਸੂੰਹ ਤਾਂ ਵਾਹਵਾ ਦੇਰ ਦਾ ਪੂਰਾ ਹੋ ਗਿਆ। ਉਹਨੂੰ ਅਧਰੰਗ ਹੋ ਗਿਆ ਸੀ। ਸੁੱਖੇ ਹੋਰਾਂ ਦੀ ਮਾਤਾ ਜਿਊਂਦੀ ਆ ਪਰ ਨਜ਼ਰੋਂ ਆਰੀ ਆ ਵਿਚਾਰੀ।’ ਦਲਬੀਰ ਨੇ ਦੱਸਿਆ।

‘ਲੈ ਬਈ ਲੱਭ ਗਿਆ ਤੇਰਾ ਖੁਰਾ ਖੋਜ।’ ਹਰਮੀਤ ਕੈਸਰ ਨੂੰ ਸੰਬੋਧਤ ਹੋਇਆ। ਫਿਰ ਫ਼ੋਨ ਉੱਪਰ ਆਪਣੇ ਮਿੱਤਰ ਨੂੰ ਕਹਿਣ ਲੱਗਾ, ‘ਲੈ ਕਰੀਂ ਗੱਲ ਮਿੰਟ ਕੁ ਕੈਸਰ ਭਾ ਨਾਲ।’ ਕੈਸਰ ਨੇ ਫ਼ੋਨ ਫੜਿਆ ਤੇ ਬੋਲਣ ਵਾਲੇ ਨੂੰ ਬੜੇ ਖ਼ਲੂਸ ਨਾਲ ਸਤਿ ਸ੍ਰੀ ਅਕਾਲ ਕਹਿ ਕੇ ਆਪਣੇ ਬਾਰੇ ਦੱਸਿਆ। ‘ਮਾਹਲਾਂ ਵਾਲਾ ਚਾਚਾ ਸੀ ਮੇਰਾ ...ਸਵੇਰੇ ਮੇਰਾ ਏਨਾ ਕੰਮ ਕਰਿਓ, ਚਾਚੀ ਨਾਲ ਮੇਰੀ ਗੱਲ ਕਰਾ ਦਿਓ...।’ ਗੱਲ ਮੁਕਾ ਕੇ ਕੈਸਰ ਦੇਰ ਤੱਕ ਆਪਣੇ ਪਿਛੋਕੜ ਦੀਆਂ ਕਹਾਣੀਆਂ ਪੁੱਤਰ ਤੇ ਬੀਵੀ ਨਾਲ ਸਾਂਝੀਆਂ ਕਰਦਾ ਰਿਹਾ। ਏਧਰ ਉਧਰ ਫ਼ੋਨ ਵੀ ਕਰੀ ਗਿਆ ਤੇ ਇਸ ਨਵੀਂ ਲੱਭਤ ਦੀ ਜਾਣਕਾਰੀ ਹੋਰ ਰਿਸ਼ਤੇਦਾਰਾਂ ਨਾਲ ਸਾਂਝੀ ਕਰਦਾ ਗਿਆ। ਸਵੇਰੇ ਸੱਤ ਵੱਜਦੇ ਨੂੰ ਫ਼ੋਨ ਖੜਕ ਪਿਆ। ਦਲਬੀਰ ਕੱਬਰਵੱਛੇ ਉਨ੍ਹਾਂ ਦੇ ਘਰ ਖਲੋਤਾ ਬੋਲ ਰਿਹਾ ਸੀ, ‘ਲਓ ਬਈ ਕਰੋ ਗੱਲਾਂ।’ ਭਰਾਵਾਂ ਨਾਲ ਗੱਲਾਂ ਕਰਕੇ ਕੈਸਰ ਦੀਆਂ ਅੱਖਾਂ ਭਰ ਆਈਆਂ। ਚਾਚੀ ਮੱਧਮ ਆਵਾਜ਼ ਵਿਚ ਕਹਿ ਰਹੀ ਸੀ, ‘ਮੈਂ ਤਾਂ ਸਮਝਦੀ ਸਾਂ ਮੇਰਾ ਕੋਈ ਬਾਕੀ ਨਹੀਂ ਬਚਿਆ, ਹੁਣ ਪਤਾ ਲੱਗਾ ਮੈਂ ’ਕੱਲੀ ਨਹੀਂ ਏਸ ਜਹਾਨ ਵਿਚ। ਕਿਤੇ ਆ ਕੇ ਮਿਲ ਜਾ ਪੁੱਤ...।’ ‘ਹਾਂ ਚਾਚੀ, ਜ਼ਰੂਰ ਮਿਲਾਂਗੇ, ਇਨਸ਼ਾ ਅੱਲ੍ਹਾ ਰੱਬ ਸਾਡੇ ’ਤੇ ਮਿਹਰਬਾਨ ਹੋਵੇਗਾ। ਚੰਗਾ, ਖ਼ੁਦਾ ਹਾਫ਼ਿਜ਼...।’ ਕੁਝ ਪਲਾਂ ਦੀ ਚੁੱਪ ਮਗਰੋਂ ਕੈਸਰ ਬੋਲਿਆ, ‘ਅੱਜ ਦਾਦੀ ਜੀ ਹੁੰਦੇ ਤਾਂ ਕਿੰਨੇ ਖ਼ੁਸ਼ ਹੁੰਦੇ। ਤੁਸਾਂ ਯਾਰ ਮੇਰੀ ਸੋਚ ਨੂੰ ਖੰਭ ਲਾ ਦਿੱਤੇ ਨੇ। ਕਦੇ ਸੋਚਿਆ ਵੀ ਨਹੀਂ ਸੀ ਏਡਾ ਵੱਡਾ ਕਾਰਨਾਮਾ ਕਦੇ ਹੋ ਜਾਊ।’

ਚਾਰ ਦਿਨਾਂ ਦੀਆਂ ਗਹਿਗੱਚ ਮਹਿਫ਼ਲਾਂ, ਮਿੱਤਰ ਮਿਲਣੀਆਂ, ਦਾਅਵਤਾਂ ਤੇ ਕਹਿਕਹੇ। ਅਕਲਾਂ ਵਾਲੀਆਂ ਭਾਰੀਆਂ ਭਕੁੰਨੀਆਂ ਗੱਲਾਂ ਤੋਂ ਲੁੱਚੇ ਨੰਗੇ ਲਤੀਫ਼ੇ। ਗੁਰਦੁਆਰਿਆਂ ਤੋਂ ਲੈ ਕੇ ਹੀਰਾ ਮੰਡੀ ਜਿਹੇ ਬਦਨਾਮ ਬਾਜ਼ਾਰਾਂ ਦੀਆਂ ਜ਼ਿਆਰਤਾਂ। ਭੀੜ-

ਭੜੱਕੇ ਵਾਲੀਆਂ ਗਲੀਆਂ ਵਿਚ ਅਜਨਬੀ ਲੋਕਾਂ ਨਾਲ ਮੁਸਕਾਨਾਂ ਦਾ ਆਦਾਨ ਪ੍ਰਦਾਨ। ਪਤਾ ਈ ਨਾ ਲੱਗਾ ਏਨਾ ਸਮਾਂ ਲੰਘ ਗਿਆ। ਕੈਸਰ ਦੀ ਕਾਰ ਵਾਹਗੇ ਵੱਲ ਮੂੰਹ ਕਰ ਚੁਕੀ ਸੀ। ਮੈਂ ਕਿਸੇ ਵਿਸਮਾਦ ਵਿਚ ਗੁਣਗੁਣਾਉਣ ਲੱਗਾ :

ਮੇਰੇ ਲਾਹੌਰ, ਮੈਂ ਚਾਰ ਦਿਨ ਤੇਰੀਆਂ ਸੜਕਾਂ 'ਤੇ ਘੁੰਮਿਆ
ਤੇਰੀ ਸੁਖਦ ਹਵਾ ਵਿਚ ਸਾਹ ਭਰੇ
ਤੇਰੇ ਮੋਹਖੋਰੇ ਬਸ਼ਿੰਦਿਆਂ ਨੂੰ ਮਿਲਿਆ, ਰੱਜ ਕੇ ਜੀਵਿਆ
ਕੱਲ੍ਹ ਚਲੇ ਜਾਣ ਦਾ ਸੋਚ ਕੇ
ਗ਼ਮਗ਼ੀਨ ਹੈ ਮਨ, ਨਮ ਨੇ ਅੱਖਾਂ,
ਕੀ ਤੂੰ ਵੀ ਹੈਂ ਉਦਾਸ, ਮੇਰੇ ਵਾਂਗ...

ਅਗਲੀ ਸੀਟ 'ਤੇ ਬੈਠੇ ਕੈਸਰ ਦੇ ਬੋਲ ਬਰਾਬਰ ਦੇ ਤਕਾਜ਼ਿਆਂ ਨਾਲ ਉੱਭਰੇ :

ਮੇਰੇ ਯਾਰ, ਮੈਂ ਤੇਰਾ ਲਾਹੌਰ ਤੈਥੋਂ ਕਦੇ ਵੀ ਦੂਰ ਨਹੀਂ ਹੋਇਆ
ਮੇਰੀਆਂ ਬਾਹਾਂ ਤੇਰੇ ਲਈ ਹਮੇਸ਼ਾ ਖੁੱਲ੍ਹੀਆਂ ਨੇ
ਤੈਨੂੰ ਪਤੈ, ਗੁਰੂ ਨਗਰੀ ਵਸਾਉਣ
ਮੇਰੀ ਹੀ ਗੋਦ 'ਚੋਂ ਉੱਠ
ਤੇਰਾ ਗੁਰੂ ਤੇ ਮੇਰਾ ਰਾਮਦਾਸ ਗਿਆ ਸੀ
ਪਵਿੱਤਰ ਹਰਿਮੰਦਰ ਦੀ ਤਾਮੀਰ ਵੇਲੇ ਉਸ ਪਹਿਲੀ ਇੱਟ
ਮੀਆਂ ਮੀਰ ਤੋਂ ਰਖਵਾਈ ਸੀ
ਰਾਮਦਾਸ ਮੇਰਾ, ਅਰਜਨ ਮੇਰਾ ਤੇ ਤੂੰ ਵੀ ਮੇਰਾ...

• • •

ਭਾਰੇ ਬੂਟਾਂ ਦੀ ਠੱਕ-ਠੱਕ ਤੇ ਬੇਮਤਲਬ ਲੰਮੀਆਂ-ਲੰਮੀਆਂ 'ਹੇ ਹੇ' ਦੀਆਂ ਹੇਕਾਂ ਅੱਕਲਕਾਂਦ ਪੈਦਾ ਕਰਦੀਆਂ ਹਨ। ਬੰਗਲੌਰ ਤੋਂ ਆਇਆ ਮੇਰੇ ਡਿਪਾਰਟਮੈਂਟ ਦਾ ਅਫ਼ਸਰ ਪੂਰੀ ਲਗਨ ਤੇ ਨਿਸ਼ਠਾ ਨਾਲ ਰੀਟਰੀਟ ਦੇ ਜਸ਼ਨਾਂ ਨੂੰ ਵੇਖਣ ਵਿਚ ਖੁਭਿਆ ਹੈ। ਉਹਦੇ ਲਈ ਇਹ ਇਕ ਅਜੂਬਾ ਹੈ। ਲੋਕਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਵੇਖਦਾ ਉਹ ਗਦਗਦ ਹੋ ਰਿਹਾ ਹੈ। 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਗੂੰਜ ਰਹੇ ਨੇ। ਓਧਰੋਂ 'ਜੀਵੇ-ਜੀਵੇ ਪਾਕਿਸਤਾਨ' ਦੀ ਆਵਾਜ਼ ਉੱਠ ਰਹੀ ਹੈ। ਮੈਂ ਫਿਰ ਆਪਣੇ ਕੈਮਰੇ ਨੂੰ ਸੂਤ ਕਰਕੇ ਸਾਹਮਣੇ 'ਬਾਬਾ-ਏ-ਕੌਮ' ਦੇ ਗੇਟ ਨਾਲ ਸੱਜੇ ਹੱਥ ਗੈਲਰੀ ਦੀ ਉਪਰੋਂ ਹੇਠਾਂ ਨੂੰ ਤੀਜੀ ਪੌੜੀ ਦੀ ਗੁੱਠ ਵਿਚ ਦੁਬਕ ਕੇ ਬੈਠੀ ਅਧਖੜ ਉਮਰ ਦੀ ਤ੍ਰੀਮਤ ਉਪਰ ਫੋਕਸ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਜਿਸ ਨੇ ਮੇਰੀ ਸੋਚ ਦਾ ਚੱਪਾ-ਚੱਪਾ ਮੱਲਿਆ ਹੋਇਆ ਹੈ, ਪਰ ਉੱਠ ਕੇ ਖਲੋਤੀਆਂ ਕੁਝ ਔਰਤਾਂ ਦੇ ਉਲਝੇਵੇਂ ਵਿਚੋਂ ਮੈਂ ਉਸ ਨੂੰ ਲੱਭ ਨਹੀਂ ਪਾਉਂਦਾ। ਕਲੋਜ਼ ਅੱਪ ਦਾ ਇਮੇਜ ਹਿੱਲਦਾ ਹੈ। ਸ਼ਾਇਦ ਮੇਰਾ ਹੱਥ ਕੰਬਦਾ ਹੈ ਕਿ ਮੈਨੂੰ ਤਸਵੀਰ ਟਿਕਾਉਣ ਵਿਚ ਸਫ਼ਲਤਾ ਨਹੀਂ ਮਿਲਦੀ। ਚਿਹਰਿਆਂ ਦਾ ਜਮਘਟਾ ਸਕਰੀਨ ਤੇ ਦਿਸਦਾ ਹੈ। ਮੈਂ ਕਾਹਲੀ ਨਾਲ ਏਧਰ-ਉਧਰ ਕੈਮਰਾ ਫੇਰਦਾ ਹਾਂ। ਮੇਰੇ ਬੁੱਲ੍ਹ ਫਰਕਦੇ ਨੇ, 'ਭੈਣ ਬਰਕਤੇ... ਤੂੰ ਕਿਥੇ?'

ਮੇਰੀ ਤਲਾਸ਼ ਦਾ ਕੋਈ ਸਿਰਾ ਨਹੀਂ ਹੈ। ਉਲਝਣਾਂ ਹਨ ਤੇ ਦੌੜ ਭੱਜ ਹੈ। ਮਾਰੂਥਲ ਦਾ ਅਮੁੱਕ ਸਫ਼ਰ ਹੈ। ਖਿੱਲਰੇ ਮਣਕਿਆਂ ਨੂੰ ਇਕੱਠਾ ਕਰਨ ਦਾ ਜਿਵੇਂ ਕੋਈ ਨਿਹਫਲ



ਉਪਰਾਲਾ ਹੈ। ਇਕ ਅਜੀਬ ਝੱਲ ਹੈ। ਮੈਂ ਤੇ ਹਰਮੀਤ ਕੈਸਰ ਦੀਆਂ ਦਿੱਤੀਆਂ ਸੌਗਾਤਾਂ ਦੇਣ ਕੱਬਰਵੱਛੇ ਗਏ ਸਾਂ। ਕੈਸਰ ਦੀ ਚਾਚੀ ਕਿਸ ਕਦਰ ਰੋਈ ਸੀ। ਉਹਨੇ ਸਾਡੇ ਸਿਰ ਪਲੋਸ ਕੇ ਆਪਣੀ ਚਿਰਾਂ ਤੋਂ ਤਪਦੀ ਹਿੱਕ ਠਾਰੀ ਸੀ। ਬੜਾ ਕਰੁਣਾਮਈ ਦ੍ਰਿਸ਼ ਸੀ। ਬੜੇ ਤਰਲ ਸੁਆਲ ਸਨ। ਗਰਾਂ ਬਾਰੇ, ਜਿਊਂਦੇ ਤੇ ਮੋਏ ਜੀਆਂ ਬਾਰੇ, ਉਮਰਾਂ ਬਾਰੇ ਤੇ ਰਿਸ਼ਤਿਆਂ ਬਾਰੇ। ਜੋਤਹੀਣ ਅੱਖਾਂ ਦੀਆਂ ਪੁਤਲੀਆਂ ਤੇਜ਼ੀ ਨਾਲ ਹਿੱਲਦੀਆਂ ਦ੍ਰਿਸ਼ ਸਿਰਜਣ ਵਿਚ ਮਸਰੂਫ਼ ਸਨ। ਭਾ ਗੁਰਦੇਵ ਤੇ ਸੁਖਦੇਵ ਦੇ ਵੀ ਚਾਅ ਨਹੀਂ ਸੀ ਠੱਲ੍ਹੇ ਜਾਂਦੇ। ਸਾਰੀ ਰਾਤ ਗੱਲਾਂ ਦਾ ਅਮੁੱਕ ਸਿਲਸਿਲਾ ਚੱਲਿਆ। ਚਿਰਾਂ ਤੋਂ ਆਪਣੇ ਆਪ ਵਿਚ ਸੁੰਗੜਿਆ ਇਹ ਪਰਿਵਾਰ ਜਿਵੇਂ ਰਾਤੋ-ਰਾਤ ਚਹੁੰ ਕੂਟਾਂ ਵਿਚ ਫੈਲ ਗਿਆ ਸੀ।

ਕਿੰਨੀ ਕਾਹਲੀ ਨਾਲ ਮੈਂ ਪੁਲਿਸ ਵਿਚੋਂ ਰੀਟਾਇਰ ਹੋਏ ਗੁਰਦੇਵ ਤੇ ਸਕੂਲ ਮਾਸਟਰ ਦੇ ਅਹੁਦੇ ਤੋਂ ਮੁਕਤ ਹੋਏ ਸੁਖਦੇਵ ਦੇ ਪਾਸਪੋਰਟ ਬਣਵਾਏ। ਕੈਸਰ ਬਾਰ-ਬਾਰ ਫ਼ੋਨ ਕਰਦਾ ਸੀ, 'ਮੇਰੀ ਪਾਕਿਸਤਾਨ ਐਂਬੈਸੀ ਦੇ ਵੀਜ਼ਾ ਅਫ਼ਸਰ ਨਾਲ ਗੱਲ ਹੋ ਗਈ ਆ। ਥੋੜ੍ਹੇ ਚਿਰ ਤੱਕ ਉਹਦੀ ਬਦਲੀ ਹੋ ਜਾਣੀ ਆ। ਤੂੰ ਜਿੰਨੀ ਛੇਤੀ ਹੁੰਦੀ ਆ, ਜਾ ਕੇ ਵੀਜ਼ੇ ਲੁਆ ਲੈ। ਮੈਂ ਕਈ ਪ੍ਰੋਗਰਾਮ ਉਲੀਕ ਲਏ ਨੇ। ਤੁਸੀਂ ਚਲੇ ਆਓ, ਛੇਤੀ ਤੋਂ ਪਹਿਲਾਂ।'

ਪਾਸਪੋਰਟ ਮਿਲੇ ਤਾਂ ਮੈਂ ਦਿੱਲੀ ਦੌੜਿਆ। ਐਂਬੈਸੀ ਦੇ ਬਾਹਰ ਆਪਣੀ ਸ਼ਨਾਖ਼ਤ ਦੱਸੀ। ਗੇਟ ਰਿਸੈਪਸ਼ਨ ਤੋਂ ਅੰਦਰ ਗੱਲ ਹੋਈ। ਪਾਸਪੋਰਟ ਅਫ਼ਸਰ ਨੇ ਮੈਨੂੰ ਅੰਦਰ ਬੁਲਾਇਆ। ਕਾਫ਼ੀ ਦੇਰ ਉਹ ਮੇਰੇ ਨਾਲ ਦੋਹਾਂ ਦੇਸ਼ਾਂ ਦੇ ਸੰਬੰਧਾਂ ਬਾਰੇ ਗੱਲਾਂ ਕਰਦਾ ਰਿਹਾ। ਤਿੰਨਾਂ ਪਾਸਪੋਰਟਾਂ 'ਤੇ ਵੀਜ਼ੇ ਦੀਆਂ ਮੋਹਰਾਂ ਲਵਾ ਉਹਨੇ ਦਸਤਖ਼ਤ ਕੀਤੇ ਤੇ ਬੜੀ ਅਪਣੱਤ ਨਾਲ ਮੈਨੂੰ ਤੋਰਿਆ। ਜਿਸ ਵੇਲੇ ਮੈਂ ਗੁਰਦੇਵ ਤੇ ਸੁਖਦੇਵ ਨੂੰ ਵੀਜ਼ਿਆਂ ਬਾਰੇ ਦੱਸਿਆ, ਉਹ ਖ਼ੁਸ਼ੀ ਵਿਚ ਉੱਛਲ ਹੀ ਪਏ। ਉਸ ਵੇਲੇ ਤੋਂ ਤਿਆਰੀਆਂ ਵਿਚ ਜੁਟ ਗਏ। ਖਰੀਦਦਾਰੀ ਕਰਨ ਨਿਕਲ ਤੁਰੇ। ਵੰਨ-ਸੁਵੰਨੇ ਤੋਹਫ਼ਿਆਂ ਦੀ ਪੰਡ ਬੰਨ੍ਹ ਲਈ। ਫਿਰ ਨਿਸ਼ਚਿਤ ਦਿਨ ਉਹ ਪੰਡ ਚੁੱਕ ਮੇਰੇ ਕੋਲ ਅੰਬਰਸਰ ਆ ਗਏ। ਅਗਲੇ ਦਿਨ ਅਸਾਂ ਅਗਲੇ ਸਫ਼ਰ ਲਈ ਚਾਲੇ ਪਾ ਦਿੱਤੇ। ਅਟਾਰੀ ਜਾ ਕੇ ਇਮੀਗਰੇਸ਼ਨ ਕਸਟਮ ਕਰਵਾਈ ਤੇ ਸਰਹੱਦ ਪਾਰ ਕੀਤੀ। ਫਿਰ ਅਗਲੇ ਬੰਨੇ ਉਹੀ ਕਾਰਵਾਈ ਦੁਹਰਾਈ ਗਈ। ਉਥੇ ਗੇਟ ਦੇ ਐਨ ਕੋਲ ਕੈਸਰ ਆਇਆ ਖਲੋਤਾ ਸੀ। ਆਪਣੇ ਸਿੱਖ ਭਰਾਵਾਂ ਨੂੰ ਵੇਖ ਕੇ ਉਹਨੂੰ ਚਾਅ ਚੜ੍ਹ ਗਿਆ। ਜ਼ਿੰਦਗੀ 'ਚ ਪਹਿਲੀ ਵਾਰ ਮਿਲੇ ਭਰਾਵਾਂ ਦਾ ਇਹ ਮਿਲਣਾ ਕਿਸੇ ਅਲੌਕਿਕ ਨਜ਼ਾਰੇ ਤੋਂ ਘੱਟ ਨਹੀਂ ਸੀ।

ਸ਼ਾਮੀਂ ਦਫ਼ਤੂਹ ਪਿੰਡ ਵਿਚਲਾ ਨਜ਼ਾਰਾ ਉਸ ਤੋਂ ਵੀ ਨਿਵੇਕਲਾ ਸੀ। ਸਾਰਾ ਪਿੰਡ ਸਾਡੇ ਸੁਆਗਤ ਲਈ ਪੱਬਾਂ ਭਾਰ ਸੀ। ਉਮਰ ਦੇ ਅੱਠਵੇਂ ਦਹਾਕੇ ਨੂੰ ਢੁੱਕੀ ਭੂਆ ਰਹਿਮਤੇ ਦੱਸ ਰਹੀ ਸੀ, 'ਮੇਰੇ ਭਰਾਵਾਂ ਦੇ ਨਾਲੋ-ਨਾਲ ਤਿੰਨ ਘਰ ਸਨ। ਪਹਿਲਾ ਵੱਡੇ ਮਿਹਰੇ ਦਾ, ਫਿਰ ਦਿੱਤੂ ਦਾ ਤੇ ਅਗਲਾ ਲਸ਼ਕਰ ਦਾ। ਲਸ਼ਕਰ ਸਾਡੇ ਚਾਚੇ ਦਾ ਪੁੱਤ ਸੀ। ਉਹ ਪਿੰਡ ਦਾ ਸੇਪੀ ਸੀ। ਵੱਡਾ ਵਾਹੀ ਕਰਦਾ ਸੀ। ਚਾਚੇ ਦੀ ਧੀ ਸਲਾਮਤੇ ਤੇ ਮੇਰਾ ਜਨਮ ਇਕੋ ਦਿਨ ਦਾ ਸੀ। ਕੱਬਰਵੱਛੇ ਦੇ ਪਿਛਵਾੜੇ ਟਿੱਬੇ ਸਨ। ਅਸੀਂ ਸਾਰਾ ਦਿਨ ਟਿੱਬਿਆਂ ਤੇ ਖੇਡਦੀਆਂ। ਪਿਓ ਸਾਡੇ ਦੀ ਵੀ ਵੱਖਰੀ ਬਾਤ ਸੀ। ਉਹ ਅੰਮੀ ਦਾ ਮੁਕਲਾਵਾ ਲਿਆਉਣ ਤੋਂ ਪਹਿਲਾਂ ਚੀਨ ਵੱਲ ਲਾਮ ਤੇ ਚਲਾ ਗਿਆ ਸੀ। ਅੰਮੀ ਆਪਣੇ ਪੇਕੇ ਬੈਠੀ ਉਸਦੀ ਉਡੀਕ ਕਰਦੀ ਰਹੀ, ਕਈ ਸਾਲ। ਪੰਦਰਾਂ ਵੀਹਾਂ ਸਾਲਾਂ ਬਾਅਦ ਕਿਧਰੇ ਮੁੜਿਆ ਤਾਂ ਸਹੁਰੇ ਘਰ ਆਇਆ। ਕਿਸੇ

ਪਛਾਤਾ ਈ ਨਾ। ਸਾਡੀ ਅੰਮੀ ਨੇ ਵੀ ਨਾ। ਉਹਦਾ ਹੁਲੀਆ ਈ ਬਦਲ ਗਿਆ ਸੀ। ਉਹਨੇ ਕਈ ਨਿਸ਼ਾਨੀਆਂ ਦੱਸੀਆਂ। ਪਿੰਡਾਂ ਦੀਆਂ, ਰਿਸ਼ਤੇਦਾਰੀਆਂ ਦੀਆਂ, ਆਪਣੇ ਵਿਆਹ ਦੀਆਂ। ਤਾਂ ਜਾ ਕੇ ਘਰਦਿਆਂ ਨੂੰ ਯਕੀਨ ਬੱਝਾ ਕਿ ਇਹ ਉਹੀ ਬੰਦਾ ਏ। ਫਿਰ ਉਨ੍ਹਾਂ ਆਖਿਆ ਕਿ ਜਾਹ ਕਿਸੇ ਸਕੇ ਸੋਦਰੇ ਨੂੰ ਲੈ ਕੇ ਆ। ਪਿੰਡ ਆ ਕੇ ਭਰਾ ਨੂੰ ਨਾਲ ਲਿਆ। ਪੰਚਾਇਤ ਖੜ੍ਹੀ। ਫੇਰ ਮੇਰੇ ਨਾਨਕਿਆਂ ਅੰਮੀ ਨੂੰ ਤੋਰਿਆ। ਸਾਨੂੰ ਤਿੰਨ ਭੈਣਾਂ-ਭਰਾਵਾਂ ਨੂੰ ਦੁਨੀਆਂ ਵਿਖਾ ਕੇ ਉਹ ਛੇਤੀ ਹੀ ਅੱਖਾਂ ਮੀਟ ਗਿਆ...।' ਬੋਲਦਿਆਂ ਉਹਨੂੰ ਸਾਹ ਚੜ੍ਹ ਗਿਆ ਸੀ।

ਯਾਦਾਂ ਦੇ ਜਮਘਟੇ ਵਿਚ ਗੁਆਚੀ ਭੂਆ ਨੇ ਕਿਸੇ ਵਿਸਮਾਦ ਵਿਚ ਦੱਸਿਆ, 'ਮੇਰੇ ਵੀਰ ਦਿੱਤੂ ਦਾ ਓਦੋਂ ਛੇ ਮਹੀਨੇ ਦਾ ਕਾਕਾ ਸੀ, ਜਿਸਦਾ ਨਾਂ ਅਸੀਂ ਕੁੱਕੂ ਰੱਖਿਆ ਸੀ।'

'ਮੈਂ ਈ ਆਂ ਕੁੱਕੂ।' ਭਾ ਗੁਰਦੇਵ ਨੇ ਕਿਹਾ ਤਾਂ ਭੂਆ ਦੀਆਂ ਕੰਬਦੀਆਂ ਬਾਹਾਂ ਨੇ ਉਸ ਨੂੰ ਫਿਰ ਗਲ ਨਾਲ ਲਾਇਆ, 'ਮੇਰੀ ਅੰਮਾਂ ਜਾਏ ਦੀ ਤੂੰ ਔਲਾਦ ਏਂ, ਮੇਰਾ ਲਹੂ...।ਆ ਮੈਨੂੰ ਠੰਢ ਪਾ ਦੇ। ਤੈਨੂੰ ਤਾਂ ਮੈਂ ਨਿੱਕੇ ਜਿਹੇ ਨੂੰ ਖਿਡਾਉਂਦੀ ਰਹੀ ਆਂ।'

ਭੂਆ ਦੀਆਂ ਬਜ਼ੁਰਗ ਅੱਖਾਂ ਨੇ ਹੰਝੂਆਂ ਦੀ ਝੜੀ ਲਾਈ ਹੋਈ ਸੀ। ਹਰ ਕੋਈ ਕਿਸੇ ਉਤਸ਼ਾਹ ਵਿਚ ਨੇੜੇ-ਨੇੜੇ ਢੁਕ ਰਿਹਾ ਸੀ। ਭਾਂਤ-ਭਾਂਤ ਦੇ ਸੁਆਲ ਹੋ ਰਹੇ ਸਨ।

ਏਨੇ ਨੂੰ ਪੰਜਾਹਾਂ ਨੂੰ ਢੁੱਕੀ ਇਕ ਬੀਬੀ ਆਉਂਦਿਆਂ ਹੀ ਸਾਡੇ ਨਾਲ ਲਿਪਟ ਗਈ। ਕਿਸੇ ਇਲਾਹੀ ਚਾਅ ਵਿਚ ਅੱਥਰੂ ਕੇਰਦੀ, 'ਮੇਰੇ ਵੀਰ ਆਏ ਨੇ, ਮੇਰੇ ਵੀਰ ਆਏ ਨੇ' ਕੂਕਦੀ।

'ਇਹ ਸਾਡੀ ਭੈਣ ਬਰਕਤੇ ਆ। ਚਾਚੇ ਲਸ਼ਕਰ ਦੀ ਧੀ। ਚਾਚੇ ਲਸ਼ਕਰ ਦਾ ਟੱਬਰ ਪੱਤੋ ਕੀ ਰਹਿੰਦਾ ਆ। ਇਹ ਭੈਣ ਕਾਹਨੇ ਵਿਆਹੀ ਆ। ਖਾਵੰਦ ਇਹਦਾ ਸਿਆਲਕੋਟ ਨੌਕਰੀ ਕਰਦਾ।' ਕੈਸਰ ਇਕੋ ਸਾਹੇ ਦੱਸ ਗਿਆ। ਜਿਵੇਂ ਗੱਲਾਂ ਬਹੁਤੀਆਂ ਤੇ ਸਮਾਂ ਘੱਟ ਹੋਵੇ। ਪਛਾਣ ਬੇਸ਼ੱਕ ਕਿਸੇ ਨੂੰ ਕਿਸੇ ਦੀ ਨਹੀਂ ਸੀ ਪਰ ਸਾਂਝਾਂ ਦੀ ਕੋਈ ਕੜੀ ਸਭਨਾਂ ਨੂੰ ਇਕ ਸੂਤਰ ਵਿਚ ਪਰੋ ਰਹੀ ਸੀ। ਭੈਣ ਬਰਕਤੇ ਰੰਗ-ਬਰੰਗੇ ਧਾਗਿਆਂ ਦੀਆਂ ਡੋਰੀਆਂ ਵੱਟ ਕੇ ਲਿਆਈ ਸੀ। ਉਹਨੇ ਵਾਰੋ-ਵਾਰੀ ਸਾਡੀਆਂ ਕਲਾਈਆਂ 'ਤੇ ਬੰਨ੍ਹ ਕੇ ਮੁਹੱਬਤ ਦੇ ਰਿਸ਼ਤੇ ਨੂੰ ਇਕ ਖ਼ੂਬਸੂਰਤ ਮੋੜ ਦੇ ਦਿੱਤਾ। ਉਹ ਤਰਲੇ ਲੈਂਦੀ ਕਹਿ ਰਹੀ ਸੀ, 'ਮੇਰੇ ਵੀਰ ਹੁਣ ਮਿਲਦੇ ਰਿਹੋ। ਆਪਣੀ ਭੈਣ ਨੂੰ ਨਾ ਭੁੱਲਿਓ। ਅਸੀਂ ਤੁਹਾਨੂੰ ਜਾਣ ਨਹੀਂ ਦੇਣਾ।' ਉਹ ਵਾਰ-ਵਾਰ ਮੇਰਾ ਸ਼ੁਕਰੀਆ ਅਦਾ ਕਰ ਰਹੀ ਸੀ ਕਿ ਮੈਂ ਉਨ੍ਹਾਂ ਦੇ ਟੱਬਰ ਦੀਆਂ ਟੁੱਟੀਆਂ ਤੰਦਾਂ ਨੂੰ ਮੁੜ ਜੋੜਨ ਵਿਚ ਥੋੜ੍ਹੀ ਬਹੁਤ ਭੂਮਿਕਾ ਨਿਭਾਈ ਸੀ। ਸਾਡੇ ਵੱਲ ਵਾਰੋ-ਵਾਰੀ ਤੱਕਦੀ ਭੈਣ ਬਰਕਤੇ ਕਦੇ ਖ਼ੁਸ਼ੀ ਵਿਚ ਹੱਸਣ ਲੱਗਦੀ, ਕਦੇ ਡੂੰਘੀ ਉਦਾਸੀ ਵਿਚ ਲਹਿ ਜਾਂਦੀ ਤੇ ਟੱਪ-ਟੱਪ ਅੱਥਰੂ ਕੇਰਨ ਲੱਗਦੀ। ਮੈਂ ਵੇਖਿਆ ਉਹਦੇ ਨੈਣ-ਨਕਸ਼ ਹੂਬਹੂ ਮੇਰੀ ਵੱਡੀ ਭੈਣ ਕੁਲਵੰਤ ਵਰਗੇ ਸਨ। ਉਹੀ ਕਣਕਵੰਨਾ ਰੰਗ, ਕੰਨਾਂ ਲਾਗੋਂ ਖਿਚੜੀ ਹੋਏ ਵਾਲ, ਉਹ ਜਿਹੀ ਮੋਹ ਵਿਚ ਗੜੁੱਚ ਮਿੱਠੀ ਆਵਾਜ਼ ਵਿਚ 'ਵੀਰ ਵੀਰ' ਕਹਿਣਾ। ਇਹ ਚਿਹਰਾ ਤੇ ਆਵਾਜ਼ ਤਾਂ ਮੁੱਦਤਾਂ ਤੋਂ ਮੇਰੇ ਅੰਗ ਸੀ। ਉਹਦੇ ਕਾਹਨੇ ਵਾਲੇ ਘਰ ਗੁਜ਼ਾਰੀ ਇਕ ਰਾਤ ਵੀ ਜ਼ਿੰਦਗੀ ਦਾ ਹਾਸਲ ਹੋ ਗਈ। ਉਹ ਕਮਲੀ ਹੋਈ ਪਈ ਸੀ। ਮੈਂ ਵੇਖ ਰਿਹਾ ਸਾਂ, ਭੈਣ ਕੁਲਵੰਤ ਵਾਂਗ ਉਹਦੇ ਵੀ ਪੈਰ ਜ਼ਮੀਨ ਨਾਲ ਨਹੀਂ ਸਨ ਲੱਗੇ ਰਹੇ। ਅੰਦਰ ਬਾਹਰ ਉੱਡਦੀ ਫਿਰਦੀ ਸੀ ਝੱਲੀ ਹੋਈ।



ਹਫ਼ਤਾ ਭਰ ਸਾਡਾ ਇੰਜ ਹੀ ਮੇਲ ਮਿਲਾਪ ਵਿਚ ਗੁਜ਼ਰ ਗਿਆ। ਅਨੇਕਾਂ ਗੱਲਾਂ ਦੇ ਪ੍ਰਵਾਹ ਚੱਲੇ। ਕਿੰਨੇ ਹੀ ਆਪਣੇ ਸਨ। ਉਹ ਆਪਣੇ, ਜੋ ਬਹੁਤ ਕਰੀਬ ਹੋ ਕੇ ਮਿਲੇ, ਪਰ ਕੁਝ ਦਿਨਾਂ ਬਾਅਦ ਫਿਰ ਬਹੁਤ ਦੂਰ ਚਲੇ ਜਾਣਾ ਸੀ।

ਉਸ ਮੋਹ ਰੱਤੇ ਦਾਇਰੇ 'ਚੋਂ ਨਿਕਲਣ ਦਾ ਮਨ ਤਾਂ ਨਹੀਂ ਸੀ, ਪਰ ਮੁੜਨਾ ਤਾਂ ਹੈ ਹੀ ਸੀ ਆਖ਼ਰ। ਕੈਸਰ ਦਾ ਛੋਟਾ ਭਰਾ ਜ਼ੁਬੈਰ ਕਾਰ ਵਿਚ ਸਾਮਾਨ ਰੱਖ ਰਿਹਾ ਸੀ। ਗੇਟ ਦੇ ਬਾਹਰ ਵਿਦਾ ਕਰਨ ਵਾਲਿਆਂ ਦੀ ਭੀੜ ਸੀ। ਸਾਰਿਆਂ ਦੇ ਚਿਹਰਿਆਂ ਦੀ ਉਦਾਸੀ ਪੜ੍ਹੀ ਜਾ ਸਕਦੀ ਸੀ। ਅਸੀਂ ਵਾਰੋ-ਵਾਰੀ ਸਭ ਨੂੰ ਮਿਲੇ। ਬਰਕਤੇ ਦੀਆਂ ਅੱਖਾਂ ਦੇ ਹੰਝੂ ਮੈਨੂੰ ਉਦਾਸ ਕਰ ਗਏ। ਮੈਂ ਦੇਰ ਤੱਕ ਉਹਦੇ ਵੱਲ ਤੱਕਦਾ ਰਿਹਾ। ਮੇਰੇ ਅੰਦਰ ਉਛਾਲ ਜਿਹਾ ਉੱਠਿਆ ਤੇ ਕਾਰ 'ਚੋਂ ਉਤਰ ਮੈਂ ਫਿਰ ਉਹਨੂੰ ਮਿਲਿਆ। ਅਖ਼ੀਰ ਅਸੀਂ ਰਵਾਨਗੀ ਵਾਲੇ ਰਾਹਾਂ 'ਤੇ ਸਾਂ। ਫਿਰ ਓਹੀ ਕਸਬ, ਪੁੱਛਾਂ ਤੇ ਜਵਾਬ। ਬੈਗਾਂ ਦੀ ਫੋਲਾ-ਫਾਲੀ ਤੇ ਕਾਗ਼ਜ਼ੀ ਕਾਰਵਾਈਆਂ। ਵਾਹਗੇ ਅਟਾਰੀ ਨੂੰ ਜੋੜਦੀ ਜੀ. ਟੀ. ਰੋਡ ਉੱਤੇ ਸੈਂਕੜੇ ਟਰੱਕ ਖਲੋਤੇ ਸਨ। ਸਾਮਾਨ ਨਾਲ ਲੱਦੇ। ਸਾਮਾਨ ਦੀ ਢੋਆ-ਢੁਆਈ ਲਈ ਜੁਟੇ ਦੋਹਾਂ ਪਾਸਿਆਂ ਦੇ ਅਨੇਕਾਂ ਕੁਲੀ ਆਪਣੀ ਵਾਰੀ ਦੀ ਉਡੀਕ ਵਿਚ ਖਲੋਤੇ ਸਨ। ਕਈ ਲਾਈਨਾਂ ਬਣਾ-ਬਣਾ ਚੱਲ ਰਹੇ ਸਨ। ਸਿਰਾਂ 'ਤੇ ਗੰਢੜੀਆਂ ਚੁੱਕੀ। ਉਹ ਗੰਢੜੀਆਂ ਲਿਆ ਕੇ ਨੋ ਮੈਨਜ਼ ਲੈਂਡ ਦੇ ਕੋਲ ਲਿਆ ਰੱਖਦੇ। ਫਿਰ ਦੂਜੇ ਪਾਸੇ ਦਾ ਕੁੱਲੀ ਉਹੀ ਗੰਢੜੀ ਨੂੰ ਚੁੱਕਦਾ ਤੇ ਅਗਾਂਹ ਲੱਗੇ ਢੇਰ 'ਤੇ ਜਾ ਰੱਖਦਾ। ਮੈਂ ਕਿੰਨਾ ਹੀ ਚਿਰ ਇਸ ਨਜ਼ਾਰੇ ਨੂੰ ਤੱਕਦਾ ਰਿਹਾ। ਮੈਨੂੰ ਇਹ ਸਾਰਾ ਕੁਝ ਬਹੁਤ ਚੰਗਾ ਲੱਗ ਰਿਹਾ ਸੀ। ਅਨੇਕਾਂ ਯਾਦਾਂ ਦਾ ਭੰਡਾਰ ਲੈ ਕੇ ਅਸੀਂ ਸਰਹੱਦ ਪਾਰ ਕਰ ਆਏ।

• • •

ਬਿਗਲ ਦੀ ਬੇਸੁਰੀ ਜਿਹੀ ਆਵਾਜ਼ ਮੇਰੇ ਕੰਨਾਂ ਵਿਚ ਗੂੰਜਦੀ ਹੈ। ਝੰਡੇ ਉਤਾਰਨ ਦੀ ਰਸਮ ਹੋ ਰਹੀ ਹੈ। ਖਿਝ ਭਰੇ ਜੋਸ਼ ਵਿਚ ਜਵਾਨ ਗੇਟ ਬੰਦ ਕਰ ਰਹੇ ਨੇ। ਬੱਤੀਆਂ ਜਗਾ ਦਿੱਤੀਆਂ ਗਈਆਂ ਨੇ। ਕੈਮਰੇ ਦੇ ਸਕਰੀਨ ਉਪਰ ਹੁਣ ਕੋਈ ਦ੍ਰਿਸ਼ ਸਾਬਤ ਨਹੀਂ ਹੈ। ਸਾਹਮਣੀ ਗੈਲਰੀ ਖ਼ਾਲੀ ਹੋ ਰਹੀ ਹੈ। ਰੰਗ-ਬਰੰਗੇ ਦੁਪੱਟਿਆਂ ਦੇ ਝਓਲੇ ਮਾਤਰ ਹੀ ਹਨ। ਓਧਰ ਵੀ ਤੇ ਏਧਰ ਵੀ। ਭੈਣ ਬਰਕਤੇ ਕਿਧਰੇ ਨਹੀਂ ਨਜ਼ਰ ਆਉਂਦੀ। ਮੈਂ ਮਸੋਸੇ ਮਨ ਨਾਲ ਕੈਮਰਾ ਕਵਰ ਵਿਚ ਪਾਉਂਦਾ ਹਾਂ ਤੇ ਨਾਲ ਆਏ ਸਾਥੀ ਦਾ ਹੱਥ ਫੜ ਕੇ ਭੀੜ 'ਚੋਂ ਰਾਹ ਬਣਾਉਂਦਾ ਬਾਹਰ ਨਿਕਲਣ ਲੱਗਦਾ ਹਾਂ।

# ਹਵੇਲੀ

**ਜਿੰਦਰ**

"ਚਾਹ ਪੀਣੀ ਏਂ ?" ਮੈਨੂੰ ਭੁਚੱਕਾ ਜਿਹਾ ਪਿਆ ਜਿਵੇਂ ਕੰਧ ਨਾਲ ਢੋਅ ਲਾਈ ਬੈਠੇ ਬੁੱਢੇ ਨੇ ਮੈਨੂੰ ਕਿਹਾ ਹੋਵੇ। ਮੈਂ ਉਹਦੀ ਗੱਲ ਵੱਲ ਧਿਆਨ ਹੀ ਨਾ ਦਿੱਤਾ। ਇਹੀ ਸਮਝਿਆ ਕਿ ਕੋਈ ਮੰਗਤਾ ਹੋਵੇਗਾ ਤੇ ਮੈਥੋਂ ਚਾਹ ਦੇ ਕੱਪ ਦੇ ਪੈਸੇ ਮੰਗੇਗਾ। ਹੁਣੇ-ਹੁਣੇ ਪੰਜ-ਸੱਤ ਮਿਲੇ ਸਨ। ਲਾਹੌਰ ਤੇ ਜਲੰਧਰ 'ਚ ਕੋਈ ਖ਼ਾਸ ਫ਼ਰਕ ਨਹੀਂ ਹੈ। ਦਿਨ 'ਚ ਅਜਿਹੇ ਕਈ ਬੰਦੇ ਮਿਲ ਜਾਂਦੇ ਹਨ। ਜਲੰਧਰ 'ਚ ਤਾਂ ਕੋਈ ਅੰਤ ਹੀ ਨਹੀਂ। ਮੈਂ ਸਵੇਰ ਨੂੰ ਸੈਰ ਲਈ ਜਾਂਦਾ ਤਾਂ ਇਕ ਬੰਦਾ ਅਕਸਰ ਮੈਥੋਂ ਪੁੱਛਦਾ, "ਇਕ ਰੁਪਈਆ ਹੈਗਾ?" ਮੈਂ ਪੰਜਵੇਂ-ਸੱਤਵੇਂ ਦਿਨ ਉਹਨੂੰ ਦਸਾਂ ਦਾ ਨੋਟ ਦੇ ਦਿੰਦਾ। ਉਹ ਠੇਕੇ ਵੱਲ ਕਾਹਲੀ-ਕਾਹਲੀ ਤੁਰ ਪੈਂਦਾ। ਜੇ ਮੈਂ ਨਾਂਹ ਕਰ ਦਿੰਦਾ ਤਾਂ ਉਹ ਕਿਸੇ ਹੋਰ ਦੀ ਭਾਲ ਕਰਨ ਲੱਗਦਾ। ਬੋਲਦਾ ਐਨਾ ਕੁ ਹੀ, "ਇਕ ਰੁਪਈਆ ਹੈਗਾ?" ਐਦਾਂ ਹੀ ਰਵੀਦਾਸ ਚੌਕ ਕੋਲ ਇਕ ਮੰਗਤਾ ਮਿਲਦਾ। ਉਹਨੇ ਖੱਬੇ ਹੱਥ ਦੀ ਕੂਹਣੀ ਨਾਲ ਪੈਂਟ ਸੰਭਾਲੀ ਹੁੰਦੀ ਤੇ ਮੂੰਹ 'ਚ ਹੀ ਬੁੜਬੁੜ ਕਰਦਾ ਕੋਲ ਆ ਕੇ ਇਕ ਉਂਗਲ ਖੜ੍ਹੀ ਕਰਦਾ ਜਿਸ ਦਾ ਮਤਲਬ ਇਕ ਰੁਪਈਆ ਹੁੰਦਾ। ਜਦੋਂ ਪੰਦਰ੍ਹਾਂ-ਵੀਹ ਇਕੱਠੇ ਹੋ ਜਾਂਦੇ ਤਾਂ ਉਹ ਵੀ ਸ਼ਰਾਬ ਦਾ ਪਊਆ ਹੀ ਖਰੀਦ ਲੈਂਦਾ।

"ਲਾਲਾ, ਚਾਹ ਪਿਲਾਵਾਂ ?" ਮੈਂ ਦਸ ਕੁ ਫੁੱਟ ਅਗਾਂਹ ਤੁਰਿਆ ਹੀ ਸੀ ਕਿ ਉਹ ਪਹਿਲਾਂ ਨਾਲੋਂ ਜ਼ਿਆਦਾ ਉੱਚੀ ਆਵਾਜ਼ 'ਚ ਬੋਲਿਆ। ਉਹ ਤਾਂ ਮੈਨੂੰ ਚਾਹ ਦੀ ਸੁਲਾਹ ਮਾਰ ਰਿਹਾ ਸੀ। ਮੈਂ ਆਪ ਚਾਹ ਦੀ ਭਾਲ 'ਚ ਹੀ ਨਿਕਲਿਆ ਸੀ। ਰਾਤੀਂ ਮੈਂ ਬੈਰੇ ਨੂੰ ਸਵੇਰ ਦੀ ਚਾਹ ਬਾਰੇ ਪੁੱਛਿਆ ਤਾਂ ਉਸ ਦੱਸਿਆ ਸੀ ਕਿ ਉਨ੍ਹਾਂ ਦੀ ਕਿਚਨ ਸਾਢੇ ਸੱਤ ਵਜੇ ਖੁੱਲ੍ਹਦੀ ਹੈ। ਮੈਂ ਤਾਂ ਇਹ ਆਦਤ ਪਾ ਰੱਖੀ ਹੈ ਕਿ ਪੰਜ ਕੁ ਵਜੇ ਉੱਠ ਕੇ ਦੋ ਮੀਲ ਦੀ ਸੈਰ ਕਰਨੀ ਹੈ। ਮੂੰਹ 'ਚ ਨਿੰਮ ਦੀ ਦਾਤੁਣ ਹੁੰਦੀ ਹੈ। ਜਿੱਥੇ ਜੀਅ ਕੀਤਾ ਹੈ-ਥੂਅ ਹੈ—ਥੂਅ ਕਰਦਾ ਹਾਂ। ਖੁੱਲ੍ਹਾਂ ਹੀ ਖੁੱਲ੍ਹਾਂ। ਇਨ੍ਹਾਂ 'ਤੇ ਬੰਦਿਸ਼ ਉਦੋਂ ਹੀ ਲੱਗਦੀ ਹੈ ਜਦੋਂ ਮੈਂ ਇੰਗਲੈਂਡ, ਅਮਰੀਕਾ, ਆਸਟ੍ਰੇਲੀਆ ਜਾਂ ਕੈਨੇਡਾ ਗਿਆ ਹੋਵਾਂ। ਸੈਰ ਤੋਂ ਵਾਪਸੀ 'ਤੇ ਆ ਕੇ ਪਾਣੀ ਦਾ ਗਿਲਾਸ ਪੀ ਕੇ ਚਾਹ ਦੀ ਤਲਬ ਉੱਠਦੀ ਹੈ। ਅੱਜ ਵੀ ਇਸੇ ਤਲਬ 'ਚ ਮੈਂ ਸਰ ਗੰਗਾ ਰਾਮ ਹਸਪਤਾਲ ਵੱਲ ਨਿਕਲ ਆਇਆ ਸੀ।

ਲਾਹੌਰ 'ਚ ਇਹ ਮੇਰੀ ਪਹਿਲੀ ਸਵੇਰ ਸੀ।

"ਬਾਬੇਓ, ਤੁਸੀਂ ਚਾਹ ਪੀਣੀ ਆ ? ਇੱਥੋਂ ਚਾਹ ਕਿੱਥੋਂ ਮਿਲੂਗੀ ? ਤੁਹਾਨੂੰ ਕਿੰਨੇ ਪੈਸੇ ਦਵਾਂ ?"



ਮੈਂ ਇਕੋ ਵਾਰ 'ਚ ਤਿੰਨ ਸੁਆਲ ਪੁੱਛ ਲਏ।

"ਮੈਂ ਚਾਹ ਆਪ ਵੀ ਪੀਣੀ ਏਂ....ਤੈਨੂੰ ਵੀ ਪਿਲਾਉਣੀ ਏਂ....।" ਉਸ ਨੇ ਦੋਹਾਂ ਗੋਢਿਆਂ 'ਤੇ ਹੱਥ ਰੱਖ ਕੇ ਉੱਠ ਕੇ ਖੜ੍ਹਦਿਆਂ ਹੋਇਆਂ ਕਿਹਾ।

"ਮੈਨੂੰ ?"

"ਹਾਂ, ਤੈਨੂੰ। ਕੀ ਮੈਂ ਤੈਨੂੰ ਚਾਹ ਨ੍ਹੀਂ ਪਿਲਾ ਸਕਦਾ ? ਤੂੰ ਆਪਣੇ ਆਪ ਨੂੰ ਕੈਅ ਸ਼ੈਅ ਸਮਝਦਾਂ ? ਮੈਂ ਤਾਂ ਤੇਰੇ ਵਰਗੇ ਹਜ਼ਾਰਾਂ ਨੂੰ ਚਾਹ ਪਿਲਾ ਦਵਾਂ। ਤੂੰ ਮੈਨੂੰ ਕੰਗਾਲ ਸਮਝਣਾਂ ?"

ਮੇਰੇ ਲਈ ਇਹ ਹੈਰਾਨੀ ਵਾਲੀ ਗੱਲ ਸੀ ਕਿ ਉਹ ਮੈਨੂੰ ਚਾਹ ਦੀ ਸੁਲਾਹ ਮਾਰ ਰਿਹਾ ਸੀ। ਨਾ ਜਾਣ, ਨਾ ਪਹਿਚਾਣ। ਫੇਰ ਉਹ ਮੈਨੂੰ ਕਿਉਂ ਚਾਹ ਪਿਲਾਏਗਾ। ਉਹ ਵੀ ਲਾਹੌਰ 'ਚ। ਬੇਗਾਨੇ ਦੇਸ਼ 'ਚ। ਉਪਰੋਂ ਐਨੀ ਰੁਖੀ ਆਵਾਜ਼।

"ਤੂੰ ਹਿੰਦੋਸਤਾਨੋਂ ਆਇਆਂ ?"

ਮੈਂ ਪਿਛਲੀਆਂ ਗੁੰਝਲਾਂ ਸਮਝਦਾ, ਇਸ ਤੋਂ ਪਹਿਲਾਂ ਹੀ ਉਸ ਇਕ ਹੋਰ ਗੁੰਝਲ ਮੇਰੇ ਸਾਹਮਣੇ ਲਿਆ ਖੜ੍ਹਾਈ। ਉਹਨੂੰ ਇਹ ਕਿਵੇਂ ਪਤਾ ਲੱਗ ਗਿਆ ਕਿ ਮੈਂ ਭਾਰਤ 'ਚੋਂ ਆਇਆਂ।

"ਜੀ, ਜੀ, ਮੈਂ ਹਿੰਦੋਸਤਾਨੋਂ ਆਇਆਂ। ਪਰ ਤੁਸੀਂ ਕਿੱਦਾਂ ਪਛਾਣ ਲਿਆ ?" ਦਰਅਸਲ ਮੈਂ ਘਬਰਾ ਜਿਹਾ ਗਿਆ ਸੀ।

"ਏਹ ਜਿਹੜਾ ਤੂੰ ਪਜਾਮਾ ਪਾਇਆ ਏ ਤੇ ਸਿਰ ਉੱਪਰ ਦੀ ਲੋਈ ਦਾ ਝੁੰਬਲ ਮਾਰਿਆ ਏ, ਇਹ ਹਿੰਦੋਸਤਾਨ 'ਚ ਹੀ ਵਡੇਰੇ ਮਾਰਦੇ ਐ।"

"ਜੀ....।"

"ਤੂੰ ਕਿਸੇ ਪਿੰਡੋਂ ਆਇਆਂ ਲੱਗਦਾ ?"

"ਹੁਣ ਤਾਂ ਜਲੰਧਰੋਂ ਆਇਆਂ...ਮੈਂ ਚਾਲੀ ਸਾਲ ਪਿੰਡ ਰਿਹਾਂ।"

"ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ 'ਚ ਬਹੁਤ ਫ਼ਰਕ ਹੁੰਦਾ। ਬਾਕੀ ਗੱਲਾਂ ਫੇਰ ਕਰਾਂਗਾ। ਤੂੰ ਸਾਡਾ ਮਹਿਮਾਨ ਏਂ....ਚੱਲ, ਪਹਿਲਾਂ ਤੈਨੂੰ ਚਾਹ ਪਿਲਾਵਾਂ। ਠੰਢ ਨੇ....ਲੈਣੀ ਕੀਤੀ ਏ।" ਕਹਿ ਕੇ ਉਹ ਮੇਰੇ ਅੱਗੇ-ਅੱਗੇ ਤੁਰ ਪਿਆ। ਸਰ ਗੰਗਾ ਰਾਮ ਹਸਪਤਾਲ ਦੇ ਨੇੜੇ ਪੈਂਦੀ ਚਾਹ ਦੀ ਦੁਕਾਨ 'ਤੇ ਆ ਖੜੋਇਆ। ਚਾਹ ਲਈ ਦੋ ਉਂਗਲਾਂ ਖੜ੍ਹੀਆਂ ਕੀਤੀਆਂ ਤਾਂ ਕਾਊਂਟਰ 'ਤੇ ਖੜ੍ਹੇ ਪੈਂਤੀ ਕੁ ਸਾਲਾਂ ਦੇ ਬੰਦੇ ਨੇ ਪੁੱਛਿਆ, "ਅੱਜ ਇਹ ਭਾਅ ਤੇਰੇ ਅੜੀਕੇ ਆ ਗਿਆ ?" ਪਤਾ ਨਹੀਂ ਉਸ ਬੰਦੇ ਦੀ ਇਹ ਗੱਲ ਉਹਨੂੰ ਸੁਣੀ ਸੀ ਜਾਂ ਨਹੀਂ ਜਾਂ ਉਸ ਬੰਦੇ ਦੀ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਪਰ ਮੈਂ ਇਹ ਸਮਝ ਗਿਆ ਸੀ ਕਿ ਉਹ ਅਕਸਰ ਕਿਸੇ ਨਾ ਕਿਸੇ ਬੰਦੇ ਨੂੰ ਚਾਹ ਪਿਲਾਉਣ ਲਈ ਇੱਥੇ ਲਿਆਉਂਦਾ ਰਹਿੰਦਾ ਹੈ।

"ਚਾਹ ਬਣਦੀ-ਬਣਦੀ ਤੀਕ ਮੈਂ ਛਰਲਾ ਮਾਰ ਆਵਾਂ। ਮਸਾਨਾ ਕਮਜ਼ੋਰ ਪੈ ਗਿਆ। ਬੜਾ ਜ਼ੋਰ ਪੈਂਦਾ ਪਿਆ ਏ," ਉਹ ਹਸਪਤਾਲ ਦੇ ਅੰਦਰ ਵੱਲ ਨੂੰ ਤੁਰ ਪਿਆ। ਮੈਂ ਚਾਹ ਵਾਲੇ ਬੰਦੇ ਨੂੰ ਪੁੱਛਿਆ ਕਿ ਕੀ ਉਹ ਉਸ ਨੂੰ ਜਾਣਦਾ ਹੈ ? ਉਸ ਨੇ ਦੱਸਿਆ ਕਿ ਤਕਰੀਬਨ ਐਸ ਕੁ ਵੇਲੇ ਉਹ ਰੋਜ਼ ਆਉਂਦਾ ਹੈ। ਹਫ਼ਤੇ-ਦਸੀਂ ਦਿਨੀਂ ਕੋਈ-ਨਾ-ਕੋਈ ਜਣਾ ਉਸ ਦੇ ਨਾਲ ਹੁੰਦਾ ਹੈ। ਘਰੋਂ ਬਹੁਤ ਸੌਖਾ ਹੈ। ਕਿਸੇ ਚੀਜ਼ ਦੀ ਕਮੀ ਨਹੀਂ। ਖ਼ੁਸ਼ ਹੋਵੇ ਤਾਂ

ਉਹ ਉਸਨੂੰ ਪੰਜਾਹ-ਸੌ ਖਰਚਣ ਲਈ ਦੇ ਜਾਂਦਾ ਹੈ।

ਜਿਉਂ-ਜਿਉਂ ਦਿਨ ਚੜ੍ਹਦਾ ਜਾ ਰਿਹਾ ਸੀ, ਠੰਢ ਦਾ ਜ਼ੋਰ ਵਧ ਰਿਹਾ ਸੀ। ਮੈਂ ਲੋਈ ਦੀ ਬੁੱਕਲ ਨੂੰ ਘੁੱਟ ਰੱਖਿਆ ਸੀ ਪਰ ਫੇਰ ਵੀ ਪੈਰਾਂ ਵਾਲੇ ਪਾਸਿਉਂ ਠੰਢ ਚੜ੍ਹ ਰਹੀ ਸੀ। ਮੈਂ ਨਿੱਘ ਲੈਣ ਲਈ ਉਸ ਦੇ ਕੋਲ ਨੂੰ ਹੋ ਗਿਆ ਤਾਂ ਉਹ ਬੋਲਿਆ, "ਐਦਕਾਂ ਠੰਢ ਵਧੇਰੇ ਐ।" ਮੈਂ ਹਾਂ 'ਚ ਸਿਰ ਹਿਲਾਇਆ। ਉਸ ਦਾ ਨਾਂ ਪੁੱਛਿਆ ਤਾਂ ਉਸ ਨੇ ਬਸ਼ੀਰ ਦੱਸਿਆ। ਮੈਂ ਗੈਸ 'ਤੇ ਹੱਥ ਸੇਕਣ ਲੱਗਾ ਤੇ ਉਹ ਗੱਲਾਂ ਕਰਨ ਲੱਗਾ। ਬਸ਼ੀਰ ਨੇ ਦੱਸਿਆ, "ਇਹਦਾ ਨਾਂ ਅਸਰਫ਼ ਏ। ਖਾਨਦਾਨੀ ਬੰਦਾ ਏ। ਅੱਲ੍ਹਾ ਦੀਆਂ ਸਾਰੀਆਂ ਨਿਆਮਤਾਂ ਇਹਨੂੰ ਮਿਲੀਆਂ ਹੋਈਆਂ। ਪਰ ਮੈਂ ਇਹਨੂੰ ਕਦੇ ਖੁਸ਼ ਨ੍ਹੀਂ ਦੇਖਿਆ। ਐਦਾਂ ਜਾਪਦਾ ਜਿਵੇਂ ਇਹ ਦਾ ਕੁਝ ਗੁਆਚ ਗਿਆ ਹੋਵੇ। ਬਸ, ਸਿਰ ਸੁੱਟ ਕੇ ਟੁਰਦਾ। ...ਭਾਅ, ਰਗੜ ਦੇ ਇਹਨੂੰ। ਖਾ-ਪੀ ਲੈ ਇਹਦੇ ਕੋਲੋਂ। ਦੱਸ-ਕੀ ਸ਼ੈਅ ਦਿਆਂ ਖਾਣ ਨੂੰ।" ਮੈਂ ਨਾਂਹ 'ਚ ਸਿਰ ਹਿਲਾਇਆ ਤਾਂ ਉਹ ਬੋਲਿਆ, "ਇਹ ਤਾਂ ਖੜ੍ਹਾ-ਖੜ੍ਹਾ ਹਜ਼ਾਰ ਖਰਚ ਦਵੇ ਤਾਂ ਇਹਨੂੰ ਕੀ ਫ਼ਰਕ ਪੈਣਾ। ਮੈਨੂੰ ਪੰਦਰ੍ਹਾਂ-ਸੋਲ੍ਹਾਂ ਵਰ੍ਹੇ ਹੋ ਗਏ ਇਹਨੂੰ ਦੇਖਦੇ ਨੂੰ—ਇਹ ਲੱਡੂ ਜਾਂ ਬਦਾਨੇ ਬਿਨਾਂ ਕੋਈ ਸ਼ੈਅ ਨ੍ਹੀਂ ਖਾਂਦਾ। ਜੇ ਮੰਗਲਵਾਰ ਵਾਲੇ ਦਿਹਾੜੇ ਮੈਨੂੰ ਬਦਾਨਾ ਨਾ ਮਿਲੇ ਤਾਂ ਮੈਂ ਇਹਦੇ ਲਈ ਜਲੇਬੀਆਂ ਲਿਆ ਖੜ੍ਹਦਾਂ। ਇਹ ਜਲੇਬੀਆਂ ਦੀਆਂ ਗੋਲੀਆਂ ਜਿਹੀਆਂ ਬਣਾ ਕੇ ਫੱਕਾ ਮਾਰ ਛੱਡਦਾ....ਤੀਜੀ ਸ਼ੈਅ ਇਸ ਕਦੇ ਮੈਥੋਂ ਮੰਗੀ ਨ੍ਹੀਂ....ਬਸ ਮੰਗਲਵਾਰ ਵਾਲੇ ਦਿਨ ਇਹ ਸ਼ਾਹ ਹੁੰਦਾ.... ਚਿੱਤ ਜ਼ਿਆਦਾ ਹੀ ਖ਼ੁਸ਼ ਹੋਏ ਤਾਂ ਦੋ ਕਿਲੋ ਬਦਾਨਾ ਵੰਡ ਦਿੰਦਾ...ਮੇਰਾ ਖ਼ਿਆਲ ਏ ਜੇਠੇ ਮੰਗਲਵਾਰ ਨੂੰ...ਮੈਂ ਕਈ ਵਾਰ ਇਹਨੂੰ ਇਹਦੇ ਬਾਰੇ ਪੁੱਛਿਆ ਤਾਂ ਇਹ ਅੱਗੋਂ ਔਖਾ ਹੀ ਬੋਲਦਾ—'ਤੂੰ ਪੁੱਛ ਕੇ ਛਿਕੂ ਲੈਣਾ'....ਇਸ ਦੀ ਆਵਾਜ਼ ਐਨੀ ਕੁਰਖਤ ਹੁੰਦੀ ਕਿ ਮੇਰੇ ਵਰਗੇ ਦੀ ਬੋਲਤੀ ਬੰਦ ਹੋ ਜਾਂਦੀ। ਫੇਰ ਮੈਂ ਪੁੱਛ ਕੇ ਕੀ ਲੈਣਾ...ਮੇਰਾ ਪੱਕਾ ਗ੍ਰਾਹਕ ਏ....।" ਅਸਰਫ਼ ਨੂੰ ਆਉਂਦਿਆਂ ਦੇਖ ਕੇ ਬਸ਼ੀਰਾ ਗਲਾਸਾਂ 'ਚ ਚਾਹ ਪਾਉਣ ਲੱਗਾ।

ਚਾਹ ਪੀ ਕੇ ਮੈਂ ਪੈਸੇ ਦੇਣ ਲਈ ਜੇਬ 'ਚ ਹੱਥ ਪਾਇਆ। ਉਹ ਬੋਲਿਆ, "ਤੂੰ ਕਿਉਂ ਖੇਚਲ ਕਰਨੀ ਏਂ। ਤੂੰ ਤਾਂ ਮੇਰਾ ਖ਼ਾਸ ਮਹਿਮਾਨ ਏਂ। ਐਵੇਂ ਨਾ ਜੇਬ 'ਚ ਹੱਥ ਮਾਰ। ਜੇ ਤੂੰ ਪੈਸੇ ਦਿੱਤੇ ਵੀ ਤਾਂ ਇਸ ਬਸ਼ੀਰੇ ਨੇ ਲੈਣੇ ਨ੍ਹੀਂ। ਲੈ-ਦੇ ਕੇ ਦੇਖ ਲੈ। ਇਹਨੇ ਆਪਣਾ ਅੱਗਾ ਖ਼ਰਾਬ ਕਰਨਾ....।"

ਬਸ਼ੀਰ ਖੀਂਅ-ਖੀਂਅ ਕਰਕੇ ਹੱਸਿਆ।

ਮੈਂ ਹੋਟਲ ਵਾਪਸ ਜਾਣ ਲਈ ਅਗਾਂਹ ਕਦਮ ਪੁੱਟਿਆ ਤਾਂ ਉਹ ਬੋਲਿਆ, "ਤੈਨੂੰ ਕੋਈ ਕਾਹਲੀ ਤਾਂ ਨ੍ਹੀਂ ?"

"ਨ੍ਹੀਂ!" ਮੈਂ ਥਾਈਂ ਖੜ੍ਹ ਕੇ ਕਿਹਾ।

"ਫੇਰ ਮੇਰੇ ਦੇਸ਼ ਦੀਆਂ ਕੁਝ ਗੱਲਾਂ ਹੀ ਸੁਣਾ ਜਾ।"

"ਮੈਂ ਤਾਂ ਪਹਿਲੀ ਵਾਰ ਇੱਥੇ ਆਇਆਂ। ਮੈਂ ਤੁਹਾਨੂੰ ਤੁਹਾਡੇ ਦੇਸ਼ ਦੀਆਂ ਕੀ ਗੱਲਾਂ ਸੁਣਾਵਾਂ ?"

"ਮੇਰਾ ਦੇਸ਼...ਹਿੰਦੋਸਤਾਨ...।" ਉਹ ਭਾਰੀ ਜਿਹੀ ਆਵਾਜ਼ 'ਚ ਬੋਲਿਆ।

"ਮੈਂ ਤੁਹਾਡੀ ਗੱਲ ਸਮਝਿਆ ਨ੍ਹੀਂ ?"

"ਤੂੰ ਜਲੰਧਰੋਂ ਆਇਆਂ। ਫੇਰ ਤਾਂ ਨਕੋਦਰ ਬਾਰੇ ਵੀ ਜਾਣਦਾ ਹੋਵੇਂਗਾ ?"



"ਜਾਣਦਾਂ। ਇਹ ਸ਼ਹਿਰ ਮੇਰੇ ਪਿੰਡੋਂ ਵੀਹ ਮੀਲ ਦੂਰ ਆ। ਸਾਨੂੰ ਇਹ ਹੀ ਨੇੜਲਾ ਸ਼ਹਿਰ ਪੈਂਦਾ। ਮੈਂ ਉੱਥੋਂ ਹੀ ਪੜ੍ਹਿਆਂ ।"

"ਕਿਹੜੇ ਸਕੂਲੋਂ ?"

"ਆਰੀਆ ਸਕੂਲੋਂ।"

"ਕਿਹੜੇ ਵਰ੍ਹੇ ?"

"ਸੱਤਰ ਤੋਂ ਬਹੱਤਰ ਤੱਕ।"

"ਮੈਂ ਵੀ ਉੱਥੋਂ ਪੜ੍ਹਿਆਂ। ਅਸਾਡੀ ਨਕੋਦਰ ਹਵੇਲੀ ਹੁੰਦੀ ਸੀ। ਚੌਧਰੀ ਫਜ਼ਲਦੀਨ ਦੀ ਹਵੇਲੀ ਦਾ ਨਾਂ ਬਝਦਾ ਸੀ...। ਬੋਗੜਾਂ ਦੇ ਮੁਹੱਲੇ 'ਚ। ਨੇੜੇ ਹੀ ਬਾਜ਼ਾਰ ਪੈਂਦਾ ਸੀ। ਮੈਂ ਸਕੂਲੇ ਬਾਜ਼ਾਰ ਵਿਚ ਦੀ ਜਾਂਦਾ ਸੀ। ਜਿੱਥੇ ਬਾਜ਼ਾਰ ਖ਼ਤਮ ਹੁੰਦਾ ਸੀ, ਉੱਥੇ ਸਬਜ਼ੀ ਮੰਡੀ ਸ਼ੁਰੂ ਹੁੰਦੀ ਸੀ। ਫੇਰ ਖੱਬੇ ਹੱਥ ਮੁੜ ਕੇ ਸ਼ੰਕਰ-ਸਰੀਂਹ ਵੱਲ ਨੂੰ ਜਾਂਦੇ ਰਾਹ 'ਤੇ ਸਕੂਲ ਹੁੰਦਾ ਸੀ। ਪਧਰੇ ਜਿਹੇ।"

"ਹੁਣ ਵੀ ਸਕੂਲ ਉੱਥੇ ਈ ਆ। ਸਕੂਲ 'ਚੋਂ ਅੱਧ ਲੈ ਕੇ ਡੀ. ਏ. ਵੀ. ਕਾਲਜ ਬਣਾ ਦਿੱਤਾ। ਸ਼ਹਿਰ ਫੈਲ ਰਿਹਾ।"

"ਜੇ ਮੈਂ ਕਦੇ ਨਕੋਦਰ ਜਾਵਾਂ ਤਾਂ ਕੋਈ ਮੇਰੀਆਂ ਅੱਖੀਆਂ 'ਤੇ ਪੱਟੀ ਵੀ ਬੰਨ੍ਹ ਛੱਡੇ ਤਾਂ ਮੈਂ ਆਪਣੀ ਹਵੇਲੀ ਲੱਭ ਸਕਣਾਂ। ਬੱਸਾਂ ਦੇ ਅੱਡੇ ਦੇ ਖੱਬੇ ਪਾਸੇ ਕਬਰਾਂ ਹੁੰਦੀਆਂ ਸਨ। ਮੈਨੂੰ ਉਨ੍ਹਾਂ ਕਬਰਾਂ ਤੋਂ ਡਰ ਲੱਗਦਾ ਸੀ। ਮੈਂ ਉਸ ਰਾਹੇ ਕਦੇ ਸਕੂਲ ਨ੍ਹੀਂ ਗਿਆ। ਮੈਂ ਤਾਂ ਬਾਣੀਆਂ ਦੀ ਹਵੇਲੀ ਕੋਲ ਦੀ ਜਾਂਦਾ। ਕਿਆ ਸੁਹਣੇ ਉਨ੍ਹਾਂ ਦੇ ਸੰਤਰੇ ਲੱਗਦੇ....। ਬੱਸਾਂ ਦੇ ਅੱਡੇ 'ਤੇ ਛੱਜੂ ਪਕੌੜਿਆਂ ਵਾਲਾ ਹੁੰਦਾ ਸੀ....। ਉੱਥੋਂ ਸੌ ਕਦਮਾਂ ਜਾ ਕੇ ਗਲੀ ਵੱਲ ਨੂੰ ਗੁੱਗਾ ਸਾਈਂ ਮੁਹੱਲਾ ਸ਼ੁਰੂ ਹੁੰਦਾ ਸੀ। ਮੈਂ ਸਿੱਧਾ ਜਾਵਾਂਗਾ। ਮੋਟਿਆਂ ਹਲਵਾਈਆਂ ਦੀ ਦੁਕਾਨ ਕੋਲੋਂ ਖੱਬੇ ਹੱਥ ਮੁੜਾਂਗਾ। ਢੇਡ ਸੌ ਕਦਮ ਜਾ ਕੇ ਭੀੜੀ ਜਿਹੀ ਥਾਂ ਕੋਲੋਂ ਸੱਜੇ ਹੱਥ ਹੋਵਾਂਗਾ। ਇਹ ਬਾਜ਼ਾਰ ਕੁਹਣੀ ਮੋੜ ਵਾਂਗੂ ਘੁੰਮਦਾ। ਅਗਾਂਹ ਤਿੰਨ ਰਾਹ ਨੇ। ਇਕ ਹਸਪਤਾਲ ਵੱਲ। ਇਕ ਮੇਨ ਬਾਜ਼ਾਰ ਵੱਲ। ਇਕ ਰੋੜਿਆਂ ਦੇ ਮੁਹੱਲੇ ਵੱਲ। ਮੈਂ ਸਿੱਧਾ ਜਾਵਾਂਗਾ। ਢਾਈ ਸੌ ਕਦਮਾਂ 'ਤੇ ਜਾ ਕੇ ਇਕ ਸਿੱਧਾ ਰਾਹ ਆਵੇਗਾ। ਇੱਥੋਂ ਇਕ ਰਾਹ ਸਿੱਧਾ ਸਬਜ਼ੀ ਮੰਡੀ ਵੱਲ ਨੂੰ ਜਾਂਦਾ। ਮੈਂ ਸੱਜੇ ਹੱਥ ਮੁੜਾਂਗਾ। ਸੱਤਰ ਕਦਮਾਂ ਜਾ ਕੇ ਮੈਂ ਖੱਬੇ ਹੱਥ ਮੁੜਾਂਗਾ। ਸੱਜਾ ਰਾਹ ਅਗਲੇ ਮੁਹੱਲੇ ਵੱਲ ਨੂੰ ਜਾਂਦਾ। ਇੱਥੋਂ ਇਕ ਸੌ ਤੇ ਪੰਜ ਕਦਮਾਂ 'ਤੇ ਅੱਗੇ ਖੁੱਲ੍ਹੀ ਥਾਂ ਹੁੰਦੀ ਸੀ ਜਿੱਥੇ ਫਲਾਂ ਵਾਲੀਆਂ ਰੇੜ੍ਹੀਆਂ ਖੜ੍ਹਦੀਆਂ। ਇੱਥੋਂ ਇਕ ਰਾਹ ਸਬਜ਼ੀ ਮੰਡੀ ਵੱਲ ਨੂੰ ਜਾਂਦਾ। ਸਾਹਮਣਲਾ ਸਟੇਸ਼ਨ ਵੱਲ ਨੂੰ। ਮੈਂ ਸੱਜੇ ਹੱਥ ਮੁੜਾਂਗਾ। ਅਗਾਂਹ ਖੱਬੇ ਹੱਥ ਉੱਚੀ ਜਿਹੀ ਥਾਂ 'ਤੇ ਕਚਹਿਰੀਆਂ ਨੇ। ਇੱਥੋਂ ਪੰਜਾਹ ਕਦਮ ਅੱਗੇ ਜਾ ਕੇ ਇਕ ਲਲਾਰੀ ਦੀ ਦੁਕਾਨ ਆਉਂਦੀ। ਫੇਰ ਸੱਜੇ ਹੱਥ ਉਤਰਾਈ। ਮੈਂ ਇੱਥੇ ਵੀ ਕੂਹਣੀ ਮੋੜ ਮੁੜ ਕੇ ਜਾਵਾਂਗਾ। ਥੋੜ੍ਹਾ ਕੁ ਅਗਾਂਹ ਜਾ ਕੇ ਮਿਸ਼ਰਾਂ ਦੇ ਘਰ ਆਉਣਗੇ। ਮੈਂ ਢੇਡ ਸੌ ਕਦਮ ਜਾ ਕੇ ਸੱਜੇ ਹੱਥ ਮੁੜਾਂਗਾ ਤਾਂ ਪੰਝਤਾਲੀ ਕਦਮਾਂ 'ਤੇ ਸਾਡੀ ਹਵੇਲੀ ਆਵੇਗੀ....ਦੱਸ ਇਹੀ ਹੈ ਨਾ ਨਕੋਦਰ।"

"ਜੀ, ਬਿਲਕੁਲ। ਪਰ ਤੁਸੀਂ ਕਦਮਾਂ ਦਾ ਕਿਦਾਂ ਹਿਸਾਬ ਰੱਖਦੇ ਸੀ ?"

"ਮੈਂ ਪਹਿਲਾਂ ਸਕੂਲੇ ਨ੍ਹੀਂ ਜਾਂਦਾ ਸੀ। ਮੈਨੂੰ ਸਕੂਲੋਂ ਡਰ ਲੱਗਦਾ ਸੀ। ਮੈਂ ਰੋਂਦਾ-ਰੋਂਦਾ ਕਹਿੰਦਾ ਸੀ ਕਿ ਮੈਂ ਆਪਣੀ ਹਵੇਲੀ ਭੁੱਲ ਜਗਾ ਪਰ ਮੇਰੇ ਅੱਬਾ ਨੇ ਪੰਜ ਦਿਨ ਮੇਰੇ

ਨਾਲ ਜਾ ਕੇ ਮੈਨੂੰ ਸਾਰਿਆਂ ਰਸਤਿਆਂ ਦਾ ਹਿਸਾਬ ਦੱਸਿਆ। ਫੇਰ ਫੱਟੀ 'ਤੇ ਲਿਖ ਕੇ ਦਿੱਤਾ। ਪੜ੍ਹਣ ਨੂੰ ਮੈਂ ਤੇਜ਼ ਸੀ....।"

ਉਹਨੇ ਆਲੇ-ਦੁਆਲੇ ਤੇਜ਼ੀ-ਤੇਜ਼ੀ ਨਜ਼ਰਾਂ ਘੁੰਮਾਈਆਂ। ਮੈਨੂੰ ਲੱਗਿਆ ਕਿ ਉਹ ਕੋਈ ਚੀਜ਼ ਭਾਲ ਰਿਹਾ ਸੀ। ਮੈਂ ਪੁੱਛ ਲਿਆ, "ਕੁਝ ਗੁਆਚ ਗਿਆ ?"

"ਨ੍ਹੀਂ," ਉਸ ਮੇਰੀ ਗੱਲ ਵੱਲ ਧਿਆਨ ਨਾ ਦਿੱਤਾ ਜਿਵੇਂ ਮੈਂ ਇਸ ਮਸਲੇ 'ਚ ਉਹ ਦੀ ਕੋਈ ਮਦਦ ਨਹੀਂ ਕਰ ਸਕਦਾ ਸੀ।

ਜਦੋਂ ਉਹਨੂੰ, ਜੋ ਉਹ ਭਾਲ ਰਿਹਾ ਸੀ, ਨਾ ਦਿੱਸਿਆ ਤਾਂ ਉਹਨੇ ਮੈਨੂੰ ਪੁੱਛਿਆ, "ਤੇਰੇ ਕੋਲ ਪੈਨ ਤੇ ਕਾਗਜ਼ ਹੈਗਾ ?"

"ਨ੍ਹੀਂ! ਕਾਗਜ਼ ਤੇ ਪਿੰਨ ਤਾਂ ਹੋਟਲ 'ਚ ਪਏ ਆ," ਮੈਂ ਦੱਸਿਆ।

"ਇਕ ਦਿਨ ਮੈਂ ਇੱਥੇ ਇਕ ਟੋਟਾ ਦੇਖਿਆ ਤਾਂ ਸੀ। ਪਤਾ ਨ੍ਹੀਂ ਕੋਈ ਚੁੱਕ ਕੇ ਲੈ ਗਿਆ," ਉਹਨੇ ਆਪਣੇ ਆਪ ਨਾਲ ਗੱਲ ਕੀਤੀ ਤੇ ਫੇਰ ਦਸ ਕੁ ਫੁੱਟ ਜਾ ਕੇ ਇਕ ਰੋੜਾ ਲੱਭ ਲਿਆ। ਸਟਰੀਟ ਲਾਈਟ ਕੋਲ ਦੀ ਕੰਧ 'ਤੇ ਆਪਣੀ ਹਵੇਲੀ ਦਾ ਨਕਸ਼ਾ ਬਣਾ ਦਿੱਤਾ। ਇਹ ਤਾਂ ਉਹੀ ਹਵੇਲੀ ਸੀ। ਬਿਲਕੁਲ ਉਹੀ ਹਵੇਲੀ।

"ਅਸੀਂ ਤਿੰਨ ਮਹੀਨੇ ਇਸ ਹਵੇਲੀ 'ਚ ਰਹੇ ਆਂ," ਮੈਂ ਉਹਨੂੰ ਦੱਸਿਆ। ਮੈਨੂੰ ਉਸ ਹਵੇਲੀ ਦੀ ਯਾਦ ਆ ਗਈ। ਇਕ ਵਾਰ ਪਾਪਾ ਜੀ ਨੇ ਇਹ ਹਵੇਲੀ ਕਿਰਾਏ 'ਤੇ ਲਈ ਸੀ। ਐਡੀ ਵੱਡੀ ਹਵੇਲੀ ਤੇ ਰਹਿਣ ਵਾਲੇ ਅਸੀਂ ਚਾਰ ਜੀਅ। ਬਹੁਤੇ ਕਮਰਿਆਂ 'ਚ ਦਿਨੇ ਹੀ ਹਨੇਰਾ ਰਹਿੰਦਾ ਸੀ। ਅੰਦਰ ਵੜਦਿਆਂ ਨੂੰ ਡਰ ਲੱਗਦਾ ਸੀ। ਕਈ ਵਾਰ ਐਦਾਂ ਲੱਗਦਾ ਸੀ ਕਿ ਜਿਵੇਂ ਅਜੀਬੋ-ਗਰੀਬ ਆਵਾਜ਼ਾਂ ਆ ਰਹੀਆਂ ਹੋਣ। ਮੇਰੀ ਮਾਂ ਨੂੰ ਕਈ ਵਾਰ ਦਬਾਅ ਜਿਹਾ ਪਿਆ ਸੀ। ਹਵੇਲੀ ਦਾ ਕਿਰਾਇਆ ਥੋੜ੍ਹਾ ਸੀ—ਇਸੇ ਲਈ ਪਾਪਾ ਜੀ ਛੱਡਣਾ ਨਹੀਂ ਚਾਹੁੰਦੇ ਸਨ ਪਰ ਮਾਂ ਨੇ ਵਾਰ-ਵਾਰ ਕਿਹਾ, "ਮੈਨੂੰ ਕੋਈ ਕਸਰ ਹੋ ਗਈ ਤਾਂ ਫੇਰ ਤੁਹਾਨੂੰ ਸੁਰਤ ਆਊਗੀ। ਲੋਕਾਂ ਨੂੰ ਤਾਂ ਰਾਤ ਨੂੰ ਆਵਾਜ਼ਾਂ ਸੁਣਦੀਆਂ ਹੋਣਗੀਆਂ....ਇੱਥੇ ਤਾਂ ਦਿਨੇ ਹੀ ਕਿਸੇ ਕੁੜੀ ਦੇ ਕੀਰਨੀਆਂ ਦੀਆਂ ਆਵਾਜ਼ਾਂ ਦਾ ਸ਼ੋਰ ਸੁਣਦਾ...।" ਪਾਪਾ ਜੀ ਇਨ੍ਹਾਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰਦੇ ਹਨ ਪਰ ਇਕ ਐਤਵਾਰ ਨੂੰ ਉਹ ਸਿਖਰ ਦੁਪਹਿਰੇ ਸੁੱਤੇ ਸਨ ਕਿ ਉਨ੍ਹਾਂ ਨੂੰ ਲੱਗਾ ਸੀ ਜਿਵੇਂ ਉਹਨਾਂ ਦੀ ਛਾਤੀ 'ਤੇ ਕਿਸੇ ਨੇ ਚੱਕੀ ਦਾ ਪੁੜ ਰੱਖ ਦਿੱਤਾ ਹੋਵੇ ਤੇ ਪੁੜ 'ਤੇ ਬੈਠੀ ਕੁੜੀ ਕੀਰਨੇ ਪਾ ਰਹੀ ਹੋਵੇ। ਵਿਰਲਾਪ ਕਰ ਰਹੀ ਹੋਵੇ। ਅਗਲੇ ਦਿਨ ਉਨ੍ਹਾਂ ਨੇ ਹਵੇਲੀ ਛੱਡ ਦਿੱਤੀ ਸੀ।

"ਉਸ ਹਵੇਲੀ 'ਚ ਸਾਡੇ ਪਰਿਵਾਰ ਦੇ ਸਤਾਰ੍ਹਾਂ, ਨ੍ਹੀਂ ਅਠਾਰ੍ਹਾਂ ਜੀਆਂ ਨੂੰ ਮਾਰਿਆ ਸੀ....ਮੈਂ ਲਿਤਰੀਂ ਆਪਣੇ ਯਾਰ ਮੁਖਤਿਆਰੇ ਨੂੰ ਮਿਲਣ ਗਿਆ ਸੀ....ਸੋ ਬਚ ਗਿਆ....ਪਰ ਉਸ ਵਿਚਾਰੀ....ਅੱਲਾ ਮੇਹਰ ਕਰੇ....ਚੱਲੋ ਇਹ ਵੀ ਹੋਣਾ ਸੀ....ਹੋ ਗਿਆ। ਮੈਂ ਲਾਹੌਰ ਆ ਗਿਆ....ਮਿਲਟਰੀ ਦੇ ਟਰੱਕ 'ਚ ਬੈਠ ਕੇ...।"

ਮੇਰਾ ਹੌਕਾ ਨਿਕਲ ਗਿਆ ਸੀ। ਮੈਨੂੰ ਉਸ ਤੋਂ ਡਰ ਲੱਗਾ ਸੀ। ਮੈਂ ਚਹੁੰ-ਪਾਸੀਂ ਨਜ਼ਰਾਂ ਦੌੜਾਈਆਂ ਸਨ। ਕਿਤੇ-ਕਿਤੇ ਕੋਈ ਟਾਵਾਂ-ਵਿਰਲਾ ਆ ਜਾ ਰਿਹਾ ਸੀ। ਕਿਤੇ-ਕਿਤੇ ਕੋਈ ਕਾਰ ਜਾਂ ਥ੍ਰੀਵੀਲ੍ਹਰ ਦਿਖਾਈ ਦੇ ਰਿਹਾ ਸੀ। ਸਵੇਰ ਦੇ ਛੇ ਵੱਜੇ ਸਨ। ਲਾਹੌਰ ਦੇ ਪੰਜ। ਯਾਦਾਂ ਬੰਦੇ ਨੂੰ ਖ਼ਤਰਨਾਕ ਬਣਾ ਦਿੰਦੀਆਂ ਹਨ। ਉਹ ਕਿਸੇ ਵੇਲੇ ਵੀ ਹਿੰਸਕ ਹੋ ਸਕਦਾ



ਹੈ। ਮੇਰੀਆਂ ਨਜ਼ਰਾਂ ਸਾਹਮਣੇ ਮੇਰੀ ਨਾਨੀ ਦਾ ਚਿਹਰਾ ਆ ਗਿਆ। ਉਹ ਜੜ੍ਹਾਂ ਵਾਲੀ ਦੇ ਨੇੜਲੇ ਪਿੰਡ ਚੱਕ ਚੌਰੰਜਾ 'ਚੋਂ ਉਜੜ ਕੇ ਆਈ ਸੀ। ਨਾਨਾ ਜੀ ਆਉਂਦੇ-ਆਉਂਦੇ ਮਰ ਗਏ ਸਨ। ਕੀ ਉਨ੍ਹਾਂ ਨੂੰ ਫੂਕਿਆ ਗਿਆ ਸੀ ? ਕੀ ਉਨ੍ਹਾਂ ਦੀ ਦੇਹ ਨੂੰ ਦਫਨਾਇਆ ਗਿਆ ਸੀ ? ਜਿੱਥੇ ਉਨ੍ਹਾਂ ਦੇ ਪ੍ਰਾਣ ਨਿਕਲੇ ਸਨ, ਉਹ ਥਾਂ ਕਿਹੜੀ ਸੀ ? ਜਦੋਂ ਨਾਨੀ ਨੂੰ ਉਨ੍ਹਾਂ ਦਿਨਾਂ ਦੀ ਯਾਦ ਆ ਜਾਂਦੀ ਤਾਂ ਉਹ ਚੁੰਨੀ ਨਾਲ ਆਪਣਾ ਮੂੰਹ ਢੱਕ ਲੈਂਦੀ। ਕੀਰਨੇ ਪਾਉਣ ਲੱਗ ਜਾਂਦੀ ਤੇ ਉਸ ਦਾ ਤੋੜਾ ਇਸ ਗੱਲ 'ਤੇ ਆ ਅਟਕਦਾ, "ਜੋ ਉਹ ਲੋਕ ਮੇਰੇ ਸਾਹਮਣੇ ਆ ਜਾਣ ਤਾਂ ਮੈਂ ਉਨ੍ਹਾਂ ਦੇ ਸੀਰਮੇ ਪੀ ਜਾਂ।" ਉਹਦੀਆਂ ਅੱਖਾਂ ਲਾਲ ਹੋ ਜਾਂਦੀਆਂ। ਦੇਖ ਕੇ ਮੈਨੂੰ ਡਰ ਲੱਗਦਾ ਸੀ। ਦੋ-ਤਿੰਨ ਘੰਟੇ ਉਹਨੂੰ ਕੋਈ ਬੁਲਾਉਂਦਾ ਨਹੀਂ ਸੀ। ਉਹਦੇ ਨੇੜੇ ਜਾਂਦਾ ਸੀ। ਪਤਾ ਨਹੀਂ ਉਹ ਕੀ ਦਾ ਕੀ ਬੋਲ ਜਾਵੇ। ਕਿਸੇ ਨਾਲ ਲੜ ਪਵੇ। ...ਫੇਰ ਨਾਨੀ ਦਾ ਚਿਹਰਾ ਅਲੋਪ ਗਿਆ...ਅਸਰਫ਼ ਮੇਰੇ ਸਾਹਮਣੇ ਸੀ। ਹਨੇਰਾ ਹੋਣ ਕਰਕੇ ਮੈਂ ਉਹਦੇ ਚਿਹਰੇ 'ਤੇ ਉਭਰੇ ਭਾਵ ਦੇਖ ਨਹੀਂ ਸਕਦਾ ਸੀ ਪਰ ਇਹ ਜ਼ਰੂਰ ਸੀ ਕਿ ਉਹ ਗੁੱਸੇ 'ਚ ਹੋਵੇਗਾ...ਜੇ...ਜੇ... ? ਇਹ ਸੋਚ ਮੇਰੇ ਮਨ 'ਤੇ ਭਾਰੀ ਹੋਈ ਤਾਂ ਮੈਂ ਜਾਣ 'ਚ ਭਲਾ ਸਮਝਿਆ। ਮੈਂ ਅਗਾਂਹ ਜਾਣ ਲਈ ਅਗਾਂਹ ਕਦਮ ਪੁੱਟਿਆ ਤਾਂ ਉਸ ਮੇਰੀ ਬਾਂਹ ਫੜ ਲਈ। ਪੁੱਛਿਆ, "ਤੂੰ ਕੰਬ ਕਿਉਂ ਰਿਹਾਂ ? ਕੀ ਮੈਥੋਂ ਡਰ ਗਿਆਂ ? ਆਪਾਂ ਤਾਂ ਹਮਵਤਨੀ ਆਂ।"

ਉਸ ਦੇ ਸਰੀਰ ਨੂੰ ਜਿਵੇਂ ਕੋਈ ਝਟਕਾ ਲੱਗਾ ਹੋਵੇ, ਮੈਂ ਉਸੇ ਤਰ੍ਹਾਂ ਦਾ ਮਹਿਸੂਸ ਕੀਤਾ। ਉਹ ਬੋਲਿਆ, "ਸਾਡੇ ਵਡੇਰੇ ਆਖਦੇ ਹੁੰਦੇ ਸੀ ਜਿਹੜੀ ਸ਼ੈਅ ਜਾਂ ਰਿਸ਼ਤੇ ਆਪਣੇ ਨ੍ਹੀਂ ਹੁੰਦੇ—ਉਹਨਾਂ ਦੇ ਟੁੱਟਣ ਦਾ ਗ਼ਮ ਨ੍ਹੀਂ ਕਰਨਾ ਚਾਹੀਦਾ। ਮੈਂ ਜਾਣਦਾਂ ਕਿ ਹੁਣ ਮੇਰਾ ਮੁਲਕ ਪਾਕਿਸਤਾਨ ਏ। ਮੈਂ ਇੱਥੇ ਹੀ ਮਰਨਾ ਏ। ਮੇਰੀ ਮਿੱਟੀ ਇੱਥੇ ਹੀ ਦਫ਼ਨ ਹੋਣੀ ਏ...ਐਵੇਂ ਯਾਦਾਂ ਦਿਮਾਗ਼ 'ਤੇ ਭਾਰੂ ਹੋ ਜਾਂਦੀਆਂ...ਯਾਦਾਂ ਦੇ ਸਿਰ 'ਤੇ ਬੰਦਾ ਤੁਰਿਆ ਫਿਰਦਾ...ਜੇ ਇਹ ਨਾ ਹੋਣ ਤਾਂ ਜਾਂ ਤੇ ਬੰਦਾ ਪਾਗ਼ਲ ਹੋ ਜਾਏ ਜਾਂ ਫੌਤ ਪਾ ਜਾਏ....ਆਹ ਪਿੱਛਲੇ ਵੀਹ ਵਰ੍ਹਿਆਂ ਤੋਂ ਇਕੋ ਹੋਈ ਬੀਤੀ ਨੇ ਮੈਨੂੰ ਪਾਗ਼ਲ ਕਰ ਛੱਡਿਆ ਜੇ....ਇਹ ਮੇਰਾ ਖਹਿੜਾ ਨ੍ਹੀਂ ਛੱਡਦੀ...ਮਰਨ ਵੀ ਨ੍ਹੀਂ ਦਿੰਦੀ...ਜਿਊਣ ਵੀ ਨ੍ਹੀਂ ਦਿੰਦੀ...ਕਾਸ਼...ਉਹ ਛਿਣ ਇਕ ਵਾਰ ਫੇਰ ਤੋਂ ਸਾਕਾਰ ਹੋ ਜਾਣ...।"

ਮੈਨੂੰ ਕੰਬਣੀ ਛਿੜ ਗਈ ਸੀ। ਮੈਂ ਲੋਈ ਦੀ ਬੁੱਕਲ ਨੂੰ ਹੋਰ ਘੁੱਟ ਲਿਆ ਤੇ ਮਨ ਹੀ ਮਨ ਕਿਹਾ, "ਲੈ-ਲੈ, ਚਾਹ ਦਾ ਸੁਆਦ। ਇਹ ਬੰਦਾ ਤੈਨੂੰ ਫਸਾਊਗਾ। ਇਹਨੂੰ ਆਪਣੇ ਮੋਏ ਹੋਏ ਪਰਿਵਾਰ ਦੇ ਮੈਂਬਰਾਂ ਦੀਆਂ ਯਾਦਾਂ ਸਤਾਉਂਦੀਆਂ....ਪਤਾ ਨ੍ਹੀਂ ਇਹ ਕੀ ਦਾ ਕੀ ਕਰ ਬੈਠੇ...ਜੇ ਇਹਦੇ 'ਤੇ ਧਰਮ ਦਾ ਜਨੂੰਨ ਸਵਾਰ ਹੋ ਗਿਆ ਤਾਂ ਖੈਰ ਨ੍ਹੀਂ। ਇਸ ਸਮੇਂ ਤਾਂ ਧਰਮ ਹੀ ਸਭ ਤੋਂ ਖ਼ਤਰਨਾਕ ਸਾਬਿਤ ਹੋ ਰਿਹਾ। ਧਰਮ ਤੇ 'ਤੇ ਕੀ ਦਾ ਕੀ ਨ੍ਹੀਂ ਹੁੰਦਾ...ਫੇਰ ਇਕ ਮੁਸਲਮਾਨ....ਉਹ ਵੀ ਆਪਣੇ ਦੇਸ਼ 'ਚ ਜਿਸਦੇ ਅਠਾਰ੍ਹਾਂ ਜੀਆਂ ਦਾ ਕਤਲ ਹੋਇਆ ਹੋਵੇ...।" ਮੈਂ ਉੱਥੋਂ ਦੌੜ ਹੀ ਜਾਣਾ ਚਾਹੁੰਦਾ ਸੀ ਪਰ ਉਹਨੇ ਮੇਰੀ ਬਾਂਹ ਫੜੀ ਹੀ ਰੱਖੀ। ਬੋਲਿਆ, "ਅੱਜ ਬੜੇ ਚਿਰਾਂ ਬਾਅਦ ਮਨ ਦੀ ਤਮੰਨਾ ਪੂਰੀ ਹੋਈ ਏ। ਮੈਂ ਕਈ ਵੇਰ ਸਟੇਸ਼ਨ 'ਤੇ ਗਿਆਂ। ਉੱਥੇ ਹਿੰਦੋਸਤਾਨੋਂ ਆਏ ਲੋਕਾਂ ਨੂੰ ਦੂਰੋਂ ਹੀ ਦੇਖਿਆ। ਸਿੱਖ ਹੀ ਦਿੱਸੇ। ਕਿਸੇ ਹਿੰਦੂ ਨੂੰ ਮਿਲਣਾ ਚਾਹੁੰਦਾ ਸੀ। ਕੀ ਤੂੰ ਹਿੰਦੂ ਏਂ ?"

"ਮੈਂ ਪਹਿਲਾਂ ਇਨਸਾਨ ਹਾਂ...ਬਾਕੀ ਬਾਅਦ ਦੀਆਂ ਗੱਲਾਂ ਨੇ," ਮੈਂ ਮਹਿਸੂਸ ਕੀਤਾ ਕਿ ਮੇਰੀ ਆਵਾਜ਼ ਕੰਬ ਰਹੀ ਸੀ।

"ਐਹ ਕੀਤੀ ਨਾ ਲੱਖਾਂ ਦੀ ਗੱਲ। ਫੇਰ ਤੂੰ ਕਾਮਰੇਟ ਐਂ ?"

"ਮੈਨੂੰ ਆਪਣਾ ਛੋਟਾ ਭਰਾ ਸਮਝ ਲਓ," ਅਚਨਚੇਤ ਮੇਰੇ ਮੂੰਹੋਂ ਨਿਕਲ ਗਿਆ ਸੀ।

"ਲੈ, ਮੈਂ ਤੇਰਾ ਨਾਂ ਤਾਂ ਪੁੱਛਿਆ ਹੀ ਨ੍ਹੀਂ। ਕੈਅ ਨਾਂ ਏ ਤੇਰਾ....?"

"ਘਰਦਿਆਂ ਰਾਜਿੰਦਰ ਗੌਤਮ ਰੱਖਿਆ।"

"ਬਸ ਇਕ ਗੱਲ ਤੇਰੇ ਨਾਲ ਹੋਰ ਕਰਨੀ ਐ। ਗੌਤਮ ਮੈਥੋਂ ਡਰ ਨਾ। ਮੈਂ ਤੇਰੇ ਕੋਈ ਗੋਲੀ ਨ੍ਹੀਂ ਮਾਰਨ ਲੱਗਾ। ਮੈਂ ਅੱਸੀਆਂ ਦਾ ਤੇਰਾ ਕੀ ਬਿਗਾੜ ਸਕਦਾਂ।"

ਮੈਨੂੰ ਕੁਝ ਕੁ ਹੌਸਲਾ ਹੋਇਆ। ਉਹ ਮੈਥੋਂ ਪੱਚੀ ਸਾਲ ਵੱਡਾ ਸੀ।

"ਛੋਟੇ ਭਰਾ, ਮੇਰਾ ਦੁੱਖ ਕੋਈ ਨ੍ਹੀਂ ਜਾਣ ਸਕਦਾ। ਘਰ 'ਚ ਅੱਲ੍ਹਾ ਦੀ ਪੂਰੀ ਮਿਹਰ ਏ। ਤਿੰਨ ਪੁੱਤ ਨੇ...ਲੱਖਾਂ-ਕਰੋੜਾਂ 'ਚ ਖੇਡਦੇ ਨੇ। ਦੋ ਧੀਆਂ ਨੇ...ਆਪੋ-ਆਪਣੇ ਘਰੇ ਰਾਜ਼ੀ-ਬਾਜ਼ੀ ਨੇ...ਵੱਡੇ ਦੀ ਤਾਂ ਨਕੋਦਰ ਵਰਗੀ ਹਵੇਲੀ....ਛੋਟੇ ਵੀ ਘੱਟ ਨ੍ਹੀਂ...ਮੈਨੂੰ ਉਦਾਸ ਬੈਠੇ ਨੂੰ ਦੇਖ ਕੇ ਪੁੱਛਦੇ ਨੇ...ਅੱਬਾ ਤੈਨੂੰ ਕੀ ਦੁੱਖ ਏ...ਆਪਣਾ ਦੁੱਖ ਕਿਹਨੂੰ ਦੱਸਾਂ...ਕਈ ਅਜਿਹੀਆਂ ਗੱਲਾਂ ਹੁੰਦੀਆਂ ਨੇ ਜਿਹੜੀਆਂ ਕਿਸੇ ਨੂੰ ਦੱਸੀਆਂ ਹੀ ਨ੍ਹੀਂ ਜਾ ਸਕਦੀਆਂ...ਬੰਦਾ ਸਾਰੀ ਉਮਰ ਐਨਾ ਝੂਠ ਬੋਲਦਾ, ਐਨੇ ਕੁਕਰਮ ਕਰਦਾ ਏ ਕਿ ਕਿਸੇ ਨੂੰ ਦੱਸ ਹੀ ਨ੍ਹੀਂ ਸਕਦਾ...ਹਜ਼ਾਰਾਂ ਰਾਜ਼ ਉਸ ਦੀ ਮੌਤ ਨਾਲ ਹੀ ਦਫ਼ਨ ਹੋ ਜਾਂਦੇ ਨੇ....ਕਿਨੂੰ ਦੱਸੇ ? ਇਸ ਸੋਚ 'ਚੋਂ ਹੀ ਬਾਹਰ ਨ੍ਹੀਂ ਨਿਕਲਦਾ...ਦੱਸ ਹੈ ਨਿਕਲਦਾ...ਦਸ ਸਾਲਾਂ ਬਾਅਦ ਤੈਨੂੰ ਜ਼ਿੰਦਗੀ ਦੀ ਸਮਝ ਲੱਗੇਗੀ....ਮੈਂ ਅਜੇ ਤੈਨੂੰ ਬਾਲ ਹੀ ਸਮਝਦਾਂ...ਇਕ ਗੱਲ ਹੋਰ ਏ....ਦੁੱਖ ਦਾ ਪੈਸੇ ਨਾਲ ਕੋਈ ਸੰਬੰਧ ਨ੍ਹੀਂ ਹੁੰਦਾ...ਇਹ ਤਾਂ ਮਨ ਦੀ ਮੌਜ ਏ...ਤੇ ਮਨ ਕਿਸ ਚੀਜ਼ ਨੂੰ ਚਾਹੁਣ ਲੱਗ ਜਾਵੇ ਜਾਂ ਕਿਹੜੇ ਵੇਲੇ ਉਹਨੂੰ ਕੌਣ ਯਾਦ ਆ ਜਾਵੇ...ਇਹ ਦਾ ਕੋਈ ਪਤਾ ਨ੍ਹੀਂ ਹੁੰਦਾ। ਠੀਕ ਏ ਨਾ?"

"ਜੀ, ਸਾਇਕੋਲੋਜਿਸਟ ਵੀ ਇਹੀ ਕਹਿੰਦੇ ਆ।"

"ਕੌਣ ਕੀ ਕਹਿੰਦੈ?" ਸ਼ਾਇਦ ਉਹਨੂੰ ਸਾਇਕੋਲੋਜਿਸਟ ਸ਼ਬਦ ਦੀ ਸਮਝ ਨਹੀਂ ਆਈ ਸੀ।

"ਮਨ ਦੀਆਂ ਰਮਝਾਂ ਸਮਝਣ ਵਾਲੇ ਵੀ ਇਹੀ ਕੁਸ਼ ਕਹਿੰਦੇ ਆ।"

"ਇਹ ਤਾਂ ਮੈਨੂੰ ਪਤਾ ਨ੍ਹੀਂ। ਪਿਛਲੇ ਵੀਹ ਸਾਲਾਂ ਤੋਂ ਕਮਲੇਸ਼ੋ ਮੈਨੂੰ ਬਹੁਤ ਯਾਦ ਆਉਂਦੀ ਏ....ਤੂੰ ਪੁੱਛੇਂਗਾ...ਇਹ ਕਮਲੇਸ਼ੋ ਕੌਣ ਏ...ਪਹਿਲਾਂ ਇਹ ਦੱਸ ਚਾਹ ਦਾ ਇਕ-ਇਕ ਪਿਆਲਾ ਹੋਰ ਹੋ ਜਾਏ....।"

ਮੈਂ ਨਾਂਹ 'ਚ ਸਿਰ ਹਿਲਾਇਆ।

ਮੇਰੇ ਮਨ 'ਚ ਤੇਜ਼ੀ ਨਾਲ ਇਹ ਸਵਾਲ ਪੈਦਾ ਹੋਇਆ ਸੀ ਕਿ ਉਹਨੂੰ ਪੁੱਛਾਂ ਕਿ ਕੀ ਕਮਲੇਸ਼ੋ ਵੀ ਉਨ੍ਹਾਂ ਅਠਾਰ੍ਹਾਂ ਜੀਆਂ 'ਚ ਸ਼ਾਮਿਲ ਸੀ ਪਰ ਮੈਥੋਂ ਪੁੱਛਿਆ ਨਹੀਂ ਗਿਆ ਸੀ। ਮੈਨੂੰ ਲੱਗਿਆ ਸੀ ਕਿ ਇਹ ਗੱਲ ਵੀ ਉਹ ਆਪ ਹੀ ਦੱਸ ਦੇਵੇਗਾ।

"ਲਲਾਰੀਆਂ ਦੀ ਦੁਕਾਨ ਦੀ ਪਛਾੜੀ ਇਕ ਮੰਦਿਰ ਹੁੰਦਾ ਸੀ। ਅੱਜਕੱਲ੍ਹ ਵੀ ਹੋਣਾ ਏ ?"

"ਹਾਂ ਜੀ, ਹੈ।"

"ਉਸੇ ਮੰਦਿਰ 'ਚ ਮੰਗਲਵਾਰ ਵਾਲੇ ਦਿਨ ਉਹ ਮੱਥਾ ਟੇਕਣ ਆਉਂਦੀ ਸੀ....ਮੈਂ



ਪਿਛਾੜੀ ਪੈਂਦੇ ਕੋਠੇ 'ਤੇ ਚੜ੍ਹ ਕੇ ਰੌਸ਼ਨਦਾਨ ਥਾਣੀਂ ਉਹਨੂੰ ਦੇਖਦਾ ਸੀ...ਮੱਥਾ ਟੇਕ ਕੇ ਉਹ ਟੱਲ ਵਜਾਉਣ ਲਈ ਪਿਛਲਖੁਰੀ ਮੁੜਦੀ ਸੀ...ਟੱਲ ਉੱਚਾ ਸੀ ਤੇ ਉਹਦਾ ਕੱਦ ਛੋਟਾ...ਜਦੋਂ ਉਹ ਟੱਲ ਨੂੰ ਵਜਾਉਣ ਲਈ ਛਾਲ ਮਾਰਦੀ ਤਾਂ ਉਹਦੇ ਪੈਰਾਂ ਦੀਆਂ ਝਾਂਜਰਾਂ ਦੇ ਬੋਰ ਛਣਕਦੇ....ਉਹ ਸਾਰਾ ਜ਼ੋਰ ਲਾ ਕੇ ਉਛਲਦੀ...ਉਹਦਾ ਪਤਲਾ ਲੱਕ ਮਰੋੜਾ ਜਿਹਾ ਖਾਂਦਾ...ਮੇਰੀ ਜਾਨ ਨੂੰ ਬਣ ਜਾਂਦੀ....ਮੇਰਾ ਉਤਲਾ ਸਾਹ ਉੱਤੇ ਤੇ ਹੇਠਲਾ ਸਾਹ ਹੇਠਾਂ ਰਹਿ ਜਾਂਦਾ....ਇਹੀ ਕੁਝ ਤਾਂ ਮੈਂ ਦੇਖਣ ਆਉਂਦਾ ਸੀ....ਇਹੀ ਉਹਦੇ ਲੱਕ ਦਾ ਹੁਲਾਰਾ...ਮਿਸ਼ਰਾਂ ਦੇ ਘਰਾਂ ਦੇ ਮੋੜ ਕੋਲ ਉਹ ਮੈਨੂੰ ਬਦਾਨੇ ਦਾ ਪ੍ਰਸ਼ਾਦ ਦਿੰਦੀ...ਫੇਰ ਉਹਨੂੰ ਕਿਸੇ ਮਾਰ ਸੁੱਟਿਆ ਸੀ....ਮੈਂ ਪਿਛਲੇ ਵੀਹ ਸਾਲਾਂ ਤੋਂ, ਸੌਣ ਲੱਗਿਆਂ ਉਹਨੂੰ ਯਾਦ ਕਰਦਾਂ...ਬਈ ਉਹ ਮੇਰੇ ਸੁਪਨੇ 'ਚ ਆਏ...ਉਸੇ ਰੂਪ 'ਚ ਜਿਹਨੂੰ ਮੈਂ ਮੰਦਿਰ 'ਚ ਦੇਖਦਾ ਹੁੰਦਾ ਸੀ...ਪਰ ਉਹ ਇਕ ਵਾਰੀ ਵੀ ਮੇਰੇ ਸੁਪਨੇ 'ਚ ਨ੍ਹੀਂ ਆਈ....ਉਹ ਕਿਉਂ ਨ੍ਹੀਂ ਆਉਂਦੀ....ਮੇਰਾ ਤਾਂ ਕੋਈ ਕਸੂਰ ਨ੍ਹੀਂ ਸੀ....ਕੀ ਉਹਨੇ ਵੀ ਮੈਨੂੰ...," ਗੱਲ ਪੂਰੀ ਕਰਨ ਤੋਂ ਪਹਿਲਾਂ ਹੀ ਉਹ ਤੇਜ਼ੀ ਨਾਲ ਤੁਰ ਪਿਆ। ਮੈਨੂੰ ਪਤਾ ਹੀ ਨਹੀਂ ਲੱਗਾ ਕਿ ਉਹ ਮੇਨ ਰੋਡ ਵਾਲਾ ਮੋੜ ਕਦੋਂ ਮੁੜ ਗਿਆ ਸੀ।

ਮੈਂ ਹੋਟਲ ਵੱਲ ਜਾਂਦਾ ਹੋਇਆ ਸੋਚ ਰਿਹਾ ਸੀ ਕਿ ਜਿਹੜੀਆਂ ਆਵਾਜ਼ਾਂ ਮੇਰੇ ਮਾਂ-ਪਿਉ ਨੇ ਉਸ ਹਵੇਲੀ 'ਚ ਸਿਖ਼ਰ ਦੁਪਹਿਰੇ ਸੁਣੀਆਂ ਸਨ, ਕੀ ਉਹ ਆਵਾਜ਼ਾਂ ਕਮਲੇਸ਼ੋ ਦੀਆਂ ਤਾਂ ਨਹੀਂ ਸਨ।

# ਪੁੰਨ

**ਹਰਮਹਿੰਦਰ ਚਹਿਲ**

ਉਦੋਂ ਜੇਠ ਹਾੜ ਦੇ ਦਿਨ ਸਨ ਤੇ ਲੋਹੜਿਆਂ ਦੀ ਗਰਮੀ ਪੈ ਰਹੀ ਸੀ। ਦਿਨ ਚੜ੍ਹਦਿਆਂ ਹੀ ਗਰਮੀ ਸ਼ੁਰੂ ਹੋ ਜਾਂਦੀ। ਤਿੱਖੜ ਦੁਪਹਿਰੇ ਤਾਂ ਇਉਂ ਲੱਗਦਾ ਜਿਵੇਂ ਭੱਠੀ ਤਪ ਰਹੀ ਹੋਵੇ। ਕਾਂ ਅੱਖ ਨਿਕਲਦੀ। ਅੱਗ ਵਰਗੀ ਲੂਅ ਸਹਾਰੀ ਨਾ ਜਾਂਦੀ। ਤੱਤਾ ਰੇਤਾ ਵਰੋਲੇ ਬਣ ਬਣ ਕੇ ਅਸਮਾਨ ਨੂੰ ਚੜ੍ਹਦਾ। ਚਾਰ ਚੁਫੇਰੇ ਵਰਨਾਂ ਉਡਦੀਆਂ। ਰੋਟੀ ਪਾਣੀ ਖਾਂਦਿਆਂ ਹੀ ਲੋਕ, ਢਾਣੀਆਂ ਬਣਾ ਕੇ ਦਰੱਖਤਾਂ ਦੀ ਛਾਵੇਂ ਆ ਬਹਿੰਦੇ। ਕੁਝ ਕੁ ਤਾਸ਼ ਬਗੈਰਾ ਖੇਡਣ ਲੱਗਦੇ ਪਰ ਜ਼ਿਆਦਾ ਲੋਕ ਗੱਲਾਂ ਵਿਚ ਰੁੱਝੇ ਹੁੰਦੇ। ਹਰ ਪਾਸੇ ਗੱਲਾਂ ਦਾ ਤੇ ਬਹਿਸਾਂ ਦਾ ਬਾਜ਼ਾਰ ਗਰਮ ਹੁੰਦਾ। ਸਭ ਤੋਂ ਜ਼ਿਆਦਾ ਲੋਕਾਂ ਦੀਆਂ ਢਾਣੀਆਂ ਪਿੱਪਲਾਂ ਬੋਹੜਾਂ ਥੱਲੇ ਜੁੜਦੀਆਂ। ਇਹ ਥਾਂ ਪਿੰਡੋਂ ਚੜ੍ਹਦੇ ਵੱਲ ਸੀ। ਬਹੁਤ ਵੱਡੇ ਥੜ੍ਹੇ ਦੇ ਵਿਚਕਾਰ ਵੱਡੇ ਤੇ ਪੁਰਾਣੇ ਪਿੱਪਲ ਅਤੇ ਬੋਹੜ ਸਨ। ਥੜੇ ਨੂੰ ਤਿੰਨ ਪਾਸਿਉਂ ਛੱਪੜ ਨੇ ਘੇਰਿਆ ਹੋਇਆ ਸੀ। ਇਸ ਕਰਕੇ ਇੱਥੇ ਗਰਮੀ ਤੋਂ ਕੁਝ ਰਾਹਤ ਮਿਲਦੀ ਸੀ। ਖੁੱਲ੍ਹੀ ਥਾਂ ਹੋਣ ਕਰਕੇ ਇਥੇ ਜ਼ਿਆਦਾ ਲੋਕ ਬੈਠ ਸਕਦੇ ਸਨ। ਸਭ ਤੋਂ ਵੱਡੀ ਗੱਲ ਕਿ ਪਿੰਡ ਦੇ ਚੜ੍ਹਦੇ ਪਾਸਿਉਂ ਲੰਘਦੀ ਨਹਿਰ ਦੇ ਦੋਨੋਂ ਪੁਲ ਇੱਥੋਂ ਦਿਖਾਈ ਦਿੰਦੇ ਸਨ। ਨਹਿਰ ਕਾਫੀ ਡੂੰਘੀ ਸੀ ਤੇ ਇਸ ਨੂੰ ਪਾਰ ਕਰਨਾ ਹਰ ਇਕ ਦੇ ਵੱਸ ਨਹੀਂ ਸੀ। ਬੱਸ ਇਹ ਪੁਲ ਹੀ ਸਨ ਜਿਹਨਾਂ ਉਪਰੋਂ ਦੀ ਲੰਘ ਕੇ ਉਹ, ਪਿੰਡ ਵਿਚ ਦਾਖਲ ਹੋ ਸਕਦੇ ਸਨ। ਪੁਲਾਂ ਉਪਰ ਵੱਡੀਆਂ ਸੂਲਾਂ ਵਾਲੇ ਭਾਰੀ ਝਾਫੇ ਸੁੱਟ ਕੇ ਰਸਤਾ ਬੰਦ ਕੀਤਾ ਹੋਇਆ ਸੀ, ਤਾਂ ਕਿ ਉਹ ਇੱਕਦਮ ਪਿੰਡ ਵੱਲ ਨਾ ਆ ਸਕਣ। ਦੋਨਾਂ ਪੁਲਾਂ 'ਤੇ ਦਿਨ ਰਾਤ ਬੰਦੇ ਪਹਿਰਾ ਦਿੰਦੇ ਸਨ। ਪਿੰਡ ਦੇ ਲੋਕਾਂ ਨੇ ਹਿਫਾਜ਼ਤ ਰੱਖਣ ਦੀ ਕੋਈ ਕਸਰ ਨਹੀਂ ਸੀ ਛੱਡੀ। ਸਾਰਾ ਦੁਪਹਿਰਾ ਲੋਕ ਪਿੱਪਲਾਂ ਬੋਹੜਾਂ ਥੱਲੇ ਆਪੋ ਆਪਣੇ ਹਥਿਆਰਾਂ ਸਮੇਤ ਤਿਆਰ ਬਰ ਤਿਆਰ ਰਹਿੰਦੇ। ਕਿਸੇ ਕੋਲ ਟਕੂਆ, ਗੰਡਾਸਾ ਹੁੰਦਾ ਤੇ ਕਿਸੇ ਕੋਲ ਬਰਛਾ। ਪੱਕੀਆਂ ਰਾਈਫਲਾਂ ਪਿੰਡ ਵਿਚ ਦੋ ਹੀ ਸਨ। ਇਕ ਜ਼ੈਲਦਾਰ ਕੋਲ ਤੇ ਦੂਜੀ ਬਾਬੇ ਫੌਜੀ ਕੋਲ। ਉਹ ਆਪੋ ਆਪਣਿਆਂ ਚੁਬਾਰਿਆਂ 'ਚ ਬੈਠੇ ਹਰ ਵੇਲੇ ਚੁਕੰਨੇ ਰਹਿੰਦੇ। ਨਹਿਰ ਵਾਲੇ ਪਾਸਿਉਂ ਹਮਲਾ ਹੋਣ ਦੀ ਸੂਰਤ ਵਿੱਚ ਉਹਨਾਂ ਤੱਕ ਸੁਨੇਹਾ ਪਹੁੰਚਣ ਦੀ ਦੇਰ ਸੀ ਕਿ ਉਹਨਾਂ ਪੁਲਾਂ ਵੱਲ ਪੱਕੀਆਂ ਗੋਲੀਆਂ ਦਾ ਮੀਂਹ ਵਰ੍ਹਾ ਦੇਣਾ ਸੀ।

ਇਸ ਔਖ ਦੀ ਘੜੀ 'ਚ ਸਾਰਾ ਪਿੰਡ ਆਪਸੀ ਗੁੱਸੇ-ਗਿਲੇ ਭੁਲਾ ਕੇ ਇਕ ਹੋਇਆ ਖੜ੍ਹਾ ਸੀ। ਇਸ ਮੌਕੇ ਕਿਸੇ ਨੂੰ ਹੋਰ ਕੰਮ ਵੀ ਨਹੀਂ ਸੀ। ਸਾਰਿਆਂ ਤੋਂ ਵੱਡਾ ਕੰਮ ਸੀ ਪਿੰਡ ਦੀ ਹਿਫਾਜ਼ਤ ਕਰਨਾ। ਦੁਪਹਿਰਾਂ ਵੇਲੇ ਹਰ ਪਾਸੇ ਤੇ ਖਾਸ ਕਰਕੇ ਪਿੱਪਲਾਂ ਬੋਹੜਾਂ ਹੇਠਾਂ ਇਸ ਔਖ ਦੀ ਘੜੀ ਬਾਰੇ ਹੀ ਗੱਲਾਂ ਹੁੰਦੀਆਂ। ਕੋਈ ਦਿਲ ਢਾਹੂ ਗੱਲ ਕਰਦਾ ਤੇ ਕੋਈ



ਆਪਣੀ ਬਹਾਦਰੀ ਦਿਖਾਉਂਦਿਆਂ ਅਸਮਾਨ ਨੂੰ ਟਾਕੀਆਂ ਲਾਉਣ ਤੱਕ ਜਾਂਦਾ। ਕਈ ਪੱਜ਼ਲ ਰੱਬ ਦਾ ਆਸਰਾ ਲੈਂਦਿਆਂ ਦਲੀਲਾਂ ਦਿੰਦੇ ਕਹਿੰਦੇ "ਭਾਈ ਕਿਸੇ ਦੇ ਸਾਰੇ ਦੀ ਗੱਲ ਨ੍ਹੀਂ, ਹੁਣ ਤਾਂ ਗਰੰਥਾਂ ਦੀ ਲਿਖਤਕਾਰ ਮੁਤਾਬਕ ਦੁਨੀਆਂ ਖਤਮ ਹੋ ਜਾਣੀ ਐਂ।" ਗੱਲ ਕੀ ਸਾਰਾ ਦਿਨ ਲੋਕਾਂ ਦਾ ਜਬਲਘਾਟਾ ਚੱਲਦਾ ਰਹਿੰਦਾ ਪਰ ਗੱਲ ਦਾ ਹੱਲ ਕੋਈ ਨਾ ਲੱਭਦਾ। ਅਖੀਰ ਸਾਰੇ ਇਕ ਰਾਇ ਹੋ ਕੇ ਕਹਿੰਦੇ "ਚਲੋ ਦੇਖੀ ਜਾਊ ਜੋ ਵੀ ਹੋਊ ਪਰ ਆਪਣਾ ਫਰਜ਼ ਹੈ, ਕਿ ਪਿੰਡ ਦੀ ਰਾਖੀ ਕਰੀਏ।" ਰਾਤ ਨੂੰ ਵੀ ਪਿੰਡ ਵਾਸੀ ਸੌਂ ਨਾ ਸਕਦੇ। ਢਾਣੀਆਂ ਬਣਾ ਕੇ ਤੇ ਗਲੀਆਂ ਵੰਡ ਕੇ ਲੋਕੀਂ ਠੀਕਰੀ ਪਹਿਰਾ ਦਿੰਦੇ। ਸਾਰਾ ਦਿਨ ਲੋਹੜਿਆਂ ਦੀ ਗਰਮੀ ਪਿੱਛੋਂ ਦੁਪਹਿਰਾਂ ਢਲਦੀਆਂ ਤਾਂ ਆਲੇ ਦੁਆਲਿਉਂ ਰੇਤਾ ਚੜ੍ਹਨਾ ਸ਼ੁਰੂ ਹੋ ਜਾਂਦਾ ਤੇ ਅਖੀਰ ਕਾਲੀ ਬੋਲੀ ਹਨੇਰੀ ਬਣ ਜਾਂਦੀ। ਆਥਣ ਵੇਲੇ ਹੱਥ ਨੂੰ ਹੱਥ ਮਾਰਿਆ ਨਾ ਦਿਸਦਾ। ਲੋਕ ਸ਼ਾਮ ਦੀ ਰੋਟੀ ਖਾ ਕੇ ਠੀਕਰੀ ਪਹਿਰਾ ਦੇਣ ਵਾਸਤੇ ਤਿਆਰ ਹੋ ਜਾਂਦੇ। ਰਾਤ ਨੂੰ ਵੱਡੀ ਮੁਸ਼ਕਲ ਭੁਲੇਖਿਆਂ ਤੇ ਅਫਵਾਹਾਂ ਨਾਲ ਹੁੰਦੀ। ਭਾਵੇਂ ਸ਼ਾਮ ਨੂੰ ਲੋਕ ਬਹਿ ਕੇ ਪਹਿਲਾਂ ਪੂਰੀ ਸਕੀਮ ਬਣਾਉਂਦੇ ਤੇ ਫਿਰ ਪਹਿਰਾ ਸ਼ੁਰੂ ਕਰਦੇ, ਪਰ ਜੇ ਕਿਸੇ ਨੂੰ ਮਾੜਾ ਜਿਹਾ ਭੁਲੇਖਾ ਲੱਗ ਜਾਂਦਾ ਤਾਂ ਉਹ ਰੌਲਾ ਪਾ ਦਿੰਦਾ ਕਿ ਇਧਰ ਫਲਾਣੇ ਪਾਸਿਉਂ ਕੋਈ ਓਪਰਾ ਬੰਦਾ ਆਇਆ ਲੱਗਦਾ ਹੈ। ਬੱਸ ਫਿਰ ਹਫੜਾ ਦਫੜੀ ਮੱਚ ਜਾਂਦੀ। ਲੋਕ ਅੰਨ੍ਹੇ ਵਾਹ ਇੱਧਰ ਉੱਧਰ ਭੱਜਦੇ। ਸਾਰੇ ਪਾਸੇ ਕਾਵਾਂ ਰੌਲੀ ਮੱਚ ਜਾਂਦੀ। ਦਿਨ ਚੜ੍ਹਦੇ ਤੱਕ ਲੋਕ ਗਲੀਆਂ 'ਚ ਦਗੜ ਦਗੜ ਕਰਦੇ ਫਿਰਦੇ। ਅਜਿਹੇ ਵੇਲੇ ਬੁੜ੍ਹੀਆਂ ਕੁੜੀਆਂ ਜੁਆਕਾਂ ਨੂੰ ਲੈ ਕੇ ਕੋਠਿਆਂ ਤੇ ਸ਼ਹਿ ਕੇ ਬੈਠੀਆਂ ਰਹਿੰਦੀਆਂ। ਦਿਨ ਚੜ੍ਹੇ ਜਾ ਕੇ ਕਿਤੇ ਭੁਲੇਖਾ ਦੂਰ ਹੁੰਦਾ ਤਾਂ ਲੋਕ ਸੁੱਖ ਦਾ ਸਾਹ ਲੈਂਦੇ। ਉਨ੍ਹੀਂ ਦਿਨੀਂ ਬੱਸ ਹਰ ਰੋਜ਼ ਇਹੀ ਕੁਝ ਚੱਲਦਾ ਰਹਿੰਦਾ।

ਮੇਰੀ ਉਮਰ ਉਦੋਂ ਕੋਈ ਅਠਾਰਾਂ ਕੁ ਸਾਲਾਂ ਦੇ ਲਗਭਗ ਸੀ। ਪਿੰਡ ਦੇ ਹਾਲਾਤਾਂ ਮੁਤਾਬਕ ਡਰ ਲੱਗਣ ਦੀ ਬਜਾਇ ਕੁਝ ਕਰ ਗੁਜ਼ਰਨ ਦਾ ਉਤਸ਼ਾਹ ਜ਼ਿਆਦਾ ਸੀ। ਮੈਂ ਤੇ ਮੇਰੀ ਉਮਰ ਦੇ ਹੋਰ ਮੁੰਡੇ ਆਪਣੇ ਡਾਂਗਾਂ ਸੋਟਿਆਂ ਨਾਲ ਹਰ ਵਕਤ ਤਿਆਰ-ਬਰ-ਤਿਆਰ ਰਹਿੰਦੇ। ਜਿੱਧਰ ਕਿਧਰੇ ਵੀ ਹਮਲੇ ਦੀ ਗੱਲ ਚੱਲ ਰਹੀ ਹੁੰਦੀ ਅਸੀਂ ਝੱਟ ਉੱਥੇ ਜਾ ਖਲੋਂਦੇ। ਗਰੁੱਪਾਂ 'ਚ ਪਿੰਡ ਦੀ ਰਾਖੀ ਕਰਨਾ ਜਾਂ ਰਾਤ ਨੂੰ ਠੀਕਰੀ ਪਹਿਰੇ 'ਚ ਹਿੱਸਾ ਲੈਣਾ ਮੈਨੂੰ ਬੜਾ ਚੰਗਾ ਲੱਗਦਾ। ਹਮਲੇ ਦੀਆਂ ਗੱਲਾਂ ਹਰ ਵੇਲੇ ਚੱਲਦੀਆਂ ਰਹਿੰਦੀਆਂ ਤੇ ਨਵੀਆਂ ਸਕੀਮਾਂ ਬਣਦੀਆਂ ਰਹਿੰਦੀਆਂ। ਪਰ ਲਗਦਾ ਸੀ ਕਿ ਹੁਣ ਕੁਝ ਨਾ ਕੁਝ ਬਹੁਤ ਭਿਆਨਕ ਹੋਵੇਗਾ। ਸਭ ਪਾਸੇ ਅਫਰਾ ਤਫਰੀ ਮੱਚੀ ਹੋਈ ਸੀ। ਆਉਣ ਵਾਲੇ ਸਮੇਂ ਦਾ ਕੋਈ ਭਰੋਸਾ ਨਹੀਂ ਸੀ। ਕਿਸੇ ਨੂੰ ਕੋਈ ਕੰਮ ਕਾਰ ਵੀ ਨਹੀਂ ਸੀ। ਸਾਹਮਣੇ ਦਿਸਦਾ ਸੀ ਕਿ ਹਮਲਾ ਤਾਂ ਹੋਣਾ ਹੀ ਹੋਣਾ ਹੈ ਤੇ ਫਿਰ ਕਿਸੇ ਨੇ ਸਿੱਧੇ ਹਮਲੇ ਵਿਚ ਤੇ ਕਿਸੇ ਨੇ ਲੜਦਿਆਂ ਮਾਰਿਆ ਜਾਣਾ ਹੈ। ਖੂਨ ਉਬਾਲੇ ਲੈਂਦਾ ਕਿ ਜੇ ਮਰਨਾ ਹੀ ਹੈ, ਤਾਂ ਮੁਕਾਬਲਾ ਕਰਦਿਆਂ ਮਰਨਾ ਹੈ। ਜੇ ਬਚ ਰਹੇ ਤਾਂ ਵਾਹ ਭਲੀ, ਨਹੀਂ ਸਭ ਦੇ ਨਾਲ ਹੀ ਹਾਂ। ਜਿਉਂ ਜਿਉਂ ਖਤਰਾ ਵਧਦਾ ਜਾ ਰਿਹਾ ਸੀ, ਉਵੇਂ ਹੀ ਪਿੰਡ ਵਾਲੇ ਆਪਣੀ ਨਾਕਾਬੰਦੀ ਹੋਰ ਤਕੜੀ ਕਰਦੇ ਜਾ ਰਹੇ ਸਨ। ਕੋਈ ਪਤਾ ਨਹੀਂ ਸੀ ਕਿ ਉਨ੍ਹਾਂ ਨੇ ਕਦੋਂ ਟਿੱਡੀ ਦਲ ਦੀ ਤਰ੍ਹਾਂ ਪਿੰਡ ਵਿੱਚ ਆ ਵੜਨਾ ਸੀ।

ਕੰਮ ਧੰਦੇ ਸਭ ਠੱਪ ਪਏ ਸਨ। ਫਸਲਾਂ ਰੱਬ ਆਸਰੇ ਹੀ ਪਲ ਰਹੀਆਂ ਸਨ ਕਿਉਂਕਿ ਲੋਕਾਂ ਦਾ ਖੇਤੀਂ ਆਉਣਾ ਜਾਣਾ ਤਕਰੀਬਨ ਬੰਦ ਸੀ। ਮੇਰਾ ਕਦੇ ਖੇਤ ਗੇੜਾ ਮਾਰਨ ਨੂੰ ਜੀਅ

ਕਰਦਾ ਤਾਂ ਮੈਂ ਕਿਸੇ ਵੇਲੇ ਵਕਤ ਕੱਢ ਕੇ ਖੇਤ ਚੱਕਰ ਮਾਰ ਆਉਂਦਾ ਸੀ। ਸਾਡਾ ਇਹ ਖੇਤ ਦੂਰ ਵੀ ਨਹੀਂ ਸੀ ਤੇ ਨਹਿਰ ਦੇ ਅੰਦਰਲੇ ਪਾਸੇ ਹੀ ਪੈਂਦਾ ਸੀ। ਇਸ ਕਰਕੇ ਇਸ ਖੇਤ ਜਾਣਾ ਇੰਨਾ ਖਤਰਨਾਕ ਵੀ ਨਹੀਂ ਸੀ। ਖੇਤ ਸਰਕੰਡੇ ਦੇ ਕਾਨਿਆਂ ਦੀ ਝੁੰਬੀ ਬਣੀ ਹੋਈ ਸੀ। ਉਸ ਦਿਨ ਜਦੋਂ ਮੈਂ ਖੇਤ ਪਹੁੰਚਿਆ ਤਾਂ ਮੈਨੂੰ ਝੁੰਬੀ ਵੱਲੋਂ ਕਿਸੇ ਦੇ ਕਰਾਹੁਣ ਦੀ ਆਵਾਜ਼ ਆਈ, ਜਿਵੇਂ ਕੋਈ ਦਰਦ ਨਾਲ ਤੜਪ ਰਿਹਾ ਹੋਵੇ। ਮੈਂ ਇਕ ਦਮ ਤ੍ਰਭਕ ਕੇ ਖੜ੍ਹ ਗਿਆ। ਮੇਰਾ ਅਗਾਂਹ ਜਾਣ ਦਾ ਹੀਆ ਨਹੀਂ ਸੀ ਪੈ ਰਿਹਾ। ਕੁਝ ਦੇਰ ਮੈਂ ਦਰਦ ਭਰੀਆਂ ਆਹਾਂ ਸੁਣਦਾ ਰਿਹਾ। ਫਿਰ ਮੈਂ ਆਲੇ ਦੁਆਲੇ ਦੇਖਿਆ। ਕਿਸੇ ਪਾਸੇ ਕੋਈ ਨਜ਼ਰ ਨਹੀਂ ਆ ਰਿਹਾ ਸੀ। ਜੱਕੋ-ਤੱਕੀ 'ਚ ਮੈਂ ਹੌਲੀ ਹੌਲੀ ਝੁੰਬੀ ਵੱਲ ਤੁਰ ਪਿਆ। ਜਿਉਂ ਜਿਉਂ ਮੈਂ ਨੇੜੇ ਜਾ ਰਿਹਾ ਸੀ, ਤਾਂ ਸਹਿਕਣ ਦੀ ਆਵਾਜ਼ ਉੱਚੀ ਹੁੰਦੀ ਜਾ ਰਹੀ ਸੀ। ਕੋਲ ਜਾ ਕੇ ਵੇਖਿਆ ਕਿ ਝੁੰਬੀ ਦੇ ਅੰਦਰ ਕੋਈ ਗੁੱਛਾ ਮੁੱਛਾ ਜਿਹਾ ਹੋਇਆ ਪਿਆ ਸੀ ਤੇ ਦਰਦ ਨਾਲ ਤੜਪ ਰਿਹਾ ਸੀ। ਮੈਂ ਬਿਲਕੁਲ ਨੇੜੇ ਹੋ ਕੇ ਧਿਆਨ ਨਾਲ ਨਜ਼ਰ ਮਾਰੀ। ਇਹ ਕੋਈ ਲੰਬੀ ਦਾੜ੍ਹੀ ਤੇ ਕੱਟੀਆਂ ਮੁੱਛਾਂ ਵਾਲਾ ਬੰਦਾ ਖੂਨ ਨਾਲ ਲੱਥ-ਪੱਥ ਪਿਆ ਸੀ। ਮੈਥੋਂ ਬੇਖ਼ਬਰ ਉਹ ਦਰਦ ਨਾਲ ਉਸੇ ਤਰ੍ਹਾਂ ਤੜਪ ਰਿਹਾ ਸੀ। ਮੈਂ ਡਰਦਿਆਂ ਡਰਦਿਆਂ ਪੁੱਛਿਆ ਕਿ ਬਾਬਾ ਤੂੰ ਕੌਣ ਐਂ। ਕੋਈ ਜੁਆਬ ਦੇਣ ਦੀ ਬਜਾਏ ਉਸਨੇ ਪਾਣੀ ਮੰਗਿਆ। ਮੈਂ ਛੇਤੀ ਦੇਣੇ ਖੂੰਝੇ 'ਚ ਪਏ ਤੌੜੇ 'ਚੋਂ ਪਾਣੀ ਦਾ ਡੱਬਾ ਭਰਿਆ ਤੇ ਆਸਰਾ ਜਿਹਾ ਦਿੰਦਿਆਂ ਪਾਣੀ ਉਸਦੇ ਮੂੰਹ ਨੂੰ ਲਾਇਆ। ਥੋੜ੍ਹਾ ਪਾਣੀ ਹੀ ਉਸਦੇ ਅੰਦਰ ਜਾ ਸਕਿਆ। ਉਸਦੀ ਬਹੁਤ ਬੁਰੀ ਹਾਲਤ ਸੀ। ਸਾਰੇ ਸਰੀਰ ਤੇ ਵੱਡੇ ਵੱਡੇ ਟੱਕਾਂ ਦੇ ਜ਼ਖਮ ਸਨ। ਜ਼ਖਮ ਪੂਰੀ ਤਰ੍ਹਾਂ ਗਲ਼-ਸੜ ਚੁਕੇ ਸਨ। ਉਸਦੇ ਸਰੀਰ 'ਚੋਂ ਬੁਰੀ ਸੜਾਂਦ ਮਾਰਦੀ ਸੀ। ਉਸਦੀ ਇਕ ਬਾਂਹ ਨੂੰ ਛੱਡ ਕੇ ਸਾਰਾ ਸਰੀਰ ਹੀ ਵੱਢਿਆ ਟੁੱਕਿਆ ਪਿਆ ਸੀ। ਥੋੜ੍ਹਾ ਪਾਣੀ ਪੀ ਕੇ ਉਸਨੂੰ ਕੁਝ ਰਾਹਤ ਮਿਲੀ ਪਰ ਉਹ ਅਜੇ ਬੋਲ ਨਹੀਂ ਸੀ ਸਕਿਆ। ਮੈਂ ਉਦਾਸਿਆ ਜਿਹਾ ਪਿੰਡ ਨੂੰ ਮੁੜ ਪਿਆ।

ਪਿੰਡ ਪਹੁੰਚ ਕੇ ਮੈਂ ਦੇਖਿਆ ਕਿ ਸਾਰਾ ਪਿੰਡ ਪਿੱਪਲਾਂ ਬੋਹੜਾਂ ਥੱਲੇ ਜੁੜਿਆ ਬੈਠਾ ਸੀ। ਸਭ ਦੇ ਮੂੰਹਾਂ ਤੇ ਪਿਲੱਤਣ ਛਾਈ ਹੋਈ ਸੀ। ਪਿੰਡ ਦੇ ਸੂਹੀਏ ਸਾਰੀ ਖ਼ਬਰ ਲੈ ਕੇ ਹੁਣੇ ਹੁਣੇ ਪਿੰਡ ਮੁੜੇ ਸਨ। ਉਨ੍ਹਾਂ ਦੱਸਿਆ ਕਿ ਉਹ ਪੂਰੀ ਤਿਆਰੀ 'ਚ ਹਨ ਤੇ ਇਕ ਦੋ ਦਿਨਾਂ ਵਿਚ ਤੁਰ ਪੈਣਗੇ। ਹੁਣ ਉਹ ਸਿਰਫ ਰਾਹ ਬਣਨ ਦੀ ਉਡੀਕ ਕਰ ਰਹੇ ਹਨ। ਇਕ ਅੱਧ ਦਿਨ ਵਿਚ ਪਾਣੀ ਬਿਲਕੁਲ ਥੱਲੇ ਜਾ ਲੱਗੇਗਾ ਤੇ ਉਨ੍ਹਾਂ ਦੀਆਂ ਧਾੜਾਂ ਹਰਲ-ਹਰਲ ਪਾਰ ਲੰਘ ਜਾਣਗੀਆਂ ਤੇ ਫਿਰ ਕੁਝ ਹੀ ਘੰਟਿਆਂ 'ਚ ਮੌਤ ਰੂਪੀ ਦੈਂਤ ਪਿੰਡ ਦੀਆਂ ਗਲੀਆਂ 'ਚ ਆ ਵੜੇਗਾ।

ਸਾਡੇ ਪਿੰਡ ਦੇ ਚੜ੍ਹਦੇ ਵੱਲ ਪੰਜ ਕੁ ਮੀਲ ਦੂਰ ਘੱਗਰ ਨਦੀ ਲੰਘਦੀ ਸੀ। ਪਿੰਡ ਦੇ ਸਾਹਮਣੇ ਜੋ ਨਦੀ ਦਾ ਪੱਤਣ ਸੀ, ਉਸਨੂੰ ਸ਼ੇਖਾ ਪੱਤਣ ਕਹਿੰਦੇ ਸਨ। ਇਥੇ ਪੁਲ ਨਹੀਂ ਸੀ। ਪਰ ਜਦੋਂ ਘੱਗਰ 'ਚ ਪਾਣੀ ਘੱਟ ਹੁੰਦਾ ਤਾਂ ਲੋਕੀਂ ਇਸ ਪੱਤਣ ਤੋਂ ਨਦੀ ਪਾਰ ਕਰ ਲੈਂਦੇ ਸਨ। ਵਗਦੇ ਪਾਣੀ 'ਚ ਇਥੋਂ ਨਹੀਂ ਲੰਘਿਆ ਜਾ ਸਕਦਾ ਸੀ, ਪਰ ਘੱਟ ਪਾਣੀ ਵੇਲੇ ਲੰਘਣ ਵਾਸਤੇ ਸ਼ੇਖਾ ਪੱਤਣ ਬਹੁਤ ਵਧੀਆ ਰਸਤਾ ਸੀ। ਉਂਝ ਇਸ ਪੱਤਣ ਦੇ ਵੀਹ ਪੰਝੀ ਮੀਲ ਉਪਰ ਵੱਲ ਤੇ ਇਤਨੀ ਦੂਰ ਹੀ ਥੱਲੇ ਵੱਲ ਕੋਈ ਪੁਲ ਨਹੀਂ ਸੀ। ਸਭ ਤੋਂ ਨੇੜਲਾ ਵੱਡਾ ਪੁਲ ਇੱਥੋਂ ਲਹਿੰਦੇ ਵੱਲ ਪੰਝੀ ਮੀਲ ਦੂਰ ਜਰਨੈਲੀ ਸੜਕ ਤੇ ਬਣਿਆ ਹੋਇਆ ਸੀ।

ਇਹ ਸੰਨ ਸੰਤਾਲੀ ਦਾ ਮੁਲਕ ਦੀ ਵੰਡ ਵੇਲੇ ਦਾ ਸਮਾਂ ਸੀ। ਸਾਰੇ ਪਾਸੇ ਵੱਢਾ ਟੁੱਕੀ



ਤੇ ਕਤਲੋਗਾਰਦ ਦੀ ਹਨੇਰੀ ਚੱਲੀ ਹੋਈ ਸੀ। ਘੱਗਰੋਂ ਪਾਰ ਦੇ ਲੁੱਟੇ ਪੁੱਟੇ ਤੇ ਵੱਢੇ ਟੁੱਕੇ ਮੁਸਲਮਾਨ, ਘੱਗਰ ਦੇ ਇਸ ਸ਼ੇਖਾ ਪੱਤਣ ਤੇ ਇਕੱਠੇ ਹੋ ਰਹੇ ਸਨ ਤਾਂ ਕਿ ਨਦੀ ਦਾ ਪਾਣੀ ਉਤਰਨ 'ਤੇ ਇੱਥੋਂ ਘੱਗਰ ਨਦੀ ਪਾਰ ਕਰਕੇ ਪਾਕਿਸਤਾਨ ਜਾ ਸਕਣ। ਇਸ ਪੱਤਣੋਂ ਲੰਘ ਕੇ ਉਹਨਾਂ ਛੇਤੀ ਪਾਕਿਸਤਾਨ ਜਾ ਪਹੁੰਚਣਾ ਸੀ। ਕਿਉਂਕਿ ਇੱਥੋਂ ਪਾਕਿਸਤਾਨ ਦੀ ਸਰਹੱਦ ਵੀਹ ਕੁ ਮੀਲ ਪੈਂਦੀ ਸੀ। ਪਿੱਛੋਂ ਇਸ ਲਾਂਘੇ ਵੱਲ ਆ ਰਹੇ ਲੋਕ ਇਸ ਪੱਤਣ 'ਤੇ ਇਕੱਠੇ ਹੋ ਰਹੇ ਸਨ ਅਤੇ ਪਾਣੀ ਦੇ ਉਤਰਣ ਦੀ ਉਡੀਕ ਕਰ ਰਹੇ ਸਨ। ਇਕੱਠੇ ਹੁੰਦੇ ਲੋਕਾਂ ਦਾ ਹੌਲੀ ਹੌਲੀ ਇਹ ਇਕ ਵੱਡਾ ਕਾਫਲਾ ਬਣ ਚੁਕਿਆ ਸੀ। ਜਿਉਂ ਹੀ ਇਸ ਕਾਫਲੇ ਨੇ ਇੱਥੋਂ ਤੁਰਨਾ ਸੀ ਤਾਂ ਇਸ ਨੇ ਸਾਡੇ ਪਿੰਡਾਂ ਵਿੱਚੋਂ ਦੀ ਲੰਘਣਾ ਸੀ ਤੇ ਇਹ ਸਭ ਨੂੰ ਪਤਾ ਸੀ ਕਿ ਜ਼ੁਲਮੋ ਸਿਤਮ ਦੇ ਸਤਾਏ ਇਹਨਾਂ ਲੋਕਾਂ ਨੇ ਜਿੱਥੋਂ ਦੀ ਵੀ ਲੰਘਣਾ ਸੀ, ਸਭ ਕਾਸੇ ਦੀ ਤਬਾਹੀ ਕਰਦੇ ਜਾਣਾ ਸੀ। ਜੋ ਕੁਝ ਵੀ ਇਹਨਾਂ 'ਤੇ ਬੀਤਿਆ ਸੀ, ਉਸਦਾ ਬਦਲਾ ਇਹਨਾਂ ਨੇ ਰਸਤੇ 'ਚ ਮਿਲਦੇ ਲੋਕਾਂ ਤੋਂ ਲੈਣਾ ਸੀ। ਜਿਉਂ-ਜਿਉਂ ਸਮਾਂ ਬੀਤਦਾ ਜਾ ਰਿਹਾ ਸੀ ਇੱਥੇ ਇਕੱਠੇ ਹੋਏ ਮੁਸਲਮਾਨਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਪਾਣੀ ਦੇ ਉਤਰਣ ਦੀ ਦੇਰ ਸੀ ਤੇ ਰਾਹ ਬਣਦਿਆਂ ਹੀ ਇਸ ਕਾਫਲੇ ਨੇ ਤੂਫਾਨ ਦੀ ਤਰ੍ਹਾਂ ਚੱਲ ਪੈਣਾ ਸੀ। ਇਸੇ ਕਰਕੇ ਰਸਤੇ 'ਚ ਪੈਂਦੇ ਸਾਰੇ ਪਿੰਡ, ਆਉਣ ਵਾਲੇ ਬੁਰੇ ਵਕਤ ਦੀ ਉਡੀਕ ਕਰ ਰਹੇ ਸਨ। ਪਿੰਡਾਂ 'ਚ ਸਹਿਮ ਫੈਲਿਆ ਹੋਇਆ ਸੀ। ਹੁਣ ਕਈ ਦਿਨਾਂ ਤੋਂ ਘੱਗਰ ਨਦੀ ਦਾ ਪਾਣੀ ਲਗਾਤਾਰ ਉਤਰ ਰਿਹਾ ਸੀ ਤੇ ਲਗਦਾ ਸੀ ਕਿ ਛੇਤੀ ਹੀ ਰਾਹ ਬਣ ਜਾਵੇਗਾ ਤੇ ਕਾਫਲਾ ਚੱਲ ਪਵੇਗਾ। ਇਹੀ ਖਬਰ ਸੁਣ ਕੇ ਪਿੰਡ ਦੇ ਲੋਕੀਂ ਇਕੱਠੇ ਹੋਏ ਬੈਠੇ ਸਨ। ਪ੍ਰੇਸ਼ਾਨ ਲੋਕ ਆਪੋ-ਆਪਣੀਆਂ ਸਲਾਹਾਂ ਦੇ ਰਹੇ ਸਨ। ਪਰ ਇਸ ਗੱਲ ਦਾ ਕੋਈ ਹੱਲ ਨਹੀਂ ਸੀ। ਅਖੀਰ ਸਿਆਣੇ ਬੰਦਿਆਂ ਫੈਸਲਾ ਕੀਤਾ ਕਿ ਪਿੰਡ ਦੀਆਂ ਬੁੜ੍ਹੀਆਂ ਕੁੜੀਆਂ ਤੇ ਬੱਚਿਆਂ ਨੂੰ ਦੂਰ ਦੀਆਂ ਰਿਸ਼ਤੇਦਾਰੀਆਂ 'ਚ ਭੇਜ ਦਿੱਤਾ ਜਾਵੇ ਤੇ ਇਕੱਲੇ ਮਰਦ ਪਿੱਛੇ ਰਹਿ ਕੇ ਪਿੰਡ ਦੀ ਰਾਖੀ ਕਰਨ। ਅਗਲੇ ਦਿਨ ਅੱਧਾ ਪਿੰਡ ਖਾਲੀ ਹੋ ਗਿਆ।

ਖੈਰ ਖੇਤੋਂ ਮੁੜ ਕੇ ਮੈਂ ਸਿੱਧਾ ਘਰੇ ਗਿਆ। ਮਾਂ ਨਾਲ ਖੇਤ ਪਏ ਜ਼ਖਮੀ ਆਦਮੀ ਬਾਰੇ ਗੱਲ ਕੀਤੀ। ਮਾਂ ਨੇ ਤੁਰੰਤ ਮੇਰਾ ਮੂੰਹ ਬੰਨ੍ਹਦਿਆਂ ਇਸ ਬਾਰੇ ਕਿਸੇ ਨਾਲ ਵੀ ਗੱਲ ਨਾ ਕਰਨ ਦੀ ਹਦਾਇਤ ਕੀਤੀ। ਕਿਉਂਕਿ ਪਿਛਲੇ ਮਹੀਨੇ ਜਦੋਂ ਪਿੰਡ ਦੇ ਮੁਸਲਮਾਨਾਂ ਤੇ ਬਾਹਰਲੀ ਧਾੜ ਨੇ ਹਮਲਾ ਕੀਤਾ ਤਾਂ ਜਿਸ ਕਿਸੇ ਵੀ ਪਿੰਡ ਵਾਲੇ ਨੇ ਉਹਨਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਧਾੜਵੀਆਂ ਨੇ ਉਸ ਨਾਲ ਬਹੁਤ ਭੈੜਾ ਸਲੂਕ ਕੀਤਾ ਸੀ। ਅਜਿਹੇ ਮੌਕੇ ਹਰ ਕੋਈ ਚਾਹੁੰਦਿਆਂ ਹੋਇਆਂ ਵੀ ਅੱਗ 'ਚ ਹੱਥ ਪਾਉਣੋਂ ਡਰਦਾ ਸੀ। ਮਾਂ ਸਮਝ ਗਈ ਕਿ ਖੇਤ ਪਿਆ ਵੱਢਿਆ ਟੁੱਕਿਆ ਆਦਮੀ ਕੋਈ ਮੁਸਲਮਾਨ ਹੀ ਹੈ। ਉਸ ਨੇ ਮੈਨੂੰ ਪਰਦੇ ਨਾਲ ਉਸਦੀ ਮਦਦ ਕਰਨ ਨੂੰ ਕਿਹਾ। ਉਸ ਨੇ ਕੁਝ ਦੇਸੀ ਕਾੜ੍ਹੇ ਤੇ ਦਲੀਆ ਬਗੈਰਾ ਤਿਆਰ ਕਰਕੇ ਮੈਨੂੰ ਫੜਾਇਆ ਤੇ ਮੈਂ ਖੇਤ ਮੁੜ ਗਿਆ। ਖੇਤ ਜਾ ਕੇ ਪਹਿਲਾਂ ਮੈਂ ਗਿੱਲਾ ਕੱਪੜਾ ਲੈ ਕੇ ਉਸਦਾ ਸਾਰਾ ਸਰੀਰ ਸਾਫ਼ ਕੀਤਾ। ਉਸਦੇ ਜ਼ਖਮਾਂ ਤੇ ਕੁਝ ਦੇਸੀ ਦਵਾਈਆਂ ਲਾਈਆਂ। ਉਸਨੂੰ ਆਸਰਾ ਦੇ ਕੇ ਕਾੜ੍ਹੇ ਪਿਆਏ ਤੇ ਕੁਝ ਦਲੀਆ ਖੁਆਇਆ। ਫਿਰ ਝੁੰਬੀ ਦੇ ਇਕ ਖੂੰਝੇ 'ਚ ਸਿਰ ਹੇਠਾਂ ਸਿਰਹਾਣਾ ਦੇ ਕੇ ਲਿਟਾ ਦਿੱਤਾ ਤੇ ਘਰ ਮੁੜ ਆਇਆ।

ਅਗਲੇ ਦਿਨ ਸਵੇਰੇ ਜਾ ਕੇ ਦੇਖਿਆ ਤਾਂ ਉਸਦੀ ਹਾਲਤ ਪਹਿਲਾਂ ਨਾਲੋਂ ਕੁਝ

ਠੀਕ ਸੀ। ਉਹ ਹੌਲੀ ਹੌਲੀ ਬੋਲ ਵੀ ਸਕਦਾ ਸੀ। ਮੇਰੇ ਜ਼ੋਰ ਦੇਣ ਤੇ ਉਹ ਆਪਣੇ ਬਾਰੇ ਦੱਸਦਾ ਹੋਇਆ ਬੋਲਿਆ, "ਮੇਰਾ ਨਾਂ ਰਹਿਮਤ ਅਲੀ ਐ। ਫਤਿਆਬਾਦ ਕੋਲ ਮੇਰਾ ਪਿੰਡ ਐ। ਸਾਰਿਆਂ ਦੇ ਨਾਲ ਮੈਂ ਵੀ ਆਪਣਾ ਘਰਬਾਰ ਛੱਡ ਕੇ ਕਾਫਲੇ 'ਚ ਰਲ ਗਿਆ। ਬਹੁਤ ਹੀ ਖਤਰਨਾਕ ਹਾਲਤਾਂ 'ਚ ਕਾਫਲਾ ਅੱਗੇ ਵਧ ਰਿਹਾ ਸੀ। ਰਾਹ ਦੇ ਪਾਸੀਂ ਲੁਕੇ ਹੋਏ ਧਾੜਵੀ ਮੌਕਾ ਵੇਖ ਕੇ ਕਾਫਲੇ 'ਤੇ ਟੁੱਟ ਪੈਂਦੇ ਸਨ। ਲੁੱਟਾ ਖੋਹੀ ਕਰਕੇ ਤੇ ਵੱਢਾ-ਟੁੱਕੀ ਕਰਦਿਆਂ ਜੁਆਨ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ ਸਨ। ਸ਼ਾਮ ਵੇਲੇ ਮੇਰਾ ਪਰਿਵਾਰ ਅਚਾਨਕ ਕਾਫਲੇ ਤੋਂ ਪਿੱਛੇ ਰਹਿ ਗਿਆ। ਨਹਿਰ ਦਾ ਪੁਲ ਚੜ੍ਹਦਿਆਂ ਹੀ ਕੁਝ ਹਥਿਆਰਬੰਦ ਆਦਮੀਆਂ ਮੇਰੇ ਟੱਬਰ ਨੂੰ ਘੇਰ ਲਿਆ। ਇਕ ਨੇ ਮੇਰੇ ਘਰ ਵਾਲੀ ਤੋਂ ਸਮਾਨ ਦੀ ਗੰਢੜੀ ਖੋਹਦਿਆਂ ਤੇ ਢਿੱਡ 'ਚ ਬਰਛੀ ਖੋਭਦਿਆਂ ਉਸਨੂੰ ਮਾਰ ਮੁਕਾਇਆ। ਕਿਸੇ ਦੂਸਰੇ ਨੇ ਬਚ ਕੇ ਭੱਜਦੇ ਛੋਟੇ ਮੁੰਡੇ ਦੀ ਧੌਣ ਵੱਢ ਸੁੱਟੀ। ਫਿਰ ਮੇਰੇ ਦੁਆਲੇ ਹੋ ਗਏ ਤੇ ਮੈਨੂੰ ਵੱਢ ਟੁੱਕ ਕੇ ਸੁੱਟ ਦਿੱਤਾ। ਮੇਰੀਆਂ ਦੋਨਾਂ ਕੁੜੀਆਂ ਨੂੰ ਰੋਂਦੀਆਂ ਕੁਰਲਾਉਂਦੀਆਂ ਨੂੰ ਚੁੱਕ ਕੇ ਲੈ ਗਏ।" ਇੰਨਾ ਬੋਲ ਕੇ ਉਹ ਚੁੱਪ ਹੋ ਗਿਆ ਤੇ ਖਲਾਅ ਵੱਲ ਵੇਖਣ ਲੱਗਿਆ। ਮੈਂ ਅਗਾਂਹ ਹੋ ਕੇ ਰਹਿਮਤ ਅਲੀ ਦੇ ਦੋਨੋਂ ਹੱਥ ਫੜ ਕੇ ਘੁੱਟ ਲਏ ਤੇ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ। ਉਸਨੇ ਖੰਘਾਰ ਕੇ ਗਲਾ ਸਾਫ਼ ਕੀਤਾ ਤੇ ਫਿਰ ਟੁੱਟਦੀ ਆਵਾਜ਼ 'ਚ ਬੋਲਿਆ, "ਰਾਤ ਨੂੰ ਕਾਫੀ ਦੇਰ ਬਾਅਦ ਮੈਨੂੰ ਹੋਸ਼ ਆਈ ਤਾਂ ਡਿਗਦਾ ਢਹਿੰਦਾ ਇੱਧਰ ਨੂੰ ਤੁਰਦਾ ਆਇਆ। ਇਸ ਹਾਦਸੇ ਨੂੰ ਕਿੰਨਾ ਚਿਰ ਹੋ ਗਿਆ ਇਸਦੀ ਮੈਨੂੰ ਕੋਈ ਸੁਧ ਬੁੱਧ ਨ੍ਹੀਂ ਐ।" ਕਾਫੀ ਦੇਰ ਉਹ ਚੁੱਪ ਰਿਹਾ ਤੇ ਫਿਰ ਤਾਕਤ ਇਕੱਠੀ ਕਰਦਾ ਬੋਲਿਆ, "ਮੇਰੇ ਜ਼ਖਮ ਗਲ ਸੜ ਗਏ ਨੇ। ਸਾਰੇ ਸਰੀਰ 'ਚ ਪੀਕ ਪੈ ਗਈ ਐ। ਸਰੀਰ ਅੱਗ ਵਾਂਗੂੰ ਮੱਚ ਰਿਹੈ। ਮੈਨੂੰ ਪਤਾ ਐ ਕਿ ਬਚਣਾ ਮੈਂ ਹੈ ਨ੍ਹੀਂ। ਸਾਰਾ ਕੁਝ ਲੁੱਟਣ ਪੁੱਟਣ ਤੋਂ ਬਾਅਦ ਮੈਂ ਜਿਉਂਦਾ ਰਹਿਣਾ ਵੀ ਨ੍ਹੀਂ ਚਾਹੁੰਦਾ। ਪਤਾ ਨਹੀਂ ਕਿੰਨਾ ਕੁ ਚਿਰ ਕਸ਼ਟ ਭੋਗਣਾ ਐ। ਤੂੰ ਮੇਰੀ ਮੱਦਦ ਕਰ।"

ਮੈਂ ਛੇਤੀ ਦੇਣੇ ਉਸਦੇ ਉਪਰ ਝੁਕਦਿਆਂ ਹੋਇਆਂ ਬੋਲਿਆ, "ਬਾਬਾ ਦੱਸ ਸਹੀ ਮੈਂ ਤੇਰੀ ਕਿਵੇਂ ਮਦਦ ਕਰਾਂ। ਤੂੰ ਜਿਵੇਂ ਕਹੇਂਗਾ ਮੈਂ ਉਵੇਂ ਕਰੂੰਗਾ।"

"ਦੇਖ ਪੁੱਤਰ ਬਚਣਾ ਤਾਂ ਮੈਂ ਹੈ ਨ੍ਹੀਂ। ਮੈਥੋਂ ਸਰੀਰ ਦੀ ਇਹ ਪੀੜ ਹੁਣ ਬਰਦਾਸ਼ਤ ਨ੍ਹੀਂ ਹੁੰਦੀ। ਤੂੰ ਇਉਂ ਕਰ...." ਉਹ ਬੋਲਦਿਆਂ ਹੋਇਆਂ ਰੁਕ ਕੇ ਮੇਰੇ ਮੂੰਹ ਵੱਲ ਦੇਖਣ ਲੱਗਾ।

"ਹਾਂ ਬਾਬਾ ਦੱਸ ਕੀ ਕਰਾਂ?" ਮੈਂ ਉਤਾਵਲਾ ਹੁੰਦਿਆਂ ਕਾਹਲੀ ਨਾਲ ਬੋਲਿਆ।

"ਤੂੰ ਪੁੰਨ ਵਾਲਾ ਕੰਮ ਕਰ। ਕਿਸੇ ਤਕੜੇ ਹਥਿਆਰ ਨਾਲ ਮੇਰੀ ਧੌਣ ਵੱਢ ਕੇ ਮੈਨੂੰ ਇਸ ਗਲ ਚੁਕੇ ਸਰੀਰ ਤੋਂ ਛੁਟਕਾਰਾ ਦਿਵਾ।"

ਇਤਨਾ ਸੁਣਦਿਆਂ ਹੀ ਮੇਰੇ ਹੱਥੋਂ ਉਸਦੇ ਹੱਥ ਛੁੱਟ ਗਏ ਤੇ ਮੈਂ ਸੁੰਨ ਜਿਹਾ ਹੁੰਦਾ ਬੋਲਿਆ, "ਬਾਬਾ ਇਹ ਤੂੰ ਕੀ ਕਹਿ ਦਿੱਤਾ। ਜਿਵੇਂ ਵੀ ਹੋਵੇ ਮੈਂ ਦਵਾ ਦਾਰੂ ਨਾਲ ਤੈਨੂੰ ਠੀਕ ਕਰੂੰਗਾ।"

ਫਿਰ ਉਸਨੂੰ ਸਿਰ ਥੱਲੇ ਸਰਾਹਣਾ ਦੇ ਕੇ ਲੰਮਾ ਪਾ ਦਿੱਤਾ ਤੇ ਮੈਂ ਬੋਝਲ ਕਦਮਾਂ ਨਾਲ ਪਿੰਡ ਵੱਲ ਤੁਰ ਪਿਆ।

ਅਗਾਂਹ ਪਿੰਡ ਵਿਚ ਉਵੇਂ ਅਫਰਾ-ਤਫਰੀ ਫੈਲੀ ਹੋਈ ਸੀ। ਲੋਕਾਂ ਦੇ ਚਿਹਰਿਆਂ ਤੇ ਡਰ ਛਾਇਆ ਹੋਇਆ ਸੀ। ਕਿਉਂਕਿ ਹੁਣ ਤਾਂ ਇਕ ਅੱਧ ਦਿਨ ਵਿਚ ਘੱਗਰ ਨਦੀ ਨੇ ਕਾਫਲੇ ਨੂੰ ਰਾਹ ਦੇ ਦੇਣਾ ਸੀ ਤੇ ਪਿੰਡ ਵਿਚ ਪਰਲੋ ਆ ਜਾਣੀ ਸੀ। ਪਿੰਡ ਵਾਲੇ ਪੂਰੀ



ਮੁਸ਼ਤੈਦੀ ਨਾਲ ਪਿੰਡ ਦੀ ਰਾਖੀ ਵਿਚ ਰੁੱਝੇ ਹੋਏ ਸਨ।

ਅਗਲੇ ਦਿਨ ਮੈਂ ਖੇਤ ਜਾ ਕੇ ਦੇਖਿਆ ਕਿ ਰਹਿਮਤ ਅਲੀ ਦੀ ਹਾਲਤ ਬਹੁਤ ਖਰਾਬ ਸੀ। ਉਸਦੇ ਗਲੇ-ਸੜੇ ਜ਼ਖ਼ਮਾਂ 'ਚ ਕੀੜੇ ਪੈ ਚੁਕੇ ਸਨ। ਫਿਰ ਮੈਂ ਉਸਦੇ ਜ਼ਖਮਾਂ 'ਤੇ ਦਵਾਈ ਬਗੈਰਾ ਲਾਈ। ਆਸਰਾ ਦੇ ਕੇ ਕੁਝ ਕਾੜ੍ਹੇ ਉਸਨੂੰ ਪਿਲਾਏ। ਜੋ ਕੁਝ ਓਹੜ-ਪੋਹੜ ਹੋ ਸਕਦਾ ਸੀ ਮੈਂ ਕੀਤਾ। ਜਿਉਂ ਹੀ ਮੈਂ ਕੰਮ ਮੁਕਾ ਕੇ ਉਠਣ ਲੱਗਾ ਤਾਂ ਉਸਨੇ ਪੋਲੇ ਜਿਹੇ ਮੇਰਾ ਹੱਥ ਫੜ ਲਿਆ ਤੇ ਬੋਲਿਆ, "ਦੇਖ ਪੁੱਤਰ, ਤੂੰ ਜੋ ਵੀ ਕਰ ਰਿਹਾ ਐਂ ਅੱਲਾ ਤਾਲਾ ਦੀ ਨਜ਼ਰ 'ਚ ਇਹ ਬਹੁਤ ਮਹਾਨ ਕੰਮ ਐ। ਪਰ ਖ਼ੁਦਾ ਦੇ ਵਾਸਤੇ ਤੂੰ ਮੈਨੂੰ ਇਸ ਸਰੀਰ ਤੋਂ ਛੁਟਕਾਰਾ ਦੁਆ ਦੇ। ਮੈਥੋਂ ਇਹ ਦਰਦਾਂ ਮਾਰਿਆ ਸਰੀਰ ਹੋਰ ਬਰਦਾਸ਼ਤ ਨਹੀਂ ਹੁੰਦਾ।"

ਮੈਂ ਚੁੱਪ ਚਾਪ ਉਦਾਸ ਬੈਠਾ ਉਸ ਵੱਲ ਵੇਖਦਾ ਰਿਹਾ। ਉਹ ਫਿਰ ਬੋਲਿਆ, "ਪੁੱਤਰ ਇਹ ਗੁਨਾਹ ਨ੍ਹੀਂ ਇਹ ਤਾਂ ਸਗੋਂ ਇਸ ਮਜ਼ਲੂਮ ਦੀ ਬਹੁਤ ਵੱਡੀ ਮੱਦਦ ਹੋਵੇਗੀ। ਤੂੰ ਤਲਵਾਰ ਫੜ ਕੇ ਮੇਰੀ ਖਲਾਸੀ ਕਰ। ਰੱਬ ਤੇਰਾ ਭਲਾ ਕਰੂ।"

"ਬਾਬਾ ਇਹ ਕੰਮ ਮੈਂ ਨ੍ਹੀਂ ਕਰ ਸਕਦਾ," ਮੈਂ ਲਾਚਾਰੀ ਦਿਖਾਉਂਦਿਆਂ ਉਠ ਖੜ੍ਹਾ ਹੋਇਆ। ਉਹ ਨਿਰਾਸ਼ ਆਵਾਜ਼ 'ਚ ਬੋਲਦਾ ਰਿਹਾ, "ਮੇਰਾ ਪਲ ਪਲ ਸਾਲਾਂ ਦੀ ਤਰ੍ਹਾਂ ਲੰਘਦਾ ਐ। ਪੁੱਤਰ ਤੇਰੇ ਇਸ ਅਹਿਸਾਨ ਲਈ ਮੇਰੀ ਰੂਹ ਸਦੀਆਂ ਤੱਕ ਤੇਰੀ ਰਿਣੀ ਰਹੂ।"

ਮੈਂ ਉਸਦੀਆਂ ਗੱਲਾਂ ਅਣਸੁਣੀਆਂ ਕਰਦਾ ਬਾਹਰ ਨੂੰ ਤੁਰ ਪਿਆ। ਉਸ ਰਾਤ ਮੇਰੀ ਪਹਿਰੇ ਤੇ ਡਿਊਟੀ ਲੱਗੀ ਹੋਈ ਸੀ। ਉਧਰੋਂ ਮਿਲੀ ਖਬਰ ਮੁਤਾਬਕ ਅੱਜ ਸ਼ਾਮ ਤੱਕ ਘੱਗਰ ਦਾ ਪਾਣੀ ਬਿਲਕੁਲ ਖੜੋ ਗਿਆ ਸੀ। ਰਾਹ ਸਾਫ ਹੋ ਗਿਆ ਸੀ। ਸਾਰਾ ਕਾਫਲਾ ਤੁਰਨ ਲਈ ਤਿਆਰੀਆਂ ਵੱਟ ਰਿਹਾ ਸੀ। ਸਵੇਰੇ ਮੂੰਹ ਹਨੇਰੇ ਹੀ ਉਸਨੇ ਦਰਿਆ ਪਾਰ ਕਰਕੇ ਚਾਲੇ ਪਾ ਦੇਣੇ ਸਨ। ਪਿੰਡ ਦੇ ਲੋਕੀਂ ਬਹੁਤ ਸਹਿਮੇ ਹੋਏ ਸਨ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਸਭ ਸਮਝੀ ਖੜ੍ਹੇ ਸਨ ਕਿ ਅੱਜ ਦੀ ਰਾਤ ਬੱਸ ਆਖਰੀ ਰਾਤ ਹੈ। ਸ਼ਾਇਦ ਹੀ ਕੋਈ ਜਿਉਂਦਾ ਬਚੇ। ਹੋਣੀ ਨਾ ਟਲੀ, ਅਖੀਰ ਦਰਵਾਜ਼ਿਆਂ ਤੱਕ ਆ ਹੀ ਪਹੁੰਚੀ। ਕੁਝ ਘੰਟਿਆਂ ਦੀ ਰਾਤ ਬਾਕੀ ਸੀ। ਦਿਨ ਚੜ੍ਹਦੇ ਨੂੰ ਤਾਂ ਪਿੰਡ ਦੀਆਂ ਗਲੀਆਂ ਵਿੱਚ ਮੌਤ ਨੇ ਨੰਗਾ ਨਾਚ ਖੇਡਣਾ ਸੀ।

ਮੈਂ ਹੱਥ 'ਚ ਤਲਵਾਰ ਫੜੀ ਸਾਥੀਆਂ ਨਾਲ ਗਲੀਆਂ 'ਚ ਗੇੜੇ ਕੱਢ ਰਿਹਾ ਸੀ। ਅਸੀਂ ਬੇਮਤਲਬੇ ਜਿਹੇ ਇਧਰ ਉਧਰ ਘੁੰਮ ਰਹੇ ਸੀ। ਅੱਧੀ ਕੁ ਰਾਤ ਤੋਂ ਬਾਅਦ ਅਚਾਨਕ ਅਸਮਾਨ ਵੱਲ ਨਜ਼ਰ ਮਾਰੀ। ਦਿਨ ਵੇਲੇ ਅਸਮਾਨ 'ਚ ਘੁੰਮਦੀਆਂ ਨਿੱਕੀਆਂ-ਨਿੱਕੀਆਂ ਤਿੱਤਰ ਖੰਭੀਆਂ ਜਿਹੀਆਂ ਭਾਰੀ ਬੱਦਲਾਂ ਦਾ ਰੂਪ ਧਾਰੀ ਖੜ੍ਹੀਆਂ ਸਨ। ਫਿਰ ਮਾੜੀ ਮਾੜੀ ਕਿਣਮਿਣ ਜਿਹੀ ਸ਼ੁਰੂ ਹੋ ਗਈ। ਕਣੀਆਂ ਦੇਖ ਕੇ ਅਚਾਨਕ ਮੈਨੂੰ ਰਹਿਮਤ ਅਲੀ ਦਾ ਖਿਆਲ ਆ ਗਿਆ। ਮੈਂ ਸਾਥੀਆਂ ਨਾਲੋਂ ਖਿਸਕ ਕੇ ਖੇਤ ਵੱਲ ਤੁਰ ਪਿਆ। ਮੈਂ ਡੂੰਬੀ 'ਚ ਜਾ ਕੇ ਦੀਵਾ ਜਗਾਇਆ। ਉਹ ਜਾਗਦਾ ਹੀ ਪਿਆ ਸੀ। ਦੀਵੇ ਦੇ ਚਾਨਣ 'ਚ ਉਸਨੇ ਜਦੋਂ ਮੇਰੇ ਹੱਥ ਤਲਵਾਰ ਵੇਖੀ ਤਾਂ ਉਹ ਸਮਝਿਆ ਕਿ ਸ਼ਾਇਦ ਮੈਂ ਉਸਦੀ ਮੁਰਾਦ ਪੂਰੀ ਕਰਨ ਆ ਗਿਆ ਹਾਂ। ਉਹ ਹੱਥ ਦੇ ਇਸ਼ਾਰੇ ਨਾਲ ਮੈਨੂੰ ਆਪਣੇ ਕੋਲ ਬੁਲਾਉਂਦਾ ਬੋਲਿਆ, "ਪੁੱਤਰਾ ਮੈਨੂੰ ਬੈਠਾ ਕਰਦੇ ਤੇ ਬੱਸ ਪੰਜ ਕੁ ਮਿੰਟ ਖੜੋ ਜਾ। ਮੈਂ ਜਾਂਦੀ ਵਾਰ ਦਾ ਪਰਵਰਦਿਗਾਰ ਅੱਗੇ ਸਿਜਦਾ ਕਰ ਲਵਾਂ। ਫਿਰ ਤੂੰ ਪੁੰਨ ਵਾਲਾ ਕੰਮ ਕਰੀਂ ਤੇ....।"

ਮੇਰਾ ਮਨ ਭਰ ਆਇਆ। ਮੈਂ ਉਸਨੂੰ ਫੜ ਕੇ ਦੁਬਾਰਾ ਪਾਇਆ ਤੇ ਦੱਸਿਆ ਕਿ ਮੈਂ

ਤਾਂ ਮੀਂਹ ਦਾ ਕਰਕੇ ਸਿਰਫ ਉਸਦਾ ਪਤਾ ਲੈਣ ਆਇਆ ਸੀ। ਉਸਨੂੰ ਲਿਟਾ ਕੇ ਮੈਂ ਵਾਪਸ ਮੁੜ ਪਿਆ।

ਪਿੰਡ ਪਹੁੰਚਦਿਆਂ ਤੱਕ ਮੀਂਹ ਵਾਹਵਾ ਵਧ ਗਿਆ ਸੀ। ਪਹਿਰੇ ਵਾਲੇ ਸਭ ਖਿੰਡ ਪੁੰਡ ਗਏ ਸਨ। ਮੈਂ ਵੀ ਸਿੱਧਾ ਘਰੇ ਹੀ ਚਲਾ ਗਿਆ। ਮੰਜੇ ਤੇ ਟੇਢਾ ਪੈ ਕੇ ਕਣੀਆਂ ਵੱਲ ਦੇਖਦੇ ਦੀ ਪਤਾ ਨਹੀਂ ਕਦੋਂ ਅੱਖ ਲੱਗ ਗਈ। ਦਿਨ ਚੜ੍ਹਦੇ ਜਿਹੇ ਜਦੋਂ ਅੱਖ ਖੁੱਲ੍ਹੀ ਤਾਂ ਦੇਖਿਆ ਕਿ ਬਾਹਰ ਬਹੁਤ ਤੇਜ਼ ਮੀਂਹ ਪੈ ਰਿਹਾ ਸੀ। ਵਿਹੜੇ ਵਿਚ ਗੋਡੇ ਗੋਡੇ ਪਾਣੀ ਚੜ੍ਹਿਆ ਖੜ੍ਹਾ ਸੀ। ਮੈਂ ਪਾਸਾ ਮਾਰ ਕੇ ਫਿਰ ਸੌਂ ਗਿਆ। ਪਿਛਲੇ ਦਿਨਾਂ ਦਾ ਥੱਕਿਆ ਟੁੱਟਿਆ ਸਾਰਾ ਦਿਨ ਸੁੱਤਾ ਰਿਹਾ। ਆਥਣ ਵੇਲੇ ਉਠਿਆ ਤਾਂ ਘਮਸਾਨ ਦਾ ਮੀਂਹ ਉਸੇ ਤਰ੍ਹਾਂ ਵਰ੍ਹ ਰਿਹਾ ਸੀ। ਐਨਾ ਮੀਂਹ ਜਿਵੇਂ ਕਿ ਸਾਰਾ ਸਮੁੰਦਰ ਹੀ ਉਲਟ ਪਿਆ ਹੋਵੇ। ਸਾਰੇ ਪਾਸੇ ਜਲ ਥਲ ਹੋਇਆ ਪਿਆ ਸੀ। ਇਸੇ ਤਰ੍ਹਾਂ ਲਗਾਤਾਰ ਦੋ ਦਿਨ ਤੇ ਦੋ ਰਾਤਾਂ ਮੂਸਲੇਧਾਰ ਮੀਂਹ ਵਰਦਾ ਰਿਹਾ। ਚਾਰ ਚੁਫੇਰੇ ਇਤਨਾ ਮੀਂਹ ਪਿਆ ਕਿ ਘੱਗਰ ਨਦੀ ਵਿੱਚ ਪਾਣੀ ਇਕਦਮ ਦਸ ਫੁੱਟ ਉੱਚਾ ਜਾ ਚੜ੍ਹਿਆ। ਹੁਣ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ ਕਿ ਕੋਈ ਵੀ ਸ਼ੇਖਾ ਪੱਤਣ ਤੋਂ ਨਦੀ ਪਾਰ ਕਰ ਸਕੇ। ਕੱਲ੍ਹ ਤੱਕ ਜਿਸ ਘੱਗਰ ਤੋਂ ਲੋਕ ਡਰ ਰਹੇ ਸਨ ਅੱਜ ਉਹੀ ਘੱਗਰ ਨਦੀ ਇਹਨਾਂ ਪਿੰਡਾਂ ਦੀ ਹਿਫਾਜ਼ਤ ਲਈ ਕਾਫਲੇ ਦੇ ਸਾਹਮਣੇ ਛਾਤੀ ਡਾਹ ਕੇ ਖੜੋਤੀ ਲੱਗਦੀ ਸੀ।

ਮੇਰੇ ਇਕ ਦਮ ਰਹਿਮਤ ਅਲੀ ਯਾਦ ਆਇਆ। ਮੈਂ ਖੇਤ ਵੱਲ ਭੱਜਿਆ। ਉਥੇ ਜਾ ਕੇ ਦੇਖਿਆ ਕਿ ਸਾਰੇ ਪਾਸੇ ਪਾਣੀ ਹੀ ਪਾਣੀ ਖੜ੍ਹਾ ਸੀ। ਝੁੰਬੀ ਢਹਿ ਢੇਰੀ ਹੋ ਚੁਕੀ ਸੀ ਤੇ ਸਿਰਫ ਕਾਨਿਆਂ ਦਾ ਢੇਰ ਜਿਹਾ ਦਿਸਦਾ ਸੀ। ਪਰ ਉੱਚੀ ਥਾਂ ਹੋਣ ਕਰਕੇ ਉੱਥੇ ਪਾਣੀ ਨਾ ਚੜ੍ਹਿਆ। ਨੇੜੇ ਗਿਆ ਤਾਂ ਵੇਖਿਆ ਕਿ ਰਹਿਮਤ ਅਲੀ ਕਾਨਿਆਂ 'ਚ ਦਬਿਆ ਪਿਆ ਸੀ। ਉਸਦਾ ਸਿਰ ਬਾਹਰ ਦਿਸ ਰਿਹਾ ਸੀ। ਮੇਰੀ ਆਮਦ ਦੀ ਵਿੜਕ ਲੈਂਦਿਆਂ ਉਹ ਬੋਲਿਆ, "ਵੇਖ ਪੁੱਤਰ ਇੰਨਾ ਕਹਿਰ ਝੁਲ ਚੁਕਿਐ ਪਰ ਅੱਲਾ ਤਾਲਾ ਮੇਰੇ 'ਤੇ ਫਿਰ ਵੀ ਮਿਹਰਬਾਨ ਨ੍ਹੀਂ ਹੋਇਆ। ਮੈਂ ਰੁੜ੍ਹ ਕੇ ਪਾਣੀ 'ਚ ਡੁੱਬਣ ਦੀ ਸੋਚੀ ਪਰ ਸਫਲ ਨ੍ਹੀਂ ਹੋ ਸਕਿਆ। ਹੁਣ ਤਾਂ ਪੁੱਤਰਾ ਤੇਰੇ 'ਤੇ ਈ ਮੇਰੀ ਸਾਰੀ ਉਮੀਦ ਐ।"

ਹੱਡੀਆਂ ਦੀ ਮੁੱਠੀ ਬਣੇ ਪਏ ਰਹਿਮਤ ਅਲੀ ਦੀ ਹਾਲਤ ਮੈਥੋਂ ਵੇਖੀ ਨਾ ਗਈ। ਉਸਨੇ ਬਾਂਹ ਦੇ ਆਸਰੇ ਸਰੀਰ ਹਿਲਾਇਆ ਤੇ ਉਸਦੀ ਧੌਣ ਮੇਰੇ ਸਾਹਮਣੇ ਆ ਗਈ। ਉਹ ਹੌਲੀ ਜਿਹੀ ਬੋਲਿਆ, "ਲੈ ਪੁੱਤਰਾ ਹੁਣ ਨਾਂਹ ਨਾ ਕਹੀਂ। ਮੈਨੂੰ ਛੁਟਕਾਰਾ ਦਿਵਾ।" ਮੈਂ ਆਲੇ ਦੁਆਲੇ ਵੇਖਿਆ ਹਰ ਪਾਸੇ ਪਾਣੀ ਹੀ ਪਾਣੀ ਦਿਸ ਰਿਹਾ ਸੀ। ਇੱਧਰ ਉੱਧਰ ਵੇਖਦਿਆਂ ਮੈਂ ਹੇਠਾਂ ਵੱਲ ਨਜ਼ਰ ਮਾਰੀ। ਰਹਿਮਤ ਅਲੀ ਦੀ ਧੌਣ ਮੇਰੇ ਸਾਹਮਣੇ ਸੀ। ਫਿਰ ਮੈਂ ਕਸੀਸ ਜਿਹੀ ਵੱਟੀ ਤੇ ਤਲਵਾਰ ਦਾ ਭਰਵਾਂ ਵਾਰ ਕੀਤਾ। 'ਗੱਚ' ਦੀ ਆਵਾਜ਼ ਹੋਈ ਤੇ ਉਸਦਾ ਸਿਰ ਧੜ ਨਾਲੋਂ ਅਲੱਗ ਹੋ ਕੇ ਪਰ੍ਹੇ ਆੜ 'ਚ ਜਾ ਡਿੱਗਿਆ। ਆਲੇ ਦੁਆਲੇ ਨਜ਼ਰ ਮਾਰਦਿਆਂ ਲੱਗਿਆ ਜਿਵੇਂ ਕਿ ਸਾਰਾ ਪਾਣੀ ਲਾਲ ਹੋ ਗਿਆ ਹੋਵੇ। ਪਰ ਅਗਲੇ ਹੀ ਪਲ ਲੱਗਿਆ ਜਿਵੇਂ ਉੱਥੇ ਕੁਛ ਵੀ ਨਾ ਹੋਇਆ ਹੋਵੇ। ਮੁੱਦਤਾਂ ਹੋ ਗਈਆਂ ਉਸ ਹਾਦਸੇ ਨੂੰ ਵਾਪਰਿਆਂ। ਹੁਣ ਵੀ ਕਦੇ-ਕਦਾਈਂ ਮੈਨੂੰ ਇਉਂ ਲੱਗਦਾ ਰਹਿੰਦਾ ਹੈ ਜਿਵੇਂ ਮੈਂ ਉਸ ਰਾਤ ਕੋਈ ਪੁੰਨ ਵਾਲਾ ਕੰਮ ਕੀਤਾ ਸੀ।



# ਅਮਾਨਤ

**ਗੁਰਵੇਲ ਸਿੰਘ ਪੰਨੂੰ**

ਨੀਵੀਂ ਜਹੀ ਛੱਤ ਵਾਲੇ ਹੋਟਲ ਦਾ ਕਮਰਾ ਜਦ ਸ਼ਰਾਬ ਦੀ ਬੂ ਤੇ ਸਿਗਰਟਾਂ ਦੇ ਧੂੰਏਂ ਨਾਲ ਭਰ ਗਿਆ ਤਾਂ ਉਸ ਕਹਿਣਾ ਸ਼ੁਰੂ ਕੀਤਾ—

ਇਹ ਗੱਲ ਉਹਨਾਂ ਦਿਨਾਂ ਦੀ ਏ, ਜਦ ਸਤਲੁਜ ਤੇ ਬਿਆਸ ਵਿਚ ਕੋਈ ਅਟਕੀ ਅਟਕਾਈ ਲਾਸ਼ ਵੀ ਰੁੜ੍ਹ ਕੇ ਤੁਰੀ ਆਉਂਦੀ ਸੀ, ਜਦ ਪਿੰਡਾਂ ਦੇ ਲਾਗਲਿਆਂ ਛੱਪੜਾਂ ਟੋਭਿਆਂ 'ਚੋਂ ਹਾਲੀ ਵੀ ਕੋਈ ਨਾ ਕੋਈ ਲੋਥ ਫੁੱਲ ਕੇ ਪਾਣੀ ਦੇ ਉੱਤੇ ਤਰ ਆਂਦੀ...ਤੇ ਨਾਲੇ ਉਸ ਸਾਲ ਹੜ੍ਹ ਵੀ ਬੜੇ ਆਏ ਸਨ, ਦੂਰ-ਦੂਰ ਤਾਈਂ ਪਾਣੀ ਫੈਲ ਗਿਆ ਸੀ। ਅਣਗਿਣਤ ਲਾਸ਼ਾਂ ਉਸ ਸਾਲ ਪਾਣੀ ਵਹਾ ਕੇ ਪੂਰਬ ਤੋਂ ਪੱਛਮੀ ਪੰਜਾਬ ਵੱਲ ਲੈ ਗਿਆ ਸੀ। ਜੋ ਲਾਸ਼ ਉਸ ਵੀ ਹੌਲੀ ਭਾਰੀ, ਬਦਸੂਰਤ ਖ਼ੂਬਸੂਰਤ—ਕਿਸੇ ਪਿਆਰੇ ਨੇ ਪਾਣੀ 'ਚ ਸੁੱਟ ਦਿੱਤੀ, ਪਾਣੀ ਨੇ ਉਸ ਨੂੰ ਆਪਣੀ ਵਿਸ਼ਾਲ ਹਿੱਕ ਨਾਲ ਲਾ ਲਿਆ ਤੇ ਲੈ ਗਿਆ ਵਹਾ ਕੇ ਦੂਰ-ਦੂਰ ਜਿਥੇ ਇਕ ਨਵਾਂ ਦੇਸ਼ ਬਣ ਚੁਕਾ ਸੀ। ਦਰਅਸਲ ਦਰਿਆਵਾਂ ਦੀ ਦਰਿਆ ਦਿਲੀ ਹੈ ਹੀ ਕਹਾਵਤੀ!!

ਨਕਸ਼ੇ ਤੇ ਖਿੱਚੀ ਲਕੀਰ ਧਰਤੀ ਵਿਚ ਜੜ੍ਹ ਪਕੜ ਰਹੀ ਸੀ। ਹੱਦ ਲੱਗ ਗਈ ਸੀ, ਹੱਦ ਦੇ ਦੋਵੀਂ ਪਾਸੀਂ ਫ਼ੌਜਾਂ ਆਪਣੇ ਅਮਲੇ ਫੈਲੇ ਸਣੇ ਜੰਮ ਗਈਆਂ ਸਨ। ਆਮ ਲੋਕਾਂ ਦਾ ਇਕ ਪਾਸਿਉਂ ਦੂਜੇ ਪਾਸੇ ਆਣਾ-ਜਾਣਾ ਬੰਦ ਕੀਤਾ ਜਾ ਰਿਹਾ ਸੀ। ਹੱਦ ਉਤੇ ਪਹਿਰੇ ਮਜ਼ਬੂਤ ਹੋ ਗਏ ਸਨ। ਵਾਹਗੇ ਦੇ ਕੋਲ ਇਕ ਮਹੀਨ, ਨਾਜ਼ਕ, ਟੋਟੂੰ-ਟੋਟੂੰ ਕਰਦੀ ਤਾਰ ਦੋਹਾਂ ਦੇਸ਼ਾਂ ਨੂੰ ਜੋੜੀ ਬੈਠੀ ਸੀ....

ਪੰਜਾਬ ਦੇ ਹਾਲਾਤ ਬਾਰੇ, ਬੰਬਈ ਬੈਠਿਆਂ ਮੈਨੂੰ ਕੁਝ-ਕੁਝ ਅਖ਼ਬਾਰਾਂ ਤੋਂ ਪਤਾ ਲੱਗਦਾ ਤੇ ਕੁਝ ਉਹਨਾਂ ਲੋਕਾਂ ਕੋਲੋਂ ਜੋ ਪੱਛਮੀ ਪੰਜਾਬ ਤੋਂ ਜਾਨਾਂ ਬਚਾ ਕੇ ਭੱਜ ਆਏ ਸਨ ਜਾਂ ਪੂਰਬੀ ਪੰਜਾਬ ਤੋਂ ਨੱਠ ਕੇ ਬੰਬਈ ਆ ਗਏ ਸਨ। ਕੋਠੀਆਂ ਦੀ ਮਾਲਕ ਮੇਰੀ ਫੁੱਫੀ, ਅੰਬਾਲੇ ਤੋਂ ਜਾਨ ਬਚਾ ਕੇ ਟੱਬਰ ਦੇ ਜੀਆਂ ਸਣੇ ਲਾਹੌਰ ਪਹੁੰਚ ਗਈ ਸੀ। ਉਸ ਦਾ ਖ਼ਤ ਆਇਆ ਕਿ ਉਹ ਦੀ ਲੜਕੀ ਖੁਰਸ਼ੀਦ ਨੂੰ ਗੌਰਮਿੰਟ ਕਾਲਜ ਦੇ ਹੋਸਟਲ 'ਚੋਂ ਕੁਝ ਬਦਮਾਸ਼ ਚੁੱਕ ਕੇ ਲੈ ਗਏ ਸਨ, ਪਰ ਕਿਵੇਂ ਨਾ ਕਿਵੇਂ ਹੁਣ ਉਹ ਲਾਹੌਰ ਪਹੁੰਚ ਚੁਕੀ ਸੀ। ਫੁੱਫੀ ਨੇ ਲਿਖਿਆ ਸੀ ਕਿ ਉਹ ਬੱਚਾ ਜੰਮਣ ਵਾਲੀ ਹੈ ਤੇ ਟੱਬਰ ਦੇ ਸਾਰੇ ਜੀਅ ਪਿਟ-ਪਿਟ ਕੇ ਮਰ ਲੱਥੇ ਹਾਂ ਕਿ ਇਸ ਗੰਦੇ ਕੀੜੇ ਨੂੰ ਗਿਰਾ ਦਿੱਤਾ ਜਾਵੇ, ਪਰ ਖੁਰਸ਼ੀਦ ਹੈ ਕਿ ਮੰਨਦੀ ਤੱਕ ਨਹੀਂ। ਫੁੱਫੀ ਨੇ ਇਹ ਵੀ ਲਿਖਿਆ ਸੀ ਕਿ ਉਹਨਾਂ ਹਾਲੀ ਤੱਕ ਇਹ ਗੱਲ ਬਾਹਰ ਨਹੀਂ ਨਿਕਲਣ ਦਿੱਤੀ।

ਮੈਂ ਖ਼ਤ ਪੜ੍ਹਿਆ। ਕਦੀ ਗੁੱਸੇ ਨਾਲ ਭਖ ਉਠਦਾ ਮੇਰਾ ਸਰੀਰ ਤੇ ਕਦੀ ਬਿਲਕੁਲ ਸਿਥਲ ਹੋ ਜਾਂਦਾ ਤੇ ਮੈਂ ਕੁਝ ਵੀ ਨਾ ਕਰ ਸਕਦਾ। ਇਕ ਲਾਚਾਰੀ ਦੀ ਅਵਸਥਾ ਸਭ ਪਾਸੇ ਛਾਈ ਹੋਈ ਸੀ। ਖ਼ੁਰਸ਼ੀਦ, ਮੇਰੀ ਫੁੱਫੀ ਦੀ ਲੜਕੀ ਸੀ; ਖ਼ੁਰਸ਼ੀਦ, ਜਿਸ ਨੂੰ ਮੈਂ ਪਿਆਰ ਕਰਦਾ ਸਾਂ; ਖ਼ੁਰਸ਼ੀਦ, ਜਿਸ ਦੀ ਮਾਂ ਨੇ ਕਿਹਾ ਸੀ—ਬੇਟਾ, ਖ਼ੁਰਸ਼ੀਦ ਨੂੰ ਦੋ ਸਾਲ ਹੋਰ ਪੜ੍ਹਾਈ ਕਰ ਲੈਣ ਦੇ, ਫਿਰ ਉਸ ਤੇਰੇ ਕੋਲ ਬੰਬਈ ਆ ਹੀ ਜਾਣਾ ਹੈ; ਖ਼ੁਰਸ਼ੀਦ, ਜਿਸ ਦੇ ਅੰਦਰ ਹੁਣ ਇਕ ਗੰਦਾ ਕੀੜਾ ਸੀ....ਮੇਰਾ ਜੀਅ ਕਚਿਆਣ ਲੱਗ ਪੈਂਦਾ। ਮੇਰੇ ਲਈ ਆਪਣਾ ਆਪ ਸਾਵਾਂ ਰੱਖਣਾ ਮੁਸ਼ਕਿਲ ਹੋ ਰਿਹਾ ਸੀ।

ਫੁੱਫੀ ਦਾ ਦੂਜਾ ਖ਼ਤ ਆਇਆ ਕਿ ਹੱਦ ਉਤੇ ਲੋਕਾਂ ਦਾ ਸਾਮਾਨ ਇੱਧਰ ਉੱਧਰ ਤਬਦੀਲ ਕੀਤਾ ਜਾ ਰਿਹਾ ਹੈ। ਕੰਮ ਜਾਂ ਪੈਸੇ ਨਾਲ ਹੁੰਦਾ ਹੈ ਜਾਂ ਸਿਫ਼ਾਰਸ਼ਾਂ ਨਾਲ। ਉਸ ਲਿਖਿਆ ਕਿ ਅੰਬਾਲਾ ਛੱਡਣ ਲੱਗਿਆਂ ਉਹ ਕੁਝ ਸਾਮਾਨ ਕਿਸੇ ਬੰਦੇ ਨੂੰ ਦੇ ਗਏ ਸਨ ਤੇ ਜੇ ਕਰ ਮੈਂ ਪੰਜਾਬ ਆਉਣ ਦੀ ਹਿੰਮਤ ਕਰਾਂ ਤੇ ਉਸ ਬੰਦੇ ਕੋਲੋਂ ਸਾਮਾਨ ਲੈ ਕੇ ਬਾਰਡਰ ਤੋਂ ਕਿਵੇਂ ਨਾ ਕਿਵੇਂ ਪਾਰ ਕਰਵਾ ਲਵਾਂ ਤਾਂ ਬੜੀ ਚੰਗੀ ਗੱਲ ਹੋਵੇਗੀ। ਉਸ ਬੰਦੇ ਨੂੰ ਉਹ ਸੁਨੇਹਾ ਭੇਜ ਦੇਣਗੇ ਤੇ ਹੱਦ ਦੇ ਦੂਜੇ ਪਾਸੇ ਫੁੱਫੀ ਆਪ ਆ ਜਾਵੇਗੀ। ਉਸ ਸਾਰਾ ਬੰਦੋਬਸਤ ਕਰ ਲਿਆ ਸੀ।

"ਮੈਂ ਹਿੰਮਤ ਕਰਕੇ ਪੰਜਾਬ ਜਾਵਾਂ" ਇਹੀ ਅੱਖਰ ਦਿਨੇ ਰਾਤੀ ਚੌਵੀਂ ਘੰਟੇ ਮੇਰੇ ਸਿਰ 'ਚ ਘੁੰਮਣ ਲੱਗੇ। ਪੰਜ ਛੇ ਮਹੀਨੇ ਹੀ ਹਾਲੀ ਹੋਏ ਸਨ, ਫ਼ਸਾਦਾਂ ਨੂੰ ਖ਼ਤਮ ਹੋਇਆਂ ਤੇ ਹਵਾ ਹਾਲੀਂ ਵੀ ਫ਼ਸਾਦਾਂ ਦੀ ਹਵਾੜ ਨਾਲ ਭਾਰੀ-ਭਾਰੀ ਸੀ। ਹਰ ਸਾਹ ਲਿਆਂ ਅੰਦਰ ਖ਼ੂਨ ਦੀ ਮੁਸ਼ਕ ਜਾਂਦੀ ਸੀ, ਹਰ ਗੱਲ ਸੁਣਿਆਂ ਕੋਹੇ ਗਏ ਮਾਸੂਮਾਂ ਦੀਆਂ ਚੀਕਾਂ, ਕੁਰਲਾਹਟਾਂ ਕੰਨੀਂ ਪੈਂਦੀਆਂ ਸਨ। ਪੰਜਾਬ ਵੱਲ ਪੁੱਟਿਆ ਹਰ ਕਦਮ ਮੇਰੇ ਲਈ ਮੌਤ ਵੱਲ ਪੁੱਟਿਆ ਕਦਮ ਸੀ। ਇਸ ਤਰ੍ਹਾਂ ਦੀਆਂ ਭਿਅੰਕਰ ਸੋਚਾਂ ਨੇ ਮੇਰੀ ਨੀਂਦ ਹਰਾਮ ਕਰ ਦਿੱਤੀ, ਮੇਰੀ ਘਟਦੀ-ਘਟਦੀ ਉੱਕੀ ਘਟ ਗਈ। ਕਾਰੋਬਾਰ 'ਚ ਮੇਰਾ ਜੀਅ ਹੀ ਨਾ ਲੱਗਦਾ। ਉਧਰੋਂ ਫੁੱਫੀ ਦੇ ਖ਼ਤ ਤੇ ਖ਼ਤ ਆ ਰਹੇ ਸਨ। ਉਹ ਆਪਣੇ ਸਾਮਾਨ ਲਈ ਕਾਹਲੀ ਪੈ ਰਹੀ ਸੀ। ਫੁੱਫੀ ਦੇ ਸਾਮਾਨ ਲਈ ਕੌਣ ਆਪਣੀ ਜਾਨ ਖ਼ਤਰੇ 'ਚ ਪਾਂਦਾ ਸੀ, ਉਹਨੀਂ ਦਿਨੀਂ ਮੇਰੀ ਸਭ ਤੋਂ ਵੱਡੀ ਸੋਚ 'ਖ਼ੁਰਸ਼ੀਦ' ਸੀ।

ਤੇ ਅਚਾਨਕ ਇਕ ਦਿਨ ਮੈਂ ਫ਼ੈਸਲਾ ਕਰ ਲਿਆ। ਮੈਂ ਸਰਹੱਦ ਤੇ ਜਾਵਾਂਗਾ, ਖ਼ੁਰਸ਼ੀਦ ਨੂੰ ਮਿਲਾਂਗਾ। ਮੈਂ ਉਸ ਨੂੰ ਕਹਾਂਗਾ—"ਖ਼ੁਰਸ਼ੀਦ, ਕੋਈ ਗੱਲ ਨਹੀਂ। ਜ਼ਿੰਦਗੀ ਨੇ ਤੇਰੇ ਤੇ ਨਾਹੱਕ ਕੀਤਾ ਹੈ। ਮੈਂ ਸਹਾਰਾ ਬਣਾਂਗਾ।" ਮੈਂ ਖ਼ੁਰਸ਼ੀਦ ਨੂੰ ਹੌਸਲਾ ਦੇਵਾਂਗਾ, ਉਸ ਦੇ ਵਾਲਾਂ 'ਚ ਹੱਥ ਫੇਰਾਂਗਾ। ਉਹ ਮੇਰੀ ਹਿੱਕ ਤੇ ਸਿਰ ਰੱਖ ਉਂਘਲਾ ਜਾਵੇਗੀ....ਮੈਂ ਦਿਨ ਰਾਤ ਪੰਜਾਬ ਜਾਣ ਦੀਆਂ ਸਬੀਲਾਂ ਸੋਚਣ ਲੱਗਾ।

ਆਪਣੇ ਦਫ਼ਤਰ 'ਚ ਕੰਮ ਕਰਦਿਆਂ ਇਕ ਦਿਨ ਸਰੋਜ ਨਾਂ ਦੀ ਕਿਸੇ ਕੁੜੀ ਦੀ ਚਿੱਠੀ ਤੇ ਮੇਰੀ ਨਜ਼ਰ ਪਈ। ਸਰੋਜ ਨੇ ਰੋਲ ਕਰਨ ਲਈ ਤਰਲਾ ਕੀਤਾ ਸੀ—"ਮੈਂ ਫ਼ਸਾਦਾਂ ਦਾ ਬਹੁਤ ਕੁਝ ਆਪਣੀ ਅੱਖੀਂ ਡਿੱਠਾ ਹੈ। ਮੈਂ ਤੁਹਾਡੀ ਉਸ ਫ਼ਿਲਮ 'ਚ ਕੰਮ ਕਰਕੇ ਖ਼ੁਸ਼ ਹੋਵਾਂਗੀ, ਜੋ ਤੁਸੀਂ ਫ਼ਸਾਦਾਂ ਬਾਰੇ ਬਣਾਨ ਦਾ ਐਲਾਨ ਕੀਤਾ ਹੈ।"

ਸਰੋਜ ਨੇ ਆਪਣੀ ਫੋਟੋ ਨਾਲ ਭੇਜੀ ਸੀ। ਆਪਣੇ ਬਾਰੇ ਉਸ ਬਹੁਤ ਕੁਝ ਲਿਖਿਆ



ਸੀ—ਉਸ ਦੇ ਪਿਤਾ ਜੀ ਅੰਮ੍ਰਿਤਸਰ ਰਹਿੰਦੇ ਹਨ। ਵਾਹਗੇ ਬਾਰਡਰ ਤੇ ਉਹ ਇਕ ਉੱਚੇ ਅਫ਼ਸਰ ਲੱਗੇ ਹੋਏ ਸਨ....

ਇਹੋ ਜਿਹੀਆਂ ਸੈਂਕੜੇ ਚਿੱਠੀਆਂ ਵਿਚੋਂ ਇਹ ਚਿੱਠੀ ਮੈਨੂੰ ਸਭ ਤੋਂ ਵੱਧ ਕੀਮਤੀ ਤੇ ਸਹਾਰਾ ਦੇਂਦੀ ਜਾਪੀ।

ਕੁਝ ਦਿਨਾਂ ਬਾਅਦ ਮੈਂ ਪੰਜਾਬ ਗਿਆ। ਬਾਰਡਰ ਤੱਕ ਸਾਰੇ ਹਾਲਾਤ ਆਪਣੀ ਅੱਖੀਂ ਵੇਖ ਆਇਆ। ਸਰੋਜ ਨਾਲ ਕਈ ਦਿਨ ਮੈਂ ਅੰਮ੍ਰਿਤਸਰ ਫਿਰਦਾ ਰਿਹਾ। ਉਹ ਇਕ ਚੰਗੀ ਕੁੜੀ ਸੀ। ਐਕਟਿੰਗ ਦਾ ਸ਼ੌਕ ਉਸ ਨੂੰ ਬੇਹੱਦ ਸੀ। ਉਸ ਆਪਣੇ ਡੈਡੀ ਨਾਲ ਮੇਰੀ ਜਾਣ ਪਛਾਣ ਕਰਾਈ। ਉਹਨਾਂ ਮੈਨੂੰ ਯਕੀਨ ਦਿਵਾਇਆ ਕਿ ਉਹ ਬਾਰਡਰ ਤੇ ਸਾਮਾਨ ਉਧਰ ਭਿਜਵਾਣ 'ਚ ਮੇਰੀ ਪੂਰੀ ਸਹਾਇਤਾ ਕਰਨਗੇ। ਉਹਨਾਂ ਤੋਂ ਪੱਕਾ ਇਕਰਾਰ ਲੈ, ਸਰੋਜ ਨੂੰ ਇਕਰਾਰ ਦੇ ਮੈਂ ਵਾਪਸ ਬੰਬਈ ਆ ਗਿਆ। ਫੁੱਫੀ ਨੂੰ ਖ਼ਤ ਪਾ ਦਿੱਤਾ। ਉਹ ਉਸ ਆਦਮੀ ਨੂੰ ਸੁਨੇਹਾ ਭੇਜ ਦੇਣ, ਮੈਨੂੰ ਤਾਰੀਖ਼ ਲਿਖ ਘੱਲਣ, ਆਪ ਉਹ ਬਾਰਡਰ ਤੇ ਆ ਜਾਣ, ਮੈਂ ਉਹਨਾਂ ਦਾ ਸਾਮਾਨ ਹੱਦ ਤੋਂ ਪਾਰ ਕਰਵਾ ਦੇਵਾਂਗਾ।

ਆਪਣੀ ਫੁੱਫੀ ਦਾ ਕੰਮ ਕਰ ਸਕਣ ਦੀ ਚਾਹ ਤੇ ਖ਼ੁਸ਼ੀ ਨੇ ਮੈਨੂੰ ਨੱਕੋ-ਨੱਕ ਭਰ ਦਿੱਤਾ। ਦਿਨ ਲੰਘਦੇ ਰਹੇ, ਮਿੱਠੀ ਜਹੀ ਉਡੀਕ ਮੈਨੂੰ ਜਲੂਣਦੀ ਰਹੀ। ਪਤਾ ਹੀ ਨਾ ਲੱਗਾ ਕਿ ਕਦ ਇਕ ਮਹੀਨਾ ਲੰਘ ਗਿਆ।

ਫੁੱਫੀ ਦਾ ਸੰਖੇਪ ਜਿਹਾ ਖ਼ਤ ਆਇਆ ਕਿ ਫਲਾਣੀ ਤਾਰੀਖ਼ ਨੂੰ ਮੈਂ ਫ਼ਰੰਟੀਅਰ ਮੇਲ ਤੇ ਅੰਮ੍ਰਿਤਸਰ ਪਹੁੰਚਾਂ, ਉਥੇ ਗੱਡੀਉਂ ਉਤਰਦੇ ਨੂੰ ਹੀ ਮੈਨੂੰ ਕੋਈ ਆਦਮੀ ਸਾਮਾਨ ਦੇ ਜਾਵੇਗਾ ਤੇ ਬੱਸ, ਅੱਗੇ ਫਿਰ ਮੇਰੀ ਜ਼ਿੰਮੇਵਾਰੀ....

ਨੀਯਤ ਤਾਰੀਖ਼ ਨੂੰ ਮੈਂ ਗੱਡੀ 'ਚ ਸੁਆਰ ਹੋਇਆ। ਦਿੱਲੀ ਤੋਂ ਪੰਜਾਬ ਦੇ ਕੁਝ ਸ਼ਹਿਰਾਂ 'ਚ ਕੁਝ ਬਚੇ ਖੁਚੇ ਮੁਸਲਮਾਨਾਂ ਦੀ ਕਟਾ ਵੱਢੀ ਦੀਆਂ ਖ਼ਬਰਾਂ ਅਖ਼ਬਾਰਾਂ 'ਚ ਛਪ ਰਹੀਆਂ ਸਨ। ਪੰਜਾਬ ਦੀ ਫਿਜ਼ਾ ਫਿਰ ਭਾਰੀ-ਭਾਰੀ ਹੋ ਰਹੀ ਸੀ। ਮੇਰੇ ਲਈ ਇਤਨਾ ਅਗਾਂਹ ਵਧ ਕੇ ਹੁਣ ਪਿੱਛੇ ਪਰਤਣਾ ਅਸੰਭਵ ਸੀ। ਉਤੋਂ ਬੜੇ ਹੌਸਲੇ ਨਾਲ ਮੈਂ ਫ਼ਸਟ ਕਲਾਸ 'ਚ ਸਵਾਰ ਹੋਇਆ, ਅੰਦਰੋਂ ਮੇਰਾ ਦਿਲ ਭਾਂ-ਭਾਂ ਕਰ ਰਿਹਾ ਸੀ....

ਗੱਡੀ ਤੁਰ ਪਈ, ਸਫਰ ਕੱਟਦਾ ਗਿਆ। ਦਿੱਲੀ ਆਇਆ ਲੰਘ ਗਿਆ, ਸ਼ਾਮ ਪੈ ਰਹੀ ਸੀ, ਹਰ ਪਾਸੇ ਹਨੇਰਾ ਪਸਰ ਰਿਹਾ ਸੀ। ਦਿੱਲੀ ਸਟੇਸ਼ਨ ਤੇ ਲੋਕ ਭੀੜ ਵਿਚੋਂ ਮੁਸਲਮਾਨਾਂ ਨੂੰ ਇੰਜ ਢੂੰਡ ਰਹੇ ਹੋਣਗੇ, ਜਿਵੇਂ ਪੱਲਰੀ ਕਣਕ 'ਚੋਂ ਸ਼ਿਕਾਰੀ ਕੱਢਦੇ ਫਿਰਦੇ ਹੋਣ ਜਾਂ ਜਿਵੇਂ ਢਾਰਿਆਂ ਖੋਲਿਆਂ ਵਿਚੋਂ ਰੂਸੀ ਲੋਕ ਡਰੇ ਦਬਕੇ ਜਰਮਨ ਸਿਪਾਹੀਆਂ ਨੂੰ ਲੱਭਦੇ ਫਿਰਦੇ ਹੋਣ, ਪਰ ਦਿੱਲੀ ਸਟੇਸ਼ਨ ਤੇ ਇਦਾਂ ਦਾ ਕੁਝ ਵੀ ਨਹੀਂ ਸੀ। ਮੇਰੇ ਡੱਬੇ 'ਚ ਇਕ ਸਵਾਰੀ ਚੜ੍ਹੀ। ਕਹਿਣ ਲੱਗੀ, "ਲਾਲਾ ਜੀ, ਕਿੱਥੋਂ ਆਏ ਹੋ?'

'ਬੰਬਈ ਤੋਂ।' ਮੈਂ ਕਿਹਾ। ਇਹ 'ਲਾਲਾ ਜੀ' ਸ਼ਬਦ ਠੰਢ ਪਾਉਂਦਾ ਜਿਵੇਂ ਮੇਰੇ ਦਿਲ ਤੱਕ ਉੱਤਰ ਗਿਆ। ਗੱਡੀ ਅਗਾਂਹ ਚੱਲਦੀ ਗਈ। ਮੇਰਠ ਆਇਆ, ਲੰਘ ਗਿਆ। ਕਾਲੀ ਬੋਲੀ ਰਾਤ ਫੈਲ ਗਈ ਸੀ। ਸਹਾਰਨਪੁਰ ਆਇਆ ਗੁਜ਼ਰ ਗਿਆ। ਮੈਨੂੰ ਨੀਂਦ ਨਹੀਂ ਸੀ ਪੈ ਰਹੀ।

ਖਿੜਕੀ ਦਾ ਸ਼ੀਸ਼ਾ ਥੱਲੇ ਸੁੱਟੀ ਮੈਂ ਬੈਠਾ ਲਗਾਤਾਰ ਸਿਗਰਟ ਪੀਈ ਜਾ ਰਿਹਾ ਸਾਂ।

ਹੁਣ ਪੰਜਾਬ ਸ਼ੁਰੂ ਹੋ ਗਿਆ ਸੀ। ਰਾਤ ਹੋਰ ਡੂੰਘੀ ਹੋ ਰਹੀ ਸੀ। ਮੇਰੇ ਨਾਲ ਦੀ ਸਵਾਰੀ ਘੁਰਾੜੇ ਮਾਰ ਰਹੀ ਸੀ, ਜਿਵੇਂ ਸਭ ਖ਼ਤਰਿਆਂ ਦਾ ਮੂੰਹ ਚਿੜਾ ਰਹੀ ਹੋਵੇ। ਸਹਾਰਨਪੁਰ ਤੋਂ ਗੱਡੀ ਚੱਲੀ। ਫਕਫਕ-ਇੰਜਣ ਰਸਤਾ ਕੱਟ ਰਿਹਾ ਸੀ। ਕਿਸੇ ਸੁੱਤੇ ਪਏ ਪਿੰਡ ਦੇ ਕੁੱਤੇ ਭੌਂਕ ਰਹੇ ਸਨ। ਹਨੇਰਾ ਸੀ ਸਭ ਪਾਸੇ, ਗੱਡੀ ਜਿਵੇਂ ਕਿਸੇ ਖ਼ਲਾਅ ਵਿਚ ਦੀ ਲੰਘ ਰਹੀ ਹੋਵੇ। ਅੰਬਾਲਾ ਆਇਆ, ਗੱਡੀ ਰੁਕ ਗਈ। ਇੰਜਣ ਬਿਲਕੁਲ ਖਾਮੋਸ਼ ਹੋ ਗਿਆ ਜਿਵੇਂ ਕਿਤੇ ਸਫ਼ਰ ਦਾ ਅੰਤ ਆ ਗਿਆ ਹੋਵੇ। ਦੂਰ ਦਰਖ਼ਤਾਂ ਦੇ ਕਿਸੇ ਝੁੰਡ 'ਚੋਂ ਉੱਲੂ ਦੀ ਚੀਕ ਹਵਾ ਨੂੰ ਚੀਰਦੀ ਹੋਈ ਲੰਘ ਗਈ। ਸਟੇਸ਼ਨ ਤੇ ਬਿਲਕੁਲ ਚੁੱਪ ਚਾਂ ਸੀ, ਬਿਲਕੁਲ ਸੁੰਞਾ ਤੇ ਵੈਰਾਨ ਸੀ ਸਟੇਸ਼ਨ-ਇਕ ਮੁਕੰਮਲ ਖਾਮੋਸ਼ੀ ਸੀ ਸਭ ਪਾਸੇ ਛਾਈ ਹੋਈ। ਮੈਨੂੰ ਝੁਣਝੁਣੀ ਜਹੀ ਆਈ। ਮੈਂ ਕੰਬ ਜਿਹਾ ਗਿਆ। ਸਿਗਰਟ ਦੇ ਕਸ਼ ਮੈਂ ਜ਼ੋਰ ਦੀ ਭਰਨੇ ਸ਼ੁਰੂ ਕਰ ਦਿੱਤੇ। ਕੰਬਲ ਨੂੰ ਹੋਰ ਉਤਾਂਹ ਖਿੱਚ ਮੈਂ ਗਲ ਤੱਕ ਕਰ ਲਿਆ। ਮੇਰੇ ਅੰਗ-ਅੰਗ 'ਚ ਜਿਵੇਂ ਸਰਦੀ ਭਰਦੀ ਜਾ ਰਹੀ ਸੀ। ਇਕ ਟੱਕ ਮੈਂ ਸ਼ੀਸ਼ਾ ਚੜ੍ਹੀ ਖਿੜਕੀ ਥਾਣੀ ਬਾਹਰ ਪਲੇਟ-ਫ਼ਾਰਮ ਵੱਲ ਤੱਕੀ ਜਾ ਰਿਹਾ ਸਾਂ। ਖੌਰੇ ਅੱਜ ਗੱਡੀ ਕਦੋਂ ਚੱਲਣੀ ਸੀ? ਚੱਲਣੀ ਵੀ ਸੀ ਕਿ ਨਹੀਂ?

ਤੇ ਆਖ਼ਰ ਉਹੀ ਹੋ ਗਿਆ, ਜਿਸ ਦਾ ਮੈਨੂੰ ਡਰ ਸੀ। ਇਕ ਲੰਮਾ ਚੌੜਾ, ਕੋਈ ਛੇ ਫੁੱਟ ਦਾ ਸਿੱਖ ਮੇਰੇ ਵੱਲ ਵਧ ਰਿਹਾ ਸੀ, ਤੀਹਾਂ ਕੁ ਸਾਲਾਂ ਦੀ ਉਮਰ, ਉੱਚਾ ਲੰਮਾ ਕੱਦ, ਗਜ਼ ਭਰ ਚੌੜੀ ਹਿੱਕ, ਇਕ ਭਿਆਨਕ ਜਿਹਾ ਬੰਦਾ, ਚੋਬਰ ਦਾ ਚੋਬਰ। ਢਿੱਲੀ ਜਹੀ ਪੱਗ ਉਸ ਸਿਰ ਤੇ ਬੱਧੀ ਹੋਈ ਸੀ। ਖੇਸ ਦੀ ਫੁੱਲਵੀਂ ਜਹੀ ਬੁੱਕਲ ਉਸ ਮਾਰੀ ਹੋਈ ਸੀ, ਜਿਵੇਂ ਅੰਦਰ ਅੰਞਾਣਾ ਛੁਪਾ ਰੱਖਿਆ ਹੋਵੇ। ਤੇੜ ਚਾਦਰ ਤੇ ਪੈਰਾਂ ਪੱਕੀ ਸੋਲ੍ਹੀ ਜੁੱਤੀ—ਇਕ ਇਹੋ ਜਿਹਾ ਸਿੱਖ-ਜਿਨ੍ਹਾਂ ਬਾਰੇ ਮੈਂ ਸੁਣਿਆ ਸੀ ਕਿ ਇਕ ਦਿਨ ਕਿਰਪਾਨ ਮਾਰ ਕੇ ਬੱਕਰਾ ਵੱਢ ਘੱਤਿਆ ਕਰਦੇ ਸਨ, ਜਿਨ੍ਹਾਂ ਨੇ ਇਕ-ਇਕ ਦਿਨ ਵਿਚ ਸੌ-ਸੌ ਮੁਸਲਮਾਨਾਂ ਦੇ ਗਾਟੇ ਲਾਹੇ ਸਨ। ਮੁੱਛਾਂ ਨੂੰ ਵੱਟ ਦੇਂਦਾ, ਉਹ ਨੀਝ ਲਾ ਮੇਰੇ ਵੱਲ ਤੱਕ ਰਿਹਾ ਸੀ। ਮੈਨੂੰ ਇੰਜ ਲੱਗਾ ਜਿਵੇਂ ਉਹ ਮੇਰੇ ਬਾਰੇ ਫ਼ੈਸਲਾ ਕਰ ਰਿਹਾ ਹੋਵੇ। ਸਟੇਸ਼ਨ ਦੇ ਯਾਰਡ 'ਚੋਂ ਕੁੱਤੇ ਦੇ ਰੋਣ ਦੀ ਆਵਾਜ਼ ਆਈ। ਉਹ ਹੋਰ ਅਗਾਂਹ ਵਧਿਆ ਤੇ ਟਹਿਲਦਾ-ਟਹਿਲਦਾ, ਮੇਰੇ ਵੱਲ ਘੂਰਦਾ-ਘੂਰਦਾ ਅਗਾਂਹ ਲੰਘ ਗਿਆ। ਇੰਜਨ ਨੇ ਛੂੰ-ਛੂੰ ਕੀਤੀ, ਵਿਸ਼ਾਲ ਦਿੱਲੀ ਤੇ ਸਾਰੀ ਗੱਡੀ ਆਪਣੀ ਬੁੜਕਵੀਂ ਚਾਲੇ ਅਗਾਂਹ ਤੁਰ ਪਈ। ਮੈਂ ਪੰਜਾਬ ਦੇ ਹੋਰ ਅੰਦਰ ਚਲਿਆ ਜਾ ਰਿਹਾ ਸਾਂ, ਖ਼ਤਰੇ ਵੱਲ ਹੋਰ ਅੱਗੇ ਵਧ ਰਿਹਾ ਸਾਂ।

ਲੁਧਿਆਣਾ ਆ ਗਿਆ। ਉਸੇ ਤਰ੍ਹਾਂ ਦਾ ਵਿਰਾਨ ਸਟੇਸ਼ਨ, ਉਹੀ ਖਾਮੋਸ਼ੀ, ਇੰਜਣ ਦੀ ਉਹੀ ਗ਼ਦਾਰੀ, ਘੋਰ ਹਨੇਰੀ ਰਾਤ ਦੀ ਉਹੀ ਭਿਆਨਤਾ ਤੇ ਪਲੇਟ ਫ਼ਾਰਮ ਤੇ ਚੱਕਰ ਲਾਂਦਾ, ਮੇਰੇ ਵੱਲ ਘੂਰਦਾ ਉਹੀ ਬੁਰਛੇ ਵਰਗਾ ਸਿੱਖ—ਗੈਂਬੜ ਦਾ ਗੈਂਬੜ ਮਨੁੱਖ। ਉਸ ਨੂੰ ਸ਼ਾਇਦ ਮੇਰੇ ਮੁਸਲਮਾਨ, ਅਮੀਰ ਮੁਸਲਮਾਨ ਹੋਣ ਦਾ ਪਤਾ ਲੱਗ ਚੁਕਾ ਸੀ। ਮੇਰਾ ਖ਼ੂਨ ਜੰਮਣਾ ਸ਼ੁਰੂ ਹੋ ਗਿਆ, ਮੇਰੀਆਂ ਅੱਖਾਂ ਅੱਗੇ ਭੰਬਰ ਤਾਰੇ ਨੱਚਣ ਲੱਗੇ। ਮੈਂ ਆਪਣੀ ਨਬਜ਼ ਟੋਹੀ ਕਿਤੇ ਚੱਲਦੀ ਉਹ ਮੈਨੂੰ ਲੱਭੀ ਨਾ। ਮੇਰੇ ਵਿਚੋਂ ਉੱਠਣ ਦਾ ਸਾਹ ਸਤ ਮੁੱਕਦਾ ਜਾ ਰਿਹਾ ਸੀ। ਸਿਗਰਟ ਦਾ ਧੂੰਆਂ ਮੇਰੀ ਹੋਣੀ ਨੂੰ ਹੋਰ ਕਾਲਾ ਕਰਦਾ ਜਾਪਿਆ। ਸਿਗਰਟ ਮੈਂ ਭੁੰਜੇ ਸੁੱਟ ਦਿੱਤੀ। ਪਲੇਟਫ਼ਾਰਮ ਤੇ ਖਲੋਤਾ ਉਹ ਸਿੱਖ ਹਾਲੀ ਵੀ ਮੈਨੂੰ ਘੂਰ ਰਿਹਾ ਸੀ। ਦੋ ਤਿੰਨ ਵਾਰ ਮੈਨੂੰ ਇੰਜ ਲੱਗਾ ਜਿਵੇਂ ਉਹ ਝਪਟ ਕੇ ਮੇਰੇ ਵੱਲ ਵਧਿਆ ਵੀ ਹੋਵੇ, ਪਰ ਫਿਰ ਕੁਝ ਸੋਚ ਕੇ ਰੁਕ



ਗਿਆ ਹੋਵੇ। ਮੈਂ ਲੱਗਾ 'ਰਹੀਮ-ਅਲ-ਰਹਿਮਾਨ' ਨੂੰ ਯਾਦ ਕਰਨ। ਮੈਂ ਸਿੱਖ ਤੋਂ ਡਰਦਾ ਤਾਂ ਨਹੀਂ ਸਾਂ, ਪਰ ਅਜਾਈਂ ਮੌਤੇ ਮਰਨਾ ਕਿਸ ਲਈ ਪਸੰਦ ਦੀ ਗੱਲ ਹੋ ਸਕਦੀ ਸੀ?

ਇੰਜਣ ਨੇ ਵਿਸਲ ਦਿੱਤੀ, ਗੱਡੀ ਤੁਰ ਪਈ। ਖ਼ਤਰਾ ਫਿਰ ਇਕ ਵਾਰ ਟਲ ਗਿਆ, ਉਮਰ 'ਚ ਕੁਝ ਪਲਾਂ ਦਾ ਹੋਰ ਵਾਧਾ ਹੋ ਗਿਆ। ਮੈਂ ਸੀਟ ਤੋਂ ਉੱਠਿਆ, ਦਰਵਾਜ਼ੇ ਦੀ ਕੁੰਡੀ ਵੇਖ ਆਇਆ, ਉਹ ਪੱਕੀ ਤਰ੍ਹਾਂ ਬੰਦ ਸੀ। ਮੈਂ ਵਾਪਸ ਆ ਫਿਰ ਸੀਟ ਤੇ ਬਹਿ ਗਿਆ। ਜਲੰਧਰ ਉੱਤਰ ਜਾਵਾਂ? ਪਰ ਕਿੱਧਰ ਜਾਵਾਂਗਾ? ਆਪ ਮੌਤ ਕੋਲ ਤੁਰ ਕੇ ਜਾਣ ਵਾਲੀ ਗੱਲ ਸੀ। ਸ਼ਾਇਦ ਉਹ ਸਿੱਖ ਲੁਧਿਆਣੇ ਹੀ ਉੱਤਰ ਗਿਆ ਹੋਵੇ, ਸ਼ਾਇਦ ਨਾ ਹੀ ਉੱਤਰਿਆ ਹੋਵੇ, ਸ਼ਾਇਦ ਉਹ ਕੁਝ ਹੋਰ ਬੰਦਿਆਂ ਨੂੰ ਨਾਲ ਤਿਆਰ ਕਰ ਰਿਹਾ ਹੋਵੇ, ਬੱਕਰਾ ਹੱਥ ਆਇਆ ਸੀ, ਬੁੱਚੜ ਖ਼ੂਬ ਖਿੱਲੀਆਂ ਪਾਂਦੇ ਹੋਣਗੇ। ਜਲੰਧਰ ਉਹ ਮੈਨੂੰ ਛੱਡਣ ਨਹੀਂ ਲੱਗਾ। ਜਲੰਧਰ—ਬਿਆਸ, ਇਥੇ ਤਾਂ ਤਿੰਨ ਮਹੀਨੇ ਪਹਿਲਾਂ ਸਿੱਖਾਂ ਨੇ ਮੁਸਲਮਾਨ ਵੱਢ-ਵੱਢ ਕੇ ਬਿਆਸ ਦਰਿਆ ਭਰ ਦਿੱਤਾ ਸੀ, ਕਾਫ਼ਲਿਆਂ ਦੇ ਕਾਫ਼ਲੇ ਮੁਕਾ ਦਿੱਤੇ ਸਨ.....

ਆਖ਼ਰ ਗੱਡੀ ਤੁਰ ਪਈ। ਗੱਡੀ ਤੁਰੀ ਜਾ ਰਹੀ ਸੀ ਤੇ ਮੇਰੇ ਲਈ ਸਾਹ ਲੈਣਾ ਔਖਾ ਹੋ ਰਿਹਾ ਸੀ। ਤਾਜ਼ੇ-ਤਾਜ਼ੇ ਲਹੂ ਦੀ ਮੁਸ਼ਕ ਮੇਰੇ ਨੱਕ 'ਚ ਚੜ੍ਹ ਰਹੀ ਸੀ, ਮੇਰਾ ਦਮ ਘੁਟਦਾ ਜਾ ਰਿਹਾ ਸੀ।

ਮੈਂ ਖਿੜਕੀ ਦਾ ਸ਼ੀਸ਼ਾ ਉਤਾਂਹ ਚੁੱਕ ਦਿੱਤਾ। ਉੱਠ ਕੇ ਦਰਵਾਜ਼ੇ ਕੋਲ ਗਿਆ ਤੇ ਕੁੰਡੀ ਖੋਲ੍ਹ ਆਇਆ। ਜਦੋਂ ਮੌਤ ਸਾਹਮਣੇ ਨਜ਼ਰ ਆ ਰਹੀ ਹੋਵੇ, ਮਰੀਜ ਦਵਾਈ ਖਾਣ ਤੋਂ ਇਨਕਾਰ ਕਰ ਦੇਂਦਾ ਹੈ। ਜਲੰਧਰ ਆ ਗਿਆ। ਸਵੇਰ ਦੇ ਤਿੰਨ ਵੱਜ ਰਹੇ ਸਨ। ਸਟੇਸ਼ਨ ਉਜਾੜ ਪਿਆ ਸੀ। ਕੁਝ ਕੁੱਲੀ ਬੁੱਕਲਾਂ ਮਾਰੀ ਪਲੇਟਫ਼ਾਰਮ ਤੇ ਕੁੰਗੜੇ ਬੈਠੇ ਸਿਗਰਟ ਪੀ ਰਹੇ ਸਨ ਤੇ ਉਹੀ ਸਿੱਖ ਘੂਰਦਾ ਮੇਰੇ ਵੱਲ ਵਧ ਰਿਹਾ ਸੀ। ਉਹੀ ਉਸ ਦੀ ਭਾਰੀ ਚਾਲ ਜਿਵੇਂ ਦੁੰਬੇ ਵੱਲ ਵਧ ਰਿਹਾ ਹੋਵੇ। ਉਹ ਆ ਰਿਹਾ ਸੀ, ਸਿੱਧਾ ਮੇਰੇ ਡੱਬੇ.....ਨੇੜੇ.....ਹੋਰ ਨੇੜੇ..... ਉਸ ਦੀਆਂ ਬਾਹਵਾਂ ਹਿੱਲਦੀਆਂ, ਉਸ ਦੇ ਬੁੱਲ੍ਹ ਫਰਕੇ, ਜਿਵੇਂ ਕਹਿਣ ਲੱਗੇ ਹੋਣ—ਓ ਮੁਸਲਿਆ, ਸੁਣਾ ਹੁਣ ਕਿੱਧਰ ਬਚ ਕੇ ਜਾਵੇਂਗਾ? ਮੈਨੂੰ ਲੱਗਾ ਉਹ ਕੁਝ ਬੋਲਿਆ ਵੀ, ਪਰ ਫਿਰ ਖੌਰੇ ਡਰ ਗਿਆ—ਝਾਕਾ, ਜੋ ਹੱਥ ਪਾਉਣ ਤੋਂ ਪਹਿਲਾਂ ਹਰ ਕਿਸੇ ਨੂੰ ਹੁੰਦਾ ਹੈ, ਝਾਕਾ ਤਲਵਾਰ ਮਾਰਨ ਲੱਗਿਆ ਬੁੱਚੜ ਵੀ ਮਹਿਸੂਸ ਕਰਦਾ ਹੈ। ਮੈਂ ਡਰ ਨਾਲ ਅੱਖਾਂ ਮੀਟ ਲਈਆਂ, ਮੈਂ ਉਸ ਦੇ ਵਾਰ ਦੀ ਉਡੀਕ ਕਰਨ ਲੱਗਾ। ਇੰਜਣ ਦੀ ਵਿਸਲ ਮੇਰੇ ਕੰਨਾਂ ਨੂੰ ਚੀਰਦੀ ਨਿਕਲ ਗਈ। ਮੈਂ ਜੀਉਂਦਾ ਸਾਂ। ਹੁਜਕਾ ਵੱਜਾ, ਮੈਂ ਜੀਉਂਦਾ ਸਾਂ। ਗੱਡੀ ਤੁਰ ਪਈ, ਮੈਂ ਹਾਲੀ ਵੀ ਜੀਉਂਦਾ ਸਾਂ।

ਹੁਣ ਅੰਮ੍ਰਿਤਸਰ ਆ ਜਾਵੇਗਾ। ਸ਼ਾਇਦ ਸਰੋਜ ਮੈਨੂੰ ਅੱਗਿਉਂ ਲੈਣ ਲਈ ਆਈ ਹੋਵੇ। ਗੱਡੀਉਂ ਉੱਤਰਦਿਆਂ ਹੀ ਦੌੜ ਕੇ ਮੈਂ ਉਸ ਕੋਲ ਚਲਾ ਜਾਵਾਂਗਾ। ਮੇਰਾ ਹਿੰਦੂ ਹੋਣ ਦਾ ਫਿਰ ਇਸ ਸਿੱਖ ਨੂੰ ਪੱਕਾ ਯਕੀਨ ਹੋ ਜਾਵੇਗਾ, ਇਹ ਸਿੱਖ ਸ਼ਰਮਿੰਦਾ ਹੋ ਜਾਵੇਗਾ ਤੇ 'ਗੁਰਾਂ ਕੀ ਸਰਾਂ' ਦਾ ਰਸਤਾ ਫੜੇਗਾ। ਮੈਂ ਕੁਝ ਮੁਸਕਰਾ ਪਿਆ। ਪਰ ਸਵੇਰੇ ਚਾਰ ਵਜੇ ਸਰੋਜ ਸਟੇਸ਼ਨ ਤੇ ਨਹੀਂ ਆਵੇਗੀ। ਮੈਂ ਕਿੱਧਰ ਜਾਵਾਂਗਾ? ਇਸ ਕੋਲੋਂ ਕਿਵੇਂ ਬਚਾਂਗਾ? ਸਰੋਜ ਤਾਂ ਇਸ ਵਕਤ ਆਪਣੇ ਬਿਸਤਰੇ ਵਿਚ ਘੂਕ ਸੌਂ ਰਹੀ ਹੋਵੇਗੀ, ਉਹ ਮੇਰੇ ਆਉਣ ਦਾ ਸੁਪਨਾ ਵੇਖ ਰਹੀ ਹੋਵੇਗੀ, ਉਹ ਮੈਨੂੰ ਮਿਲ ਰਹੀ ਹੋਵੇਗੀ, ਉਹ ਸੁਪਨੇ 'ਚ ਮੁਸਕਰਾ ਰਹੀ ਹੋਵੇਗੀ, ਪਰ ਇਹ ਬੁਰਛੇ ਵਰਗਾ ਸਿੱਖ, ਇਹ ਮੈਨੂੰ ਜੀਉਂਦਿਆਂ ਨਹੀਂ ਛੱਡਣ ਲੱਗਾ, ਮੇਰੀ ਲਾਸ਼ ਹੀ ਗੁੰਮ ਕਰ

ਦੇਵੇਗਾ, ਕੋਈ ਉੱਘ-ਸੁੱਘ ਨਹੀਂ ਨਿਕਲਣ ਦੇਣ ਲੱਗਾ। ਮੇਰੀ ਮੌਤ ਸੱਚ ਸੀ ਤੇ ਜੀਊਣਾ ਝੂਠ, ਉੱਕਾ ਝੂਠ। ਸੋਚਦਿਆਂ, ਹਾਲਾਤ ਨਾਲ ਸਮਝੌਤਾ ਕਰਦਿਆਂ-ਕਰਦਿਆਂ ਅੰਮ੍ਰਿਤਸਰ ਆ ਗਿਆ। ਜੋ ਹੋਊ, ਵੇਖੀ ਜਾਊ, ਮੈਂ ਸੋਚਿਆ। ਜਦੋਂ ਖ਼ਤਰਾ ਸਾਹਮਣੇ ਹੀ ਆ ਗਿਆ ਹੋਵੇ ਤਾਂ ਖ਼ਤਰੇ ਦਾ ਡਰ ਕਿਹਾ! ਗੱਡੀ ਰੁਕੀ, ਮੈਂ ਇੱਧਰ-ਉੱਧਰ ਵੇਖਿਆ, ਸਾਹਮਣੇ ਸਟੇਸ਼ਨ-ਮਾਸਟਰ ਨਜ਼ਰ ਆਇਆ। ਦੌੜ ਕੇ ਮੈਂ ਉਸ ਕੋਲ ਚਲਾ ਗਿਆ ਤੇ ਇੱਧਰ-ਉੱਧਰ ਦੀਆਂ ਗੱਲਾਂ ਮਾਰਨ ਲੱਗਾ। ਕਹਿਣਾ ਮੈਂ ਇਹ ਚਾਹੁੰਦਾ ਸਾਂ, ਕਿ ਮੈਨੂੰ ਸਖ਼ਤ ਖ਼ਤਰਾ ਹੈ ਤੇ ਦਿਨ ਚੜ੍ਹਣ ਤਕ ਮੈਨੂੰ ਹਿਫ਼ਾਜ਼ਤ ਚਾਹੀਦੀ ਹੈ। ਪਰ 'ਖ਼ਤਰਾ' ਸ਼ਬਦ ਮੂੰਹੋਂ ਕਹਿਣਾ ਉਸ ਵਕਤ ਮੈਨੂੰ ਖ਼ਤਰਾ ਨੇੜੇ ਸੱਦਣ ਦੇ ਤੁਲ ਲੱਗ ਰਿਹਾ ਸੀ। ਠੰਡੀ ਸੀਤ ਹਵਾ ਪਲੇਟਫ਼ਾਰਮ ਤੇ ਖਲੋਤਿਆਂ ਸਿੱਧੀ ਹਿੱਕ 'ਚ ਪੈ ਰਹੀ ਸੀ। ਮੈਨੂੰ ਲੱਗਾ ਦੰਦੋੜਿਕਾ ਵੱਜਣ। ਇਕ ਰੇਲਵਾਈ ਹਥੌੜੀ ਨਾਲ ਟੱਕ-ਟੱਕ ਗੱਡੀ ਦੇ ਪਹੀਏ ਟੈਸਟ ਕਰ ਰਿਹਾ ਸੀ ਤੇ ਉਹ ਸਿੱਖ ਪਲੇਟਫ਼ਾਰਮ ਤੇ ਲੰਮੀਆਂ-ਲੰਮੀਆਂ ਉਲਾਂਘਾਂ ਭਰਦਾ ਸਿੱਧਾ ਮੇਰੇ ਵੱਲ ਵਧ ਰਿਹਾ ਸੀ। ਟੱਕ-ਟੱਕ.... ਤੇ ਉਹ ਹੋਰ ਨੇੜੇ ਆ ਰਿਹਾ ਸੀ। ਟੱਕ-ਟੱਕ.... ਤੇ ਮੈਂ, ਪਤਾ ਨਹੀਂ, ਸਟੇਸ਼ਨ-ਮਾਸਟਰ ਨੂੰ ਕੀ ਕਹੀ ਜਾ ਰਿਹਾ ਸਾਂ.... ਟੱਕ-ਟੱਕ... ਤੇ ਉਸ ਆ ਕੇ ਮੈਨੂੰ ਬਾਹੋਂ ਫੜ ਲਿਆ।

"ਬੰਬਈ ਤੋਂ?" ਉਸ ਕੁਰੱਖ਼ਤ ਜਹੇ ਲਹਿਜੇ ਵਿਚ ਕਿਹਾ।

"ਹਾਂ" ਉਸੇ ਸਖ਼ਤੀ ਨਾਲ ਮੇਰੇ ਕੋਲੋਂ ਕਹਿ ਹੋ ਗਿਆ।

ਉਹ ਮੇਰਾ ਡੌਲਾ ਪਕੜ ਕੇ ਮੈਨੂੰ ਸਟੇਸ਼ਨ-ਮਾਸਟਰ ਤੋਂ ਥੋੜ੍ਹਾ ਲਾਂਭੇ ਲੈ ਗਿਆ। ਨਾਂਹ ਨੁੱਕਰ ਕਰਨ ਦਾ ਮੇਰੇ 'ਚ ਸਾਹ ਸਤ ਹੀ ਨਹੀਂ ਸੀ। ਉਸ ਆਪਣੀ ਬੁੱਕਲ ਢਿੱਲੀ ਕੀਤੀ ਤੇ ਘੜੱਪ ਕਰਦਾ ਇਕ ਥੈਲਾ ਮੇਰੀ ਹਿੱਕ 'ਚ ਮਾਰਿਆ ਤੇ ਆਪ ਮੂੰਹ ਮੋੜ ਇੰਜ ਵਗ ਤੁਰਿਆ, ਜਿਵੇਂ ਕੋਈ ਆਪਣੀ ਬੁੱਕਲ 'ਚੋਂ ਸੱਪ ਵਗਾਹ ਮਾਰੇ ਤੇ ਆਪ ਪਰ੍ਹੇ ਭੱਜ ਉੱਠੇ। ਮੈਂ ਹੱਕਾ ਬੱਕਾ ਇੱਧਰ ਉੱਧਰ ਤੱਕ ਰਿਹਾ ਸਾਂ 'ਇਹ ਅਮਾਨਤ ਸੀ, ਸਾਂਭ ਲੈ', ਉਸ ਦੇ ਖੁਰਦਰੇ ਬੋਲ ਮੇਰੇ ਕੰਨਾਂ 'ਚ ਹਾਲੀ ਵੀ ਗੂੰਜ ਰਹੇ ਸਨ। ਮੈਂ ਉਥੇ ਦਾ ਉਥੇ ਖੜ੍ਹਾ ਸਾਂ, ਉਹ ਦੂਰ ਜਾ ਰਿਹਾ ਸੀ, ਸਟੇਸ਼ਨੋਂ ਬਾਹਰ ਨਿਕਲ ਰਿਹਾ ਸੀ ਤੇ ਇਕ ਥੈਲਾ ਮੇਰੇ ਹੱਥਾਂ 'ਚ ਸੀ, ਗੰਦਾ ਚਿੱਕੜ-ਵਰਗਾ ਥੈਲਾ, ਥਿੰਦੇ ਦਾਗਾਂ ਵਾਲਾ, ਜਿਵੇਂ ਪਰਾਂਠੇ ਬੰਨ੍ਹਣ ਵਾਲਾ ਪੌਣਾ ਹੋਵੇ। ਮੈਂ ਉਸ ਪਾਸੇ ਵੱਲ ਤੱਕਿਆ, ਜਿੱਧਰ ਉਹ ਸਿੱਖ ਗਿਆ ਸੀ। ਉਹ ਕਿਤੇ ਨਜ਼ਰ ਨਾ ਆਇਆ। ਸਾਮਾਨ ਚੁਕਵਾ ਮੈਂ ਵੇਟਿੰਗ ਰੂਮ 'ਚ ਚਲਿਆ ਆਇਆ। ਮੈਂ ਇਕੱਲਾ ਸਾਂ। ਕੰਬਦੇ ਹੱਥਾਂ ਨਾਲ ਥੈਲੇ ਦੀਆਂ ਗੰਢਾਂ ਮੈਂ ਦੋਬਾਰਾ ਪੀਚ ਦਿੱਤੀਆਂ। ਮੈਂ ਉਸ ਵੇਲੇ ਕੀ ਸੋਚ ਰਿਹਾ ਸਾਂ? ਕਿਨ੍ਹਾਂ ਸੋਚਾਂ ਨਾਲ ਮੇਰਾ ਸਿਰ ਉਸ ਵੇਲੇ ਭਰਿਆ ਪਿਆ ਸੀ? ਇਕ ਅਜੀਬ ਦਿਮਾਗ਼ੀ ਅਵਸਥਾ 'ਚ ਮੈਂ ਸਰੋਜ ਨੂੰ ਮਿਲਿਆ। ਉਸ ਦੇ ਪਿਤਾ ਜੀ ਨਾਲ ਬਾਰਡਰ ਤੇ ਗਿਆ। ਖ਼ੁਮਾਰੀ ਜਹੀ ਚੜ੍ਹੀ ਹੋਈ ਸੀ ਮੇਰੇ ਸਿਰ ਨੂੰ, ਭੌਂ ਰਿਹਾ ਸੀ ਮੇਰਾ ਮਗਜ਼, ਆਸ ਪਾਸ ਤੋਂ ਬਿਲਕੁਲ ਬੇਖ਼ਬਰ, ਪਤਾ ਨਹੀਂ ਮੈਂ ਕੀ ਕਰ ਰਿਹਾ ਸਾਂ। ਫੁੱਫੀ ਮਿਲੀ, ਅਟੈਚੀ ਕੇਸ ਖੋਲ੍ਹ ਮੈਂ ਥੈਲਾ ਉਸ ਹਵਾਲੇ ਕਰ ਦਿੱਤਾ। ਉਸ ਥੈਲਾ ਖੋਲ੍ਹ ਕੇ ਵੇਖਿਆ। 'ਸਭ ਠੀਕ ਹੈ ਸਾਢੇ ਸੱਤ ਲੱਖ ਦੇ ਸਾਮਾਨ 'ਚੋਂ ਇਕ ਸ਼ੈਅ ਵੀ ਘੱਟ ਨਹੀਂ' ਉਸ ਕਿਹਾ। ਹੋਰ ਪਤਾ ਨਹੀਂ ਫੁੱਫੀ ਮੈਨੂੰ ਕੀ-ਕੀ ਦੱਸਦੀ ਰਹੀ। ਮੈਂ ਉਸ ਵੇਲੇ ਕੁਝ ਨਹੀਂ ਸੀ ਸੁਣ ਰਿਹਾ। ਮੇਰੇ ਸਿਰ ਵਿਚ ਘੁੰਮ ਰਿਹਾ ਸੀ—ਸੋਨਾ, ਹੀਰੇ, ਸਾਢੇ ਸੱਤ ਲੱਖ.....

'ਲੈ ਫੜ ਅਮਾਨਤ' ਜਿਵੇਂ ਅਮਾਨਤ ਨੇ ਉਸ ਨੂੰ ਬੁਖ਼ਾਰ ਚੜ੍ਹਾ ਰੱਖਿਆ ਹੋਵੇ।



ਪਤਾ ਨਹੀਂ ਕਦੋਂ ਬਾਰਡਰ ਤੇ ਮੁਲਾਕਾਤ ਖ਼ਤਮ ਹੋਈ, ਕਦੋਂ ਫੁੱਫੀ ਅਲਵਿਦਾ ਕਹਿ ਕੇ ਚਲੀ ਗਈ, ਕਦੋਂ ਮੈਂ ਸਰੋਜ ਨਾਲ ਪਿਛਾਂਹ ਪਰਤਿਆ, ਕਦੇ ਵਾਪਸ ਬੰਬਈ ਆ ਗਿਆ, ਮੇਰਾ ਸਿਰ ਲਗਾਤਾਰ ਗੂੰਜਦਾ ਰਿਹਾ, ਕਈ ਸੋਚਾਂ ਨਾਲ ਭਾਰੀ-ਭਾਰੀ ਰਿਹਾ। ਮੈਂ ਜਿਵੇਂ ਕੀਲਿਆ ਗਿਆ ਸਾਂ, ਮੈਨੂੰ ਆਪਣੇ ਪੈਰਾਂ ਹੇਠਾਂ ਜ਼ਮੀਨ ਮਹਿਸੂਸ ਹੀ ਨਹੀਂ ਸੀ ਹੁੰਦੀ... ਮ.... ਮੈਂ....

ਬੋਲਦਾ-ਬੋਲਦਾ ਉਹ ਯਕਦਮ ਚੁੱਪ ਕਰ ਗਿਆ। ਉਸ ਦੀਆਂ ਉਂਗਲਾਂ 'ਚ ਫੜੀ ਸਿਗਰਟ ਅਖੀਰਲੇ ਸਿਰੇ ਤੱਕ ਸੁਆਹ ਹੋ ਚੁਕੀ ਸੀ। ਉਸ ਆਪਣਾ ਹੱਥ ਛਿਟਕਿਆ ਤੇ ਦੂਜੀ ਸਿਗਰਟ ਬਾਲ, ਲੱਗਾ ਜ਼ੋਰ-ਜ਼ੋਰ ਦੇ ਕਸ਼ ਖਿੱਚਣ। ਉਸ ਸਿੱਖ ਦਾ ਖਿਆਲ, ਉਸ ਹਾਦਸੇ ਦੀ ਯਾਦ, ਪਤਾ ਨਹੀਂ, ਉਸ ਦੇ ਅੰਦਰ ਕੀ ਉੱਥਲ-ਪੁੱਥਲ ਕਰ ਰਹੀ ਸੀ। ਉਸ ਨੂੰ ਇੰਜ ਲੱਗ ਰਿਹਾ ਸੀ। ਉਸ ਨੂੰ ਕਿੰਜ ਲੱਗ ਰਿਹਾ ਸੀ, ਜਿਵੇਂ ਉਹ ਆਪਣੇ ਅੰਦਰ ਕਿਸੇ ਉੱਠਦੇ ਤੂਫ਼ਾਨ ਨੂੰ ਘੁੱਟ ਰਿਹਾ ਹੋਵੇ, ਦਬਾ ਰਿਹਾ ਹੋਵੇ।

'ਤੇ ਫਿਰ ਤੂੰ ਕਦੀ ਉਸ ਸਿੱਖ ਦਾ ਪਤਾ ਨਹੀਂ ਕੀਤਾ ਕਿ ਉਹ ਕੌਣ ਸੀ?' ਹਬੀਬ ਨੇ ਗੱਲ ਅਗਾਂਹ ਤੋਰਨ ਲਈ ਪੁੱਛ ਹੀ ਲਿਆ।

ਮਹਿਮੂਦ ਨੇ ਜ਼ੋਰ ਦੀਆਂ ਮੁੱਠਾਂ ਪੱਟ ਲਈਆਂ। ਉਸ ਦੇ ਨੌਂਹ ਉਸ ਦੀਆਂ ਹਥੇਲੀਆਂ ਵਿਚ ਸਾਨੂੰ ਖੁੱਭਦੇ ਜਾਪੇ। ਫਿਰ ਉਸ ਇਕ ਡੂੰਘਾ ਸਾਹ ਲਿਆ ਤੇ ਸਾਰਾ ਸਰੀਰ ਨਿਸਲ ਛੱਡ ਦਿੱਤਾ, ਜਿਵੇਂ ਕੋਈ ਮਲਾਹ ਆਪਣੀ ਕਿਸ਼ਤੀ ਤੂਫ਼ਾਨ ਦੇ ਹੱਥ ਸੌਂਪ ਰਿਹਾ ਹੋਵੇ। ਫਿਰ ਉਸ ਸਹਿਜੇ-ਸਹਿਜੇ ਕਹਿਣਾ ਸ਼ੁਰੂ ਕੀਤਾ—

ਉਹ ਸਿੱਖ ਮੇਰੀ ਫੁੱਫੀ ਦੇ ਟਾਂਗੇ ਦਾ ਸਾਈਸ ਸੀ। ਕਈ ਸਾਲ ਉਹ ਖੁਰਸ਼ੀਦ ਨੂੰ ਟਾਂਗੇ ਤੇ ਸਕੂਲ ਛੱਡਣ ਤੇ ਲੈਣ ਜਾਂਦਾ ਰਿਹਾ ਸੀ। ਫ਼ਸਾਦਾਂ ਵੇਲੇ ਵੀ ਉਹੀ ਉਸ ਨੂੰ ਬਚਾ ਕੇ ਹੋਸਟਲ 'ਚੋਂ ਕੱਢ ਕੇ ਲੈ ਗਿਆ ਤੇ ਫਿਰ ਜਦੋਂ ਉਸ ਦੀ ਉੱਕੀ ਹੀ ਕੋਈ ਪੇਸ਼ ਨਾ ਗਈ ਤਾਂ ਉਸ ਨੂੰ ਬਾਰਡਰ ਤੋਂ ਪਾਰ ਛੱਡ ਆਇਆ ਸੀ....ਖੁਰਸ਼ੀਦ ਦੇ ਖ਼ਤ ਆਏ ਸਨ, ਉਸ ਤਰਲੇ ਕੀਤੇ ਸਨ ਕਿ ਮੈਂ ਉਸ ਸਿੱਖ ਨੂੰ ਮਿਲਾਂ ਤੇ ਉਸ ਦਾ ਸੁਨੇਹਾ ਉਸਨੂੰ ਦੇਵਾਂ ਕਿ ਖੁਰਸ਼ੀਦ ਹਮੇਸ਼ਾਂ ਉਸੇ ਦੀ ਹੀ ਰਵੇਗੀ, ਉਹ ਅਮਾਨਤ ਨੂੰ ਪਾਲੇਗੀ, ਵੱਡਿਆਂ ਕਰੇਗੀ....ਆਪਣੀ ਮਾਂ ਨੂੰ ਉਹ ਛੇਤੀ ਹੀ ਸਭੋ ਕੁਝ ਸੱਚ-ਸੱਚ ਦੱਸ ਦੇਵੇਗੀ-ਪਿਆਰ 'ਚ ਲੁਕਾ ਕਾਹਦਾ....

ਨੀਵੀਂ ਜਹੀ ਛੱਤ ਵਾਲੇ ਹੋਟਲ ਦਾ ਕਮਰਾ ਹਾਲੀ ਵੀ ਸ਼ਰਾਬ ਦੀ ਬੂ ਤੇ ਸਿਗਰਟਾਂ ਦੇ ਧੂੰਏ ਨਾਲ ਭਰਿਆ ਪਿਆ ਸੀ। ਮਹਿਮੂਦ ਨੇ ਬੋਲਣਾ ਬੰਦ ਕਰ ਦਿੱਤਾ। ਅਸੀਂ ਸਾਰੇ ਉੱਠੇ ਤੇ ਹੋਟਲ ਤੋਂ ਬਾਹਰ ਆ ਗਏ। ਅਸਮਾਨ ਉਸ ਰਾਤ ਸਾਫ਼ ਤੇ ਹੌਲਾ ਫੁੱਲ ਜਿਹਾ ਸਾਨੂੰ ਲੱਗਾ।

# ਅੱਬਾ ਜਾਨ ਆ ਗਏ

**ਅਤਰਜੀਤ**

ਰੇਸ਼ਮ ਕੌਰ ਨੂੰ ਜਦੋਂ ਸੁਨੇਹਾ ਮਿਲਿਆ ਕਿ ਉਸਦੀ ਸਹੇਲੀ ਤੇ ਚਾਚੇ ਦੀ ਧੀ ਸੁਰਜੀਤ ਕੌਰ ਦਾ ਬਾਪ ਆਇਆ ਹੈ ਉਸਦਾ ਧੱਸ ਕਰਕੇ ਕਾਲਜਾ ਨਿਕਲ ਗਿਆ। ਉਸ ਨੂੰ ਹੌਲ਼ ਹੀ ਤਾਂ ਪੈ ਗਿਆ ਸੀ। ਦੱਸਣ ਵਾਲੇ ਨੇ ਠੀਕ ਦੱਸਿਆ ਸੀ ਪਰ ਰੇਸ਼ਮ ਕੌਰ ਨੂੰ ਉਨ੍ਹਾਂ ਸ਼ਬਦਾਂ 'ਤੇ ਯਕੀਨ ਨਹੀਂ ਸੀ ਜਿਨ੍ਹਾਂ ਵਿੱਚ ਸੁਰਜੀਤ ਕੌਰ ਦੇ ਬਾਪ ਦੀ ਆਮਦ ਦੀ ਖ਼ਬਰ ਸੀ। ਉਸਦੇ ਡੂੰਘੇ ਗ਼ਮ ਦੇ ਉੱਪਰੋਂ, ਹੈਰਾਨੀ ਅਤੇ ਅਚੰਭੇ ਦੇ ਭਾਵ ਤਾਰੀ ਹੋ ਰਹੇ ਸਨ ਤੇ ਉੱਪਰ ਦੀ ਹੋ-ਹੋ ਡੁਲ੍ਹਦੀ ਅਪਾਰ ਖ਼ੁਸ਼ੀ, ਚਾਉ ਅਤੇ ਅਜੀਬ ਕਿਸਮ ਦਾ ਹੁਲਾਰਾ ਉਸਦੇ ਅੰਗ-ਅੰਗ ਵਿਚ ਘੁਲ ਗਿਆ ਸੀ ਜਿਵੇਂ। ਇਸ ਖ਼ੁਸ਼ੀ ਅਤੇ ਚਾਉ ਨੇ ਵੀ ਉਸ ਨੂੰ ਨਪੀੜ ਕੇ ਜਿਵੇਂ ਸਾਹ-ਸਤ ਹੀਣ ਹੀ ਕਰ ਦਿੱਤਾ ਸੀ-

"ਹਾਇ ਵੇ ਰੱਬਾ!" ਉਸਦੇ ਅੰਦਰੋਂ ਗਜ਼ ਲੰਮੀ ਹੂਕ ਨਿਕਲੀ—"ਖ਼ਬਰੇ ਮੇਰਾ ਅੱਬਾ ਵੀ ਨਾਲ ਆਇਆ ਹੋਵੇ....ਪਰ ਕਿੱਥੇ ਨਿਖੁਟ ਗਈ ਦੇ ਕਰਮ।" ਉਸ ਨੂੰ ਰਹਿ-ਰਹਿ ਕੇ ਯਕੀਨ ਨਹੀਂ ਸੀ ਆਉਂਦਾ ਕਿ ਪੰਜਾਹ ਸਾਲਾਂ ਬਾਅਦ ਉਸਦਾ ਚਾਚਾ ਯਾਨੀ ਸੁਰਜੀਤ ਕੌਰ ਦਾ ਅੱਬਾ ਜਾਨ ਕਿੱਥੋਂ ਆ ਟਪਕਿਆ?

ਉਸ ਨੂੰ ਗ਼ਮ ਤੁਣਕੇ ਮਾਰ ਰਿਹਾ ਸੀ ਤੇ ਉਸ ਨੂੰ ਉਹ ਦਿਨ ਚੇਤੇ ਆ ਰਹੇ ਸਨ ਜਦੋਂ ਇਕ ਚੰਦਰੀ ਤੇ ਭਿਆਨਕ ਨ੍ਹੇਰੀ ਆਈ ਸੀ ਜੋ ਪਰਿਵਾਰਾਂ ਦੇ ਪਰਿਵਾਰਾਂ ਨੂੰ ਉਡਾ ਕੇ ਲੈ ਗਈ ਸੀ...ਪਰ ਇਸ ਕਾਸੇ ਦੇ ਉੱਪਰ ਦੀ ਚਾਅ ਭਰੀ ਤੇਜ਼ੀ ਤੇ ਉਤਾਵਲ ਉਸ ਨੂੰ ਸੁਰਜੀਤ ਕੌਰ ਦੇ ਘਰ ਵੱਲ ਖਿੱਚ ਰਹੀ ਤੇ ਉਹ ਖ਼ੁਸ਼ੀ ਵਿਚ ਲਹਿਰ-ਲਹਿਰ ਹੋ ਗਈ—"ਸ਼ੁਕਰ ਐ ਮੇਰਿਆ ਮਾਲਕਾ! ਓਸ ਖ਼ਾਨਦਾਨ ਦੀ ਕੋਈ ਨਿਸ਼ਾਨੀ ਤਾਂ ਮਿਲਾ ਦਿੱਤੀ ਰੱਬਾ!" ....ਤੇ ਉਸ ਦੀਆਂ ਅੱਖਾਂ 'ਚ ਛਮ-ਛਮ ਕਰਕੇ ਅੱਥਰੂ ਅਗਲੀਂ ਵਹਿ ਤੁਰੇ।

ਜਦੋਂ ਉਹ ਸੁਰਜੀਤ ਦੇ ਘਰ ਜਾਣ ਲਈ ਸ਼ੂਟ ਵੱਟਣਾ ਚਾਹੁੰਦੀ ਸੀ ਤਾਂ ਉਸਦੀ ਨਿਗਾਹ ਆਪਣੇ ਵੱਡੇ ਲੜਕੇ ਕਿਰਪਾਲ 'ਤੇ ਪਈ ਜੋ ਮੱਝਾਂ ਨੂੰ ਪੱਠੇ ਪਾ ਰਿਹਾ ਸੀ। ਉਸ ਨਾਲ ਖ਼ੁਸ਼ੀ ਸਾਂਝੀ ਕਰਦੀ ਹੋਈ ਉਹ ਇਕ ਤਰ੍ਹਾਂ ਨਾਲ ਚਿੰਘਾੜ ਕੇ ਹੀ ਬੋਲੀ—"ਵੇ ਕਿਰਪਾਲ! ਤੇਰਾ ਨਾਨਾ ਆਇਆ ਵੇ।" ਰੇਸ਼ਮ ਕੌਰ ਨੇ ਛੇਤੀ-ਛੇਤੀ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝ ਲਈਆਂ। ਜਿੰਨੇ ਚਾਅ ਨਾਲ ਰੇਸ਼ਮ ਕੌਰ ਦੇ ਮੂੰਹੋਂ ਇਹ ਬੋਲ ਨਿਕਲੇ ਸਨ ਉਸਦਾ ਦਸਵਾਂ ਹਿੱਸਾ ਵੀ ਕਿਰਪਾਲ 'ਤੇ ਅਸਰ ਨਹੀਂ ਸੀ ਹੋਇਆ। ਅਸਲ ਵਿਚ ਸੁਨੇਹਾ ਦੇਣ ਵਾਲਾ ਪਹਿਲਾਂ ਉਸ ਨੂੰ ਹੀ ਮਿਲਿਆ ਸੀ ਤੇ ਖ਼ਬਰ ਸੁਣ ਕੇ ਉਹ ਇਕ ਤਰ੍ਹਾਂ ਨਾਲ ਪੱਥਰ ਜਿਹਾ ਬਣ



ਗਿਆ ਸੀ। ਮਾਸੀ ਸੁਰਜੀਤ ਕੌਰ ਨਾਲ ਤਾਂ ਉਸ ਨੂੰ ਬਹੁਤ ਮੋਹ ਸੀ ਪਰ ਉਸਦੇ ਬਾਪ ਦੇ ਯਾਨੀ ਨਾਨੇ ਦੇ ਆਉਣ ਦਾ ਉਸ ਨੂੰ ਕੋਈ ਚਾਅ ਕਿਉਂ ਨਹੀਂ ਸੀ ਚੜ੍ਹਿਆ? ਜਦੋਂ ਰੇਸ਼ਮ ਕੌਰ ਉਹਦੇ ਕੋਲ ਆ ਕੇ ਬੋਲੀ ਸੀ—"ਵੇ ਮੈਂ ਤੈਨੂੰ ਕੀ ਕਿਹੈ?....ਤੇਰਾ ਨਾਨਾ ਆਇਐ.....ਤੇਰੀ ਮਾਸੀ ਸੁਰਜੀਤ ਕੁਰ ਦਾ ਪਿਉ।" —ਤਾਂ ਉਹ ਉਸ ਨੇ ਸਿਰਫ਼ ਇੰਨਾ ਹੀ ਜਵਾਬ ਦਿੱਤਾ ਸੀ—"ਤੂੰ ਮਿਲ ਆ ਫੇਰ।"

ਮਾਂ ਦੀ ਇਸ ਹੁੱਬ ਦੇ ਬਾਵਜੂਦ 'ਨਾਨਾ' ਸ਼ਬਦ ਨਾਲ ਉਸਦਾ ਕੋਈ ਲਗਾਉ ਹੀ ਨਹੀਂ ਸੀ ਬਣਿਆ। ਉਹ ਚਾਲੀਆਂ ਨੂੰ ਢੁੱਕਿਆ ਸੀ, ਦੋ ਮੁੰਡਿਆਂ ਤੇ ਇਕ ਕੁੜੀ ਦਾ ਬਾਪ ਸੀ। ਅੱਜ ਤੱਕ ਉਸ ਨੇ ਆਪਣੀ ਮਾਂ ਦੇ ਮੂੰਹੋਂ ਬਾਪੂ ਜਾਂ ਨਾਨਾ ਸ਼ਬਦ ਨਹੀਂ ਸੀ ਸੁਣਿਆ। ਇਹ ਕਿਹੋ ਜਿਹਾ ਮੌਕਾ ਮੇਲ ਸੀ ਕਿ ਉਹ ਇੰਨਾ ਵੱਡਾ ਹੋ ਗਿਆ ਸੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਉਸਦੇ ਨਾਨਕੇ ਕਿੱਥੇ ਹਨ? ਉਸਦਾ ਨਾਨਾ ਕੌਣ ਹੈ?....ਅੱਜ ਨਾਨਾ ਕਿੱਧਰੋਂ ਆ ਗਿਆ? ਇਸ ਮਸਲੇ ਸੰਬੰਧੀ ਤਾਂ ਜਦੋਂ ਵੀ ਕੋਈ ਬੋਲ ਉਸਦੇ ਕੰਨੀਂ ਪਏ ਸਨ, ਕਾਲਜਾ ਵਿੰਨ੍ਹਣ ਵਾਲੇ ਹੀ ਪਏ ਸਨ।

ਜਦੋਂ ਉਸਦੀ ਤਾਈ ਕਰਤਾਰੀ ਆਪਣੇ ਬੱਚਿਆਂ ਸਮੇਤ ਪੇਕੀਂ ਜਾਂਦੀ ਤਾਂ ਕਈ ਵਾਰ ਕਿਰਪਾਲ ਵੀ ਉਹਦੇ ਨਾਲ ਗਿਆ ਸੀ। ਉਸਦੇ ਮਨ ਵਿੱਚ ਰੀਝ ਜਾਗਦੀ ਰਹੀ ਸੀ ਕਿ ਉਹਦੀ ਮਾਂ ਵੀ ਆਪਣੇ ਬੱਚਿਆਂ ਨੂੰ ਆਪਣੇ ਪੇਕੀਂ ਲੈ ਕੇ ਜਾਵੇ। ਨਿੱਕੇ ਹੁੰਦੇ ਨੇ ਉਸਨੇ ਆਪਣੀ ਬੇਬੇ ਨੂੰ ਕਹਿਣਾ—"ਬੇਬੇ ਸਾਨੂੰ ਵੀ ਨਾਨਕੇ ਵਿਖਾ ਲਿਆ।" ਸੁਣ ਕੇ ਰੇਸ਼ਮ ਦੀ ਲੇਰ ਨਿਕਲ ਗਈ ਸੀ ਤੇ ਉਹ ਕਿੰਨਾ ਚਿਰ ਮਨ ਹੀ ਮਨ ਵਿੱਚ ਕੀਰਨੇ ਪਾਉਂਦੀ ਰਹੀ ਸੀ ਤੇ ਫਿਰ ਮਾਂ ਦੀ ਚੁੱਪ 'ਚੋਂ ਗ਼ਮ ਭਰੀ ਧੁਨੀ ਪੈਦਾ ਹੁੰਦੀ ਰਹਿੰਦੀ ਸੀ ਜੋ ਕਿਰਪਾਲ ਦੇ ਹਿਰਦੇ ਉੱਤੇ ਹਥੌੜੀ ਵਾਂਗ ਠੱਕ-ਠੱਕ ਵੱਜਦੀ ਰਹਿੰਦੀ ਸੀ।

'ਤੇ ਭਾਈ ਲੇਲਾ ਨਾਨਕਿਆਂ ਨੂੰ ਤਿਆਰ ਹੋ ਗਿਆ। ਉਸਦੀ ਮਾਂ ਨੇ ਉਸ ਨੂੰ ਢੋਲਕੀ ਵਿੱਚ ਬੰਦ ਕਰ ਦਿੱਤਾ। ਢੋਲਕੀ ਰੁੜ੍ਹਦੀ ਗਈ। ਫੇਰ ਬਘਿਆੜ ਨੇ ਉਸ ਨੂੰ ਘੇਰ ਲਿਆ—'ਲੇਲਿਆ! ਲੇਲਿਆ!! ਬਾਹਰ ਆ ਮੈਂ ਤੈਨੂੰ ਖਾਣਾ ਹੈ।' ਬਘਿਆੜ ਨੇ ਕਿਹਾ। ਅੱਗੋਂ ਲੇਲਾ ਕਹਿਣ ਲੱਗਿਆ—'ਨਾਨਕੇ ਘਰ ਜਾਊਂਗਾ, ਲੱਡੂ ਪੇੜੇ ਖਾਊਂਗਾ, ਮੋਟਾ ਹੋ ਕੇ ਆਊਂਗਾ, ਆਉਂਦੇ ਨੂੰ ਖਾ ਲਈਂ।' ਨਾਨਕੇ ਜਾਣ, ਬਘਿਆੜ, ਸ਼ੇਰ, ਰਿੱਛ ਆਦਿ ਦੇ ਮਿਲਣ ਦੀ, ਫਿਰ ਨਾਨੀ ਕੋਲ ਰਹਿ ਕੇ ਲੱਡੂ ਪੇੜੇ ਖਾਣ ਅਤੇ ਫਿਰ ਆਪਣੇ ਪਿੰਡ ਵਾਪਸ ਪਰਤਣ ਦੀ ਕਹਾਣੀ ਉਸ ਨੇ ਅਨੇਕਾਂ ਵਾਰ ਬੇਬੇ ਜਾਂ ਅੰਬੋ ਪਾਸੋਂ ਸੁਣੀ ਸੀ। ਉਸ ਦੀਆਂ ਵੱਡੀਆਂ ਭੈਣਾਂ ਚੰਨੋ ਤੇ ਧੰਨੋ ਵੀ ਇਹ ਕਹਾਣੀਆਂ ਸੁਣਾਉਂਦੀਆਂ ਹੁੰਦੀਆਂ ਸਨ। ਨਾਨਕਿਆਂ ਅਤੇ ਖ਼ੂੰਖ਼ਾਰ ਜਾਨਵਰਾਂ ਦਾ ਚੇਤਾ ਕਰਕੇ ਉਹ ਡਰ ਜਾਂਦਾ ਸੀ......ਸ਼ਾਇਦ ਉਸਦੇ ਨਾਨਕਿਆਂ ਦੇ ਰਾਹ ਵਿੱਚ ਵੀ ਬਹੁਤ ਸਾਰੇ ਜੰਗਲੀ ਜਾਨਵਰ ਬੈਠੇ ਸਨ...ਤੇ ਫਿਰ ਉਸ ਨੇ ਨਾਨਕੀਂ ਜਾਣ ਦਾ ਖ਼ਿਆਲ ਛੱਡ ਦਿੱਤਾ ਪਰ ਇਕ ਘੁਟਨ ਜਿਹੀ ਉਸਦੇ ਅੰਦਰ ਲਹਿ ਗਈ ਸੀ ਤੇ ਉਸਦੀ ਰੂਹ ਜਿਵੇਂ ਦੁਫਾੜ ਚੀਰੀ ਗਈ ਸੀ।

ਇਹ ਕਿੰਨਾ ਜ਼ਹਿਰੀਲਾ ਅਹਿਸਾਸ ਸੀ ਕਿ ਉਸਦੇ ਕਿਤੇ ਨਾਨਕੇ ਨਹੀਂ ਹਨ ਜਾਂ ਉਸਦੇ ਨਾਨਕੇ ਤੇ ਦਾਦਕੇ ਇਕੋ ਪਿੰਡ ਹਨ—ਇਕੋ ਘਰ ਹੀ ਹੋਣ ਜਿਵੇਂ। ਹੀਣਤਾ ਅਤੇ ਗਿਲਾਨੀ ਦੇ ਭਾਵਾਂ ਵਿਚ ਨਪੀੜੇ ਕਿਰਪਾਲ ਨੂੰ ਅਨੇਕ ਵਾਰ ਆਪਣੇ ਆਪ 'ਤੇ ਗ਼ੁੱਸਾ

ਆਇਆ ਸੀ। ਜਦੋਂ ਕਦੇ ਉਸਦੇ ਬਾਪ ਬੰਤਾ ਸਿੰਘ ਨੇ ਉਸ ਨੂੰ ਘੂਰਿਆ ਜਾਂ ਕੁੱਟਿਆ ਸੀ ਉਹ ਮਨ ਵਿਚ ਚਿਤਾਰਨੋਂ ਨਹੀਂ ਸੀ ਰਹਿ ਸਕਿਆ! "ਵੱਡਾ ਹੋ ਲੈਣ ਦੇ, ਮੈਂ ਤੇਰੀਆਂ ਵੱਢੂੰਗਾ ਲੱਤਾਂ।" ਬੇਸ਼ੱਕ ਵੱਡਾ ਹੋ ਕੇ ਉਹ ਇਸ ਵਿਚਾਰ ਨੂੰ ਭੁੱਲ ਹੀ ਗਿਆ।

ਇਹ ਸੰਤਾਪ ਕਿਹੜਾ ਘੱਟ ਸੀ ਕਿ ਉਸ ਨੂੰ ਰਿਸ਼ਤਾ ਵੀ ਨਾਨਕੇ ਵਿਹੂਣੀ ਔਰਤ ਦਾ ਹੋਇਆ ਸੀ। ਜੇ ਉਹ ਚੰਗੇ ਖ਼ਾਨਦਾਨ ਵਿਚ ਜੰਮਿਆ ਹੁੰਦਾ ਤਾਂ ਉਸ ਨੂੰ ਚੰਗੇ ਖ਼ਾਨਦਾਨ 'ਚੋਂ ਰਿਸ਼ਤਾ ਹੋਣਾ ਸੀ। ਉਸਦੀ ਤੀਵੀਂ ਭਾਵੇਂ ਚੰਗੀ ਸੀ, ਸੁਹਣੀ ਸੁਨੱਖੀ ਤੇ ਸਮਝਦਾਰ ਸੀ, ਉਸ ਨੇ ਇਸ ਪਰਿਵਾਰ ਲਈ ਤਿੰਨ ਬੱਚੇ ਵੀ ਜੰਮੇ ਸਨ ਪਰ ਸੀ ਤਾਂ ਉਹ ਉਜੜੇ ਜਿਹੇ ਪਿੰਡ ਖੋਖਰ ਦੇ ਅਮਲੀ ਤੇ ਘੋਰੀ ਬਚਨੇ ਦੀ ਔਲਾਦ ਜਿਸ ਨੂੰ ਲੋਕ ਪਿੰਡ ਦੀ ਜੂਠ ਕਹਿੰਦੇ ਸਨ। ਵੱਢਾ ਟੁੱਕੀ ਵੇਲੇ ਉਹ ਪਿੰਡ ਦੀ ਹੀ ਮੁਸਲਮਾਨਾਂ ਦੀ ਕੁੜੀ ਨੂੰ ਚੁੱਕ ਲਿਆਇਆ ਸੀ। ਛੀ-ਸੱਤ ਸਾਲ ਦੀ ਬਾਲੜੀ ਨੂੰ ਵੱਡੀ ਵੀ ਨਹੀਂ ਸੀ ਹੋਣ ਦਿੱਤਾ। ਕੁੜੀ ਦਸਵਾਂ ਵਰ੍ਹਾ ਵੀ ਨਹੀਂ ਸੀ ਟੱਪੀ ਰੋਲ਼-ਮਧੋਲ਼ ਦਿੱਤੀ ਗਈ। ਬਾਰ੍ਹਵੇਂ ਵਰ੍ਹੇ ਹੀ ਲੱਛੋ ਨੇ ਇਸ ਪ੍ਰੀਤੋ ਨੂੰ ਜਨਮ ਦਿੱਤਾ ਸੀ ਜੋ ਹੁਣ ਕਿਰਪਾਲ ਦੇ ਬੱਚਿਆਂ ਦੀ ਮਾਂ ਸੀ।

ਕਿਰਪਾਲ ਤੇ ਪ੍ਰੀਤੋ ਨੇ ਕਿਵੇਂ ਪਹਿਲੀ ਹੀ ਰਾਤ ਇਹ ਰਾਜ਼ ਸਾਂਝੇ ਕਰ ਲਏ ਸਨ। ਇਉਂ ਕਰਕੇ ਸ਼ਾਇਦ ਉਹ ਆਪਣੇ ਜ਼ਖ਼ਮਾਂ 'ਤੇ ਮਲ੍ਹਮ ਲਾ ਰਹੇ ਜਾਂ ਅਣਜਾਣਪੁਣੇ ਵਿਚ ਕੁਰੇਦ ਰਹੇ ਸਨ। ਅਗਲੇ ਦਿਨ ਉਹ ਇਕ ਦੂਜੇ ਕੋਲੋਂ ਆਪਣਾ ਆਪ ਲੁਕੋਂਦੇ ਫਿਰਦੇ ਸਨ ਜਿਵੇਂ ਦੋਵੇਂ ਹੀ ਇਕ ਦੂਜੇ ਦੀਆਂ ਨਜ਼ਰਾਂ ਵਿਚ ਨਿਕੱਦੇ ਹੋ ਗਏ ਸਨ ਤੇ ਫਿਰ ਹੌਲੀ-ਹੌਲੀ ਸਭ ਕੁਝ ਸਹਿਜ ਹੋ ਗਿਆ ਸੀ।

ਨਾਨਾ ਸ਼ਬਦ ਨੇ ਕਿਰਪਾਲ ਦੇ ਮਨ ਵਿੱਚ ਕੋਈ ਤਰੰਗ ਨਹੀਂ ਸੀ ਛੇੜੀ। ਉਹ ਉਵੇਂ ਦਾ ਟੋਕਰੇ ਉਵੇਂ ਭਰ-ਭਰ ਕੇ ਪੱਠੇ ਖੁਰਲੀਆਂ ਵਿਚ ਉਲਟਾਉਂਦਾ ਰਿਹਾ, ਸਭ ਕੁਝ ਅਣਸੁਣਿਆ ਕਰਕੇ। ਲੰਮੀ ਸਾਰੀ ਬਾਂਹ ਵਧਾ ਕੇ ਉਸਨੇ ਕੱਟੇ-ਕੱਟੀ ਵੱਲ ਵੀ ਕੁਝ ਪੱਠੇ ਧੱਕ ਦਿੱਤੇ। ਉਸਦੇ ਕੰਨਾਂ ਵਿਚ ਫਿਰ ਉਹੀ ਬੋਲ ਗੂੰਜੇ : "ਵੇ, ਮੈਂ ਕਿਹੈ ਚੱਲ ਵੇ ਕਿਰਪਾਲ!" ਕਹਿ ਕੇ ਰੇਸ਼ਮ ਕੌਰ ਨੇ ਬੁੱਲ੍ਹਾਂ ਤੇ ਮੁਸਕਰਾਹਟ ਲਿਆਉਣ ਦਾ ਜਤਨ ਕੀਤਾ।

"ਕਿਹੜਾ ਨਾਨਾ ਆਇਐ? ਐਵੇਂ ਭਕਾਈ ਮਾਰੀ ਜਾਨੀ ਐਂ।" ਕਿਰਪਾਲ ਖਿਝਿਆ ਹੋਇਆ ਸੀ ਤੇ ਉਹ ਕੋਈ ਵੀ ਗੱਲ ਨਹੀਂ ਸੀ ਸੁਣਨੀ ਚਾਹੁੰਦਾ।

"ਵੇ ਸਹੁੰ ਤੇਰੀ, ਸੱਚੀਂ ਤੇਰੀ ਮਾਸੀ ਸੁਰਜੀਤ ਕੁਰ ਦਾ ਬਾਪੂ ਆਇਆ ਪੁੱਤ!" ਉੱਪਰੋਂ ਵਿਖਾਏ ਚਾਅ ਪਰ ਪਾਟੀ ਹੋਈ ਅਵਾਜ਼ ਵਿਚੋਂ ਉੱਠਦੇ ਗ਼ਮ ਦੇ ਗੁਬਾਰ ਦੇ ਬਾਵਜੂਦ ਕਿਰਪਾਲ ਦੇ ਅੰਦਰ ਕੋਈ ਚਿੰਗਾੜੀ ਨਾ ਮਘੀ ਪਰ ਉਹ ਥੋੜ੍ਹਾ ਕੁ ਹਿੱਲਿਆ ਜ਼ਰੂਰ: "ਮਾਸੀ ਸੁਰਜੀਤ ਕੁਰ ਦਾ ਬਾਪੂ ਕਿੱਥੋਂ ਆ ਗਿਆ? ਐਵੇਂ ਝੂਠ ਮਾਰੀ ਜਾਨੀ ਐਂ।"

ਰੇਸ਼ਮ ਕੌਰ ਦੀ ਆਤਮਾ ਪੁਕਾਰ ਰਹੀ ਸੀ ਕਿ ਜੋ ਉਥਲ-ਪੁਥਲ ਉਸਦੇ ਆਪਣੇ ਅੰਦਰ ਹੋ ਰਹੀ ਸੀ ਉਸੇ ਤਰ੍ਹਾਂ ਦੀ ਉਥਲ-ਪੁਥਲ ਕਿਰਪਾਲ ਦੇ ਅੰਦਰ ਵੀ ਹੋਣ ਲੱਗੇ ਕਿ ਇਕਦਮ ਭੂਚਾਲ ਆ ਜਾਏ ਪਰ ਕਿਰਪਾਲ ਅਜੇ ਵੀ ਦੁਪਹਿਰ ਦੀ ਰੁਕੀ ਹੋਈ ਹਵਾ ਵਾਂਗ ਸਹਿਜ ਜਾਪ ਰਿਹਾ ਸੀ। ਰੇਸ਼ਮ ਕੌਰ ਦੇ ਆਪਣੇ ਜ਼ਿਹਨ ਵਿਚ ਤਾਂ ਇਕ ਭੂਚਾਲ ਹੀ ਆਇਆ ਹੋਇਆ ਸੀ। ਉਹ ਚਾਹੁੰਦੀ ਸੀ ਕਿ ਕੋਈ ਉਸ ਨੂੰ ਵੀ ਆ ਕੇ ਸੁਨੇਹਾ ਦੇਵੇ : "ਕੁੜੇ ਰੇਸ਼ਮ ਕੁਰੇ ਤੇਰਾ ਬਾਪੂ ਆਇਐ।" ਉਸ ਦੀਆਂ ਅੱਖਾਂ ਅੱਗੇ ਗਿਆਰਾਂ-ਬਾਰਾਂ ਸਾਲ ਦਾ ਉਹ ਸਾਰਾ



ਬਚਪਨ ਅੱਖਾਂ ਮੂਹਰੇ ਘੁੰਮ ਗਿਆ। ਕਿਵੇਂ ਉਨ੍ਹਾਂ ਦੇ ਕੱਚੇ ਜਿਹੇ ਖੋਲੇ ਦੇ ਵਿਹੜੇ ਵਿਚ ਉਨ੍ਹਾਂ ਦਾ ਕੋਹਲੂ ਹੁੰਦਾ ਸੀ? ਉਸਦਾ ਅੱਬਾ ਚਰਾਗੂ ਬਲਦ ਦੀਆਂ ਅੱਖਾਂ ਬੰਨ੍ਹ ਕੇ ਬਲਦ ਜੋੜਦਾ ਤੇ ਲੋਕਾਂ ਦੀ ਸਰ੍ਹੋਂ ਪੀੜਦਾ ਰਹਿੰਦਾ ਤੇ ਰੇਸ਼ਮਾ ਕਈ ਵਾਰ ਕੋਹਲੂ ਦੀ ਗਾਧੀ 'ਤੇ ਬੈਠ ਕੇ ਝੂਟੇ ਲੈਂਦੀ ਹੁੰਦੀ ਸੀ।

"ਪੁੱਤ ਸਹੁੰ ਤੇਰੀ ਵੇ, ਹੁਣੇ ਈ ਕੈਲੋ ਸੁਨੇਹਾ ਦੇ ਕੇ ਗਈ ਐ। ਗੇਬੇ ਦੀ ਕੁੜੀ।" ਸੁਰਜੀਤ ਕੌਰ ਦੇ ਮੁੰਡੇ ਗੇਬੇ ਨਾਲ ਉਸਦੀ ਚੰਗੀ ਸੱਥਰੀ ਪੈਂਦੀ ਸੀ। ਗੇਬੇ ਦੀ ਕੁੜੀ ਦਾ ਨਾਂ ਸੁਣ ਕੇ ਕਿਰਪਾਲ ਨੇ ਬੇਬੇ ਦੇ ਚਿਹਰੇ 'ਤੇ ਤਿਰਛੀ ਜਿਹੀ ਨਿਗਾਹ ਸੁੱਟੀ ਜਿੱਥੇ ਪਹਿਲਾਂ ਨਾਲੋਂ ਥੋੜ੍ਹੀ ਕੁ ਰੌਣਕ ਪਰਤੀ ਹੋਈ ਸੀ—"ਚੱਲ ਵੇ ਛੇਤੀ ਕਰ!"

ਮਾਂ ਦਾ ਹੁਕਮ ਸੁਣ ਕੇ ਉਸਨੇ ਟੋਕਰਾ ਮਸ਼ੀਨ ਦੇ ਮੂਹਰੇ ਪਏ ਕੁਤਰੇ ਉੱਪਰ ਵਗਾਹ ਮਾਰਿਆ ਅਤੇ ਹੱਥ ਛੰਡ ਕੇ ਉਸਨੇ ਆਪਣੇ ਕੱਪੜੇ ਝਾੜੇ। ਉਸਦਾ ਬਦਲਿਆ ਰਉਂ ਵੇਖ ਕੇ ਰੇਸ਼ਮ ਕੌਰ ਦੀਆਂ ਵਰਾਛਾਂ ਖਿੜ ਗਈਆ—"ਸ਼ੁਕਰ ਐ ਮਹਾਰਾਜ ਤੇਰੇ ਘਰ ਨੂੰ!" ਮਨ ਵਿਚ ਦੁਹਰਾਉਂਦੀ ਉਹ ਅੱਗੇ-ਅੱਗੇ ਤੁਰ ਪਈ ਤੇ ਪਿੱਛੇ-ਪਿੱਛੇ ਆ ਰਿਹਾ ਕਿਰਪਾਲ ਉਸ ਨੂੰ ਹਿੰਮਤ ਅਤੇ ਹੌਸਲਾ ਦਿੰਦਾ ਜਾਪਦਾ ਸੀ।

"ਮਾਸੀ ਦਾ ਅਸਲ ਬਾਪ ਐ ਕੀ? ਇਹ ਨਾਨਾ ਕਿੱਥੋਂ ਆ ਗਿਆ ?.....ਬੇਬੇ ਤਾਂ ਕਹਿੰਦੀ ਹੁੰਦੀ ਸੀ ਪਿੰਡ ਦਾ ਕੋਈ ਮੁਸਲਮਾਨ ਬਚਿਆ ਹੀ ਨਹੀਂ ਸੀ।" ਪਿੱਛੇ-ਪਿੱਛੇ ਜਾ ਰਿਹਾ ਕਿਰਪਾਲ ਸੋਚਦਾ ਜਾ ਰਿਹਾ ਸੀ।

ਬੂਹੇ ਵੜਦਿਆਂ ਹੀ ਰੇਸ਼ਮ ਕੌਰ ਤੇ ਕਿਰਪਾਲ ਨੇ ਵੇਖਿਆ ਕਿ ਇਕ ਬਿਰਧ ਆਦਮੀ ਸੁਰਜੀਤ ਕੌਰ ਨੂੰ ਬਾਹਾਂ ਵਿਚ ਵਲ੍ਹੇਟੀ ਮੰਜੇ ਉੱਪਰ ਬੈਠਾ ਰੋ ਰਿਹਾ ਸੀ। ਸੁਰਜੀਤ ਕੌਰ ਦੀਆਂ ਚੀਕਾਂ ਅਸਮਾਨ ਨੂੰ ਪਾੜ ਰਹੀਆਂ ਜੋ ਰੇਸ਼ਮ ਕੌਰ ਦੇ ਆਉਣ 'ਤੇ ਹੋਰ ਵੀ ਉੱਚੀਆਂ ਹੋ ਗਈਆਂ ਸਨ। ਕੁਝ ਤੀਵੀਆਂ-ਮਰਦ ਅਤੇ ਨਿੱਕੇ-ਵੱਡੇ ਮੁੰਡਿਆਂ-ਕੁੜੀਆਂ ਦਾ ਉਗ੍ਹਾਂ ਤੱਕ ਝੁੰਡ ਜਿਹਾ ਬਣਿਆ ਹੋਇਆ ਸੀ ਜਿਨ੍ਹਾਂ ਦੇ ਵਿਚੋਂ ਲੰਘ ਕੇ ਰੇਸ਼ਮ ਕੌਰ ਵੀ ਬਜ਼ੁਰਗ ਦੀਆਂ ਬਾਹਾਂ ਵਿਚ ਡਿੱਗ ਪਈ। ਬਜ਼ੁਰਗ ਨੇ ਸੁਰਜੀਤ ਕੌਰ ਨੂੰ ਛੱਡ ਕੇ ਰੇਸ਼ਮ ਕੌਰ ਨੂੰ ਬਾਹਾਂ ਵਿਚ ਘੁੱਟ ਲਿਆ : "ਓ ਮੇਰੀਓ ਬੱਚੀਓ! ਨਿਕਰਮਣੋਂ! ਤੁਸੀਂ ਅਜੇ ਜਿਉਂਦੀਆਂ ਜੇ....ਓ ਰੱਬਾ! ਤੇਰੀ ਕਿਹੋ ਜਿਹੀ ਰਜ਼ਾ ਹੈ ਇਹ?" ਬਜ਼ੁਰਗ ਦੀ ਕੁਤਰੀ ਹੋਈ ਦਾੜ੍ਹੀ ਕੰਬ ਰਹੀ ਤੇ ਉਸ ਦੀਆਂ ਮੁੱਛਾਂ ਸਫ਼ਾ ਚੱਟ ਸਨ। ਉਹ ਜ਼ਾਰੋ-ਜ਼ਾਰ ਰੋਈ ਜਾ ਰਿਹਾ ਸੀ। ਉਸਦੇ ਹੰਝੂ ਹੁਣ ਰੇਸ਼ਮ ਕੌਰ ਦੇ ਚਿੱਟੇ ਹੋ ਗਏ ਵਾਲਾਂ ਵਿਚ ਗੁਆਚ ਰਹੇ ਸਨ—"ਅੱਬਾ ਤੁਸੀਂ ਕਿੱਥੇ ਚੱਲੇ ਗਏ ਸੀ...ਐਨੇ ਸਾਲ ਕਿੱਥੇ ਰਹੇ ਅੱਬਾ!" ਰੇਸ਼ਮ ਕੌਰ ਦੇ ਮੂੰਹੋਂ ਚਾਚਾ ਸ਼ਬਦ ਨਹੀਂ ਨਿਕਲ ਸਕਿਆ। ਆਪਣੇ ਜਾਣੇ ਤਾਂ ਉਹ ਯਾਣੀ ਚਾਚਾ ਹੀ ਕਹਿ ਰਹੀ ਸੀ...."ਅੱਬਾ! ਤੂੰ ਕਿੱਥੇ ਚਲਾ ਗਿਆ ਸੀ ਸਾਨੂੰ ਛੱਡ ਕੇ।" ਤਿਹਾਂ ਦੇ ਹੀ ਜਿਗਰਾਂ ਦੇ ਜ਼ਖ਼ਮ ਮੁੜ ਹਰੇ ਹੋ ਗਏ ਸਨ ਜਿਵੇਂ-ਤਿਹਾਂ ਦੇ ਹਿਰਦਿਆਂ 'ਚੋਂ ਹੀ ਤਿੱਖੀਆਂ ਚੀਸਾਂ ਉਠ ਰਹੀਆਂ ਸਨ; ਜਾਪਦਾ ਸੀ ਹੁਣ ਹੀ ਅੰਬਰ ਫਿੱਸ ਪਏਗਾ। ਖੜ੍ਹਿਆ 'ਚੋਂ ਵੀ ਕਈ ਧੌਣਾਂ ਲੁੜ੍ਹਕੀਆਂ ਹੋਈਆਂ ਸਨ।

ਮਾਹੌਲ ਬਦਲਿਆ। ਤਿੰਨੇ ਜਣੇ ਗੱਲੀਂ ਲੱਗ ਪਏ..."ਓਥੇ ਕੌਣ ਕੌਣ ਐ ਚਾਚਾ?" ਰੇਸ਼ਮ ਕੌਰ ਪਤਾ ਨਹੀਂ ਕਿਵੇਂ ਹੌਸਲਾ ਕਰ ਗਈ—ਸੁਰਜੀਤ ਕੌਰ ਤੋਂ ਤਾਂ ਏਨੀ ਗੱਲ ਵੀ ਨਹੀਂ ਸੀ ਪੁੱਛੀ ਗਈ।

"ਬੱਸ ਮੈਂ ਈ ਹਾਂ ਬੱਚਾ। ਬਾਕੀ ਤਾਂ ਸਾਰੇ ਏਧਰ ਈ....।" ਉਮਰਦੀਨ ਫੇਰ ਅੱਖਾਂ ਭਰ ਆਇਆ। ਰੇਸ਼ਮ ਕੌਰ ਤੇ ਸੁਰਜੀਤ ਕੌਰ ਦੀਆਂ ਫਿਰ ਲੇਰਾਂ ਨਿਕਲ ਗਈਆਂ। ਫਿਰ ਤਿੰਨੋਂ ਜਣੇ ਕੁਝ ਸੰਭਲੇ। ਰੇਸ਼ਮ ਕੌਰ ਨੇ ਚਾਚੇ ਉਮਰਦੀਨ ਦੇ ਚਿਹਰੇ 'ਤੇ ਇਕ ਭਰਵੀਂ ਨਜ਼ਰ ਸੁੱਟੀ। ਉਸਨੂੰ ਜਾਪਿਆ ਕਿ ਉਹ ਉਸਦਾ ਚਾਚਾ ਉਮਰਾ ਨਹੀਂ ਸੀ। ਉਹ ਤਾਂ ਉਦੋਂ ਪੂਰਾ ਹੱਟਾ-ਕੱਟਾ ਨਵਾਂ ਨਰੋਆ ਨੌਜੁਆਨ ਸੀ; ਲੰਮਾ ਲੰਞਾ, ਕਾਲ਼ੀ ਭਰਵੀਂ ਦਾੜ੍ਹੀ ਵਾਲਾ। ਉਹ ਸਿਰ 'ਤੇ ਪੱਗ ਬੰਨ੍ਹਿਆ ਕਰਦਾ ਸੀ। ਉਹਨੇ ਤਾਂ ਕਦੇ ਦਾੜ੍ਹੀ ਨੂੰ ਕੈਂਚੀ ਨਹੀਂ ਸੀ ਲਾਈ। ਭਾਵੇਂ ਉਸ ਵਿਚ ਪਹਿਲਾਂ ਦੀ ਵੇਖੀ ਹੋਈ ਨਿਸ਼ਾਨੀ ਨਹੀਂ ਸੀ ਦਿਸ ਰਹੀ ਪਰ ਤਾਂ ਵੀ ਜ਼ੋਰ ਪਾਉਣ 'ਤੇ ਰੇਸ਼ਮ ਕੌਰ ਨੂੰ ਕੁਤਰੀ ਹੋਈ ਦਾੜ੍ਹੀ ਤੇ ਸਫ਼ਾ ਚੱਟ ਮੁੱਛਾਂ 'ਚੋਂ ਚਾਚੇ ਉਮਰੇ ਦੇ ਗੁਆਚੇ ਨਕਸ਼ ਲੱਭ ਪਏ ਸਨ। ਪਰ ਹੁਣ ਉਹ ਉਮਰਾ ਨਹੀਂ ਉਮਰਦੀਨ ਸੀ ਜਿਸਨੇ ਸਿਰ 'ਤੇ ਚਿੱਟੀ ਰੇਸ਼ਮੀ ਟੋਪੀ ਲਈ ਹੋਈ ਸੀ। ਇਹ ਕੁੱਬਾ-ਕੁਢੱਬਾ ਜਿਹਾ ਬੁੱਢਾ ਕੀ ਸੱਚਮੁੱਚ ਚਾਚਾ ਉਮਰਾ ਹੀ ਸੀ?....ਨਹੀਂ....ਨਹੀਂ....ਹੈ ਤਾਂ ਉਹੀ ਰੇਸ਼ਮ ਕੌਰ ਦੇ ਅੰਦਰ ਉਧੇੜ ਬੁਣ ਹੁੰਦੀ ਰਹੀ ਸੀ। ਉਹ ਵੀ ਰੇਸ਼ਮਾ ਤੋਂ ਰੇਸ਼ਮ ਕੌਰ ਬਣਾ ਦਿੱਤੀ ਗਈ ਸੀ ਤੇ ਉਮਰਾ ਵੀ ਹਾਲਾਤ ਦਾ ਧੱਕਿਆ ਉਮਰਦੀਨ ਬਣ ਗਿਆ ਸੀ। ਇਕ ਵਾਰ ਫੇਰ ਰੇਸ਼ਮ ਕੌਰ ਨੂੰ ਇਹ ਜਾਪਿਆ ਜਿਵੇਂ ਉਹ ਰੇਸ਼ਮ ਕੌਰ ਤੋਂ ਮੁੜ ਰੇਸ਼ਮਾ ਬਣ ਗਈ ਹੋਵੇ।

ਸੁਰਜੀਤ ਕੌਰ ਦਾ ਪਤੀ ਬੰਤਾ ਸਿੰਘ, ਜੋ ਅੱਜ ਕੱਲ੍ਹ ਪਿੰਡ ਦੇ ਗੁਰਦੁਆਰੇ ਦਾ ਪ੍ਰਧਾਨ ਸੀ, ਰਤਾ ਕੁ ਹਟਵੇਂ ਮੰਜੇ ਉੱਤੇ ਊਂਧੀ ਪਾਈ ਬੈਠਾ ਸੀ। ਉਸ ਦੇ ਮਨ ਵਿਚ ਬੁੱਢੇ ਉਮਰਦੀਨ ਦੇ ਆਉਣ ਨਾਲ ਕੋਈ ਚਾਉ ਪੈਦਾ ਨਹੀਂ ਸੀ ਹੋਇਆ। ਉਸ ਦੇ ਅੰਦਰ ਜੋ ਵੀ ਭਾਵ ਉਪਜ ਰਹੇ ਸਨ, ਉਹ ਉਨ੍ਹਾਂ ਨੂੰ ਛੁਪਾਉਣ ਦਾ ਹੀ ਜਤਨ ਕਰ ਰਿਹਾ ਸੀ। ਅਸਲ ਵਿਚ ਉਹ ਦੁਖੀ ਸੀ ਇਹ ਗੱਲੋਂ ਕਿ ਸਮੇਂ ਨੇ ਬੀਤੇ ਉੱਪਰ ਮਿੱਟੀ ਪਾ ਦਿੱਤੀ ਸੀ ਤੇ ਹੁਣ ਉਸ ਦੇ ਘਰ ਵਿਚ ਤੇਜ਼ ਵਰੋਲਾ ਉਸ ਮਿੱਟੀ ਨੂੰ ਉਡਾ ਕੇ ਬੀਤੇ ਨੂੰ ਨੰਗਾ ਕਰ ਰਿਹਾ ਸੀ। ਉਸ ਨੂੰ ਆਪਨਾ ਸਿਰ ਖ਼ਾਲੀ ਖੋਪੜੀ ਜਾਪਦਾ ਸੀ ਤੇ ਲੱਗਦਾ ਸੀ ਕਿ ਇਹ ਖੋਪੜੀ ਹੁਣੇ ਉਸਦੀ ਧੌਣ ਤੋਂ ਵੱਖ ਹੋ ਕੇ ਹੇਠਾਂ ਡਿੱਗ ਪਏਗੀ ਤੇ ਮਤੀਰੇ ਵਾਂਗ ਫਿੱਸ ਜਾਏਗੀ।

"ਬੰਤਿਆ! ਕਦੋਂ ਆਇਆ ਚਾਚਾ?" ਰੇਸ਼ਮ ਕੌਰ ਨੇ ਬੰਤੇ ਵਿਚ ਕੁਝ ਰੂਹ ਫੂਕਣ ਲਈ ਉਸ ਨੂੰ ਝੰਜੋੜਿਆ ਜਿਵੇਂ ਕਹਿ ਰਹੀ ਹੋਵੇ—"ਦੋਜ਼ਖੀਓ! ਉਦੋਂ ਤਾਂ ਨਾਬਰ ਬਣੇ ਹੋਏ ਸੀ, ਹੁਣ ਸਹੁਰੇ ਨਾਲ ਅੱਖ ਵੀ ਨਹੀਂ ਮਿਲਾਉਂਦੇ।" ਬੰਤਾ ਰੇਸ਼ਮਾ ਵੱਲ ਝਾਕਿਆ ਸੀ ਇਕ ਵਾਰ। ਉਸ ਨੂੰ ਰੇਸ਼ਮਾ ਦੀ ਆਵਾਜ਼ ਤਾਂ ਸੁਣੀ ਸੀ ਪਰ ਸ਼ਬਦਾਂ ਦੀ ਸਮਝ ਨਹੀਂ ਸੀ ਆਈ। ਉਹ ਉਠ ਕੇ ਬੇਮਤਲਬਾ ਹੀ ਪਸ਼ੂਆਂ ਦੀਆਂ ਖੁਰਲੀਆਂ ਵੱਲ ਚਲਾ ਗਿਆ ਤੇ ਐਵੇਂ ਹੀ ਕੱਖਾਂ ਵਿਚ ਹੱਥ ਮਾਰਦਾ ਰਿਹਾ। ਉਸਦੇ ਅੰਦਰ ਵੀ ਕੋਈ ਉਥਲ-ਪੁੱਥਲ ਹੋ ਰਹੀ ਸੀ ਤੇ ਖ਼ਾਸ ਕਰਕੇ ਉਸ ਨੂੰ ਉਮਰੇ ਦੀ ਆਮਦ ਰੜਕ ਰਹੀ ਸੀ।

ਉਹ ਕਿਹੋ ਜਿਹੀ ਚੰਦਰੀ ਹਵਾ ਵਗੀ ਸੀ। ਘੁੱਗ ਵਸਦੇ ਪੰਜਾਬ ਦੇ ਪਾਣੀਆਂ ਨੂੰ ਰੱਬ ਦੇ ਨਾਂ 'ਤੇ ਇੱਥੋਂ ਦੇ ਬੰਦਿਆਂ ਅੱਗਾਂ ਲਾ ਦਿੱਤੀਆਂ ਸਨ। ਦੋ ਕੁ ਦਿਨ ਪਹਿਲਾਂ ਹਵਾ ਵਿਚ ਇਕ ਗੱਲ ਫੈਲਾਈ ਗਈ—"ਉਧਰੋਂ ਇਕ ਗੱਡੀ ਆਈ ਐ—ਹਿੰਦੂ-ਸਿੱਖ ਬੀਬੀਆਂ ਦੀ ਭਰੀ ਹੋਈ..ਅਲਫ਼ ਨੰਗੀਆਂ ਬੀਬੀਆਂ ਦੀਆਂ ਛਾਤੀਆਂ ਤੇ ਜੀਭਾਂ ਵੱਢੀਆਂ ਹੋਈਆਂ, ਪੱਟਾਂ ਤੇ ਗੁਪਤ ਅੰਗਾਂ 'ਤੇ ਦਾਗ਼ ਦਿੱਤੇ ਹੋਏ....ਅੱਲਾ ਹੂ ਅਕਬਰ ਅਤੇ ਪਾਕਿਸਤਾਨ ਜ਼ਿੰਦਾਬਾਦ ਲਿਖਿਆ ਹੋਇਆ।"



ਪਿਛਲੇ ਕੁ ਪਹਿਰ ਦੇ ਨਾਲ ਸਾਰੇ ਪਿੰਡ ਵਿਚ ਇਕੋ ਰੌਲਾ ਮੱਚਿਆ ਹੋਇਆ ਸੀ: "ਮੁਸਲਮਾਨ ਆ ਗਏ...ਮੁਸਲਮਾਨਾਂ ਨੇ ਪਿੰਡ 'ਤੇ ਹਮਲਾ ਕਰ 'ਤਾ।" ਬੱਚਿਆਂ ਤੇ ਬੁੜ੍ਹੀਆਂ ਨੂੰ ਖ਼ਾਸ ਸੁਰੱਖਿਅਤ ਥਾਵਾਂ 'ਤੇ ਬੰਦ ਕਰ ਕੇ ਪਿੰਡ ਦੇ ਹਿੰਦੂ ਸਿੱਖ ਲੋਕ, ਹੱਥਾਂ ਵਿਚ ਗੰਡਾਸੇ, ਬਰਛੇ, ਕੁਧਾਲੇ, ਸਫਾਜੰਗ ਆਦਿ ਚੁੱਕੀ ਗਲ਼ੀਆਂ ਵਿਚ ਨਿਕਲ ਆਏ ਸਨ। ਰਾਤ ਭਰ ਪਹਿਰਾ ਦੇ ਕੇ ਪਿੰਡ ਦੀ ਰਾਖੀ ਕੀਤੀ ਗਈ ਪਰ ਕਿਸੇ ਪਾਸਿਓਂ ਕੋਈ ਮੁਸਲਮਾਨ ਹਮਲਾਵਰ ਨਹੀਂ ਸੀ ਵਿਖਾਈ ਦਿੱਤਾ। ਰਾਤ ਭਰ ਪਹਿਰੇਦਾਰਾਂ ਦੇ ਜੈਕਾਰੇ ਹੀ ਹਵਾ ਨੂੰ ਦੂਸ਼ਿਤ ਕਰਦੇ ਰਹੇ ਸਨ।

ਅਗਲੇ ਦਿਨ ਕਈ ਸਿੱਖ ਪਰਿਵਾਰਾਂ ਤੋਂ ਮੁਸਲਮਾਨ ਪਰਿਵਾਰਾਂ ਨੇ ਸੁਰੱਖਿਆ ਦੀ ਫ਼ਰਿਆਦ ਕੀਤੀ ਸੀ : "ਸਰਦਾਰ ਸਾਹਿਬ! ਗੁਰੂਆਂ ਨੇ ਹਮੇਸ਼ਾ ਮਜ਼ਲੂਮਾਂ ਦੀ ਰਾਖੀ ਕੀਤੀ ਸੀ, ਆਪਾਂ ਤਾਂ ਫੇਰ ਸਦੀਆਂ ਤੋਂ ਭਰਾਵਾਂ ਵਾਂਗ ਵਸਦੇ ਆ ਰਹੇ ਐ....ਬਚਾ ਲੋ।" ਪਰ ਇਹ ਬੋਲ ਤਾਂ ਤਿੱਖੜ ਦੁਪਹਿਰ ਦੀ ਧੁੱਪ ਵਿਚ ਬਰਫ਼ ਦੀ ਡਲੀ ਵਾਂਗ ਹੀ ਕਿਧਰੇ ਖੁਰ ਗਏ ਸਨ। ਸਿੰਘ ਬਦਲਾ ਲੈਣ ਲਈ ਉਤਾਰੂ ਸਨ ਤੇ ਉਸ ਦਿਨ ਨੀਲੇ ਚੋਲਿਆਂ ਤੇ ਪੀਲ਼ੀਆਂ ਪੱਗਾਂ ਦੀ ਗਿਣਤੀ ਕਈ ਗੁਣਾ ਵਧ ਗਈ ਸੀ। ਉਮਰਾ ਆਪਨੇ ਭਰਾ ਜਮਾਲੇ ਨੂੰ ਵੇਲੇ ਕੁਵੇਲੇ ਜਿਹੇ ਪਿੰਡ ਦੇ ਮੁਹਤਬਰ ਤੇ ਸਿਰਕੱਢ ਅਕਾਲੀ ਚੰਨਣ ਸਿਉਂ ਦੇ ਘਰ ਆਇਆ ਸੀ : "ਸਰਦਾਰਾ ਕੋਈ ਦਿੱਤੀਆਂ ਲਈਆਂ ਮੂਹਰੇ ਆਉਂਦੀਆਂ ਲਗਦੀਆਂ।"—ਉਹ ਹੱਥ ਬੰਨ੍ਹ ਕੇ ਕਿਵੇਂ ਗਿੜਗਿੜਾ ਰਿਹਾ ਸੀ, ਪੱਥਰ ਤੋਂ ਪੱਥਰ ਕਿਹੜਾ ਨਾ ਪਿਘਲ ਜਾਂਦਾ—"ਆਪਨੀ ਜਾਨ ਦੀ ਪਰਵਾਹ ਨਹੀਂ ਗੁਰੂ ਦਿਆ ਸਿੰਘਾ। ਡਰ ਮਾਰਦੈ ਮੁਟਿਆਰ ਧੀਆਂ ਦਾ...ਹੋਰ ਨਾ ਕਿਤੇ ਇਨ੍ਹਾਂ ਦੀਆਂ ਇੱਜ਼ਤਾਂ ਖੇਹ ਖ਼ਰਾਬ ਹੋ ਜਾਣ।" ਉਦੋਂ ਵੀ ਉਹਦੀਆਂ ਅੱਖਾਂ ਨੇ ਘਰਾਲੀ ਖ਼ੂਨ ਦੇ ਅੱਥਰੂ ਰੋਏ ਸਨ। ਕਿਵੇਂ ਦੋਵੇਂ ਭਰਾ ਹੱਥ ਜੋੜੀ ਇਉਂ ਖੜ੍ਹੇ ਸਨ ਜਿਵੇਂ ਪੱਥਰ ਦੇ ਬੁੱਤ ਖੜ੍ਹੇ ਹੋਣ।

"ਭਾਈ ਜੇ ਕਿਸੇ ਪਾਸੇ ਨਿਕਲਿਆ ਜਾਂਦੈ—ਬਚ ਕੇ ਨਿਕਲ਼ ਜੋ...ਸਾਡੇ ਕੋਲ ਵੀ ਕੀਹਨੇ ਛੱਡਣੈ ਥੋਨੂੰ....ਵੇਖੋ ਸੰਧੂ ਪਿੰਡ ਵਿਚ ਸਿੱਖਾਂ ਦੇ ਘਰਾਂ 'ਚੋਂ ਕੱਢ-ਕੱਢ ਕੇ ਵੱਢ 'ਤੇ ਵਿਚਾਰੇ ਦਰਵੇਸ਼।" ਚੰਨਣ ਸਿੰਘ ਚਾਹੁੰਦਾ ਤਾਂ ਸੀ ਕਿ ਸਾਰੇ ਮੁਸਲਮਾਨਾਂ ਨੂੰ ਆਪਨੇ ਅੰਦਰ ਲੁਕੋ ਲਵੇ ਪਰ ਉਸਦੇ ਅੰਦਰ ਲੋੜੀਂਦੀ ਦ੍ਰਿੜ੍ਹਤਾ ਨਾ ਜਾਗ ਸਕੀ ਤੇ ਉਹ ਸਹੀ ਫ਼ੈਸਲਾ ਲੈਣ ਤੋਂ ਖੁੰਝ ਗਿਆ।

ਕੁਝ ਕੁ ਪਰਿਵਾਰ, ਚਾਰ ਛਿੱਲੜ ਤੇ ਟੂਮ ਟਾਕੀ ਸੰਭਾਲ ਕੇ ਪਿੰਡ ਛੱਡ ਵੀ ਗਏ ਸਨ ਤੇ ਕੁਝ ਕੁ ਨੇ ਅਮਾਨਤ ਗੁਆਂਢੀ ਸਿੱਖਾਂ ਨੂੰ ਸੌਂਪ ਕੇ ਚਾਲੇ ਪਾ ਦਿੱਤੇ ਸਨ ਪਰ ਖ਼ਾਲਸਈ ਬਾਣੇ ਵਿਚ ਹਰਲ-ਹਰਲ ਕਰਦੀਆਂ ਭੀੜਾਂ ਉਨ੍ਹਾਂ 'ਤੇ ਟੁੱਟ ਪਈਆਂ ਸਨ ਤੇ ਪੈਂਤੀ ਦੇ ਕਰੀਬ ਮਰਦ ਔਰਤਾਂ ਤੇ ਬੱਚੇ ਖੇਤਾਂ ਦੀਆਂ ਵੱਟਾਂ ਤੇ ਵੱਢ ਟੁੱਕ ਦਿੱਤੇ ਗਏ ਸਨ। ਉੱਥੇ ਹੀ ਛੋਟੇ-ਛੋਟੇ ਟੋਏ ਪੁੱਟ ਕੇ ਮਿੱਟੀ ਪਾ ਦਿੱਤੀ ਸੀ ਜਿਨ੍ਹਾਂ ਨੂੰ ਅਗਲੇ ਦਿਨ ਹੀ ਗਿੱਦੜ-ਕੁੱਤੇ ਘਸੀਟੀ ਫਿਰਦੇ ਸਨ।

ਅਗਲੇ ਹੀ ਦਿਨ ਲਾਗਲੇ ਪਿੰਡਾਂ ਦੇ ਮੌਕੇ 'ਤੇ ਸਜੇ ਖ਼ਾਲਸਿਆਂ ਨੇ ਪਿੰਡ 'ਤੇ ਧਾਵਾ ਬੋਲ ਦਿੱਤਾ ਸੀ। ਜੈਕਾਰਿਆਂ, ਚੀਕਾਂ ਤੇ ਮਾਰੋ-ਮਾਰੋ, ਬਚਾਓ-ਬਚਾਓ ਦੀਆਂ ਭਿਆਨਕ ਆਵਾਜ਼ਾਂ ਦਾ ਭੂਫ਼ਾਨ ਆ ਗਿਆ ਸੀ ਪਿੰਡ ਵਿੱਚ। ਬਜ਼ੁਰਗ ਗਲ਼ਾਂ ਵਿਚ ਪੱਲੇ ਤੇ ਮੂੰਹ ਵਿਚ

ਘਾਹ ਦੀਆਂ ਤਿੜਾਂ ਪਾ ਕੇ ਬਾਹਰ ਨਿਕਲ ਆਏ ਸਨ : "ਗੁਰੂ ਦਿਉ ਸਿੰਘੋ, ਨਾ ਮਾਰੋ, ਨਾ ਮਾਰੋ ਦਸਵੇਂ ਪਾਅਸ਼ਾ ਦੇ ਨਾਂ 'ਤੇ ਨਾ ਮਾਰੋ।".....ਪਰ ਕਿਸੇ ਨੂੰ ਬਖਸ਼ਿਆ ਨਾ ਗਿਆ। ਸਾਰਾ ਦਿਨ ਵੱਢ ਟੁੱਕ ਹੁੰਦੀ ਰਹੀ। ਕੁਝ ਕੁ ਅਣਖੀ ਤੇ ਦਲੇਰ ਮੁਸਲਮਾਨਾਂ ਨੇ ਜਮਾਲੇ ਦੇ ਘਰ ਇਕੱਠ ਕਰ ਲਿਆ—"ਜਾਂ ਗਾਜ਼ੀ ਬਣਾਂਗੇ ਜਾਂ ਸ਼ਹੀਦ ਹੋਵਾਂਗੇ।" ਕੱਟੜਪੁਣਾ ਉਨ੍ਹਾਂ 'ਤੇ ਵੀ ਹਾਵੀ ਹੋ ਗਿਆ ਸੀ....ਤੇ ਫਿਰ ਕੁਰੂਕਸ਼ੇਤਰ ਦਾ ਮੈਦਾਨ ਫ਼ਤਹਿ ਕਰ ਲਿਆ ਗਿਆ ਸੀ। ਨੀਲੇ ਤੇ ਕੇਸਰੀ ਬਾਣਿਆਂ ਵਿਚ ਸਜੇ ਫੱਬੇ ਲੋਕ ਕੁਆਰੀਆਂ ਲੜਕੀਆਂ ਨੂੰ ਇਕ ਪਾਸੇ ਖੜ੍ਹੀਆਂ ਕਰੀ ਜਾ ਰਹੇ ਸਨ। ਕੁੜੀਆਂ ਹੱਥਾਂ 'ਚੋਂ ਨਿਕਲ-ਨਿਕਲ ਆਪਣੇ ਸਕੇ ਸੰਬੰਧੀਆਂ ਦੀਆਂ ਲਾਸ਼ਾਂ ਉੱਪਰ ਲਿਟ ਜਾਂਦੀਆਂ—"ਚਾਚਾ ਜੀ! ਤਾਇਆ ਜੀ! ਉਇ ਬਾਈ! ਸਾਨੂੰ ਕਿਉਂ ਨੀ ਮਾਰਦੇ, ਚਲਾਓ ਤਲਵਾਰ ਸਾਡੇ 'ਤੇ ਵੀ.....ਲਾਹ ਦਿਉ ਸਾਡੇ ਗਾਟੇ...ਰੁਲ਼ਣ ਜੋਗੀਆਂ ਕਾਹਨੂੰ ਛੱਡਦੇ ਓ....।" ਕੁੜੀਆਂ ਵਾਸਤੇ ਪਾ ਰਹੀਆਂ ਸਨ ਤੇ ਮੁੜ-ਮੁੜ ਕੇ ਤਾਏ, ਚਾਚੇ ਬਾਬਿਆਂ ਦੇ ਥਾਂ ਲੱਗਦੇ ਲੋਕਾਂ ਨਾਲ ਚਿੰਬੜ-ਚਿੰਬੜ ਮੌਤ ਦਾ ਦਾਨ ਮੰਗ ਰਹੀਆਂ ਸਨ। ਪਿੰਡ ਦੇ ਕੁਝ ਕਹਿੰਦੇ ਕਹਾਉਂਦੇ ਬਦਮਾਸ਼ਾਂ ਨੇ ਕੁੜੀਆਂ ਦੀ ਖਿੱਚ ਪਾੜ ਕਰਨ ਦਾ ਜਤਨ ਕੀਤਾ। ਚੁੱਪ-ਚਾਪ ਖੜ੍ਹੇ ਪਿੰਡ ਦੇ ਦੋ ਅੰਮ੍ਰਿਤਧਾਰੀ ਸਿੰਘ ਅੱਗੇ ਵਧੇ ਜੰਗ ਸਿੰਘ ਤੇ ਪ੍ਰਸਿੰਨ ਸਿੰਘ : ਖ਼ਬਰਦਾਰ ਬਈ ਮੁੰਡਿਓ! ਇਹ ਬਿੱਲੀ ਪਾਪ ਨਾ ਕਰੋ...ਠਹਿਰੋ ਇਨ੍ਹਾਂ ਨੂੰ ਗੁਰਦੁਆਰੇ ਲੈ ਚਲੋ ਜੇ ਅੰਮ੍ਰਿਤ ਛਕਣ ਨੂੰ ਤਿਆਰ ਨੇ ਤਾਂ।"

...ਤੇ ਫਿਰ ਇੱਕੀ ਕੁੜੀਆਂ ਦੀ ਟੋਲੀ ਨੂੰ ਗੁਰਦੁਆਰੇ ਵੱਲ ਹਿੱਕ ਲਿਆ ਗਿਆ। ਵਕਤ ਦਾ ਇਹ ਕਿਹੋ ਜਿਹਾ ਤਕਾਜ਼ਾ ਸੀ ਜਦੋਂ ਮਨੁੱਖ-ਮਨੁੱਖ ਨਹੀਂ ਸੀ ਰਿਹਾ ਸਗੋਂ ਜਾਂਗਲੀ ਹੋ ਗਿਆ ਸੀ।

"ਤੁਰਦੀ ਦੇ....ਦੇਖ ਸਾਲੀ ਕਿਵੇਂ ਪਤਾਸੇ ਭੋਰਦੀ ਐ।" ਇਕ ਮੁਸ਼ਟੰਡੇ ਨੇ ਹੋਇ ਹੋਇ ਕੀਤੀ ਸੀ।

"ਜਮਾਲੇ ਦੀ ਛੋਕਰੀ ਦੇ ਖ਼ਰਬੂਜ਼ੇ ਦੇਖੋ....ਚਰਾਗੂ ਦੀ ਬੱਚੀ ਦੀਆਂ ਅੰਬੀਆਂ....।" ਜੰਗ ਸਿੰਘ ਤੇ ਪ੍ਰਸਿੰਨ ਸਿੰਘ ਨੇ ਕਿਰਪਾਨਾਂ ਸੰਭਾਲ ਕੇ ਲਲਕਾਰਿਆਂ ਸੀ—"ਕਿਉਂ ਮਗਜਾਲੀ ਮਾਰੀ ਐ...ਸ਼ਰਮ ਨੀ ਆਉਂਦੀ...!"

"ਇਨ੍ਹਾਂ ਦੇ ਖ਼ਸਮਾਂ ਨੇ ਸਾਡੀਆਂ ਨਾਲ ਉਧਰ ਭਲੀ ਗੁਜ਼ਾਰੀ ਐ।" ਕਹਿਣ ਵਾਲਾ ਕਹਿ ਕੇ ਪਿੱਛੇ ਨੂੰ ਹਟ ਗਿਆ ਸੀ ਤੇ ਉਸ ਨੇ ਪਤਾ ਹੀ ਨਾ ਲੱਗਣ ਦਿੱਤਾ ਕਦੋਂ ਕੁੜੀਆਂ ਦੇ ਪਿਛਲੇ ਬੰਨੇ ਹੋ ਕੇ ਇਕ ਦੀਆਂ ਛਾਤੀਆਂ 'ਤੇ ਰੁੱਗ ਭਰ ਲਿਆ ਤੇ ਦੂਜੀ ਦੇ ਪਿੱਛੇ ਉਂਗਲ ਦੇ ਦਿੱਤੀ। ਲਹੂ ਨਾਲ ਗੰਡਾਸੇ, ਬਰਛੇ, ਤਲਵਾਰਾਂ ਇੱਕੀ ਕੁੜੀਆਂ ਦੇ ਦੁਆਲੇ ਉੱਚੇ ਤਣੇ ਹੋਏ ਸਨ ਤੇ ਉਨ੍ਹਾਂ ਇੱਕੀ ਦੀਆਂ ਇੱਕੀ ਕੁੜੀਆਂ ਦੀਆਂ ਧੌਣਾਂ ਮੋਢਿਆਂ 'ਤੇ ਨਹੀਂ ਸਗੋਂ ਛਾਤੀਆਂ 'ਤੇ ਉਗੀਆਂ ਲਗਦੀਆਂ ਸਨ। ਉਨ੍ਹਾਂ ਦੀਆਂ ਗਰਦਨਾਂ ਜਿੰਨੀਆਂ ਛਾਤੀਆਂ 'ਤੇ ਲੁੜ੍ਹਕੀਆਂ ਹੋਈਆਂ ਸਨ ਉੱਨੀਆਂ ਹੀ ਸਿੱਖ ਗੱਭਰੂਆਂ ਦੀਆਂ ਧੌਣਾਂ ਉੱਚੀਆਂ ਉੱਠੀਆਂ ਹੋਈਆਂ ਸਨ।

ਗੁਰਦੁਆਰੇ ਤੱਕ ਆਉਂਦਿਆਂ ਦੋ ਕੁੜੀਆਂ ਗ਼ਾਇਬ ਹੋ ਗਈਆਂ ਸਨ। ਦੋ ਕੁੜੀਆਂ ਨਹੀਂ ਦੋ ਲਾਸ਼ਾਂ। ਉੱਨੀ ਲਾਸ਼ਾਂ ਗੁਰਦੁਆਰੇ ਦੇ ਵਿਹੜੇ ਵਿਚ ਖੜ੍ਹੀਆਂ ਸਨ—ਉਸੇ ਮੁਦਰਾ ਵਿਚ ਸਿਰ ਛਾਤੀਆਂ 'ਤੇ ਲੁੜ੍ਹਕੇ ਹੋਏ।



"ਦੱਸੋ ਕੁੜੀਓ! ਅੰਮ੍ਰਿਤ ਛਕਣ ਨੂੰ ਤਿਆਰ ਹੋ?" ਕੋਈ ਸਿੰਘ ਮਜ਼ਲੂਮਾਂ ਦੀ ਰੱਖਿਆ ਲਈ ਨਿੱਤਰਿਆ ਸੀ—"ਬੋਲੋ ਛੇਤੀ ਬੋਲੋ!"

ਕੁੜੀਆਂ ਦੀ ਮੁਰਦਾ ਚੁੱਪ ਬੋਲ-ਬੋਲ ਕੇ ਕਹਿ ਰਹੀ ਸੀ—'ਅਸੀਂ ਹੁਣ ਕੇਵਲ ਲਾਸ਼ਾਂ ਹਾਂ...ਹੁਣ ਸਾਡਾ ਕੋਈ ਦੀਨ-ਧਰਮ ਨਹੀਂ....ਅਸੀਂ ਮਿੱਟੀ ਹਾਂ ਤੇ ਮਿੱਟੀ ਦਾ ਕੋਈ ਧਰਮ ਨਹੀਂ ਹੁੰਦਾ, ਕੋਈ ਰੂਪ, ਕੋਈ ਸ਼ਕਲ, ਕੋਈ ਅਕਾਰ ਨਹੀਂ ਹੁੰਦਾ—ਮਿੱਟੀ ਨੂੰ ਕੋਈ ਜਿਵੇਂ ਮਰਜ਼ੀ ਡੋਲ ਲਵੇ...।'

ਪਿੰਡ ਦਾ ਗੱਤਕੇਬਾਜ਼ ਨੌਜੁਆਨ ਪ੍ਰਸਿੰਨ ਸਿੰਘ ਕਿਸੇ ਅਜੀਬ ਜੋਸ਼ ਵਿਚ ਆ ਗਿਆ ਸੀ ਜਿਵੇਂ ਅਚਨਚੇਤੀ ਜਾਗ ਪਿਆ ਹੋਵੇ—"ਨਹੀਂ...ਨਹੀਂ, ਪਿੰਡ ਦੀਆਂ ਕੁੜੀਆਂ ਦੇ ਪਿੰਡ 'ਚ ਸਹੁਰੇ ਨਹੀਂ ਬਣ ਸਕਦੇ....ਹੈ ਕੋਈ ਮਾਈ ਦਾ ਲਾਲ ਜੋ ਇਨ੍ਹਾਂ ਨੂੰ ਧਰਮ ਦੀਆਂ ਭੈਣਾਂ ਬਣਾ ਕੇ ਘਰ ਲੈ ਜਾਵੇ।"

"ਤੂੰ ਆਪਣੀ ਖ਼ੈਰ ਮਨਾ ਤੇ ਲਾਂਭੇ ਹੋ ਜਾ...ਸਾਨੂੰ ਰੋਕਣ ਵਾਲਾ ਕੋਈ ਨਹੀਂ।" ਤਣਾਅ ਵਧ ਗਿਆ ਸੀ ਤੇ ਜਾਪਦਾ ਸੀ ਕਿ ਉਨ੍ਹਾਂ ਦੀ ਆਪਸ ਵਿਚ ਤਲਵਾਰ ਖੜਕੇਗੀ। ਗੱਲ ਹੱਥੋਂ ਜਾਂਦੀ ਵੇਖ ਕੇ ਜੰਗ ਸਿੰਘ ਤੇ ਪ੍ਰਸਿੰਨ ਸਿੰਘ ਪੈਂਤਰੇ 'ਤੇ ਹੋ ਗਏ ਸਨ ਤੇ ਦੋ ਕੁ ਜਣੇ ਹੋਰ ਉਨ੍ਹਾਂ ਦੀ ਮਦਦ 'ਤੇ ਹੋ ਗਏ ਸਨ। ਕੁੜੀਆਂ ਨੂੰ ਸਿਵਿਆਂ ਵੱਲ ਤੋਰ ਲਿਆ ਗਿਆ ਸੀ। ਫਿਰ ਸਿਵਿਆਂ ਕੋਲ ਜਾ ਕੇ ਉਨ੍ਹਾਂ ਨੂੰ ਇਕ ਕਤਾਰ ਵਿਚ ਖੜੋਣ ਲਈ ਕਿਹਾ ਗਿਆ।

ਕੁੜੀਆਂ ਵਿਚ ਹਰਕਤ ਆਈ। ਇਕ ਵਾਰ ਫਿਰ ਉਹ ਹੱਡ ਮਾਸ ਦੀਆਂ ਜਿਉਂਦੀਆਂ ਜਾਗਦੀਆਂ ਮੂਰਤਾਂ ਸਨ। ਦੁਆ ਦੀ ਅਦਾ ਵਿਚ ਉਨ੍ਹਾਂ ਆਪਣੇ ਹੱਥ ਅੱਖਾਂ ਦੇ ਮੂਹਰੇ ਫੈਲਾਏ। ਅੱਖਾਂ ਨੂੰ ਛੁਹਾਏ ਤੇ ਫਿਰ ਉਹ ਇਕ ਕਤਾਰ ਵਿਚ ਖੜੋ ਗਈਆਂ। ਆਸੀਂ-ਪਾਸੀਂ ਬਹੁਤ ਸਾਰੀਆਂ ਗਿਰਝਾਂ ਦੀ ਭੀੜ ਉਨ੍ਹਾਂ 'ਤੇ ਲਪਕ ਪੈਣ ਲਈ ਤਿਆਰ ਖੜ੍ਹੀ ਸੀ। ਜੰਗ ਸਿੰਘ ਤੇ ਪ੍ਰਸਿੰਨ ਦੀ ਮਦਦ ਲਈ ਦੋ ਜਣੇ ਹੋਰ ਨਿੱਤਰੇ ਸਨ : "ਬਾਈ ਅਸੀਂ ਥੋਡੇ 'ਧਰਮ' ਦੇ ਕੰਮ ਵਿਚ ਹੱਥ ਵਟਾਵਾਂਗੇ।" ਨਵੇਂ ਆਏ ਦੋਵੇਂ ਜਣੇ ਕੁੜੀਆਂ ਦੀ ਕਤਾਰ ਦੇ ਦੋਵੀਂ ਪਾਸੀਂ ਹੋ ਗਏ।

ਅਠਾਰਾਂ ਕੁੜੀਆਂ ਝਟਕੀਆਂ ਜਾ ਚੁਕੀਆਂ ਸਨ। ਅਠਾਰਾਂ ਸੂਹੇ ਦਰਿਆ ਹੋਰ ਵਗ ਪਏ ਸਨ ਕਿ ਉੱਨੀਵੀਂ ਕੁੜੀ ਪ੍ਰਸਿੰਨ ਸਿੰਘ ਦੇ ਗਲ ਨੂੰ ਆ ਚਿੰਬੜੀ। ਪ੍ਰਸਿੰਨ ਸਿੰਘ ਨੇ ਵੇਖਿਆ ਉਹ ਦੁੱਲੇ ਲਲਾਰੀ ਦੀ ਧੀ ਜੈਨਾ ਸੀ। ਉਹ ਦੁੱਲੇ ਨੂੰ ਚਾਚਾ ਕਹਿ ਕੇ ਬੁਲਾਉਂਦਾ ਹੁੰਦਾ ਸੀ। ਬਚਪਨ ਤੋਂ ਹੀ ਉਹ ਆਪਣੀ ਬੇਬੇ ਦੇ ਨਾਲ ਸੂਤ ਜਾਂ ਫੁਲਕਾਰੀਆਂ-ਬਾਗਾਂ ਦਾ ਕੱਪੜਾ ਰੰਗਾਉਣ ਵੇਲੇ ਉਨ੍ਹਾਂ ਦੇ ਘਰ ਜਾਂਦਾ ਰਿਹਾ ਸੀ। ਚਾਚੀ ਰਮਜ਼ਾਨ ਉਸ ਨੂੰ ਬੁੱਕਲ ਵਿਚ ਲੈ ਲੈਂਦੀ ਸੀ ਤੇ ਉਸ ਨੇ ਨਿੱਕੀ ਹੁੰਦੀ ਜੈਨਾ ਨੂੰ ਕਈ ਵਾਰ ਖਿਡਾਇਆ ਸੀ।

"ਬਾਈ! ਭੈਣ ਦੇ ਸਿਰ 'ਤੇ ਹੱਥ ਵੀ ਨਹੀਂ ਰੱਖੇਂਗਾ ਜਾਂਦੀ ਵਾਰ ਦਾ....ਅਖ਼ੀਰਲੀਆਂ ਗੱਲਾਂ ਕਰ ਲੈਣ ਦੇ ਬਾਈ...।" ਜੈਨਾ ਨੇ ਪ੍ਰਸਿੰਨ ਸਿੰਘ ਦਾ ਹੱਥ ਫੜਿਆ ਹੋਇਆ ਸੀ—"ਰੱਖ ਦੇ ਬਾਈ ਸਿਰ 'ਤੇ ਹੱਥ।"

"ਨਹੀਂ ਰੱਖਿਆ ਜਾਂਦਾ ਭੈਣੇ, ਸਿਰ 'ਤੇ ਹੱਥ ਨਹੀਂ ਰੱਖਿਆ ਜਾਂਦਾ....ਮੈਂ ਤਾਂ...ਤੇਰੀ ਧੌਣ ਹੀ ਵੱਢ ਸਕਦਾ ਹਾਂ।" ਪ੍ਰਸਿੰਨ ਸਿੰਘ ਦੀ ਲੇਰ ਨਿਕਲ ਗਈ। ਮੁਸਲਮਾਨ ਮਰਦ-ਔਰਤਾਂ ਬੱਚਿਆਂ ਦੀਆਂ ਧੌਣਾਂ 'ਤੇ ਉਸਦੀ ਤਲਵਾਰ ਚੱਲਦੀ ਰਹੀ ਸੀ ਪਰ ਉਸਦਾ ਚਿੱਤ

ਨਹੀਂ ਸੀ ਡੋਲਿਆ ਪਰ ਜੈਨਾ ਦੇ ਬੋਲਾਂ ਨੇ ਉਸਦੇ ਹੱਥ ਵਿੱਚ ਫੜੀ ਖ਼ੂਨ ਦੀ ਲਿੱਬੜੀ ਤਲਵਾਰ ਨੀਵੀਂ ਕਰ ਦਿੱਤੀ ਸੀ। ਜੈਨਾ ਧੌਣ ਝੁਕਾਈ ਉਸਦੇ ਮੂਹਰੇ ਖੜ੍ਹੀ ਸੀ—"ਲਿਆ ਸਿਰ ਪਲੋਸ ਦਿੰਦਾ ਹਾਂ"—ਉਸਨੂੰ ਬਾਂਹ ਉਪਰ ਉਠਾਉਣ ਵੇਲੇ ਜਾਪਿਆ ਸੀ ਜਿਵੇਂ ਉਹ ਬਾਂਹ ਲੱਕੜ ਦੀ ਬਣ ਗਈ ਹੋਵੇ।

"ਬਾਈ ਤਾਈ ਤੇ ਭੈਣ ਘੋਟੋ ਨੂੰ ਮੇਰੀ ਰਾਮ ਸਤ ਕਹੀਂ....ਆਖੀਂ ਯਾਦ ਕਰਦੀ ਸੀ...ਜੇ ਜਾਂਦੀ ਵਾਰ ਦੇ ਦਰਸ਼ਨ ਹੋ ਜਾਂਦੇ।" ਅਨੇਕਾਂ ਬੁੜ੍ਹੀਆਂ ਬੰਦਿਆਂ ਨੂੰ ਲੋਥਾਂ ਵਿਚ ਬਦਲ ਦੇਣ ਵਾਲਾ ਪ੍ਰਸਿੰਨ ਸਿੰਘ ਥਰਨ-ਥਰਨ ਕੰਬੀ ਜਾ ਰਿਹਾ ਸੀ। ਉਸਦਾ ਹੱਥ ਪਤਾ ਨਹੀਂ ਕਦੋਂ ਜੈਨੇ ਦੇ ਸਿਰ ਤੋਂ ਤਿਲ੍ਹਕ ਗਿਆ ਤੇ ਉਸ ਨੇ ਹੰਝੂ ਲੁਕਾਉਣ ਲਈ ਮੂੰਹ ਦੂਜੇ ਪਾਸੇ ਕਰ ਲਿਆ। ਜੈਨੇ ਨੂੰ ਕੀਹਨੇ ਕਿਸ ਵੇਲੇ ਝਟਕਿਆ?—ਪ੍ਰਸਿੰਨ ਸਿੰਘ ਨੂੰ ਕੋਈ ਸੁੱਧ ਬੁੱਧ ਨਹੀਂ ਸੀ। ਉਹ ਤਾਂ ਪਹਿਲਾਂ ਹੀ ਪਰ੍ਹੇ ਜਾ ਕੇ ਪੈਰਾਂ ਭਾਰ, ਸਿਰ ਗੋਡਿਆਂ 'ਚ ਦੇ ਕੇ ਬੈਠ ਗਿਆ ਸੀ।....ਤੇ ਇਕ ਨਾਟਕ ਖ਼ਤਮ ਹੋ ਗਿਆ ਸੀ।

ਬਹੁਤ ਦਿਨਾਂ ਬਾਅਦ ਪਤਾ ਲੱਗਿਆ ਸੀ ਕਿ ਇੱਕੀ ਕੁੜੀਆਂ 'ਚੋਂ ਦੋ ਰੇਸ਼ਮਾ ਤੇ ਰਹਿਮਤੇ ਪਿੰਡ ਵਿੱਚ ਹੀ ਜੱਟ ਮੁੰਡਿਆਂ ਨੇ ਛੁਪਾਈਆਂ ਹੋਈਆਂ ਪਰ ਤਦ ਤੱਕ ਮਿਲਟਰੀ ਵਾਲੇ ਪੁਣ-ਛਾਣ ਕਰ ਕੇ ਜਾ ਚੁਕੇ ਸਨ। ਭੁੱਲਰਾਂ 'ਚੋਂ ਬੰਤੇ ਨੇ ਰਹਿਮਤੇ ਤੇ ਬਾਸੀਆਂ 'ਚੋਂ ਭੰਗੇ ਨੇ ਰੇਸ਼ਮਾ ਨੂੰ ਵਸਾ ਲਿਆ ਸੀ। ਕਹਿੰਦੇ ਨੇ ਦੁਹਾਂ ਕੁੜੀਆਂ ਨੇ ਦੋ ਤਿੰਨ ਵਾਰ ਆਤਮ ਹੱਤਿਆ ਕਰਨ ਦਾ ਜਤਨ ਕੀਤਾ ਸੀ ਪਰ ਉਨ੍ਹਾਂ 'ਤੇ ਸਖ਼ਤ ਨਿਗਰਾਨੀ ਜੋ ਰੱਖੀ ਜਾਂਦੀ ਸੀ....ਪੇਸ਼ ਨਹੀਂ ਸੀ ਚੱਲੀ।

....ਦੋਵੇਂ ਜਣੀਆਂ ਉਮਰੇ ਦੀ ਵੱਖੀ ਨਾਲ ਲੱਗੀਆਂ ਵਿਲਕ ਰਹੀਆਂ ਸਨ। ਤਿਹਾਂ ਦੇ ਬੁੱਲ੍ਹਾਂ ਉੱਪਰ ਸ਼ਬਦ ਸਿਕਰੀ ਬਣ ਕੇ ਸੁੱਕ ਗਏ ਸਨ ਤੇ ਫਿਰ ਬਹੁਤ ਚਿਰ ਬਾਅਦ ਉਮਰੇ ਦੇ ਬੁੱਲ੍ਹਾਂ ਵਿਚ ਕੰਬਣੀ ਛਿੜੀ ਸੀ : "ਇਹ ਕੁੜੀ ?" ਸ਼ਾਇਦ ਸੁਰਜੀਤ ਕੌਰ ਨੇ ਪਹਿਲਾਂ ਵੀ ਉਸਦਾ ਨਾਂ ਲਿਆ ਸੀ ਪਰ ਉਮਰੇ ਨੂੰ ਚੇਤੇ ਨਹੀਂ ਸੀ।

"ਇਹ ਤਾਏ ਜਮਾਲੇ ਦੀ ਰੇਸ਼ਮਾ ਐ।" ਰਹਿਮਤੇ ਨੇ ਅੱਖਾਂ ਵਿਚ ਚੁੰਨੀ ਤੁੰਨ ਕੇ ਭਰੜਾਈ ਆਵਾਜ਼ ਵਿਚ ਕਿਹਾ।

"ਓਏ ਪੁੱਤ...!" ਤੇ ਇਸ ਤੋਂ ਅੱਗੇ ਉਹ ਕੁਝ ਨਹੀਂ ਕਹਿ ਸਕਿਆ। ਉਸ ਦਾ ਸੰਘ ਸੁੱਕ ਗਿਆ ਜਾਪਦਾ ਸੀ। ਲਾਟ ਜਿੱਡੀ ਧਾਹ ਨੂੰ ਕਾਬੂ ਕਰ ਕੇ ਉਸਨੇ ਫਿਰ ਕੁਝ ਕਹਿਣ ਦਾ ਜਤਨ ਕੀਤਾ ਪਰ ਉਸਦੀ ਘਿੱਗੀ ਬੱਝ ਗਈ ਸੀ—"ਤੁਸੀਂ ਸੰਤਾਪ ਭੋਗਣ ਨੂੰ ਬਚ ਗਈਆਂ ਬੱਚੀਓ!" ਉਸਦੇ ਮੂੰਹੋਂ ਟੁੱਟ-ਟੁੱਟ ਕੇ ਸ਼ਬਦ ਡਿਗਦੇ ਰਹੇ। ਰੇਸ਼ਮਾ ਫਿਰ ਉਸਦੀ ਬੁੱਕਲ ਵਿਚ ਢੇਰੀ ਹੋ ਗਈ। ਕਿਰਪਾਲ ਥੋੜ੍ਹਾ ਪਰ੍ਹਾਂ ਧੌਣ ਝੁਕਾਈ ਖੜ੍ਹਾ ਸੀ। ਉਸਨੂੰ ਨਾ ਰੋਣ ਆ ਰਿਹਾ ਸੀ ਤੇ ਨਾ ਹੀ ਨਾਨੇ ਦੇ ਆਉਣ ਦੀ ਉਸਨੂੰ ਕੋਈ ਖ਼ੁਸ਼ੀ ਹੋ ਰਹੀ ਸੀ। ਉਸ ਨੂੰ ਤਾਂ ਸਗੋਂ ਜਾਪ ਰਿਹਾ ਸੀ ਜਿਵੇਂ ਉਸਦੀ ਆਤਮਾ ਇਸ ਬਜ਼ੁਰਗ ਨੇ ਆ ਕੇ ਬੇਪੜਦ ਕਰ ਦਿੱਤੀ ਹੋਵੇ ਜਿਸ ਉੱਪਰ ਹਾਲਾਤ ਵੱਲੋਂ ਕੀਤੇ ਜਬਰ ਜਿਨਾਹ ਦੇ ਦਾਗ਼ ਕੁੱਲ ਲੋਕਾਈ ਅੱਗੇ ਨੰਗੇ ਹੋ ਗਏ ਹੋਣ। 'ਉਹ ਮੁਸਲਮਾਨੀ ਦਾ ਪੁੱਤ ਹੈ...ਉਸਦੀ ਮਾਂ ਨੂੰ ਵੱਢਾ-ਟੁਕੀ ਵੇਲੇ ਉਸ ਦੇ ਪਿਉ ਨੇ ਕਾਬੂ ਕਰ ਲਿਆ ਸੀ...ਉਹ ਉਮਰੇ...ਇਕ ਗ਼ਰੀਬ ਮੁਸਲਮਾਨ ਜੱਟ ਦੀ ਧੀ ਸੀ"—ਕਿਰਪਾਲ ਦੀ ਚੇਤਨਾ ਗੁੰਮ ਸੀ ਤੇ ਉਸ ਦੀ ਆਤਮਾ ਦੇ ਪਿੰਡੇ ਉੱਪਰ ਜਿਵੇਂ ਇਹ ਸ਼ਬਦ ਝਰੀਟੇ ਪਏ ਸਨ।



"ਓਇ ਪੁੱਤ! ਮੈਂ ਤਾਂ ਆਸ ਹੀ ਮੁਕਾ ਦਿੱਤੀ ਸੀ—ਇਹ ਤਾਂ ਆਪਣਾ ਧੰਨਾ ਸਿਉਂ ਐਤਕੀਂ ਯਾਤਰਾ 'ਤੇ ਗਿਆ ਮਿਲ ਪਿਆ। ਮੈਂ ਪੁੱਛ ਲਿਆ ਬਈ ਸਰਦਾਰਾ ਕਿਹੜੇ ਥਾਂ ਦੌਲਤ ਖਾਨੇ ਐਂ? ਕਹਿੰਦਾ ਬਾਜਕ। ਮੈਨੂੰ ਤਾਂ ਜਿਵੇਂ ਰੱਬ ਈ ਮਿਲ ਪਿਆ। ਮੈਂ ਉਸਦੇ ਗਲ ਨੂੰ ਚਿੰਬੜ ਕੇ ਭੁੱਬਾਂ ਮਾਰ-ਮਾਰ ਰੋਇਆ।" ਗੱਲਾਂ ਕਰਦੇ ਵਕਤ ਜਦੋਂ ਉਮਰੇ ਦੇ ਮੂੰਹੋਂ 'ਆਪਣਾ ਧੰਨਾ ਸਿਉਂ' ਸ਼ਬਦ ਨਿਕਲੇ ਸਨ ਤਾਂ ਉਸਦੀ ਰੂਹ ਉੱਪਰ ਬੀਤੇ ਦਾ ਕੋਈ ਪਰਛਾਵਾਂ ਨਹੀਂ ਸੀ। ਘਿਰਣਾ ਦਾ ਇਕ ਵੀ ਸ਼ਬਦ ਉਸਦੀ ਆਤਮਾ ਦੀ ਧਰਤੀ 'ਤੇ ਨਹੀਂ ਸੀ ਫੁੱਟਿਆ ਹੋਇਆ। ਉਹ ਤਾਂ ਰੇਸ਼ਮਾ ਦੇ ਮੋਢੇ 'ਤੇ ਹੱਥ ਰੱਖ ਕੇ ਨੀਵੀਂ ਪਾਈ ਬੱਸ ਧਰਤੀ 'ਚੋਂ ਕੁਝ ਲੱਭ ਰਿਹਾ ਸੀ ਜਾਂ ਧਰਤੀ ਦਾ ਸ਼ੁਕਰਾਨਾ ਅਦਾ ਕਰ ਰਿਹਾ ਸੀ।

"ਓਸ ਨੇ ਈ ਥੋਡੇ ਬਾਰੇ ਦੱਸਿਆ ਬਈ ਸੁੱਖ ਨਾਲ ਦੋਵੇਂ ਧੀਆਂ ਪੁੱਤਾਂ 'ਚ ਖੇਡਦੀਆਂ ਨੇ।" 'ਸੁੱਖ ਨਾਲ' ਤੇ ਫਿਰ 'ਧੀਆਂ ਪੁੱਤਾਂ 'ਚ ਖੇਡਦੀਆਂ' ਸ਼ਬਦ ਉਸਦੇ ਭਰੜਾਏ ਗਲ 'ਚੋਂ ਫਸ-ਫਸ ਕੇ, ਟੁੱਟ-ਟੁੱਟ ਕੇ ਨਿਕਲੇ ਸਨ।

"ਇਹ ਮੁੰਡਾ ?" ਉਮਰੇ ਨੇ ਕਿਰਪਾਲ ਵੰਨੀਂ ਵੇਖ ਕੇ ਪੁੱਛਿਆ।

"ਰੇਸ਼ਮਾ ਦਾ ਮੁੰਡੈ।" ਸੁਰਜੀਤ ਕੌਰ ਯਾਨੀ ਰਹਿਮਤੇ ਨੇ ਰੇਸ਼ਮਾ ਨੂੰ ਬੋਲਣ ਦਾ ਮੌਕਾ ਹੀ ਨਹੀਂ ਦਿੱਤਾ। ਕਿਰਪਾਲ ਨੇ ਸਭ ਕੁਝ ਸੁਣ ਲਿਆ ਸੀ ਪਰ ਉਹ ਨਾਨੇ ਵੱਲ ਨਹੀਂ ਸੀ ਅਹੁਲਿਆ। ਉਮਰੇ ਨੇ ਹੀ ਆਪਣੇ ਬੁੱਢੇ ਹੱਡਾਂ ਨੂੰ ਚੁੱਕਿਆ ਸੀ ਤੇ ਉਸ ਦੇ ਕੋਲ ਜਾ ਕੇ ਸਿਰ ਪਲੋਸਿਆ ਸੀ। ਉਮਰਾ ਹੀ ਤਾਂ ਉਨ੍ਹਾਂ ਦੇ ਕੋਲ ਚੱਲ ਕੇ ਆਇਆ ਸੀ।

"ਜਿਉਂਦਾ ਵਸਦਾ ਰਹਿ ਪੁੱਤਰਾ!" ਉਮਰੇ ਦੇ ਮੂੰਹੋਂ ਮਸਾਂ ਹੀ ਇਹ ਬੋਲ ਨਿਕਲੇ ਸਨ। ਇਹ ਬੋਲ ਤਾਂ ਜਿਵੇਂ ਉਸ ਨੇ ਇੱਥੋਂ ਹੀ ਉਧਾਰੇ ਲਏ ਸਨ ਤੇ ਇਸ ਧਰਤੀ ਨੂੰ ਹੀ ਮੋੜ ਜਾਣੇ ਸਨ।

ਇੰਨੇ ਨੂੰ ਸੁਰਜੀਤ ਕੌਰ ਦੇ ਦੋਵੇਂ ਮੁੰਡੇ ਕੈਲਾ ਤੇ ਪਾਲਾ ਵੀ ਖੇਤੋਂ ਆ ਗਏ ਸਨ। ਉਹ ਵੀ ਇਕ ਮੁਸਲਮਾਨ ਬਜ਼ੁਰਗ ਨੂੰ ਇਸ ਹਾਲਤ ਵਿਚ ਵੇਖ ਕੇ ਇਹ ਤਰ੍ਹਾਂ ਨਾਲ ਭਮੱਤਰ ਹੀ ਗਏ ਸਨ। ਜਾਣ-ਪਛਾਣ ਕਰਾਉਣ 'ਤੇ ਉਮਰ ਨੇ ਉਨ੍ਹਾਂ ਦੇ ਵੀ ਸਿਰ ਪਲੋਸ ਦਿੱਤੇ। ਫਿਰ ਵਾਰੀ-ਵਾਰੀ ਉਨ੍ਹਾਂ ਦੀਆਂ ਨੂੰਹਾਂ ਅਣਮੰਨੇ ਜਿਹੇ ਦਿਲ ਨਾਲ ਉਸਦੇ ਪੈਰੀਂ ਹੱਥ ਲਾਉਣ ਆਈਆਂ। ਕਿਸੇ ਦੀ ਜ਼ਬਾਨ 'ਤੇ ਨਾਨਾ ਸ਼ਬਦ ਆਇਆ ਹੋਵੇ—ਪੱਕ ਨਾਲ ਨਹੀਂ ਕਿਹਾ ਜਾ ਸਕਦਾ।

ਬੰਤਾ ਅਜੇ ਵੀ ਪਸ਼ੂਆਂ ਦੇ ਅੱਗੇ ਪਿੱਛੇ ਹੀ ਫਿਰ ਰਿਹਾ ਸੀ। ਉਸ ਵਿਚ ਹਿੰਮਤ ਨਹੀਂ ਸੀ ਕਿ ਉਹ ਉਮਰਦੀਨ ਦੇ ਮੱਥੇ ਲੱਗ ਸਕੇ। ਪਿੰਡ ਵਿਚ ਸਦਾ ਉੱਚੀ ਰਹਿਣ ਵਾਲੀ ਧੌਣ ਅੱਜ ਉਮਰੇ ਦੀ ਆਮਦ ਨੇ ਝੁਕਾਅ ਦਿੱਤੀ ਸੀ। ਉਦੋਂ ਤਾਂ ਉਹ ਰਹਿਮਤੇ ਪਿੱਛੇ ਇਕ ਦੋ ਜਣਿਆਂ ਨਾਲ ਖ਼ੂਨੀ ਲੜਾਈ ਲੜਨ ਲਈ ਵੀ ਤਿਆਰ ਹੋ ਗਿਆ ਸੀ ਪਰ ਅੱਜ ਜਿਵੇਂ ਉਮਰਾ ਬਾਜ਼ੀਆਂ ਹਾਰ ਕੇ ਅੰਤਿਮ ਬਾਜ਼ੀ ਜਿੱਤ ਗਿਆ ਸੀ ਤੇ ਉਸ ਨੂੰ ਜਿਵੇਂ ਲਾਹਣਤਾਂ ਪਾ ਰਿਹਾ ਸੀ।

"ਹੁਣ ਇਕ ਵਾਰ ਤਾਂ ਆਖਦੇ ਕੋਲ ਜਾ ਕੇ—ਬਈ ਦੇਖ ਲੈ ਚਾਚਾ ਮੈਂ ਤੇਰੀ ਇਮਾਨਤ ਸਾਂਭ ਕੇ ਰੱਖੀ ਐ।" ਸੁਰਜੀਤ ਕੌਰ ਉਥੋਂ ਉਠ ਕੇ ਉਸਨੂੰ ਕਹਿਣ ਆਈ ਸੀ ਜਾਂ ਉਸ ਦੀ ਆਪਣੀ ਆਤਮਾ ਵਿਚੋਂ ਹੀ ਇਹ ਬੋਲ ਉਠੇ ਸਨ?—ਉਸਦੀ ਚੇਤਨਾ ਸਾਥ ਨਹੀਂ

ਸੀ ਦੇ ਰਹੀ। ਸ਼ਾਇਦ ਉਸਦੀ ਆਤਮਾ ਹੀ ਪੁਕਾਰ ਰਹੀ ਸੀ ਪਰ ਉਸ ਕੋਲੋਂ ਆਪਣੀ ਆਤਮਾ ਦੀ ਆਵਾਜ਼ ਸੁਣੀ ਨਹੀਂ ਸੀ ਜਾ ਰਹੀ...ਸੁਣੀ ਵੀ ਕਦੋਂ ਸੀ? ਉਸ ਦੇ ਕੰਨਾਂ ਵਿਚ ਭਾਦੋਂ ਦੇ ਮਹੀਨੇ ਦੀ ਉਸ ਰਾਤ ਦੇ ਸੰਨਾਟੇ ਨੂੰ ਵਿੰਨ੍ਹਦੇ ਬੋਲ ਗੂੰਜ ਰਹੇ ਸਨ :

"ਬਾਈ ਤੂੰ ਮੈਨੂੰ ਧਰਮ ਦੀ ਭੈਣ ਬਣਾ ਕੇ ਰੱਖ ਲੈ, ਭਾਵੇਂ ਕਿਸੇ ਦੇ ਤੋਰ ਦੀਂ...ਬਾਈ-ਤਾਈ ਨੂੰ ਤਾਈ ਹੀ ਰਹਿਣ ਦੇ ਸੱਸ ਨਾ ਬਣਾ...ਰਾਣੋ ਤੇ ਭੋਲੀ ਮੇਰੀਆਂ ਸਹੇਲੀਆਂ ਸੀਗੀਆਂ...ਨਣਦਾਂ ਨਾ ਬਣਾ ਮੇਰਾ ਬਾਈ ਬਣ ਕੇ...ਹਾੜੇ ਬਾਈ!" ਅੰਤਮ ਸਮੇਂ ਤੱਕ ਉਹ ਹਾੜੇ ਕੱਢਦੀ ਸੀ ਤੇ ਫਿਰ ਕੁਝ ਹੀ ਛਿਣਾਂ ਵਿਚ ਉਸ ਦੀਆਂ ਚੀਕਾਂ ਤੇ ਹਟਕੋਰਿਆਂ ਵਿਚ ਰਹਿਮਤੇ ਹਮੇਸ਼ਾ ਲਈ ਮਰ ਗਈ ਅਤੇ ਸੁਰਜੀਤ ਕੌਰ ਉਸਦੀ ਮਲੇਛ ਦੇਹੀ 'ਚੋਂ ਨਿਕਲ ਆਈ ਸੀ। ਕਈ ਦਿਨ ਤੀਕ ਸੁਰਜੀਤ ਕੌਰ ਦੇ ਕੰਨਾਂ ਵਿਚ ਇਹ ਬੋਲ ਸੂਲਾਂ ਵਾਂਗ ਚੁੱਭਦੇ ਰਹੇ ਸਨ—"ਦੇਖ ਸਾਲੀ ਮੁਸਲੀ ਕੀ ਕਰਦੀ ਐ...ਖ਼ੋਡਿਆਂ ਨੇ ਓਧਰ, ਸਾਡੀਆਂ ਨਾਲ ਘੱਟ ਕੀਤੀ ਐ...।" ਬੰਤੇ ਨੂੰ ਕੋਈ ਕੁਝ ਵੀ ਕਹਿਣ ਵਾਲਾ ਨਹੀਂ ਸੀ। ਸਵਾਤ ਦਾ ਹਨੇਰਾ ਉਸ ਦੀ ਹਰੇਕ ਹਰਕਤ ਨੂੰ ਪਨਾਹ ਦੇ ਰਿਹਾ ਸੀ।

ਬੰਤੇ ਨੇ, ਜੋ ਹੁਣ ਗੁਰਦੁਆਰੇ ਦਾ ਪ੍ਰਧਾਨ ਸੀ। ਰਹਿਮਤੇ ਨੂੰ ਗੁਰਦੁਆਰੇ ਲਿਜਾ ਕੇ ਅੰਮ੍ਰਿਤ ਨਹੀਂ ਸੀ ਛਕਾਇਆ, ਗੁਰੂ ਗ੍ਰੰਥ ਸਾਹਿਬ ਦੀ ਬੀੜ ਘਰੇ ਲਿਆ ਕੇ ਆਨੰਦ ਨਹੀਂ ਸੀ ਪੜ੍ਹਾਏ...ਬੱਸ ਉਸ ਰਾਤ ਇਸੇ ਪਿੰਡ ਦੀ ਧੀ ਨੂੰ ਨੂੰਹ ਵਿਚ ਬਦਲ ਦਿੱਤਾ ਸੀ...ਤੇ ਸ਼ਾਇਦ ਭੰਗੇ ਨੇ ਵੀ ਇਹੋ ਅਮਲ ਦੁਹਰਾਇਆ ਜਦੋਂ ਰੇਸ਼ਮਾ ਰੇਸ਼ਮ ਕੌਰ ਬਣ ਗਈ ਸੀ। ਇਹ ਉਹ ਰਾਤ ਸੀ ਜਦੋਂ ਪਿੰਡ ਦੇ ਕੁੱਤੇ ਤਾਜ਼ੇ ਡੁੱਲ੍ਹੇ ਖ਼ੂਨ ਨੂੰ ਚੱਟਦੇ ਫਿਰਦੇ ਸਨ ਤੇ ਫਿਰਨੀ 'ਤੇ ਲੋਥਾਂ ਨੂੰ ਘੜੀਸੀ ਫਿਰਦੇ ਸਨ। ਉਸ ਰਾਤ ਨੇ ਜੋ ਅਣਤੋਲੇ ਪੱਥਰ ਪਿੰਡ ਦੀਆਂ ਦੋ ਧੀਆਂ ਦੇ ਸਿਰਾਂ 'ਤੇ ਰੱਖ ਦਿੱਤੇ ਸਨ ਉਹ ਹੁਣ ਵੀ ਉਵੇਂ ਢੋਈ ਜਾ ਰਹੀਆਂ ਸਨ।

ਉਮਰਦੀਨ ਨੇ ਆਪਣੀ ਹੱਡ ਬੀਤੀ ਦਾ ਕੋਈ ਵਰਕਾ ਨਹੀਂ ਸੀ ਖੋਲ੍ਹਿਆ। ਉਸ ਦੇ ਮੂੰਹੋਂ ਮੁੜ-ਮੁੜ ਇਹੋ ਬੋਲ ਨਿਕਲ ਰਹੇ ਸਨ—"ਸ਼ੁਕਰ ਐ ਧੀਓ! ਅੱਜ ਦੋ ਧਰਤੀਆਂ ਮਿਲ ਗਈਆਂ ਨੇ...ਏਧਰਲੀ ਧਰਤੀ ਨੇ ਮੈਨੂੰ ਕੁਛ ਤਾਂ ਮੋੜਿਆ...ਸ਼ੁਕਰ ਐ ਪਰਵਰਦਗਾਰ ਤੂੰ ਸਭ ਕੁਛ ਖੋਹ ਕੇ ਮੈਨੂੰ ਕੁਛ ਤਾਂ ਮੋੜਿਆ।"

"ਅੱਬਾ ਜਾਨ!" ਰੇਸ਼ਮ ਕੌਰ ਦੇ ਮੂੰਹੋਂ 'ਚਾਚਾ ਜਾਨ' ਨਹੀਂ 'ਅੱਬਾ ਜਾਨ' ਨਿਕਲਿਆ। ਹੰਝੂਆਂ ਨਾਲ ਤਰ ਅੱਖਾਂ 'ਚੋਂ ਉਮਰੇ ਨੇ ਖੜ੍ਹੀ ਭੀੜ ਨੂੰ ਵੇਖਿਆ। ਸਭ ਦੀਆਂ ਧੌਣਾਂ ਝੁਕੀਆਂ ਹੋਈਆਂ ਸਨ। ਉਸ ਨੇ ਧੌਣ ਹੋਰ ਉੱਚੀ ਉਠਾ ਕੇ ਬੰਤੇ ਵੱਲ ਵੇਖਿਆ।

ਸ਼ਾਇਦ ਉਹ ਗੁਰਦੁਆਰੇ ਜਾ ਰਿਹਾ ਸੀ ਪਰ ਉਸਦੀ ਧੌਣ ਵੀ ਝੁਕੀ ਹੋਈ ਸੀ।



# ਇਕ ਸ਼ਹਿਰ ਆਪਣਾ ਪਰਾਇਆ

**ਸੁਖਬੀਰ**

ਸੰਘਣਾ ਹਨ੍ਹੇਰਾ ਹੈ। ਹੱਥ ਪਸਾਰਿਆਂ ਨਜ਼ਰ ਨਹੀਂ ਆਉਂਦਾ। ਚਿਹਰੇ ਵਿਖਾਈ ਨਹੀਂ ਦਿੰਦੇ, ਸਿਰਫ਼ ਆਵਾਜ਼ਾਂ ਤੋਂ ਪਛਾਣੇ ਜਾ ਸਕਦੇ ਹਨ।

ਰਾਤ ਹੈ, ਤੇ ਆਵਾਜ਼ਾਂ ਹਨ। ਇਹ ਆਵਾਜ਼ਾਂ ਕਦੇ ਰਾਤ 'ਚੋਂ ਆ ਰਹੀਆਂ ਮਹਿਸੂਸ ਹੁੰਦੀਆਂ ਹਨ, ਕਦੇ ਰਾਤ 'ਤੇ ਉਕਰੀਆਂ ਜਾ ਰਹੀਆਂ ਪ੍ਰਤੀਤ ਹੁੰਦੀਆਂ ਹਨ।

"...ਬਸ, ਲਾਹੌਰ ਲਿਆ ਸਮਝੋ! ਹੋਰ ਦੋ ਦਿਨਾਂ ਤੱਕ ਸਾਡੀਆਂ ਫ਼ੌਜਾਂ ਨੇ ਉਸ 'ਤੇ ਕਬਜ਼ਾ ਕਰ ਲੈਣਾ ਏ", ਖੇਡੇਕਰ ਕਹਿੰਦਾ ਹੈ, ਤਾਂ ਮੈਂ ਉਸ ਨੂੰ ਆਵਾਜ਼ ਤੋਂ ਪਛਾਣਦਾ ਹਾਂ। ਉਹ ਮਿਊਂਸਪੈਲਟੀ ਵਿਚ ਕਲਰਕ ਹੈ, ਤੇ ਆਰ. ਐਸ. ਐਸ. ਦਾ ਸਰਗਰਮ ਮੈਂਬਰ।

"ਦਰ ਅਸਲ, ਪਾਕਿਸਤਾਨ ਸਾਡੇ ਲਈ ਸ਼ੁਰੂ ਤੋਂ ਹੀ ਬਹੁਤ ਵੱਡਾ ਸਿਰ-ਦਰਦ ਬਣਿਆ ਹੋਇਆ ਏ", ਸ਼ੰਕਰਨ ਅੰਗ੍ਰੇਜ਼ੀ ਵਿਚ ਕਹਿੰਦਾ ਹੈ। "ਤੇ ਉਸ ਦਾ ਇਕੋ ਇਲਾਜ ਏ ਕਿ ਉਸ ਦਾ ਜੜ੍ਹੋਂ ਸਫਾਇਆ ਕਰ ਸੁੱਟਿਆ ਜਾਏ।" ਸ਼ੰਕਰਨ ਅਟਾਮਿਕ ਐਨਰਜੀ ਵਿੱਚ ਕੰਮ ਕਰਦਾ ਹੈ—ਸਾਇੰਸਦਾਨ ਦੇ ਤੌਰ 'ਤੇ। ਛੋਟੇ ਜਹੇ ਕੱਦ-ਕਾਠ ਤੇ ਬੜੀ ਤੇਜ਼ ਜ਼ਬਾਨ ਵਾਲਾ ਬੰਦਾ ਹੈ।

"ਲਾਹੌਰ ਲਿਆ, ਤਾਂ ਪਾਕਿਸਤਾਨ ਲਿਆ ਸਮਝੋ। ਲਾਹੌਰ ਵਿਲ ਬੀਕਮ ਦਿ ਫਾਈਨਲ ਡੈਥ ਆਫ ਪਾਕਿਸਤਾਨ!" ਇਹ ਚੌਬੇ ਬੋਲਿਆ ਹੈ। ਉਹ ਇਕ ਕਾਨਵੈਂਟ ਸਕੂਲ ਵਿਚ ਹਿੰਦੀ ਦਾ ਅਧਿਆਪਕ ਹੈ। ਗੱਲ-ਬਾਤ ਵਿਚ ਅੰਤਲਾ ਫ਼ਿਕਰਾ ਹਮੇਸ਼ਾ ਅੰਗ੍ਰੇਜ਼ੀ ਵਿਚ ਬੋਲਦਾ ਹੈ, ਤੇ ਅਜਿਹੇ ਲਹਿਜੇ ਵਿਚ ਬੋਲਦਾ ਹੈ ਕਿ ਉਹ ਫ਼ਿਕਰਾ ਨਾ ਅੰਗ੍ਰੇਜ਼ੀ ਦਾ ਲੱਗਦਾ ਹੈ, ਨਾ ਹਿੰਦੀ ਦਾ।

"ਹਾਂ, ਬਿਲਕੁਲ!" ਜੋਸ਼ੀ ਕਹਿੰਦਾ ਹੈ। "ਲਾਹੌਰ ਪਾਕਿਸਤਾਨ ਦੀ ਕਬਰ ਬਣ ਕੇ ਰਹੇਗਾ!"

ਖੇਡੇਕਰ, ਸ਼ੰਕਰਨ, ਚੌਬੇ ਤੇ ਜੋਸ਼ੀ ਦੇ ਨਾਲ ਮੈਂ ਪੰਜਵਾਂ ਬੰਦਾ ਹਾਂ। ਮੈਂ ਚੁੱਪ ਰਹਿੰਦਾ ਹਾਂ। ਭਾਵੇਂ ਬਹੁਤ ਕੁਝ ਕਹਿਣਾ ਚਾਹੁੰਦਾ ਹਾਂ, ਪਰ ਚੁੱਪ ਰਹਿੰਦਾ ਹਾਂ। ਇਕ ਵਾਰ ਆਪਣੇ ਹੱਥ ਵਿਚ ਫੜੀ ਟਾਰਚ ਜਗਾਉਂਦਾ ਹਾਂ, ਉਸ ਦੇ ਚਾਨਣ ਦੀ ਲੀਕ ਸਾਹਮਣੇ ਹਨੇਰੇ ਵਿਚ ਕੁਝ ਦੂਰ ਜਾ ਕੇ ਟੁੱਟ ਜਾਂਦੀ ਹੈ।

ਆਪਣੀ ਬਸਤੀ ਵਿਚ ਪਹਿਰਾ ਦੇਣ ਦੀ ਅੱਜ ਸਾਡੀ ਵਾਰੀ ਹੈ। ਹਰ ਚੌਥੇ ਦਿਨ ਇਹ ਵਾਰੀ ਆਉਂਦੀ ਹੈ। ਬਲੈਕ-ਆਊਟ ਦੀਆਂ ਰਾਤਾਂ ਵਿਚ, ਹਰ ਬਸਤੀ 'ਚ ਪੰਜ-ਪੰਜ,

ਸੱਤ-ਸੱਤ ਬੰਦਿਆਂ ਦੀਆਂ ਅਜਿਹੀਆਂ ਟੋਲੀਆਂ ਬਣੀਆਂ ਹੋਈਆਂ ਹਨ। ਰਾਤ ਭਰ ਪਹਿਰਾ ਦਿੱਤਾ ਜਾਂਦਾ ਹੈ। ਲੋਕ ਬਹੁਤ ਸੁਚੇਤ ਹਨ। ਤੇ ਇਕ ਡਰ ਦਾ ਅਹਿਸਾਸ ਹੈ ਉਹਨਾਂ ਵਿਚ। ਜੰਗ ਤੋਂ ਦੂਰ ਬੈਠੇ ਹੋਏ ਵੀ ਉਹ ਜੰਗ ਨੂੰ ਆਪਣੇ ਨੇੜੇ ਮਹਿਸੂਸ ਕਰ ਰਹੇ ਹਨ। ਕੀ ਪਤਾ, ਕਿਸ ਵੇਲੇ ਦੁਸ਼ਮਣ ਦਾ ਕੋਈ ਹਵਾਈ ਜਹਾਜ਼ ਆਏ ਤੇ ਸ਼ਹਿਰ 'ਤੇ ਬੰਬ ਸੁੱਟ ਜਾਏ। ਪਿਛਲੇ ਦਿਨਾਂ ਵਿਚ ਕਈ ਵਾਰ ਖਤਰੇ ਦੇ ਸਾਇਰਨ ਵਜ ਚੁੱਕੇ ਹਨ।

ਅਸੀਂ ਬਸਤੀ ਦੀਆਂ ਸੜਕਾਂ ਅਤੇ ਗਲੀਆਂ ਵਿਚ ਗੇੜਾ ਲਾ ਕੇ ਮੁੜ ਚੁਰਾਹੇ ਵਿਚ ਆ ਕੇ ਖੜੋ ਜਾਂਦੇ ਹਾਂ। ਫੇਰ, ਕੁਝ ਚਿਰ ਪਿੱਛੋਂ ਇਕ ਪਾਸੇ ਪਈ ਰੇਤ ਦੇ ਢੇਰ 'ਤੇ ਬੈਠ ਜਾਂਦੇ ਹਾਂ।

ਰਾਤ ਹੋਰ ਵੀ ਕਾਲੀ ਲੱਗ ਰਹੀ ਹੈ। ਅਸਮਾਨ ਵਿਚ ਬੱਦਲ ਛਾਏ ਹੋਏ ਹੋਣ ਕਰਕੇ ਤਾਰਿਆਂ ਦੀ ਲੋਅ ਤੱਕ ਨਹੀਂ ਹੈ। ਬੜਾ ਅਜੀਬ ਜਿਹਾ ਲੱਗ ਰਿਹਾ ਹੈ। ਕਿਤੇ ਕੋਈ ਚਾਨਣ ਨਹੀਂ ਹੈ—ਨਾ ਕਿਸੇ ਬੂਹੇ ਵਿਚ, ਨਾ ਕਿਸੇ ਬਾਰੀ ਜਾਂ ਰੌਸ਼ਨਦਾਨ ਵਿਚ। ਸੜਕਾਂ-ਕੰਢੇ ਖੜ੍ਹੇ ਬਿਜਲੀ ਦੇ ਖੰਭੇ ਬੁਝੇ ਹੋਏ ਹਨ। ਇਹ ਸ਼ਹਿਰ, ਜੋ ਰੌਸ਼ਨੀਆਂ ਸਦਕਾ ਹਰ ਵੇਲੇ ਜਾਗਦਾ ਹੋਇਆ ਪ੍ਰਤੀਤ ਹੁੰਦਾ ਹੈ, ਹੁਣ ਡੂੰਘੀ ਨੀਂਦ ਵਿਚ ਡੁੱਬਾ ਹੋਇਆ ਹੈ। ਬਲੈਕ-ਆਊਟ ਦੀ ਇਹ ਰਾਤ ਬੜੀ ਓਪਰੀ ਜਹੀ ਲਗ ਰਹੀ ਹੈ, ਜਿਵੇਂ ਇਸ ਸ਼ਹਿਰ ਦੀ ਰਾਤ ਨਾ ਹੋਵੇ।

ਰਾਤ, ਜਿਸ ਵਿਚ ਚਿਹਰੇ ਵਿਖਾਈ ਨਹੀਂ ਦਿੰਦੇ।

ਜੰਗ ਦੀਆਂ ਗੱਲਾਂ ਨਾਲ ਭਰੀ ਹੋਈ ਰਾਤ।

ਖੇਡੇਕਰ ਨੂੰ ਪੂਰਾ ਯਕੀਨ ਹੈ ਕਿ ਹੋਰ ਦੋ ਦਿਨਾਂ ਵਿਚ ਲਾਹੌਰ 'ਤੇ ਸਾਡਾ ਕਬਜ਼ਾ ਹੋ ਜਾਏਗਾ। ਉਹ ਲਾਹੌਰ 'ਤੇ ਕਬਜ਼ਾ ਹੋ ਜਾਣ ਨਾਲ ਹੀ ਸੰਤੁਸ਼ਟ ਨਹੀਂ, ਉਹ ਤਾਂ ਚਾਹੁੰਦਾ ਹੈ ਕਿ ਲਾਹੌਰ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਜਾਏ, ਤਾਂ ਜੋ ਪਾਕਿਸਤਾਨ ਨੂੰ ਇਕ ਵਾਰ ਤਾਂ ਪਤਾ ਲਗੇ ਕਿ ਜੰਗ ਉਸ ਨੂੰ ਕਿਸ ਭਾਅ ਪਈ ਹੈ।

ਸ਼ੰਕਰਨ, ਚੌਬੇ ਤੇ ਜੋਸ਼ੀ ਵੀ ਉਸ ਦੀ ਹਾਮੀ ਭਰਦੇ ਹਨ।

ਮੈਂ ਮਹਿਸੂਸ ਕਰਦਾ ਹਾਂ ਕਿ ਉਹਨਾਂ ਦੇ ਅੰਦਰ ਪਾਕਿਸਤਾਨ ਲਈ, ਤੇ ਮੁਸਲਮਾਨਾਂ ਲਈ ਵੀ, ਜੋ ਬੇਹਿਸਾਬ ਨਫਰਤ ਹੈ, ਉਹ ਲਾਹੌਰ ਦੀ ਤਬਾਹੀ ਵੇਖ ਕੇ ਹੀ ਸ਼ਾਂਤ ਹੋਏਗੀ। ਭਾਵੇਂ ਜੰਗ ਨੂੰ ਉਹ ਆਪਣੇ ਬਹੁਤ ਨੇੜੇ ਮਹਿਸੂਸ ਕਰ ਰਹੇ ਹਨ, ਪਰ ਲੱਗਦਾ ਹੈ ਕਿ ਲਾਹੌਰ ਉਹਨਾਂ ਤੋਂ ਬਹੁਤ ਦੂਰ ਹੈ। ਇਕ ਅਣਵੇਖਿਆ, ਪਰਾਇਆ, ਮੁਸਲਮਾਨੀ ਸ਼ਹਿਰ। ਉਹਨਾਂ ਦੀ ਨਫ਼ਰਤ ਦਾ ਨਿਸ਼ਾਨਾ।

ਪਰ ਮੈਨੂੰ ਲਾਹੌਰ ਆਪਣੇ ਬਹੁਤ ਨੇੜੇ ਮਹਿਸੂਸ ਹੋ ਰਿਹਾ ਹੈ। ਇੰਜ, ਜਿਵੇਂ ਹੁਣੇ ਕੁਝ ਦਿਨ ਪਹਿਲਾਂ ਮੈਂ ਉਥੇ ਸਾਂ। ਇਥੇ ਘੁੰਮਣ-ਫਿਰਨ ਆਇਆ ਹੋਵਾਂ, ਤੇ ਮੁੜ ਉਥੇ ਚਲੇ ਜਾਣਾ ਹੋਵੇ।

ਲਾਹੌਰ ਦੇ ਖ਼ਿਆਲ ਨਾਲ ਪਿਛਲੇ ਵਰ੍ਹਿਆਂ ਦਾ ਇੰਨਾ ਲੰਮਾ ਸਮਾਂ ਜਿਵੇਂ ਸੁੰਗੜ ਜਾਂਦਾ ਹੈ। ਉਹ ਕੁਝ ਪਲ ਬਣ ਜਾਂਦਾ ਹੈ।

ਲਾਹੌਰ ਮੇਰੇ ਦਿਲ ਦੇ ਬਹੁਤ ਨੇੜੇ ਹੈ। ਬਸ, ਥੋੜਾ ਜਿੰਨਾ ਫਾਸਲਾ ਹੈ ਸਾਡੇ ਦੋਹਾਂ ਵਿਚਕਾਰ। ਇਕ ਦਰਿਆ ਦੇ ਪਾੜ ਜਿੰਨਾ ਫਾਸਲਾ। ਤੇ ਉਹ ਲਹੂ ਦਾ ਦਰਿਆ ਹੈ, ਜੋ ਪਾਕਿਸਤਾਨ ਬਣਨ ਵੇਲੇ ਪੰਜਾਂ ਦਰਿਆਵਾਂ ਦੀ ਧਰਤੀ 'ਤੇ ਵਗਿਆ ਸੀ। ਲਾਹੌਰ ਉਸ ਦੇ ਉਸ ਕੰਢੇ 'ਤੇ ਹੈ, ਮੈਂ ਇਸ ਕੰਢੇ 'ਤੇ ਹਾਂ।



ਉਹਨੀਂ ਦਿਨੀਂ ਮੈਂ ਲਾਹੌਰ ਵਿਚ ਸਾਂ। ਲਾਹੌਰ ਨੂੰ ਛੱਡਣਾ ਓਨਾ ਹੀ ਔਖਾ ਸੀ, ਜਿੰਨਾ ਆਬਿਦਾ ਨੂੰ ਛੱਡਣਾ। ਪਰ ਲਾਹੌਰ ਛੱਡਣਾ ਪਿਆ ਸੀ। ਲਾਹੌਰ ਛੱਡ ਸਕਿਆ ਸਾਂ, ਕਿਉਂਕਿ ਆਬਿਦਾ ਮੇਰੇ ਨਾਲ ਸੀ। ਆਬਿਦਾ ਤੇ ਮੈਂ ਉਸ ਲਹੂ ਦੇ ਦਰਿਆ ਨੂੰ ਪਾਰ ਕਰਕੇ ਹਿੰਦੁਸਤਾਨ ਆਏ ਸਾਂ। ਲਾਹੌਰ ਛੁੱਟ ਗਿਆ ਸੀ, ਪਰ ਆਬਿਦਾ ਸਦਕਾ ਇਹ ਵੀ ਮਹਿਸੂਸ ਹੋਇਆ ਸੀ ਕਿ ਲਾਹੌਰ ਮੇਰੇ ਨਾਲ ਆਇਆ ਸੀ।

ਅੱਜ ਲਾਹੌਰ ਮੇਰੇ ਦਿਲ ਵਿਚ ਹੈ।

"ਲਾਹੌਰ ਸਿਰਫ ਛੇ ਮੀਲ ਰਹਿ ਗਿਆ ਏ", ਖੇਡੇਕਰ ਕਹਿੰਦਾ ਹੈ। "ਸਵੇਰ ਤਾਈਂ ਸਾਡੀਆਂ ਫੌਜਾਂ ਹੋਰ ਦੋ-ਤਿੰਨ ਮੀਲ ਅਗਾਂਹ ਵਧ ਗਈਆਂ ਹੋਣਗੀਆਂ।"

ਇਕ ਟਾਰਚ ਦਾ ਚਾਨਣ ਇੱਧਰ-ਉੱਧਰ ਭਟਕਦਾ ਹੋਇਆ ਸਾਡੇ ਉਤੇ ਪੈਂਦਾ ਹੈ। ਤਦੇ ਇਕ ਬੰਦਾ ਸਾਡੇ ਕੋਲ ਆਉਂਦਾ ਹੈ। ਉਹ ਰੇਡੀਓ 'ਤੇ ਪੌਣੇ ਬਾਰਾਂ ਵਜੇ ਦੀਆਂ ਆਖਰੀ ਖ਼ਬਰਾਂ ਸੁਣ ਕੇ ਆਇਆ ਹੈ। ਉਹ ਦੱਸਦਾ ਹੈ ਕਿ ਸਾਡੀਆਂ ਫ਼ੌਜਾਂ ਹੋਰ ਅੱਗੇ ਵਧ ਗਈਆਂ ਹਨ। ਸ਼ਾਇਦ ਹੀ ਲਾਹੌਰ 'ਤੇ ਕਬਜ਼ਾ ਹੋ ਜਾਏ। ਸਮੁੱਚੇ ਤੌਰ 'ਤੇ ਜੰਗ ਸਾਡੇ ਹੱਕ ਵਿਚ ਜਾ ਰਹੀ ਹੈ। ਹਿੰਦੁਸਤਾਨ ਪੱਕੇ ਪੈਰੀਂ ਅੱਗੇ ਵਧ ਰਿਹਾ ਹੈ। ਲਾਹੌਰ ਹੱਥ ਆ ਗਿਆ, ਤਾਂ ਪਾਕਿਸਤਾਨ ਦਮ ਤੋੜ ਦਏਗਾ। ਫੇਰ, ਉਹ ਸੌਖੀ ਤਰ੍ਹਾਂ ਮੁੜ ਪੈਰਾਂ 'ਤੇ ਖੜੋ ਨਹੀਂ ਸਕੇਗਾ। ਸੋ, ਲਾਹੌਰ ਨੂੰ ਬਚਾਉਣ ਲਈ ਉਹ ਸਿਰਤੋੜ ਕੋਸ਼ਿਸ਼ ਕਰੇਗਾ।...

ਲਾਹੌਰ ਨਾਲ ਮੇਰਾ ਜੋ ਰਿਸ਼ਤਾ ਸੀ, ਉਹ ਅੱਜ ਵੀ ਕਾਇਮ ਹੈ। ਇੰਨੇ ਵਰ੍ਹੇ ਇਥੇ ਰਹਿ ਕੇ ਵੀ ਇਸ ਸ਼ਹਿਰ ਨਾਲ ਉਹ ਅਪਣੱਤ ਨਹੀਂ ਹੋ ਸਕਦੀ ਹੈ, ਜੋ ਦੋ ਵਰ੍ਹਿਆਂ ਵਿਚ ਲਾਹੌਰ ਨਾਲ ਹੋ ਗਈ ਸੀ। ਤਦ ਸੋਚਿਆ ਸੀ ਕਿ ਬਾਕੀ ਦੀ ਸਾਰੀ ਜ਼ਿੰਦਗੀ ਲਾਹੌਰ ਵਿਚ ਹੀ ਬੀਤੇਗੀ। ਪਰ ਕਿਸ ਨੂੰ ਪਤਾ ਸੀ ਕਿ ਲਾਹੌਰ ਛੁਟ ਜਾਏਗਾ, ਤੇ ਇਸ ਸ਼ਹਿਰ ਵਿਚ ਆ ਕੇ ਰਹਿਣਾ ਪਏਗਾ! ਇਹ ਸ਼ਹਿਰ ਜੋ ਅੱਜ ਵੀ ਪਰਾਇਆ ਜਿਹਾ ਲੱਗ ਰਿਹਾ ਹੈ। ਪਤਾ ਨਹੀਂ, ਉਹ ਅਪਣੱਤ ਇਸ ਸ਼ਹਿਰ ਨਾਲ ਕਿਉਂ ਨਹੀਂ ਹੋ ਸਕੀ। ਆਖ਼ਿਰ ਕੀ ਚੀਜ਼ ਹੈ, ਜਿਸ ਸਦਕਾ ਕਿਸੇ ਥਾਂ, ਕਿਸੇ ਬਸਤੀ, ਜਾਂ ਕਿਸੇ ਸ਼ਹਿਰ ਨਾਲ ਅਪਣੱਤ ਹੋ ਜਾਂਦੀ ਹੈ? ਆਖ਼ਿਰ ਉਹ ਕਿਹੜੀ ਚੀਜ਼ ਸੀ ਲਾਹੌਰ ਵਿਚ?

ਪਿਛਲੇ ਇੰਨੇ ਵਰ੍ਹਿਆਂ ਤੋਂ ਮੈਂ ਲਾਹੌਰ ਨੂੰ ਆਪਣੇ ਦਿਲ ਵਿਚ ਚੁੱਕੀ ਫਿਰ ਰਿਹਾ ਹਾਂ।

ਉਦੋਂ ਲਾਹੌਰ ਵਿਚ ਪੜ੍ਹਦਿਆਂ ਇਕ ਵੱਖਰੀ ਜਹੀ ਜ਼ਿੰਦਗੀ ਜੀਵੀ ਸੀ। ਐਫ. ਸੀ. ਕਾਲਜ ਵਿਚ ਮੈਂ ਮਨੋਵਿਗਿਆਨ ਦੀ ਐਮ. ਏ. ਕਰ ਰਿਹਾ ਸਾਂ। ਮਨੋਵਿਗਿਆਨ ਪੜ੍ਹਨਾ ਹੋਵੇ, ਤਾਂ ਆਦਮੀ ਡਾ. ਲਤੀਫ ਵਰਗੇ ਪ੍ਰੋਫੈਸਰ ਤੋਂ ਪੜ੍ਹੇ। ਉਹਨਾਂ ਦਿਨਾਂ ਦਾ ਜਵਾਬ ਨਹੀਂ ਸੀ। ਫੇਰ, ਜਦ ਕਿ ਅਸਲਮ ਨਾਲ ਸੀ। ਮੇਰਾ ਬਹੁਤ ਪਿਆਰਾ ਦੋਸਤ। ਬੜਾ ਸਰਗਰਮ ਕਮਿਊਨਿਸਟ। ਵਿਦਿਆਰਥੀਆਂ ਦਾ ਆਗੂ।

ਜਿਸ ਤਰ੍ਹਾਂ ਡਾ. ਲਤੀਫ ਮਨੋਵਿਗਿਆਨ ਪੜ੍ਹਾਉਂਦਿਆਂ ਸੁਣਨ ਵਾਲਿਆਂ 'ਤੇ ਛਾ ਜਾਂਦਾ ਸੀ, ਉਸੇ ਤਰ੍ਹਾਂ ਅਸਲਮ ਕਮਿਊਨਿਜ਼ਮ ਬਾਰੇ ਬੋਲਦਿਆਂ ਸੁਣਨ ਵਾਲਿਆਂ ਤੇ ਜਾਦੂ ਕਰ ਦਿੰਦਾ ਸੀ। ਆਦਮੀ ਘੰਟਿਆਂ-ਬੱਧੀ ਉਸ ਨੂੰ ਸੁਣ ਸਕਦਾ ਸੀ। ਬਹੁਤ ਸੁਹਣੀ ਪੰਜਾਬੀ ਬੋਲਦਾ ਸੀ ਉਹ। ਖਾਸ ਮੁਸਲਮਾਨੀ ਪੰਜਾਬੀ। ਠੇਠ, ਮਿੱਠੀ ਤੇ ਅਮੀਰ। ਉਂਜ, ਉਹ

ਉਰਦੂ ਤੇ ਅੰਗ੍ਰੇਜ਼ੀ ਵੀ ਬਹੁਤ ਸ਼ਾਨਦਾਰ ਬੋਲਦਾ ਸੀ। ਬੜੀ ਰੋਬਦਾਰ ਆਵਾਜ਼ ਸੀ ਉਸ ਦੀ। ਪਰ ਵੇਖਣ ਨੂੰ ਉਹ ਇਕਹਿਰੇ ਸਰੀਰ ਦਾ, ਕਮਜ਼ੋਰ ਜਿਹਾ ਬੰਦਾ ਲਗਦਾ ਸੀ, ਜਿਵੇਂ ਕਿਸੇ ਲੰਮੀ ਬਿਮਾਰੀ 'ਚੋਂ ਉਠਿਆ ਹੋਵੇ। ਹੈਰਾਨੀ ਦੀ ਗੱਲ ਸੀ ਕਿ ਇੰਨਾ ਕਮਜ਼ੋਰ ਹੋਣ 'ਤੇ ਵੀ ਉਸ ਦੇ ਅੰਗ ਬੜੇ ਸਖਤ ਸਨ। ਤੇ ਉਸ ਦੇ ਮਨ ਵਿਚ ਫੌਲਾਦ ਵਰਗੀ ਦ੍ਰਿੜ੍ਹਤਾ ਸੀ। ਕੋਈ ਵੀ ਕੰਮ ਉਸ ਲਈ ਅਸੰਭਵ ਨਹੀਂ ਸੀ। ਅਸਲ ਵਿਚ, ਉਸ ਦੀ ਹਰ ਗੱਲ 'ਤੇ ਹੈਰਾਨੀ ਹੁੰਦੀ ਸੀ। ਸਭ ਤੋਂ ਵੱਡੀ ਹੈਰਾਨੀ ਮੈਨੂੰ ਇਸ ਗੱਲ 'ਤੇ ਸੀ ਕਿ ਉਸ ਵਰਗੇ ਸੌ ਫੀ ਸਦੀ ਰਾਜਨੀਤਕ ਬੰਦੇ ਨੇ ਐਮ. ਏ. ਵਿਚ ਮਨੋਵਿਗਿਆਨ ਕਿਉਂ ਲਿਆ ਹੋਇਆ ਸੀ। ਇਸ ਬਾਰੇ ਮੈਂ ਜਦ ਵੀ ਪੁੱਛਿਆ, ਉਹ ਟਾਲ ਦਿੰਦਾ ਰਿਹਾ। ਪਰ ਇਕ ਵਾਰ ਮੈਂ ਜ਼ਿੱਦ ਕੀਤੀ ਤਾਂ ਉਹ ਅਜੀਬ ਤਰ੍ਹਾਂ ਮੁਸਕਰਾਇਆ ਸੀ। "ਇਹ ਗੱਲ ਨਾ ਹੀ ਪੁੱਛੋਂ ਤਾਂ ਚੰਗਾ ਏ", ਉਸ ਨੇ ਕਿਹਾ ਸੀ।

ਸੁਣ ਕੇ ਮੇਰੀ ਦਿਲਚਸਪੀ ਹੋਰ ਵਧੀ। "ਤਾਂ ਤੇ ਤੈਨੂੰ ਜ਼ਰੂਰ ਦੱਸਣਾ ਪਏਗਾ", ਮੈਂ ਕਿਹਾ ਸੀ। "ਜ਼ਰੂਰ ਹੀ ਦੱਸਣਾ ਪਏਗਾ।"

ਉਹ ਚਾਨਚੱਕ ਗੰਭੀਰ ਹੋ ਗਿਆ ਸੀ। ਉਸ ਦੀਆਂ ਅੱਖਾਂ ਵਿਚਲਾ ਚਾਨਣ ਜਿਵੇਂ ਬੁਝ ਗਿਆ ਸੀ, ਤੇ ਚਿਹਰਾ ਮਿੱਟੀ-ਰੰਗਾ ਬਣ ਗਿਆ ਸੀ। ਫੇਰ, ਜਿਵੇਂ ਕਿਤੇ ਦੂਰ ਵੇਖਦਿਆਂ ਉਸ ਨੇ ਹੌਲੀ ਜਹੀ ਕਿਹਾ ਸੀ, "ਆਬਿਦਾ ਕਰਕੇ।"

ਆਬਿਦਾ ਮਨੋਵਿਗਿਆਨ ਦੀ ਐਮ. ਏ. ਕਰਨ ਲਈ ਸਾਡੇ ਨਾਲ ਐਫ. ਸੀ. ਕਾਲਜ ਵਿਚ ਦਾਖਲ ਹੋਈ ਸੀ।

ਅਸਲਮ ਦੀ ਗੱਲ ਸੁਣ ਕੇ ਮੇਰਾ ਦਿਲ ਜਿਵੇਂ ਧੜਕਣੋਂ ਰੁਕ ਗਿਆ ਸੀ। ਤੇ ਮੈਂ ਬੁੱਲ੍ਹਾਂ ਵਿਚ ਕਿਹਾ ਸੀ, "ਆਬਿਦਾ ਕਰਕੇ?"

ਅਸਲਮ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਸੀ। "ਹੁਣ ਇਹ ਪੁਰਾਣੀ ਗੱਲ ਏ। ਬੀਤ ਚੁਕੀ ਗੱਲ। ਤੇ ਯਕੀਨ ਰੱਖ, ਮੈਂ ਤੇਰੇ ਤੇ ਆਬਿਦਾ ਵਿਚਕਾਰ ਨਹੀਂ ਆਵਾਂਗਾ। ਕਾਫੀ ਚਿਰ ਪਹਿਲਾਂ ਤੋਂ ਮੈਂ ਇਕ ਪਾਸੇ ਹਟ ਗਿਆ ਹੋਇਆ ਹਾਂ।"

ਮੈਂ ਉਸ ਵਲ ਹੈਰਾਨ ਬਣਿਆ ਵੇਖਦਾ ਰਹਿ ਗਿਆ ਸੀ। ਮੈਨੂੰ ਸੁਝ ਨਹੀਂ ਸੀ ਰਿਹਾ ਕਿ ਕੀ ਕਹਾਂ।

ਉਸ ਨੇ ਮੇਰੇ ਮੋਢੇ ਨੂੰ ਰਤਾ ਕੁ ਘੁਟਿਆ ਸੀ ਤੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਸੀ, "ਕੁਝ ਹੀ ਚਿਰ ਪਿਛੋਂ ਮੈਨੂੰ ਪਤਾ ਲੱਗ ਗਿਆ ਸੀ ਕਿ ਜਿਸ ਨਜ਼ਰ ਨਾਲ ਮੈਂ ਆਬਿਦਾ ਨੂੰ ਵੇਖਦਾ ਹਾਂ, ਉਸ ਨਜ਼ਰ ਨਾਲ ਉਹ ਮੈਨੂੰ ਨਹੀਂ ਵੇਖਦੀ। ਸੋ, ਲੱਗਾ ਕਿ ਇਹ ਗੱਲ ਬਣਨ ਵਾਲੀ ਨਹੀਂ। ਫੇਰ ਵੀ, ਆਸ ਸੀ ਕਿ ਸ਼ਾਇਦ ਇਕ ਦਿਨ ...। ਪਰ ਜਦ ਇਹ ਪਤਾ ਲਗਾ—ਆਬਿਦਾ ਤੋਂ ਹੀ ਪਤਾ ਲੱਗਾ—ਕਿ ਉਸ ਦੇ ਤੇਰੇ ਨਾਲ ਤੁਅੱਲਕਾਤ ਬਣ ਚੁਕੇ ਹਨ, ਤਾਂ ਉਹ ਆਸ ਜਾਂਦੀ ਰਹੀ। ਮੈਂ ਚੁੱਪ ਚਾਪ ਪਿੱਛੇ ਹਟ ਗਿਆ। ਭਲਾ ਇਸ ਪਿਛਲੇ ਅਰਸੇ ਵਿਚ ਕਦੇ ਕੋਈ ਸ਼ਿਕਾਇਤ ਹੋਈ ਏ ਤੈਨੂੰ ਮੇਰੇ ਬਾਰੇ? ਮੇਰਾ ਮਤਲਬ ਏ, ਆਬਿਦਾ ਦੇ ਸਿਲਸਿਲੇ ਵਿਚ?"

ਅਸਲਮ ਨੇ ਆਪਣੇ ਸਵਾਲ ਦੇ ਜਵਾਬ ਵਿਚ ਮੇਰੀਆਂ ਅੱਖਾਂ ਵਿਚ ਝਾਕਿਆ ਸੀ। ਮੇਰੀਆਂ ਅੱਖਾਂ ਭਰ ਆਈਆਂ ਸਨ। ਮੈਂ ਕੁਝ ਬੋਲ ਨਹੀਂ ਸਾਂ ਸਕਿਆ।

"ਦੱਸ", ਅਸਲਮ ਨੇ ਕਿਹਾ ਸੀ, "ਹੈ ਕੋਈ ਸ਼ਿਕਾਇਤ?"



ਮੈਂ ਅੱਖਾਂ ਪੂੰਝੀਆਂ ਸਨ, ਤੇ ਕਿਹਾ ਸੀ, "ਤੇਰੇ ਬਾਰੇ ਜਿਸ ਦਿਨ ਮੈਨੂੰ ਕੋਈ ਸ਼ਿਕਾਇਤ ਹੋਈ, ਉਸ ਦਿਨ ਮੈਂ ਸਮਝਾਂਗਾ ਕਿ ਇਨਸਾਨ ਹਮੇਸ਼ਾਂ ਲਈ ਮਰ ਗਿਆ ਏ, ਤੇ ਹਰ ਚੰਗੀ ਚੀਜ਼ ਤੋਂ ਮੇਰਾ ਯਕੀਨ ਉਠ ਜਾਏਗਾ।"

ਅਸਲਮ ਮੁਸਕਰਾਇਆ ਸੀ। ਉਸ ਦਾ ਚਿਹਰਾ ਫੇਰ ਪਹਿਲਾਂ ਵਰਗਾ ਬਣ ਗਿਆ ਸੀ। ਅੱਖਾਂ ਵਿਚ ਉਹੋ ਪੁਰਾਣੀ ਚਮਕ ਆ ਗਈ ਸੀ। ਉਸ ਵਰਗੀਆਂ ਡੂੰਘੀਆਂ, ਲਿਸ਼ਕਵੀਆਂ ਅੱਖਾਂ ਮੈਂ ਸ਼ਾਇਦ ਹੀ ਕਿਸੇ ਹੋਰ ਬੰਦੇ ਦੀਆਂ ਵੇਖੀਆਂ ਹੋਣਗੀਆਂ! ਮੈਂ ਉਸ ਨੂੰ ਮਜ਼ਾਕ ਵਿਚ ਕਿਹਾ ਕਰਦਾ ਸਾਂ, "ਤੇਰੀਆਂ ਅੱਖਾਂ ਵਿਚ ਝਾਕਣ 'ਤੇ ਕਮਿਊਨਿਜ਼ਮ ਦੀ ਬਹੁਤ ਸੁਹਣੀ ਝਲਕ ਵੇਖੀ ਜਾ ਸਕਦੀ ਏ।"

ਇਸ ਘਟਨਾ ਤੋਂ ਕੁਝ ਚਿਰ ਪਿੱਛੋਂ, ਇਕ ਵਾਰ ਆਬਿਦਾ ਨਾਲ ਅਸਲਮ ਦੀਆਂ ਅੱਖਾਂ ਦੀ ਗੱਲ ਹੋਈ ਸੀ, ਤਾਂ ਉਸ ਨੇ ਕਿਹਾ ਸੀ, "ਉਹਨਾਂ ਅੱਖਾਂ ਤੋਂ ਮੈਨੂੰ ਬੜਾ ਡਰ ਲਗਦਾ ਏ।"

ਆਬਿਦਾ ਬਹੁਤ ਹੀ ਨਰਮ ਤੇ ਕਮਜ਼ੋਰ ਦਿਲ ਵਾਲੀ ਕੁੜੀ ਸੀ।

ਫੇਰ, ਇਕ ਹੋਰ ਮੌਕੇ 'ਤੇ ਮੈਂ ਆਬਿਦਾ ਨੂੰ ਪੁੱਛਿਆ ਸੀ, "ਕੀ ਅਸਲਮ ਵਿਚ ਤੈਨੂੰ ਅਜਿਹੀ ਕੋਈ ਚੀਜ਼ ਨਾ ਦਿਸੀ, ਜੋ ਤੂੰ ਉਸ ਦੇ ਨੇੜੇ ਨਹੀਂ ਹੋ ਸਕੀ?"

"ਨਹੀਂ, ਸਗੋਂ ਇਸ ਦੇ ਉਲਟ ਉਸ ਵਿਚ ਇੰਨਾ ਕੁਝ ਦਿਸਿਆ ਕਿ ਮੈਨੂੰ ਉਸ ਤੋਂ ਡਰ ਲੱਗਣ ਲੱਗਾ। ਉਸ ਦੀਆਂ ਅੱਖਾਂ ਵਾਂਗ ਹੀ ਉਸ ਦੀ ਜ਼ਿੰਦਗੀ ਤੋਂ ਵੀ ਮੈਨੂੰ ਡਰ ਲੱਗਦਾ ਏ।"

"ਇਹ ਤਾਂ ਬੜੀ ਅਜੀਬ ਗੱਲ ਏ!"

ਆਬਿਦਾ ਨੇ ਹੈਰਾਨੀ ਨਾਲ ਮੇਰੀ ਵੱਲ ਵੇਖਿਆ ਸੀ, ਜਿਵੇਂ ਉਸ ਦਾ ਅਸਲਮ ਤੋਂ ਡਰਨਾ ਅਜੀਬ ਗੱਲ ਨਹੀਂ ਸੀ।

"ਤਾਂ ਇਸ ਦਾ ਮਤਲਬ ਏ ਕਿ ਮੈਂ ਤੈਨੂੰ ਇਸ ਲਈ ਪਸੰਦ ਆਇਆ ਹਾਂ, ਕਿਉਂਕਿ ਮੈਂ ਮਾਮੂਲੀ ਜਿਹਾ ਬੰਦਾ ਹਾਂ।"

"ਨਹੀਂ, ਸਗੋਂ ਇਸ ਲਈ ਕਿ ਤੇਰੇ ਕੋਲੋਂ ਮੈਨੂੰ ਡਰ ਨਹੀਂ ਲੱਗਦਾ।"

"ਕੀ ਇਸ ਲਈ ਵੀ ਡਰ ਨਹੀਂ ਲੱਗਦਾ ਕਿ ਮੈਂ ਹਿੰਦੂ ਹਾਂ?"

"ਹਿੰਦੂ ਹੋਣ 'ਤੇ ਭਲਾ ਡਰ ਕਿਉਂ ਲੱਗੇਗਾ?" ਆਬਿਦਾ ਨੇ ਬੜੇ ਸਹਿਜ ਭਾਵ ਨਾਲ ਕਿਹਾ ਸੀ।

"ਮੇਰਾ ਮਤਲਬ ਏ ਕਿ ਅਸੀਂ ਹਮ ਮਜ਼ਹਬ ਨਹੀਂ ਹਾਂ। ਤਾਂ ਕੀ ਸਾਡੀ ਇਹ ਜੋ ਮੁਹੱਬਤ ਏ, ਉਸ ਦੇ ਅੰਜਾਮ ਤੋਂ ਡਰ ਨਹੀਂ ਲੱਗਦਾ?"

"ਨਹੀਂ।"

"ਆਖ਼ਿਰ ਇਹ ਕਿੱਥੋਂ ਤੱਕ ਪਹੁੰਚੇਗੀ?"

"ਮੰਜ਼ਿਲ ਤੱਕ", ਆਬਿਦਾ ਨੇ ਅਜਿਹੀ ਸਾਦਗੀ ਨਾਲ ਕਿਹਾ ਸੀ, ਜਿਵੇਂ ਉਸ ਨੂੰ ਪੂਰਾ ਯਕੀਨ ਹੋਵੇ ਕਿ ਸਾਡੀ ਮੁਹੱਬਤ ਮੰਜ਼ਿਲ ਤੱਕ ਪਹੁੰਚੇਗੀ ਹੀ।

"ਕੀ ਇਕ ਦਿਨ ਤੂੰ ਸੱਚਮੁੱਚ ਮੇਰੇ ਨਾਲ ਵਿਆਹ ਕਰ ਲਏਂਗੀ?"

"ਇਹ ਮੁਹੱਬਤ ਚਾਰ ਦਿਨਾਂ ਦੀ ਖੇਡ ਤਾਂ ਨਹੀਂ ਏ।"

"ਰਾਹ ਵਿਚ ਰੁਕਾਵਟਾਂ ਆਉਣਗੀਆਂ।"

"ਪਾਰ ਕਰ ਲਵਾਂਗੇ।"

ਸਚਮੁੱਚ, ਆਬਿਦਾ ਸਾਰੀਆਂ ਰੁਕਾਵਟਾਂ ਪਾਰ ਕਰ ਗਈ ਸੀ। ਇੱਥੋਂ ਤੱਕ ਮੇਰੇ ਨਾਲ ਲਹੂ ਦਾ ਦਰਿਆ ਵੀ ਪਾਰ ਕਰ ਗਈ ਸੀ।

ਚੁਫੇਰੇ ਅੱਗ ਦੀਆਂ ਲਾਟਾਂ ਉਠਣ ਲੱਗੀਆਂ ਸਨ, ਤਾਂ ਮੈਨੂੰ ਲਾਹੌਰ ਛੱਡਣਾ ਪਿਆ ਸੀ। ਪਹਿਲਾਂ ਕਈ ਦਿਨ ਅਸਲਮ ਨੇ ਮੈਨੂੰ ਰੋਕੀ ਰੱਖਿਆ ਸੀ। ਉਸ ਨੇ ਕਿਹਾ ਸੀ, ਕਿ ਇਹ ਫ਼ਿਰਕਾਦਾਰਾਨਾ ਫਸਾਦ ਜ਼ਿਆਦਾ ਦੇਰ ਨਹੀਂ ਰਹਿਣੇ। ਅੰਗ੍ਰੇਜ਼ਾਂ ਦੀ ਲਾਈ ਹੋਈ ਇਸ ਅੱਗ ਨੂੰ ਅਖੀਰ ਅਸੀਂ ਸਾਰੇ ਜਣੇ ਰਲ ਕੇ ਬੁਝਾ ਦਿਆਂਗੇ। ਮਜ਼ਹਬੀ ਜਨੂੰਨ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਸ ਹੱਦ ਤੱਕ ਇਕ-ਦੂਜੇ ਤੋਂ ਵੱਖ ਨਹੀਂ ਕਰ ਸਕੇਗਾ ਕਿ ਉਹ ਮੁੜ ਕਦੇ ਆਪਸ ਵਿਚ ਕੱਠੇ ਹੋ ਹੀ ਨਾ ਸਕਣ। ਆਖ਼ਿਰ ਤਾਂ ਉਹ ਪੰਜਾਬੀ ਹਨ। ਪੰਜਾਬ ਦੀ ਧਰਤੀ ਦੇ ਜਾਏ। ਸਦੀਆਂ ਪੁਰਾਣੇ ਰਿਸ਼ਤੇ ਹਨ ਉਹਨਾਂ ਦੇ ਆਪਸ ਵਿਚ। ... ਪਰ ਫੇਰ, ਉਹ ਮੌਕਾ ਆਇਆ ਸੀ ਕਿ ਅਸਲਮ ਨੇ ਆਪ ਮੈਨੂੰ ਲਾਹੌਰ ਛੱਡ ਕੇ ਹਿੰਦੁਸਤਾਨ ਚਲੇ ਜਾਣ ਲਈ ਕਿਹਾ ਸੀ।

ਸਰਹੱਦ ਤੱਕ ਉਹ ਸਾਡੇ ਨਾਲ ਆਇਆ ਸੀ—ਮੇਰੇ ਤੇ ਆਬਿਦਾ ਦੇ ਨਾਲ। ਉਸ ਸਦਕਾ ਹੀ ਆਬਿਦਾ ਮੇਰੇ ਨਾਲ ਸੀ। ਉਹੋ ਉਸ ਨੂੰ ਰਾਤ ਦੇ ਤੀਜੇ ਪਹਿਰ ਉਹਨਾਂ ਦੀ ਬਸਤੀ 'ਚੋਂ ਲਿਆਇਆ ਸੀ। ਤੇ ਸਵੇਰੇ ਮੂੰਹ ਹਨੇਰੇ ਜਦ ਮੈਂ ਤੁਰਿਆ ਸਾਂ, ਤਾਂ ਆਬਿਦਾ ਮੇਰੇ ਨਾਲ ਸੀ।

ਉਸ ਦਿਨ ਆਬਿਦਾ ਅਸਲਮ ਦੀ ਖਾਤਿਰ ਰੋਈ ਸੀ, "ਮੁਲਕ ਦੇ ਦੋ ਟੋਟੇ ਹੋ ਰਹੇ ਹਨ, ਪਰ ਇਕ ਦਿਨ ਇਹ ਦੋਵੇਂ ਟੋਟੇ ਜੁੜਨਗੇ। ਦੋਹਾਂ ਮੁਲਕਾਂ ਵਿਚ ਅਵਾਮੀ ਹਕੂਮਤਾਂ ਕਾਇਮ ਹੋ ਜਾਣਗੀਆਂ, ਤਾਂ ਇਹ ਫੇਰ ਪੰਜਾਂ ਦਰਿਆਵਾਂ ਦੀ ਧਰਤੀ ਕਹਾਏਗੀ। ਲੋਕਾਂ ਦੇ ਆਪਸੀ ਰਿਸ਼ਤਿਆਂ ਨੂੰ ਕੌਣ ਤੋੜ ਸਕਦਾ ਹੈ?"

ਮੈਂ ਅੱਗੋਂ ਕੁਝ ਨਹੀਂ ਸਾਂ ਕਹਿ ਸਕਿਆ। ਸਿਰਫ ਮੇਰੀ ਨਜ਼ਰ ਨੇ ਕਿਹਾ ਸੀ ਕਿ ਮੈਨੂੰ ਅਸਲਮ ਤੇ ਉਸ ਦੀਆਂ ਉਹਨਾਂ ਗੱਲਾਂ ਵਿਚ ਪੂਰਾ ਯਕੀਨ ਸੀ।

ਆਬਿਦਾ ਵੀ ਚੁੱਪ ਸੀ। ਤੇ ਜਦ ਅਸਲਮ ਕੁਝ ਕਹਿਣ ਲਈ ਉਸ ਵੱਲ ਮੁੜਿਆ ਸੀ, ਤਾਂ ਆਬਿਦਾ ਨੇ ਚਾਣਚੱਕ ਉਸ ਦਾ ਚਿਹਰਾ ਆਪਣੇ ਹੱਥਾਂ ਵਿਚ ਲੈ ਕੇ ਉਸ ਦਾ ਮੱਥਾ ਚੁੰਮ ਲਿਆ ਸੀ।

ਹਿੰਦੁਸਤਾਨ ਪਹੁੰਚਣ 'ਤੇ (ਇਹ ਇਕ ਅਜੀਬ ਜਿਹਾ ਅਹਿਸਾਸ ਹੈ—ਹਿੰਦੁਸਤਾਨ ਤੋਂ ਹਿੰਦੁਸਤਾਨ ਪਹੁੰਚਣਾ!) ਅਸੀਂ ਕਾਫੀ ਚਿਰ ਇਕ ਥਾਂ ਟਿਕ ਨਹੀਂ ਸਾਂ ਸਕੇ। ਹਰ ਥਾਂ ਪਰਾਇਆਪਨ ਮਹਿਸੂਸ ਕਰਦੇ ਸਾਂ। ਜੇ ਆਬਿਦਾ ਨਾਲ ਨਾ ਹੁੰਦੀ, ਤਾਂ ਉਹ ਪਰਾਇਆਪਨ ਪਤਾ ਨਹੀਂ ਕਿੰਨਾ ਅਸਹਿ ਹੋ ਜਾਂਦਾ। ਪਿੱਛੇ ਤਬਾਹੀ ਸੀ—ਲਹੂ ਤੇ ਲਾਸ਼ਾਂ। ਆਦਮੀ ਵਹਿਸ਼ੀ ਬਣਿਆ ਹੋਇਆ ਸੀ। ਅੱਗੋਂ ਵੀ ਇਹੋ ਕੁਝ ਸੀ। ਮੈਂ ਇਸ ਸਭ ਕੁਝ 'ਚੋਂ ਨਿਕਲ ਜਾਣਾ ਚਾਹੁੰਦਾ ਸਾਂ। ਪਰ ਨਿਕਲਣਾ ਸੰਭਵ ਨਹੀਂ ਸੀ।

ਕਈ ਮਹੀਨੇ ਏਸੇ ਹਾਲਤ ਵਿਚ ਬੀਤੇ ਸਨ।

ਅਖ਼ੀਰ, ਜਦ ਹਾਲਾਤ ਕੁਝ ਬਦਲੇ ਸਨ ਤੇ ਦੋਹਾਂ ਮੁਲਕਾਂ ਦਾ ਵਾਯੂਮੰਡਲ ਕੁਝ



ਚੰਗਾ ਬਣਿਆ ਸੀ, ਤਾਂ ਮੈਂ ਸੋਚਿਆ ਸੀ ਕਿ ਸ਼ਾਇਦ ਹੁਣ ਜ਼ਿੰਦਗੀ ਵਿਚ ਕਿਸੇ ਹੱਦ ਤੱਕ ਟਿਕਾਅ ਆ ਸਕੇਗਾ। ਮੈਂ ਨੌਕਰੀ ਕਰ ਲਈ ਸੀ। ਆਬਿਦਾ ਇਕ ਸਕੂਲ ਵਿਚ ਪੜ੍ਹਾਉਣ ਲੱਗੀ ਸੀ। ਅਸੀਂ ਛੋਟਾ ਜਿਹਾ ਘਰ ਵਸਾ ਲਿਆ ਸੀ। ਜ਼ਿੰਦਗੀ ਰਾਸ ਆਉਣ ਲੱਗੀ ਸੀ। ਮੈਂ ਸੋਚਦਾ ਸਾਂ ਕਿ ਕੁਝ ਅਰਸਾ ਏਸੇ ਤਰ੍ਹਾਂ ਨਿਕਲ ਜਾਏ, ਤਾਂ ਫੇਰ ਨਵੇਂ ਸਿਰਿਉਂ ਜ਼ਿੰਦਗੀ ਬਾਰੇ ਸੋਚਾਂਗਾ, ਆਪਣੀ ਅਧੂਰੀ ਰਹਿ ਗਈ ਤਾਲੀਮ ਤੇ ਕਿਸੇ ਵੱਡੇ ਭਵਿੱਖ ਬਾਰੇ ਸੋਚਾਂਗਾ।

ਉਹਨੀਂ ਹੀ ਦਿਨੀਂ ਇਕ ਦਿਨ ਦੋ ਸਿਪਾਹੀ ਸਾਡੇ ਘਰ ਆਏ। ਉਹਨਾਂ ਦੇ ਨਾਲ ਇਕ ਹੋਰ ਬੰਦਾ ਸੀ। ਉਸ ਨੇ ਆਬਿਦਾ ਬਾਰੇ ਪੁੱਛਿਆ। ਚਾਣਚੱਕ ਮੈਨੂੰ ਖਤਰੇ ਦਾ ਅਹਿਸਾਸ ਹੋਇਆ। ਉਹ ਬੰਦਾ ਉਸ ਮਹਿਕਮੇ ਦਾ ਅਫਸਰ ਸੀ, ਜੋ ਫਸਾਦਾਂ ਵਿਚ ਅਗਵਾ ਕੀਤੀਆਂ ਤੀਵੀਆਂ ਨੂੰ ਮੁੜ ਕੇ ਪਾਕਿਸਤਾਨ, ਉਹਨਾਂ ਦੇ ਘਰੀਂ ਪੁਚਾ ਰਿਹਾ ਸੀ। ਮੈਂ ਬਿਨਾਂ ਕਿਸੇ ਲੁਕ-ਲੁਕੋ ਦੇ ਸਾਰੀ ਕਹਾਣੀ ਸਾਫ-ਸਾਫ ਕਹਿ ਸੁਣਾਈ। ਆਬਿਦਾ ਨੇ ਵੀ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਮੇਰੇ ਨਾਲ ਆਈ ਸੀ। ਉਸ ਨੂੰ ਉਸ ਦੀ ਮੁਹੱਬਤ ਇੱਥੇ ਲਿਆਈ ਸੀ।

ਪਰ ਕਾਨੂੰਨ ਮੁਹੱਬਤ ਦੀ ਗੱਲ ਕਿਵੇਂ ਮੰਨ ਸਕਦਾ ਸੀ!

ਆਬਿਦਾ ਨੂੰ ਵਾਪਸ ਲਾਹੌਰ ਭੇਜ ਦਿੱਤਾ ਗਿਆ।

ਉਸ ਵੇਲੇ ਮੇਰੇ ਲਈ ਜਿਵੇਂ ਦੂਜੀ ਵਾਰ ਪਾਕਿਸਤਾਨ ਬਣਿਆ ਸੀ। ਤੇ ਲੱਗਾ ਸੀ ਕਿ ਉਸ ਪਿੱਛੋਂ ਮੈਂ ਜ਼ਿੰਦਗੀ ਭਰ ਕਿਤੇ ਟਿਕ ਨਹੀਂ ਸਕਾਂਗਾ। ਮੈਂ ਵੀ ਲਾਹੌਰ ਚਲਾ ਜਾਣਾ ਚਾਹੁੰਦਾ ਸਾਂ। ਪਰ ਤਦ ਉਹ ਮੇਰੇ ਲਈ ਇਕ ਪਰਾਇਆ ਸ਼ਹਿਰ ਬਣ ਗਿਆ ਸੀ। ਉਹ ਹੁਣ ਮੁਸਲਮਾਨਾਂ ਦਾ ਸ਼ਹਿਰ ਸੀ। ਉਸ ਵਿਚ ਮੇਰੇ ਲਈ ਕੋਈ ਥਾਂ ਨਹੀਂ ਸੀ।

ਮੈਂ ਅਸਲਮ ਨੂੰ ਲਿਖਿਆ ਸੀ। ਉਸ ਦਾ ਜਵਾਬ ਆਇਆ ਸੀ ਕਿ ਹਾਲਾਤ ਬਹੁਤ ਖਰਾਬ ਹੋ ਚੁੱਕੇ ਹਨ। ਦੋਨੋਂ ਮੁਲਕ ਇਕ ਦੂਜੇ ਤੋਂ ਬਹੁਤ ਦੂਰ ਹੋ ਚੁਕੇ ਹਨ। ਹੁਣ ਤਾਂ ਕਦੇ ਅਵਾਮੀ ਹਕੂਮਤਾਂ ਹੀ ਉਨ੍ਹਾਂ ਨੂੰ ਇਕ-ਦੂਜੇ ਦੇ ਨੇੜੇ ਲਿਆ ਸਕਣਗੀਆਂ।

ਅਸਲਮ ਦੇ ਨਾਲ ਕੁਝ ਚਿਰ ਤੱਕ ਖਤਾਂ ਦਾ ਸਿਲਸਿਲਾ ਚੱਲਦਾ ਰਿਹਾ ਸੀ। ਅਖ਼ੀਰ, ਬੰਦ ਹੋ ਗਿਆ ਸੀ। ਮੇਰੀ ਵਲੋਂ ਹੀ ਬੰਦ ਹੋਇਆ ਸੀ। ਬੰਦ ਹੋਣ ਤੋਂ ਕੁਝ ਮਹੀਨੇ ਪਹਿਲਾਂ ਅਸਲਮ ਨੇ ਇਕ ਖਤ ਵਿਚ ਲਿਖਿਆ ਸੀ ਕਿ ਉਸ ਨੇ ਤੇ ਆਬਿਦਾ ਨੇ ਆਪਸ ਵਿਚ ਵਿਆਹ ਕਰ ਲਿਆ ਹੈ। ਮੈਂ ਪੜ੍ਹਿਆ ਸੀ, ਤਾਂ ਮੈਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਸੀ ਹੋਇਆ। ਮਨ ਵਿਚ ਅੰਤਾਂ ਦੀ ਈਰਖਾ ਜਾਗੀ ਸੀ, ਤੇ ਗੁੱਸਾ ਆਇਆ ਸੀ। ਪਰ ਫੇਰ, ਹੌਲੀ-ਹੌਲੀ ਮਨ ਸ਼ਾਂਤ ਹੋ ਗਿਆ ਸੀ। ਲੱਗਾ ਸੀ ਕਿ ਇਹ ਠੀਕ ਹੀ ਹੋਇਆ ਸੀ। ਆਖ਼ਿਰ ਤਾਂ ਆਬਿਦਾ ਦਾ ਕਿਸੇ ਨਾਲ ਵਿਆਹ ਹੋਣਾ ਹੀ ਸੀ। ਚੰਗਾ ਹੋਇਆ ਕਿ ਅਸਲਮ ਨਾਲ ਹੋ ਗਿਆ ਸੀ।

ਉਸ ਪਿੱਛੋਂ ਮੈਂ ਸਮੇਂ ਦੀ ਜਿਸ ਗਰਦਸ਼ 'ਚੋਂ ਲੰਘਿਆ ਸਾਂ, ਉਹ ਇਕ ਵੱਖਰੀ ਕਹਾਣੀ ਹੈ। ਉਹ ਕਹਾਣੀ ਕਦੇ ਫੇਰ ਲਿਖਾਂਗਾ। ਪਰ ਕਾਸ਼, ਉਹ ਨਾ ਹੀ ਲਿਖਣੀ ਪਏ!

ਉਸ ਗਰਦਸ਼ ਵਿਚ ਮੈਂ ਲਾਹੌਰ ਤੋਂ ਦੂਰ ਹੁੰਦਾ ਗਿਆ ਸਾਂ। ਲਾਹੌਰ ਤੋਂ—ਯਾਨੀ ਆਬਿਦਾ ਤੋਂ, ਤੇ ਅਸਲਮ ਤੋਂ। ਪਰ ਲਾਹੌਰ ਤਾਂ ਮੇਰੇ ਦਿਲ ਵਿਚ ਸੀ। ਉਸ ਤੋਂ ਦੂਰ ਕਿਵੇਂ ਹੋ ਸਕਦਾ ਸਾਂ? ਉਸ ਨੂੰ ਮੈਂ ਹਰ ਥਾਂ ਆਪਣੇ ਦਿਲ ਵਿਚ ਚੁੱਕੀ ਫਿਰ ਰਿਹਾ ਸਾਂ। ਕਦੇ ਉਹ ਬਹੁਤ ਬੋਝਲ ਲੱਗਣ ਲਗਦਾ ਸੀ। ਤਦ ਉਸ ਨੂੰ ਚੁੱਕਣਾ ਅਸਹਿ ਹੋ ਜਾਂਦਾ ਸੀ। ਪਰ ਉਸ ਨੂੰ ਦਿਲ

'ਚੋਂ ਕੱਢ ਨਹੀਂ ਸਾਂ ਸਕਦਾ। ਉਸੇ ਤਰ੍ਹਾਂ ਜਿਵੇਂ ਸਰੀਰ 'ਚੋਂ ਦਿਲ ਨਹੀਂ ਕੱਢਿਆ ਜਾ ਸਕਦਾ।

ਅੱਜ ਵੀ, ਇਸ ਹਨੇਰੀ ਰਾਤ ਵਿਚ, ਜਦ ਕਿ ਲਾਹੌਰ ਬਾਰੇ ਗੱਲਾਂ ਹੋ ਰਹੀਆਂ ਹਨ, ਤਾਂ ਉਹ ਮੈਨੂੰ ਆਪਣੇ ਦਿਲ ਵਿਚ ਬਹੁਤ ਬੋਝਲ ਬਣਿਆ ਹੋਇਆ ਪ੍ਰਤੀਤ ਹੋ ਰਿਹਾ ਹੈ। ਤੇ ਇਕ ਉਦਾਸੀ ਹੈ ਮੇਰੇ ਅੰਦਰ, ਜੋ ਗੁੰਮ-ਸੁੰਮ ਬਣੀ ਹੋਈ ਹੈ।

ਮੇਰੇ ਸਾਥੀ ਜੰਗ ਬਾਰੇ ਲਗਾਤਾਰ ਗੱਲਾਂ ਕਰੀ ਜਾ ਰਹੇ ਹਨ। ਪਰ ਮੈਂ ਚੁੱਪ ਹਾਂ। ਮੈਂ ਉਹਨਾਂ ਦੇ ਨਾਲ ਬੈਠਾ ਹਾਂ, ਪਰ ਉਹਨਾਂ ਤੋਂ ਦੂਰ ਹਾਂ। ਮੇਰੇ ਤੇ ਉਹਨਾਂ ਦੇ ਵਿਚਕਾਰ ਇਕ ਦੂਰੀ ਹੈ—ਉਹ ਦੂਰੀ, ਜੋ ਲਾਹੌਰ ਤੇ ਉਹਨਾਂ ਵਿਚਕਾਰ ਹੈ।



# ਧੂੜ ਤੇਰੇ ਚਰਨਾਂ ਦੀ

**ਲੋਚਨ ਸਿੰਘ ਬਖਸ਼ੀ**

"ਜੇ ਮਿਲੇ ਤਾਂ ਮਸਤਕ ਲਾਈਏ ਧੂੜ ਤੇਰੇ ਚਰਨਾਂ ਦੀ........"

ਸੰਗਤਾਂ ਪੜ੍ਹ ਰਹੀਆਂ ਸਨ ਤੇ ਪਾਕਿਸਤਾਨ ਸਪੈਸ਼ਲ, ਯਾਤਰੀ ਦੇ ਇਸ ਜਥੇ ਨੂੰ ਲੈ ਕੇ ਛਕਾ ਛੱਕ, ਉਡਦੀ ਜਾ ਰਹੀ ਸੀ। ਕਦੀ-ਕਦੀ ਬਾਜਰੇ ਦੇ ਖੇਤ ਨਜ਼ਰ ਆਉਂਦੇ ਸਨ, ਜਾਂ ਫਿਰ ਕਿਤੇ-ਕਿਤੇ ਪੀਲੇ ਫੁੱਲਾਂ ਨਾਲ ਲੱਦੇ ਕੰਡਿਆਲੇ ਕਿੱਕਰ, ਦਿਖਾਈ ਦੇਂਦੇ ਸਨ, ਨਹੀਂ ਤੇ ਹੋਰ ਸਾਰੀ ਖੁਸ਼ਕ, ਨੀਰਸ ਤੇ ਵੀਰਾਨ ਸੀ।

ਪਾਲਾ ਸਿੰਘ ਖਿੜਕੀ 'ਚੋਂ ਬਾਹਰ ਦੇਖ ਰਿਹਾ ਸੀ। ਉਹਦੀ ਖੁੱਲ੍ਹੀ ਦਾੜ੍ਹੀ ਧੂੜ ਨਾਲ ਅੱਟ ਗਈ ਸੀ। ਰੇਤਲੇ ਥਲ 'ਚੋਂ ਇਕ ਵਾਵਰੋਲਾ ਜਿਹਾ ਉੱਠਿਆ ਤੇ ਝੱਖੜ ਦੇ ਜ਼ੋਰ ਨਾਲ ਖਿੜਕੀ ਰਾਹੀਂ ਅੰਦਰ ਆ ਗਿਆ।

"ਖਿੜਕੀ ਬੰਦ ਕਰ ਦਿਉ ਜੀ।" ਜਥੇਦਾਰ ਜੀ ਬੋਲੇ। ਪਾਲਾ ਸਿੰਘ ਮੁਸਕਰਾ ਪਿਆ।

"ਹੀਆ ਤੈ ਮਾੜੇ ਵਤਨੈ ਨਾ ਮੇਵਾ ਏ ਪਾਦਸ਼ਾਹੋ। ਤੁਸ ਹਿਸਕੀ ਰੇਤ ਆਖ਼ਣੇ ਓ। ਮਾੜੀਆਂ ਤੇ ਅੱਖਾਂ ਤਰਸੀ ਗਈਆਂ ਨੂੰ ਹਿਸ ਰੇਤੂ ਖੁਣੂੰ।"

ਅੱਜ ਤੋਂ ਬਾਰਾਂ ਸਾਲ ਪਹਿਲਾਂ ਲੰਮੇ ਸਮੇਂ, ਪਾਲਾ ਸਿੰਘ ਆਪਣੇ ਦੇਸ਼ ਪਰਤ ਰਿਹਾ ਸੀ। ਅੱਜ ਤੋਂ ਬਾਰਾਂ ਸਾਲ ਪਹਿਲਾਂ ਇਹ ਦੇਸ਼ ਉਸਦਾ ਸੀ ਥਲ ਦੇਸ਼, ਰਾਵਲਪਿੰਡੀ ਤੋਂ ਰਤਾ ਲਹਿੰਦੇ ਵਾਲੇ ਪਾਸੇ, ਰੇਤਲੇ ਦਰਗੜ ਇਲਾਕੇ ਵਿਚ ਉਹਦਾ ਪਿੰਡ ਸੀ। ਘਰ ਸੀ, ਘਾਟ ਸੀ, ਜ਼ਮੀਨਾਂ ਸਨ, ਇਕ ਦੁਨੀਆਂ ਸੀ। ਫੇਰ ਪਤਾ ਨਹੀਂ ਕਿਉਂ ਬੈਠੇ-ਬੈਠੇ ਲੋਕਾਂ ਨੂੰ ਝੱਲ ਕੁੱਦਿਆ ਤੇ ਆਪਣੇ ਲੋਕ, ਇਕ ਦਮ ਸੱਤ ਬਗਾਨੇ ਹੋ ਕੇ ਰਹਿ ਗਏ। ਪਾਲਾ ਸਿੰਘ ਆਪਣਾ ਸਭ ਕੁਝ ਛੱਡ ਛਡਾ ਕੇ ਸੀਮਾ ਪਾਰ ਚਲਾ ਆਇਆ। ਹੁਣ ਉਸ ਪਾਸ ਘਰ ਵੀ ਸੀ, ਘਾਟ ਵੀ ਸੀ, ਮਾਲ ਅਸਬਾਬ ਸਭ ਕੁਝ ਸੀ, ਪਰ ਫਿਰ ਵੀ ਉਹ ਦੁਨੀਆਂ ਨਹੀਂ ਸੀ, ਆਪਣੇ ਵਿਹੜੇ ਵਿਚਲਾ ਖੂਹ ਉਹਨੂੰ ਕਦੀ ਨਾ ਭੁੱਲਦਾ। ਉਂਝ ਤਾਂ ਆਪਣੇ ਦੇਸ਼ ਦੀ ਹਰ ਚੀਜ਼ ਉਹਨੂੰ ਪਿਆਰੀ ਸੀ, ਪਰ ਖੂਹ ਨਾਲ ਉਹਨੂੰ ਕੁਝ ਖ਼ਾਸ ਹੀ ਮੁਹੱਬਤ ਸੀ।

ਪਾਲਾ ਸਿੰਘ ਦਾ ਪਿੰਡ, ਮਾਰੂਥਲ ਦੇ ਉਸ ਇਲਾਕੇ ਵਿਚ ਸੀ, ਜਿਹਦੇ ਚਾਰੇ ਪਾਸੇ ਰੇਤਲਾ ਸਮੁੰਦਰ ਪਸਰਿਆ ਪਿਆ ਸੀ। ਇੱਥੋਂ ਦੀ ਖੁਸ਼ਕ ਤੇ ਕੱਲਰੀ ਧਰਤੀ ਵਿਚ ਕੋਈ ਫ਼ਸਲ ਨਹੀਂ ਸੀ ਉੱਗਦੀ, ਸਵਾਏ ਬਾਜਰੇ ਦੇ ਜਿਹਦੀ ਬਾਬਤ ਕਹਿੰਦੇ ਸਨ ਪਈ ਇਹ ਰੁੱਖੇ ਲੋਕਾਂ ਦੀ ਰੁੱਖੀ ਉਪਜ ਹੈ। ਸਾਰੇ ਇਲਾਕੇ ਵਿਚ, ਕਿਧਰੇ ਪਾਣੀ ਨਾ ਪਾਣੀ ਦਾ ਨਿਸ਼ਾਨ। ਕੋਹਾਂ ਦਾ ਪੰਧ

ਕਰਕੇ ਲੋਕੀਂ ਉਠਾਂ ਤੇ ਖੋਤਿਆਂ ਦੇ ਉਪਰ ਮਸ਼ਕਾਂ ਲੱਦ ਕੇ ਕਿੰਨੀਆਂ ਮੁਸੀਬਤਾਂ ਨਾਲ ਪੀਣ ਲਈ ਪਾਨੀ ਲਿਆਉਂਦੇ ਸਨ।

ਪਾਲਾ ਸਿੰਘ ਦਾ ਪਿਓ ਚੌਧਰੀ ਹੀਰਾ ਸਿੰਘ, ਨਿਰਾ ਪੁਰਾ ਹੀਰਾ ਸੀ, ਸੁੱਚਾ ਹੀਰਾ। ਸਵੇਰੇ ਉੱਠ ਕੇ ਜੇ ਕਿਸੇ ਨੂੰ ਉਹਦੇ ਦਰਸ਼ਨ ਹੋ ਜਾਣ ਤਾਂ ਉਹ ਜਾਣਦਾ ਪਈ ਅੱਜ ਦਿਨ ਸਫਲ ਹੋ ਗਿਆ। ਬੜਾ ਨਾਮੀ ਗਿਰਾਮੀ ਆਦਮੀ ਸੀ। ਪੂਜਾ ਪਾਠ ਵਿਚ ਮਗਨ ਰਹਿਣ ਵਾਲਾ ਜੀਊੜਾ। ਉਹਦੇ ਵਿਹੜੇ ਸਦਾ ਸੰਤਾਂ ਮਹਾਤਮਾਂ ਦੀ ਭੀੜ ਲੱਗੀ ਰਹਿੰਦੀ। ਇਕ ਵਾਰੀ ਚੌਧਰੀ ਹੀਰਾ ਸਿੰਘ ਦੇ ਵਿਹੜੇ ਇਕ ਜੋਗੀ ਆਇਆ। ਚੌਧਰੀ ਨੇ ਉਹਦੀ ਬੜੀ ਸੇਵਾ ਕੀਤੀ। ਚੌਧਰੀ ਦੇ ਸੇਵਾ-ਭਾ ਤੋਂ ਪਰਸੰਨ ਹੋ ਕੇ ਜੋਗੀ ਨੇ ਕਿਹਾ, "ਚੌਧਰੀ ਜੋਗੀ ਬਾਰਾਂ ਬਰਸ ਕਾ ਚਿੱਲਾ ਕਾਟ ਕੇ ਆਇਆ ਹੈ। ਮਾਂਗ ਕਿਆ ਮਾਂਗਤਾ ਹੈ।"

"ਸਭ ਮਿਹਰ ਹੈ।"

"ਦੇਖ ਲੈ। ਤੇਰੀ ਖ਼ੁਸ਼ੀ ਹੈ।"

"ਮਹਾਰਾਜ।" ਚੌਧਰੀ ਰਤਾ ਸੋਚ ਕੇ ਬੋਲਿਆ "ਹਿਸ ਧਰਤੀ ਕੀ ਕੋਈ ਸਰਾਪ ਹੈ। ਭਾਵੇਂ ਸਾਧ ਸੰਤ ਤਾਂ ਇਥੈ ਕਈ ਚਰਨ ਪਾਈ ਗਏ ਨੁ ਪਰ ਫਿਰ ਵੀ ਇਥੂੰ ਨੇ ਲੋਕ ਬਹੂੰ ਦੁਖੀ ਨੂ।"

"ਕਿਉ?" ਜੋਗੀ ਨੇ ਪੁੱਛਿਆ।

"ਇਥੇ ਨੀ ਭੂਈਂ ਕੱਲਰੀ ਆ। ਪਾਨੀ ਖਾਰਾ ਵੇ। ਪੀਣੈ ਵਾਸਤੇ ਲੋਕਾਂ ਕੀ ਕੋਹਾਂ ਦੂਰ ਜਾਣਾ ਪੈਂਨੇ ਪਾਨੀ ਘਿਨਣ। ਮਹਾਰਾਜ ਜੇ ਕੋਈ ਉਪਾ ਕਰੀ ਸਕੋ ਤਾਂ ਕੁਲ ਆਲਮੈ ਨਾ ਭੱਲਾ ਏ।"

"ਚੰਗਾ ਭਈ ਸੰਤਾ। ਕੁਝ ਮੈਂ ਸਾਰਥ ਭੀ ਹੈ ਔਰ ਤੂੰ ਕੁਲ ਆਲਮ ਕਾ ਧੂੜ ਤੇਰੇ ਚਰਨਾਂ ਦੀ।

ਭਲਾ ਭੀ ਮਾਂਗਤਾ ਹੈ। ਤੋ ਐਸਾ ਕਰੀਓ ਕਿ ਯਿਹ ਇਸ ਸਥਾਨਪੁਰ ਜਹਾਂ ਜੋਗੀਓਂ ਕਾ ਚੁਲ੍ਹਾ ਹੈ, ਯਹੀਂ ਸੇ ਧਰਤੀ ਖੁਦਵਾਨਾ। ਇਸੀ ਸਥਾਨ ਪਰ ਖੂਹ ਲਗਵਾਨਾ। ਕਿਸੀ ਕੋ ਪਾਨੀ ਭਰਨੇ ਸੇ ਰੋਕਨਾ ਮਤ। ਜਾ ਰੱਬ ਤੇਰਾ ਭਲਾ ਕਰੇ।"

ਜੋਗੀ ਤਾਂ ਚਲਾ ਗਿਆ, ਪਰ ਚੌਧਰੀ ਹੀਰਾ ਸਿੰਘ ਨੇ ਜੋਗੀ ਦੀ ਦੱਸੀ ਜਗ੍ਹਾ ਤੋਂ ਉਸੇ ਦਿਨ ਮਿੱਟੀ ਪੁਟਵਾਨੀ ਸ਼ੁਰੂ ਕਰ ਦਿੱਤੀ। ਕਈ ਮਜ਼ਦੂਰ ਲੱਗ ਗਏ ਰਾਤ ਦਿਨ, ਖੁਦਾਈ ਹੋਣ ਮਗਰੋਂ ਪਾਨੀ ਦਾ ਇਕ ਟੋਪਾ ਵੀ ਨਾ ਲੱਭਿਆ। ਉਹੋ ਹੀ ਖੁਸ਼ਕ ਸਰੂਤ ਰੇਤ ਨਿਕਲਦੀ ਆਵੇ।

"ਐਵੇਂ ਕੋਈ ਟੁਰਨਾ ਫਿਰਨਾ ਸਾਧ ਇਆ। ਜੇ ਬੰਜਰ ਧਰਤੀਆਂ ਵਿਚ ਹਿੰਝ ਪਾਨੀ ਫੁੱਟਣ ਲਗਨਾ ਤਾਂ ਹੁਣ ਤੀਕਣ ਸਾਰੇ ਮਾਰਥਲੈ ਵਿਚ, ਅਨਗਿਣਤ ਰੇਤੂ ਨੇ ਕਿਣਕੇ ਨ ਦਿਸਨੇ।" ਲੋਕੀਂ ਕਹਿੰਦੇ ਪਰ ਚੌਧਰੀ ਹੀਰਾ ਸਿੰਘ ਵੀ ਮਾਰੂਥਲ ਜਿੱਡਾ ਹੀ ਅਜ਼ੀਮ ਦਿਲ ਰੱਖਦਾ ਸੀ। ਉਹ ਆਪਣੀ ਧੁਨ ਵਿਚ ਮਗਨ ਆਪਣੇ ਵਿਸ਼ਵਾਸ ਤੇ ਦ੍ਰਿੜ੍ਹ ਲੱਗਾ ਰਿਹਾ, ਉਸ ਨੇ ਆਸ ਨਾ ਛੱਡੀ ਤੇ ਅਖੀਰ ਖੂਹ ਵਿਚੋਂ ਪਾਨੀ ਦਾ ਫਵਾਰਾ ਫੁੱਟ ਹੀ ਨਿਕਲਿਆ। ਤੇ ਪਾਨੀ ਵੀ ਇਹੋ ਜਿਹਾ ਮਿੱਠਾ ਕਿ ਪੁੱਛੋ ਕੁਝ ਨਾ। ਚੌਧਰੀ ਹੀਰਾ ਸਿੰਘ ਨੇ ਰੱਬ ਦਾ ਸ਼ੁਕਰ ਕੀਤਾ ਤੇ ਭੰਡਾਰੇ ਖੋਲ੍ਹ ਦਿੱਤੇ।



ਚੌਧਰੀ ਹੀਰਾ ਸਿੰਘ ਦਾ ਖੂਹ ਸਾਰੇ ਇਲਾਕੇ ਵਿਚ ਇਕ ਸੀ। ਦਿਨੇ ਰਾਤ ਉਥੇ ਮੇਲਾ ਲੱਗਾ ਰਹਿੰਦਾ। ਲੋਕੀਂ ਆਉਂਦੇ, ਆਪਣੀ ਪਿਆਸ ਬੁਝਾਉਂਦੇ ਤੇ ਚੌਧਰੀ ਹੀਰਾ ਸਿੰਘ ਨੂੰ ਅਸੀਸਾਂ ਦੇ ਕੇ ਤੁਰ ਜਾਂਦੇ।

ਜਦੋਂ ਦੀ ਪਾਲਾ ਸਿੰਘ ਨੇ ਹੋਸ਼ ਸੰਭਾਲੀ ਸੀ ਇਹ ਖੂਹ ਬਾਕਾਇਦਾ ਉਹਦੇ ਦਿਮਾਗ਼ ਤੇ ਛਾਇਆ ਰਿਹਾ ਸੀ। ਦਿਮਾਗ਼ ਤੇ ਹੀ ਕੀ, ਉਹਦੇ ਦਿਲ ਦੀਆਂ ਅੰਦਰਲੀਆਂ ਤੈਹਾਂ ਵਿਚ ਵੀ ਇਹਦੇ ਪਾਨੀ ਦੀ ਮਿੱਠਤ ਨੇ ਆਪਣਾ ਘਰ ਬਣਾ ਲਿਆ ਸੀ। ਜੇ ਉਹ ਆਪਣੀ ਸਿਮਰਤੀ ਤੇ ਵਧੇਰੇ ਬਲ ਦੇਂਦਾ, ਤਾਂ ਵੀ ਉਹ ਇਸ ਖੂਹ ਦੀ ਦੁਨੀਆਂ ਤੋਂ ਮਗਰੋਂ ਅਗੇਰੇ ਨਹੀਂ ਸੀ ਜਾ ਸਕਦਾ। ਵੱਡੀ ਚਾਰਦੀਵਾਰੀ ਵਾਲੀ ਹਵੇਲੀ ਵਿਚ ਇਸ ਖੂਹ ਨੂੰ ਇਕ ਵਿਸ਼ੇਸ਼ ਸਥਾਨ ਦਿੱਤਾ ਗਿਆ। ਅਸਲ ਵਿਚ ਜੇ ਕੋਈ ਖਾਸ ਚੀਜ਼ ਉਸ ਹਵੇਲੀ ਵਿਚ ਸੀ ਤਾਂ ਉਹ ਖੂਹ ਹੀ ਸੀ। ਖੂਹ ਜਿਹਦੇ ਚਾਰੇ ਪਾਸੇ ਪੌੜੀਆਂ ਲੱਗੀਆਂ ਹੋਈਆਂ ਸਨ। ਮਣ ਦੇ ਕੋਲ ਵੱਡੀਆਂ-ਵੱਡੀਆਂ ਭਾਰੀ ਗੇਲੀਆਂ ਪਈਆਂ ਹੋਈਆਂ ਸਨ, ਜਿਹਨਾਂ ਦੇ ਉਪਰ ਘਿਸ-ਘਿਸ ਕੇ ਲੱਜ ਨਾਲ ਕੂਲੀਆਂ ਧਾਰੀਆਂ ਬਣ ਗਈਆਂ ਸਨ ਜਿਹਨਾਂ ਦੇ ਵਿਚੋਂ ਦੀ ਲੱਜ ਫ਼ਿਸਲ-ਫ਼ਿਸਲ ਜਾਂਦੀ ਸੀ।

ਪਾਲਾ ਸਿੰਘ ਨੇ ਸੋਚਿਆ, ਜਦੋਂ ਪਹਿਲੀ ਵਾਰੀ, ਉਸ ਚਾਰਦੀਵਾਰੀ ਵਿਚ ਉਸ ਨੇ ਅੱਖ ਖੋਲ੍ਹੀ ਹੋਏਗੀ, ਤਾਂ ਉਸ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ ਨੇ ਯਕੀਨਨ ਪਹਿਲੀ ਝਾਕੀ ਵਿਚ ਉਸ ਖੂਹ ਨੂੰ ਹੀ ਵੇਖਿਆ ਹੋਵੇਗਾ। ਛੋਟੇ ਹੁੰਦਿਆਂ ਉਹ ਸਾਰਾ-ਸਾਰਾ ਦਿਨ ਖੂਹ ਨੂੰ ਵੇਖਦਾ ਰਹਿੰਦਾ ਸੀ। ਜਿਥੇ ਉੱਚੇ ਲੰਮੇ ਕੱਦ ਕਾਠ ਵਾਲੀਆਂ ਥਲ ਦੀਆਂ ਸਵਾਣੀਆਂ ਘੜੇ, ਘੜੋਲੀਆਂ, ਗਾਗਰਾਂ, ਵਲਟੋਹੀਆਂ ਆਦਿ ਲੈ ਕੇ ਪਾਨੀ ਭਰਨ ਆਉਂਦੀਆਂ ਸਨ। ਉਹਨੂੰ ਚੇਤੇ ਸੀ ਉਹਦੀ ਪਤਨੀ ਹਰਨਾਮੀ ਕੌਰ ਵੀ ਪਹਿਲੀ ਵਾਰੀ ਉਹਨੂੰ ਉਸੇ ਖੂਹ ਤੇ ਹੀ ਮਿਲੀ ਸੀ। ਰਤਾ ਕੁ ਅਨ੍ਹੇਰਾ ਹੋ ਚਲਿਆ ਸੀ ਤੇ ਉਹਨੇ ਵੇਖਿਆ ਹਰਨਾਮ ਕੌਰ ਕਾਹਲੀ-ਕਾਹਲੀ ਨਾਲ ਖੂਹ ਦੀ ਮਣ ਤੇ ਚੜ੍ਹ ਗਈ। ਉਹਨੇ ਖੂਹ ਤੇ ਆਪਣੀ ਗਾਗਰ ਰੱਖੀ ਤੇ ਲੋਟਾ ਲਮਕਾ ਕੇ ਮਗਰ-ਮਗਰ ਸਾਰੀ, ਲੱਜ ਛੱਡ ਦਿੱਤੀ। ਰੇਸ਼ਮੀ ਡੋਰੀ ਹਾਰ, ਲੱਜ ਲੱਕੜੀ ਦੇ ਉਪਰੋਂ ਦੀ ਤਿਲਕਦੀ ਗਈ ਤੇ ਦੂਰ ਪਾਨੀ ਵਿਚ ਲੋਟੇ ਦਾ ਖੜਾਕ ਹੋਇਆ। ਉਸ ਨੇ ਦੋ ਵਾਰੀ ਲੋਟੇ ਨੂੰ ਪਾਨੀ ਵਿਚ ਖੰਗਾਲਿਆ ਤੇ ਫੇਰ ਗਿਣ-ਗਿਣ ਕੇ ਲੱਜ ਸਮੇਟਣ ਲੱਗੀ। ਇਹ ਸਾਰਾ ਸਮਾਂ ਪਾਲਾ ਸਿੰਘ ਉਹਨੂੰ ਵੇਖਦਾ ਰਿਹਾ।

ਗਾਗਰ ਭਰ ਕੇ ਉਹਨੇ ਖੂਹ ਦੀ ਮਣ 'ਤੇ ਰੱਖ ਦਿੱਤੀ ਤੇ ਏਧਰ ਉਧਰ ਝਾਕ ਕੇ ਵੇਖਣ ਲੱਗੀ। ਤਕਾਲਾਂ ਸੰਘਣੀਆਂ ਹੋ ਗਈਆਂ ਸਨ ਤੇ ਕਿੱਕਰਾਂ ਦੇ ਪਰਛਾਵੇਂ ਕਾਫ਼ੀ ਡੂੰਘੇ ਹੋ ਗਏ ਸਨ। ਪਾਲਾ ਸਿੰਘ ਮਾੜਾ ਜਿਹਾ ਖੰਘ ਕੇ ਅੱਗੇ ਹੋਇਆ ਤੇ ਕਹਿਣ ਲੱਗਾ।

"ਮੈਂ ਹੱਥ ਪਵਾਵਾਂ?"

'ਪਰ੍ਹਾਂ ਵੰਞ ਉਏ ਜਾਤਕਾ। ਮੈਂ ਵੀ ਹਿਸੇ ਖੂਹ ਦਾ ਪਾਨੀ ਪੀਤੈ। ਤੂੰ ਕੋਈ ਬਹੂੰ ਭਲਵਾਨ ਤੈ ਨਾਹੇਂ।" ਤੇ ਉਹਨੇ ਪਾਲਾ ਸਿੰਘ ਦੇ ਵੇਖਦਿਆਂ-ਵੇਖਦਿਆਂ ਇਕ ਝਟਕੇ ਨਾਲ ਗਾਗਰ ਆਪਣੇ ਸਿਰ 'ਤੇ ਰੱਖ ਲਈ ਤੇ ਰੇਤਲੀ ਧਰਤੀ ਤੇ ਕਾਹਲੀ-ਕਾਹਲੀ ਪੱਬ ਧਰਦੀ ਹੋਈ ਅੱਖ ਦੇ ਫੋਰ ਵਿਚ ਕਿੱਕਰਾਂ ਦੇ ਪਰਛਾਵਿਆਂ ਤੋਂ ਪਰ੍ਹੇ ਅਲੋਪ ਹੋ ਗਈ। ਜੇ ਅਨ੍ਹੇਰਾ ਸੰਘਣਾ ਨਾ ਹੋ ਗਿਆ ਹੁੰਦਾ ਤਾਂ ਸ਼ਾਇਦ ਪਾਲਾ ਸਿੰਘ ਦੇਰ ਤੀਕ ਉਹਦੇ ਪੈਰਾਂ ਨਾਲ ਟੁਕੀਂਦੀ

ਜੰਜ਼ੀਰੀ ਵੇਖਦਾ ਰਹਿੰਦਾ। ਪੈਰਾਂ ਦੇ ਨਿਸ਼ਾਨ ਵੇਖਣੇ ਵੀ ਉਹਦਾ ਇਕ ਸ਼ੁਗਲ ਸੀ। ਇਹ ਨਿਸ਼ਾਨ ਉਹਦੇ ਖੂਹ ਤੋਂ ਸ਼ੁਰੂ ਹੋ ਕੇ ਮਾਰੂਥਲ ਦੀ ਹਿੱਕ ਤੇ ਸਾਰੀਆਂ ਦਿਸ਼ਾਵਾਂ ਵਿਚ ਖਿੱਲਰ ਜਾਂਦੇ ਹਨ। ਇਨ੍ਹਾਂ ਨਿਸ਼ਾਨਾਂ ਨੂੰ ਪਛਾਨਣ ਦੀ ਉਸਨੂੰ ਇਤਨੀ ਮੁਹਾਰਤ ਹੋ ਗਈ ਸੀ ਕਿ ਉਹ ਦੱਸ ਸਕਦਾ ਸੀ ਕਿ ਇਹਨਾਂ ਢੇਰ ਸਾਰੇ ਨਿਸ਼ਾਨਾਂ ਵਿਚ ਕਿਹੜੇ ਪੈਰ ਹਰਨਾਮ ਕੌਰ ਦੇ ਬਾਪੂ ਦੀ ਚਾਰਦੀਵਾਰੀ ਵਿਚ ਜਾ ਕੇ ਲੁਕ ਜਾਂਦੇ ਹਨ।

ਫੇਰ ਹਰਨਾਮ ਕੌਰ ਨਾਲ ਉਹਦਾ ਵਿਆਹ ਹੋ ਗਿਆ। ਇਹ ਵੀ ਖ਼ੂਬ ਦਿਨ ਸਨ। ਦੋਵੇਂ ਜਣੇ ਸਾਰਾ ਦਿਨ ਬਾਜਰੇ ਦੀਆਂ ਖੇਤਾਂ ਵਿਚ ਵਿਚ ਹੱਸਦੇ ਫਿਰਦੇ। ਉਹ ਉਹਨੂੰ "ਢੋਲ ਸਿਪਾਹੀਆ, ਬਾਂਕਿਆ ਮਾਹੀਆ" ਕਹਿੰਦੀ ਅਤੇ ਪਾਲਾ ਸਿੰਘ ਉਹਨੂੰ "ਖੂਹ ਤੇ ਪਾਣੀ ਭਰੇਂਦੀਏ ਮੁਟਿਆਰੇ" ਵਾਲਾ ਗਾਣਾ ਸੁਣਾਉਂਦਾ। ਜੇ ਕਦੀ ਉਹਨਾਂ ਨੂੰ ਆਪਣੇ ਪਿੰਡ ਤੋਂ ਬਾਹਰ ਜਾਣਾ ਪੈਂਦਾ ਤਾਂ ਉਹ ਦੋਵੇਂ ਜਣੇ ਉਦਾਸ ਹੋ ਜਾਂਦੇ।

"ਹਰਨਾਮ ਕੌਰੇ ਅਸਲੂੰ ਤੂੰ ਤੈ ਬਾਜਰੇ ਦੀ ਕਰੂਮਲ ਏਂ। ਜਿਸਕੀ ਨਿਸਰਨੈ ਵਾਸਤੈ, ਵਧਣੈ ਫੁਲਣੈ ਵਾਸਤੇ, ਮਾਰੂਥਲੈ ਨੀ ਰੇਤਲੀ ਧਰਤੀ ਹੀ ਸੁਖਾਣੀਂ ਐਂ।"

"ਰੇਤਲੀ ਧਰਤੀ ਤੈ ਹੋਈ ਪਰ ਤੁਹਾੜੇ ਖੂਹੈ ਨ ਠੰਡਾ ਮਿਠਾ ਪਾਣੀ ਵੀ ਤੈ ਸੌ ਦਵਾਈਆਂ ਨੀ ਹਿਕ ਦਵਾਈ ਹੈ।"

"ਹੇ ਤੈ ਢਾਢਾ ਸੱਚ ਬਾਣੀ ਏ ਹਰਨਾਮ ਕੌਰੇ, ਆਪਣੇ ਖੂਹੇ ਨੇ ਪਾਣੀ ਐਂ ਖੂਣੂ ਤੇ ਮੈਂ ਆਪੂੰ ਤਰਸੀ ਗਿਆਂ।" ਫਿਰ ਉਹ ਉੱਚੀ ਸੱਦ ਨਾਲ ਗਾਉਣ ਲੱਗ ਜਾਂਦਾ :—

"ਆਪਣੇ ਵਤਨਾਂ ਨੀਆਂ
ਠੰਡੀਆਂ ਛਾਈਂ ਵੇ
ਆਪਣੇ ਵਤਨਾਂ ਨੀਆਂ
ਸਰਦ ਹਾਵਾਈਂ ਵੇ।"
ਅਗਲੀ ਤੁੱਕ ਹਰਨਾਮ ਕੌਰ ਪੂਰੀ ਕਰ ਦਿੰਦੀ :
ਲੱਗੀਆਂ ਨਿਭਾਈਂ ਵੇ
ਮਿੰਗੀ ਛੋਡ ਨਾ ਜਾਈਂ ਵੇ
ਦੰਮਾਂ ਨਿਆਂ ਲੋਭੀਆ ਵੇ
ਪਰਦੇਸ ਨਾ ਜਾਈਂ ਵੇ।

ਅਤੇ ਅੱਜ ਪਾਲਾ ਸਿੰਘ, ਕਾਲੇ ਕੋਹਾਂ ਦੇ ਪੈਂਡੇ ਝਾਗ ਕੇ, ਮੁੜ ਆਪਣੇ ਵਤਨਾਂ ਨੂੰ ਪਰਤਿਆ ਸੀ। ਪਾਕਿਸਤਾਨ ਐਕਸ-ਪਰੈਸ ਛਕਾ ਛਕ ਉੱਡਦੀ ਜਾ ਰਹੀ ਸੀ ਤੇ ਬਾਹਰ ਰੇਤਲੀ ਧਰਤੀ ਵਿਚ ਕਿਧਰੇ-ਕਿਧਰੇ ਉੱਗੇ ਹੋਏ ਕਿੱਕਰ ਦੇ ਬੂਟੇ ਜਿਵੇਂ ਖਿੜੇ ਮੱਥੇ ਉਹਦਾ ਸਵਾਗਤ ਕਰ ਰਹੇ ਸਨ। ਉਹਦੀ ਚੇਤਨ ਤੇ ਜਿਵੇਂ ਇਕ ਰੇਤਲੀ ਚਾਦਰ ਪਸਰੀ ਹੋਈ ਸੀ। ਜਿਸ ਤੇ ਅਣਗਿਣਤ ਪੈੜਾਂ ਉੱਕਰੀਆਂ ਹੋਈਆਂ ਸਨ, ਪਰ ਉਹ ਸਭ ਉਸੇ ਦੇਸ਼ ਜਾਂਦੀਆਂ ਸਨ, ਖੂਹ ਵਾਲੇ ਪਿੰਡ ਮਾਰੂਥਲ ਦੇ ਦੇਸ਼, ਜਿਥੇ ਬਾਜਰੇ ਦੀ ਕਰੂਮਲ ਨਿਸਰ ਕੇ ਮੌਲ ਸਕਦੀ ਹੈ ਤੋਂ ਕੰਡਿਆਲੇ ਕਿੱਕਰ ਦੇ ਪੀਲੇ ਫੁੱਲ ਖਿੜਦੇ ਹਨ।

ਛਕਾ ਛਕ ਕਰਦੀ ਹੋਈ ਗੱਡੀ, ਰੇਤਲੇ ਥਲਾਂ ਵਿਚੋਂ ਦੀ ਲੰਘਦੀ ਹੋਈ, ਬਾਜਰੇ ਦੀਆਂ ਖੇਤਾਂ ਵਿਚੋਂ ਲੰਘਦੀ ਹੋਈ, ਬਾਹਰਲੇ ਸਿਗਨਲ ਕੋਲੋਂ ਦੀ ਲੰਘੀ ਤਾਂ ਉਹਦੀ ਚਾਲ



ਧੀਮੀ ਪੈ ਗਈ। ਪਾਲਾ ਸਿੰਘ ਮਨ ਹੀ ਮਨ ਵਿਚ ਖ਼ੁਸ਼ ਹੋਇਆ, ਥੋੜ੍ਹੀ ਦੇਰ ਬਾਅਦ ਹੀ ਉਹ ਆਪਣੀ ਮੰਜ਼ਿਲ ਤੀਕ ਪੁੱਜ ਜਾਵੇਗਾ।

ਉਸ ਨੇ ਦੂਰ ਸਟੇਸ਼ਨ 'ਤੇ ਖਲੋਤੇ ਬੰਦਿਆਂ ਨੂੰ ਪਛਾਣਨ ਦਾ ਯਤਨ ਕੀਤਾ। ਇਹ ਸਾਰੇ ਲੋਕੀਂ ਉਹਨਾਂ ਦੇ ਸਵਾਗਤ ਲਈ ਆਏ ਸਨ, ਜੋ ਪਾਕਿਸਤਾਨ ਵਿਚ ਰਹੇ ਧਰਮ ਅਸਥਾਨਾਂ ਦੀ ਉਚੇਚੀ ਯਾਤਰਾ ਲਈ ਆਏ ਸਨ। ਜਦੋਂ ਪਾਲਾ ਸਿੰਘ ਨੂੰ ਇਸ ਯਾਤਰਾ ਦੀ ਖ਼ਬਰ ਮਿਲੀ ਤਾਂ ਉਹ ਬਹੁਤ ਖ਼ੁਸ਼ ਹੋਇਆ: ਕਿਉਂਕਿ ਯਾਤਰਾ ਵਿਚ ਉਸ ਦਾ ਪਿੰਡ ਵੀ ਸ਼ਾਮਲ ਸੀ। ਉਸ ਦੇ ਪਿੰਡ ਦੇ ਲਾਗੇ ਹੀ ਇਕ ਧਰਮ ਸਥਾਨ ਸੀ।

ਗੱਡੀ ਸਟੇਸ਼ਨ ਤੇ ਪੁੱਜਦਿਆਂ ਸਾਰ ਹੀ ਢੋਲ ਢਮੱਕੇ ਖੜਕ ਪਏ। ਪਾਲਾ ਸਿੰਘ ਨੂੰ ਲੱਗਾ ਜਿਵੇਂ ਉਹ ਯਾਤਰਾ ਨਹੀਂ ਸਗੋਂ ਕਿਸੇ ਦੀ ਬਰਾਤੇ ਆਇਆ ਹੋਵੇ।

ਪਾਲਾ ਸਿੰਘ ਤੇ ਉਹਦੇ ਸਾਥੀਆਂ ਦਾ ਬੜਾ ਸ਼ਾਨਦਾਰ ਸਵਾਗਤ ਕੀਤਾ ਗਿਆ। ਉਸ ਦੇ ਪਿੰਡ ਦੇ ਮੁਸਲਮਾਨ ਦੋਸਤਾਂ ਨੇ ਵਾਰੋ ਵਾਰੀ ਉਸ ਨਾਲ ਤੇ ਹੋਰ ਸਾਰਿਆਂ ਨਾਲ ਮੁਲਾਕਾਤ ਕੀਤੀ। ਪਾਲਾ ਸਿੰਘ ਨੂੰ ਹਰ ਕੋਈ ਜੱਫੀਆਂ ਪਾ ਕੇ ਮਿਲਿਆ। ਭੀੜ ਵਿਚ ਕਿਤਨੇ ਸਾਰੇ ਤੇ ਉਹਦੇ ਪੁਰਾਣੇ ਯਾਰ ਸਨ : ਅੱਲਾ ਰੱਖਾ, ਮਿਰਜ਼ਾ ਅਸ਼ਰਫ, ਰਾਜਾ ਜਹਾਨ ਦਾਦ।

"ਸੁਣਾ ਫਿਰ ਯਾਰਾ ਅੱਲਾ ਰੱਖਿਆ, ਤੁਹਾਡਾ ਕੈ ਹਾਲ ਹੈ।"

"ਬੱਸ ਅੱਲਾ ਦਾ ਫ਼ਜ਼ਲ ਐ। ਤੂੰ ਆਪਣੀ ਸੁਣਾ।" ਤੇ ਇਸੇ ਤਰ੍ਹਾਂ ਇਕ ਦੂਜੇ ਨੂੰ ਜੱਫੀਆਂ ਪਾਂਦੇ, ਨਿੱਕੀਆਂ-ਨਿੱਕੀਆਂ ਗੱਲਾਂ ਪੁੱਛਦੇ, ਦੱਸਦੇ, ਸਾਰੇ ਜਣੇ ਪਿੰਡ ਵੱਲ ਤੁਰ ਪਏ। ਰੇਲਵੇ ਸਟੇਸ਼ਨ, ਪਿੰਡ ਤੋਂ ਦੋ ਕੁ ਮੀਲ ਦੀ ਵਿੱਥ ਤੇ ਸੀ। ਪਾਲਾ ਸਿੰਘ ਨੇ ਇਸ ਦੋ ਮੀਲ ਦੀ ਵਿੱਥ ਨੂੰ ਜ਼ਿੰਦਗੀ ਵਿਚ ਕਈ ਵਾਰੀ ਕੱਛਿਆ ਸੀ। ਜਦੋਂ ਉਹ ਛੋਟਾ ਸੀ, ਤਾਂ ਆਪਣੇ ਸਾਰੇ ਸਾਥੀਆਂ ਸਮੇਤ ਦਿਨ ਵਿਚ ਦੋ ਵਾਰੀ ਤਾਂ ਸਟੇਸ਼ਨ ਤੇ ਜ਼ਰੂਰ ਆਉਂਦਾ ਸੀ। ਇਸ ਨਿੱਕੇ ਜਿਹੇ ਸਟੇਸ਼ਨ ਉਤੇ ਦਿਨ ਵਿਚ ਦੋ ਸਵਾਰੀ ਗੱਡੀਆਂ ਹੀ ਆਉਂਦੀਆਂ ਸਨ ਅੱਪ ਤੇ ਡਾਊਨ। ਇਹ ਸਾਰੇ ਜਣੇ ਸਟੇਸ਼ਨ ਤੋਂ ਜਦ ਤੱਕ ਗੱਡੀ ਤੁਰ ਨਾ ਜਾਂਦੀ ਇਹ ਖੜ੍ਹੇ ਰਹਿੰਦੇ, ਉਹਨੂੰ ਚੇਤਾ ਸੀ ਇਕ ਵਾਰੀ ਇਕ ਡੱਬੇ ਵਿਚ ਕੁਝ ਗੋਰੇ ਬੈਠੇ ਹੋਏ ਸਨ। ਇਹਨਾਂ ਸਾਰਿਆਂ ਨੇ ਜਦੋਂ ਉਤਸੁਕ ਨਜ਼ਰਾਂ ਨਾਲ ਉਹਨਾਂ ਵੱਲ ਵੇਖਿਆ ਤਾਂ ਇਕ ਗੋਰੇ ਨੇ ਉਹਨਾਂ ਨੂੰ ਆਪਣੀ ਜ਼ੁਬਾਨ ਵਿਚ ਜਿਵੇਂ ਡਾਂਟਿਆ ਸੀ। ਫੇਰ ਉਹ ਸਾਰੇ ਹੱਸੇ ਸਨ। ਇਕ ਗੋਰੇ ਨੇ ਸੰਤਰਿਆਂ ਮਾਲਟਿਆਂ ਦੇ ਢੇਰ ਸਾਰੇ ਛਿੱਲੜ ਇਨ੍ਹਾਂ ਦੇ ਉਪਰ ਦੇ ਮਾਰੇ ਸਨ। ਜਦੋਂ ਗੱਡੀ ਤੁਰਨ ਲੱਗੀ ਸੀ ਤਾਂ ਇਕ ਗੋਰੇ ਨੇ ਮਾਲਟਿਆਂ ਦੀ ਇਕ ਟੋਕਰੀ ਇਹਨਾਂ ਵੱਲ ਸੁੱਟ ਦਿੱਤੀ ਸੀ। ਸਾਰਿਆਂ ਨੇ ਇਕ ਇਕ ਮਾਲਟਾ ਵੰਡ ਲਿਆ ਸੀ ਫੇਰ ਉਹ ਸਾਂਗ ਲਾ ਕੇ ਗੋਰੇ ਸਿਪਾਹੀਆਂ ਵਾਂਗ ਤੁਰਨ ਲੱਗ ਪਿਆ ਸੀ। ਕਿਸੇ ਨੇ ਕਿਹਾ : "ਤਕੋ ਉਏ ਟੋਪੇ ਆਲਾ ਸਾਹਿਬ" ਤੇ ਉਸ ਦਿਨ ਤੋਂ ਅੱਲਾ ਰੱਖੇ ਦੀ ਚੇੜ੍ਹ ਹੀ ਪੈ ਗਈ ਸੀ "ਟੋਪੇ ਆਲਾ ਸਾਹਬ।"

"ਸਾਹਬ" ਪਾਲਾ ਸਿੰਘ ਨੇ ਆਖਿਆ ਤੇ ਉਹਦੇ ਮੂੰਹੋਂ ਸਾਹਬ ਸ਼ਬਦ ਸੁਣ ਕੇ ਅੱਲਾ ਰੱਖਾ ਜਿਵੇਂ ਕੁਰਬਾਨ ਹੋ ਗਿਆ।

"ਕੈ ਪਤਾ ਇਹ ਕਿ ਹਿਸ ਤਰ੍ਹਾਂ ਵੀ ਮੇਲ ਮੁਲਾਕਾਤ ਹੋਈ ਗੈਸੀ।"

"ਓ ਭੈੜਿਆਂ ਖੂਹਾਂ ਕੀ ਖੂਹ ਨਹੀਂ ਮਿਲਣੇ। ਬੰਦੇ ਕੀ ਬੰਦਾ ਤੇ ਮਿਲੀ ਹੀ ਪੈਂਦਾ।"

"ਇਹ ਤੈ ਸੱਚ ਆਹਨਾ ਏਂ ਬੇਲੀਆ।" ਤੇ ਪਾਲਾ ਸਿੰਘ ਨੇ ਆਪਣੇ ਖੂਹ ਬਾਬਤ

ਪੁੱਛਿਆ, ਆਪਣੇ ਖੇਤਾਂ ਬਾਬਤ ਪੁੱਛਿਆ, ਆਪਣੀ ਹਵੇਲੀ ਬਾਬਤ ਪੁੱਛਿਆ। ਤੇ ਇਸੇ ਤਰ੍ਹਾਂ ਸਾਰੀ ਵਾਟ ਮੁੱਕ ਗਈ।

ਪਾਲਾ ਸਿੰਘ ਦੇ ਮਕਾਨ ਵਿਚ ਅੱਜ ਕੋਈ ਮਹਾਜਰ ਪਰਿਵਾਰ ਵਸ ਗਿਆ ਹੋਇਆ ਸੀ।

"ਚੰਗਾ ਹੋਇਆ, ਮਾੜ੍ਹਾ ਘਰ ਤੇ ਆਬਾਦ ਐਨਾ।" ਉਹ ਬੋਲਿਆ,

'ਤੈ ਤੁਹਾਡੀਆਂ ਜ਼ਮੀਨਾਂ ਵੀ ਕੁਸੇ ਮਹਾਜਰੇ ਕੀਨੀ ਲਾਅਹੋ ਗਈਆਂ ਨੁ।"

"ਜ਼ਮੀਨ ਉਸੇ ਨੀ ਐ ਜਿਹੜਾ ਉਸਦੀ ਸੇਵਾ ਕਰਨੇ ਭਰਾਉ। ਮਾੜੀ ਕੁਥੋਂ ਅਈ।"

"ਤੈ ਤੁਹਾਡੀ ਹਵੇਲੀ ਵਿਚ ਅਸਾਂ ਪੰਚਾਇਤ ਘਰ ਬਣਵਾਈ ਘਿਧਾ।"

"ਹੇ ਤੈ ਬਹੂੰ ਹੀ ਚੰਗਾ ਦਸਿਆ ਏ। ਅਜ ਪਾਲਾ ਸਿੰਘ ਸਾਰਿਆਂ ਨਾ ਸਾਂਝੀ ਹੈ, ਮਿੰਗੀ ਇਸੈ ਗਲੈ ਨੀ ਖ਼ੁਸ਼ੀ ਏ।" ਉਹ ਬੋਲਿਆ "ਤੈ ਮਾੜ੍ਹੈ ਖੂਹੇ ਨੀ ਕੋਈ ਗੱਲ.....?"

ਤੇ ਪਾਲਾ ਸਿੰਘ ਨੂੰ ਲੱਗਾ, ਖੂਹ ਬਾਬਤ ਕੁਝ ਕਹਿੰਦਾ ਅੱਲਾ ਰੱਖਾ ਜਿਵੇਂ ਸੰਗ ਗਿਆ ਸੀ।

"ਕਹਿ ਗੱਲ ਐ ਗਰਾਂਈਆਂ। ਬਾਨਾ ਕੀਹਾਂ ਨਾ ਏਂ।" ਪਰ ਅੱਲਾ ਰੱਖਾ ਗੱਲ ਟਾਲ ਗਿਆ।

ਪਾਲਾ ਸਿੰਘ ਚੁੱਪ ਚਾਪ ਯਾਤਰੀਆਂ ਦੇ ਨਾਲ ਧਰਮ ਅਸਥਾਨ ਤੇ ਚਲਾ ਗਿਆ। ਯਾਤਰੀਆਂ ਨੇ ਸਾਰੇ ਸਥਾਨ ਦੀ ਧੋ ਪੂੰਝ ਕੀਤੀ। ਧੋ-ਧੋ ਕੇ ਫਰਸ਼ ਦੀਆਂ ਇੱਟਾਂ ਲਿਸ਼ਕਾਈਆਂ। ਜਿਉਂ-ਜਿਉਂ ਉਹ ਚਮਕਦੀਆਂ ਆਉਂਦੀਆਂ ਉਹਨਾਂ ਦੀਆਂ ਰੂਹਾਂ ਜਿਵੇਂ ਉੱਜਲੀਆਂ ਹੁੰਦੀਆਂ ਜਾਂਦੀਆਂ। ਤਿੰਨ ਦਿਨ ਤੱਕ ਸ਼ਬਦ ਕੀਰਤਨ ਦਾ ਅਖੰਡ ਪ੍ਰਵਾਹ ਚੱਲਦਾ ਰਿਹਾ।

ਤੀਜੇ ਦਿਨ ਜਦੋਂ ਜਥੇ ਨੇ ਵਾਪਸ ਆਉਣਾ ਸੀ, ਤਾਂ ਉਹ ਪਿੰਡ ਵੱਲ ਉੱਠ ਤੁਰਿਆ। ਉਹੀਓ ਪਿੰਡ ਸੀ ਜਿਸ ਵਿਚ ਸਵੇਰੇ-ਸਵੇਰੇ ਜਾਗ ਉੱਠਿਆ। ਜੇ ਮੂੰਹ ਝਾਖਰਾ ਹੀ ਸੀ ਕਿ ਪਾਲਾ ਸਿੰਘ ਜੰਮਿਆ ਪਲਿਆ ਤੇ ਜਵਾਨ ਹੋਇਆ ਸੀ। ਉਹਦੇ ਪੈਰਾਂ ਵਿਚ ਨਰਮ-ਨਰਮ ਰੇਤ ਇਉਂ ਵਿੱਛ-ਵਿੱਛ ਜਾਂਦੀ ਸੀ ਜਿਵੇਂ ਧਰਤੀ ਨੇ ਉਹਦੇ ਸਵਾਗਤ ਲਈ ਕੋਈ ਨਰਮ ਰੇਸ਼ਮੀ ਕਾਲੀਨ ਵਿਛਾਇਆ ਹੋਵੇ। ਇਕ ਲੰਮੇ ਸਮੇਂ ਮਗਰੋਂ ਅੱਜ ਉਹਨੂੰ ਰੇਤ ਤੇ ਤੁਰਨਾ ਬੜਾ ਸੁਖਾਵਾਂ ਲੱਗ ਰਿਹਾ ਸੀ। ਹਵਾ ਨਾਲ ਬਾਜਰੇ ਦੇ ਸਿੱਟੇ ਝੂਮ ਰਹੇ ਸਨ। ਖੇਤਾਂ ਵਲੋਂ ਹਵਾ ਦਾ ਇਕ ਬੁੱਲਾ ਆਇਆ ਤੇ ਪਾਲਾ ਸਿੰਘ ਨੂੰ ਆਪਣਿਆਂ ਖੇਤਾਂ ਦੀ ਇਹ ਸੁਗੰਧ ਬੜੀ ਜਾਣੀ ਪਛਾਣੀ ਪ੍ਰਤੀਤ ਹੋਈ।

ਆਪਣੇ ਪਿੰਡ ਦੀ ਹਰ ਗਲੀ ਨੂੰ ਉਹ ਜਾਣਦਾ ਸੀ। ਹਰ ਮੋੜ ਦਾ ਉਹਨੂੰ ਪਤਾ ਸੀ। ਇਥੋਂ ਤੀਕ ਕਿ ਹਨੇਰੇ ਵਿਚ ਤੁਰਦਿਆਂ ਉਹ ਇਹ ਵੀ ਦੱਸ ਸਕਦਾ ਸੀ ਕਿ ਇਸ ਸਥਾਨ ਤੋਂ ਇਤਨੇ ਕਦਮਾਂ ਦੀ ਵਿੱਥ ਤੇ ਇਕ ਖੱਡਾ ਹੈ। ਤੇ ਉਥੇ ਪੁੱਜ ਕੇ ਪਾਲਾ ਸਿੰਘ ਨੂੰ ਅਨੁਭਵ ਹੋਇਆ ਕਿ ਖੱਡਾ ਅਜੇ ਤੀਕ ਵੀ ਪੂਰਿਆਂ ਨਹੀਂ ਸੀ ਗਿਆ। ਉਹ ਤੁਰਦਾ ਗਿਆ। ਸਰਦਾਰਾਂ ਦੇ ਘਰਾਂ ਦੀ ਲੰਮੀ, ਕਨਿਅੱਟਾਂ ਨਾਲ ਚਿਣੀ ਕੰਧ ਉਹਦੇ ਨਾਲ ਨਾਲ ਤੁਰ ਰਹੀ ਸੀ। ਉਹਨੂੰ ਚੇਤਾ ਆਇਆ ਜ਼ਰਾ ਕੁ ਅਗੇਰੇ ਜਾ ਕੇ ਉਥੇ ਜਿਥੇ ਇਹ ਕੰਧ ਖੱਬੇ ਹੱਥ ਵੱਲ ਮੁੜਦੀ ਹੈ, ਇਕ ਖਿੰਗਰ ਵਧਿਆ ਹੋਇਆ ਹੁੰਦਾ ਸੀ ਤੇ ਜੇਕਰ ਉਥੇ ਬੇਧਿਆਨੀ ਨਾਲ ਲੰਘਿਆ ਜਾਵੇ ਤਾਂ ਬੰਦੇ ਦਾ ਹੱਡ ਗੋਡਾ ਵੀ ਭੱਜ ਸਕਦਾ ਹੈ। ਅਤੇ ਉਸ ਸਥਾਨ ਤੇ ਅੱਪੜ ਕੇ ਉਸ ਨੇ ਉਸ ਵਧੇ



ਹੋਏ, ਖਿੰਗਰ ਨੂੰ ਹੱਥ ਨਾਲ ਟੋਹਿਆ। ਉਹ ਉਂਝ ਦਾ ਉਂਝ ਵਧਿਆ ਹੋਇਆ ਸੀ। ਸਾਰੇ ਵਾਤਾਵਰਣ ਵਿਚ ਕੋਈ ਤਬਦੀਲੀ ਉਹਨੂੰ ਅਨੁਭਵ ਨਾ ਹੋਈ। ਉਹੋ ਪਿੰਡ ਸੀ। ਉਹੋ ਗਲੀਆਂ, ਬੱਸ ਇਕ ਪਾਲਾ ਸਿੰਘ ਨਹੀਂ ਸੀ।

ਉਹ ਆਪ ਮੁਹਾਰਾ ਤੁਰਦਾ ਜਾ ਰਿਹਾ ਸੀ। ਸਰ੍ਹੋਂ ਤੇ ਤੋਰੀਏ ਦੀ ਮਿਲੀ ਜੁਲੀ ਸੁਗੰਧੀ ਤੋਂ ਉਸ ਅਨੁਮਾਨ ਲਗਾਇਆ ਕਿ ਉਹ ਤੇਲੀਆਂ ਦੇ ਮੁਹੱਲੇ ਵਿਚੋਂ ਲੰਘ ਰਿਹਾ ਹੈ। ਜ਼ਰਾ ਅਗੇਰੇ ਜਾ ਕੇ ਚਮੜੇ ਦੀ ਸੜ੍ਹਾਂਦ ਆਉਣ ਲੱਗ ਪਈ। ਉਸ ਨੇ ਸਮਝ ਲਿਆ ਕਿ ਉਹ ਮੋਚੀਆਂ ਦੇ ਘਰਾਂ ਕੋਲੋਂ ਦੀ ਲੰਘ ਰਿਹਾ ਹੈ। ਉਸ ਇਕ ਲੰਮਾ ਸਾਹ ਲਿਆ। ਗਿੱਲੀ ਮਿੱਟੀ ਦੀ ਸੌਂਧੀ-ਸੌਂਧੀ ਖੁਸ਼ਬੂ ਉਹਦੇ ਨੱਕ ਰਾਹੀਂ ਦਿਮਾਗ਼ ਵਿਚ ਧੱਸ ਗਈ। ਘੁਮ੍ਹਾਰਾਂ ਦੇ ਘਰ ਆ ਗਏ ਸਨ। ਬੱਸ ਅਗਲੇ ਮੋੜ ਤੇ ਉਹਦੀ ਹਵੇਲੀ ਆ ਜਾਵੇਗੀ। ਉਹਦਾ ਘਰ ਆ ਜਾਏਗਾ। ਉਹਦਾ ਖੂਹ ਆ ਜਾਏਗਾ। ਪਰ ਇਹ ਕੀ ! ਇੰਨੀ ਬੇ-ਰੌਣਕੀ ਤਾਂ ਉਹਨੂੰ ਆਪਣੇ ਖੂਹ ਤੇ ਕਦੀ ਨਹੀਂ ਸੀ ਜਾਪੀ ਕੋਈ ਬੰਦਾ ਨਾ ਬੰਦੇ ਦੀ ਜ਼ਾਤ। ਉਹ ਪੌੜੀਆਂ ਚੜ੍ਹ ਕੇ ਅਡੋਲ ਹੀ ਆਪਣੇ ਖੂਹ ਤੇ ਜਾ ਖਲੋਤਾ।

ਉਸਨੇ ਵੇਖਿਆ, ਖੂਹ ਤੇ ਲੋਟਾ ਨਹੀਂ ਸੀ। ਭੌਣੀ ਨਾਲ ਸਦਾ ਲਿਪਟੀ ਰਹਿਣ ਵਾਲੀ ਜੰਜ਼ੀਰੀ ਕੋਈ ਨਹੀਂ ਸੀ। ਲੋਟੇ ਦੀ ਤਾਂ ਖੈਰ ਕੋਈ ਗੱਲ ਨਹੀਂ ਸੀ। ਪਰ ਜੰਜ਼ੀਰੀ ਵਾਲੀ ਗੱਲ ਉਸਨੂੰ ਬੜੀ ਅਨੋਖੀ ਜਾਪੀ। ਆਪਣੇ ਸੁਭਾ ਅਨੁਸਾਰ ਉਸ ਨੇ ਗਵਾਂਢੀ ਮਕਾਨ ਦੀ ਕੰਧ ਤੇ ਨਜ਼ਰ ਸਿੱਟੀ। ਇਥੇ ਸਦਾ ਉਹਨਾਂ ਦਾ ਲੋਟਾ, ਲੱਜ ਸਮੇਤ ਲਟਕਦਾ ਰਹਿੰਦਾ ਸੀ। ਉਸ ਨੇ ਆਪ ਮੁਹਾਰੇ ਲੋਟਾ ਉਤਾਰ ਕੇ ਖੂਹ ਵਿਚ ਲਮਕਾ ਦਿੱਤਾ। ਭੌਣੀ ਦੀ ਆਵਾਜ਼ ਇਕ ਭਿਆਨਕ ਚੀਕ ਵਾਕਰ ਫ਼ਿਜ਼ਾ ਵਿਚ ਗੂੰਜ ਉਠੀ ਅਤੇ ਜਿਤਨੀ ਦੇਰ ਤੀਕ ਉਸ ਨੇ ਲੋਟਾ ਖੂਹ ਵਿਚੋਂ ਖਿੱਚਿਆ ਸਾਰਾ ਪਿੰਡ ਉਹਦੇ ਦੁਆਲੇ ਇਕੱਠਾ ਹੋ ਚੁਕਾ ਸੀ। "ਪਾਲਾ ਸਿੰਘ ਹੇ ਪਾਣੀ ਨਾ ਪੀਏਂ"

"ਕੀਹਾਂ?"

"ਤੁਘੀ ਪਤਾ ਨਹੀਂ। ਇਸ ਪਾਣੀਐ ਵਿਚ ਮਹੁਰਾ ਰਲਿਆ ਹੋਇਆ ਈ।"

"ਮਹੁਰਾ ! ਹੇ ਕਹਿ ਪਏ ਆਖਣੇ ਓ?" ਪਾਲਾ ਸਿੰਘ ਚੀਕ ਉੱਠਿਆ।

"ਖੱਤਰੀ ਹਿਸਨੇ ਵਿਚ ਮੌਹਰਾ ਰਲਾਈ ਗਏ ਨੁ।"

ਉਸਨੂੰ ਚੇਤਾ ਆਇਆ, ਵੰਡਾਰੇ ਸਮੇਂ ਕਈ ਇਸਤਰੀਆਂ ਆਪਣਾ ਸੱਤ ਤੇ ਧਰਮ ਬਚਾਣ ਲਈ ਇਸ ਖੂਹ ਵਿਚ ਕੁੱਦ ਗਈਆਂ ਸਨ। ਉਹਨੂੰ ਬੜਾ ਦੁੱਖ ਹੋਇਆ। ਅੰਮ੍ਰਿਤ-ਜਲ, ਅੱਜ ਵਿਸ਼-ਕੁੰਡ ਵਿਚ ਬਦਲ ਗਿਆ ਸੀ। ਅਸਲ ਵਿਚ ਵਿਸ਼ ਤੇ ਅੰਮ੍ਰਿਤ ਇਕੱਠੇ ਹੀ ਤਾਂ ਰਹਿੰਦੇ ਹਨ। ਜਦੋਂ ਦੇਵਤਿਆਂ ਤੇ ਦੈਂਤਾਂ ਨੇ ਅੰਮ੍ਰਿਤ ਮੰਥਨ ਲਈ ਸਮੁੰਦਰ ਨੂੰ ਰਿੜਕਿਆ ਸੀ ਤਾਂ ਵੀ ਉਹ ਦੋਵੇਂ ਇਕੱਠੇ ਹੀ ਨਿਕਲੇ ਸਨ। ਪਾਲਾ ਸਿੰਘ ਚੀਕਿਆ:

"ਹੇ ਪਾਣੀ ਮਹੁਰਾ ਨਹੀਂ, ਅੰਮ੍ਰਿਤ ਹੈ ਅੰਮ੍ਰਿਤ। ਹੇ ਸੱਤੀਆਂ ਨਾ ਖੂਹ ਹੈ। ਮ੍ਹਾੜੇ ਬਜ਼ੁਰਗਾਂ ਕੁਲ ਆਲਮੈ ਨਾ ਭਲਾ ਮੰਗੀ ਕੇ ਖੂਹ ਖੁਣਵਾਇਆਂ ਤੇ ਤੁਸਾਂ ਮਹੁਰਾ ਆਖੀ ਕੈ ਹਿਸਕੀ ਬੰਦ ਕਰਾਈ ਛੋੜਿਆ। ਉ ਭੋਲਿਉ ਹੇ ਮਹੁਰਾ ਨਹੀਂ ਏ ਅੰਮ੍ਰਿਤ ਏ ਅੰਮ੍ਰਿਤ।"

ਸਾਰੇ ਪਿੰਡ ਦੇ ਦੇਖਦਿਆਂ-ਦੇਖਦਿਆਂ ਪਾਲਾ ਸਿੰਘ ਬੁੱਕਾਂ ਭਰ ਕੇ ਉਹ ਪਾਣੀ ਗਟਾ ਗਟ ਪੀ ਗਿਆ।

ਲੋਕੀਂ ਹੈਰਾਨ ਪਰੇਸ਼ਾਨ ਬੁੱਤ ਬਣੇ ਖਲੋਤੇ ਸਨ। ਉਹਨਾਂ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਬਾਰਾਂ ਸਾਲ ਉਹ ਮੂਰਖ ਬਣੇ ਰਹੇ ਸਨ। ਆਪਣੇ ਕੋਲ ਅੰਮ੍ਰਿਤ ਦਾ ਸੋਮਾ ਹੁੰਦਿਆਂ ਹੋਇਆ ਵੀ ਕੋਹਾਂ ਦੂਰ, ਉਹ ਕਿਤਨੀਆਂ ਮੁਸੀਬਤਾਂ ਝਾਗ ਕੇ ਪਾਣੀ ਲੈਣ ਜਾਂਦੇ ਰਹੇ ਸਨ।

"ਮੁਹੱਬਤਾਂ ਨਾ ਚਸ਼ਮਾ ਸਦਾ ਸਰਸ਼ਾਰ ਰਹਿਨੈ ਦੋਸਤੋ। ਬੰਦੇ ਨੀ ਰੂਹ ਵਿਚੋਂ ਨੇਕੀ ਨੇ ਸਰੋਤ ਕਦੇ ਨਹੀਂ ਸੁਕਨੇ। ਤੇ ਸਚਾਈ ਨੀ ਜੜ੍ਹ ਸਦਾ ਹਰੀ ਰਹਿਨੀ ਏ।"

ਤੇ ਉਸ ਨੇ ਬੜੇ ਪਿਆਰ ਨਾਲ, ਅਦਬ ਤੇ ਸਤਿਕਾਰ ਨਾਲ ਆਪਣੇ ਖੂਹ ਦੇ ਪਾਣੀ ਨੂੰ ਬੋਤਲ ਵਿਚ ਪਾ ਲਿਆ। ਉਸ ਲਈ ਇਹ ਪਵਿੱਤਰ ਜਲ ਸੀ ਜੀਵਨ-ਅੰਮ੍ਰਿਤ, ਜਿਸਦਾ ਇਕ ਟੇਪਾ ਵੀ ਧਰਤੀ ਤੇ ਵੀਟਣਾ ਘੋਰ ਅਪਰਾਧ ਹੈ।

ਦਿਨੇ ਇਸ ਵੇਲੇ ਪਾਲਾ ਸਿੰਘ ਤੇ ਉਸ ਦੇ ਸਾਥੀਆਂ ਦਾ ਜਥਾ ਵੱਡੀ ਚਾਰ ਦੀਵਾਰੀ ਵਾਲੀ ਹਵੇਲੀ ਦੇ ਕੋਲੋਂ ਲੰਘ ਰਿਹਾ ਸੀ ਤਾਂ ਉਸਦੀਆਂ ਅੱਖਾਂ ਹੰਝੂਆਂ ਨਾਲ ਪਰੁਚੀਆਂ ਸਨ।

"ਹੇ ਮ੍ਹਾੜਾ ਘਰ ਏ। ਹੇ ਮਾੜੀਆਂ ਜ਼ਮੀਨਾਂ ਨੇ। ਹੇ ਮ੍ਹਾੜੀ ਹਵੇਲੀ ਦੇ ਤੇ ਹੇ ਮ੍ਹਾੜਾ ਖੂਹ ਹੇ ਤੈ ਹੇ ਜਿਹੜੀ ਖੂਹੇ ਤੈ ਪਾਣੀ ਭਰਨੀ ਪਈ ਏ ਨੇ, ਹੇ ਮ੍ਹਾੜੇ ਦੋਸਤੈ ਅੱਲਾ ਰੱਖੇ ਨੀ ਧੀ ਏ। ਅੱਲਾ ਰੱਖੇ ਨੀ ਕੁਥੋਂ ਏ ਮ੍ਹਾੜੀ ਆਪਣੀ ਧੀ ਏ। ਤੇ ਅੱਜ ਮੈਂ ਬਹੂੰ ਖ਼ੁਸ਼ ਆਂ ਗਿਆਨੀ ਜੀ ਮੈਂ ਤੁਸਾਂ ਕੀ ਕੈ ਦੱਸਾਂ ਮੈਂ ਬਹੂੰ ਖ਼ੁਸ਼ ਆਂ।"

"ਛੱਡੋ ਪਰ੍ਹਾਂ ਪਾਲਾ ਸਿੰਘ ਜੀ," ਗਿਆਨੀ ਜੀ ਨੇ ਉਹਨੂੰ ਆਖਿਆ, "ਛੱਡੇ ਗਰਾਂ ਤੇ ਫੇਰ ਕੀ ਲੈਣਾ ਨਾਂ।"

ਸੰਗਤਾਂ ਤੁਰਦੀਆਂ ਜਾ ਰਹੀਆਂ ਸਨ। ਪਾਲਾ ਸਿੰਘ ਇਕ ਪਲ ਲਈ ਰੁਕਿਆ, ਉਸ ਨੇ ਝੁਕ ਕੇ ਉਸ ਧਰਤੀ ਨੂੰ ਪ੍ਰਣਾਮ ਕੀਤਾ ਤੇ ਰੇਤ ਦੀ ਇਕ ਮੁੱਠੀ ਬੜੇ ਪਿਆਰ ਨਾਲ ਆਦਰ ਤੇ ਸਤਿਕਾਰ ਨਾਲ ਲਪੇਟ ਕੇ ਆਪਣੇ ਖੀਸੇ ਵਿਚ ਰੱਖ ਲਈ ਤੇ ਜ਼ੋਰ-ਜ਼ੋਰ ਦੀ ਸ਼ਬਦ ਪੜ੍ਹਦਾ ਹੋਇਆ ਜਥੇ ਨਾਲ ਜਾ ਰਲਿਆ!

"ਜੇ ਮਿਲੇ ਤਾਂ ਮਸਤਕ ਲਾਈਏ ਧੂੜ ਤੇਰੇ ਚਰਨਾਂ ਦੀ।"



# ਜਥੇਦਾਰ ਮੁਕੰਦ ਸਿੰਘ

**ਮਹਿੰਦਰ ਸਿੰਘ ਸਰਨਾ**

ਸੁਣਦਿਆਂ ਸਾਰ ਜਥੇਦਾਰ ਮੁਕੰਦ ਸਿੰਘ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ।

"ਪਰ ਇਹ ਹੋਇਆ ਕੀਕਣ?" ਕੜਕਦੀ ਆਵਾਜ਼ ਵਿੱਚ ਉਹਨੇ ਆਪਣੇ ਨਾਇਬ ਨੱਥੂ ਝੀਉਰ ਨੂੰ ਪੁੱਛਿਆ।

"ਜਾਣੋ ਜੀ, ਬਾਰ ਨੂੰ ਤਾਂ ਬਾਹਰੋਂ ਜਿੰਦਾ ਲੱਗਾ ਸੀ। ਅਜੇ ਵੀ ਚੱਲ ਕੇ ਅੱਖੀਂ ਵੇਖ ਲਵੋ।" ਨੱਥੇ ਨੇ ਸਫ਼ਾਈ ਪੇਸ਼ ਕੀਤੀ, "ਪਰ ਪਤੰਦਰਾਂ ਨੇ ਖਿੜਕੀ ਦੀ ਚਿਟਖਨੀ ਖੋਲ੍ਹ ਕੇ ਸੀਖਾਂ ਵਿੰਗੀਆਂ ਕਰ ਲਈਆਂ।"

"ਕਿੰਨੇ ਕੁ ਨੱਠਣ ਲੱਗੇ ਸੀ?"

"ਜਾਣੋ ਜੀ ਤਿੰਨ ਤਾਂ ਬਾਹਰ ਨਿਕਲੇ। ਉਨ੍ਹਾਂ ਦੇ ਮਗਰ ਲੰਮੀ ਲਾਮਡੋਰੀ ਨੱਠਣ ਨੂੰ ਤਿਆਰ ਖੜ੍ਹੀ ਹੋਵੇਗੀ। ਪਰ ਅਸਾਂ ਵੇਲੇ ਸਿਰ ਸਿਰੋਂ ਜਾ ਫੜਿਆ।"

"ਤੇ ਹੁਣ ਕਿੱਥੇ ਨੇ ਉਹ ਕੰਜਰ?" ਮੁਸਲਮਾਨਾਂ ਵਿਰੁੱਧ ਨਫ਼ਰਤ ਨੇ ਜਥੇਦਾਰ ਦੇ ਮਨ ਵਿੱਚ ਫਣ ਚੁੱਕ ਲਿਆ।

"ਜਾਣੋ ਜੀ, ਮੁਸ਼ਕਾਂ ਕੱਸ ਕੇ ਮੂਹਰਲੇ ਬਰਾਂਡੇ ਵਿੱਚ ਗੁੱਠੇ ਲਾ ਦਿੱਤੇ।"

"ਚੰਗਾ ਤੂੰ ਚੱਲ।" ਜਥੇਦਾਰ ਨੇ ਦਬਦਬੇ ਨਾਲ ਆਖਿਆ, "ਜਥੇ ਨੂੰ ਆਖੀਂ ਚੌਕਸ ਰਹਿਣ। ਕਰਨੇ ਆਂ ਹੁਣੇ ਬੰਦੋਬਸਤ ਸਾਰਿਆਂ ਨੂੰ ਗੱਡੀ ਚੜ੍ਹਾਉਣ ਦਾ।"

ਗੱਡੀ ਚੜ੍ਹਾਉਣ ਦਾ ਮਤਲਬ ਨੱਥੂ ਭਲੀ ਪ੍ਰਕਾਰ ਜਾਣਦਾ ਸੀ। ਪਿਛਲੇ ਤਿੰਨ ਚਾਰ ਮਹੀਨਿਆਂ ਵਿੱਚ ਜਥੇਦਾਰ ਤੇ ਉਹਦੇ ਜਥੇ ਨੇ ਸੈਂਕੜੇ ਮੁਸਲਮਾਨ ਮੁਹਾਜਰਾਂ ਨੂੰ ਗੱਡੀ ਚੜ੍ਹਾਇਆ ਸੀ। ਪਰ ਇਹ ਗੱਡੀ ਮੁਹੰਮਦ ਅਲੀ ਜਿਨਹਾ ਦੇ ਪਾਕਿਸਤਾਨ ਨਹੀਂ ਸੀ ਜਾਂਦੀ। ਇਸ ਗੱਡੀ ਦੀ ਮੰਜ਼ਲ ਮਲਕੁਤ ਮੌਤ ਦੀ ਰਾਜਧਾਨੀ ਸੀ।

ਕੋਈ ਸਮਾਂ ਸੀ ਜਦੋਂ ਜਥੇਦਾਰ ਮੁਕੰਦ ਸਿੰਘ ਸਿਰਫ਼ ਮੁਕੰਦ ਸਿੰਘ ਸੀ ਤੇ ਉਦੋਂ ਉਹ ਮੋਈ ਕੀੜੀ 'ਤੇ ਪੈਰ ਨਹੀਂ ਸੀ ਧਰਦਾ। ਪਰ ਹੁਣ ਤਾਂ ਉਹ ਬੰਦਾ ਮਾਰਨ ਲੱਗਿਆਂ ਸੀ ਨਹੀਂ ਕਰਦਾ। ਪੱਛਮੀ ਪੰਜਾਬ ਵਿੱਚ ਜੋ ਘੱਲੂਘਾਰਾ ਉਹਦੇ ਪਰਿਵਾਰ ਉੱਤੇ ਵਰਤਿਆ ਸੀ, ਉਸ ਤੋਂ ਉਪਜੀ ਬਦਲੇ ਦੀ ਹਵਸ ਨੇ ਉਹਨੂੰ ਬੇਕਿਰਕ ਬਣਾ ਦਿੱਤਾ ਸੀ। ਮਾਰਚ ਸੰਤਾਲੀ ਵਿਚ ਰਾਵਲਪਿੰਡੀ ਡਿਵੀਜ਼ਨ ਦੇ ਸਿੱਖ ਪਿੰਡਾਂ ਵਿੱਚ ਜਿਹੜਾ ਕਤਲਾਮ ਮੱਚਿਆ ਸੀ ਉਹਦੇ ਅੰਦਰ ਨੜ੍ਹਾਲੀ ਪਿੰਡ ਵਿੱਚ ਮੁਕੰਦ ਸਿੰਘ ਦੇ ਖ਼ਾਨਦਾਨ ਦੇ ਅਠਾਰ੍ਹਾਂ ਜੀਅ ਵੱਢੇ ਗਏ ਸਨ। ਲੁੱਟ ਦੇ ਹਿਰਸਾਏ ਅਤੇ ਦੀਨੀ ਜੋਸ਼ ਨਾਲ ਹਲਕਾਏ ਹਜੂਮਾਂ ਨੇ ਕਿਸੇ ਬੱਚੇ, ਬੁੱਢੇ ਦੀ ਵੀ ਜਾਨ

ਨਹੀਂ ਸੀ ਬਖ਼ਸ਼ੀ। ਉਹਦੇ ਖਾਨਦਾਨ ਦੀਆਂ ਸੁਆਣੀਆਂ ਨੇ ਪਿੰਡ ਦੇ ਖੂਹ ਵਿੱਚ ਛਾਲ ਮਾਰ ਕੇ ਆਪਣੀ ਪੱਤ ਬਚਾਈ ਸੀ। ਇਹ ਕਹਿਰ ਸਿਰਫ਼ ਸਿੱਖ ਪਿੰਡਾਂ 'ਤੇ ਹੀ ਟੁੱਟਾ ਸੀ। ਕਿਉਂ ਜੋ ਸਿੱਖਾਂ ਨੇ ਜਿਨਾਹ ਦੇ ਪਾਕਿਸਤਾਨ ਨਾਲੋਂ ਇਕ ਵੱਡਾ ਪੜਛਾ ਲਾਹ ਲਿਆ ਸੀ। ਜਿਨਾਹ ਦੇ ਸੁਪਨੇ ਪਾਕਿਸਤਾਨ ਦੀ ਹੱਦ ਜਮਨਾ ਦਾ ਕੰਢਾ ਸੀ। ਪਰ ਸਿੱਖਾਂ ਨੇ ਜਿਨਾਹ ਦਾ ਦੋਸਤੀ ਲਈ ਵਧਾਇਆ ਹੱਥ ਝਟਕ ਕੇ ਪਾਕਿਸਤਾਨ ਦੀ ਸਰਹੱਦ ਰਾਵੀਉਂ ਅੱਗੇ ਨਹੀਂ ਟੱਪਣ ਦਿੱਤੀ ਅਤੇ ਅੱਧਾ ਪੰਜਾਬ ਪਾਕਿਸਤਾਨ ਵਿੱਚ ਜਾਣੋ ਬਚਾ ਲਿਆ ਸੀ। ਜਿਨਾਹ ਨੇ ਆਪਣੀ ਤਕਰੀਰ ਵਿੱਚ ਆਖਿਆ ਸੀ ਕਿ ਸਿੱਖਾਂ ਨੇ ਉਹਦੇ ਪਾਕਿਸਤਾਨ ਨੂੰ ਲੂਲਾ ਲੰਗੜਾ ਕਰ ਦਿੱਤਾ ਸੀ।

ਜਦੋਂ ਪੋਠੋਹਾਰ ਦੇ ਸਿੱਖ ਪਿੰਡਾਂ ਵਿੱਚ ਇਹ ਬਾਬਰਵਾਣੀ ਫਿਰੀ ਤਾਂ ਮੁਕੰਦ ਸਿੰਘ ਆਪ ਰਾਵਲਪਿੰਡੀ ਸ਼ਹਿਰ ਵਿੱਚ ਸੀ, ਜਿੱਥੇ ਉਹ ਆਰਡੀਨੈਂਸ ਡਿਪੋ ਵਿਚ ਮੁਲਾਜ਼ਮਤ ਕਰਦਾ ਸੀ। ਉਹਦੀ ਘਰਵਾਲੀ ਅਤੇ ਬੱਚੇ ਸਾਲਾਨਾ ਇਮਤਿਹਾਨ ਮਗਰੋਂ ਆਪਣੇ ਦਾਦਕੇ ਪਿੰਡ ਨੜਾਲੀ ਗਏ ਹੋਏ ਸਨ। ਉਨ੍ਹਾਂ ਵਿੱਚੋਂ ਕੋਈ ਜਿਊਂਦਾ ਨਾ ਪਰਤਿਆ। ਏਡਾ ਜ਼ੁਲਮ, ਏਡਾ ਕਸਾਈਪੁਣਾ ਕਦੀ ਵੇਖਣ ਸੁਣਨ ਵਿੱਚ ਨਹੀਂ ਸੀ ਆਇਆ। ਮੁਕੰਦ ਸਿੰਘ ਹਉਕੇ ਭਰਦਾ ਮੁੜ-ਮੁੜ ਕਹਿੰਦਾ:

"ਬੱਸ ਹੁਣ ਤਾਂ ਹਿੱਕਾ ਹਸਰਤ ਰਹਿ ਗਈ ਏ। ਹੱਥ ਵਿੱਚ ਹੋਵੇ ਸ੍ਰੀ ਸਾਹਬ ਤੇ ਨਾਲ ਹੋਵੇ ਪੰਜ ਸੌ ਸਿੰਘਾਂ ਦਾ ਜਥਾ ਤਾਂ ਹਿਕ ਵਾਰੀ ਸਾਰੇ ਮੁਸਲਮਕੇ ਪਿੰਡਾਂ ਦੀ ਇੱਟ ਨਾਲ ਇੱਟ ਵਜਾ ਦਿਆਂ।"

ਮੁਸਲਮਾਨਾਂ ਵਿਰੁੱਧ ਨਫ਼ਰਤ ਦਾ ਜਨੂੰਨ ਵਰੋਲਾ ਬਣ ਕੇ ਉਹਦੇ ਸਿਰ ਨੂੰ ਚੜ੍ਹ ਗਿਆ ਸੀ। ਉਹਦੀ ਹਸਰਤ ਰਾਵਲਪਿੰਡੀ ਵਿੱਚ ਪੂਰੀ ਨਾ ਹੋਈ। ਉੱਥੇ ਤਾਂ ਹਰ ਕਿਸੇ ਨੂੰ ਆਪਣੀ ਜਾਨ ਦੀ ਪਈ ਹੋਈ ਸੀ। ਪੰਜ ਸੌ ਸਿੰਘਾਂ ਦਾ ਜਥਾ ਉਹਦਾ ਕਿੱਥੋਂ ਬਣਨਾ ਸੀ।

ਇਹ ਹਸਰਤ ਮਨ ਵਿੱਚ ਘੁੱਟੀ ਜਦੋਂ ਉਹ ਪਾਕਿਸਤਾਨ ਦੀ ਸਰਹੱਦ ਟੱਪ ਕੇ ਲੁਧਿਆਣੇ ਆਇਆ ਤਾਂ ਉਹ ਧੁਰ ਅੰਦਰ ਤੀਕ ਪਛਿਆ ਹੋਇਆ ਸੀ। ਸਦਮਿਆਂ ਦੀ ਪੀੜ ਉਹਦੀ ਰੂਹ ਦੇ ਮਾਰੂਥਲ ਵਿੱਚ ਜੀਰ ਗਈ ਸੀ। ਉਹਦੇ ਫੱਟ ਅਜਿਹੇ ਸਨ ਜਿਨ੍ਹਾਂ 'ਤੇ ਕਦੀ ਅੰਗੂਰ ਨਹੀਂ ਆਉਂਦਾ। ਪੁਰਾਣੇ ਹੋ ਕੇ ਜੋ ਨਾਸੂਰ ਬਣ ਜਾਂਦੇ ਹਨ। ਉਹ ਆਪ ਵੀ ਚਾਹੁੰਦਾ ਸੀ ਕਿ ਉਹਦੇ ਜ਼ਖ਼ਮ ਕਦੀ ਨਾ ਆਠਰਨ ਅਤੇ ਉਹਦੀ ਰੂਹ ਵਿਚ ਪੀੜ ਦੀ ਧੋਖਣੀ ਨਫ਼ਰਤ ਦੀ ਭੱਠੀ ਮਘਾਈ ਰੱਖੇ।

ਏਦਾਂ ਹੀ ਹੋਇਆ ਅਤੇ ਬਦਲੇ ਦੀ ਭਾਵਨਾ ਉਹਦੇ ਅੰਦਰ ਜੰਗਾਲੀ ਰਦ ਬਣ ਕੇ ਰੜਕਦੀ ਰਹੀ।

ਲੁਧਿਆਣੇ ਆ ਕੇ ਵੀ ਉਹਨੂੰ ਪੰਜ ਸੌ ਸਿੰਘਾਂ ਦਾ ਜਥਾ ਨਾ ਮਿਲਿਆ। ਪੰਦਰਾਂ ਵੀਹ ਵੈਲੀ, ਬਦਮਾਸ਼ ਤੇ ਲੁਟੇਰੇ ਉਹਦੇ ਸਾਥੀ ਜ਼ਰੂਰ ਬਣ ਗਏ। ਇਹ ਧਾੜ ਜੋ ਆਪਣੇ ਆਪ ਨੂੰ ਜਥੇ ਅਖਵਾਉਂਦੀ ਸੀ, ਅਸਲ ਵਿੱਚ ਜਥੇ ਵਰਗੇ ਪਵਿੱਤਰ ਸ਼ਬਦ ਲਈ ਕਲੰਕ ਸੀ।

ਮੁਕੰਦ ਸਿੰਘ ਦੇ ਜੋਸ਼ ਅਤੇ ਕੱਟੜਪੁਣੇ ਨੇ ਸਾਥੀਆਂ ਵਿੱਚ ਉਹਦੀ 'ਬੱਲੇ-ਬੱਲੇ' ਕਰਾ ਦਿੱਤੀ ਸੀ ਤੇ ਜਦੋਂ ਤੋਂ ਉਹਨੇ ਇਕ ਮੁਸਲਮਾਨ ਚੌਧਰੀ ਦੀ ਦੁਨਾਲੀ ਅਤੇ ਕਾਰਤੂਸਾਂ ਦੀ ਪੇਟੀ ਕਾਬੂ ਕੀਤੀ ਸੀ, ਉਹ ਇਸ ਧਾੜ ਦਾ ਜਥੇਦਾਰ ਬਣ ਗਿਆ ਸੀ। ਹੁਣ ਤੀਕ ਜਥੇਦਾਰ ਮੁਕੰਦ ਸਿੰਘ ਨੇ ਮੁਸਲਮਾਨ ਮੁਹਾਜਰਾਂ ਦੇ ਕਾਫ਼ਲਿਆਂ ਉੱਤੇ ਨਿੱਕੇ-ਮੋਟੇ ਸ਼ਬਖ਼ੂਨ ਮਾਰੇ ਸਨ,



ਪਰ ਅੱਜ ਲੁਧਿਆਣੇ ਜ਼ਿਲ੍ਹੇ ਇਸ ਸੁਮੇਲੜੇ ਮੁਸਲਮੱਕੇ ਪਿੰਡ ਠੀਕਰੀ ਮਾਜਰੇ 'ਤੇ ਹੱਲਾ ਬੋਲ ਕੇ ਉਹਦਾ ਦੁਮਾਲਾ ਉੱਚਾ ਹੋ ਗਿਆ ਸੀ।

ਠੀਕਰੀ ਮਾਜਰੇ ਦੇ ਬਖ਼ਤਾਵਰ ਵਸਨੀਕ, ਜਿਨ੍ਹਾਂ ਕੋਲ ਅਸਲਾ ਸੀ, ਉਹ ਤਾਂ ਪਹਿਲੇ ਹੀ ਸਿਆਲਕੋਟ ਜਾਂ ਲਾਹੌਰ ਅੱਪੜੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਠੀਕਰੀ ਮਾਜਰਾ ਵਿਚਾਰਾ ਜਿਹਾ ਹੋ ਕੇ ਰਹਿ ਗਿਆ ਸੀ। ਕਾਮਿਆਂ ਕਮੀਣਾਂ ਦੀ ਵੱਸੋਂ ਪਾਕਿਸਤਾਨ ਵੱਲ ਬਚ ਨਿਕਲਣ ਦਾ ਕੋਈ ਮੌਕਾ ਢੂੰਡ ਰਹੀ ਸੀ। ਉਨ੍ਹਾਂ ਦੇ ਹਰਾਸੇ ਚਿਹਰਿਆਂ ਉੱਤੇ ਆਸ ਦੀ ਇਕ ਨਿੰਮ੍ਹੀਂ ਜਿਹੀ ਲੋਅ ਜਗ ਪਈ ਜਦੋਂ ਸੁਣਿਆ ਕਿ ਅਗਲੇ ਦਿਨ ਮੁਸਲਮਾਨ ਮੁਹਾਜਰਾਂ ਦਾ ਇਕ ਵੱਡਾ ਕਾਫ਼ਲਾ ਜਰਨੈਲੀ ਸੜਕ ਤੋਂ ਲੰਘਣਾ ਸੀ। ਜਰਨੈਲੀ ਸੜਕ ਠੀਕਰੀ ਮਾਜਰੇ ਤੋਂ ਬਸ ਅੱਧੇ ਕੋਹ ਦੀ ਵਾਟ ਸੀ। ਉਨ੍ਹਾਂ ਸਭਨਾਂ ਇਸ ਕਾਫ਼ਲੇ ਨਾਲ ਰਲਣ ਦੀ ਵਿਉਂਤ ਬਣਾਈ। ਸਾਰਾ ਦਿਨ ਉਹ ਨਿਕ-ਸੁਕ ਗੱਠੜੀਆਂ ਅਤੇ ਟਰੰਕੀਆਂ ਵਿੱਚ ਸਾਂਭਦੇ ਰਹੇ ਅਤੇ ਲੱਦਣ ਲਈ ਗੱਡੇ ਤਿਆਰ ਕਰਦੇ ਰਹੇ। ਉਹ ਅਗਲੇ ਦਿਨ ਵੀ ਦੁਪਹਿਰ ਨੂੰ ਉਡੀਕ ਰਹੇ ਸਨ ਜਦੋਂ ਕਾਫ਼ਲੇ ਨੇ ਠੀਕਰੀ ਮਾਜਰੇ ਲਾਗਿਓਂ ਲੰਘਣਾ ਸੀ।

ਪਰ ਜਿਉਂ ਹੀ ਪੱਛਮ ਵਿੱਚ ਖਿਲਰੀ ਲੱਪ ਕੁ ਲਾਲੀ ਸੁੰਗੜਦੀ ਸਿਮਟਦੀ ਲਕੀਰ ਜਿਹੀ ਰਹਿ ਗਈ ਤਾਂ ਹੋਣੀ ਜਥੇਦਾਰ ਮੁਕੰਦ ਸਿੰਘ ਦੇ ਜਥੇ ਦਾ ਰੂਪ ਧਾਰ ਕੇ ਧੂੜਾਂ ਪੁੱਟਦੀ ਪਿੰਡ 'ਤੇ ਆਣ ਚੜ੍ਹੀ। ਅਸਬਾਬ ਸਾਰਾ ਜਥੇ ਨੇ ਲੁੱਟ ਲਿਆ। ਮਾਲ ਡੰਗਰ ਕਿੱਲਿਆਂ ਤੋਂ ਅਰੜਾਂਦਾ ਖੋਲ੍ਹ ਲਿਆ ਤੇ ਪਿੰਡ ਦੀ ਸਾਰੀ ਵਸੋਂ ਨੂੰ ਬੰਦੀ ਬਣਾ ਕੇ ਪਿੱਲੀਆਂ ਇੱਟਾਂ ਅਤੇ ਅਣਰੰਦੇ ਤਖ਼ਤਿਆਂ ਵਾਲੀ ਸਕੂਲ ਦੀ ਇਮਾਰਤ ਵਿੱਚ ਡੱਕ ਦਿੱਤਾ। ਥਾਏਂ ਮਾਰ ਸੁੱਟਣਾ ਸੌਖਾ ਸੀ ਪਰ ਏਡੀ ਸੌਖੀ ਮੌਤ ਦੇਣੀ ਜਥੇਦਾਰ ਨੂੰ ਮਨਜ਼ੂਰ ਨਹੀਂ ਸੀ। ਮਾਰਨ ਤੋਂ ਪਹਿਲਾਂ ਉਨ੍ਹਾਂ ਨੂੰ ਛਿੰਨ-ਛਿੰਨ ਕਰਕੇ ਹਜ਼ਾਰ ਵਾਰੀ ਮਾਰਨਾ ਚਾਹੁੰਦਾ ਸੀ। ਪੁਰਾਣੇ ਸੰਸਕਾਰਾਂ ਸਦਕਾ ਏਨੀ ਕੁ ਇਨਸਾਨੀਅਤ ਉਹਦੇ ਵਿੱਚ ਰਹਿ ਗਈ ਸੀ ਕਿ ਉਹਨੇ ਬੱਚਿਆਂ ਅਤੇ ਔਰਤਾਂ ਦੀ ਕਦੀ ਜਾਨ ਨਹੀਂ ਸੀ ਲਈ, ਨਾ ਹੀ ਪੱਤ ਨੂੰ ਹੱਥ ਪਾਇਆ ਸੀ। ਉਹਦੇ ਜੁੰਡੀਦਾਰ ਇਹ ਗੱਲ ਜਾਣਦੇ ਸਨ ਅਤੇ ਕਦੀ ਜਥੇਦਾਰ ਦੀ ਵਾਹੀ ਲੀਕ ਨਹੀਂ ਸਨ ਟੱਪਦੇ।

ਸਕੂਲ ਦਾ ਹਾਲ ਕਮਰਾ ਉਸ ਵੇਲੇ ਬੁੱਚੜਾਂ ਦਾ ਵਾੜਾ ਨਜ਼ਰ ਆਉਂਦਾ ਸੀ। ਸਹਿਮ ਦੇ ਮੂੰਹ ਆਏ ਬੰਦੀ ਠੱਕੇ ਮਾਰੇ ਬਾਂਦਰਾਂ ਵਾਂਗ ਕੰਬੀ ਜਾ ਰਹੇ ਸਨ।

"ਖ਼ਬਰਦਾਰ, ਜੇ ਕਿਸੇ ਨੇ ਰਾਤੀਂ ਨੱਠਣ ਦੀ ਕੋਸ਼ਿਸ਼ ਕੀਤੀ", ਜਥੇਦਾਰ ਨੇ ਭਬਕ ਮਾਰੀ, "ਬਾਹਰ ਨੰਗੀਆਂ ਤਲਵਾਰਾਂ ਦਾ ਪਹਿਰਾ ਏ।"

ਉਹਦੇ ਮੁਛਹਿਰਿਆਂ ਦੇ ਕੁੰਡ ਕੰਬ ਰਹੇ ਸਨ।

ਬੰਦੀਆਂ ਨੂੰ ਚੇਤਾਵਨੀ ਦੇ ਕੇ ਉਹ ਦਰੋਂ ਬਾਹਰ ਆ ਗਿਆ। ਹਾਲ ਕਮਰੇ ਦੇ ਇਕੋ ਇਕ ਦਰਵਾਜ਼ੇ ਉੱਤੇ ਉਹਨੇ ਇਕ ਮੋਟਾ ਜਿੰਦਰਾ ਠੋਕ ਦਿੱਤਾ। ਫੇਰ ਉਹਨੇ ਜਥੇ ਨੂੰ ਚੌਕਸ ਰਹਿਣ ਦੀ ਤਾਕੀਤ ਕੀਤੀ ਤਾਂ ਇਕ ਮਲਵਈ ਢਾਣੀਦਾਰ ਨੇ ਆਖਿਆ:

"ਬਾਈ ਤੂੰ ਬਾਂਹ ਸਰਹਾਣੇ ਰੱਖ ਕੇ ਸੌਂ ਜਾ। ਸਵੇਰੇ ਗਿਣ ਕੇ ਲੈ ਲਈਂ ਆਪਣੇ ਮੁਸਲੇ।"

ਸਕੂਲ ਦੇ ਹਾਲ ਕਮਰੇ ਵਿੱਚ ਸੰਘਣਾ ਹਨੇਰਾ ਸੀ। ਕੋਈ ਦੀਵਾ ਵੱਟੀ ਨਹੀਂ ਸੀ ਬਣ ਰਿਹਾ। ਹਨੇਰੇ ਤੋਂ ਛੁੱਟ ਭੈ ਦੇ ਪਰਛਾਵਿਆਂ ਨੇ ਵੀ ਕੰਧਾਂ ਕਾਲੀਆਂ ਕਰ ਦਿੱਤੀਆਂ ਸੀ। ਔਰਤਾਂ, ਮਰਦ ਅਤੇ ਬੱਚੇ ਸਾਰੇ ਦੇ ਸਾਰੇ ਡੰਗਰਾਂ ਵਾਂਗ ਤੂਸੇ ਹੋਏ ਸਨ। ਉਹ ਜਾਣਦੇ ਸਨ ਕਿ

ਉਨ੍ਹਾਂ ’ਤੇ ਮੌਤ ਦਾ ਫ਼ਤਵਾ ਲੱਗ ਚੁਕਾ ਸੀ ਅਤੇ ਏਸ ਫ਼ਤਵੇ ਵਿਰੁੱਧ ਕੋਈ ਸੁਣਵਾਈ ਨਹੀਂ ਸੀ। ਮੌਤ ਦੀ ਦਹਿਸ਼ਤ ਨੇ ਸਭਨਾਂ ਦੇ ਹੋਸ਼-ਹਵਾਸ ਸੂਤ ਰੱਖੇ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚ ਉਦਾਸੀ ਨਾਲੋਂ ਵੀਰਾਨੀ ਕਿਤੇ ਵੱਧ ਸੀ। ਸਾਰੀ ਰਾਤ ਉਹ ਬਿੜਕਾਂ ਨਾਲ ਤ੍ਰਹਿੰਦੇ ਰਹੇ। ਸਾਰੀ ਰਾਤ ਉਹ ਅੱਲ੍ਹਾ ਅੱਗੇ ਵਾਸਤੇ ਪਾਂਦੇ ਅਤੇ ਹਾੜੇ ਘੱਤਦੇ ਰਹੇ ਪਰ ਅੱਲ੍ਹਾ ਤਾਂ ਕਿਤੇ ਲੰਮੀਆਂ ਤਾਣ ਕੇ ਸੌਂ ਗਿਆ ਸੀ।

ਲੋ ਲੱਗਣ ਵਾਲੀ ਸੀ ਕਿ ਕੁਝ ਬੰਦੀਆਂ ਨੇ ਖਿੜਕੀ ਦੀਆਂ ਸੀਖਾਂ ਵਿੰਗੀਆਂ ਕਰਕੇ ਨੱਠਣ ਦਾ ਬਾਨ੍ਹਣ ਬੰਨ੍ਹਿਆ। ਪਰ ਅਜੇ ਤਿੰਨ ਜਣੇ ਹੀ ਖਿੜਕੀਓਂ ਬਾਹਰ ਹੋਏ ਸਨ ਕਿ ਜਥੇ ਦੇ ਚੌਕਸ ਪਹਿਰੂਆਂ ਨੇ ਆਣ ਦਬੋਚਿਆ।

ਜਦੋਂ ਜਥੇਦਾਰ ਸਕੂਲ ਦੇ ਬਰਾਂਡੇ ਵਿੱਚ ਅਪੜਿਆ ਤਾਂ ਉਹਨੇ ਮੂੰਡਾਸਾ ਮਾਰਿਆ ਹੋਇਆ ਸੀ। ਤਿੰਨਾਂ ਭਗੌੜਿਆਂ ’ਤੇ ਗੱਡੀਆਂ ਉਹਦੀਆਂ ਨਿੱਕੀਆਂ ਚਮਕੀਲੀਆਂ ਅੱਖਾਂ ਫ਼ਨੀਅਰ ਵਾਂਗ ਫੂਕਾਰੇ ਮਾਰ ਰਹੀਆਂ ਸਨ। ਜਥੇਦਾਰ ਦੀ ਸੈਨਤ ਬੁੱਝਦਿਆਂ ਨੱਥੂ ਝੀਉਰ ਨੇ ਤਿੰਨਾਂ ਭਗੌੜਿਆਂ ਦੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ। ਪਰ ਉਹ ਬਰਾਂਡੇ ਦੇ ਫਰਸ਼ ’ਤੇ ਸਿਥਲ ਪਏ ਰਹੇ, ਉੱਠ ਕੇ ਖੜੋ ਸਕਣ ਦੀ ਸਤਾ ਉਨ੍ਹਾਂ ਵਿੱਚ ਨਹੀਂ ਸੀ ਰਹਿ ਗਈ ਜਾਪਦੀ।

“ਉੱਠੋ, ਉੱਠੋ, ਉੱਠੋ।” ਜਥੇਦਾਰ ਦੀ ਦੁਨਾਲੀ ਦੀਆਂ ਹੁੱਝਾਂ ਖਾ ਕੇ ਉਹ ਲੜਖੜਾਉਂਦੇ ਹੋਏ ਉੱਠੇ।

“ਉੱਪਰ ਵੇਖੋ। ਊਂਧੀ ਕਿਉਂ ਪਾ ਰੱਖੀ ਜੇ।” ਜਥੇਦਾਰ ਕੜਕਿਆ।

“ਉਏ ਮੈਂ ਤੁਹਾਡੇ ਨਾਲ ਆਂ ਕੁੱਤੀ ਦਿਓ ਪੁੱਤਰੋ।” ਮੁਕੰਦ ਸਿੰਘ ਨੇ ਤਿੰਨਾਂ ਨੂੰ ਗਲਮਿਉਂ ਫੜ ਕੇ ਝੰਜੋੜਾ ਮਾਰਿਆ।

ਉਨ੍ਹਾਂ ਵਿੱਚੋਂ ਦੋ ਗੱਭਰੂ ਸਨ। ਤੀਜਾ ਪੰਜਾਹ ਪਚਵੰਜਾ ਦਾ ਢੁਕਦਾ ਅੱਧਖੜ ਸੀ। ਕੰਬ ਸਿਰਫ਼ ਦੋਵੇਂ ਗੱਭਰੂ ਰਹੇ ਸਨ। ਡਰ ਨਾਲ ਦੋਹਾਂ ਗੱਭਰੂਆਂ ਨੇ ਬੱਗੇ-ਬੱਗੇ ਆਨੇ ਕੱਢ ਲਏ ਸਨ। ਪਰ ਅੱਧਖੜ ਬੇਖ਼ੌਫ਼ ਖੜੋਤਾ ਸੀ। ਦੋਵੇਂ ਗੱਭਰੂ ਹੱਥ ਬੰਨ੍ਹੀ, ਨਿਮਾਣੇ ਬਣੇ ਹੋਏ ਸਨ ਪਰ ਅੱਧਖੜ ਦੇ ਹੱਥਾਂ ਦੀ ਕੰਘੀ ਉਹਦੀ ਪਿੱਠ ਪਿੱਛੇ ਸੀ।

ਜਥੇਦਾਰ ਨੇ ਭਵਾਂ ਸੁਕੇੜ ਕੇ ਕੈਰੀਆਂ ਅੱਖਾਂ ਨਾਲ ਅੱਧਖੜ ਨੂੰ ਵਿੰਨ੍ਹਿਆ।

“ਬੋਲੋ ਕਿਹੜੇ ਪਿਉ ਨੂੰ ਪੁੱਛ ਕੇ ਨੱਠਣ ਲੱਗੇ ਸਉ। ਤੁਹਾਨੂੰ ਪਾਕਿਸਤਾਨ ਜਾਣ ਦੀ ਬਹੁਤੀ ਕਾਹਲੀ ਏ। ਐਹ ਹੁਣ ਦੁਨਾਲੀ ਤੁਹਾਨੂੰ ਬਗ਼ੈਰ ਟਿਕਟ ਦੇ ਲਾਹੌਰ ਪੁਚਾ ਦਏਗੀ। ਪਰ ਨਹੀਂ, ਗੋਲੀ ਨਾਲ ਤਾਂ ਤੁਸੀਂ ਸੁਖਾਲੇ ਛੁੱਟੇ ਜਾਉਗੇ। ਤੁਹਾਡੇ ਤਿੰਨਾਂ ਦਾ ਤਾਂ ਕੁਤਰਾ ਕਰਨਾ ਚਾਹੀਦਾ ਹੈ।”

ਦੁਹਾਂ ਗੱਭਰੂਆਂ ਦੇ ਮੂੰਹ ’ਤੇ ਮੌਤ ਦੀ ਪਿੱਲਤਣ ਵਰਤੀ ਹੋਈ ਸੀ। ਕਾਂਬੇ ਨਾਲ ਉਨ੍ਹਾਂ ਦੇ ਗੋਡੇ ਤੇ ਗਿੱਟੇ ਭਿੜ ਰਹੇ ਸਨ। ਬਚ ਨਿਕਲਣ ਦੀ ਫੱਟੜ ਹੋ ਗਈ ਉਮੀਦ ਉਨ੍ਹਾਂ ਦੇ ਉੱਭੇ ਸਾਹਾਂ ਵਿਚ ਸਿਸਕ ਰਹੀ ਸੀ। ਹੱਥ ਬੰਨ੍ਹੀਂ ਉਹ ਬਾਹੁੜੀਆਂ ਪਾ ਰਹੇ ਸਨ।

“ਸਰਦਾਰਾ, ਵਾਸਤਾ ਈ ਆਪਣੇ ਗੁਰੂ ਦਾ, ਸਾਡੀ ਜਾਨ ਬਖ਼ਸ਼ ਦੇ। ਸਾਨੂੰ ਸਿੱਖ ਬਣਾ ਲੈ। ਸਾਰੀ ਉਮਰ ਤੇਰੀ ਚਾਕਰੀ ਕਰਾਂਗੇ।”

“ਤੁਹਾਡੇ ਵਰਗਿਆਂ ਬਾਝੋਂ ਸਿੱਖੀ ਦਾ ਕੁਝ ਨਹੀਂ ਥੁੜਿਆ।” ਜਥੇਦਾਰ ਨੇ ਬੜ੍ਹਕ ਮਾਰੀ। ਉਹਦਾ ਵਿਕਰਾਲ ਚਿਹਰਾ ਸੇਕ ਛੱਡ ਰਿਹਾ ਸੀ।



ਦੋਵੇਂ ਗੱਭਰੂ ਜਥੇਦਾਰ ਦੇ ਪੈਰੀਂ ਡਿੱਗੇ ਗਿੜਗਿੜਾ ਰਹੇ ਸਨ। ਜਥੇਦਾਰ ਨੇ ਦੁਨਾਲੀ ਦੀਆਂ ਹੁੱਝਾਂ ਨਾਲ ਦੋਵਾਂ ਨੂੰ ਮੁੜ ਖੜ੍ਹਾ ਕੀਤਾ। ਅੱਧਖੜ ਚੁੱਪ-ਚੁਪੀਤਾ ਜਥੇਦਾਰ ਦੀ ਦੁਨਾਲੀ ਨੀਝ ਰਿਹਾ ਸੀ। ਉਹਦੀ ਬੇਖ਼ੌਫ਼ ਤੱਕਣੀ ਜਿਵੇਂ ਕਹਿ ਰਹੀ ਹੋਵੇ:

“ਹੁਣ ਚਲਾ ਵੀ ਗੋਲੀ ਤੇ ਮੁਕਾ ਇਹ ਟੰਟਾ।”

ਉਹਦੀ ਨਿਝੱਕ ਅਤੇ ਨਿਸ਼ੰਗ ਤੱਕਣੀ ਜਥੇਦਾਰ ਦੇ ਮੱਥੇ ਵਿੱਚ ਠੀਕਰ ਵਾਂਗ ਵੱਜੀ। ਦੁਹਾਂ ਗੱਭਰੂਆਂ ਦੀ ਸ਼ਕਲ ਸੂਰਤ ਐਸੀ ਸੀ ਕਿ ਧਿਆਨ ਨਾਲ ਵੇਖੇ ਬਿਨਾਂ ਨਿਰਣਾ ਕਰਨਾ ਕਠਿਨ ਸੀ ਕਿ ਉਹ ਹਿੰਦੂ ਸਨ ਜਾਂ ਮੁਸਲਮਾਨ। ਪਰ ਅੱਧਖੜ ਦਾ ਚਿਹਰਾ ਮੁਹਰਾ ਖਾਸ ਇਸਲਾਮੀ ਸੀ। ਉਹਦੀ ਦਾੜ੍ਹੀ ਦੀਆਂ ਕਲਮਾਂ ਲਬਾਂ ਸ਼ਰੀਅਤ ਦੇ ਮੁਤਾਬਕ ਤ੍ਰਾਸ਼ੀਆਂ ਸਨ। ਅਜਿਹੀ ਮੁਸਲਮਕੀ ਸ਼ਕਤ ਸੂਰਤ ਲਈ ਮੁਕੰਦ ਸਿੰਘ ਦੇ ਮਨ ਵਿੱਚ ਘਿਰਣਾ ਪੈਦਾ ਹੋ ਗਈ ਸੀ।

ਦੁਨਾਲੀ ਉਹਨੇ ਅੱਧਖੜ ਦੀ ਪੁੜਪੁੜੀ ਨਾਲ ਜੋੜ ਦਿੱਤੀ। ਅੱਧਖੜ ਅਹਿਲ ਖੜੋਤਾ ਰਿਹਾ। ਨਾ ਉਹਨੇ ਪਲਕ ਝਮਕੀ, ਨਾ ਉਹਦੇ ਚਿਹਰੇ ਦੀ ਆਬ ਗਵਾਚੀ। ਉਹਦੀ ਤੱਕਣੀ ਮੌਤ ਦੇ ਮੂੰਹ ਉੱਤੇ ਪੁੱਠੇ ਹੱਥ ਦਾ ਥੱਪੜ ਮਾਰਦੀ ਦਿਸਦੀ ਸੀ। ਗੋਲੀ ਮੂੰਹ ਆਇਆ ਵੀ ਉਹ ਏਦਾਂ ਲਾਪਰਵਾਹ ਸੀ ਜਿਵੇਂ ਸੂਲੀ ਵੱਲ ਜਾਂਦਾ ਮਨਸੂਰ ਹੋਵੇ।

ਰਫ਼ਲ ਦਾ ਘੋੜਾ ਦੱਬਣ ਦੀ ਬਜਾਏ ਜਥੇਦਾਰ ਨੇ ਇਕ ਹੁੱਝ ਮਾਰ ਕੇ ਰਫ਼ਲ ਉਹਦੀ ਪੁੜਪੁੜੀ ਨਾਲੋਂ ਲਾਹ ਲਈ। ਪੁੜਪੁੜੀ ਵਿੱਚੋਂ ਲਹੂ ਸਿੰਮ ਪਿਆ।

“ਬਾਕੀਆਂ ਨੂੰ ਵੀ ਬਾਹਰ ਕੱਢੋ।” ਜਥੇਦਾਰ ਨੇ ਹੁਕਮ ਚਾੜ੍ਹਿਆ। ਨੱਥੂ ਝੀਉਰ ਨੇ ਤਾਲੇ ਵਿੱਚ ਚਾਬੀਆਂ ਘੁਮਾ ਕੇ ਦਰਵਾਜ਼ੇ ਦੇ ਤਾਕ ਖੋਲ੍ਹ ਦਿੱਤੇ।

“ਬਾਹਰ ਨਿਕਲ ਆਉ ਸਾਰੇ।” ਨੱਥੇ ਨੇ ਗਰਜਵੀਂ ਆਵਾਜ਼ ਵਿੱਚ ਆਖ ਸੁਣਾਇਆ।

ਪਰ ਕੋਈ ਬਾਹਰ ਨਾ ਨਿਕਲਿਆ। ਉਹ ਸਾਰੇ ਜਾਣਦੇ ਸਨ ਕਿ ਬਾਹਰ ਮੌਤ ਖੜ੍ਹੀ ਉਨ੍ਹਾਂ ਨੂੰ ਉਡੀਕ ਰਹੀ ਸੀ। ਅਖ਼ੀਰ ਜਥੇ ਨੇ ਫੜ-ਫੜ ਕੇ, ਧੱਕ-ਧੱਕ ਕੇ, ਘਸੀਟ-ਘਸਟੀ ਕੇ ਔਰਤਾਂ ਅਤੇ ਬੱਚਿਆਂ ਨੂੰ ਬਾਹਰ ਕੱਢਿਆ। ਮਰਦ ਆਪਣੇ ਆਪ ਬੀਵੀ ਬੱਚਿਆਂ ਦੇ ਮਗਰ ਬਾਹਰ ਨਿਕਲ ਆਏ।

“ਜ਼ਨਾਨੀਆਂ ਅਤੇ ਬੱਚਿਆਂ ਨੂੰ ਵੱਖ ਕਰ ਦਿਓ।” ਜਥੇਦਾਰ ਨੇ ਦੂਜਾ ਹੁਕਮ ਚਾੜ੍ਹਿਆ।

ਬੰਦੀਆਂ ਦੀਆਂ ਦੋ ਢਾਣੀਆਂ ਬਣ ਗਈਆਂ। ਇਕ ਤੀਵੀਆਂ ਤੇ ਬੱਚਿਆਂ ਦੀ, ਦੂਜੀ ਮਰਦਾਂ ਦੀ।

ਬੱਚੇ ਰੋ ਰਹੇ ਸਨ, ਚਿਲਾ ਰਹੇ ਸਨ ਅਤੇ ਸਹਿਮੀਆਂ ਮਾਵਾਂ ਉਨ੍ਹਾਂ ਨੂੰ ਬੁੱਕਲ ਵਿੱਚ ਲੁਕਾਂਦੀਆਂ ਜਿਵੇਂ ਮੌਤ ਤੋਂ ਉਹਲਾ ਕਰ ਰਹੀਆਂ ਸਨ।

“ਬੱਚਿਆਂ ਨੂੰ ਚੁੱਪ ਕਰਾਓ।” ਜਥੇਦਾਰ ਨੇ ਤੀਵੀਆਂ ਨੂੰ ਦਬਕਾ ਮਾਰਿਆ, “ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਕੋਈ ਖ਼ਤਰਾ ਨਹੀਂ। ਪਾਕਿਸਤਾਨ ਵਿੱਚ ਤੁਹਾਡੇ ਕੁਝ ਲੱਗਦਿਆਂ ਨੇ ਸਾਡੀਆਂ ਮਾਵਾਂ, ਸਾਡੀਆਂ ਧੀਆਂ-ਭੈਣਾਂ, ਸਾਡੇ ਬੱਚਿਆਂ ਨੂੰ ਨਹੀਂ ਬਖ਼ਸ਼ਿਆ। ਪਰ ਤੁਹਾਨੂੰ ਅਸੀਂ ਦੁਪਹਿਰੇ ਜਰਨੈਲੀ ਸੜਕ ਤੇ ਕਾਫ਼ਲੇ ਵਿੱਚ ਰਲਾ ਕੇ ਆਵਾਂਗੇ। ਪਹਿਲੇ ਤੁਹਾਡੇ ਖਸਮਾਂ ਸਾਈਆਂ ਨੂੰ ਗੱਡੀ ਚੜ੍ਹਾ ਲਈਏ। ਇਹ ਗੱਡੀ ਇਨ੍ਹਾਂ ਨੂੰ ਸਿੱਧਾ ਜੰਨਤ ਜਾ ਉਤਾਰੇਗੀ, ਜਿੱਥੇ ਇਨ੍ਹਾਂ ਨੂੰ ਹੂਰਾਂ ਮਿਲਣਗੀਆਂ।”

ਜਥੇਦਾਰ ਦੀ ਇਸ ਦਿਲਜੋਈ ਨੇ ਕਿਸੇ ਨੂੰ ਕੋਈ ਧਰਵਾਸ ਨਾ ਦਿੱਤਾ। ਬੱਚੇ ਰੋਂਦੇ ਚਿਲਾਂਦੇ ਰਹੇ ਤੇ ਮਾਵਾਂ ਦਹਿਸ਼ਤ ਨਾਲ ਅੱਧਮੋਈਆਂ ਥਰ-ਥਰ ਕੰਬਦੀਆਂ ਰਹੀਆਂ।

"ਚੱਲੋ", ਜਥੇਦਾਰ ਮੁੜ ਤਿੰਨਾਂ ਭਗੌੜਿਆਂ ਵੱਲ ਹੋਇਆ, "ਤੁਹਾਨੂੰ ਹੂਰਾਂ ਦਵਾਈਏ। ਘਾਬਰੋ ਨਾ, ਸਿਰਫ਼ ਤੁਸੀਂ ਤਿੰਨ ਗੱਡੀ ਨਹੀਂ ਚੜ੍ਹਨ ਲੱਗੇ। ਸਾਰਾ ਢਾਣਾ ਤੁਹਾਡੇ ਨਾਲ ਜਾਏਗਾ। ਪਰ ਮੈਨੂੰ ਇਕ ਸਬੀਲ ਸੁੱਝੀ ਏ ਜਿਸ ਦੇ ਨਾਲ ਵਰਾਂਡੇ ਬਹੁਤ ਸਾਰੇ ਭਰਾ ਗੱਡੀ ਚੜ੍ਹਨੋਂ ਬਚ ਜਾਣਗੇ। ਤੁਸੀਂ ਤਿੰਨ ਉਸ ਢਾਣੇ ਵਿੱਚੋਂ ਇੱਕ-ਇੱਕ ਸਾਥੀ ਆਪਣੇ ਆਖ਼ਰੀ ਸਫ਼ਰ ਦਾ ਚੁਣ ਲਵੋ। ਤੁਹਾਨੂੰ ਤਿੰਨਾਂ ਨੂੰ ਤੇ ਤੁਹਾਡੇ ਚੁਣੇ ਹੋਏ ਤਿੰਨ ਸਾਥੀਆਂ ਨੂੰ ਅਸੀਂ ਹੁਣੇ ਸ਼ਹਾਦਤ ਦਾ ਜਾਮ ਪਿਆ ਦਿਆਂਗੇ। ਮੈਂ ਵਾਅਦਾ ਕਰਦਾ ਹਾਂ ਕਿ ਬਾਕੀ ਕਿਸੇ 'ਤੇ ਆਂਚ ਨਹੀਂ ਆਏਗੀ ਤੇ ਬਾਕੀ ਦੇ ਮਰਦ ਤੇ ਸਾਰੇ ਜ਼ਨਾਨੀਆਂ ਬੱਚੇ ਦੁਪਹਿਰੇ ਕਾਫ਼ਲੇ ਨਾਲ ਜਾ ਰਲਣਗੇ।"

ਇਸ ਅਨੋਖੀ ਤਜਵੀਜ਼ ਉੱਤੇ ਜਥੇਦਾਰ ਦੇ ਢਾਣੀਦਾਰਾਂ ਨੂੰ ਲੰਮੀ ਹੈਰਾਨੀ ਨਾ ਹੋਈ। ਉਹ ਜਾਣਦੇ ਸਨ ਕਿ ਉਹ ਨਿੱਤ ਅਜਿਹੇ ਕੌਤਕ ਕਰਦਾ ਰਹਿੰਦਾ ਸੀ। ਉਸ ਕਾਫ਼ਲੇ ਨਾਲੋਂ ਪਛੜ ਗਿਆ ਇਕ ਲੰਗੜਾ ਬੁੱਢਾ ਜਥੇ ਦੇ ਕਾਬੂ ਆ ਗਿਆ ਸੀ।

ਜਥੇਦਾਰ ਦੇ ਰੂਪ ਵਿੱਚ ਮਲਕੁਲ ਮੌਤ ਦਾ ਦੀਦਾਰ ਕਰਕੇ ਬੁੱਢਾ ਪੱਤੇ ਵਾਂਗ ਕੰਬ ਰਿਹਾ ਸੀ। ਉਹਦੇ ਹੋਸ਼-ਹਵਾਸ ਨਾਲ ਉਹਦੀ ਜ਼ੁਬਾਨ ਵੀ ਥਿੜਕਦੀ ਜਾ ਰਹੀ ਸੀ। ਸੁੱਕੇ ਸੰਘ ਦਾ ਘੁੱਟ ਭਰਦਿਆਂ ਉਹਨੇ ਬੋਲਣ ਦਾ ਇਕ ਮਰੀਅਲ ਜਿਹਾ ਯਤਨ ਕੀਤਾ।

"ਮੈਨੂੰ ਮਾਰ ਲਵੋ, ਕੁੱਟ ਲਵੋ, ਪਰ ਜਾਨੋਂ ਨਾ ਮਾਰਨਾ। ਆਹ ਵੇਖ ਮੇਰੇ ਹੱਥ ਬੱਧੇ ਤੇਰੀ ਵਾਹਿਗੁਰੂ ਜੀ ਕੀ ਫ਼ਤਹਿ ਸਰਦਾਰਾ, ਤੇਰੀ ਵਾਹਿਗੁਰੂ ਜੀ ਕੀ ਫ਼ਤਹਿ।" ਕਹਿੰਦਾ ਉਹ ਜਥੇਦਾਰ ਦੇ ਪੈਰੀਂ ਡਿੱਗ ਪਿਆ। ਮੁਕੰਦ ਸਿੰਘ ਨੂੰ ਹਾਸਾ ਆ ਗਿਆ। ਉਹਨੇ ਬੁੱਢੇ ਨੂੰ ਬਾਹੋਂ ਫੜ ਕੇ ਉਠਾ ਲਿਆ ਅਤੇ ਉਹਦੇ ਮੂੰਹੋਂ ਤਿੰਨ ਵਾਰੀ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਲਵਾ ਕੇ ਉਹਨੂੰ ਛੱਡ ਦਿੱਤਾ।

ਇਕ ਵਾਰੀ ਇਕ ਅੱਧਖੜ੍ਹ ਤੀਵੀਂ ਤੇ ਉਹਦਾ ਜਵਾਨ ਪੁੱਤਰ ਉਨ੍ਹਾਂ ਦੇ ਢਹੇ ਚੜ੍ਹ ਗਏ। ਉਹ ਜਰਨੈਲੀ ਸੜਕ ਤੋਂ ਲੰਘ ਰਹੇ ਕਾਫ਼ਲੇ ਵਿੱਚ ਸ਼ਾਮਿਲ ਸਨ। ਤ੍ਰਿਕਾਲਾਂ ਦੇ ਘੁਸਮੁਸੇ ਵਿੱਚ ਉਹ ਆਪਣੇ ਡੰਗਰਾਂ ਲਈ ਪੱਠੇ ਵੱਢਣ ਸੜਕ ਲਾਗਲੀ ਬਰਸੇਮ ਦੀ ਪੈਲੀ ਵਿੱਚ ਆਣ ਵੜੇ। ਕਾਫ਼ਲੇ ਦੇ ਲਾਗੇ-ਤਾਗੇ ਗਿਰਝਾਂ ਵਾਂਗ ਮੰਡਲਾਉਂਦੇ ਜਥੇ ਨੇ ਉਨ੍ਹਾਂ ਨੂੰ ਆਣ ਘੇਰਿਆ।

ਜਥੇਦਾਰ ਦੇ ਹੱਥ ਨੰਗੀ ਤਲਵਾਰ ਸੂਤੀ ਵੇਖ ਕੇ ਤੀਵੀਂ ਬੋਲੀ, "ਵੇ ਵੀਰਾ, ਹਾੜਾ ਵੇ। ਸਾਨੂੰ ਵੱਢ ਛੱਡੀਂ ਭਾਵੇਂ ਪਰ ਪਹਿਲੋਂ ਮੇਰੀ ਗੱਲ ਸੁਣ ਲੈ।"

"ਬੋਲ, ਕੀ ਕਹਿਨੀ ਏਂ?"

ਜਥੇਦਾਰ ਦਾ ਬੋਲ ਦਾਤ ਵਰਗਾ ਤਿੱਖਾ ਸੀ।

"ਬਸ ਮੈਂ ਏਨਾ ਈ ਆਖਣਾ ਏ ਵੀਰਾ, ਮੇਰੇ ਪੇਕੇ ਮਲੇਰਕੋਟਲੇ ਨੇ ਤੇ ਆਹ ਮੇਰਾ ਪੁੱਤ ਮਲੇਰਕੋਟਲੇ ਦਾ ਦੋਹਤਰਾ ਈ।"

ਬਿੰਦ ਕੁ ਲਈ ਮੁਕੰਦ ਸਿੰਘ ਭੰਬਲ ਭੂਸਿਆਂ ਵਿੱਚ ਪਿਆ ਰਿਹਾ। ਇਹ ਜ਼ਨਾਨੀ ਕੀ ਆਖ ਰਹੀ ਸੀ। ਕੀ ਡਰ ਨਾਲ ਉਹ ਪਾਗਲ ਹੋ ਗਈ ਸੀ? ਇਹ ਮਲੇਰਕੋਟਲਾ ਕੀ ਬਲਾ ਸੀ। ਫੇਰ ਅਚਨਚੇਤ ਮਲੇਰਕੋਟਲਾ ਇਕ ਲਿਸ਼ਕਾਰੇ ਵਾਂਗ ਉਸ ਦੇ ਦਿਮਾਗ਼ ਵਿੱਚ ਜਗ



ਉੱਠਿਆ। ਮਲੇਰਕੋਟਲੇ ਦਾ ਨਵਾਬ ਹੀ ਤਾਂ ਸੀ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਉੱਤੇ ਲਾਏ ਗਏ ਫ਼ਤਵੇ ਵਿਰੁੱਧ ਆਵਾਜ਼ ਉਠਾਈ ਸੀ ਤੇ ਜਦੋਂ ਹੱਕ ਦੀ ਇਹ ਆਵਾਜ਼ ਸੂਬਾ ਸਰਹੰਦ ਨੇ ਨਾ ਸੁਣੀ ਤਾਂ ਰੋਸ ਵਜੋਂ ਮਲੇਰਕੋਟਲਾ ਜ਼ਾਲਮਾਂ ਦੀ ਕਚਹਿਰੀ ਵਿੱਚੋਂ ਉੱਠ ਗਿਆ ਸੀ।

ਕਿਰਪਾਨ ਦੇ ਕਬਜ਼ੇ 'ਤੇ ਉਹਦਾ ਹੱਥ ਤ੍ਰੇਲੀ ਨਾਲ ਭਿੱਜ ਗਿਆ। ਉਹ ਇਹ ਕੀ ਕਹਿਰ ਕਮਾਣ ਲੱਗਾ ਸੀ। ਇਹ ਕਲੰਕ ਸਾਰੀ ਉਮਰ ਉਹਦੇ ਮੱਥਿਓਂ ਨਹੀਂ ਸੀ ਧੁਪਣਾ।

"ਛੇਤੀ ਕਰ ਭੈਣੇ ਮੇਰੀਏ", ਉਹਨੇ ਨੀਵੀਂ ਪਾਈ ਆਖਿਆ, "ਨੱਠ ਕੇ ਕਾਫ਼ਲੇ ਵਿੱਚ ਜਾ ਰਲੋ। ਪੱਠਿਆਂ ਖਾਤਰ ਜਿੰਦ ਦਾ ਖਤਰਾ ਨਾ ਸਹੇੜਿਆ ਕਰੋ।"

ਯਾਦ ਕਰਕੇ ਮੁਕੰਦ ਸਿੰਘ ਦੇ ਜੁੰਡੀਦਾਰਾਂ ਨੂੰ ਉਹਦੀ ਏਸ ਨਵੀਂ ਤਜਵੀਜ਼ ਉੱਤੇ ਹੈਰਾਨੀ ਨਾ ਹੋਈ।

"ਬੋਲੋ", ਜਥੇਦਾਰ ਭਵਾਂ ਸੁਕੇੜਦਾ ਬੋਲਿਆ, "ਮਨਜ਼ੂਰ ਏ ਤੁਹਾਨੂੰ ਮੇਰੀ ਗੱਲ?"

ਤਿੰਨਾਂ ਵਿੱਚੋਂ ਕਿਸੇ ਹੁੰਗਾਰਾ ਨਾ ਭਰਿਆ। ਲੱਗਦਾ ਸੀ ਜਥੇਦਾਰ ਮੁਕੰਦ ਸਿੰਘ ਦੀ ਗੱਲ ਚੰਗੀ ਤਰ੍ਹਾਂ ਉਨ੍ਹਾਂ ਦੀ ਸਮਝ ਵਿੱਚ ਨਹੀਂ ਸੀ ਆਈ।

ਜਥੇਦਾਰ ਨੇ ਆਪਣੀ ਤਜਵੀਜ਼ ਦੁਹਰਾਈ।

ਇਸ ਵਾਰੀ ਵੀ ਤਿੰਨਾਂ ਵਿੱਚੋਂ ਕਿਸੇ ਨੇ ਕੋਈ ਜਵਾਬ ਨਾ ਦਿੱਤਾ।

"ਹਾਂ ਜਾਂ ਨਾ, ਕੁਝ ਤਾਂ ਬੋਲੋ।"

ਇਕ ਹਠੀਲੀ ਚੁੱਪ ਉਨ੍ਹਾਂ ਦਾ ਉੱਤਰ ਸੀ।

"ਮਰੋ ਫਿਰ ਸਾਰੇ ਈ। ਮੁਲਕੇ ਆਦਮ ਵੱਲ ਕੱਠਿਆਂ ਈ ਹਿਜ਼ਰਤ ਕਰੋ।"

"ਲੈ ਚੱਲੋ ਸਾਰਿਆਂ ਨੂੰ ਹਿੱਕ ਕੇ ਸਕੂਲ ਦੇ ਪਿਛਵਾੜੇ।" ਜਥੇਦਾਰ ਨੇ ਆਪਣੇ ਨਾਇਬ ਨੱਥੂ ਝੀਉਰ ਨੂੰ ਹੁਕਮ ਦਿੱਤਾ।

"ਸਾਨੂੰ ਮਨਜ਼ੂਰ ਏ।"

ਇਹ ਆਵਾਜ਼ ਉਸ ਅੱਧਖੜ੍ਹ ਬੰਦੀ ਦੀ ਸੀ ਜਿਸ ਦੀ ਨਿਡਰਤਾ ਮੁਕੰਦ ਸਿੰਘ ਨੂੰ ਬੁਰੀ ਤਰ੍ਹਾਂ ਰੜਕ ਰਹੀ ਸੀ।

"ਮਨਜ਼ੂਰ ਏ ਤਾਂ ਚੁਣ ਲਵੋ ਆਪੋ ਆਪਣਾ ਸਾਥੀ ਦੋਜ਼ਖ ਜਾਣ ਲਈ। ਚੱਲ ਓਏ ਪਹਿਲੇ ਤੂੰ।

ਬਿੰਦ ਕੁ ਲਈ ਗੱਭਰੂ ਦੁਚਿੱਤੀਆਂ ਵਿੱਚ ਖੜੋਤਾ ਰਿਹਾ। ਪਰ ਅਗਲੇ ਪਲ ਜਥੇਦਾਰ ਦੀ ਦੁਨਾਲੀ ਉਹਦੀਆਂ ਮੌਰਾਂ ਵਿੱਚ ਵੱਜੀ ਤੇ ਬਧੇਰੁਧਾ ਉਹ ਮਰਦਾਂ ਦੀ ਢਾਣੀ ਵੱਲ ਹੋ ਤੁਰਿਆ। ਜਿਸ ਦੇ ਲਾਗਿਉਂ ਉਹ ਲੰਘਿਆ ਉਹਨੂੰ ਮੌਤ ਸੁੰਘ ਗਈ। ਜਿਸ ਦੇ ਕੋਲ ਉਹ ਰੁਕਿਆ, ਉਹਨੇ ਨੀਵੀਂ ਪਾ ਲਈ ਇਸ ਉਮੀਦ 'ਤੇ ਕਿ ਹੇਠਾਂ ਗੱਡੀਆਂ ਨੀਝਾਂ ਨਾਲ ਉਹ ਕਿਸੇ ਨੂੰ ਨਜ਼ਰ ਨਹੀਂ ਆਏਗਾ। ਇਕ-ਇੱਕ ਕਰਕੇ ਗੱਭਰੂ ਸਭ ਦੇ ਕੋਲੋਂ ਲੰਘ ਗਿਆ। ਜਦ ਢਾਣੀ ਦਾ ਅਖੀਰਲਾ ਬੰਦਾ ਰਹਿ ਗਿਆ ਤਾਂ ਹਾਰ ਕੇ ਉਹਨੇ ਉਹਦੇ ਮੋਢੇ 'ਤੇ ਹੱਥ ਧਰ ਦਿੱਤਾ।

ਏਸੇ ਤਰ੍ਹਾਂ ਦੂਜੇ ਗੱਭਰੂ ਨੇ ਕੀਤਾ।

"ਚੱਲ ਬੜੇ ਮੀਆਂ, ਹੁਣ ਤੇਰੀ ਵਾਰੀ ਏ।" ਮੁਕੰਦ ਸਿੰਘ ਅੱਧਖੜ੍ਹ ਵੱਲ ਹੋਇਆ

ਅੱਧਖੜ੍ਹ ਇਕ ਪਲ ਨਾ ਝਿਜਕਿਆ ਤੇ ਢਾਣੀ ਵਿੱਚੋਂ ਤੁਰੰਤ ਇਕ ਸਤਾਰ੍ਹਾਂ-ਅਠਾਰ੍ਹਾਂ ਵਰ੍ਹਿਆਂ ਦੇ ਮੁੰਡੇ ਨੂੰ ਆਪਣੇ ਕਲਾਵੇ ਵਿੱਚ ਵਲਦਾ ਜਥੇਦਾਰ ਦੇ ਪੇਸ਼ ਹੋ ਗਿਆ।

ਅਚਨਚੇਤ ਅੱਸੀ ਕੁ ਸਾਲਾਂ ਦਾ ਇਕ ਬੁੱਢਾ ਜੋ ਢਾਣੀ ਵਿੱਚ ਸਭ ਤੋਂ ਵਡੇਰਾ ਲੱਗਦਾ ਸੀ, ਭੁੜਕ ਕੇ ਅੱਗੇ ਆਉਂਦਾ ਚੀਖਿਆ:

"ਰਮਜ਼ਾਨਿਆ ਇਹ ਕੀ ਕਹਿਰ ਕਮਾਣ ਲੱਗਾ ਏਂ। ਨਜ਼ੀਰ ਤੇਰਾ ਇੱਕੋ ਇੱਕ ਪੁੱਤਰ ਏ। ਇਹਨੂੰ ਮੌਤ ਦੇ ਮੂੰਹ ਧੱਕਣ ਦਾ ਤੇਰਾ ਜਿਗਰਾ ਕਿਵੇਂ ਪਿਆ?"

ਰਮਜ਼ਾਨ ਨੇ ਕੋਈ ਉੱਤਰ ਨਾ ਦਿੱਤਾ। ਸਿਰਫ਼ ਆਪਣੇ ਕਲਾਵੇ ਦੀ ਕਸ ਮੁੰਡੇ ਦੁਆਲੀ ਪੀਡੀ ਕਰ ਲਈ।

"ਇਹਦੇ ਬਦਲੇ ਤੂੰ ਮੈਨੂੰ ਚੁਣ ਲੈ", ਬੁੱਢੇ ਤਰਲਾ ਲਿਆ, "ਮੈਂ ਖਾ ਹੰਢਾਅ ਬੈਠਾ ਹਾਂ।"

ਏਨਾ ਕਹਿੰਦਿਆਂ ਬਜ਼ੁਰਗ ਨਜ਼ੀਰ ਦਾ ਹੱਥ ਫੜ ਕੇ ਪਿਛਾਂਹ ਖਿੱਚਣ ਲੱਗਾ।

"ਛੱਡ ਦੇ ਚਾਚਾ।" ਅੱਧਖੜ ਨੇ ਉਹਨੂੰ ਵਰਜਿਆ, "ਚੋਣ ਕਰਨ ਦਾ ਹੱਕ ਮੇਰਾ ਏ ਤੇ ਮੈਂ ਨਜ਼ੀਰ ਨੂੰ ਚੁਣਿਆ ਏ।"

"ਵਾਸਤਾ ਈ ਕਿਸੇ ਵੱਡੇ ਵਡੇਰੇ ਦਾ ਰਮਜ਼ਾਨਿਆ, ਮੁੰਡੇ ਨੂੰ ਅਨਿਆਈ ਮੌਤੇ ਨਾ ਮਰਵਾ। ਤੇਰੇ ਖਾਨਦਾਨ ਦਾ ਇੱਕੋ-ਇੱਕ ਚਰਾਗ ਏ। ਇਹਦੇ ਨਾਲ ਈ ਤੇਰੀ ਕੁਲ ਦਾ ਨਾਮ ਨਿਸ਼ਾਨ ਮਿਟ ਜਾਏਗਾ।"

"ਮਿਟ ਜਾਏ।" ਰਮਜ਼ਾਨ ਦੀ ਆਵਾਜ਼ ਵਿੱਚ ਆਖ਼ਰਾਂ ਦਾ ਠਰ੍ਹੰਮਾਂ ਸੀ।

"ਪਰ ਤੂੰ ਮੈਨੂੰ ਕਿਉਂ ਨਹੀਂ ਚੁਣ ਲੈਂਦਾ। ਮੇਰੀਆਂ ਲੱਤਾਂ ਤਾਂ ਪਹਿਲੇ ਈ ਕਬਰ ਵਿੱਚ ਹਨ।"

"ਮੇਰਾ ਹੱਕ ਸਿਰਫ਼ ਆਪਣੇ ਪੁੱਤਰ ਦੀ ਜਿੰਦ 'ਤੇ ਏ। ਕਿਸੇ ਹੋਰ ਦੀ 'ਤੇ ਨਹੀਂ।"

ਅੱਧਖੜ ਦਾ ਇਖ਼ਲਾਕੀ ਹੌਸਲਾ ਵੇਖ ਜਥੇਦਾਰ ਮੁਕੰਦ ਸਿੰਘ ਅਚਨਚੇਤ ਪੈਰੋਂ ਉਖੜ ਗਿਆ। ਉਹਨੇ ਮੁੜ ਅੰਦਰਲੇ ਨੂੰ ਨਫ਼ਰਤ ਦੇ ਜ਼ਬਤ ਵਿੱਚ ਸਾਵਧਾਨ ਕਰਨਾ ਚਾਹਿਆ।

ਪਰ ਉਹਦੇ ਅੰਦਰ ਸਭ ਕੁਝ ਟੁੱਟ ਗਿਆ ਜਾਪਦਾ ਸੀ। ਉਹਦੇ ਸਰੀਰ ਦੀ ਸਤਿਆ ਜਿਵੇਂ ਪੈਰਾਂ ਵਿੱਚੋਂ ਦੀ ਹੁੰਦੀ ਧਰਤੀ ਵਿੱਚ ਨਿੱਘਰ ਗਈ ਹੋਵੇ। ਉਹਨੂੰ ਲੱਗਾ ਰਮਜ਼ਾਨ ਇਨਸਾਨੀਅਤ ਦਾ ਮੁਜੱਸਮਾ ਸੀ ਤੇ ਰੂਹਾਨੀਅਤ ਦੀ ਉਸ ਉਚਾਈ 'ਤੇ ਖੜੋਤਾ ਸੀ ਜਿੱਥੋਂ ਮੁਕੰਦ ਸਿੰਘ ਆਪ ਮੂੰਧੜੇ ਮੂੰਹ ਡਿੱਗ ਪਿਆ ਸੀ।

ਜਥੇਦਾਰ ਨੂੰ ਜਾਪਿਆ ਜਿਵੇਂ ਉਹਦਾ ਮੂੰਹ, ਉਹਦੀ ਦਾੜ੍ਹੀ, ਉਹਦੀ ਦਸਤਾਰ ਹੈਵਾਨੀਅਤ ਦੇ ਬਦਬੂਦਾਰ ਚਿੱਕੜ ਨਾਲ ਲਿੱਬੜ ਘੱਤੀ ਹੋਵੇ।

ਰਮਜ਼ਾਨ ਦੇ ਪੱਲੇ ਇਨਸਾਨੀਅਤ ਸੀ, ਨੇਕੀ ਸੀ, ਕੁਰਬਾਨੀ ਸੀ। ਰਮਜ਼ਾਨ ਦੇ ਪੱਲੇ ਸੱਚ ਸੀ, ਚਿੱਟੇ ਦਿੰਹੁ ਵਰਗਾ ਸੱਚ, ਜਿਹੋ ਜਿਹਾ ਮਲੇਰਕੋਟਲੇ ਦੇ ਨਵਾਬ ਦੇ ਪੱਲੇ ਸੀ। ਜਥੇਦਾਰ ਮੁਕੰਦ ਸਿੰਘ ਨੂੰ ਲੱਗਾ ਠੀਕਰੀ ਮਾਜਰਾ ਦੂਜਾ ਮਲੇਰਕੋਟਲਾ ਸੀ।

"ਤੁਹਾਡਾ ਵਾਲ ਵਿੰਗਾ ਨਹੀਂ ਹੋਏਗਾ", ਉਹਨੇ ਸਾਰੇ ਬੰਦੀਆਂ ਨੂੰ ਧਰਵਾਸ ਦੇਂਦਿਆਂ ਆਖਿਆ, "ਤੁਹਾਡਾ ਮਾਲ ਅਸਬਾਬ, ਢੇਰ ਡੰਗਰ ਤੁਹਾਨੂੰ ਹੁਣੇ ਮੋੜ ਦਿੱਤੇ ਜਾਣਗੇ। ਅੱਜ ਦੁਪਹਿਰੀਂ ਮੈਂ ਤੇ ਮੇਰਾ ਜਥਾ ਆਪਣੀ ਨਿਗਰਾਨੀ ਵਿੱਚ ਤੁਹਾਨੂੰ ਕਾਫ਼ਲੇ ਨਾਲ ਰਲਾ ਕੇ ਆਵਾਂਗੇ।"

ਜਥੇਦਾਰ ਦੇ ਹੁਕਮ ਦੀ ਨਾਬਰੀ ਕਰੇ, ਏਨੀ ਮਜ਼ਾਲ ਜਥੇ ਵਿੱਚ ਕਿਸੇ ਦੀ ਨਹੀਂ ਸੀ।



# ਕੀ ਬਣੇਗਾ?

**ਹੀਰਾ ਸਿੰਘ ਦਰਦ**

ਭਾਦਰੋਂ ਦੀ ਦੁਪਹਿਰ ਕੜਕ ਰਹੀ ਸੀ, ਪਰ ਲਾਹੌਰ ਤੋਂ ਆਈਆਂ ਗੱਡੀਆਂ ਜਾਂ ਟਰੱਕਾਂ ਤੋਂ ਜਿਹੜੇ ਆਦਮੀ ਅੰਮ੍ਰਿਤਸਰ ਆ ਕੇ ਉਤਰਦੇ ਸਨ ਉਹ ਇਉਂ ਮਹਿਸੂਸ ਕਰਦੇ ਸਨ ਜਾਣੀਦਾ ਉਹ ਨਰਕੋਂ ਨਿਕਲ ਕੇ ਸੁਰਗ ਵਿਚ ਆ ਗਏ ਹਨ, ਇਨ੍ਹਾਂ ਦਿਨਾਂ ਵਿਚ ਵਾਹਗੇ ਤੋਂ ਪਰ੍ਹੇ ਦਾ ਪੰਜਾਬ ਹਿੰਦੂਆਂ ਸਿੱਖਾਂ ਵਾਸਤੇ ਨਰਕ ਬਣਿਆ ਸੀ ਤੇ ਪੂਰਬੀ ਪੰਜਾਬ ਮੁਸਲਮਾਨਾਂ ਵਾਸਤੇ ਦੋਜ਼ਖ ਸੀ ਜਿਹੜੇ ਹਿੰਦੂ ਤੇ ਸਿੱਖ ਟਰੱਕਾਂ ਤੇ ਗੱਡੀਆਂ ਵਿਚ ਬੈਠ ਕੇ ਜਦੋਂ ਵਾਹਗੇ ਦੀ ਹੱਦ ਟੱਪਦੇ ਸਨ ਤਾਂ ਉਨ੍ਹਾਂ ਨੂੰ ਸੁੱਖ ਦਾ ਸਾਹ ਆਉਂਦਾ ਸੀ ਤੇ ਇੱਧਰ ਦੀਆਂ ਕੜਕਦੀਆਂ ਧੁੱਪਾਂ ਵਿਚ ਹੀ ਉਹ ਠੰਡੀ ਪੌਣ ਦਾ ਆਨੰਦ ਪ੍ਰਤੀਤ ਕਰਦੇ ਸਨ।

ਪਰ ਕਈ ਲੋਕ ਆਪ ਅੰਮ੍ਰਿਤਸਰ ਬੈਠੇ ਸਨ ਤੇ ਉਨ੍ਹਾਂ ਦੇ ਕਲੇਜੇ ਦੇ ਟੁਕੜੇ ਪੱਛਮੀ ਪੰਜਾਬ ਦੇ ਕਿਸੇ ਸ਼ਹਿਰ ਦੇ ਗਲੀ ਮੁਹੱਲੇ ਵਿਚ ਡੱਕੇ ਹੋਏ ਭੁੱਜ ਰਹੇ ਸਨ। ਉਹ ਇੱਥੇ ਵੀ ਬੇਚੈਨ ਬੈਠੇ ਤੜਫ ਰਹੇ ਸਨ, ਪਰ ਬੇਵਸ ਸਨ। ਗੱਡੀਆਂ, ਤਾਰਾਂ, ਡਾਕਾਂ ਸਭ ਬੰਦ ਸਨ। ਨਾ ਕੋਈ ਸੁਨੇਹਾ ਭੇਜ ਸਕਦਾ ਸੀ, ਨਾ ਕੋਈ ਮਰਜ਼ੀ ਨਾਲ ਜਾ ਆ ਸਕਦਾ ਸੀ। ਅਜਿਹੇ ਦੁਖੀ ਤੇ ਬੇਚੈਨ ਬੰਦਿਆਂ ਵਿਚੋਂ, ਇਕ ਮੈਂ ਵੀ ਸਾਂ।

ਲਾਹੌਰ ਵਿਚ ਫਸਾਦਾਂ ਦੀ ਅੱਗ ਦਿਨੋਂ ਦਿਨ ਭੜਕਦੀ ਵੇਖ ਕੇ ਮੈਂ ਆਪਣੇ ਪਰਿਵਾਰ ਤੇ ਛੋਟੇ ਬੱਚੇ ਬੱਚੀਆਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਆ ਗਿਆ ਸੀ, ਪਰ ਦੋਹਾਂ ਹੀ ਵੱਡੇ ਲੜਕਿਆਂ ਨੂੰ ਘਰ ਦੀ ਰਾਖੀ ਲਈ ਲਾਹੌਰ ਛੱਡ ਆਇਆ ਸੀ। ਹੋਰ ਕਈ ਲੋਕਾਂ ਵਾਂਗ ਮੈਂ ਵੀ ਫ਼ਸਾਦਾਂ ਦੀ ਡੂੰਘੀ ਸਾਜ਼ਿਸ਼ ਤੇ ਭਿਆਨਕਤਾ ਦਾ ਉੱਕਾ ਅੰਦਾਜ਼ਾ ਨਹੀਂ ਸੀ ਲਾ ਸਕਿਆ। ਖ਼ਿਆਲ ਸੀ ਕਿ ਕੁਝ ਦਿਨ ਮਗਰੋਂ ਫ਼ਸਾਦ ਬੰਦ ਹੋ ਜਾਣਗੇ ਤੇ ਆਮ ਕਾਰ ਵਿਹਾਰ ਅਮਨ ਨਾਲ ਚੱਲ ਪੈਣਗੇ, ਪਰ ਅੰਮ੍ਰਿਤਸਰ ਪਹੁੰਚ ਕੇ ਇੱਧਰ ਦੇ ਹਾਲਾਤ ਵੇਖ ਕੇ ਅਤੇ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਤੋਂ ਕਹਿਰੀ ਕਹਾਣੀਆਂ ਸੁਣ ਕੇ ਆਪਣੀ ਬੇਸਮਝੀ ਤੇ ਮੂਰਖ਼ਤਾ 'ਤੇ ਪਛਤਾ ਰਿਹਾ ਸੀ।

ਲੜਕਿਆਂ ਦੀ ਮਾਤਾ ਤਰਲੋ-ਮੱਛੀ ਹੋ ਰਹੀ ਸੀ। ਉਸ ਦੀ ਨੀਂਦ, ਭੁੱਖ ਹਰਾਮ ਹੋ ਗਈ ਸੀ ਤੇ ਬਾਰ-ਬਾਰ ਦੁਹਾਈ ਦੇਕੇ ਕਹਿੰਦੀ ਸੀ— "ਮਕਾਨ ਤੇ ਸਾਮਾਨ ਨੂੰ ਲੱਗੇ ਅੱਗ, ਕਿਸੇ ਤਰ੍ਹਾਂ ਆਪ ਜਾਉ ਜਾਂ ਸੁਨੇਹਾ ਹੀ ਪੁਚਾਓ ਕਿ ਸਭ ਕੁਝ ਛੱਡ ਕੇ ਉਹ ਆਪਣੀਆਂ ਜਾਨਾਂ ਲੈਕੇ ਨਿਕਲ ਆਉਣ।" ਪਰ ਕੁਝ ਵੀ ਨਹੀਂ ਹੋ ਸਕਦਾ ਸੀ, ਸੁਨੇਹਾ ਭੇਜਣ ਦਾ ਵੀ ਕੋਈ ਬੰਦੋਬਸਤ ਨਹੀਂ ਸੀ ਹੋਂਦਾ। ਆਪਾ ਧਾਪੀ ਮਚੀ ਸੀ। ਕੁਝ ਅਕਾਲੀ ਤੇ ਕਾਂਗਰਸੀ

ਲੀਡਰਾਂ ਨੂੰ ਮਿਲਿਆ, ਲਾਹੌਰ ਜਾਣ ਵਾਲੇ ਟਰੱਕਾਂ ਰਾਹੀਂ ਸੁਨੇਹੇ ਵੀ ਭੇਜੇ ਪਰ ਮਾਲੂਮ ਹੋਂਦਾ ਸੀ ਕਿ ਉਨ੍ਹਾਂ ਨੂੰ ਕੋਈ ਸੁਨੇਹਾ ਨਹੀਂ ਪੁੱਜਾ ਤੇ ਖਬਰੇ ਮੇਰੇ ਸੁਨੇਹੇ ਨੂੰ ਉਡੀਕਦੇ ਉਡੀਕਦੇ ਉਥੇ ਹੀ ਆਗਿਆਕਾਰ ਸਿਪਾਹੀ ਵਾਂਗ ਪਹਿਰੇ ਪੁਰ ਬੈਠੇ ਰਹਿਣ। ਕਿਉਂਕਿ ਮੈਂ ਪੱਕੀ ਕਰ ਆਇਆ ਸੀ ਕਿ ਮੇਰਾ ਸੁਨੇਹਾ ਪਹੁੰਚਣ ਪਰ ਆਉਣਾ।

ਖਾਲਸਾ ਕਾਲਜ ਦੇ ਆਰਜ਼ੀ ਕੈਂਪ ਵਿਚ ਮੇਰੇ ਪੈਰ ਨਹੀਂ ਲੱਗਦੇ ਸਨ। ਲਾਹੌਰ ਤੋਂ ਆਉਣ ਵਾਲੀ ਹਰ ਗੱਡੀ ਨੂੰ ਮੈਂ ਵੇਖਣ ਜਾਂਦਾ ਸੀ ਅਤੇ ਟਰੱਕਾਂ ਤੋਂ ਉਤਰੇ ਸ਼ਰਨਾਰਥੀਆਂ ਨੂੰ ਵੀ ਪੁੱਛਦਾ ਰਹਿੰਦਾ ਸਾਂ। ਲਾਹੌਰ ਵਿਚ ਵਧ ਰਹੀਆਂ ਲੁੱਟਾਂ, ਮਾਰਾਂ, ਅੱਗਾਂ ਤੇ ਕਤਲੇਆਮਾਂ ਦੀਆਂ ਖ਼ਬਰਾਂ ਤੜਫੜਾਹਟ ਪੈਦਾ ਕਰ ਰਹੀਆਂ ਸਨ।

3 ਵਜੇ ਦੁਪਹਿਰ ਵੇਲੇ ਖ਼ਬਰ ਆਈ ਕਿ ਲਾਹੌਰ ਤੋਂ ਇਕ ਗੱਡੀ ਆਈ ਹੈ, ਗੱਡੀਆਂ ਸਾਡੇ ਕੈਂਪ ਤੋਂ ਫਰਲਾਂਗ ਕੁ ਪਰ੍ਹੇ ਖੜੋਂਦੀਆਂ ਸਨ। ਮੈਂ ਭੱਜਾ ਭੱਜਾ ਗੱਡੀ ਵੇਖਣ ਤੁਰ ਪਿਆ। ਸਾਰੀ ਗੱਡੀ ਛਾਣ ਮਾਰੀ। ਗੱਡੀ ਦੇ ਇਕ ਸਿਰਿਓਂ ਦੂਜੇ ਸਿਰੇ ਤੱਕ ਕਈ ਫੇਰੇ ਮਾਰੇ ਪਰ ਮਾਯੂਸੀ ਤੋਂ ਬਿਨਾਂ ਕੁਝ ਵੀ ਨਾ ਲੱਭਿਆ।

ਮੈਂ ਢੱਠੇ ਦਿਲ ਨਾਲ ਖਾਲਸਾ ਕਾਲਜ ਆਪਣੇ ਡੇਰੇ ਵੱਲ ਵਾਪਸ ਆ ਰਿਹਾ ਸੀ ਕਿ ਰਾਹ ਵਿਚ ਇਕ ਮਕਾਨ ਦੀ ਕੰਧ ਨਾਲ ਇਕ ਆਦਮੀ ਦੁਹਾਈ ਪਾ ਰਿਹਾ ਸੀ।

"ਮੈਂ ਲੁੱਟਿਆ ਗਿਆ, ਹਾਇ ਮੈਂ ਮਾਰਿਆ ਗਿਆ, ਓਇ ਕੋਈ ਬਹੁੜੀ ਕਰੋ, ਧਰਮ, ਨਿਆਂ ਕਿੱਥੇ ਡੁੱਬ ਗਿਆ, ਇੱਧਰ ਵੀ ਡਾਕੂ, ਉਧਰ ਵੀ ਡਾਕੂ! ਹੁਣ ਕਿਥੇ ਨੱਸ ਕੇ ਜਾਈਏ? ਕਿਹੜੇ ਖੂਹੇ ਡੁੱਬ ਮਰੀਏ?"

ਕੜਕਦੀ ਧੁੱਪ ਵਿਚ ਗੱਡੀ ਦੇ ਦੋਹੀਂ ਪਾਸੀਂ ਚਾਰ ਪੰਜ ਫੇਰੇ ਕਰ ਕੇ ਮੈਂ ਮੁੜਕੋ ਮੁੜ੍ਹਕੀ ਹੋਇਆ ਸਾਂ ਤੇ ਛੇਤੀ ਡੇਰੇ ਪਹੁੰਚਣ ਲਈ ਕਾਹਲਾ ਪਿਆ ਹੋਇਆ ਸੀ ਪਰ ਇਸ ਦਰਦ ਭਰੀ ਤੇ ਦਿਲ ਚੀਰਵੀਂ ਦੁਹਾਈ ਨੇ ਮੈਨੂੰ ਆਪਣਾ ਦੁੱਖ ਭੁਲਾ ਦਿੱਤਾ ਤੇ ਮੈਂ ਉਸ ਦੁਹਾਈ ਪਾ ਰਹੇ ਆਦਮੀ ਕੋਲ ਜਾ ਖਲੋਤਾ–

"ਹੈਂ! ਸੇਠ ਰਾਜਾ ਰਾਮ ਹੁਰੀਂ ਨੇ?" ਉਸ ਨੂੰ ਪਛਾਣ ਕੇ ਕਿਹਾ– "ਸ਼ੁਕਰ ਏ, ਤੁਸੀਂ ਵੀ ਬਾਲ ਬੱਚਿਆਂ ਸਮੇਤ ਆ ਗਏ ਹੋ! ਪਰ ਹਿੰਦ ਮਾਤਾ ਦੀ ਗੋਦ ਵਿਚ ਆ ਕੇ ਤੁਸੀਂ ਇਸ ਤਰ੍ਹਾਂ ਵਿਰਲਾਪ ਕਿਉਂ ਕਰ ਰਹੇ ਹੋ? ਕੀ ਇੱਥੇ ਕੋਈ ਘਟਨਾ ਵਾਪਰ ਗਈ?"

ਮੈਨੂੰ ਵੇਖ ਕੇ ਰਾਜਾ ਰਾਮ ਨੂੰ ਕੁਝ ਹੌਸਲਾ ਹੋ ਗਿਆ, ਉਸ ਦੇ ਲਾਗੇ ਹੀ ਕੁੱਛੜ ਬਾਲ ਚੁੱਕੀ ਉਸ ਦੀ ਤੀਵੀਂ ਰੋ ਰਹੀ ਸੀ ਤੇ ਕੋਲ ਹੀ ਦਸ ਬਾਰਾਂ ਸਾਲ ਦੀਆਂ ਉਸ ਦੀਆਂ ਦੋ ਧੀਆਂ ਵਿਲਕ ਰਹੀਆਂ ਸਨ।

"ਆਓ ਸਰਦਾਰ ਜੀ" ਰਾਜਾ ਰਾਮ ਆਪਣਾ ਮੂੰਹ ਪੂੰਝਕੇ ਘਘਿਆ ਕੇ ਬੋਲਿਆ– "ਬੜਾ ਚੰਗਾ ਹੋਇਆ, ਤੁਸੀਂ ਮਿਲ ਪਏ, ਮੈਂ ਰਾਜਾ ਨਹੀਂ, ਅੱਜ ਤਾਂ ਮੰਗਤਾ ਰਾਮ ਬਣ ਗਿਆ ਹਾਂ, ਘਰ–ਬਾਰ ਤੇ ਦੁਕਾਨ ਤਾਂ ਲਾਹੌਰ ਲੁੱਟੇ ਗਏ ਸਨ ਪਰ ਥੋੜ੍ਹੀ ਬਹੁਤੀ ਪੂੰਜੀ ਜੋ ਬਚਾ ਕੇ ਲਿਆਂਦੀ ਸੀ ਉਹ ਹੁਣੇ ਇੱਥੇ ਲੁੱਟੀ ਗਈ। ਹੁਣ ਤੁਸੀਂ ਹੀ ਮੇਰੀ ਕੁਝ ਸਹਾਇਤਾ ਕਰੋ।"

"ਹੌਂਸਲਾ ਕਰੋ ਰਾਜਾ ਰਾਮ ਜੀ" ਮੈਂ ਉਸ ਨੂੰ ਧੀਰਜ ਬੰਨ੍ਹਾਉਂਦਿਆਂ ਹੋਇਆਂ ਕਿਹਾ, "ਧੰਨ ਤੇ ਜੈਦਾਦਾਂ ਨੂੰ ਹੁਣ ਕੀ ਹੋਣਾ ਹੈ, ਅਸਾਂ ਸਭਨਾਂ ਦੇ ਪਾਕਿਸਤਾਨ ਵਿਚ ਹਜ਼ਾਰਾਂ



ਲੱਖਾਂ ਦੇ ਸਾਮਾਨ ਰਹਿ ਗਏ ਤੇ ਲੁੱਟੇ ਗਏ ਹਨ, ਪ੍ਰਮਾਤਮਾ ਦਾ ਸ਼ੁਕਰ ਹੈ ਤੁਸੀਂ ਆਪਣੇ ਬਾਲ ਬੱਚਿਆਂ ਸਮੇਤ ਰਾਜ਼ੀ ਖੁਸ਼ੀ ਇੱਥੇ ਪਹੁੰਚ ਗਏ, ਤੁਸੀਂ ਹਿੰਮਤ ਵਾਲੇ ਹੋ, ਇੱਥੇ ਸਭ ਕੁਝ ਠੀਕ ਹੋ ਜਾਵੇਗਾ, ਮੇਰੇ ਵੱਲ ਵੇਖੋ, ਮੇਰੇ ਤਾਂ ਦੋ ਲੜਕੇ ਵੀ ਅਜੇ ਲਾਹੌਰ ਡੱਕੇ ਹੋਏ ਹਨ।"

"ਸਰਦਾਰ ਜੀ, ਪਾਕਿਸਤਾਨ ਵਿਚ ਹਜ਼ਾਰਾਂ ਰੁਪਏ ਦਾ ਮਕਾਨ, ਦੁਕਾਨ ਤੇ ਸਾਮਾਨ ਲੁੱਟੇ ਜਾਣ ਤੇ ਸਾੜੇ ਜਾਣ ਦਾ ਮੈਨੂੰ ਰਤਾ ਦੁੱਖ ਤੇ ਅਫ਼ਸੋਸ ਨਹੀਂ ਹੋਇਆ, ਪਰ ਮੈਂ ਇੱਥੇ ਪਹੁੰਚ ਕੇ ਆਪਣੇ ਭਰਾਵਾਂ ਦੇ ਹੱਥੋਂ ਲੁੱਟਿਆ ਤੇ ਕੁੱਟਿਆ ਗਿਆ ਹਾਂ, ਮੇਰੀ ਕਿਸੇ ਨੇ ਮਦਦ ਨਹੀਂ ਕੀਤੀ" ਇਹ ਆਖ ਕੇ ਰਾਜਾ ਰਾਮ ਫਿਰ ਬਹਿਬਲ ਹੋ ਗਿਆ— "ਹਾਇ ਮੈਂ ਕੀ ਕਰਾਂ? ਕਿੱਥੇ ਜਾਵਾਂ? ਇੱਥੇ ਤਾਂ ਭਰਾ ਭਰਾਵਾਂ ਨੂੰ ਪਏ ਲੁੱਟਦੇ ਹਨ; ਇਸ ਨਾਲੋਂ ਤਾਂ ਚੰਗਾ ਸੀ ਮੈਂ ਪਾਕਿਸਤਾਨ ਵਿਚ ਹੀ ਮਾਰਿਆ ਜਾਂਦਾ।"

ਰਾਜਾ ਰਾਮ ਦੇ ਬੋਲਾਂ ਵਿਚ ਦੁੱਖ ਤੇ ਮਾਯੂਸੀ ਡੁੱਲ੍ਹ–ਡੁੱਲ੍ਹ ਪੈਂਦੀ ਸੀ। ਪਰ ਇਸ ਸਮੇਂ ਤਾਂ ਚਾਰ ਚੁਫੇਰੇ ਹਾਹਾਕਾਰ ਮਚ ਰਹੀ ਸੀ। ਰਾਜਾ ਰਾਮ ਦੀਆਂ ਗੱਲਾਂ ਨੇ ਮੈਨੂੰ ਕੋਈ ਬਹੁਤ ਅਪੀਲ ਨਾ ਕੀਤੀ, ਬਹੁਤ ਸਾਰੇ ਲੋਕ ਇਸ ਸਮੇਂ ਦੀ ਵਿਗੜੀ ਸਮਾਜਿਕ ਅਵਸਥਾ ਦਾ ਤੇ ਦੂਜਿਆਂ ਦੇ ਦੁੱਖਾਂ ਦਾ ਅਹਿਸਾਸ ਨਹੀਂ ਸਨ ਕਰਦੇ। ਉਹ ਆਪਣੇ ਥੋੜ੍ਹੇ ਦੁੱਖਾਂ ਨੂੰ ਵੀ ਬਹੁਤ ਵਧਾਕੇ ਦੱਸਦੇ ਸਨ ਤੇ ਕਈ ਵੇਰਾਂ ਇੱਧਰ ਨਾਲੋਂ ਪਾਕਿਸਤਾਨ ਵਿਚ ਮਰ ਜਾਣ ਨੂੰ ਚੰਗਾ ਦੱਸ ਕੇ, ਲੰਮੀਆਂ ਘਾਲਾਂ ਨਾਲ ਪ੍ਰਾਪਤ ਹੋਈ ਮਾੜੀ ਮੋਟੀ ਆਜ਼ਾਦੀ ਦੀ ਨਿਖੇਧੀ ਕਰ ਦਿੰਦੇ ਸਨ।

ਰਾਜਾ ਰਾਮ ਗੁਆਲ ਮੰਡੀ ਦੇ ਚੌਂਕ ਦੇ ਲਾਗੇ ਦੁਕਾਨੀਦਾਰੀ ਕਰਦਾ ਸੀ। ਛਾਬੜੀ ਲਗਾਂਦਾ ਲਗਾਂਦਾ ਹੁਣ ਮਨਿਆਰੀ ਦੀ ਵੱਡੀ ਦੁਕਾਨ ਦਾ ਮਾਲਕ ਬਣ ਚੁਕਾ ਸੀ। ਬੜਾ ਹਿੰਮਤੀ, ਉਤਸ਼ਾਹੀ ਤੇ ਉਦਮੀ ਸੀ। ਅੱਗੇ ਕਦੀ ਵੀ ਉਸ ਨੂੰ ਨਿਰਾਸ਼ਾਵਾਦ ਦੇ ਖੂਹ ਵਿਚ ਢੱਠਾ ਮੈਂ ਨਹੀਂ ਸੀ ਵੇਖਿਆ। ਮੈਂ ਉਸ ਤੋਂ ਪੁੱਛਿਆ :–

"ਲਾਲਾ ਜੀ, ਕੁਝ ਖੋਲ੍ਹ ਕੇ ਦੱਸੋ ਗੱਲ ਕੀ ਹੈ?" ਕੀ ਇੱਥੇ ਆ ਕੇ ਤੁਹਾਡੇ ਪੁਰ ਕੋਈ ਨਵੀਂ ਬਿਪਤਾ ਪੈ ਗਈ ਹੈ? ਦੱਸੋ ਇਸ ਸਮੇਂ ਮੈਂ ਤੁਹਾਡੀ ਕੀ ਸਹਾਇਤਾ ਕਰ ਸਕਦਾ ਹਾਂ?

ਮੇਰੀ ਹਮਦਰਦੀ ਨਾਲ ਰਾਜਾ ਰਾਮ ਦਾ ਧੀਰਜ ਕੁਝ ਕੈਮ ਹੋ ਗਿਆ, ਦੁੱਖ ਸਮੇਂ ਹਮਦਰਦੀ ਤੇ ਉਤਸ਼ਾਹ ਦੀ ਗੱਲ ਬਾਤ ਵੀ ਮਨੁੱਖ ਨੂੰ ਹੌਂਸਲਾ ਬੰਨਾ ਦਿੰਦੀ ਹੈ। ਉਸ ਨੇ ਮੈਨੂੰ ਕੰਧ ਦੀ ਛਾਵੇਂ ਬਿਠਾ ਕੇ ਇਸ ਤਰ੍ਹਾਂ ਦੱਸਣਾ ਆਰੰਭ ਕੀਤਾ :–

"ਲਓ ਸਰਦਾਰ ਜੀ!" ਲੰਮਾ ਦਰਦ ਭਰਿਆ ਹਉਕਾ ਲੈ ਕੇ ਉਸ ਨੇ ਕਹਿਣਾ ਆਰੰਭਿਆ: "ਮੈਂ ਇਸੇ ਗੱਡੀ ਤੋਂ ਉਤਰਿਆ ਹਾਂ ਤੇ ਬੱਚਿਆਂ ਅਤੇ ਉਨ੍ਹਾਂ ਦੀ ਮਾਤਾ ਨੂੰ ਇੱਥੇ ਬਿਠਾ ਕੇ ਕਿਸੇ ਥਾਂ ਟਿਕਾਣੇ ਪਹੁੰਚਣ ਲਈ ਪੁੱਛ–ਗਿੱਛ ਕਰਨ ਤੁਰ ਪਿਆ। ਇਕ ਬੰਦੇ ਨੇ ਦੱਸਿਆ ਕਿ ਇਸਲਾਮਾਬਾਦ ਅਤੇ ਬਾਰਾਂ ਘਰੇ ਨੂੰ ਮੁਸਲਮਾਨਾਂ ਤੋਂ ਬਿਲਕੁਲ ਸਾਫ਼ ਕਰ ਦਿੱਤਾ ਗਿਆ ਹੈ। ਕਈ ਵੱਢ ਦਿੱਤੇ ਹਨ। ਤੁਸੀਂ ਇੱਥੇ ਹੀ ਕੋਈ ਮਕਾਨ ਮੱਲ ਕੇ ਬੈਠ ਜਾਓ। ਕੈਂਪਾਂ ਵਿਚ ਕਿੱਥੇ ਖ਼ਰਾਬ ਹੋਵੋਗੇ। ਮੈਨੂੰ ਇਹ ਗੱਲ ਚੰਗੀ ਲੱਗੀ, ਮੈਂ ਸੋਚਿਆ ਮੇਰੇ ਕੋਲ ਕੁਝ ਨਕਦੀ ਵੀ ਹੈ; ਮੈਂ ਹਕੂਮਤ ਪਰ ਬੋਝ ਕਿਉਂ ਬਣਾਂ। ਠੰਢ ਵਰਤਣ ਪਰ ਅੰਮ੍ਰਿਤਸਰ ਹੀ ਕੋਈ ਦੁਕਾਨ ਕਰ ਲਵਾਂਗੇ। ਇਹ ਸੋਚ ਕੇ ਮੈਂ ਬਾਰਾਂ ਘਰੇ ਵੱਲ ਤੁਰ ਪਿਆ। ਰਾਹ ਵਿਚ ਟੋਏ ਵਿਚ ਕੁਝ ਲਾਸ਼ਾਂ ਪਈਆਂ ਤ੍ਰੱਕ ਰਹੀਆਂ ਸਨ। ਉਨ੍ਹਾਂ ਵਿਚੋਂ ਬਦਬੂ ਆ ਰਹੀ ਸੀ। ਮੇਰੀ ਸੁਰਤ

ਪਾਕਿਸਤਾਨ ਵੱਲ ਦੌੜ ਗਈ। ਉਥੇ ਵੀ ਸਾਡੇ ਕਈ ਵੀਰਾਂ ਭੈਣਾਂ ਦੀਆਂ ਲਾਸ਼ਾਂ ਇਸੇ ਤਰ੍ਹਾਂ ਰੁਲ ਰਹੀਆਂ ਹੋਣਗੀਆਂ। ਏਹ ਕੀ ਹਨੇਰ ਮਚ ਰਿਹਾ ਹੈ? ਅੱਗੇ ਗਿਆ। ਅੱਗੇ ਪਿੱਛੇ ਕੁਝ ਸਿਪਾਹੀ ਤੇ ਫ਼ੌਜੀ ਬਰਦੀਆਂ ਵਾਲੇ ਆਦਮੀ ਵੀ ਖਲੋਤੇ ਸਨ। ਲੋਕੀਂ ਮੁਸਲਮਾਨਾਂ ਦੇ ਮਕਾਨਾਂ ਵਿਚੋਂ ਮਾਲ ਅਸਬਾਬ ਲੁੱਟ ਰਹੇ ਸਨ ਪਰ ਏਹ ਅਮਨ ਦੇ ਰਾਖੇ ਤਮਾਸ਼ਾ ਵੇਖ ਰਹੇ ਸਨ।

"ਮੈਂ ਵੀ ਬਾਰਾਂ ਘਰੇ ਮਕਾਨਾਂ ਵਿਚ ਜਾ ਵੜਿਆ। ਉਥੇ ਫੋਲਾ ਫਾਲੀ ਜਾਰੀ ਸੀ। ਕੋਈ ਕੱਪੜੇ ਤੇ ਬਿਸਤਰੇ ਬੰਨ੍ਹ ਕੇ ਲਿਜਾ ਰਿਹਾ ਸੀ, ਕੋਈ ਬਰਤਨ ਤੇ ਟਰੰਕ ਸੰਭਾਲ ਰਿਹਾ ਸੀ। ਕੋਈ ਕੇਵਲ ਤਰ ਮਾਲ ਉਡਾ ਰਿਹਾ ਸੀ। ਮੈਂ ਡਰਿਆ ਪਈ ਕਿਤੇ ਆਟੇ ਨਾਲ ਘੁਣ ਵਾਂਗ ਮੈਂ ਵੀ ਨਾ ਪੀਠਾ ਜਾਵਾਂ। ਬਾਹਰ ਧੁੱਪ ਕੜਕਦੀ ਸੀ ਮਕਾਨ ਦੇ ਅੰਦਰ ਦੋ ਛੱਤਰੀਆਂ ਪਈਆਂ ਸਨ। ਇਸ ਵੇਲੇ ਦੀ ਲੋੜ ਦੀਆਂ ਵਸਤਾਂ ਸਨ। ਕਿਸੇ ਨੇ ਚੁੱਕ ਤਾਂ ਲਿਜਾਣੀਆਂ ਹਨ। ਏਹ ਕੋਈ ਵੱਡੀ ਚੋਰੀ ਵੀ ਨਹੀਂ। ਇਸ ਤਰ੍ਹਾਂ ਮਨ ਨੂੰ ਤਸੱਲੀ ਦੇ ਕੇ ਮੈਂ ਇਕ ਛੱਤਰੀ ਚੁੱਕ ਲਈ। ਬਾਹਰ ਨਿਕਲ ਕੇ ਮੈਂ ਛੱਤਰੀ ਖੋਲ੍ਹ ਲਈ। ਮਕਾਨ ਮੈਨੂੰ ਪਸੰਦ ਸੀ। ਮੈਂ ਸੋਚਿਆ, ਥੋੜ੍ਹੀ ਗੜਬੜ ਹਟ ਜਾਵੇ ਤਾਂ ਇੱਥੇ ਹੀ ਆ ਟਿਕ ਜਾਵਾਂਗਾ ਤੇ ਕੋਈ ਆਪਣਾ ਕੰਮ-ਕਾਰ ਆਰੰਭ ਕਰ ਦਿਆਂਗਾ।

ਅੱਗੇ ਮੈਂ ਵੇਖਿਆ ਕਿ ਖਾਕੀ ਬਰਦੀਆਂ ਵਾਲੇ ਸਿਪਾਹੀਆਂ ਨੇ ਇੱਧਰੋਂ ਟਰੰਕ ਤੇ ਬਿਸਤਰੇ ਲੈ ਕੇ ਜਾਣ ਵਾਲੇ ਆਦਮੀਆਂ ਨੂੰ ਘੇਰਿਆ ਹੋਇਆ ਹੈ ਅਤੇ ਤਲਾਸ਼ੀਆਂ ਲੈ ਰਹੇ ਹਨ, ਮੈਂ ਘਬਰਾਇਆ। ਲਗਭਗ 5 ਹਜ਼ਾਰ ਦੀ ਨਕਦੀ ਤੇ ਗਹਿਣੇ ਮੇਰੇ ਲੱਕ ਨਾਲ ਬੱਧੇ ਸਨ, ਜਿਹੜੇ ਮੈਂ ਲਾਹੌਰ ਤੋਂ ਸੰਭਾਲ ਕੇ ਲਿਆਂਦੇ ਸਨ। ਮੈਂ ਉਰਿਓਂ ਹੀ ਰੇਲ ਪਟੜੀ ਦਾ ਰੁਖ਼ ਕਰ ਲਿਆ। ਖ਼ਬਰੇ ਮੇਰੇ ਇਸ ਰਵੱਈਏ ਨੇ ਉਨ੍ਹਾਂ ਨੂੰ ਵਧੇਰੇ ਸ਼ੱਕ ਪਾ ਦਿੱਤਾ:—

"ਖੜ੍ਹਾ ਰਹੁ ਲਾਲੇ! ਚੋਰੀ ਕਰ ਕੇ ਕਿੱਧਰ ਨੱਠਾ ਜਾਂਦਾ ਏਂ?" ਦੂਰੋਂ ਹੀ ਸਿਪਾਹੀ ਨੇ ਆਵਾਜ਼ ਮਾਰੀ ਅਤੇ ਝੱਟ-ਪੱਟ ਚਾਰ ਮੁਸ਼ਟੰਡੇ ਮੇਰੇ ਸਿਰ ਆ ਚੜ੍ਹੇ। ਪਤਾ ਨਹੀਂ ਏਹ ਅਸਲੀ ਫ਼ੌਜੀ ਸਨ ਜਾਂ ਕੋਈ ਡਾਕੂ ਫ਼ੌਜੀ ਭੇਸ ਵਿਚ ਸਨ। ਇਨ੍ਹਾਂ ਦਿਨਾਂ ਵਿਚ ਵਧੇਰੇ ਇਹੋ ਜਿਹੇ ਹੇਰ ਫੇਰ ਵਰਤ ਰਹੇ ਸਨ। ਮੈਂ ਦੁਹਾਈ ਦੇ ਕੇ ਕੂਕਿਆ "ਮੈਂ ਤਾਂ ਸ਼ਰਨਾਰਥੀ ਹਾਂ, ਸਰਦਾਰੋ, ਇਸੇ ਗੱਡੀ ਵਿਚ ਲਾਹੌਰੋਂ ਆਇਆ ਹਾਂ, ਮੇਰੇ ਬਾਲ ਬੱਚੇ ਔਹ ਪਰ੍ਹੇ ਬੈਠੇ ਹਨ, ਮੈਂ ਤਾਂ ਇੱਧਰ ਮਕਾਨ ਵੇਖਣ ਆਇਆ ਸਾਂ। ਗਊ ਦੀ ਸਹੁੰ ਮੈਂ ਚੋਰ ਨਹੀਂ, ਧੁੱਪ ਤੋਂ ਬਚਣ ਲਈ ਏਹ ਛੱਤਰੀ ਜ਼ਰੂਰ ਚੱਕੀ ਸੀ, ਆਹ ਲੌ ਇਹ ਤੁਸੀਂ ਲੈ ਲਵੋ ਤੇ ਮੈਨੂੰ ਜਾਣ ਦੇਵੋ।"

"ਤਲਾਸ਼ੀ ਲੈ ਲੈਂਦੇ ਹਾਂ, ਆਪੇ ਪਤਾ ਲੱਗ ਜਾਏਗਾ ਕਿ ਤੂੰ ਚੋਰ ਹੈਂ ਕਿ ਸਾਧ। ਇੱਥੇ ਕਈ ਚੋਰ ਸ਼ਰਨਾਰਥੀ ਬਣ ਕੇ ਇਸੇ ਤਰ੍ਹਾਂ ਲੁੱਟ ਕੇ ਬਕਦੇ ਹਨ"

ਇਹ ਆਖ ਕੇ ਦੋਹਾਂ ਨੇ ਮੇਰੀਆਂ ਬਾਹਾਂ ਘੁੱਟ ਲਈਆਂ। ਦੂਜੇ, ਦੋਹਾਂ ਨੇ ਮੇਰੀ ਤਲਾਸ਼ੀ ਲੈਣੀ ਆਰੰਭ ਦਿੱਤੀ। ਇਕ ਦੇ ਹੱਥ ਵਿਚ ਰਫ਼ਲ ਸੀ। ਤਿੰਨਾਂ ਦੇ ਹੱਥ ਵਿਚ ਬਰਛੇ ਸਨ। ਮੈਂ ਸਮਝ ਲਿਆ ਮੈਂ ਡਾਕੂਆਂ ਦੇ ਕਾਬੂ ਆ ਗਿਆ ਹਾਂ। ਇੱਥੋਂ ਰੱਬ ਹੀ ਬਚਾਏ। ਮੇਰੇ ਲੱਕ ਨਾਲੋਂ ਮੇਰੇ ਗਹਿਣੇ ਤੇ ਨਕਦੀ ਖੋਲ੍ਹ ਕੇ ਉਨ੍ਹਾਂ ਕਾਬੂ ਕਰ ਲਈ। ਮੈਂ ਹਾਲ ਦੁਹਾਈ ਪਾਈ ਤੇ ਕਿਹਾ :- "ਇਹ ਮੇਰਾ ਆਪਣਾ ਮਾਲ ਹੈ। ਬੇਸ਼ੱਕ ਮੈਨੂੰ ਥਾਣੇ ਲੈ ਚਲੋ। ਮੈਂ ਗਵਾਹੀਆਂ ਪੇਸ਼ ਕਰਾਂਗਾ" ਬੱਸ ਫਿਰ ਕੀ ਸੀ ਉਨ੍ਹਾਂ ਮੈਨੂੰ ਬੇਤਹਾਸ਼ਾ ਕੁੱਟਣਾ ਸ਼ੁਰੂ ਕਰ ਦਿੱਤਾ। ਇਕ ਨੇ ਰਫ਼ਲ



ਮੇਰੇ ਵੱਲ ਸਿੱਧੀ ਕਰ ਕੇ ਆਖਿਆ:-"ਚੁੱਪ ਕਰਦਾ ਏਂ ਕਿ ਨਹੀਂ, ਬਦਮਾਸ਼, ਨਹੀਂ ਤਾਂ ਹੁਣੇ ਤੈਨੂੰ ਪਾਕਿਸਤਾਨ ਪੁਚਾਂਦੇ ਹਾਂ, ਮਾਰਨੇ ਡਾਕੇ ਤੇ ਬਣਨਾ ਸ਼ਰਨਾਰਥੀ।"

ਮੇਰੇ ਦਿਮਾਗ਼ ਨੂੰ ਜ਼ੋਰ ਦਾ ਧੱਕਾ ਲੱਗਾ। ਮੈਨੂੰ ਪ੍ਰਤੀਤ ਹੋਇਆ ਕਿ ਡਾਕੂਆਂ ਤੇ ਲੁਟੇਰਿਆਂ ਨੇ ਦੋਹੀਂ ਪਾਸੀ ਲੁੱਟ ਮਚਾਈ ਹੋਈ ਹੈ। ਪਾਕਿਸਤਾਨ ਵਿਚ ਇਸਲਾਮ ਦੇ ਬੁਰਕੇ ਪਾ ਕੇ ਧਾੜੇ ਮਾਰੇ ਜਾ ਰਹੇ ਹਨ ਤੇ ਇੱਧਰ ਹਿੰਦੂ ਸਿੱਖ ਧਰਮ ਦੇ ਭੇਸ ਵਿਚ ਡਾਕੇ ਪਾ ਰਹੇ ਹਨ। ਉਧਰ ਪਾਕਿਸਤਾਨ ਦੇ ਨਾਂ ਉਪਰ ਤੇ ਇੱਧਰ ਆਜ਼ਾਦੀ ਦੇ ਨਾਂ ਉਪਰ ਗ਼ਰੀਬ ਲੋਕਾਂ ਨੂੰ ਕੁਰਬਾਨੀ ਦੇ ਬੱਕਰੇ ਬਣਾਇਆ ਗਿਆ ਹੈ। ਹੁਣ ਰੋਹ ਚੜ੍ਹ ਗਿਆ। ਮੈਂ ਕੜਕ ਕੇ ਆਖਿਆ "ਤੁਸੀਂ ਕੌਣ ਹੋ? ਤੁਸੀਂ ਸਿਪਾਹੀ ਨਹੀਂ। ਤੁਸੀਂ ਨਾ ਸਿੱਖ ਹੋ, ਨਾ ਹਿੰਦੂ ਹੋ। ਤੁਸੀਂ ਡਾਕੂ ਹੋ ਚੋਰ ਹੋ। ਲੁੱਟ ਰਹੇ ਓ, ਮਾਰ ਰਹੇ ਓ, ਲੁੱਟ...."

ਠਾਹ ਮੇਰੇ ਮੱਥੇ ਉਪਰ ਡਾਂਗ ਵੱਜੀ। ਮੈਂ ਘੇਰਨੀ ਖਾ ਕੇ ਡਿੱਗ ਪਿਆ। ਪਤਾ ਨਹੀਂ ਕਿਤਨਾ ਚਿਰ ਬੇਹੋਸ਼ ਪਿਆ ਰਿਹਾ। ਹੋਸ਼ ਆਈ ਤਾਂ ਵੇਖਿਆ ਓਥੇ ਕੋਈ ਸਿਪਾਹੀ ਨਹੀਂ ਸੀ ਮੈਂ ਪਿੱਟ ਕਲੁਟਾ ਪਾਇਆ। ਇੱਧਰ ਆਇਆ, ਕਈਆਂ ਸਿਪਾਹੀਆਂ ਤੇ ਵਾਲੰਟੀਅਰਾਂ ਨੂੰ ਆਖਿਆ ਪਰ ਮੇਰੀ ਕੋਈ ਗੱਲ ਹੀ ਨਹੀਂ ਸੁਣਦਾ। ਜਾਣੀਦਾ ਕਿਸੇ ਦੇ ਭਾ ਕੁਝ ਹੋਇਆ ਹੀ ਨਹੀਂ। ਕਿੱਡਾ ਹਨ੍ਹੇਰ ਮੱਚ ਗਿਆ ਹੈ। ਕਿਸੇ ਦੇ ਦਿਲ ਵਿਚ ਕੋਈ ਦਰਦ ਨਹੀਂ ਰਿਹਾ, ਕੋਈ ਰਾਜਾ, ਨਿਆਂ ਰਿਹਾ...." ਇਸ ਤਰ੍ਹਾਂ ਕਹਿੰਦਾ ਰਾਜਾ ਰਾਮ ਆਪੇ ਤੋਂ ਬਾਹਰ ਹੋ ਕੇ ਗਸ਼ੀ ਖਾ ਕੇ ਡਿੱਗਣ ਲੱਗਾ ਸੀ ਕਿ ਮੈਂ ਥਮ ਕੇ ਉਸ ਨੂੰ ਦਿਲਾਸਾ ਦਿੱਤਾ ਤੇ ਆਖਿਆ:- "ਲਾਲਾ ਜੀ ਬਹੁਤ ਹੀ ਅਫ਼ਸੋਸ ਹੈ। ਸੱਚ-ਮੁੱਚ ਤੁਹਾਡੇ ਨਾਲ ਬੜਾ ਹੀ ਜ਼ੁਲਮ ਹੋਇਆ, ਪਰ ਹੌਂਸਲਾ ਕਰੋ। ਧੀਰਜ ਛੱਡਿਆਂ ਕੁਝ ਨਹੀਂ ਬਣਦਾ। ਇਸ ਵੇਲੇ ਅਰਾਜਕਤਾ ਦਾ ਝੱਖੜ ਝੁੱਲ ਰਿਹਾ ਹੈ। ਡਾਕੂ ਤੁਹਾਡਾ ਮਾਲ ਲੈ ਕੇ ਹਰਨ ਹੋ ਗਏ ਹਨ ਅੱਜ ਤਾਂ ਮਨੁੱਖੀ ਜਾਨਾਂ ਵੀ ਕੀੜਿਆਂ-ਮਕੌੜਿਆਂ ਵਾਂਗ ਮਿੱਧੀਆਂ ਜਾ ਰਹੀਆਂ ਹਨ, ਤੁਹਾਡੀ ਇਸ ਚੋਰੀ ਦੀ ਕੌਣ ਪੁੱਛ-ਗਿੱਛ ਕਰੇਗਾ? ਹੁਣ ਸਬਰ ਕਰੋ। ਇਹ ਸਮਝ ਛੱਡੋ ਕਿ ਇਹ ਮਾਲ ਵੀ ਪਾਕਿਸਤਾਨ ਵਿਚ ਲੁੱਟਿਆ ਗਿਆ, ਸ਼ਾਂਤੀ ਵਰਤਣ ਪਰ ਸਭ ਠੀਕ ਠਾਕ ਹੋ ਜਾਏਗਾ।"

ਮੈਂ ਉਸ ਨੂੰ ਸਬਰ ਦਾ ਬਥੇਰਾ ਉਪਦੇਸ਼ ਦਿੱਤਾ ਤੇ ਦੱਸਿਆ ਜਿਸ ਦਿਨ ਮੈਂ ਗੱਡੀਓਂ ਉਤਰਿਆ ਸਾਂ ਉਸ ਦਿਨ ਵੀ ਮੈਂ ਈਹੋ ਤਮਾਸ਼ਾ ਵੇਖਿਆ ਸੀ। ਤੁਸੀਂ ਗਲਤੀ ਕੀਤੀ। ਇਸ ਘਮਸਾਣ ਤੇ ਨਾਦਰਸ਼ਾਹੀ ਲੁੱਟ ਸਮੇਂ ਓਧਰ ਜਾਣਾ ਹੀ ਨਹੀਂ ਸੀ ਚਾਹੀਦਾ। ਪਰ ਉਹ ਬੜਾ ਵਿਆਕੁਲ ਸੀ। ਫੁੱਟ-ਫੁੱਟ ਰੋ ਰਿਹਾ ਸੀ। ਉਹ ਮੇਰਾ ਪੁਰਾਣਾ ਵਾਕਫ਼ ਸੀ। ਮੈਂ ਉਸ ਨੂੰ ਨਾਲ ਲਿਆ ਕੇ ਖਾਲਸਾ ਕਾਲਜ ਦੇ ਇਕ ਬਰਾਂਡੇ ਵਿਚ ਉਤਾਰਾ ਕਰਵਾਇਆ। ਉਸ ਨੂੰ ਨਾਲ ਲੈ ਕੇ ਕੁਝ ਲੀਡਰਾਂ ਨੂੰ ਮਿਲਾਇਆ। ਫਿਰ ਥਾਣੇ ਲੈ ਗਿਆ। ਪਰ ਉਥੇ ਕਿਸੇ ਰਿਪੋਰਟ ਹੀ ਨਾ ਲਿਖੀ। ਮੁਨਸ਼ੀ ਨੇ ਕਿਹਾ -"ਸਾਨੂੰ ਤਾਂ ਮਰਨ ਦੀ ਵੇਹਲ ਨਹੀਂ।" ਤੇਰੀਆਂ ਰਿਪੋਰਟਾਂ ਨੂੰ ਕੀ ਕਰੀਏ?" ਏਹ ਬੇਪਰਵਾਹੀ ਤੇ ਬੇਰੁਖੀ ਵੇਖਕੇ ਰਾਜਾ ਰਾਮ ਬੋਲਿਆ-"ਸਰਦਾਰ ਜੀ, ਇਥੇ ਤਾਂ ਇਨਸਾਨੀਅਤ ਤੇ ਨਿਆਂ ਦਾ ਹੀ ਘਾਣ ਹੋ ਰਿਹਾ ਹੈ। ਹੁਣ ਬਣੇਗਾ ਕੀ?"

# ਫੁੱਲਾਂ ਦੇ ਪਰਛਾਵੇਂ

**ਗੁਰਮੁਖ ਸਿੰਘ ਜੀਤ**

ਈਸ਼ਰ ਦਾਸ ਨੇ ਇਕ ਘੁਟਣ ਜਿਹੀ ਮਹਿਸੂਸ ਕੀਤੀ। ਮਈ ਦਾ ਮਹੀਨਾ, ਗਰਮੀ ਦੀ ਬਹਾਰ ਤੇ ਲੂ ਬੇਸ਼ੁਮਾਰ। ਉਸ ਦਾ ਦਿਲ ਘਬਰਾ ਗਿਆ। ਉਸ ਨੇ ਸੱਜੇ ਹੱਥ ਦੇ ਅੰਗੂਠੇ ਨਾਲ ਮੱਥੇ ਉਤੋਂ ਚੋਂਦਾ ਹੋਇਆ ਮੁੜ੍ਹਕਾ ਪੂੰਝ ਕੇ ਸੁੱਟਿਆ। ਫਿਰ ਹੱਥ ਨਾਲ ਕੰਡ ਖੁਰਕਣ ਲੱਗ ਪਿਆ। ਜਦ ਇਸ ਤਰ੍ਹਾਂ ਵੀ ਸੁੱਖ ਨਾ ਆਇਆ ਤਾਂ ਬਨੈਣ ਉਤਾਰ ਕੇ ਉਸ ਨਾਲ ਕੰਡ ਨੂੰ ਰਗੜਨ ਲੱਗਾ। ਪਰ ਉਸ ਨੂੰ ਅੰਦਰ ਹੀ ਘਬਰਾਹਟ ਤਾਂ ਬਾਹਰਲੀ ਘਬਰਾਹਟ ਨਾਲੋਂ ਵਧੇਰੇ ਤੰਗ ਕਰ ਰਹੀ ਸੀ। ਉਹ ਆਪਣੇ ਮਨ ਵਿਚ ਕਈ ਨਿਰਣੇ ਕਰ ਰਿਹਾ ਸੀ। ਉਹ ਨਾਲ-ਨਾਲ ਹੀ ਇਸ ਸੌਦੇ ਦੇ ਹਾਣ-ਲਾਭ ਨੂੰ ਆਂਕ ਰਿਹਾ ਸੀ। ਉਸ ਦਾ ਦਿਮਾਗ਼ ਇਸ ਘਟਨਾ ਦੇ ਹਰ ਪੱਖ ਦਾ ਮੁੱਲ ਪਾ ਰਿਹਾ ਸੀ। ਇੰਜ ਕਰਦੇ ਹੋਏ ਦਾ ਸਿਰ ਭਾਰਾ ਹੋਣ ਲੱਗਾ।

ਉਦੋਂ ਹਾਲੇ ਪਾਕਿਸਤਾਨ ਬਣੇ ਨੂੰ ਮਸਾਂ ਅੱਠ ਸਾਲ ਹੀ ਹੋਏ ਸਨ। ਕੂਚਾ ਨਬੀ ਕਰੀਮ ਵਿਚ ਉਨ੍ਹਾਂ ਦੇ ਗੁਵਾਂਢੀ ਮੋਹਨ ਲਾਲ ਦੇ ਘਰ ਵਿਚੋਂ ਹਰ ਵੇਲੇ ਹੌਕੇ ਸੁਣਾਈ ਦਿੰਦੇ ਸਨ। ਮੋਹਨ ਲਾਲ ਦੇ ਘਰੋਂ ਮਾਇਆ ਵੰਤੀ ਦੇ ਹੌਕੇ ਕਈ ਵਾਰੀ ਉੱਚੇ-ਉੱਚੇ ਰੋਣ ਵਿਚ ਬਦਲ ਜਾਂਦੇ। ਪਾਕਿਸਤਾਨ ਬਣਿਆਂ ਮੁਸੀਬਤ ਤਾਂ ਸਭ ਦੇ ਭਾ ਦੀ ਆਈ ਸੀ, ਪਰ ਉਨ੍ਹਾਂ ਲਈ ਕੁਝ ਵੱਖਰੀ ਤੇ ਵਧੇਰੇ ਹੀ ਸੀ। ਪਿੰਡੀ ਭੱਟੀਆਂ ਤੋਂ ਉਹ ਸਭ ਕੁਝ ਗੁਆ ਕੇ, ਸੁੱਖੇ ਕੀ ਮੰਡੀ ਤੋਂ ਗੱਡੀ ਚੜ੍ਹਨ ਲੱਗੇ ਸਨ। ਉਨ੍ਹਾਂ ਦੀਆਂ ਜਾਨਾਂ ਡਰ ਨਾਲ ਸੁੰਗੜੀਆਂ ਹੋਈਆਂ ਸਨ ਤੇ ਚਿਹਰੇ ਪੂਣੀਆਂ ਵਾਂਗ ਦਿਸਦੇ ਸਨ। ਸੁੱਖੇ ਕੀ ਮੰਡੀ ਦਾ ਪਲੇਟਫਾਰਮ ਤਾਂ ਉਹੀ ਸੀ ਜਿਥੋਂ ਉਹ ਕਈ ਵਾਰੀ ਗੱਡੀ ਤੇ ਚੜ੍ਹ ਕੇ ਹਾਫ਼ਜ਼ਾਬਾਦ, ਸਾਂਗਲਾ ਹਿਲ ਜਾਂ ਜੜ੍ਹਾਂਵਾਲੇ ਜਾਂਦੇ ਹੁੰਦੇ ਸਨ। ਮੋਹਣ ਲਾਲ ਸਦਾ ਪਲੇਟਫਾਰਮ ਤੇ ਲੱਗੇ ਹੋਏ ਪਿੱਪਲ ਹੇਠਾਂ ਬੈਂਚ ਤੇ ਬੈਠਣਾ ਪਸੰਦ ਕਰਦਾ ਸੀ। ਇਸ ਪਲੇਟਫਾਰਮ ਦੇ ਇੰਚ ਇੰਚ ਤੋਂ ਉਹ ਚੰਗੀ ਤਰ੍ਹਾਂ ਜਾਣੂ ਸੀ। ਪਰ ਉਸ ਦਿਨ ਤਾਂ ਇੰਜ ਲੱਗਦਾ ਸੀ ਜਿਵੇਂ ਇਹ ਕਿਸੇ ਹਨੇਰੀ ਘਾਟੀ ਦਾ ਤਿਲਕਣਾ ਬੂਹਾ ਹੈ। ਉਨ੍ਹਾਂ ਦੇ ਮਨਾਂ ਉੱਪਰ ਡਰ ਦਾ ਕੁਝ ਇਹੋ ਜਿਹਾ ਦਬ-ਦਬਾ ਸੀ।

ਤੇ ਫੇਰ ਓੜਕ ਉਹੀ ਗੱਲ ਹੋ ਕੇ ਰਹੀ। ਸ਼ਾਮ ਦਾ ਹਨ੍ਹੇਰਾ ਛਾ ਗਿਆ। ਮੋਹਨ ਲਾਲ ਤੇ ਮਾਇਆਵੰਤੀ ਦਾ ਟੱਬਰ ਹੋਰ ਸੁੰਗੜ ਗਿਆ। ਹੋਰ ਅਨੇਕਾਂ ਟੱਬਰ ਆਪਣੇ ਨਿੱਕ-ਸੁੱਕ ਨੂੰ ਸੰਭਾਲ ਕੇ ਉਸ ਉੱਪਰ ਬੈਠ ਗਏ। ਉਨ੍ਹਾਂ ਦੇ ਦਿਲ ਧੱਕ ਧੱਕ ਕਰ ਰਹੇ ਸਨ। ਗੱਡੀ ਆ ਗਈ; ਉਹ ਸਾਰੇ ਔਖੇ ਸੌਖੇ ਵਿਚ ਚੜ੍ਹ ਗਏ। ਬਹਿਣ ਲਈ ਥਾਂ ਦਾ ਕੋਈ ਸੁਆਲ ਹੀ ਨਹੀਂ ਸੀ ਪੈਦਾ



ਹੁੰਦਾ। ਜ਼ਰਾ ਕੁ ਪੈਰ ਟਿਕਾਣ ਨੂੰ ਹੀ ਥਾਂ ਚਾਹੀਦੀ ਸੀ। ਪਰ ਗੱਡੀ ਦੀਆਂ ਜਿਵੇਂ ਉਥੇ ਹੀ ਬਰੇਕਾਂ ਜੰਮ ਗਈਆਂ ਹੋਣ। ਚੱਲਣ ਦਾ ਜਿਵੇਂ ਨਾਂ ਹੀ ਨਹੀਂ ਸੀ ਲੈਂਦੀ। ਡੱਬਿਆਂ ਵਿਚ ਬੈਠੇ ਮਰਦ, ਔਰਤਾਂ ਤੇ ਬੱਚੇ ਘਬਰਾਣ ਲੱਗੇ। ਕੁਰਲਾਹਟ ਦਾ ਜਿਵੇਂ ਪਹਿਲਾ ਸੁਰ ਉੱਠਿਆ ਹੋਵੇ। ਇਤਨੇ ਵਿਚ ਸਟੇਸ਼ਨ ਤੋਂ ਰਤਾ ਦੂਰੋਂ ਕਈ ਢੋਲ ਵੱਜਣ ਦੀ ਆਵਾਜ਼ ਆਈ। ਇਹ ਆਵਾਜ਼ ਜਿਉਂ-ਜਿਉਂ ਨੇੜੇ ਆਉਂਦੀ ਗਈ, ਇਸ ਨਾਲ ਹੋਰ ਕਈ ਭਿਆਨਕ ਡਰਾਉਣੀਆਂ ਚਾਂਬੜਾਂ ਰਲਦੀਆਂ ਗਈਆਂ। ਏਧਰ ਗੱਡੀ ਵਿਚ ਬੈਠੇ ਲੋਕਾਂ ਵਿਚ ਹਫੜਾ ਤਫੜੀ ਫੈਲ ਗਈ। ਮਾਵਾਂ ਨੇ ਆਪਣੇ ਪੁੱਤਰ ਆਪਣੀਆਂ ਛਾਤੀਆਂ ਨਾਲ ਲਾ ਲਏ। ਆਦਮੀਆਂ ਨੇ ਮੁੱਠ ਦਾ ਮਾਲ ਹੋਰ ਕਾਬੂ ਵਿਚ ਕਰ ਲਿਆ। ਹਰ ਪਾਸੇ ਚੀਕ ਚਿਹਾੜਾ ਪੈਣ ਲੱਗਾ। ਪਲੇਟ-ਫ਼ਾਰਮ ਉੱਤੇ ਛਵੀਆਂ ਤੇ ਬਲਮਾਂ ਹੀ ਦਿਖਾਈ ਦੇਣ ਲੱਗੀਆਂ। ਮਸ਼ਾਲਾਂ ਇੱਧਰੋਂ ਉਧਰ ਦੌੜ ਰਹੀਆਂ ਸਨ। ਹਰ ਪਾਸੇ ਇਕ ਕੁਰਲਾਹਟ ਮਚ ਗਈ। ਜੱਟਾਂ ਨੇ ਸਾਰੀ ਗੱਡੀ ਲੁੱਟ ਗਈ। ਜੋ ਉਨ੍ਹਾਂ ਦੇ ਸਾਹਮਣੇ ਆਇਆ, ਉਸ ਨੂੰ ਵੱਢ ਟੁੱਕ ਦਿੱਤਾ। ਡੱਬੇ ਲੋਥਾਂ ਨਾਲ ਭਰ ਗਏ। ਲਹੂ ਵਗ ਵਗ ਕੇ ਫਰਸ਼ ਉੱਤੇ ਜੰਮ ਗਿਆ। ਕਿਸੇ ਨੂੰ ਕੋਈ ਪਤਾ ਨਹੀਂ ਕਿ ਕੌਣ ਬਚਿਆ ਹੈ। ਜਿਹੜਾ ਕੋਈ ਬਚ ਵੀ ਗਿਆ, ਉਸ ਨੇ ਵੀ ਆਪਣੇ ਆਪ ਨੂੰ ਮਰਿਆਂ ਵਿਚ ਗਿਣ ਲਿਆ ਤੇ ਸਾਹ ਬੰਦ ਕਰ ਕੇ ਪਿਆ ਰਿਹਾ। ਡਰਦਾ ਕੋਈ ਉਭਾਸਦਾ ਨਹੀਂ ਸੀ।

ਜਦ ਅਗਲੇ ਦਿਨ ਗੱਡੀ ਅੰਮ੍ਰਿਤਸਰ ਪਹੁੰਚੀ, ਸਟੇਸ਼ਨ ’ਤੇ ਕਈ ਸੋਸਾਇਟੀਆਂ ਦੇ ਸੇਵਾਦਾਰ ਰੋਟੀ ਪਾਣੀ ਲੈ ਕੇ ਪਹੁੰਚ ਗਏ। ਜਦ ਉਨ੍ਹਾਂ ਗੱਡੀ ਵਿਚ ਹੋਏ ਕਤਲੇਆਮ ਨੂੰ ਵੇਖਿਆ ਤਾਂ ਇਕ ਕੁਹਰਾਮ ਮੱਚ ਗਿਆ। ਮੋਹਨ ਲਾਲ ਵੀ ਫੱਟੜ ਹੋ ਗਿਆ ਸੀ, ਪਰ ਹੋਸ਼ ਵਿਚ ਸੀ। ਮਾਇਆ ਵੰਤੀ ਇਕ ਗੁੱਠੇ ਡੌਰ ਭੌਰ ਹੋਈ ਬੈਠੀ ਸੀ। ਉਨ੍ਹਾਂ ਨੇ ਇਕ ਦੂਜੇ ਨੂੰ ਪਹਿਲੀ ਵਾਰੀ ਤੱਕਿਆ। ਰੋ ਰੋ ਕੇ ਜਿਵੇਂ ਉਨ੍ਹਾਂ ਦੇ ਹੰਝੂ ਅੱਖਾਂ ਵਿਚ ਹੀ ਸੁੱਕ ਗਏ ਸਨ। ਉਨ੍ਹਾਂ ਨੇ ਬੱਚਿਆਂ ਨੂੰ ਸੰਭਾਲਿਆ। ਨਿੱਕੇ ਕ੍ਰਿਸ਼ਨ ਦਾ ਸਿਰ ਵੱਖਰਾ ਪਿਆ ਸੀ ਤੇ ਧੜ ਵੱਖਰਾ । ਸੋਹਨ ਲਾਲ ਬੈਂਚ ਦੇ ਹੇਠਾਂ ਦਬਕ ਕੇ ਲੇਟਿਆ ਹੋਇਆ ਸੀ। ਮਾਇਆ ਵੰਤੀ ਨੇ ਉਸ ਨੂੰ ਹਿੱਕ ਨਾਲ ਲਾ ਲਿਆ। ਹੁਣ ਕਾਂਤਾ ਦੀ ਭਾਲ ਸ਼ੁਰੂ ਹੋਈ। ਮੋਹਨ ਲਾਲ ਦੇ ਪੈਰ ਫਰਸ਼ ਉੱਪਰ ਜੰਮੇ ਖ਼ੂਨ ਨਾਲ ਲਿਬੜੇ ਗਏ। ਉਨ੍ਹਾਂ ਨੇ ਇਕ ਇਕ ਲਾਸ਼ ਨੂੰ ਧਿਆਨ ਨਾਲ ਵੇਖਿਆ। ਉਹ ਕਿਧਰੇ ਵਿਖਾਈ ਨਾ ਦਿੱਤੀ। ਮਾਇਆ ਵੰਤੀ ਜਿਉਂਦੀ ਹੀ ਮਰ ਗਈ। ਪ੍ਰਤੱਖ ਸੀ ਕਿ ਉਨ੍ਹਾਂ ਦੀ ਕਾਂਤਾਂ ਨੂੰ ਹੈਂਸਿਆਰੇ ਚੁੱਕ ਕੇ ਲੈ ਗਏ ਸਨ। ਉਸ ਵੇਲੇ ਉਹ ਮਸਾਂ 12-13 ਵਰ੍ਹਿਆਂ ਦੀ ਹੋਵੇਗੀ। ਜ਼ਿੰਦਗੀ ਦਾ ਇਤਨਾ ਵੱਡਾ ਜ਼ਖ਼ਮ ਕਿਵੇਂ ਮਿਲੇਗਾ? ਮੋਹਨ ਲਾਲ ਨੇ ਕ੍ਰਿਸ਼ਨ ਦੇ ਸਿਰ ਨੂੰ ਚੁੱਕ ਕੇ ਚੁੰਮ ਲਿਆ। ਮਾਇਆ ਵੰਤੀ ਨੇ ਅੱਖਾਂ ਵਿਚ ਘਸੁੰਨ ਵੱਟ ਵੱਟ ਮਾਰੇ, ਪਰ ਵਿਚੋਂ ਇਕ ਹੰਝੂ ਵੀ ਨਾ ਨਿਕਲਿਆ। ਕਿਤਨਾ ਵੱਡਾ ਸੱਲ ਸੀ।

ਹਨੇਰੀ ਵਿਚ ਉੱਡਦੇ ਤੀਲਿਆਂ ਵਾਂਗ ਉਹ ਦਿੱਲੀ ਪਹੁੰਚ ਗਏ। ਹੌਲੀ-ਹੌਲੀ ਜ਼ਿੰਦਗੀ ਦੀ ਸੁਰ ਥਰਕਣ ਲੱਗੀ। ਮੋਹਨ ਲਾਲ ਨੇ ਚਾਂਦਨੀ ਚੌਕ ਵਿਚ ਘੜੀਆਂ ਦੀ ਦੁਕਾਨ ਖੋਲ੍ਹ ਲਈ ਸੀ। ਉਸ ਦਾ ਕੰਮ ਵਾਹਵਾ ਚੱਲ ਪਿਆ ਸੀ। ਸੋਹਨ ਲਾਲ ਹੁਣ ਬੀ. ਏ. ਕਰ ਚੁਕਾ ਸੀ ਤੇ ਕੁਝ ਚਿਰ ਤੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ ਇਕ ਚੰਗੀ ਪਦਵੀ ਤੇ ਕੰਮ ਕਰ ਰਿਹਾ ਸੀ। ਅੱਠਾਂ ਸਾਲਾਂ ਵਿਚ ਵੀ ਚੰਦਰ ਕਾਂਤਾ ਵਾਲੇ ਜ਼ਖ਼ਮ ਉੱਪਰ ਅੰਗੂਰ ਨਾ ਫੁੱਟਿਆ। ਉਸ ਵਿਚੋਂ ਗੰਦਾ ਖ਼ੂਨ ਸਿੰਮਦਾ ਰਿਹਾ ਤੇ ਮਾਇਆ ਵੰਤੀ ਨੂੰ ਕੜਵੱਲ ਪੈਂਦੇ ਰਹੇ।

ਕੋਈ ਅਜਿਹਾ ਸਾਧਨ ਨਹੀਂ ਸੀ ਜਿਹੜਾ ਮੋਹਨ ਲਾਲ ਨੇ ਆਪਣੀ ਧੀ ਚੰਦਰ ਕਾਂਤਾ ਨੂੰ ਲੱਭਣ ਲਈ ਨਾ ਵਰਤਿਆ ਹੋਵੇ। ਉਹ ਹੋਮ ਮਨਿਸਟਰ ਨੂੰ ਮਿਲਿਆ। ਉਸ ਕੋਲੋਂ ਪਾਕਿਸਤਾਨ ਦੇ ਹੋਮ ਮਨਿਸਟਰ ਨੂੰ ਖ਼ਾਸ ਚਿੱਠੀ ਲਿਖਵਾਈ ਕਿ ਉਹ ਆਪਣੇ ਰੀਕਵਰੀ ਸਟਾਫ ਰਾਹੀਂ ਕਾਂਤਾ ਦੀ ਭਾਲ ਕਰੇ। ਫਿਰ ਸੋਹਨ ਲਾਲ ਨੇ ਡਿਪਟੀ ਕਮਿਸ਼ਨਰ ਰਾਹੀਂ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਕਹਿਲਵਾਇਆ ਕਿ ਉਸ ਦੀ ਭੈਣ ਨੂੰ ਲੱਭਣ ਦਾ ਹਰ ਸੰਭਵ ਯਤਨ ਕੀਤਾ ਜਾਵੇ। ਹਾਈ ਕਮਿਸ਼ਨਰ ਨੇ ਆਪਣੀ ਗੌਰਮਿੰਟ ਨੂੰ ਕਹਿ ਕੇ ਪਕਿਸਤਾਨ ਦੇ ਅਖ਼ਬਾਰਾਂ ਵਿਚ ਇਨਾਮ ਤੇ ਇਸ਼ਤਿਹਾਰ ਵੀ ਦਿੱਤੇ। ਇਨ੍ਹਾਂ ਅੱਠ ਵਰ੍ਹਿਆਂ ਵਿਚ ਉਨ੍ਹਾਂ ਦੇ ਜ਼ਿਲ੍ਹੇ ਦੀਆਂ ਉਧਾਲੀਆਂ ਹੋਈਆਂ ਕਈ ਕੁੜੀਆਂ ਬਰਾਮਦ ਹੋ ਗਈਆਂ ਸਨ। ਇਕ ਦੋ ਕੋਲੋਂ ਤਾਂ ਮਾਇਆ ਵੰਤੀ ਨੂੰ ਚੰਦਰ ਕਾਂਤਾ ਬਾਰੇ ਕਨਸੋਅ ਵੀ ਮਿਲੀ ਕਿ ਉਸ ਨੂੰ ਚੌਧਰੀ ਨੇ ਘਰ ਬਿਠਾਇਆ ਹੋਇਆ ਹੈ। ਇਹ ਸੁਣ ਕੇ ਉਨ੍ਹਾਂ ਨੇ ਆਪਣੀ ਭਾਲ ਹੋਰ ਤਿੱਖੀ ਕਰ ਦਿੱਤੀ, ਪਰ ਕੋਈ ਸਫ਼ਲਤਾ ਨਾ ਹੋਈ।

ਮਾਇਆ ਵੰਤੀ ਆਪਣੇ ਪੇਟ ਵਿਚ ਘਸੁੰਨ ਦੇ ਦੇ ਕੇ ਰੋਂਦੀ, 'ਇਸ ਨਾਲੋਂ ਤਾਂ ਕਾਂਤੋ ਮਰ ਹੀ ਜਾਂਦੀ, ਗੱਡੀ ਵਿਚ ਵੱਢੀ ਜਾਂਦੀ।' ਫਿਰ ਰੱਬ ਅੱਗੇ ਸੁਖਣਾ ਮੰਗਦੀ, 'ਹੇ ਭਗਵਾਨ! ਮੈਨੂੰ ਉਸ ਦੀ ਮਰੀ ਹੋਈ ਦੀ ਖ਼ਬਰ ਸੁਣਾ। ਕਿਧਰੇ ਉਸ ਦੀ ਬਹਿਲੋਲ ਪੁਰ ਦੇ ਚੌਧਰੀ ਨਿਸਾਰ ਅਹਿਮਦ ਦੇ ਘਰ ਬੈਠ ਦੀ ਖ਼ਬਰ ਅਸਲੋਂ ਹੀ ਨਿਰਮੂਲ ਹੋਵੇ।' ਪਰ ਉਹ ਦਿਲ ਦਾ ਕੀ ਕਰਦੀ ਜਿਸ ਵਿਚ ਹਰ ਵੇਲੇ ਚੰਦਰ ਕਾਂਤਾ ਦਾ ਨਾਂ ਜੱਪਿਆ ਜਾਂਦਾ ਸੀ। ਚੰਦਰ ਕਾਂਤਾ ਜਿਹੜੀ ਕਿ ਉਸਨੂੰ ਆਪਣੇ ਦੋਵੇਂ ਪੁੱਤਰਾਂ ਨਾਲੋਂ ਪਿਆਰੀ ਸੀ। ਕਾਂਤਾ ਜਿਸਨੂੰ ਕਿ ਉਸ ਨੇ ਤਲੀ ਉੱਪਰ ਹੋਏ ਛਾਲੇ ਵਾਂਗ ਪਾਲਿਆ ਸੀ ਤੇ ਜਿਸ ਨੂੰ ਉਹ ਤੱਤੀ ਵਾ ਲੱਗਣਾ ਵੀ ਚਿਤਵ ਨਹੀਂ ਸੀ ਸਕਦੀ 'ਕਾਂਤੋ ਦੀਏ ਬੱਚੀਏ! ਇਸ ਨਾਲੋਂ ਤਾਂ ਜੰਮਦੀ ਹੀ ਮਰ ਜਾਂਦੀਓਂ ਜਾਂ ਮੈਂ ਹੀ ਤੈਨੂੰ ਜੰਮ ਕੇ ਮਾਰ ਦਿੰਦੀ ਤੇ ਇਹ ਦੁੱਖ ਨਾ ਵੇਖਦੀ।' ਇਹ ਆਖ ਕੇ ਉਹ ਮੁੜ ਡੁਸਕਣ ਲੱਗ ਜਾਂਦੀ। ਉਸ ਦਾ ਲੜਕਾ ਸੋਹਨ ਲਾਲ ਜੋ ਅਜੇ ਦਫ਼ਤਰੋਂ ਆਇਆ ਹੀ ਸੀ, ਮਾਂ ਨੂੰ ਧਰਵਾਸ ਦੇਣ ਲੱਗਾ।

ਜਿਵੇਂ ਇਕ ਮੱਛਰ ਨੇ ਈਸ਼ਰ ਦਾਸ ਨੂੰ ਕੱਟ ਖਾਧਾ ਹੋਵੇ। ਉਹ ਅੱਭੜਵਾਹੇ ਚੇਤੰਨ ਹੋ ਗਿਆ। ਉਸ ਨੂੰ ਪਤਾ ਹੀ ਨਾ ਲੱਗਾ ਕਿ ਉਸ ਦੀ ਅੱਖ ਕਿਹੜੇ ਵੇਲੇ ਲੱਗ ਗਈ ਸੀ। ਜਾਗ ਕੇ ਉਹ ਮੁੜ ਮੁੜ੍ਹਕਾ ਪੂੰਝਣ ਲੱਗ ਪਿਆ ਤੇ ਇਕ ਵਾਰੀ ਉਸ 'ਤੇ ਫਿਰ ਨੀਂਦਰ ਦੀ ਮਸਤੀ ਜਿਹੀ ਛਾਣ ਲੱਗੀ।

'ਚਾਚਾ ਜੀ ਤੁਹਾਨੂੰ ਪਿਤਾ ਜੀ ਬੁਲਾਂਦੇ ਪਏ ਨੇ,' ਅਜੇ ਉਹ ਕਚਹਿਰੀਓਂ ਘਰ ਪਰਤਿਆ ਹੀ ਸੀ ਕਿ ਮੋਹਨ ਲਾਲ ਦਾ ਲੜਕਾ ਉਸਨੂੰ ਬੁਲਾਣ ਲਈ ਆਇਆ, 'ਜ਼ਰਾ ਕੁ ਜਲਦੀ ਆਉ ਮਾਤਾ ਜੀ ਨੂੰ ਦੰਦਲ ਪੈ ਗਈ ਏ।' ਅੱਗੇ ਜੋ ਕੁਝ ਉਸਨੇ ਡਿੱਠਾ ਉਹ ਉਸ ਲਈ ਅਸਲੋਂ ਹੀ ਆਸ ਦੇ ਵਿਰੁੱਧ ਤਾਂ ਨਹੀਂ ਸੀ, ਪਰ ਉਸਨੂੰ ਇਕ ਧੱਕਾ ਜਿਹਾ ਜ਼ਰੂਰ ਲੱਗਾ। ਮਾਇਆ ਵੰਤੀ ਕਿਤਨੇ ਚਿਰ ਤੋਂ ਬੇਹੋਸ਼ ਪਈ ਸੀ। ਮੋਹਨ ਲਾਲ ਉਸ ਦੇ ਮੂੰਹ ਵਿਚ ਚਮਚੇ ਨਾਲ ਪਾਣੀ ਪਾਣ ਦਾ ਯਤਨ ਕਰ ਰਿਹਾ ਸੀ। ਪਰ ਉਸ ਦੇ ਦੰਦਾਂ ਦਾ ਬੀੜ ਨਹੀਂ ਸੀ ਖੁੱਲ੍ਹ ਰਿਹਾ।

ਅੱਜ ਸਵੇਰ ਤੋਂ ਮਾਇਆ ਵੰਤੀ ਚੰਦਰ ਕਾਂਤਾ ਨੂੰ ਯਾਦ ਕਰ ਕਰ ਕੇ ਹੌਕੇ ਭਰੀ ਜਾ ਰਹੀ ਸੀ। ਇਤਨੇ ਵਿਚ ਡਾਕਟਰ ਵੀ ਆ ਗਿਆ। ਉਸ ਨੇ ਮਾਇਆ ਵੰਤੀ ਨੂੰ ਟੀਕਾ



ਲਾਇਆ। ਹਾਲੇ ਉਹ ਟੀਕੇ ਦਾ ਅਸਰ ਵੇਖ ਹੀ ਰਹੇ ਸਨ ਕਿ ਬਾਹਰ ਇਕ ਲਾਰੀ ਆਕੇ ਰੁਕੀ। ਈਸ਼ਰ ਦਾਸ ਕਾਹਲੀ ਕਾਹਲੀ ਉੱਠ ਕੇ ਬਾਹਰ ਗਿਆ। ਉਸਨੇ ਤੱਕਿਆ ਲਾਰੀ ਪੁਲਿਸ ਦੀ ਸੀ ਤੇ ਉਸ ਵਿਚੋਂ ਇਕ ਥਾਣੇਦਾਰ ਨੇ ਬਾਹਰ ਨਿਕਲਕੇ ਉਸ ਕੋਲੋਂ ਪੁੱਛਿਆ, 'ਮੋਹਨ ਲਾਲ ਹੋਰਾਂ ਦਾ ਘਰ ਇਹੋ ਹੈ?' ਹਾਂ ਵਿਚ ਜਵਾਬ ਸੁਣ ਕੇ ਉਸ ਨੇ ਕਿਸੇ ਨੂੰ ਬਾਹਰ ਆਉਣ ਦਾ ਇਸ਼ਾਰਾ ਕੀਤਾ। ਲਾਰੀ ਵਿਚੋਂ ਇਕ ਨੌਜਵਾਨ ਲੜਕੀ ਬੜੀ ਦੁਚਿੱਤੀ ਵਿਚ ਬਾਹਰ ਨਿਕਲੀ ਤੇ ਈਸ਼ਰ ਦਾਸ ਦੇ ਮੂੰਹ ਵੱਲ ਬਿਟ-ਬਿਟ ਤੱਕਣ ਲੱਗੀ। ਇਤਨੇ ਵਿਚ ਮੋਹਨ ਲਾਲ ਵੀ ਅੰਦਰੋਂ ਨਿਕਲ ਆਇਆ। ਉਸ ਨੇ ਚੰਦਰ ਕਾਂਤਾ ਨੂੰ ਤੱਕਿਆ ਤਾਂ ਪਹਿਲਾਂ ਉਸ ਨੂੰ ਆਪਣੀਆਂ ਅੱਖਾਂ ਤੇ ਵਿਸ਼ਵਾਸ ਨਾ ਹੋਇਆ, ਫੇਰ ਉਸ ਨੇ ਬੇਟੀ ਨੂੰ ਸੀਨੇ ਨਾਲ ਘੁੱਟ ਲਿਆ ਤੇ ਉਸ ਦਾ ਮੂੰਹ ਸਿਰ ਚੁੰਮਣ ਲੱਗਾ। ਉਧਰ ਚੰਦਰ ਕਾਂਤਾ ਦੇ ਉਦਾਸ ਚਿਹਰੇ ਉੱਪਰ ਕੋਈ ਭਾਵ ਪ੍ਰੀਵਰਤਨ ਨਾ ਹੋਇਆ। ਉਹ ਉਵੇਂ ਹੀ ਡੌਰ ਭੌਰ ਹੋਈ ਆਲੇ-ਦੁਆਲੇ ਨੂੰ ਵੇਖਦੀ ਰਹੀ। ਮੋਹਨ ਲਾਲ ਉਸ ਨੂੰ ਅੰਦਰ ਲੈ ਗਿਆ। ਮਾਇਆ ਵੰਤੀ ਦੀ ਹੋਸ਼ ਪਰਤਣ ਲੱਗੀ ਸੀ। ਜਦ ਮੋਹਨ ਲਾਲ ਨੇ ਕਿਹਾ, 'ਵੇਖ ਮਾਇਆ! ਕਾਂਤੋ ਆ ਗਈ ਏ।' ਤਾਂ ਜਿਵੇਂ ਉਸ ਨੂੰ ਆਪਣੇ ਕੰਨਾਂ ਉੱਪਰ ਇਤਬਾਰ ਨਾ ਆਇਆ ਹੋਵੇ। ਉਸ ਨੇ ਅੱਖਾਂ ਝਪਕ ਕੇ ਫਿਰ ਖੋਲ੍ਹੀਆਂ। ਸਾਹਮਣੇ ਵਾਕਈ ਚੰਦਰਕਾਂਤਾ ਖੜ੍ਹੀ ਸੀ। ਉਹੀ ਕਾਂਤੋ ਜਿਸ ਦੇ ਵਿਜੋਗ ਵਿਚ ਉਹ ਪਿਛਲੇ ਅੱਠ ਸਾਲਾਂ ਵਿਚ ਆਪਣੀ ਸਿਹਤ ਨਾਸ ਕਰ ਬੈਠੀ ਸੀ। ਹਾਂ ਇਹ ਉਹੀ ਚੰਦਰ ਕਾਂਤਾ ਸੀ ਜਿਸ ਦੇ ਦੁੱਖ ਨੂੰ ਉਸ ਦੀ ਮਾਂ ਨਹੀਂ ਸੀ ਭੁੱਲ ਸਕੀ, ਭਾਵੇਂ ਉਹ ਆਪਣੇ ਪੁੱਤਰ ਕ੍ਰਿਸ਼ਨ ਦੇ ਵਿਛੋੜੇ ਦਾ ਭਾਣਾ ਮੰਨ ਚੁਕੀ ਸੀ। ਚੰਦਰ ਕਾਂਤਾ ਮਾਂ ਵੱਲ ਬਰੂਣੀਆਂ ਅੱਖਾਂ ਨਾਲ ਵੇਖਣ ਲੱਗ ਪਈ। ਓੜਕ ਮਾਂ ਨੇ ਉਠਕੇ ਉਸ ਨੂੰ ਹਿੱਕ ਨਾਲ ਲਾ ਲਿਆ। ਅੱਜ ਕਈ ਸਾਲਾਂ ਪਿਛੋਂ ਉਸਦੀਆਂ ਅੱਖਾਂ ਵਿਚ ਅੱਥਰੂਆਂ ਦਾ ਹੜ੍ਹ ਆ ਗਿਆ। ਮਾਇਆ ਵੰਤੀ ਦੀਆਂ ਅੱਖਾਂ ਦੇ ਓਲ੍ਹ ਜੋ ਬਿਲਕੁਲ ਸੁੱਕ ਚੁਕੇ ਸਨ, ਹੁਣ ਇਕ ਦਮ ਭਰਕੇ ਵਹਿਣ ਲੱਗੇ ਤੇ ਉਨ੍ਹਾਂ ਵਿਚੋਂ ਹੰਝੂਆਂ ਦੀਆਂ ਦੋ ਨਸਾਰਾਂ ਵਹਿ ਤੁਰੀਆਂ। ਪਰ ਕਾਂਤਾ ਤਾਂ ਠੰਡੀ ਯਖ ਸੀ, ਜਿਵੇਂ ਉਸ ਨੇ ਘਰ ਦੇ ਕਿਸੇ ਜੀ ਨੂੰ ਵੀ ਪਛਾਣਿਆਂ ਨਾ ਹੋਵੇ। ਆਪਣੇ ਭਰਾ ਸੋਹਨ ਲਾਲ ਨੂੰ ਵੀ ਉਹ ਕੋਈ ਚੱਜ ਦਾ ਨਾ ਮਿਲੀ। ਮਾਂ ਨੇ ਉਸ ਨੂੰ ਘੋਲ ਘੁਮਾਈਆਂ ਕਰਦਿਆਂ ਆਪਣੇ ਮੰਜੇ ਤੇ ਬਿਠਾ ਲਿਆ।

ਇਤਨੇ ਵਿਚ ਕਿਸੇ ਨੂੰ ਖਿਆਲ ਆਇਆ ਕਿ ਥਾਣੇਦਾਰ ਹਾਲੇ ਖਲੋਤਾ ਹੀ ਹੈ। ਮੋਹਨ ਲਾਲ ਨੇ ਉਸ ਨੂੰ ਤੇ ਉਸ ਦੇ ਨਾਲ ਦੇ ਹੋਰ ਤਿੰਨ ਆਦਮੀਆਂ ਨੂੰ ਆਦਰ ਨਾਲ ਬਿਠਾਇਆ। ਰੋਸ਼ਨ ਕਪੂਰ ਰੀਕਵਰੀ ਸਟਾਫ ਵਿਚ ਸੀ ਤੇ ਉਸਨੇ ਆਪ ਚੰਦਰ ਕਾਂਤਾ ਨੂੰ ਬਰਾਮਦ ਕਰਨ ਲਈ ਛਾਪਾ ਮਾਰਿਆ ਸੀ। ਉਹ ਹੌਲੀ ਹੌਲੀ ਸਾਰੀ ਗੱਲ ਸੁਨਾਣ ਲੱਗਾ। ਇਤਨੇ ਵਿਚ ਚਾਹ ਬਣ ਗਈ ਤੇ ਸਾਰੇ ਟੱਬਰ ਨੇ ਖੁਸ਼ੀ ਖੁਸ਼ਾਈਂ ਉਨ੍ਹਾਂ ਨੂੰ ਪਿਲਾਈ। ਗੱਲਾਂ ਦਾ ਸਿਲਸਿਲਾ ਕਾਫੀ ਦੇਰ ਤੱਕ ਚੱਲਦਾ ਰਿਹਾ। ਇਸ ਸਾਰੇ ਦੌਰਾਨ ਵਿਚ ਚੰਦਰ ਕਾਂਤਾ ਗੁੰਮ ਸੁੰਮ ਬੈਠੀ ਰਹੀ ਜਿਵੇਂ ਉਹ ਆਪਣੇ ਘਰ ਨਾ ਆਈ ਹੋਵੇ ਤੇ ਕਿਸੇ ਓਪਰੇ ਘਰ ਵਿਚ ਬੈਠੀ ਹੋਵੇ। ਨਾ ਉਸ ਦੇ ਚਿਹਰੇ ਤੇ ਕੋਈ ਖੇੜੇ ਦੀ ਲੀਕ ਉੱਭਰੀ ਤੇ ਨਾ ਹੀ ਉਸ ਦੀਆਂ ਅੱਖਾਂ ਵਿਚੋਂ ਪਾਣੀ ਸਿੰਮਿਆ। ਜਿਤਨੀ ਦੇਰ ਥਾਣੇਦਾਰ ਗੱਲਾਂ ਕਰਦਾ ਰਿਹਾ, ਉਹ ਸਿਰ ਹੇਠਾਂ ਸੁੱਟ ਕੇ ਨਿੰਮੋਝੂਣ ਬੈਠੀ ਰਹੀ, ਪਰ ਵਿਚ ਮਾਇਆ ਵੰਤੀ ਉਸ ਦੇ ਸਿਰ ਨੂੰ ਕਦੇ ਕਦੇ ਪਲੋਸ ਲੈਂਦੀ।

ਬਰਾਂਡੇ ਵਿਚ ਕਿਸੇ ਦੇ ਪੈਰਾਂ ਦੀ ਦਗੜ ਦਗੜ ਦੀ ਆਵਾਜ਼ ਆਈ ਤੇ ਈਸ਼ਰ

ਦਾਸ ਦਾ ਸੁਪਨ-ਜਾਲ ਟੁੱਟ ਗਿਆ। ਗਰਮੀ ਉਸਨੂੰ ਅਜੇ ਵੀ ਬੇਹਾਲ ਕਰ ਰਹੀ ਸੀ। ਉਹ ਬਨੈਣ ਦੀ ਪੱਖੀ ਬਣਾ ਕੇ ਮੂੰਹ ਤੇ ਝੱਲ ਮਾਰਨ ਲੱਗਾ ਸੀ। ਢਲਦੀ ਦੁਪਹਿਰ ਦੀ ਤਿੱਖੀ ਤਪਸ਼ ਨਾਲ ਉਸਨੂੰ ਫਿਰ ਉਂਘਲਾਣ ਜਿਹੀ ਮਹਿਸੂਸ ਹੋਣ ਲੱਗੀ।

ਕੁਝ ਦਿਨਾਂ ਵਿਚ ਹੀ ਮਾਇਆ ਵੰਤੀ ਦਾ ਉਤਸ਼ਾਹ ਮੱਠਾ ਪੈ ਗਿਆ। ਹੁਣ ਚੰਦਰ ਕਾਂਤਾ ਨਾਲ ਸਦਕੇ ਘੋਲੇ ਜਾਣ ਦੇ ਥਾਵੇਂ ਉਹ ਕਿਸੇ ਕਿਸੇ ਵੇਲੇ ਖਿੱਚੀ ਖਿੱਚੀ ਅਨੁਭਵ ਕਰਨ ਲੱਗੀ। ਚੰਦਰ ਕਾਂਤਾ ਨੇ ਵਰ੍ਹਿਆਂ ਦੀ ਸਾਰੀ ਵਿਥਿਆ ਪਲਾਂ ਵਿਚ ਸੁਣਾ ਦਿੱਤੀ ਸੀ, ਪਰ ਆਪਣਾ ਦਿਲ ਕਿਸੇ ਅੱਗੇ ਨਹੀਂ ਸੀ ਖੋਲ੍ਹਿਆ।

'ਜਦ ਉਹ ਡੱਬੇ ਵਿਚ ਛਵੀਆਂ ਲਿਸ਼ਕਾਂਦੇ ਤੇ ਅੱਲਾ ਹੂ ਅਕਬਰ ਕਰਦੇ ਚੜ੍ਹੇ ਤਾਂ ਮੇਰੀਆਂ ਚੀਕਾਂ ਨਿਕਲ ਗਈਆਂ। ਕ੍ਰਿਸ਼ਨ ਮੇਰੇ ਕੋਲ ਬੈਠਾ ਸੀ, ਉਹ ਮੇਰੇ ਉੱਤੇ ਡਿੱਗਣ ਲੱਗਾ। ਇਕ ਦੈਂਤ ਨੇ ਉਸ ਨੂੰ ਹੱਥ ਨਾਲ ਆਪਣੇ ਵੱਲ ਘਸੀਟਿਆ ਤੇ ਦੂਜੇ ਨੇ ਗੰਡਾਸੇ ਨਾਲ ਉਸ ਦੀ ਧੌਣ ਵੱਖਰੀ ਕਰ ਦਿੱਤੀ। ਮੇਰੀ ਬਕਰਾਟ ਨਿਕਲ ਗਈ। ਇਕ ਨੇ ਮੈਨੂੰ ਗੁੱਤੋਂ ਪਕੜ ਕੇ ਡੱਬਿਓਂ ਬਾਹਰ ਘਸੀਟਣਾ ਸ਼ੁਰੂ ਕਰ ਦਿੱਤਾ। ਮੈਨੂੰ ਚੀਕਦੀ ਚਿਲਾਂਦੀ ਨੂੰ ਕੋਈ ਹੋਸ਼ ਹੀ ਨਾ ਰਹੀ।

ਤੇ ਜਿਸ ਵੇਲੇ ਮੈਨੂੰ ਹੋਸ਼ ਆਈ, ਮੈਂ ਆਪਣੇ ਆਪ ਨੂੰ ਇਕ ਘਰ ਵਿਚ ਮੰਜੇ ਤੇ ਲੇਟਿਆ ਵੇਖਿਆ। ਮੇਰੇ ਕੋਲ ਇਕ ਹੋਰ ਤੀਵੀਂ ਬੈਠੀ ਸੀ। ਉਸਨੇ ਮੈਨੂੰ ਪਾਣੀ ਪੀਣ ਲਈ ਦਿੱਤਾ। ਉਸ ਵੱਲ ਵੇਖਕੇ ਮੇਰੀ ਚੀਕ ਨਿਕਲ ਗਈ ਤੇ ਮੈਂ ਮੁੜ ਅੱਖਾਂ ਮੀਟ ਲਈਆਂ, ਜਿਵੇਂ ਉਸ ਦੀ ਹੋਂਦ ਅਤੇ ਆਪਣੇ ਆਲੇ-ਦੁਆਲੇ ਨੂੰ ਮੰਨਣ ਤੋਂ ਇਨਕਾਰੀ ਹੋਵਾਂ। ਉਹ ਤੀਵੀਂ ਮੈਨੂੰ ਪੱਖਾ ਝੱਲਦੀ ਰਹੀ। ਕੁਝ ਦਿਨ ਮੇਰੇ ਇਸੇ ਤਰ੍ਹਾਂ ਅਨਮੰਨੇ ਵਿਚ ਭੁੱਖਿਆਂ ਤਿਰਹਾਇਆਂ ਲੰਘ ਗਏ। ਕਦੇ-ਕਦੇ ਕੋਈ ਗੱਭਰੂ ਜਿਹਾ ਮੁੰਡਾ ਵੀ ਮੇਰੇ ਵੱਲ ਝਾਤੀ ਮਰ ਜਾਂਦਾ। ਮੈਂ ਆਪਣਾ ਸਿਰ ਗੋਡਿਆਂ ਵਿਚ ਦੇ ਲੈਂਦੀ। ਮੇਰੇ ਹੰਝੂ ਪਤਾ ਨਹੀਂ ਕਿਹੜੇ ਥਲਾਂ ਵਿਚ ਗੁਆਚ ਚੁਕੇ ਸਨ। ਓੜਕ ਹੌਲੀ ਹੌਲੀ ਮੈਂ ਪਰਚਦੀ ਗਈ ਤੇ ਮੈਨੂੰ ਆਪਣੇ ਆਪ ਨਾਲ ਸਮਝੌਤਾ ਕਰਨਾ ਪਿਆ। ਮੈਨੂੰ ਪਤਾ ਲੱਗ ਚੁਕਾ ਸੀ ਕਿ ਸੁਖੇ ਕੀ ਮੰਡੀ ਤੋਂ ਚੁੱਕ ਕੇ ਮੈਨੂੰ ਬਹਿਲੋਲ ਪੁਰ ਵਿਚ ਲਿਆਂਦਾ ਗਿਆ ਹੈ ਤੇ ਮੈਂ ਇਥੋਂ ਦੇ ਜ਼ੈਲਦਾਰ ਚੌਧਰੀ ਗ਼ੁਲਾਮ ਕਾਦਰ ਦੇ ਘਰ ਵਿਚ ਹਾਂ। ਚੌਧਰੀ ਸਾਹਿਬ ਦੀ ਬੇਗਮ ਹੀ ਇਤਨੇ ਦਿਨ ਮੇਰੇ ਕੋਲ ਬੈਠੀ ਰਹੀ ਸੀ। ਉਸ ਦੀਆਂ ਅੱਖਾਂ ਵਿਚੋਂ ਹਮਦਰਦੀ ਝਾਕਦੀ ਸੀ। ਪਰ ਮੈਂ ਤਾਂ ਆਪਣੇ ਭੂਤ ਅਤੇ ਸੰਸਕਾਰਾਂ ਨਾਲੋਂ ਤਰੁੰਡੀ ਹੋਈ ਸਾਂ ਸਹਿਜੇ ਕੀਤੇ ਵਿਸ਼ਵਾਸ ਨਹੀਂ ਸੀ ਆਉਂਦਾ।

ਹੌਲੀ-ਹੌਲੀ ਮੇਰੇ ਉਤੇ ਸਾਰਾ ਭੇਤ ਖੁੱਲ੍ਹਿਆ ਤੇ ਇਹ ਅਹਿਸਾਸ ਵੀ ਹੋਇਆ ਕਿ ਮੈਂ ਹੁਣ ਇੱਥੋਂ ਬਚਕੇ ਕਦੇ ਆਪਣੇ ਮਾਪਿਆਂ ਪਾਸ ਨਹੀਂ ਜਾ ਸਕਦੀ। ਮੇਰੀ ਫੜਫੜਾਹਟ ਵਿਚੋਂ ਜੋਸ਼ ਤੇ ਸ਼ਕਤੀ ਘਟਦੀ ਗਈ। ਰਹਿਮਤਾਂ ਬੀਬੀ ਨੇ ਮੇਰੇ ਨਾਲ ਪਿਆਰ ਭਰਿਆ ਸਲੂਕ ਕੀਤਾ ਤੇ ਮਰੇ ਦੁੱਖ ਨੂੰ ਭੁਲਾਣ ਦਾ ਤਰਲਾ ਲਿਆ। ਵੱਡੇ ਚੌਧਰੀ ਸਾਹਿਬ ਨੇ ਵੀ ਮੇਰੇ ਸਿਰ ਉੱਤੇ ਸ਼ਫਕਤ ਭਰਿਆ ਹੱਥ ਰੱਖਿਆ ਤੇ ਇੰਜ ਵਰ੍ਹਿਆਂ ਤੇ ਵਰ੍ਹੇ ਬੀਤਣ ਲੱਗੇ।'

ਹਵਾ ਦਾ ਇਕ ਤਿੱਖਾ ਫ਼ਰਾਟਾ ਆਇਆ ਤੇ ਬਾਰੀ ਦੇ ਤਾਕ ਇਕ ਦੂਜੇ ਨਾਲ ਜ਼ੋਰ ਦੀ ਵੱਜੇ। ਬਲਦੀ ਮੁਆਤੀ ਵਾਂਗ ਲੂ ਦਾ ਫ਼ਰਾਟਾ ਈਸ਼ਰ ਦਾਸ ਦੇ ਪਿੰਡੇ ਨੂੰ ਸਾੜ ਗਿਆ ਤੇ ਉਹ 'ਹੇ ਰਾਮ' ਕਰਦਾ ਮੁੜ੍ਹਕਾ ਪੂੰਝਦਾ ਪੂੰਝਦਾ ਫਿਰ ਝੌਂਕਣ ਲੱਗ ਪਿਆ।



ਈਸ਼ਰ ਦਾਸ ਦੀ ਲੜਕੀ ਸੰਤੋਸ਼ ਨੇ ਉਸ ਨੂੰ ਕਈ ਵਾਰ ਦੱਸਿਆ ਸੀ ਕਿ ਕਾਂਤਾ ਹਰ ਵੇਲੇ ਬੜੀ ਉਦਾਸ ਰਹਿੰਦੀ ਹੈ ਤੇ ਕਿਸੇ ਨਾਲ ਗੱਲਬਾਤ ਤੱਕ ਨਹੀਂ ਕਰਦੀ। ਉਸ ਦੀਆਂ ਅੱਖਾਂ ਹਰ ਵੇਲੇ ਪਥਰਾਈਆਂ ਰਹਿੰਦੀਆਂ ਹਨ ਅਤੇ ਉਸ ਦੇ ਚਿਹਰੇ ਉੱਪਰ ਉਪਰਾਮਤਾ ਦੀ ਇਕ ਮੋਟੀ ਤਹਿ ਜੰਮੀ ਹੁੰਦੀ ਹੈ।

ਇਕ ਦਿਨ ਸੰਤੋਸ਼ ਨੇ ਕਾਂਤਾ ਨੂੰ ਘੇਰ ਲਿਆ, 'ਕਾਂਤਾ! ਨੀ ਤੂੰ ਤਾਂ ਕਦੇ ਬਾਹਰ ਹੀ ਨਹੀਂ ਨਿਕਲਦੀ। ਇਸ ਤਰ੍ਹਾਂ ਕਦ ਤੱਕ ਚਲੇਂਗੀ?'

ਅੱਗੋਂ ਇਕ ਸੁੰਨੀ ਚੁੱਪ! ਸੰਤੋਸ਼ ਦੇ ਮੁੜ ਮੁੜ ਪੁੱਛਣ ਤੇ ਇਹ ਗਿਣਿਆ ਮਿਥਿਆ ਜਵਾਬ, 'ਕੀ ਕਰਾਂ? ਦਿਲ ਹੀ ਨਹੀਂ ਕਰਦਾ। ਇਸ ਦਾ ਕੀ ਕਰਾਂ? ਨਾਲੇ ਲੋਕੀਂ ਮੇਰੇ ਵੱਲ ਵੇਖਕੇ ਦਬੀ ਜ਼ਬਾਨ ਵਿਚ ਘੁਸਰ ਮੁਸਰ ਕਰਨ ਲੱਗ ਜਾਂਦੇ ਹਨ। ਉਸ ਵੇਲੇ ਮੇਰਾ ਜੀ ਕਰਦਾ ਹੈ ਮੈਂ ਫੌਰਨ ਮਰ ਜਾਵਾਂ।'

ਸੰਤੋਸ਼ ਨੇ ਉਸ ਨੂੰ ਧਰਵਾਸ ਦਿੰਦਿਆਂ ਕਿਹਾ, 'ਕਦੇ ਸਾਡੇ ਘਰ ਆ ਜਾਇਆ ਕਰ, ਦਿਲ ਲੱਗ ਜਾਂਦਾ ਹੈ।'

ਇਸ ਤਰ੍ਹਾਂ ਉਹ ਦੋਵੇਂ ਕੁੜੀਆਂ ਇਕ ਦੂਜੇ ਦੇ ਨੇੜੇ ਹੋ ਗਈਆਂ।

ਇਕ ਦਿਨ ਕਾਂਤਾ ਨੂੰ ਸੰਤੋਸ਼ ਨੇ ਉਦਾਸੀ ਦਾ ਕਾਰਨ ਪੁੱਛ ਹੀ ਲਿਆ। ਉਹ ਕਿਸੇ ਮੂਡ ਵਿਚ ਸੀ, ਕਹਿਣ ਲੱਗੀ – ਕੇਵਲ ਇਕ ਸ਼ਰਤ ਤੇ ਤੋਸ਼ੀ ਕਿ ਕਿਸੇ ਨਾਲ ਗੱਲ ਨਾ ਕਰੇਂ। ਦੋ ਤਿੰਨ ਸਾਲ ਮੈਂ ਚੌਧਰੀ ਗ਼ੁਲਾਮ ਕਾਦਰ ਦੇ ਘਰ ਆਰਾਮ ਵਿਚ ਹੀ ਰਹੀ। ਉਨ੍ਹਾਂ ਨੇ ਮੈਨੂੰ ਕਦੇ ਤੰਗ ਨਹੀਂ ਕੀਤਾ। ਮੇਰਾ ਨਾਂ ਬਦਲ ਕੇ ਉਨ੍ਹਾਂ ਨੇ ਸਈਦਾ ਖ਼ਾਤੂਨ ਰੱਖ ਲਿਆ। ਇਸ ਗੱਲ ਦੀ ਮੈਨੂੰ ਵੀ ਪੂਰੀ ਸੂਝ ਆ ਗਈ ਸੀ ਕਿ ਮੈਂ ਹੁਣ ਇਥੋਂ ਦੀ ਮਿੱਟੀ ਨਾਲ ਹੀ ਰਲਣਾ ਹੈ। ਰਹਿਮਤ ਬੀਬੀ ਮੇਰੇ ਨਾਲ ਪਿਆਰ ਭਰਿਆ ਵਰਤਾਓ ਕਰਦੀ ਸੀ। ਉਨ੍ਹਾਂ ਦਾ ਲੜਕਾ ਚੌਧਰੀ ਨਿਸਾਰ ਅਹਿਮਦ ਲਾਹੌਰ ਪੜ੍ਹਦਾ ਸੀ। ਉਹ ਜਦ ਕਦੇ ਵੀ ਬਹਿਲੋਲ ਪੁਰ ਆਉਂਦਾ, ਮੇਰੇ ਨਾਲ ਬੜੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ ਤੇ ਔਰਤਾਂ ਨਾਲ ਕੀਤੇ ਗਏ ਜਬਰ ਧਰੋਹ ਦੀ ਨਿੰਦਿਆ ਕਰਦਾ। ਮੇਰੇ ਦਿਲ ਦੇ ਕਿਸੇ ਕੋਨੇ ਵਿਚ ਉਸਦੀਆਂ ਗੱਲਾਂ ਸੁਣਨ ਦੀ ਰੀਝ ਜਾਗ ਪਈ। ਕਦੇ ਕਦੇ ਉਹ ਮੈਨੂੰ ਸ਼ਾਮੀਂ ਝਨਾਂ ਦੇ ਕੰਢੇ ਸੈਰ ਕਰਨ ਲਈ ਲੈ ਜਾਂਦਾ, ਜਿਹੜਾ ਕਿ ਸਾਡੇ ਪਿੰਡੋਂ ਅੱਧੇ ਕੋਹ ਦੀ ਵਾਟ 'ਤੇ ਸੀ।

'ਤੈਨੂੰ ਮੈਂ ਕੀ ਦੱਸਾਂ ਸੰਤੋਸ਼! ਝਨਾਂ ਵਿਚ ਕਿਤਨੀ ਖਿੱਚ ਹੈ! ਅਸੀਂ ਦੋਵੇਂ ਸ਼ਾਮ ਦੇ ਤਰਾਮਾ ਰੰਗੇ ਸੂਰਜ ਨੂੰ ਉਸ ਵਿਚ ਡੁੱਬਦਿਆਂ ਵੇਖਦੇ ਤੇ ਜਦ ਦੂਜੇ ਪਾਸਿਓਂ ਚੰਨ ਦੀ ਕਾਤਰ ਉਸ ਦੀਆਂ ਲਹਿਰਾਂ ਵਿਚ ਨੱਚਣ ਲੱਗਦੀ, ਸਾਡੀਆਂ ਗੱਲਾਂ ਹੀ ਮੁੱਕ ਜਾਂਦੀਆਂ ਤੇ ਅਸੀਂ ਉਸ ਵੱਲ ਹੀ ਵੇਖਦੇ ਰਹਿੰਦੇ। ਝਨਾਂ ਦੇ ਕੰਢੇ ਚਾਨਣੀ ਰਾਤ ਦੇ ਜਾਦੂ ਨੂੰ ਮੈਂ ਬਿਆਨ ਨਹੀਂ ਕਰ ਸਕਦੀ।' ਤੇ ਇਹ ਆਖਕੇ ਕਾਂਤਾ ਨੇ ਇਕ ਡੂੰਘਾ ਹੌਕਾ ਭਰਿਆ ; ਜਿਵੇਂ ਉਸ ਦੇ ਅੰਦਰੋਂ ਕੋਈ ਸਾੜ ਨਿਕਲਿਆ ਹੋਵੇ। ਉਸ ਨੇ ਆਪਣੇ ਹੋਠਾਂ ਨੂੰ ਜੀਭ ਨਾਲ ਤਰ ਕੀਤਾ।

ਸੰਤੋਸ਼ ਦੀਆਂ ਅੱਖਾਂ ਕਾਂਤਾ ਦੇ ਚਿਹਰੇ ਉੱਪਰ ਗੱਡੀਆਂ ਗਈਆਂ ਜਿਨ੍ਹਾਂ ਉੱਪਰ ਉਸਨੂੰ ਪਹਿਲੀ ਵਾਰੀ ਖੇੜੇ ਦੀ ਇਕ ਰੰਚਕ ਮਾਤਰ ਝਲਕ ਵਿਖਾਈ ਦਿੱਤੀ। ਉਹ ਅਵਾਕ ਬੈਠੀ ਕਾਂਤਾ ਦੀ ਗੱਲ ਸੁਣਦੀ ਰਹੀ।

'ਝਨਾਂ ਨੂੰ ਤਾਂ ਬਰਸਾਤ ਦੀ ਰੁੱਤੇ ਵੇਖਣਾ ਚਾਹੀਦਾ ਹੈ, ਜਦ ਉਸ ਦਾ ਦੂਜਾ ਸਿਰਾ ਹੀ ਨਹੀਂ ਦਿਸਦਾ। ਗੜ ਗੜ ਕਰਦੀਆਂ ਮਟਿਆਲੇ ਪਾਣੀ ਦੀਆਂ ਸ਼ੂਕਦੀਆਂ ਲਹਿਰਾਂ ਤੇ ਉਨ੍ਹਾਂ ਉੱਪਰ ਤਰਦੇ ਝੱਗ ਦੇ ਗੋਲੇ। ਇਸ ਦ੍ਰਿਸ਼ ਨੂੰ ਕੇਵਲ ਵੇਖਣ ਵਾਲਾ ਹੀ ਮਾਣ ਸਕਦੈ। ਨਿੱਕੀ ਹੁੰਦੀ ਵੀ ਮੈਂ ਪਿੰਡੀ ਭਟੀਆਂ ਤੋਂ ਪੂਰਬੀਆਂ ਅਤੇ ਵਿਸਾਖੀ ਉੱਤੇ ਝਨਾਂ ਦੀ ਕੰਧੀ ਜਾਂਦੀ ਹੁੰਦੀ ਸੀ। ਪਰ ਉਦੋਂ ਮੇਰੀ ਸੂਝ ਬਾਲਾਂ ਵਾਲੀ ਸੀ। ਹੁਣ ਝਨਾਂ ਦੀਆਂ ਲਹਿਰਾਂ ਦੇ ਉਛਾਲਾਂ ਵਾਂਗ ਮੇਰੀ ਛਾਤੀ ਵਿਚ ਭਾਵ-ਉਛਾਲ ਉੱਠਦੇ ਤੇ ਮੈਂ ਉਸ ਉੱਤੇ ਮੋਹਿਤ ਹੋਈ, ਉਸਦੀ ਕੀਲੀ ਹੋਈ, ਕਈ ਵਾਰੀ ਉਸ ਦੇ ਕੰਢੇ ਪਹੁੰਚ ਜਾਂਦੀ। ਤੇ ਜਦ ਨਿਸਾਰ ਅਹਿਮਦ ਮੇਰੇ ਨਾਲ ਹੁੰਦਾ, ਉਨ੍ਹਾਂ ਪਲਾਂ ਦਾ ਤੇ ਕਹਿਣਾ ਹੀ ਕੀ ਏ!'

ਕਾਂਤਾ ਨੇ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝ ਲਈਆਂ। ਉਨ੍ਹਾਂ ਦੇ ਕੋਇਆਂ ਵਿਚ ਨਮੀ ਜਿਹੀ ਸਿੰਮ ਆਈ ਸੀ। ਸੰਤੋਸ਼ ਲਈ ਇਹ ਵੀ ਅਚੰਭਾ ਸੀ ਕਿ ਕਾਂਤਾ ਦਾ ਪਥਰੀਲਾ ਚਿਹਰਾ ਰੋ ਸਕਣ ਦੀ ਸਮਰੱਥਾ ਵੀ ਰੱਖਦਾ ਹੈ।

'ਇਕ ਦਿਨ ਰਹਿਮਤ ਬੀਬੀ ਨੇ ਜਿਸ ਨੂੰ ਮੈਂ ਅੰਮਾ ਸੱਦਣ ਲੱਗ ਪਈ ਸਾਂ, ਮੈਨੂੰ ਆਪਣੇ ਕੋਲ ਬਿਠਾਲ ਕੇ ਬੜੇ ਪਿਆਰ ਨਾਲ ਕਿਹਾ, 'ਹੁਣ ਮੈਂ ਤੇਰੀ ਅੰਮਾਂ ਵਾਂ। ਅਗਲੀ ਮਾਂ ਦੀ ਤੂੰ ਸਮਝ ਵਫ਼ਾਤ ਹੋ ਚੁਕੀ ਏ। ਮੇਰਾ ਕੁਝ ਤੇਰੇ ਬਾਰੇ ਫ਼ਰਜ਼ ਏ। ਹੁਣ ਮੈਂ ਤੈਨੂੰ ਇਸ ਤਰ੍ਹਾਂ ਹੋਰ ਨਹੀਂ ਰੱਖ ਸਕਦੀ।'

ਮੈਂ ਅੰਮਾਂ ਦੀ ਗੱਲ ਧਿਆਨ ਨਾਲ ਸੁਣ ਰਹੀ ਸੀ। ਉਸ ਨੇ ਮੇਰੀ ਗੱਲ੍ਹ ਨੂੰ ਪੋਲੇ ਜਿਹੇ ਧੱਫਾ ਮਾਰ ਕੇ ਕਿਹਾ, 'ਮੇਰਾ ਦਿਲ ਹੈ ਤੇਰਾ ਹੁਣ ਨਿਕਾਹ ਕਰ ਦੇਈਏ। ਚੌਧਰੀ ਸਾਹਿਬ ਵੀ ਇਹੋ ਆਖਦੇ ਹਨ। ਦੱਸ ਤੇਰੀ ਕੀ ਸਲਾਹ ਏ?'

ਮੈਂ ਕੀ ਕਹਿੰਦੀ? ਚੁੱਪ ਰਹੀ। ਅੰਮਾਂ ਵਿਚ ਵਿਚਾਲੇ ਮੇਰੇ ਵੱਲ ਧਿਆਨ ਨਾਲ ਤੱਕਦੀ ਰਹੀ। ਮੇਰੀਆਂ ਅੱਖਾਂ ਦੇ ਅੰਦਰੂਨੀ ਸ਼ਟਰਾਂ ਅੱਗੇ ਕਈ ਪੁਰਾਣੀਆਂ ਤੇ ਨਵੀਆਂ ਫ਼ਿਲਮਾਂ ਫਿਰ ਰਹੀਆਂ ਸਨ। ਅੰਮਾਂ ਨੇ ਹੀ ਮੇਰੀ ਚੁੱਪ ਨੂੰ ਤੋੜਿਆ, 'ਜੇ ਤੈਨੂੰ ਇਤਰਾਜ਼ ਨਾ ਹੋਵੇ.....' ਉਸਨੇ ਸੁਆਲੀਆਂ ਨਜ਼ਰਾਂ ਮੇਰੇ ਉੱਤੇ ਸੁੱਟੀਆਂ।

'ਮੈਂ ਤੈਨੂੰ ਆਪਣੇ ਨਾਲੋਂ ਨਿਖੇੜ ਨਹੀਂ ਸਕਦੀ। ਇਹ ਖ਼ੁਦਾ ਨੇ ਮੋਹ ਵੀ ਕੀ ਚੀਜ਼ ਬਣਾਇਆ ਵੇ! ਤੇਰਾ ਨਿਕਾਹ ਮੈਂ ਨਿਸਾਰ ਅਹਿਮਦ ਨਾਲ ਕਰਨਾ ਚਾਹੁੰਦੀ ਹਾਂ। ਬੋਲ ਤੈਨੂੰ ਕਬੂਲ ਏ?'

'ਮੈਂ ਖ਼ੁਦਾ ਕੋਲੋਂ ਹੋਰ ਕੀ ਮੰਗ ਸਕਦੀ ਸਾਂ? ਚੁੱਪ ਹੀ ਰਹੀ। ਪਰ ਮੇਰੀਆਂ ਅੱਖਾਂ ਵਿਚੋਂ ਅੰਮਾਂ ਨੂੰ ਜਵਾਬ ਮਿਲ ਗਿਆ। ਤੇ ਸੰਤੋਸ਼, ਇਹ ਵੀ ਤੂੰ ਕਦੇ ਨਹੀਂ ਤੱਕਿਆ ਹੋਣਾ ਕਿ ਇਕੋ ਤੀਵੀਂ ਇਕੋ ਵੇਲੇ ਮਾਂ ਵੀ ਹੋਵੇ ਅਤੇ ਸੱਸ ਵੀ, ਇਕੋ ਆਦਮੀ ਅੱਬਾ ਵੀ ਹੋਵੇ ਤੇ ਸਹੁਰਾ ਵੀ। ਮੇਰਾ ਨਿਕਾਹ ਜਿਸ ਧੂਮ ਧਾਮ ਨਾਲ ਉਨ੍ਹਾਂ ਨੇ ਕੀਤਾ, ਉਹ ਤੈਨੂੰ ਮੈਂ ਕੀ ਦੱਸਾਂ? ਸ਼ਾਇਦ ਹੀ ਬਿਆਨ ਕਰ ਸਕਾਂ!'

ਸੰਤੋਸ਼ ਨੂੰ ਕਾਂਤਾ ਦੇ ਚਿਹਰੇ ਉੱਪਰ ਇਕ ਨੂਰ ਜਿਹਾ ਖਿਲਰਿਆ ਹੋਇਆ ਦਿਸਿਆ।

ਈਸ਼ਰ ਦਾਸ ਇਕ ਦਮ ਤ੍ਰਭਕ ਕੇ ਉੱਠਿਆ, ਬਾਹਰ ਉਸ ਦੇ ਬੂਹੇ ਨੂੰ ਕਿਸੇ ਨੇ ਜ਼ੋਰ ਦੀ ਖੜਕਾਇਆ ਸੀ। ਪਰ ਉਸ ਨੂੰ ਕੋਈ ਵੀ ਵਿਖਾਈ ਨਾ ਦਿੱਤਾ। ਤਰਕਾਲਾਂ ਢਲ ਗਈਆਂ,



ਪਰ ਸੇਕ ਹਾਲੇ ਵੀ ਨਹੀਂ ਸੀ ਘਟਿਆ। ਉਸ ਦੀਆਂ ਅੱਖਾਂ ਵਿਚੋਂ ਹਾਲੋਂ ਉਂਘਲਾਣ ਨਹੀਂ ਸੀ ਗਈ।

ਮੋਹਨ ਲਾਲ ਇਕ ਦਿਨ ਉਸਨੂੰ ਕਹਿਣ ਲੱਗਾ, 'ਭਰਾ ਜੀ, ਤੁਹਾਡੇ ਕੋਲੋਂ ਇਕ ਸਲਾਹ ਲੈਣੀ ਏ। ਕਾਂਤਾ ਦਾ ਕੀ ਕਰੀਏ? ਇਹ ਹਰ ਵੇਲੇ ਉਦਾਸ ਰਹਿੰਦੀ ਏ, ਕਿਸੇ ਨਾਲ ਬੋਲਦੀ ਨਹੀਂ। ਇਸ ਦੀ ਮਾਂ ਹਰ ਵੇਲੇ ਖਿਝਦੀ ਰਹਿੰਦੀ ਏ।'

ਈਸ਼ਰ ਦਾਸ ਹਾਲੇ ਉਨ੍ਹਾਂ ਦੇ ਘਰ ਜਾ ਕੇ ਬੈਠਾ ਹੀ ਸੀ। ਕੋਲ ਖਲੋਤੀ ਮਾਇਆ ਵੰਤੀ ਫਿਸ ਪਈ, 'ਭਰਾ ਜੀ ਪ੍ਰਮਾਤਮਾ ਕੋਲੋਂ ਅਸੀਂ ਮੰਗਿਆ ਤਾਂ ਜ਼ਰੂਰ ਇਹੋ ਕੁਝ ਸੀ, ਪਰ ਉਸਨੂੰ ਸਾਡੀ ਮੰਗ ਦੀ ਸਮਝ ਨਹੀਂ ਆਈ। ਹੇ ਭਗਵਾਨ! ਕਿਧਰੇ ਇਹ ਕੁੜੀ ਮਰ ਜਾਂਦੀ! ਨਹੀਂ ਤਾਂ ਇਹ ਬਰਾਮਦ ਹੀ ਨਾ ਹੁੰਦੀ ਅਤੇ ਸਾਨੂੰ ਦੱਸ ਦਿੰਦੇ ਕਾਂਤੋ ਫਸਾਦਾਂ ਵਿਚ ਮਾਰੀ ਗਈ ਏ!' ਇਹ ਆਖ ਕੇ ਉਹ ਡੁਸਕਣ ਲੱਗ ਪਈ।

ਉਸ ਨੂੰ ਧੀਰਜ ਦਿੰਦਿਆਂ ਈਸ਼ਰ ਦਾਸ ਨੇ ਕਿਹਾ, 'ਭੈਣ, ਭਗਵਾਨ ਦੇ ਕੰਮ ਅੱਗੇ ਕਿਸੇ ਦਾ ਜ਼ੋਰ ਏ? ਇਸ ਵਿਚ ਹੀ ਬਿਹਤਰੀ ਹੋਵੇਗੀ। ਹਾਂ, ਤੁਸੀਂ ਦੱਸੋ ਭਰਾ ਜੀ, ਕੀ ਪੁੱਛਣ ਲੱਗੇ ਸੀ?' ਉਸ ਨੇ ਮੋਹਨ ਲਾਲ ਵੱਲ ਮੁੜਦਿਆਂ ਆਖਿਆ।

'ਮੈਂ ਸੋਚਿਆ ਸੀ, ਇਸ ਨੂੰ ਕਿਧਰੇ ਬਿਠਾ ਕੇ ਜ਼ਿੰਦਗੀ ਨਾਲ ਇਸ ਦੀ ਨਵੇਂ ਸਿਰਿਓਂ ਸਾਂਝ ਪਾਈਏ, ਪਰ ਕੋਈ ਇਸ ਨਾਲ ਵਿਆਹ ਕਰਵਾਣ ਨੂੰ ਤਿਆਰ ਹੀ ਨਹੀਂ ਹੁੰਦਾ। ਜਿਸ ਨੂੰ ਪਤਾ ਲੱਗਦਾ ਹੈ ਕਿ ਇਸ ਨੂੰ ਪਾਕਿਸਤਾਨ ਤੋਂ ਅੱਠਾਂ ਸਾਲਾਂ ਬਾਅਦ ਬਰਾਮਦ ਕੀਤਾ ਹੈ, ਉਹ ਇਸ ਬੰਨੇ ਕੰਨ ਹੀ ਨਹੀਂ ਧਰਦਾ। ਕਿਸੇ ਨੂੰ ਇਸ ਗੱਲੋਂ ਵੀ ਰਤਾ ਲਿਹਾਜ਼ ਨਹੀਂ ਆਉਂਦਾ ਕਿ ਮੈਂ ਇਸ ਦੇ ਵਿਆਹ ਉੱਤੇ ਕਾਫ਼ੀ ਕੁਝ ਲਾਣ ਨੂੰ ਤੇ ਨਾਲ ਦੇਣ ਨੂੰ ਤਿਆਰ ਹਾਂ। ਤੁਸੀਂ ਹੀ ਕੋਈ ਘਰ ਦੱਸੋ', ਮੋਹਨ ਲਾਲ ਨੇ ਨਿਰਾਸ਼ ਸੁਰ ਵਿਚ ਕਿਹਾ।

'ਤੁਸੀਂ ਸੱਚੇ ਹੋ, ਮੈਂ ਤੁਹਾਡੇ ਦੁੱਖ ਨੂੰ ਸਮਝਦਾ ਹਾਂ,' ਈਸ਼ਰ ਦਾਸ ਨੇ ਉਸ ਦੀ ਗੱਲ ਪਰਤਾਂਦਿਆਂ ਕਿਹਾ, 'ਕੀਤਾ ਕੀ ਜਾਵੇ! ਸਾਡਾ ਭਾਈਚਾਰਾ ਆਪ ਦਾਗ਼ੀ ਪਿਆ ਹੋਵੇ, ਪਰ ਜਿਹੜੀ ਅਬਲਾ ਦੀ ਚੁੰਨੀ ਉੱਤੇ ਮਾੜੀ ਜਿਹੀ ਛਿੱਟ ਪੈ ਜਾਵੇ, ਉਸ ਨੂੰ ਪਰਵਾਨ ਕਰਨ ਲਈ ਤਿਆਰ ਨਹੀਂ। ਤੁਸੀਂ ਆਖੋਗੇ ਤਾਂ ਸਹੀ ਕਿ ਈਸ਼ਰ ਦਾਸ ਕਿਹੋ ਜਹੀਆਂ ਝੱਲ ਵਲੱਲੀਆਂ ਗੱਲਾਂ ਕਰਦੈ, ਪਰ ਮੈਂ ਕਹਿੰਨਾਂ, ਕਿਹੜੇ ਮੂੰਹ ਨਾਲ ਅਸੀਂ ਸਰਕਾਰ ਨੂੰ ਉਧਰ ਰਹਿ ਗਈਆਂ ਇਸਤਰੀਆਂ ਤੇ ਲੜਕੀਆਂ ਬਰਾਮਦ ਕਰਨ ਲਈ ਕਹਿੰਦੇ ਰਹੇ ਹਾਂ, ਜੇਕਰ ਅਸੀਂ ਉਨ੍ਹਾਂ ਨੂੰ ਅੰਗੀਕਾਰ ਹੀ ਨਹੀਂ ਸੀ ਕਰਨਾ। ਹੁਣ ਅਸੀਂ ਇਨ੍ਹਾਂ ਉਧਰੋਂ ਤਾਂ ਪੱਟ ਲਿਆ ਹੈ ਜਿਥੇ ਇਹ ਵਰ੍ਹਿਆਂ ਦੀ ਵਿੱਥ ਵਿਚ ਜਿਵੇਂ ਕਿਵੇਂ ਹੀ ਹੋਇਆ, ਆਪਣੀ ਜੜ੍ਹ ਚੰਗੀ ਜਾਂ ਮੰਦੀ ਧਰਤੀ ਵਿਚ ਲਾਣ ਵਿਚ ਸਫ਼ਲ ਹੋ ਗਈਆਂ ਸਨ, ਪਰ ਅਸੀਂ ਇਨ੍ਹਾਂ ਨੂੰ ਏਧਰ ਲਾਣ ਨੂੰ ਤਿਆਰ ਨਹੀਂ।'

ਮੋਹਨ ਲਾਲ ਨੇ ਈਸ਼ਰ ਦਾਸ ਦੀ ਦਲੀਲ ਤੇ ਜਜ਼ਬੇ ਭਰੀ ਗੱਲ ਦਾ ਹੁੰਗਾਰਾ ਭਰਿਆ ਤੇ ਉਸ ਦੇ ਮੂੰਹ ਵਿਚੋਂ ਇਕ ਠੰਡਾ ਸਾਹ ਨਿਕਲ ਗਿਆ।

ਮਾਇਆ ਵੰਤੀ ਦੀਆਂ ਅੱਖਾਂ ਵਿਚੋਂ ਹੰਝੂ ਵਹਿਣ ਲੱਗੇ ਤੇ ਉਹ ਉਨ੍ਹਾਂ ਨੂੰ ਦੁਪੱਟੇ ਨਾਲ ਸੁਕਾ ਕੇ ਕਹਿਣ ਲੱਗੀ, 'ਪਰ ਜੇ ਕਿਧਰੇ ਇਹ ਵੀ ਮਰ ਜਾਵੇ ਤਾਂ ਮੈਂ ਸੁਖੀ ਹੋ ਜਾਵਾਂ। ਹੇ ਭਗਵਾਨ! ਮੈਂ ਤਾਂ ਸੜ ਗਈ ਹਾਂ, ਮੇਰਾ ਕਾਲਜਾ ਕੋਲੇ ਹੋ ਗਿਆ ਏ। ਨਿੱਜ ਜੰਮਦੀਓਂ, ਕਾਂਤੋ

ਦੀਏ ਬੱਚੀਏ। ਕਿਹੜੇ ਜੁੱਗ ਦਾ ਬਦਲਾ ਲਿਆ ਈ ਸਾਡੇ ਕੋਲੋਂ?'

ਈਸ਼ਰ ਦਾਸ ਉਨ੍ਹਾਂ ਨੂੰ ਧਰਵਾਸ ਦਿੰਦਾ ਹੋਇਆ ਉੱਠ ਖਲੋਤਾ ਤੇ ਟੁਰਦਿਆਂ ਹੋਇਆ ਕਹਿਣ ਲੱਗਾ, 'ਪਰ ਭੈਣ, ਇਹ ਗੱਲਾਂ ਭੁੱਲ ਕੇ ਵੀ ਕਾਂਤਾ ਦੇ ਮੂੰਹ ਉੱਤੇ ਨਾ ਆਖੀਂ। ਦੱਸ ਇਸ ਵਿਚ ਉਸ ਦਾ ਕੀ ਕਸੂਰ ਏ? ਮੈਂ ਵੀ ਕੋਈ ਮੁੰਡਾ ਢੂੰਡਾਂਗਾ, ਤੁਸੀਂ ਵੀ ਢੂੰਡੋ। ਰਲ ਮਿਲ ਕੇ ਕੋਈ ਨਾ ਕੋਈ ਲੱਭ ਹੀ ਜਾਵੇਗਾ। ਪਰ ਰੱਬ ਦੇ ਨਾਂ ਤੇ ਚੰਦਰ ਕਾਂਤਾ ਦਾ ਦਿਲ ਨਾ ਤੋੜਨਾ। ਤੁਹਾਨੂੰ ਕੀ ਪਤੈ ਉਸ ਉੱਤੇ ਕੀ ਬੀਤ ਰਹੀ ਏ? ਕਦੀ ਉਸ ਦੇ ਦਿਲ ਦੀਆਂ ਤਹਿਆਂ ਵਿਚ ਵੀ ਝਾਤੀ ਮਾਰ ਕੇ ਵੇਖੀ ਜੇ?'

ਤੇ ਜਦ ਉਹ ਕਮਰਿਓਂ ਬਾਹਰ ਨਿਕਲਣ ਲੱਗਾ, ਕਾਂਤਾ ਉਸ ਨੂੰ ਅੱਗੋਂ ਮਿਲੀ। ਉਸ ਨੂੰ ਉਸ ਦੇ ਪਥਰਾਏ ਚਿਹਰੇ ਉਤੇ ਤਰਸ ਆ ਗਿਆ। ਉਸ ਨੇ ਹਮਦਰਦੀ ਨਾਲ ਭਿੱਜ ਕੇ ਪੁੱਛਿਆ, 'ਕੀ ਗੱਲ ਏ ਬੇਟੀ? ਕੀ ਕਰਦੀ ਪਈ ਏਂ?'

ਕਾਂਤਾ ਦੇ ਚਿਹਰੇ ਤੇ ਖਿੰਘਰ ਜਿਵੇਂ ਹੋਰ ਰੁਖੇ ਤੇ ਖਰ੍ਹਵੇਂ ਹੋ ਗਏ। ਉਹ ਕੁਝ ਨਾ ਬੋਲੀ। ਈਸ਼ਰ ਦਾਸ ਨੂੰ ਉਸ ਦੀਆਂ ਅੱਖਾਂ ਵਿਚ ਸੁੱਕੇ ਹੰਝੂ ਲਟਕਦੇ ਹੋਏ ਦਿਸੇ ਜਿਵੇਂ ਕਿ ਉਸਨੇ ਉਨ੍ਹਾਂ ਦੀ ਸਾਰੀ ਗੱਲਬਾਤ ਸੁਣ ਲਈ ਹੋਵੇ।

ਹੁਣ ਜਦ ਈਸ਼ਰ ਦਾਸ ਦੀ ਅੱਖ ਖੁੱਲ੍ਹੀ, ਸ਼ਾਮ ਦੇ ਪਰਛਾਵੇਂ ਲੰਮੇ ਹੋਣ ਲੱਗ ਪਏ ਸਨ ਅਤੇ ਗਰਮੀ ਦਾ ਤਾਪ ਘਟ ਗਿਆ ਸੀ। ਉਸ ਨੇ ਉਠ ਕੇ ਕਮਰੇ ਵਿਚ ਇਕ ਚੱਕਰ ਲਾਇਆ ਤੇ ਮੁੜ ਆਪਣੀ ਥਾਵੇਂ ਬੈਠ ਗਿਆ। ਅੱਜ ਉਸ ਦਾ ਦਿਮਾਗ਼ ਕੁਝ ਵੀ ਹੋਰ ਸੋਚਣ ਤੋਂ ਇਨਕਾਰੀ ਸੀ ਤੇ ਉਹ ਮੁੜ ਉਸੇ ਵਹਿਣ ਵਿਚ ਡੁੱਬ ਗਿਆ।

ਚੰਦਰ ਕਾਂਤਾ ਦੀ ਜੀਭ ਤੋਂ ਉਦੋਂ ਹੀ ਤਾਲਾ ਖੁੱਲ੍ਹਦਾ ਜਦ ਕਦੇ ਉਹ ਸੰਤੋਸ਼ ਦੇ ਘਰ ਆਉਂਦੀ। ਈਸ਼ਰ ਦਾਸ ਦੀ ਹਮਦਰਦੀ ਨੇ ਉਸ ਦਾ ਮਨ ਜਿੱਤ ਲਿਆ ਸੀ। ਉਹ ਆਪਣੇ ਦੁੱਖ ਉਸ ਅੱਗੇ ਫੋਲ ਲੈਂਦੀ ਸੀ ਅਤੇ ਜਿਹੜੀ ਗੱਲ ਉਸ ਨਾਲ ਵੀ ਨਹੀਂ ਸੀ ਕਰ ਸਕਦੀ, ਉਹ ਸੰਤੋਸ਼ ਨਾਲ ਕਰ ਲੈਂਦੀ।

ਇਕ ਦਿਨ ਸੰਤੋਸ਼ ਨਾਲ ਵੀ ਉਹ ਆਪਣੇ ਜ਼ਖ਼ਮਾਂ ਉੱਤੇ ਬੱਝੇ ਖਰੀਂਢਿਆਂ ਨੂੰ ਪੱਟ ਕੇ ਬਹਿ ਗਈ ਤੇ ਉਨ੍ਹਾਂ ਦਾ ਅਸਲੀ ਰੂਪ ਉਸ ਨੂੰ ਵਿਖਾਣ ਲੱਗੀ।

'ਪਿਛਲੇ ਦੋ ਸਾਲਾਂ ਤੋਂ ਜਦ ਦੀ ਮੈਂ ਇਥੇ ਆਈ ਹਾਂ, ਮੈਂ ਇਕ ਰਾਤ ਵੀ ਆਰਾਮ ਨਾਲ ਨਹੀਂ ਸੁੱਤੀ। ਦਿਨੇ ਵੀ ਹਰ ਵੇਲੇ ਮੇਰੇ ਉਦਾਸੀ ਦੇ ਸਖ਼ਤ ਸਪਾਤੀ ਪਰਦੇ ਉਹਲੇ ਨਿਸਾਰ ਅਹਿਮਦ ਖੜਾ ਮੇਰੇ ਨਾਲ ਗੱਲਾਂ ਕਰਦਾ ਰਹਿੰਦਾ ਹੈ, ਜਿਸ ਨੂੰ ਕੇਵਲ ਮੈਂ ਹੀ ਸੁਣ ਸਕਦੀ ਹਾਂ। ਰਾਤੀਂ ਸੁਪਨਿਆਂ ਵਿਚ ਉਹ ਮੇਰੀਆਂ ਬਾਹਾਂ ਫੜ ਕੇ ਮੈਨੂੰ ਨਾਲ ਲਿਜਾਂਦਾ ਹੈ ਤੇ ਝਨਾਂ ਦੇ ਕੰਢੇ ਦੇ ਵਾਸਤੇ ਪਾਉਂਦਾ ਹੈ। ਇਸ ਤੋਂ ਵੀ ਕਿਤੇ ਵੱਧ ਮੇਰੇ ਨਈਮ ਤੇ ਸਲਮਾ ਮੈਨੂੰ ਰੋ ਰੋ ਕੇ ਹਰ ਵੇਲੇ ਹਾਕਾਂ ਮਾਰਦੇ ਰਹਿੰਦੇ ਹਨ। ਉਨ੍ਹਾਂ ਦੇ ਉਤਰਿਆਂ ਚਿਹਰਿਆਂ ਨੂੰ ਮੈਂ ਵੇਖ ਨਹੀਂ ਸਕਦੀ। ਮੈਂ ਮਾਂ ਹਾਂ, ਭਾਵੇਂ ਚੰਦਰ ਕਾਂਤਾ ਹੋਵਾਂ ਭਾਵੇਂ ਸਈਦਾ ਖਾਤੂਨ! ਇਸ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਮਮਤਾ ਮੇਰੀ ਛਾਤੀ ਵਿਚ ਕਸਕਾਂ ਮਾਰਦੀ ਹੈ, ਮਮਤਾ ਮੇਰੀਆਂ ਅੱਖਾਂ ਨੂੰ ਸੇਜਲ ਕਰਦੀ ਹੈ, ਪਰ ਇਸ ਨੂੰ ਕਿਸੇ ਨੇ ਤਰੁੰਡ ਕੇ ਰੱਖ ਦਿੱਤਾ ਹੈ! ਦੱਸ ਤੂੰ ਮੇਰੇ ਲਈ ਕੁਝ ਨਹੀਂ ਕਰ ਸਕਦੀ?'



ਸੰਤੋਸ਼ ਨੇ ਚੁੰਨੀ ਮੂੰਹ ਵਿਚ ਦੇ ਲਈ ਤੇ ਆਪਣੇ ਹੌਕੇ ਨੂੰ ਅੰਦਰ ਘੁੱਟ ਕੇ ਉਸ ਦੀ ਗੱਲ ਨੂੰ ਸੁਣਦੀ ਰਹੀ।

ਇਹ ਗੱਲ ਅੱਜ ਮੈਂ ਤੈਨੂੰ ਦੱਸਣ ਲੱਗੀ ਹਾਂ, ਇਹ ਮੰਨਕੇ ਕਿ ਦੁਨੀਆਂ ਵਿਚ ਤੇਰੇ ਤੋਂ ਬਿਨਾਂ ਇਸ ਦਾ ਕਦੇ ਕਿਸੇ ਨੂੰ ਪਤਾ ਨਹੀਂ ਲੱਗੇਗਾ। ਮੇਰੇ ਖਾਵੰਦ ਨਿਸਾਰ ਅਹਿਮਦ ਨੇ ਜਿਹੜਾ ਪਿਆਰ ਮੈਨੂੰ ਦਿੱਤਾ ਇਸ ਨੂੰ ਇਸ ਜ਼ਿੰਦਗੀ ਵਿਚ ਤਾਂ ਮੈਂ ਕਦੇ ਵਿਸਾਰ ਹੀ ਨਹੀਂ ਸਕਦੀ। ਸਾਡੀ ਸ਼ਾਦੀ ਤੋਂ ਇਕ ਸਾਲ ਬਾਦ ਸਾਡੇ ਘਰ ਨਈਮ ਦੀ ਪੈਦਾਇਸ਼ ਹੋਈ ਤੇ ਇਸ ਤੋਂ ਡੇਢ ਸਾਲ ਪਿੱਛੋਂ ਸਲਮਾ ਮੇਰੀ ਬੇਟੀ ਦੀ। ਹਾਏ ਜੇ ਮੈਂ ਤੈਨੂੰ ਕਿਧਰੇ ਆਪਣਾ ਜੋੜਾ ਵਿਖਾ ਸਕਦੀ। ਫਿਰ ਤੂੰ ਹੀ ਕਹਿਣਾ ਸੀ, 'ਸਈਦਾ ਹੈਂਸਿਆਰੀਏ! ਤੂੰ ਇਹ ਜਿਹੇ ਖ਼ੂਬਸੂਰਤ ਤੇ ਪਿਆਰੇ ਬੱਚੇ ਛੱਡਕੇ ਏਧਰ ਕਿਉਂ ਆ ਗਈ? ਵੈਸੇ ਤਾਂ ਇਸ ਸੁਆਲ ਦਾ ਜਵਾਬ ਮੇਰੇ ਪਾਸ ਹੈ ਹੀ ਨਹੀਂ, ਪਰ ਮੈਂ ਤੈਨੂੰ ਦੱਸਣ ਦਾ ਯਤਨ ਜ਼ਰੂਰੀ ਕਰਾਂਗੀ।'

ਸਲਮਾ ਦੇ ਹੋਣ ਤੋਂ ਪਿੱਛੋਂ ਮੇਰੇ ਅੱਬਾ ਦੀ, ਖ਼ੁਦਾ ਉਨ੍ਹਾਂ ਦੀ ਰੂਹ ਨੂੰ ਜੰਨਤ ਨਸੀਬ ਕਰੇ, ਵਫ਼ਾਤ ਹੋ ਗਈ ਸੀ। ਇਸ ਲਈ ਨਿਸਾਰ ਅਹਿਮਦ ਜ਼ੈਲਦਾਰ ਬਣ ਗਿਆ। ਸਾਡੀ ਜ਼ਮੀਨ ਕਾਫ਼ੀ ਸੀ। ਸਾਡਾ ਸਾਰੇ ਇਲਾਕੇ ਵਿਚ ਬੜਾ ਰਸੂਖ਼ ਸੀ ਤੇ ਹਰ ਪਾਸੇ ਚੌਧਰੀ ਨਿਸਾਰ ਅਹਿਮਦ ਦਾ ਨਾਂ ਇੱਜ਼ਤ ਨਾਲ ਲਿਆ ਜਾਂਦਾ ਸੀ। ਸਹਿਜੇ ਕਿਤੇ ਕੋਈ ਵੱਡੇ ਤੋਂ ਵੱਡਾ ਅਫ਼ਸਰ ਵੀ ਉਨ੍ਹਾਂ ਨੂੰ ਨਾਰਾਜ਼ ਨਹੀਂ ਸੀ ਕਰ ਸਕਦਾ। ਆਪਣੇ ਇਲਾਕੇ ਦੀ ਉਹ ਇੱਜ਼ਤ ਆਬਰੂ ਸਨ। ਇਹੀ ਕਾਰਨ ਸੀ ਕਿ ਜਦ ਕਦੇ ਵੀ ਪਾਕਿਸਤਾਨ ਦੀ ਪੁਲਿਸ ਕੁੜੀਆਂ ਬਰਾਮਦ ਕਰਨ ਲਈ ਛਾਪੇ ਮਾਰਦੀ, ਉਹ ਸਾਡੇ ਘਰ ਵੱਲ ਮੂੰਹ ਕਰਨ ਦਾ ਹੀਆ ਨਾ ਕਰਦੀ। ਉਨ੍ਹਾਂ ਨੇ ਮੈਨੂੰ ਖ਼ੁਦ ਕਈ ਵਾਰੀ ਦੱਸਿਆ ਕਿ 'ਸਿਵਲ ਐਂਡ ਮਿਲਟਰੀ ਗਜ਼ਟ' ਤੇ 'ਨਵਾਏ ਵਕਤ' ਵਿਚ ਮੇਰੀ ਬਰਾਮਦੀ ਵਿਚ ਮਦਦ ਕਰਨ ਵਾਲੇ ਲਈ ਪਾਕਿਸਤਾਨ ਗੌਰਮਿੰਟ ਨੇ 1,000 ਰੁਪਈਆ ਇਨਾਮ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਮੈਨੂੰ ਕਈ ਵਾਰੀ ਬੜੇ ਪਿਆਰ ਨਾਲ ਵੀ ਪੁੱਛਿਆ ਕਿ ਕੀ ਮੈਂ ਹਿੰਦੁਸਤਾਨ ਆਪਣੇ ਮਾਪਿਆਂ ਕੋਲ ਜਾਣਾ ਚਾਹੁੰਦੀ ਹਾਂ। ਜੇਕਰ ਮੈਂ ਚਾਹਾਂ ਤਾਂ ਉਹ ਆਪ ਮੈਨੂੰ ਸਰਹੱਦ ਤੱਕ ਛੱਡ ਆਉਣਗੇ। ਜਦ ਵੀ ਉਹ ਕਦੇ ਇਹੋ ਜਿਹੀ ਗੱਲ ਕਰਨ ਲੱਗਦੇ, ਮੈਂ ਉਨ੍ਹਾਂ ਦੇ ਮੂੰਹ ਅੱਗੇ ਹੱਥ ਰੱਖ ਕੇ ਡੁਸਕਣ ਲੱਗ ਪੈਂਦੀ ਤੇ ਕਹਿੰਦੀ 'ਹੁਣ ਸ਼ਾਇਦ ਮੈਂ ਤੁਹਾਡੇ ਉੱਤੇ ਭਾਰੂ ਹੋ ਗਈ ਹਾਂ। ਤੁਸੀਂ ਰੱਖਕੇ ਰਾਜ਼ੀ ਨਹੀਂ। ਪਰ ਤਦ ਵੀ ਕੀ ਤੁਸੀਂ ਆਪਣੇ ਨਈਮ ਤੇ ਸਲਮਾ ਲਈ ਵੀ ਮੈਨੂੰ ਨਹੀਂ ਰੱਖ ਸਕਦੇ?' ਉਹ ਮੈਨੂੰ ਘੁੱਟ ਕੇ ਸੀਨੇ ਨਾਲ ਲਾ ਲੈਂਦੇ ਤੇ ਅਸੀਂ ਇਕ ਲੰਮੇ ਬੋਸੇ ਵਿਚ ਇਹ ਸਾਰੀ ਗੱਲ ਭੁੱਲ ਜਾਂਦੇ।

ਪਰ ਇਕ ਦਿਨ ਖਰੇ ਅਸਮਾਨੇ ਇਕ ਕਾਲੀ ਸ਼ਾਹ ਹਨੇਰੀ ਆਈ। ਪਿੰਡ ਵਿਚ ਰੌਲਾ ਮਚ ਗਿਆ ਕਿ ਪੁਲਿਸ ਦੀ ਬਹੁਤ ਸਾਰੀ ਗਾਰਦ ਆਈ ਹੈ ਤੇ ਪੁਲਿਸ ਕਪਤਾਨ ਨਾਲ ਹੈ। ਉਨ੍ਹਾਂ ਦੇ ਨਾਲ ਹੀ ਹਿੰਦੁਸਤਾਨੀ ਪੁਲਿਸ ਦੇ ਅਫਸਰ ਵੀ ਹਨ। ਜਦ ਇਹ ਪਾਰਟੀ ਸਾਡੇ ਘਰ ਅੱਗੇ ਪਹੁੰਚੀ, ਉਨ੍ਹਾਂ ਨੇ ਪੁੱਛਿਆ ਚੌਧਰੀ ਸਾਹਿਬ ਕਿੱਥੇ ਹਨ। ਅਜੇ ਇਹ ਗੱਲ ਉਨ੍ਹਾਂ ਦੇ ਮੂੰਹ ਵਿਚ ਹੀ ਸੀ ਕਿ ਨਿਸਾਰ ਅਹਿਮਦ ਵੀ ਬਾਹਰੋਂ ਆ ਗਿਆ। ਬਸ, ਸੰਤੋਸ਼, ਬਾਕੀ ਦੀ ਗੱਲ ਨੂੰ ਸ਼ਬਦਾਂ ਵਿਚ ਲਪੇਟ ਕੇ ਦੱਸਣਾ ਮੇਰੇ ਲਈ ਨਾਮੁਮਕਨ ਹੈ। ਮੇਰੇ ਖ਼ਾਵੰਦ ਦੀ ਕੋਈ ਗੱਲ ਵੀ ਨਾ ਮੰਨੀ ਗਈ। ਮੈਂ ਤਰਲੇ ਲਏ, ਮੈਂ ਨਹੀਂ ਜਾਣਾ ਚਾਹੁੰਦੀ! ਮੈਂ ਕਿਹਾ ਮੇਰੇ ਮਾਂ ਪਿਓ ਮਰ ਚੁੱਕੇ ਹਨ। ਇਹ ਮੇਰੇ ਦੋ ਬੱਚੇ ਹਨ, ਇਨ੍ਹਾਂ ਵੱਲ ਵੇਖੋ। ਮੈਂ ਇਲਤਜਾ ਕੀਤੀ ਮੈਂ ਚੌਧਰੀ

ਸਾਹਿਬ ਦੀ ਬੀਵੀ ਹਾਂ ਤੇ ਆਪਣੀ ਮਰਜ਼ੀ ਨਾਲ ਇਨ੍ਹਾਂ ਨਾਲ ਨਿਕਾਹ ਕਰਵਾਇਆ ਹੈ। ਮੈਂ ਹਾੜ੍ਹਾ ਕੱਢਿਆ, ਚੰਦਰ ਕਾਂਤਾ ਮਰ ਚੁਕੀ ਹੈ ਤੇ ਉਸ ਦੀ ਰਾਖ ਵਿਚੋਂ ਮੈਂ ਯਾਨੀ ਸਈਦਾ ਖ਼ਾਤੂਨ ਨੇ ਜਨਮ ਲਿਆ ਹੈ। ਤੁਸੀਂ ਭੁੱਲਦੇ ਹੋ। ਮੈਂ ਨਈਮ ਨੂੰ ਅੱਗੇ ਲਿਆ ਕੇ ਕਿਹਾ ਤੁਸੀਂ ਇਸ ਦੀ ਸ਼ਕਲ ਨੂੰ ਮੇਰੇ ਨਾਲ ਮਿਲਾਕੇ ਵੇਖੋ, ਕੀ ਇਹ ਤੁਹਾਨੂੰ ਮੇਰਾ ਲਖਤੇ ਜਿਗਰ ਨਹੀਂ ਲੱਗਦਾ? ਪਰ ਉਥੇ ਤਾਂ ਸਿਰਫ ਇਕ ਜਵਾਬ ਸੀ, 'ਅਸੀਂ ਕਾਨੂੰਨ ਦੇ ਹੱਥੋਂ ਮਜਬੂਰ ਹਾਂ। ਸਾਨੂੰ ਪਾਕਿਸਤਾਨ ਗੌਰਮਿੰਟ ਦੀ ਸਖ਼ਤ ਹਦਾਇਤ ਹੈ ਕਿ ਤੁਹਾਨੂੰ ਹਿੰਦੁਸਤਾਨ ਭੇਜਿਆ ਜਾਵੇ।'

ਉਸ ਵੇਲੇ ਸੂਰਜ ਡੁੱਬ ਨਹੀਂ ਸੀ ਰਿਹਾ, ਮੈਂ ਸੱਚ ਕਹਿਨੀ ਹਾਂ ਸੰਤੋਸ਼, ਉਸ ਦਾ ਇਨਸਾਨੀਅਤ ਦੇ ਕਾਤਲ ਖ਼ੂਨ ਕਰ ਰਹੇ ਸਨ। ਉਹੀ ਲਾਲ-ਕਾਲਾ ਖ਼ੂਨ ਸਾਰੇ ਮਾਹੌਲ ਤੇ ਖਿਲਰ ਗਿਆ ਸੀ। ਜਿਸ ਵਕਤ ਨਿਸਾਰ ਅਹਿਮਦ ਨੇ ਮਜਬੂਰ ਹੋ ਕੇ ਮੈਨੂੰ ਜੀਪ ਵਿਚ ਚੜ੍ਹਨ ਵਿਚ ਮਦਦ ਕੀਤੀ, ਉਹ ਉਥੇ ਹੀ ਬੇਹੋਸ਼ ਹੋ ਕੇ ਡਿੱਗ ਪਿਆ। ਰਹਿਮਤ ਅੰਮਾ ਨੇ ਮੇਰੀਆਂ ਬਲਾਈ ਲਈਆਂ। ਨਈਮ ਤੇ ਸਲਮਾ ਰੋ ਰੋ ਕੇ ਫਾਵੇ ਹੋ ਰਹੇ ਸਨ। ਉਨ੍ਹਾਂ ਨੂੰ ਪੁਲਿਸ ਦੇ ਸਿਪਾਹੀ ਪਿੱਛੇ ਹਟਾ ਰਹੇ ਸਨ। ਅੰਮਾਂ ਉਨ੍ਹਾਂ ਨੂੰ ਤਸੱਲੀ ਦੇ ਰਹੀ ਸੀ ਕਿ ਉਨ੍ਹਾਂ ਦੀ ਵਾਲਦਾ ਕਿਧਰੇ ਵਾਂਢੇ ਜਾ ਰਹੀ ਹੈ ਤੇ ਛੇਤੀ ਹੀ ਮੁੜ ਆਵੇਗੀ। ਪਰ ਉਨ੍ਹਾਂ ਮਾਸੂਮਾਂ ਦੇ ਦਿਲਾਂ ਨੂੰ ਸਚਾਈ ਦਾ ਅਨੁਭਵ ਹੋ ਚੁਕਿਆ ਸੀ। ਮੈਂ ਆਪ ਉਛਲ ਉਛਲ ਬਾਹਰ ਪੈਂਦੀ ਸਾਂ। ਅਚਾਨਕ ਜੀਪ ਚੱਲੀ ਤੇ ਮੇਰੀਆਂ ਅੱਖਾਂ ਅੱਗੇ ਕਿਆਮਤ ਦੀ ਘਟਾ ਟੋਪ ਤਾਰੀਕੀ ਛਾ ਗਈ। ਉਸ ਤੋਂ ਪਿੱਛੋਂ ਦਾ ਮੈਨੂੰ ਕੁਝ ਯਾਦ ਨਹੀਂ।

ਇਤਨੇ ਵਿਚ ਈਸ਼ਰ ਦਾਸ ਦੀ ਰੋਟੀ ਆ ਗਈ ਤੇ ਉਹ ਖਾਣ ਲੱਗ ਪਿਆ। ਪਰ ਇਕ ਗਰਾਹੀ ਵੀ ਉਸ ਦੇ ਸੰਘੋਂ ਸੋਹਣੀ ਤਰ੍ਹਾਂ ਨਹੀਂ ਸੀ ਲੰਘ ਰਹੀ। ਉਸ ਦਾ ਹੱਥ ਉਥੇ ਹੀ ਰੁਕ ਗਿਆ ਤੇ ਉਹ ਸੋਚਾਂ ਦੇ ਸਾਗਰ ਵਿਚ ਵਹਿ ਤੁਰਿਆ।

"ਪਿਤਾ ਜੀ!" ਇਕ ਦਿਨ ਸੰਤੋਸ਼ ਨੇ ਉਸ ਨੂੰ ਕਿਹਾ, 'ਕੀ ਤੁਸੀਂ ਆਪਣੇ ਹੱਥ ਨਾਲ ਮੇਰਾ ਗਲਾ ਘੁੱਟ ਕੇ ਮੈਨੂੰ ਮਾਰ ਸਕੋਗੇ?'

ਉਹ ਕਹਿਣ ਲੱਗਾ, 'ਕਮਲੀ ਤਾਂ ਨਹੀਂ ਹੋ ਗਈ ਬੇਟੀ, ਇਸ ਤਰ੍ਹਾਂ ਕਿਹੜਾ ਪਿਤਾ ਕਰ ਸਕਦੈ? ਗੱਲ ਕੀ ਏ? ਸਾਫ ਸਾਫ ਦੱਸ!'

'ਹਾਂ ਇਹੋ ਜਿਹੇ ਮਾਂ ਪਿਓ ਵੀ ਹਨ ਜਿਨ੍ਹਾਂ ਦੇ ਅਪ੍ਰਤੱਖ ਹੱਥ ਆਪਣੀਆਂ ਜਾਈਆਂ ਦੀ ਗਰਦਨ ਦੁਆਲੇ ਜਮੂਰਾਂ ਵਾਂਗ ਜਕੜ ਕੇ ਉਨ੍ਹਾਂ ਦਾ ਸਾਹ ਖ਼ਤਮ ਕਰ ਦਿੰਦੇ ਹਨ। ਕਾਂਤਾ ਦੀ ਵਿਥਿਆ ਦੇ ਤੁਸੀਂ ਹਰ ਪੱਖ ਤੋਂ ਜਾਣੂ ਹੋ। ਮੈਂ ਤੁਹਾਥੋਂ ਉਸ ਲਈ ਅੱਜ ਇਕ ਦਇਆ ਮੰਗਦੀ ਹਾਂ। ਮੇਰਾ ਵਾਸਤਾ ਜੇ ਇਨਕਾਰ ਨਾ ਕਰਨਾ। ਉਹ ਮਰ ਤਾਂ ਅੱਗੇ ਹੀ ਰਹੀ ਹੈ, ਫਿਰ ਤੁਹਾਡੇ ਨਾਂ ਲੱਗ ਕੇ ਮਰੇਗੀ।'

'ਕੁਝ ਦੱਸੇਂਗੀ ਵੀ ਤੋਸ਼ੀ?'

'ਤੁਹਾਨੂੰ ਇਕ ਆਦਮੀ ਮਿਲਣਾ ਚਾਹੁੰਦਾ ਹੈ। ਮਿਲਾਂਵਾਗੀ ਮੈਂ।'

'ਕੌਣ!'

'ਨਿਸਾਰ ਅਹਿਮਦ! ਨਹੀਂ, ਨਹੀਂ ਅਬਦੁਲ ਹਮੀਦ!'

'ਨਿਸਾਰ ਅਹਿਮਦ ਉਹ ਕਿਸ ਤਰ੍ਹਾਂ ਇੱਥੇ ਆ ਗਿਐ? ਉਸਨੂੰ ਕਾਂਤਾ ਦਾ ਸੁਨੇਹਾ ਕਿਸੇ ਨੇ ਭੇਜਿਐ?' ਈਸ਼ਰ ਦਾਸ ਨੇ ਇਕੋ ਸਾਹ ਕਈ ਸੁਆਲ ਕੀਤੇ।।



'ਇਹ ਸਾਰੇ ਪ੍ਰਸ਼ਨ ਬੇਲੋੜੇ ਹਨ। ਮੈਂ ਉਸ ਦੀ ਭੈਣ ਹਾਂ, ਸਮਝ ਲਓ, ਮੈਂ ਹੀ ਇਸ ਲਈ ਜ਼ਿੰਮੇਵਾਰ ਹਾਂ।'

ਅਚਾਨਕ ਈਸ਼ਰ ਦਾਸ ਦਾ ਹੱਥ ਗੋਡੇ ਤੋਂ ਤਿਲਕ ਕੇ ਸਾਹਮਣੇ ਪਈ ਥਾਲੀ ਤੇ ਜਾ ਲੱਗਾ ਤੇ ਉਸ ਦਾ ਕੰਢਾ ਉਸਨੂੰ ਚੁੱਭ ਗਿਆ। ਉਸਨੇ ਪੋਲੇ ਜਿਹੇ ਹੱਥ ਨੂੰ ਮਲਿਆ ਤੇ ਸਿਰ ਛੰਡ ਕੇ ਮੁੜ ਰੋਟੀ ਖਾਣ ਲੱਗ ਪਿਆ। ਅੱਜ ਉਹ ਕਿਵੇਂ ਘਿਰਿਆ ਪਿਆ ਸੀ, ਉਹ ਆਪਣੇ ਆਪ ਤੇ ਹੈਰਾਨ ਹੋਇਆ।

ਈਸ਼ਰ ਦਾਸ ਨੂੰ ਮੈਜਿਸਟਰੇਟ ਸ੍ਰੀ ਮਹਿੰਦਰ ਪ੍ਰਤਾਪ ਗੁਪਤਾ ਸਾਹਿਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਉਸਨੂੰ ਹੱਥਕੜੀ ਲੱਗੀ ਹੋਈ ਸੀ ਤੇ ਪੁਲਿਸ ਨੇ ਉਸ ਉੱਪਰ ਫੌਜਦਾਰੀ ਦਾ ਮੁਕੱਦਮਾ ਕੀਤਾ ਸੀ। ਉਸ ਨੂੰ ਆਇਦ ਕੀਤਾ ਜੁਰਮ ਪੜ੍ਹਕੇ ਸੁਣਾਇਆ ਗਿਆ, ਜਿਸ ਦਾ ਸਾਰ ਇਹ ਸੀ ਕਿ ਉਸ ਨੇ ਕੂਚਾ ਨਬੀ ਕਰੀਮ ਦੀ ਇਕ ਚੰਦਰ ਕਾਂਤਾ ਦੇ ਨਾਂ ਦੀ, ਵਕੀਲ ਹੋਣ ਦੇ ਨਾਤੇ, ਜ਼ਿਲ੍ਹਾ ਗੁਜਰਾਤ ਦੀ ਸਈਦਾ ਖ਼ਾਤੂਨ ਦਾ ਨਾਂ ਦੱਸਕੇ ਤਸਦੀਕ ਕੀਤੀ ਹੈ ਅਤੇ ਇੰਜ ਉਸ ਨੂੰ ਧੋਖੇ ਨਾਲ ਪਰਮਿਟ ਦਿਵਾਇਆ ਹੈ। ਇਸ ਤਰ੍ਹਾਂ ਚੰਦਰ ਕਾਂਤਾ ਦੇ ਪਾਕਿਸਤਾਨ ਦੌੜ ਜਾਣ ਦੀ ਸਾਜ਼ਿਸ਼ ਵਿਚ ਉਸ ਦਾ ਹੱਥ ਹੈ।'

ਉਸ ਨੇ ਵੇਖਿਆ ਸਾਹਮਣੇ ਮੋਹਨ ਲਾਲ, ਮਾਇਆ ਵੰਤੀ ਤੇ ਉਨ੍ਹਾਂ ਦਾ ਲੜਕਾ ਸੋਹਨ ਲਾਲ ਖੜ੍ਹੇ ਸਨ। ਹੋਰ ਵੀ ਕਾਫੀ ਲੋਕ ਮੁਕੱਦਮਾ ਸੁਣਨ ਲਈ ਆਏ ਸਨ। ਮੋਹਨ ਲਾਲ ਕਹਿ ਰਿਹਾ ਸੀ, 'ਵੇਖੋ ਯਾਰੋ, ਇਹੋ ਜਿਹਾ ਗੁਵਾਂਢੀ ਤਾਂ ਰੱਬ ਦੁਸ਼ਮਣ ਨੂੰ ਵੀ ਨਾ ਦੇਵੇ। ਸਾਡੀ ਲੜਕੀ ਨੂੰ ਇਸਨੇ ਪਾਕਿਸਤਾਨ ਨਸਵਾ ਦਿੱਤਾ ਹੈ। ਇਹ ਕੌਣ ਹੈ, ਹਿੰਦੁਸਤਾਨੀ ਜਾਂ ਦੇਸ਼ ਧਰੋਹੀ?'

ਮਾਇਆ ਵੰਤੀ ਮੂੰਹ ਕੱਜ ਕੇ ਹੁਬਕ ਰਹੀ ਸੀ। ਉਸ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਖਲੋਣ ਵਿਚ ਨਹੀਂ ਸੀ ਆਉਂਦੀ।

ਸੋਹਨ ਲਾਲ ਖਰ੍ਹਵੀਂ ਚੁੱਪ ਦੀ ਇਕ ਮੂਕ ਤਸਵੀਰ ਦਿਸਦਾ ਸੀ ਤੇ ਉਸ ਦੇ ਚਿਹਰੇ ਉੱਤੇ ਚਿੰਤਾ ਦੇ ਡੂੰਘੇ ਨਿਸ਼ਾਨ ਉੱਕਰੇ ਹੋਏ ਸਨ।

ਸੰਤੋਸ਼ ਬੜੇ ਠਰ੍ਹੰਮੇ ਨਾਲ ਖਲੋਤੀ ਸਾਰੀ ਕਾਰਵਾਈ ਸੁਣ ਰਹੀ ਸੀ।

ਈਸ਼ਰ ਦਾਸ ਨੇ ਆਪਣੇ ਹੱਕ ਵਿਚ ਕੁਝ ਵੀ ਨਾ ਕਿਹਾ। ਮੈਜਿਸਟਰੇਟ ਨੇ ਉਸ ਨੂੰ ਦੋ ਸਾਲ ਕੈਦ ਬਾ-ਮੁਸ਼ੱਕਤ ਦੀ ਸਜ਼ਾ ਦਿੱਤੀ।

ਤੇ ਹੁਣ ਈਸ਼ਰ ਦਾਸ ਦੀ ਅੱਖ ਉਦੋਂ ਹੀ ਖੁੱਲ੍ਹੀ, ਜਦ ਜੇਲ੍ਹਰ ਰੋਟੀ ਦੇ ਭਾਂਡੇ ਚੁੱਕਣ ਲਈ ਆਇਆ। ਉਸ ਦੇ ਮਨ ਵਿਚ ਕੋਈ ਚਿੰਤਾ ਨਹੀਂ ਸੀ, ਕੋਈ ਅਫ਼ਸੋਸ ਨਹੀਂ ਸੀ, ਕੋਈ ਪਛਤਾਵਾ ਨਹੀਂ ਸੀ। ਜੇਲ੍ਹ ਦੀ ਕੋਠੜੀ ਦੀ ਗਰਮੀ, ਇਹ ਬੇਸੁਆਦੀ ਰੋਟੀ, ਇਹ ਸੀਖਾਂ ਵਾਲੀ ਬਾਰੀ ਜਿਸ ਦੇ ਪਿੱਛੇ ਉਹ ਬੰਦ ਸੀ, ਸਭ ਕਿਤੇ ਪਿੱਛੇ ਰਹਿ ਗਈਆਂ ਸਨ। ਉਸਨੂੰ ਨਿਸਾਰ ਅਹਿਮਦ ਦਾ ਖਿੜਿਆ ਚਿਹਰਾ ਵਿਖਾਈ ਦਿੱਤਾ, ਜਿਸ ਦੇ ਮੁਹੱਬਤ ਭਰੇ ਆਂਗਣ ਵਿਚ ਸਈਦਾ ਖ਼ਾਤੂਨ ਦੀ ਕਿਸਮਤ ਦਾ ਦਰਖ਼ਤ ਨਵੇਂ ਸਿਰਿਓਂ ਲੱਗ ਗਿਆ ਸੀ। ਜੇਲ੍ਹਰ ਨੂੰ ਭਾਂਡੇ ਫੜਾਂਦਿਆਂ ਉਹ ਉੱਠ ਖੜ੍ਹਾ ਹੋਇਆ ਤੇ ਉਸ ਨੇ ਸੰਤੋਖ ਦਾ ਇਕ ਡਕਾਰ ਮਾਰਿਆ।

# ਹਵਾ

## ਗੁਰਦੇਵ ਸਿੰਘ ਰੁਪਾਣਾ

ਬੱਚੇ ਦੇ ਰੋਣ ਦੀ ਆਵਾਜ਼ ਸੁਣ ਕੇ ਮਦਨ ਤ੍ਰਭੱਕ ਪਿਆ।

ਅੱਕਾਂ ਦੇ ਪਿੱਛੇ ਇਕ ਛੇ ਸੱਤ ਮਹੀਨੇ ਦਾ ਬੱਚਾ ਮੂਧੇ ਮੂੰਹ ਪਿਆ ਰੋ ਰਿਹਾ ਸੀ। ਕਦੀ ਉਹਦਾ ਮੂੰਹ ਧਰਤੀ ਵਿਚ ਗੱਡਿਆ ਜਾਂਦਾ। ਕਦੀ ਉਹ ਸਿਰ ਨੂੰ ਉਪਰ ਚੁੱਕ ਲੈਂਦਾ। ਕਦੀ ਉਹਦੇ ਰੋਣ ਦੀ ਆਵਾਜ਼ ਮੱਧਮ ਸੁਣਦੀ, ਕਦੀ ਉੱਚੀ।

ਮਦਨ ਨੇ ਗੱਡੀ ਖੜ੍ਹੀ ਕਰ ਦਿੱਤੀ। ਬੱਚੇ ਨੂੰ ਚੁੱਕ ਕੇ ਆਪਣੀ ਪਗੜੀ ਦੇ ਲੰਮੇ ਲੜ ਨਾਲ ਉਹਦਾ ਮੂੰਹ ਪੂੰਝਿਆ। ਫੇਰ ਉਹਨੇ ਇਹ ਪਤਾ ਕੀਤਾ, ਉਹ ਮੁੰਡਾ ਸੀ ਜਾਂ ਕੁੜੀ। ਉਹ ਕੁੜੀ ਨਿਕਲੀ। ਬੱਚੀ ਉਹਦੇ ਵੱਲ ਵੇਖਣ ਲੱਗ ਪਈ।

ਕੋਲ ਹੀ ਇਕ ਦੁੱਧ-ਚਿੱਟਾ ਬੁਰਕਾ ਇਉਂ ਪਿਆ ਸੀ, ਜਿਵੇਂ ਹਨੇਰੀ ਨਾਲ ਉੱਡ ਕੇ ਆਇਆ ਹੋਵੇ।

"ਕੋਈ ਮਾਂ ਸਿਟ ਕੇ ਭੱਜ ਗਈ ਵਿਚਾਰੀ ਨੂੰ।" ਉਹਨੇ ਸੋਚਿਆ, "ਕਿਹੋ ਜਿਹੀ ਚੰਦਰੀ 'ਵਾ ਵਗ ਗਈ ਐ—ਮਾਵਾਂ ਤੋਂ ਬੱਚੇ ਨਹੀਂ ਸੰਭਾਲੇ ਗਏ।" ਉਸ ਨੇ ਬੱਚੀ ਦੀਆਂ ਬਾਹਵਾਂ ਖੋਹਲ ਕੇ ਆਪਣੇ ਗਲ ਦੁਆਲੇ ਵਲ ਲਈਆਂ।

ਸਾਹਮਣੇ ਛੋਟੇ ਜਿਹੇ ਖਾਲ ਵਿਚ ਇਕ ਆਦਮੀ ਪਿਆ ਹੋਇਆ ਦਿੱਸਿਆ। ਅੱਗੇ ਹੋ ਕੇ ਵੇਖਿਆ ਤਾਂ ਉਹ ਇਕ ਲਾਸ਼ ਸੀ। ਮੱਥੇ ਉੱਤੇ ਕਾਲੀ ਸਿਆਹੀ ਨਾਲ ਖੁਣਿਆ ਹੋਇਆ ਚੰਦ ਤੇ ਤਾਰਾ। ਚਿਹਰੇ ਉੱਤੇ ਪੀੜ ਦੀਆਂ ਲੀਕਾਂ ਖਿੱਚੀਆਂ ਹੋਈਆਂ ਸਨ, ਜਿਸ ਕਰਕੇ ਚੰਦ ਤੇ ਤਾਰੇ ਦਾ ਰੂਪ ਵਿਗੜਿਆ ਹੋਇਆ ਸੀ। ਪੇਟ ਵਿਚੋਂ ਆਂਦਰਾਂ ਦਾ ਗੁੱਛਾ ਬਾਹਰ ਲਮਕ ਰਿਹਾ ਸੀ। ਪੈਰਾਂ ਕੋਲੋਂ ਜ਼ਮੀਨ ਪੁੱਟ ਹੋਈ ਸੀ। ਜਾਨ ਨਿਕਲਣ ਵੇਲੇ ਤੜਫਦਾ ਰਿਹਾ ਹੋਵੇਗਾ।

"ਹੈਂਸਿਆਰੇ! ਪਿਓ ਨੂੰ ਮਾਰ ਕੇ ਸਿਟ ਗਏ, ਮਾਂ ਤੂੰ ਉਧਾਲ ਕੇ ਲੈ ਗਏ—ਤੇ ਏਸ ਜੁਆਕੜੀ ਨੂੰ ਰੁਲਦਾ ਛੱਡ ਗਏ...," ਉਹਦੇ ਆਉਣ ਤੋਂ ਪਹਿਲਾਂ ਜੋ ਵਾਪਰਿਆ ਸੀ, ਉਹਨੇ ਉਸ ਦਾ ਅੰਦਾਜ਼ਾ ਲਾ ਕੇ ਕਿਹਾ।

ਬੱਚੀ ਦਾ ਮੁਹਾਂਦਰਾ ਆਪਣੇ ਅੱਬਾ ਨਾਲ ਮਿਲਦਾ ਸੀ। ਫੇਰ ਵੀ ਚਿੱਟੇ ਬੁਰਕੇ ਵੱਲ ਵੇਖ ਵੇਖ ਉਹਨੂੰ ਖ਼ਿਆਲ ਆ ਰਿਹਾ ਸੀ ਕਿ ਬੱਚੀ ਦੀ ਮਾਂ ਬਹੁਤ ਸੋਹਣੀ ਹੋਵੇਗੀ। ਉਹਦੀ ਸੁੰਦਰਤਾ ਹੀ ਉਹਦੇ ਖਾਵੰਦ ਦੀ ਦੁਸ਼ਮਣ ਬਣ ਗਈ ਹੋਵੇਗੀ। ਉਹ ਆਪ ਤਾਂ ਹੌਲੀ ਹੌਲੀ ਕਿਸੇ ਦੇ ਘਰ ਨੂੰ ਆਪਣਾ ਘਰ ਕਹਿਣ ਲੱਗ ਪਵੇਗੀ ਤੇ ਕਿਸੇ ਨੂੰ ਆਪਣਾ ਘਰ ਵਾਲਾ। ਉਹਦੇ ਹੋਰ ਨਿਆਣੇ ਹੋ ਪੈਣਗੇ ਤੇ ਖ਼ਬਰੇ ਏਸ ਬੱਚੀ ਨੂੰ ਵੀ ਉਹ ਭੁੱਲ ਜਾਵੇ। ਪਰ ਜੇ ਉਹ ਮਾਂ ਦੇ ਨਾਲ ਬੱਚੀ ਨੂੰ ਵੀ ਲੈ ਜਾਂਦੇ ਤਾਂ ਕੀ ਹਰਜ਼ ਸੀ...।



"ਬੱਚੇ ਰੱਬ ਦਾ ਰੂਪ ਹੁੰਦੇ ਨੇ—ਬੱਚਿਆਂ ਸਾਹਮਣੇ ਆਦਮੀ ਪਾਪ ਕਰਨ ਤੋਂ ਡਰਦੈ।" ਮਦਨ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ।

"....ਤੇ ਜੋ ਉਹ ਕਰ ਕੇ ਗਏ ਨੇ, ਉਹ ਕਿਹੜਾ ਪੁੰਨ ਸੀ?" ਫੇਰ ਉਹਨੂੰ ਮਾਂ ਦੀ ਕਹੀ ਗੱਲ ਝੂਠੀ ਜਾਪੀ।

ਬੱਚੀ ਫੇਰ ਰੋਣ ਲੱਗ ਪਈ।

"ਦੁਰਗੀ ਵੀ ਆਂਹਦੀ ਹੁੰਦੀ ਸੀ, ਰੱਬ ਇਕ ਧੀ ਤਾਂ ਮੈਨੂੰ ਜ਼ਰੂਰ ਦਿੰਦਾ—ਦੁੱਖ ਸੁੱਖ ਕਰਨ ਵਾਸਤੇ...ਲਓ ਰੱਬ ਨੇ ਉਹਦੇ ਵਾਸਤੇ ਧੀ ਘੱਲ ਦਿੱਤੀ ਐ, ਹਾਲੇ ਇਹਨੂੰ ਕੀ ਪਤੈ। ਨਾ ਇਹ ਹਿੰਦੂ, ਨਾ ਮੁਸਲਮਾਨ। ਬਿੱਲੂ ਨਾਲ ਖੇਡਦੀ ਫਿਰੂਗੀ—ਦੋਵੇਂ ਭੈਣ ਭਰਾ..."

ਮਦਨ ਦੀ ਬੀਵੀ ਦੁਰਗੀ ਦੇ ਤਿੰਨ ਬੱਚੇ ਹੋਏ ਸਨ। ਤਿੰਨੇ ਉਪਰੇਸ਼ਨ ਨਾਲ। ਦੋ ਮਰ ਗਏ ਸਨ। ਬਿੱਲੂ ਬਚ ਗਿਆ ਸੀ। ਬਿੱਲੂ ਦੇ ਪੈਦਾ ਹੋਣ ਵੇਲੇ ਡਾਕਟਰ ਨੇ ਕਹਿ ਦਿੱਤਾ ਸੀ ਕਿ ਦੁਰਗੀ ਫੇਰ ਹਾਮਲਾ ਹੋ ਗਈ ਤਾਂ ਉਹ ਮਰ ਜਾਵੇਗੀ। ਤੇ ਦੁਰਗੀ ਦੇ ਮਨ ਵਿਚ ਧੀ ਵਾਸਤੇ ਸਧਰ ਬਾਕੀ ਰਹਿ ਗਈ ਸੀ।

"ਕਿਉਂ ਦੁਰਗੀ ਨੂੰ ਮਾਂ ਬਣਾ ਲਏਂਗੀ?" ਉਹਨੇ ਬੱਚੀ ਨੂੰ ਵਰਚਾਉਂਦਿਆਂ ਕਿਹਾ। ਤੇ ਫੇਰ ਕੱਸੀ ਵੱਲ ਲੈ ਤੁਰਿਆ। ਪਾਣੀ ਪਿਆ ਕੇ ਉਹਨੇ ਮੂਕੇ ਦੇ ਲੜੋਂ ਗੁੜ ਖੋਹਲਕੇ ਉਹਦੇ ਮੂੰਹ ਵਿਚ ਪਾ ਦਿੱਤਾ ਤੇ ਉਸ ਨੂੰ ਗੱਡੀ ਵਿਚ ਲਿਟਾ ਕੇ ਗੱਡੀ ਹੱਕ ਲਈ।

ਦੋ ਕੁ ਫਰਲਾਂਗ ਗਿਆ ਹੋਵੇਗਾ ਕਿ ਉਹਨੂੰ ਦੋ ਹੋਰ ਲਾਸ਼ਾਂ ਦਿੱਸੀਆਂ। ਫੇਰ ਕੁਝ ਹੋਰ। ਉਹਨੇ ਸਾਹਮਣੇ ਨਜ਼ਰ ਮਾਰੀ ਤਾਂ ਸੜਕ ਲਾਸ਼ਾਂ ਨਾਲ ਭਰੀ ਪਈ ਸੀ। ਉਸ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ, "ਮਦਨ ਤੇਰੇ ਗੱਡੀ ਚਲਾਉਣ ਵਾਲੇ ਚਾਲੇ ਨਹੀਂ—ਭੇਡ ਵਾਂਗੂੰ ਨੀਵੀਂ ਪਾਈ ਰਖਦੈਂ। ਨੀਵਾਂ ਵੇਖੇ ਤੋਂ ਅੱਧੀ ਦੁਨੀਆਂ ਦਿਸਦੀ ਐ..." ਤੇ ਅੱਜ ਉਸ ਨੂੰ ਪਹਿਲੀ ਵਾਰ ਆਪਣੀ ਨੀਵਾਂ ਵੇਖਣ ਦੀ ਆਦਤ ਤੇ ਗੁੱਸਾ ਆਇਆ। ਜੇ ਉਹ ਕੱਸੀ ਤੋਂ ਹੀ ਸਾਹਮਣੇ ਵੇਖ ਲੈਂਦਾ ਤਾਂ ਉਹ ਪਿੱਛੇ ਹੀ ਮੁੜ ਜਾਂਦਾ। ਪਰ ਜਾਂਦਾ ਕਿੱਥੇ? ਕਿਸੇ ਨੇ ਉਹਨੂੰ ਆਪਣੇ ਘਰ ਰਾਤ ਕੱਟਣ ਦੇਣੀ ਸੀ? ਹੰਸ ਰਾਜ ਨੇ ਤਾਂ ਉਹਨੂੰ ਇਹ ਆਖ ਕੇ ਆਪਣੀ ਦੁਕਾਨ ਵਿਚੋਂ ਉਠਾ ਦਿੱਤਾ ਸੀ ਕਿ ਕਾਫ਼ਲਾ ਲੰਘ ਗਿਆ ਹੈ, ਹੁਣ ਕੋਈ ਡਰ ਨਹੀਂ। ਲੋਕ ਡਰੇ ਹੋਏ ਸਨ। ਘਰਾਂ ਦੇ ਬੂਹੇ ਬੰਦ ਸਨ। ਸਾਰੇ ਬਾਜ਼ਾਰ ਵਿਚ ਉਹਨੂੰ ਇਕ ਵੀ ਬੰਦਾ ਨਜ਼ਰ ਨਹੀਂ ਸੀ ਪਿਆ। ਹੋਰ ਤਾਂ ਹੋਰ, ਅੱਜ ਤਾਂ ਚੁੰਗੀ ਉੱਤੇ ਰਾਮ ਲਾਲ ਵੀ ਨਹੀਂ ਸੀ। ਚੁੰਗੀ ਬੰਦ ਸੀ। ਨਹੀਂ ਤਾਂ ਉਹ ਉਸ ਦਾ ਕੋਈ ਬੰਨ੍ਹ-ਸੁਬ੍ਹ ਕਰ ਦਿੰਦਾ।

ਚੁਫੇਰੇ ਲਾਸ਼ਾਂ ਹੀ ਲਾਸ਼ਾਂ ਵੇਖ ਕੇ ਊਠ ਭਵੰਤਰ ਗਿਆ। ਮਦਨ ਵੀ ਡਰ ਗਿਆ।

"ਪਾਣੀ...।" ਇਕ ਆਵਾਜ਼ ਆਈ। ਸੜਕ ਦੇ ਕਿਨਾਰੇ ਇਕ ਲਾਸ਼ ਨੇ ਉੱਠਣ ਦਾ ਜਤਨ ਕੀਤਾ।

ਮਦਨ ਉਹਦੇ ਕੋਲ ਚਲਿਆ ਗਿਆ।

"ਪਾਣੀ...ਅਸੀਂ ਮਰਦਾਨੇ ਕੇ ਹੁਨੇ ਆਂ ਪਰਭਾ...ਬਾਬਾ ਨਾਨਕ ਤੈਨੂੰ ਤਾਰੇ...।"

ਉਹਦੇ ਸਿਰ ਵਿਚ ਸੱਟ ਸੀ। ਪਿਛਲੇ ਪਾਸੇ ਲਹੂ ਦੀ ਛਪੜੀ ਲੱਗੀ ਪਈ ਸੀ। ਅੱਧਾ ਕੁ ਉੱਠ ਕੇ ਉਹ ਫੇਰ ਡਿੱਗ ਪਿਆ।

ਸੜਕ ਉੱਤੇ ਘਰ ਦਾ ਬਹੁਤ ਸਾਰਾ ਸਾਮਾਨ ਖਿੰਡਿਆ ਪਿਆ ਸੀ। ਆਟਾ ਗੁੰਨ੍ਹਣ

ਵਾਲੀ ਕਨਾਲੀ ਦੇ ਠਿੱਕਰੇ। ਟੁੱਟੀ ਹੋਈ ਸੁਰਾਹੀ। ਇਕ ਚਰਖਾ, ਉਖੜਿਆ ਹੋਇਆ। ਕੁਝ ਸਿਲਵਰ ਦੇ ਭਾਂਡੇ, ਚਿੱਬੇ ਹੋਏ ਹੋਏ। ਪਿੱਤਲ ਜਾਂ ਕਾਂਸੀ ਦਾ ਕੋਈ ਬਰਤਨ ਨਹੀਂ ਸੀ। ਮਦਨ ਦੇ ਇਕ ਸਿਲਵਰ ਦਾ ਕੌਲਾ ਸਿੱਧਾ ਕੀਤਾ ਤੇ ਛਪੜੀ ਤੋਂ ਪਾਣੀ ਲੈਣ ਤੁਰ ਪਿਆ।

ਕੁਝ ਲਾਸ਼ਾਂ ਅੱਧੀਆਂ ਛਪੜੀ ਦੇ ਪਾਣੀ ਵਿਚ ਸਨ, ਕੁਝ ਸਾਰੀਆਂ। ਮਦਨ ਨੇ ਗਿਣੀਆਂ, ਕੁੱਲ ਤੀਹ ਸਨ। ਪਾਣੀ ਵਿਚ ਲਹੂ ਘੁਲਿਆ ਹੋਇਆ ਸੀ। ਮਦਨ ਨੇ ਕੋਈ ਸਾਫ ਜਿਹੀ ਥਾਂ ਵੇਖ ਕੇ ਪਾਣੀ ਲੈਣ ਲਈ ਛਪੜੀ ਦਾ ਗੇੜਾ ਕੱਢਿਆ। ਪਰ ਕਿਧਰੇ ਵੀ ਸਾਫ ਪਾਣੀ ਨਹੀਂ ਸੀ। ਉਸ ਨੇ ਨਿਉਂ ਕੇ ਪਾਣੀ ਦਾ ਕਟੋਰਾ ਭਰ ਲਿਆ। ਕਟੋਰੇ ਵਿਚਲੇ ਪਾਣੀ ਨੂੰ ਵੇਖਿਆ, ਉਹਦੇ ਵਿਚ ਲਹੂ ਸੀ। ਫੇਰ ਪਤਾ ਨਹੀਂ ਉਹਦੇ ਦਿਲ ਵਿਚ ਕੀ ਆਈ, ਉਹ ਕਾਹਲੀ ਕਾਹਲੀ ਤੁਰ ਪਿਆ।

"ਲੈ ਬਈ ਜੇ ਤੇਰੀ ਵਧੀ ਹੋਈ ਤਾਂ ਕਿਸੇ ਤਣ-ਪਤਣ ਲੱਗ ਜਾਏਂਗਾ, ਏਸ ਪਾਣੀ 'ਚ ਤੇਰੇ ਵਰਗਿਆਂ ਦਾ ਲਹੂ ਰਲਿਆ ਹੋਇਆ ਐ...।" ਮਦਨ ਨੇ ਉਹਦਾ ਸਿਰ ਪਰ੍ਹੇ ਪਈ ਪਗੜੀ ਨਾਲ ਕੱਸ ਕੇ ਬੰਨ੍ਹ ਦਿੱਤਾ। ਆਖਰੀ ਗੰਢ ਦੇਣ ਤੋਂ ਪਹਿਲਾਂ ਹੀ ਉਹ ਉਹਦੇ ਹੱਥਾਂ ਵਿੱਚ ਲੁੜਕ ਗਿਆ। ਮਦਨ ਦੇ ਅੰਦਰੋਂ ਇਕ ਕੰਬਣੀ ਜਿਹੀ ਛਿੜ ਪਈ ਤੇ ਉਹ ਤੁਰ ਪਿਆ।

"ਪਾਣੀ...।" ਉਸ ਨੇ ਮੁੜ ਕੇ ਵੇਖਿਆ। ਸੜਕ ਦੇ ਦੂਜੇ ਕਿਨਾਰੇ ਇਕ ਲਾਸ਼ ਹੋਰ ਹਿੱਲ ਰਹੀ ਸੀ। ਮਦਨ ਨੇ ਸੜਕ ਉੱਤੋਂ ਪਾਣੀ ਵਾਲਾ ਕਟੋਰਾ ਚੁੱਕਿਆ। ਥੋੜ੍ਹਾ ਕੁ ਪਾਣੀ ਹੈ ਸੀ। ਉਹ ਸਿੱਧਾ ਸਪਾਲ ਪਿਆ ਸੀ। ਉਹਦੀ ਵੱਖੀ ਕੋਲੋਂ ਲਹੂ ਵਹਿ ਵਹਿ ਕੇ ਧਰਤੀ ਉੱਤੇ ਜੰਮ ਚੁਕਿਆ ਸੀ। ਮਦਨ ਨੇ ਉਹਨੂੰ ਬੈਠਾ ਕਰ ਕੇ ਗੋਡੇ ਦਾ ਆਸਰਾ ਦੇ ਦਿੱਤਾ। ਜਿੰਨਾ ਪਾਣੀ ਉਹਨੇ ਪੀਤਾ, ਸਾਰਾ ਵੱਖੀ ਵਿੱਚੋਂ ਦੀ ਬਾਹਰ ਨਿਕਲ ਗਿਆ। ਉਹਨੇ ਵੱਖੀ ਨੂੰ ਬੰਨ੍ਹ ਦੇਣ ਲਈ ਇਸ਼ਾਰਾ ਕੀਤਾ।

"ਹੁਣ ਤੂੰ ਮੈਨੂੰ ਓਸ ਕਿੱਕਰ ਦੇ ਮੁੱਢ ਨਾਲ ਬੈਠਾ ਕਰ ਦੇਹ।" ਉਸ ਨੇ ਕਿਹਾ, "ਮਿਲਟਰੀ ਵਾਲੇ ਕਿਧਰੇ ਮੈਨੂੰ ਜਿਉਂਦੇ ਨੂੰ ਹੀ ਨਾ ਦੱਬ ਜਾਣ।"

ਮਦਨ ਛੇਤੀ ਛੇਤੀ ਸਾਰਾ ਕੰਮ ਮੁਕਾ ਕੇ ਤੁਰਦਾ ਹੋਇਆ। ਦਿਨ ਬਹੁਤ ਛੋਟਾ ਰਹਿੰਦਾ ਜਾਂਦਾ ਸੀ। ਉਹ ਦਿਨ ਖੜ੍ਹੇ ਖੜ੍ਹੇ ਘਰ ਪਹੁੰਚਣਾ ਚਾਹੁੰਦਾ ਸੀ। ਹਾਲੇ ਵੀ ਥੋੜ੍ਹਾ ਕੁ ਡਰ ਉਹਦੇ ਅੰਦਰ ਲੁਕਿਆ ਹੋਇਆ ਸੀ।

ਉਹਨੇ ਗੱਡੀ ਤੋਰ ਲਈ। ਪੰਦਰਾਂ ਵੀਹ ਕਦਮ ਗਿਆ ਹੋਵੇਗਾ ਕਿ ਗੱਡੀ ਦਾ ਇਕ ਪਹੀਆ ਇਕ ਲਾਸ਼ ਦੀ ਲੱਤ ਉੱਤੋਂ ਦੀ ਲੰਘ ਗਿਆ। ਮਦਨ ਨੂੰ ਕ੍ਰੋਧ ਚੜ੍ਹ ਗਿਆ। ਉਹਨੇ ਗੱਡੀ ਵਿਚੋਂ ਡਾਂਗ ਚੁੱਕੀ ਤੇ ਧਲੀਰ ਕੇ ਊਠ ਦੇ ਦੋ ਜੜ ਦਿੱਤੀਆਂ। ਊਠ ਕੁਦਾੜੇ ਮਾਰਦਾ ਭੱਜ ਤੁਰਿਆ ਤੇ ਗੱਡੀ ਤਿੰਨ ਚਾਰ ਲਾਸ਼ਾਂ ਉੱਤੋਂ ਦੀ ਲੰਘ ਗਈ। ਮਦਨ ਨੇ ਉਤਰ ਕੇ ਊਠ ਦੀ ਮੁਹਾਰ ਅੱਗੋਂ ਫੜ ਲਈ ਤੇ ਲਾਸ਼ਾਂ ਤੋਂ ਬਚਾ ਬਚਾ ਕੇ ਗੱਡੀ ਤੋਰਨ ਲੱਗਿਆ।

ਬੱਚੀ ਨੇ ਰੋਣਾ ਸ਼ੁਰੂ ਕਰ ਦਿੱਤਾ। ਮਦਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, "ਮੈਨੂੰ ਪਾਣੀ ਨਾਲ ਲੈ ਕੇ ਤੁਰਨਾ ਚਾਹੀਦਾ ਸੀ ਜੁਆਕੜੀ ਵਾਸਤੇ।" ਗੱਡੀ ਖੜ੍ਹੀ ਕਰਕੇ ਉਹਨੇ ਬੱਚੀ ਨੂੰ ਕੁੱਛੜ ਚੁੱਕ ਲਿਆ। ਉਹ ਚੁੱਪ ਕਰ ਗਈ। ਪਰ ਹਾਲੇ ਵੀ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਇਕ ਟਾਹਲੀ ਹੇਠ ਚਾਰ ਪੰਜ ਬੱਚੇ ਬੈਠੇ ਸਨ। ਇਕ ਰੋ ਰਿਹਾ ਸੀ। ਜਦੋਂ ਉਹ ਉਹਨਾਂ ਦੇ ਕੋਲ ਗਿਆ, ਤਾਂ ਸਾਰਿਆਂ ਨੇ ਰੋਣਾ ਸ਼ੁਰੂ ਕਰ ਦਿੱਤਾ। ਇਕ



ਵੱਡਾ ਬੱਚਾ ਇਕ ਲਾਸ਼ ਨਾਲ ਜਾ ਚੰਬੜਿਆ।

"ਡਰੋ ਨਾ...ਮੈਂ ਮਾਰਨ ਵਾਲਾ ਨਹੀਂ।" ਉਸ ਨੇ ਕਿਹਾ, "ਇਹ ਤੇਰਾ ਅੱਬਾ ਐ?" ਉਹਨੇ ਵੱਡੇ ਬੱਚੇ ਨੂੰ ਪੁੱਛਿਆ।

ਬੱਚੇ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਸਭ ਬੱਚੇ ਚੁੱਪ ਹੋ ਗਏ। ਮਦਨ ਖੜ੍ਹਾ ਸੋਚਦਾ ਰਿਹਾ, ਉਹ ਉਹਨਾਂ ਨੂੰ ਹੋਰ ਕੀ ਕਹੇ? ਕੁਝ ਬੱਚੇ ਸੜਕ ਦੇ ਦੂਜੇ ਪਾਸੇ ਵੀ ਕਿੱਕਰ ਹੇਠ ਬੈਠੇ ਸਨ। ਕੁਝ ਰੋ ਰਹੇ ਸਨ। ਕੋਈ ਆਪਣੀ ਮੋਈ ਪਈ ਮਾਂ ਦੀ ਛਾਤੀ ਉੱਤੇ ਸਿਰ ਰੱਖ ਕੇ ਡੁਸਕ ਰਿਹਾ ਸੀ। ਆਸੇ ਪਾਸੇ ਫਟੜ ਪਾਣੀ ਮੰਗ ਰਹੇ ਸਨ। ਉਹ ਉਹਨਾਂ ਦਾ ਕੀ ਕਰੇ? ਕਿਸ ਕਿਸ ਨੂੰ ਸੰਭਾਲੇ? ਕਿਤੋਂ ਪਾਣੀ ਲਿਆ ਕੇ ਪਿਆਵੇ, ਉਹ ਇਕੱਲਾ? ਪਿੱਛੇ ਉਹ ਲਾਸ਼ਾਂ ਦਾ ਕਾਫਲਾ ਛੱਡ ਆਇਆ ਸੀ। ਅਗੇ ਇਸਤੋਂ ਵੱਡਾ ਕਾਫਲਾ ਬਾਕੀ ਸੀ, ਜਿਸ ਵਿਚੋਂ ਦੀ ਰਾਹ ਬਣਾ ਕੇ ਉਹਨੇ ਘਰ ਪੁੱਜਣਾ ਸੀ—ਦਿਨ ਖੜ੍ਹੇ ਖੜ੍ਹੇ। ਪਤਾ ਨਹੀਂ ਕਿਥੋਂ ਤੱਕ ਇਹ ਕਾਫਲਾ ਵਿਛਿਆ ਪਿਆ ਹੋਵੇਗਾ। ਜਿਉਂਦੇ ਬੰਦਿਆਂ ਦਾ ਤਾਂ ਵੀਹ ਮੀਲ ਲੰਮਾ ਕਾਫਲਾ ਸੁਣਿਆ ਸੀ।

ਕੁਝ ਚਿਰ ਉਹ ਚੁੱਪ ਖੜ੍ਹਾ ਰਿਹਾ। ਫੇਰ ਉਸ ਨੇ ਬੱਚੀ ਨੂੰ ਉਹਨਾਂ ਬੱਚਿਆਂ ਕੋਲ ਲਿਟਾ ਦਿੱਤਾ ਤੇ ਛੇਤੀ ਛੇਤੀ ਉਥੋਂ ਤੁਰਦਾ ਹੋਇਆ, ਮਤੇ ਫੇਰ ਉਸ ਦਾ ਦਿਲ ਨਾ ਬਦਲ ਜਾਵੇ।

ਉਹ ਉਸੇ ਤਰ੍ਹਾਂ ਮੁਹਾਰ ਫੜੀ ਗੱਡੀ ਨੂੰ ਲਾਸ਼ਾਂ ਤੋਂ ਬਚਾ ਬਚਾ ਕੇ ਲੰਘਾਉਣ ਲੱਗਿਆ। ਫੇਰ ਵੀ ਕਦੇ ਕਿਸੇ ਦਾ ਪੈਰ ਹੇਠਾਂ ਆ ਜਾਂਦਾ ਤੇ ਕਦੇ ਕਿਸੇ ਦੀ ਲੱਤ ਉੱਤੋਂ ਦੀ ਪਹੀਆ ਲੰਘ ਜਾਂਦਾ। ਪਰ ਉਹਨੂੰ ਊਠ ਉੱਤੇ ਗੁੱਸਾ ਨਹੀਂ ਸੀ ਆ ਰਿਹਾ। ਉਹਦਾ ਕੀ ਕਸੂਰ ਸੀ, ਵਿਚਾਰੇ ਦਾ। ਸਗੋਂ ਉਹਦਾ ਤਾਂ ਜ਼ੋਰ ਲੱਗ ਰਿਹਾ ਸੀ, ਝਟੇ ਝਟੇ ਪਹੀਏ ਅੱਗੇ ਓਟਾ ਲੱਗ ਜਾਂਦਾ ਸੀ।

ਅੱਧ ਵਾਲੀ ਕੱਸੀ ਤੇ ਪਹੁੰਚ ਕੇ ਉਹਨੂੰ ਮਹਿਸੂਸ ਹੋਇਆ, ਉਹ ਥੱਕ ਗਿਆ ਸੀ। ਜਿਸ ਬਾਂਹ ਨਾਲ ਊਠ ਦੀ ਮੁਹਾਰ ਕਦੀ ਏਧਰ ਕਦੀ ਓਧਰ ਖਿੱਚਦਾ ਆਇਆ ਸੀ, ਉਹ ਅੰਬ ਗਈ ਹੈ ਤੇ ਹੁਣ ਉਸ ਤੋਂ ਉਹਦਾ ਭਾਰ ਨਹੀਂ ਚੁੱਕਿਆ ਜਾਂਦਾ। ਹੁਣ ਤੱਕ ਉਸ ਨੇ ਢਾਈ ਮੀਲ ਪੰਧ ਕੀਤਾ ਸੀ। ਸੜਕ ਦਾ ਏਨਾ ਹੀ ਸਫਰ ਬਾਕੀ ਸੀ ਤੇ ਇਕ ਮੀਲ ਅੱਗੇ ਕੱਚਾ, ਜਿਹੜਾ ਅੱਜ ਪੱਕੀ ਸੜਕ ਨਾਲੋਂ ਸਾਫ ਰਸਤਾ ਹੋਵੇਗਾ। ਸੂਰਜ ਡੁੱਬ ਚੁਕਿਆ ਸੀ। ਪੁਲ ਉੱਤੇ ਪਹੁੰਚ ਕੇ ਉਹਨੇ ਵੇਖਿਆ, ਕੱਸੀ ਦਾ ਪਾਣੀ ਪਟੜੀ ਦੇ ਉੱਤੋਂ ਦੀ ਵਗ ਰਿਹਾ ਸੀ। ਕੱਸੀ ਲਾਸ਼ਾਂ ਨਾਲ ਅੱਟੀ ਪਈ ਸੀ। ਉਹਨੇ ਗੱਡੀ ਰੋਕ ਦਿੱਤੀ।

ਊਠ ਨੇ ਚੀੜ੍ਹ ਕਰ ਲਿਆ ਤਾਂ ਉਹ ਗੱਡੀ ਦੇ ਉੱਤੇ ਚੜ੍ਹ ਬੈਠਾ ਤੇ ਊਠ ਦੀਆਂ ਮੁਹਾਰਾਂ ਢਿੱਲੀਆਂ ਛੱਡ ਦਿੱਤੀਆਂ। ਕਦੀ ਕੋਈ ਲਾਸ਼ ਧਿਆਨ ਪੈ ਜਾਂਦੀ ਤਾਂ ਊਠ ਦੀ ਮੁਹਾਰ ਇਕ ਪਾਸੇ ਖਿੱਚ ਦਿੰਦਾ, ਨਹੀਂ ਤਾਂ ਗੱਡੀ ਉੱਤੋਂ ਦੀ ਹੀ ਲੰਘ ਜਾਂਦੀ।

ਹੌਲੀ ਹੌਲੀ ਹਨੇਰਾ ਵਧਣ ਲੱਗਿਆ। ਲਾਸ਼ਾਂ ਨਜ਼ਰ ਆਉਣੋਂ ਹਟ ਗਈਆਂ। ਬੱਸ ਉਦੋਂ ਪਤਾ ਲੱਗਦਾ, ਜਦੋਂ ਗੱਡੀ ਉਪਰੋਂ ਲੰਘ ਕੇ ਧੜੱਕ ਕਰ ਕੇ ਵੱਜਦੀ। ਮੀਲ ਕੁ ਚੱਲਣ ਪਿੱਛੋਂ ਉਹਨੂੰ ਇਹ ਪਤਾ ਲੱਗਣ ਲੱਗ ਪਿਆ, ਪਹੀਏ ਹੇਠ ਆਈ ਲਾਸ਼ ਕਿਸੇ ਵੱਡੇ ਬੰਦੇ ਦੀ ਹੈ ਜਾਂ ਬੱਚੇ ਦੀ। ਊਠ ਦੇ ਪੈਰਾਂ ਦੀ ਆਵਾਜ਼ ਤੋਂ ਜਾਣ ਜਾਂਦਾ ਕਿ ਸੜਕ ਸੁੱਕੀ ਹੈ ਜਾਂ ਲਹੂ ਲਿਬੜੀ।

ਹੁਣ ਉਹਦਾ ਡਰ ਬਿਲਕੁਲ ਲੱਥ ਗਿਆ ਸੀ ਤੇ ਉਸ ਨੇ ਉਹ ਗੀਤ ਹੌਲੀ ਹੌਲੀ ਗਾਉਣਾ ਸ਼ੁਰੂ ਕਰ ਦਿੱਤਾ, ਜਿਹੜਾ ਰਾਤ ਨੂੰ ਸਫਰ ਕਰਨ ਸਮੇਂ ਹਮੇਸ਼ਾਂ ਗਾਇਆ ਕਰਦਾ ਸੀ।

"ਨੀ ਤੂੰ ਮਾੜੀ ਕੀਤੀ ਸਾਹਿਬਾਂ,
ਨੀ ਤੂੰ ਯਾਰ ਦਿੱਤਾ ਮਰਵਾ ਨੀ।"

ਪਰ ਅੱਜ ਉਹਨੂੰ ਨਾ ਤਾਂ ਮਿਰਜ਼ੇ ਦੇ ਤਲਵਾਰਾਂ ਵੱਜਦੀਆਂ ਦਿਸੀਆਂ ਤੇ ਨਾ ਹੀ ਲਹੂ ਦੇ ਪਰਨਾਲੇ ਵਗਦੇ ਵਿਖਾਈ ਦਿੱਤੇ। ਉਹਨੂੰ ਆਪਣਾ ਗੀਤ ਰਸ-ਹੀਣ ਲੱਗਿਆ ਤੇ ਉਹਨੇ ਬੰਦ ਕਰ ਦਿੱਤਾ।

ਪੱਕੀ ਸੜਕ ਦਾ ਸਫਰ ਮੁੱਕਿਆ ਤਾਂ ਕੱਚੇ ਰਾਹ ਮੁੜ ਕੇ ਊਠ ਆਪ ਹੀ ਰੁਕ ਗਿਆ। ਕੁਝ ਮਿੰਟ ਰੁਕਿਆ ਤੇ ਫੇਰ ਆਪ ਹੀ ਤੁਰ ਪਿਆ।

ਆਪਣੇ ਬੂਹੇ ਅਗੇ ਪਹੁੰਚਿਆ, ਤਾਂ ਕਿੰਨੇ ਹੀ ਆਂਢੀ ਗੁਆਂਢੀ ਬੋਲ ਪਏ—"ਆ ਗਿਆ। ਆ ਗਿਆ।"

ਉਹਨਾਂ ਦੇ ਘਰ ਵਿਚੋਂ ਰੋਣ ਦੀਆਂ ਆਵਾਜ਼ਾਂ ਹੋਰ ਉੱਚੀਆਂ ਹੋ ਗਈਆਂ। ਉਹ ਕੋਲ ਗਿਆ ਤਾਂ ਜੁੜੇ ਹੋਏ ਮਰਦ ਚੁੱਪ ਹੋ ਗਏ। ਉਹਨੇ ਗੱਡੀ ਨਾਲੋਂ ਊਠ ਨੂੰ ਛੱਡਿਆ ਤੇ ਵਿਹੜੇ ਵਿਚ ਚਰਨੇ ਉੱਤੇ ਬੰਨ੍ਹ ਦਿੱਤਾ। ਇਕ ਪਾਸੇ ਬਹੁਤ ਸਾਰੀਆਂ ਔਰਤਾਂ ਵੈਣ ਪਾ ਰਹੀਆਂ ਸਨ। ਉਹਨਾਂ ਵਿਚੋਂ ਮਦਨ ਦੀ ਮਾਂ ਉਠੀ ਤੇ ਉਹਦੇ ਗਲ ਲੱਗ ਕੇ ਧਾਹਾਂ ਮਾਰਨ ਲੱਗ ਪਈ।

"ਵੇ ਆਪਾਂ ਲੁੱਟੇ ਗਏ ਪੁੱਤਾ।'

"ਕੀ ਗੱਲ ਐ ਮਾਂ?" ਉਹਨੇ ਮਾਂ ਦੀਆਂ ਬਾਹਵਾਂ ਆਪਣੇ ਦੁਆਲਿਉਂ ਲਾਹ ਕੇ ਪੁੱਛਿਆ।

"ਬਿੱਲੂ ਕੋਠੇ ਤੋਂ ਡਿੱਗ ਕੇ ਪੂਰਾ ਹੋ ਗਿਆ।" ਉਹਨੂੰ ਦੱਸਿਆ ਗਿਆ।

ਉਹ ਚੁੱਪ ਚਾਪ ਬਹਿ ਗਿਆ। ਕੁਝ ਦੇਰ ਸਾਰੇ ਚੁੱਪ ਰਹੇ। ਫੇਰ ਕਿਸੇ ਨੇ ਕਿਹਾ, "ਮਦਨ ਲਾਲ ਚਲੋ ਸਸਕਾਰ ਕਰ ਆਈਏ। ਅਸੀਂ ਤੈਨੂੰ ਹੀ ਉਡੀਕਦੇ ਸਾਂ।"

"ਬਿੰਦ ਠਹਿਰੋ ਇਹ ਕੰਮ ਵੀ ਕਰ ਲੈਨੇ ਆਂ।" ਮਦਨ ਨੇ ਕਿਹਾ, "ਬਿੰਦ ਕੁ ਸੁਸਤਾ ਲਈਏ, ਥੱਕੇ ਬਹੁਤ ਆਂ, ਭੁੱਖ ਬਹੁਤ ਲੱਗੀ ਐ।"

ਮਾਂ ਨੇ ਉਹਨੂੰ ਮੋਢਿਆਂ ਤੋਂ ਫੜ ਲਿਆ।

"ਹੈਂਸਿਆਰਿਆ! ਤੂੰ ਇਹਨੂੰ ਕੰਮ ਦੱਸਦੈਂ, ਤੈਨੂੰ ਭੁੱਖ ਲੱਗੀ ਐ...ਵੇ ਕੋਈ ਜਣਾ ਲਾਲਟਨ ਲਿਆਓ ਵੇ...।" ਉਹ ਦੁਹੱਥੜ ਪਿੱਟਣ ਲੱਗ ਪਈ।

ਕੋਈ ਜਣਾ ਲਾਲਟੈਨ ਲੈ ਆਇਆ।

"ਵੇ ਪਿੰਡਾ ਅਸੀਂ ਲੁੱਟੇ ਗਏ...ਮੈਂ ਛੋਟੇ ਨੂੰ ਰੋਂਦੀ ਸਾਂ...ਵੱਡੇ ਨੂੰ ਵੀ ਕੁਝ ਹੋ ਗਿਐ-ਪਤਾ ਨਹੀਂ ਕੀਹਦੀ 'ਵਾ ਲੱਗ ਗਈ ਐ...ਵੇਖੋ ਕਿਵੇਂ ਦੀਦੇ ਪਾੜ ਪਾੜ ਵੇਖੀ ਜਾਂਦੈ...।"

ਸਭ ਤੀਵੀਆਂ ਉੱਠ ਕੇ ਉਹਦੇ ਦੁਆਲੇ ਹੋ ਗਈਆਂ।

"ਕੋਈ ਓਪਰੀ ਹਵਾ ਲਗਦੀ ਐ।"

"ਕੋਈ ਜਣਾ ਸਿਆਣੇ ਨੂੰ ਬੁਲਾ ਕੇ ਲਿਆਉ।"

ਬਿੱਲੂ ਦੀ ਲਾਸ਼ ਇਕੱਲੀ ਪਈ ਸੀ, ਕੱਪੜੇ ਨਾਲ ਢਕੀ ਹੋਈ। ਮਦਨ ਉਹਦੇ ਵੱਲ ਵੇਖ ਰਿਹਾ ਸੀ, ਵੇਖੀ ਹੀ ਜਾ ਰਿਹਾ ਸੀ। ਉਹਨੂੰ ਇਉਂ ਲੱਗ ਰਿਹਾ ਸੀ, ਜਿਵੇਂ ਇਕ ਲਾਸ਼ ਬਾਕੀ ਲਾਸ਼ਾਂ ਨਾਲੋਂ ਇਕ ਮੀਲ ਦੇ ਫਾਸਲੇ ਉੱਤੇ ਪਏ ਹੋਵੇ—ਬੱਸ।



# ਹਨੇਰੇ ਦਾ ਸ.ਫ਼ਰ

**ਪਰਗਟ ਸਿੰਘ ਸਤੌਜ**

**ਭੂਮਿਕਾ**

ਸੂਰਜ ਚਾਹੇ ਪਿਛਲੇ ਕਈ ਦਿਨਾਂ ਤੋਂ ਅੱਖ-ਮਟੱਕਾ ਕਰ ਰਿਹਾ ਸੀ ਪਰ ਅੱਜ ਤਾਂ ਉਹ ਵੀ ਬੰਦ।

ਸਾਰਾ ਦਿਨ ਧੁੰਦ ਪੈਂਦੀ ਰਹੀ ਹੈ। ਲੋਕ ਆਮ ਕੰਮਾਂ ਨੂੰ ਅਗਲੇ ਦਿਨ ਉੱਤੇ ਪਾ ਕੇ ਰਜਾਈਆਂ ਵਿੱਚ ਵੜੇ ਬੈਠੇ ਹਨ। ਕੁਝ ਹੀਟਰਾਂ, ਧੂਣੀਆਂ ਉੱਤੇ ਠਰੇ ਹੱਥਾਂ ਨੂੰ ਸੇਕ ਰਹੇ ਹਨ। ਮੈਂ ਅਜਿਹੇ ਜਮਾ ਦੇਣ ਵਾਲੇ ਮੌਸਮ ਵਿੱਚ ਸੱਤਰ-ਅੱਸੀ ਕਿਲੋਮੀਟਰ ਦਾ ਸਫ਼ਰ ਕਰ ਕੇ ਇੱਥੇ ਅਖ਼ਤਰ ਕੋਲ ਪਹੁੰਚ ਗਿਆ ਹਾਂ। ਤੁਹਾਨੂੰ ਚਾਹੇ ਇਹ ਗੱਲ ਬੜੀ ਛੋਟੀ ਲੱਗੇ ਪਰ ਮੈਨੂੰ ਤਾਂ ਇਸੇ ਦਾ ਨਸ਼ਾ ਹੈ। ਮੈਂ ਆਪਣੇ ਇਸ ਅਮਲ ਨੂੰ ਪੂਰਾ ਕਰਨ ਲਈ ਨਾ ਗਰਮੀ ਵੇਖਦਾ ਹਾਂ ਨਾ ਸਰਦੀ। ਅੱਬਾਸ ਨੂੰ ਮੈਂ ਆਉਂਦਾ ਹੋਇਆ ਇਸਦੇ ਪਿੰਡੋਂ ਲੈ ਆਇਆ ਹਾਂ। ਉਸ ਨੂੰ ਚਾਹੇ ਤਿੰਨ-ਚਾਰ ਕਿਲੋਮੀਟਰ ਹੀ ਮੇਰੇ ਨਾਲ ਤੁਰਨਾ ਪਿਆ ਹੈ ਪਰ ਹੁਣ ਉਹ ਵੀ ਸਿਆਲੂ ਮੀਂਹ 'ਚ ਭਿਜੀ ਬੱਕਰੀ ਵਾਂਗ ਕੰਬੀ ਜਾ ਰਿਹਾ ਹੈ।

ਧੂਣੀ ਜਲ ਰਹੀ ਹੈ। ਮੈਂ ਤੇ ਅੱਬਾਸ ਸੁੰਨ ਹੋ ਗਏ ਹੱਡਾਂ ਨੂੰ ਗਰਮਾਉਣ ਲਈ ਚਾਹ ਦੇ ਗਲਾਸ ਹੱਥਾਂ 'ਚ ਫੜੀਂ ਧੂਣੀ ਦੇ ਹੋਰ ਨੇੜੇ ਹੋ ਗਏ ਹਾਂ। ਚਾਹ ਦੀਆਂ ਚੁਸਕੀਆਂ ਲੈਂਦੇ ਅਸੀਂ ਅਜੋਕੇ ਸਾਹਿਤ 'ਤੇ ਚਰਚਾ ਕਰਨ ਲਗਦੇ ਹਾਂ। ਕਾਫ਼ੀ ਸਮੇਂ ਬਾਅਦ ਬਾਹਰਲਾ ਗੇਟ ਖੜਕਦਾ ਹੈ। ਅਸੀਂ ਦੋਵੇਂ ਹੀ ਚੌਕੰਨੇ ਹੋ ਗਏ ਰੋਝਾਂ ਵਾਂਗ ਕੰਨ ਚੁੱਕਦੇ ਬਾਹਰਲੇ ਗੇਟ ਵੱਲ ਵੇਖਦੇ ਹਾਂ। ਅਖ਼ਤਰ ਇੱਕ ਬਜ਼ੁਰਗ ਨੂੰ ਲਈਂ ਗੇਟ ਤੋਂ ਅੰਦਰ ਹੋ ਗਿਆ ਹੈ।

"ਸਲਾਮਾਲੇਕਮ ਤਾਇਆ ਜੀ।" ਮੈਂ ਉਸਨੂੰ ਸਲਾਮ ਕਰਦਾ ਹਾਂ।

"ਵਾ-ਲੇਕਮ-ਸਲਾਮ।" ਉਹ ਮੇਰੀ ਸਲਾਮ ਦਾ ਜਵਾਬ ਦਿੰਦਾ ਧੂਣੀ ਕੋਲ ਬੈਠ ਜਾਂਦਾ ਹੈ। ਉਸ ਨੇ ਹੱਥ ਵਾਲੀ ਹੁੱਕੀ ਇੱਕ ਪਾਸੇ ਰੱਖ ਦਿੱਤੀ ਹੈ ਤੇ ਮੇਰੇ ਵੱਲ ਬੜੇ ਧਿਆਨ ਨਾਲ ਵੇਖਣ ਲੱਗਿਆ ਹੈ।

"ਪਹਿਚਾਣਿਆ ਤਾਇਆ ਜੀ?" ਉਸਦੀਆਂ ਪਹਿਚਾਣਨ ਲਈ ਸੰਘਰਸ਼ ਕਰਦੀਆਂ ਅੱਖਾਂ ਵੱਲ ਤੱਕਦਿਆਂ ਮੈਂ ਉਸ ਨੂੰ ਪੁੱਛ ਲੈਂਦਾ ਹਾਂ।

"ਨਾਂਹ ਭਾਈ।" ਉਹ ਸਿਰ ਮਾਰ ਦਿੰਦਾ ਹੈ।

"ਮੈਂ ਸਿਮਰਨ।"

"ਅੱਛਿਆ ਅੱਛਿਆ।" ਉਸਦੀਆਂ ਪ੍ਰਸ਼ਨ-ਚਿੰਨ੍ਹ ਬਣੀਆਂ ਅੱਖਾਂ ਹੱਸ ਪੈਂਦੀਆਂ

ਹਨ। ਉਹ ਮੇਰੇ ਆਉਣ ਦਾ ਮਕਸਦ ਸਮਝ ਗਿਆ ਹੈ। ਅਖ਼ਤਰ ਨੇ ਕੱਲ੍ਹ ਹੀ ਉਸਨੂੰ ਸਮਝਾ ਦਿੱਤਾ ਸੀ। ਮੈਂ ਪਹਿਲਾਂ ਵੀ ਇਹਨਾਂ ਨਾਲ ਮੁਲਾਕਾਤ ਕਰ ਚੁਕਿਆ ਹਾਂ ਪਰ ਮੇਰੇ ਉਹ ਸਾਰੇ ਨੋਟਿਸ ਗੁੰਮ ਜਾਣ ਕਰਕੇ ਅਤੇ ਮੇਰੀ ਇੱਕ ਦੋਸਤ ਦਾ ਪਾਕਿਸਤਾਨੋਂ ਫ਼ੋਨ ਆਉਣ ਕਰਕੇ ਮੈਂ ਇਨ੍ਹਾਂ ਨੂੰ ਦੁਬਾਰਾ ਮਿਲਣ ਆਇਆ ਹਾਂ। ਕੁਝ ਕਾਰਨ ਮੇਰਾ ਇਹਨਾਂ ਨਾਲ ਕੀਤੇ ਵਾਅਦੇ ਦਾ ਵੀ ਹੈ ਜਿਹੜਾ ਮੈਂ ਇਹਨਾਂ ਦੀ ਜ਼ਿੰਦਗੀ ਉੱਪਰ ਕਹਾਣੀ ਲਿਖਣ ਲਈ ਕੀਤਾ ਸੀ।

ਉਹ ਕੁਝ ਸਮਾਂ ਹੁੱਕੀ ਨੂੰ ਗੁੜ-ਗੁੜਾਉਂਦਾ ਹੈ ਤੇ ਫਿਰ ਮੇਰੇ ਤੇ ਅੱਬਾਸ ਵੱਲ ਇਸ ਤਰ੍ਹਾਂ ਵੇਖਦਾ ਹੈ ਜਿਵੇਂ ਸਾਡਾ ਸਾਰਾ ਧਿਆਨ ਆਪਣੇ ਉੱਤੇ ਕੇਂਦਰਿਤ ਕਰਨ ਲਈ ਤਾੜਨਾ ਕਰ ਰਿਹਾ ਹੋਵੇ। ਸਾਡੇ ਵੱਲੋਂ ਤਸੱਲੀ ਹੋਣ ’ਤੇ ਉਹ ਹੁੱਕੀ ਦੀ ਨਲ਼ੀ ਮੂੰਹ ’ਚੋਂ ਕੱਢ ਕੇ ਪਰ੍ਹਾਂ ਸਰਕਾ ਦਿੰਦਾ ਹੈ। ਅੱਖਾਂ ਨੂੰ ਆਲੇ-ਦੁਆਲੇ ਘੁੰਮਾਉਂਦਾ ਹੈ। ਅਸਮਾਨ ਵੱਲ ਭਰਵੀਂ ਨਜ਼ਰ ਮਾਰਦਾ ਹੈ ਜਿਵੇਂ ਇਸ ਧਰਤੀ ਦੀਆਂ ਸਾਰੀਆਂ ਦਿਸ਼ਾਵਾਂ ਵਿੱਚ ਖਿਲਰੀਆਂ ਘਟਨਾਵਾਂ ਨੂੰ ਅੱਖਾਂ ਨਾਲ ਚੁਗ ਕੇ ਆਪਣੇ ਅੰਦਰ ਸੁੱਟ ਰਿਹਾ ਹੋਵੇ। ਉਸਦੇ ਚਿਹਰੇ ਦਾ ਰੰਗ ਬਦਲਣ ਲੱਗਦਾ ਹੈ। ਉਹ ਧੂਣੀ ਵੱਲ ਵੇਖਦਾ ਬੋਲ ਕੱਢਦਾ ਹੈ।

### ਨੌਂਹਰ ਬਨਾਮ ਪਾਠਕ

"ਓਦੋਂ ਸਾਉਣ ਦਾ ਮਹੀਨਾ ਸੀ। ਮੱਕੀਆਂ ਗੱਠ ਪੱਟਦੀਆਂ ਸਨ। ਇਹ ਭੋਰਾ ਖ਼ਿਆਲ ਨਹੀਂ ਸੀ ਕਿ ਇਸ ਰੁੱਤੇ ਲੋਕਾਂ ਦੀਆਂ ਜੜ੍ਹਾਂ ਵੀ ਪੁੱਟੀਆਂ ਜਾਣਗੀਆਂ। ਸਾਰੇ ਭਾਰਤ ਵਿੱਚ ਹਵਾ ਬਦਲ ਰਹੀ ਸੀ। ਹੌਲੀ ਹੌਲੀ ਇਹ ਬਦਲੀ ਹੋਈ ਹਵਾ ਜੂਹਾਂ ਪਾਰ ਕਰ ਕੇ ਸਾਡੇ ਪਿੰਡ ਦੀਆਂ ਗਲੀਆਂ ਘੁੰਮਦੀ ਘਰੋ-ਘਰੀਂ ਆ ਵੜੀ ਸੀ। ਲੋਕ ਇਸ ਹਵਾ ਨੂੰ ਸੁੰਘਦੇ ਤੇ ਆਪੋ-ਆਪਣੇ ਅੰਦਾਜ਼ੇ ਲਗਾਉਣ ਲੱਗਦੇ। ਹੌਲੀ ਹੌਲੀ ਇੱਕ ਡਰ ਨਿੱਕੀ ਵੱਡੀ ਜਿੰਦ ਵਿੱਚ ਧੜਕਣ ਲੱਗ ਪਿਆ। ਹਰ ਪਲ ਇਹ ਡਰ ਵਧਦਾ ਜਾ ਰਿਹਾ ਸੀ। ਇਸ ਡਰ ਕਾਰਨ ਲੋਕ ਘਰ-ਬਾਰ ਛੱਡਣ ਦੀਆਂ ਤਿਆਰੀਆਂ ਕਰਨ ਲੱਗ ਪਏ ਸਨ। ਲੋੜੀਂਦਾ ਸਮਾਨ ਗੱਠੜੀਆਂ ਵਿੱਚ ਬੰਨ੍ਹਿਆ ਜਾ ਰਿਹਾ ਸੀ। ਕਈਆਂ ਨੇ ਆਪਣੇ ਗਹਿਣੇ ਚੁੱਕ ਕੇ ਲੱਕ ਨਾਲ ਬੰਨ੍ਹ ਲਏ। ਕੁਝ ਨੇ ਨਿਸ਼ਾਨੀਆਂ ਕਰ ਕੇ ਧਰਤੀ ਵਿੱਚ ਦੱਬ ਦਿੱਤੇ ਕਿ 'ਚਲੋ ਜਦੋਂ ਟਿਕ-ਟਿਕਾ ਹੋ ਗਿਆ ਵਾਪਸ ਮੁੜ ਆਮਾਂਗੇ।' ਬੇਸਮਝ ਬੱਚੇ ਇਸ ਅਚਾਨਕ ਆ ਪਈ ਬਿਜ ਤੋਂ ਭੈਅ-ਭੀਤ ਸਨ। ਉਹਨਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਕਿ ਇਹ ਅਚਾਨਕ ਸਾਰੇ ਪਿੰਡ ਨੂੰ ਕੀ ਹੋ ਗਿਆ ਹੈ? ਜੇਕਰ ਕੋਈ ਬੱਚਾ ਆਪਣੇ ਅੰਦਰ ਉਥਲ-ਪੁਥਲ ਕਰਦੇ ਪ੍ਰਸ਼ਨਾਂ ਨੂੰ ਮੂੰਹੋਂ ਕੱਢਦਾ ਤਾਂ ਉਹਨਾਂ ਦਾ ਵੱਡਾ ਉਹਨਾਂ ਨੂੰ ਡਰ ’ਚ ਘੁਲੀ ਦੱਬਵੀਂ, ਅਵਾਜ਼ ’ਚ ਘੂਰ ਕੇ ਵਰਜ ਦਿੰਦਾ। ਭੈ-ਭੀਤ ਹੋਏ ਬੱਚੇ ਨੂੰ ਡਰ ਦੀ ਕੰਬਣੀ ਹੋਰ ਚੜ੍ਹ ਜਾਂਦੀ।

ਦੁਪਹਿਰ ਨੂੰ ਮਸੀਤ ਵਿੱਚ ਪਿੰਡ ਦੇ ਸਾਰੇ ਬੰਦਿਆਂ ਦਾ ਇਕੱਠ ਹੋਇਆ। ਸਭ ਦੀ ਸਾਂਝੀ ਰਾਏ ਹੋਈ ਕਿ ਅੱਜ ਰਾਤ ਨੂੰ ਸਾਰੇ ਸਮਾਨ ਬੰਨ੍ਹ ਲੈਣ। ਕੱਲ੍ਹ ਨੂੰ ਟਿੱਕੀ ਚੜ੍ਹਨ ਤੋਂ ਪਹਿਲਾਂ ਇੱਥੋਂ ਮਲੇਰਕੋਟਲੇ ਨੂੰ ਚੱਲ ਪਵਾਂਗੇ। ਜਦੋਂ ਲੋਕ ਸ਼ਾਮ ਨੂੰ ਸਮਾਨ ਬੰਨ੍ਹਣ ਦੀਆਂ ਤਿਆਰੀਆਂ ਕਰ ਰਹੇ ਸਨ ਉਸੇ ਸਮੇਂ ਸਾਡੇ ਗੁਆਂਢੀ ਪਿੰਡ ਬਰਮਾਲੀ ਪੁਰ ਦੇ ਮੋਹਤਬਰ ਬੰਦੇ, ਸਾਡੇ ਪਿੰਡ ਪਹੁੰਚ ਗਏ। ਮਸੀਤ ਵਿੱਚ ਫਿਰ ਇਕੱਠ ਹੋ ਗਿਆ। ਸਾਰਿਆਂ ਦੇ ਮਨਾਂ ਅੰਦਰ ਭੈਅ ਸੀ। ਅੱਖਾਂ ’ਚ ਡਰ ਲਿਸ਼ਕਦਾ ਸੀ ਜਿਵੇਂ ਉਹ ਸਾਰੇ ਜੱਜ ਤੋਂ ਆਪਣੀ ਫ਼ਾਂਸੀ ਦੀ ਸਜ਼ਾ ਸੁਣਨ ਲਈ ਅਖ਼ੀਰੀ ਪੇਸ਼ੀ ਭੁਗਤਣ ਆਏ ਹੋਣ।



ਜਦੋਂ ਸਾਰੇ ਚੁੱਪ ਹੋ ਗਏ ਤਾਂ ਬਰਮਾਲੀ ਪੁਰ ਦੇ ਜ਼ੈਲਦਾਰ ਨੇ ਖੜ੍ਹੇ ਹੋ ਕੇ ਕਹਿਣਾ ਸ਼ੁਰੂ ਕੀਤਾ, "ਨਗਰ ਨਿਵਾਸੀਓ! ਅਸੀਂ ਇੱਥੇ ਇਹ ਕਹਿਣ ਆਏ ਆਂ ਬੀ ਆਹ ਰੌਲੇ-ਗੌਲੇ ’ਚ ਸਾਡੇ ਦੋਵੇਂ ਪਿੰਡਾਂ ਨੇ ਇੱਕ ਦੂਜੇ ਦੀ ਮਦਤ ਕਰਨੀ ਐ। ਅਸੀਂ ਸੋਚਿਐ ਬੀ ਜੇ ਏਸ ਇਲਾਕੇ ’ਚ ਮੁਸਲਮਾਨਾਂ ਦਾ ਜ਼ੋਰ ਵਧ ਗਿਆ ਤਾਂ ਤੁਸੀਂ ਸਾਡੀ ਮਦਤ ਕਰਨੀ ਐ, ਜੇ ਸਿੱਖਾਂ ਦਾ ਜ਼ੋਰ ਵਧਿਆ ਤਾਂ ਅਸੀਂ ਥੋਡੀ ਮਦਤ ਕਰਾਂਗੇ। ਥੋਨੂੰ ਡਰ ਕੇ ਕਿਤੇ ਜਾਣ ਦੀ ਲੋੜ ਨੀ।"

ਦੋਵੇਂ ਪਿੰਡਾਂ ਦਾ ਇਹ ਫ਼ੈਸਲਾ ਹੋ ਗਿਆ। ਡਰ ਨਾਲ ਇਕੱਠੇ ਹੋਏ ਬੈਠਿਆਂ ਨੂੰ ਥੋੜ੍ਹੀ ਜਿਹੀ ਰਾਹਤ ਮਿਲੀ। ਸਾਰੇ ਆਸ ਦੀਆਂ ਤੰਦਾਂ ਫੜੀਂ ਆਪੋ-ਆਪਣੇ ਘਰੀਂ ਮੁੜ ਆਏ।

ਹੌਲੀ ਹੌਲੀ ਹੱਲਿਆਂ ਦਾ ਭਾਂਬੜ ਹੋਰ ਉੱਚਾ ਹੋ ਗਿਆ। ਉਸ ਦਾ ਸੇਕ ਮੇਰੇ ਪਿੰਡ ਤੱਕ ਆਉਣ ਲੱਗਿਆ। ਸਾਡੇ ਪਿੰਡ ’ਤੇ ਸਹਿਮ ਨੇ ਮੁੜ ਗਲਬਾ ਮਾਰ ਲਿਆ। ਬਰਮਾਲੀ ਪੁਰ ਦੇ ਕੁਝ ਬੰਦੇ ਫਿਰ ਸਾਨੂੰ ਹੌਸਲਾ ਦੇਣ ਆ ਗਏ। ਉਹ ਸਾਡਾ ਡਰ ਭਾਂਪ ਕੇ ਦਸ-ਪੰਦਰਾਂ ਬੰਦੇ ਸਾਡੇ ਪਿੰਡ ਦੀ ਰਾਖੀ ਲਈ ਛੱਡ ਗਏ। ਕਈ ਦਿਨ ਉਹ ਸਾਨੂੰ ਵਿਸ਼ਵਾਸ ਦਿਵਾਉਂਦੇ, ਹੌਸਲਾ ਬੰਨ੍ਹਾਉਂਦੇ ਰਹੇ। ਸਾਡੇ ਕੋਲ ਸਿਰਫ਼ ਉਨ੍ਹਾਂ ਦੇ ਢਾਰਸ ਭਰੇ ਬੋਲਾਂ ਦੀ ਢਾਲ ਸੀ ਪਰ ਪਿੰਡੋਂ ਬਾਹਰਲੀਆਂ ਮਾੜੀਆਂ ਖ਼ਬਰਾਂ ਸਾਨੂੰ ਅੰਦਰੋਂ ਹਿਲਾ ਹਿਲਾ ਜਾਂਦੀਆਂ ਸਨ।

ਇੱਕ ਦਿਨ ਉਹਨਾਂ ਦਾ ਵਿਸ਼ਵਾਸ ਰੇਤ ਵਾਂਗ ਕਿਰ ਗਿਆ। ਸਾਰਾ ਪਿੰਡ ਡਰ ਨਾਲ ਕੰਬਣ ਲੱਗਿਆ। ਅਸੀਂ ਡਰੀਆਂ ਅੱਖਾਂ ਨਾਲ ਵੇਖਿਆ, ਸਾਡੇ ਪਿੰਡ ਦੇ ਬਾਹਰਲੇ ਖੂਹਾਂ ਅਤੇ ਬੰਨ੍ਹਿਆਂ ਉੱਤੇ ਬਾਹਰਲੇ ਬੰਦੇ ਆ ਬੈਠੇ ਸਨ। ਜਿਉਂ ਜਿਉਂ ਦਿਨ ਬੀਤਦਾ ਜਾ ਰਿਹਾ ਸੀ, ਇਹਨਾਂ ਗ਼ੈਰ ਬੰਦਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ। ਸ਼ਾਮ ਹੋਣ ਤੱਕ ਬਰਛਿਆਂ, ਗੰਡਾਸਿਆਂ ਨਾਲ ਲੈਸ ਉਹ ਬੰਦੇ ਸਾਡੇ ਪਿੰਡ ਦੇ ਆਲੇ-ਦੁਆਲੇ ਵਾੜ ਵਾਂਗ ਤਣ ਗਏ। ਅਸੀਂ ਜਦ ਇਹ ਡਰ ਬਰਮਾਲੀ ਪੁਰ ਦੇ ਬੰਦਿਆਂ ਅੱਗੇ ਖੋਲ੍ਹਿਆ ਤਾਂ ਉਹਨਾਂ ’ਚੋਂ ਕੁਝ ਬਾਹਰ ਬੈਠੇ ਬੰਦਿਆਂ ਨਾਲ ਗੱਲ ਕਰਨ ਤੁਰ ਪਏ। ਉਨ੍ਹਾਂ ਨੇ ਵਾਪਸ ਪਿੰਡ ਮੁੜ ਕੇ ਐਲਾਨ ਕਰ ਦਿੱਤਾ, "ਤੁਸੀਂ ਸਾਰੇ ਆਪੋ-ਆਪਣਾ ਸਮਾਨ ਬੰਨ੍ਹ ਕੇ ਸਾਡੇ ਨਾਲ ਚੱਲੋ ਬਰਮਾਲੀ ਪੁਰ। ਜਿੰਨੇ ਦਿਨ ਰੌਲਾ-ਗੌਲਾ ਰਹੂਗਾ, ਤੁਸੀਂ ਸਾਡੇ ਪਿੰਡ ਰਹਿਓ। ਜਦੋਂ ਟਿਕ-ਟਿਕਾ ਹੋ ਗਿਆ ਤਾਂ ਵਾਪਸ ਉਰੇ ਆ ਜਿਓ। ਥੋਡੀ ਜਾਨ ਦੀ ਰਾਖੀ ਅਸੀਂ ਕਰਾਂਗੇ। ਸਾਡਾ ਸਾਰਾ ਪਿੰਡ ਕਰੂ।"

ਦਿਨ ਢਲ ਰਿਹਾ ਸੀ। ਅੱਗੇ ਚੁੜੇਲ ਵਰਗੀ ਕਾਲੀ ਰਾਤ ਨੇ ਪਤਾ ਨਹੀਂ ਕੀ ਕਰ ਦੇਣਾ ਸੀ। ਉਸ ਆਦਮ-ਖਾਣੀ ਰਾਤ ਤੋਂ ਪਹਿਲਾਂ ਪਹਿਲਾਂ ਇੱਥੋਂ ਤੁਰ ਪੈਣਾ ਬਿਹਤਰ ਸੀ। ਸਾਰਿਆਂ ਨੂੰ ਸਮਾਨ ਬੰਨਣ ਦੀ ਕਾਹਲੀ ਪੈ ਗਈ। ਗਠੜੀਆਂ ਵਿੱਚ ਥੋੜ੍ਹਾ ਥੋੜ੍ਹਾ ਸਮਾਨ ਬੰਨ੍ਹਿਆ ਗਿਆ, ਬਾਕੀ ਨੂੰ ਕਿਸੇ ਆਸ ਵਿੱਚ ਜਿੰਦੇ ਮਾਰ ਦਿੱਤੇ। ਗੱਡਿਆਂ ਦੇ ਮਾਲਕਾਂ ਨੇ ਸਮਾਨ ਗੱਡਿਆਂ ਵਿੱਚ ਰੱਖ ਲਿਆ। ਕੁਝ ਨੇ ਇੱਕਾ-ਦੁੱਕਾ ਡੰਗਰ ਖੋਲ੍ਹ ਕੇ ਨਾਲ ਹਿੱਕ ਲਏ। ਕਈਆਂ ਨੇ ਡੰਗਰਾਂ ਦੇ ਰੱਸੇ ਵੱਢ ਕੇ ਉਨ੍ਹਾਂ ਨੂੰ ਅਜ਼ਾਦ ਕਰ ਦਿੱਤਾ। ਕੁਝ ਖੁਰਲੀਆਂ ’ਤੇ ਭੁੱਖੇ ਖੜ੍ਹੇ ਪਸ਼ੂ, ਜੋਗੀਆਂ ਵਾਂਗ ਘਰ-ਬਾਰ ਤਿਆਗ ਕੇ ਤੁਰੇ ਜਾਂਦੇ ਮਾਲਕਾਂ ਵੱਲ ਹੈਰਾਨੀ ਨਾਲ ਵੇਖਦੇ ਰਹੇ। ਲੋਕ ਆਪਣੇ ਆਪਣੇ ਪਿਆਰੇ ਘਰਾਂ ਦੀ ਅਖ਼ੀਰੀ ਝਲਕ ਅੱਖਾਂ ਵਿੱਚ ਰੱਖੀਂ, ਉਨ੍ਹਾਂ ਨੂੰ ਛੱਡ ਜਾਣ ਦਾ ਦੁੱਖ ਅੱਖਾਂ ਰਾਹੀਂ ਛਲਕਾਉਂਦੇ ਤੁਰ ਪਏ।

ਜਿਉਂ ਜਿਉਂ ਅਸੀਂ ਪਿੰਡ ਤੋਂ ਦੂਰ ਹੋ ਰਹੇ ਸਾਂ, ਸਾਡੇ ਹਟਕੋਰੇ ਵਧ ਰਹੇ ਸਨ। ਅਸੀਂ

ਪਿੰਡ ਨੂੰ ਮੁੜ ਮੁੜ ਵੇਖ ਰਹੇ ਸਾਂ, ਜਿੱਥੇ ਸਾਡੀਆਂ ਬੱਚੀਆਂ ਦੇ ਗੁੱਡੀਆਂ-ਪਟੋਲੇ ਰਹਿ ਗਏ ਸਨ। ਉਹ ਥਾਵਾਂ ਜਿੱਥੇ ਸਾਡੀਆਂ ਸਧਰਾਂ ਪਲੀਆਂ, ਜਵਾਨੀਆਂ ਚੜ੍ਹੀਆਂ, ਮੁੜ ਪਤਾ ਨਹੀਂ ਵੇਖਣੀਆਂ ਸਨ ਜਾਂ ਨਾ। ਸਾਡੀ ਪਿੰਡ ਤੋਂ ਦੂਰੀ ਵਧ ਰਹੀ ਸੀ। ਪਿੰਡ ਨੂੰ ਲੁੱਟਣ ਲਈ ਬਾਹਰਲੇ ਖੂਹਾਂ ਅਤੇ ਬੰਨਿਆਂ ਤੇ ਬੈਠੇ ਲੁਟੇਰੇ ਸੁੰਨੇ ਹੋ ਗਏ ਪਿੰਡ ਵੱਲ ਭੱਜ ਲਏ ਸਨ। ਫਿਰ ਸਾਨੂੰ ਪਿੰਡ ਵਿੱਚੋਂ ਭਾਂਤ ਭਾਂਤ ਦਾ ਰੌਲ਼ਾ ਸੁਣਾਈ ਦੇਣ ਲੱਗਿਆ ਜਿਵੇਂ ਕਿਸੇ ਹੱਡਾ-ਰੋੜੀ ਦੇ ਕੁੱਤੇ ਕਿਸੇ ਮੁਰਦਾਰ ਦਾ ਮਾਸ ਖਾਂਦੇ ਆਪਸ ਵਿੱਚ 'ਘੁਰ ਘੁਰ' ਕਰ ਰਹੇ ਹੋਣ। ਸਾਡਾ ਪਿੰਡ ਲੁੱਟਿਆ ਜਾ ਰਿਹਾ ਸੀ ਪਰ ਅਸੀਂ ਮਜਬੂਰ ਹੋਏ ਆਪਣੀ ਸਦੀਆਂ ਪੁਰਾਣੀ ਧਰਤੀ ਛੱਡ ਕੇ ਪਤਾ ਨਹੀਂ ਕਿਹੜੇ ਰਾਹੀਂ ਤੁਰ ਪਏ ਸਾਂ।

ਹੁਣ ਸੂਰਜ ਛਿਪ ਗਿਆ ਸੀ। ਸ਼ਾਮ ਦੇ ਘੁਸ-ਮੁਸੇ ਵਿੱਚ, ਅਸੀਂ ਪਹੇ ਵਿੱਚ ਧੂੜ ਉਡਾਉਂਦੇ ਤੁਰੇ ਜਾਂਦੇ ਕਿਸੇ ਇੱਜੜ ਵਾਂਗ ਲੱਗ ਰਹੇ ਸਾਂ। ਔਰਤਾਂ ਦੀਆਂ ਢਾਕਾਂ 'ਤੇ ਚਿੱਚੜਾਂ ਵਾਂਗ ਲਮਕਦੇ ਬੱਚੇ ਭੁੱਖ ਨਾਲ ਵਿਲਕ ਰਹੇ ਸਨ। ਜਦੋਂ ਅਸੀਂ ਬਰਮਾਲੀ ਪੁਰ ਪਹੁੰਚੇ, ਕਾਲ਼ਾ ਹਨੇਰਾ ਚਾਰੇ ਪਾਸੇ ਫੈਲ ਗਿਆ ਸੀ। ਪਿੰਡ ਦੇ ਕਿਸੇ ਕਿਸੇ ਘਰ 'ਚੋਂ ਦੀਵਿਆਂ ਦਾ ਮੱਧਮ ਚਾਨਣ ਬਾਹਰ ਝਾਕਦਾ ਪਿਆ ਸੀ। ਸਾਨੂੰ ਪਿੰਡ 'ਚ ਵੜਦਿਆਂ ਵੇਖ ਕੇ ਪਿੰਡ ਦੇ ਬੱਚੇ, ਬੁੱਢੇ, ਜਵਾਨ, ਔਰਤਾਂ ਸਭ ਸਾਨੂੰ ਇਸ ਤਰ੍ਹਾਂ ਵੇਖ ਰਹੇ ਸਨ ਜਿਵੇਂ ਅਸੀਂ ਕਿਸੇ ਹੋਰ ਧਰਤੀ ਦੇ ਬਾਸ਼ਿੰਦੇ ਹੋਈਏ। ਸਾਡੇ ਅੱਗੇ ਤੁਰੇ ਜਾਂਦੇ ਬਰਮਾਲੀ ਪੁਰ ਦੇ ਬੰਦਿਆਂ ਨੇ ਸਾਨੂੰ ਇੱਕ ਧਰਮਸ਼ਾਲਾ ਵਿੱਚ ਬਿਠਾ ਦਿੱਤਾ। ਕੁਝ ਕੁ ਨੂੰ ਉਹ ਅੱਗੇ ਗੁਰਦੁਆਰੇ ਲੈ ਗਏ। ਅਸੀਂ ਸਾਰੇ ਆਪਣੀਆਂ ਆਪਣੀਆਂ ਗਠੜੀਆਂ ਕੋਲ ਬੈਠ ਗਏ। ਹੁਣ ਇਹ ਗਠੜੀਆਂ ਹੀ ਸਾਡਾ ਘਰ-ਬਾਰ, ਜ਼ਮੀਨ ਜਾਇਦਾਦ, ਸਭ ਕੁਝ ਸੀ। ਬੱਚੇ ਭੁੱਖ ਦੇ ਸਤਾਏ ਰੋ ਰੋ ਰੋਟੀ ਮੰਗ ਰਹੇ ਸਨ। ਮਾਵਾਂ ਖ਼ੁਦ ਢਿੱਡੋਂ ਭੁੱਖੀਆਂ ਉਹਨਾਂ ਨੂੰ ਹੁਣੇ ਹੀ ਰੋਟੀ ਖਵਾਉਣ ਦੇ ਝੂਠੇ ਦਿਲਾਸੇ ਦੇ ਰਹੀਆਂ ਸਨ। ਕਾਫ਼ੀ ਹਨੇਰੇ ਹੋਏ ਕੁਝ ਕੁ ਬੰਦੇ ਰੋਟੀਆਂ ਦੇ ਗਏ। ਮਾਵਾਂ ਅਤੇ ਪਿਓਆਂ ਨੇ ਆਪਣੇ ਢਿੱਡਾਂ ਨੂੰ ਗੰਢਾਂ ਦੇ ਕੇ ਰੋਟੀਆਂ ਆਪਣੇ ਨਿਆਣਿਆਂ ਦੇ ਹਵਾਲੇ ਕਰ ਦਿੱਤੀਆਂ। ਆਪ ਭੁੱਖੇ ਢਿੱਡ, ਭੈਅ ਨਾਲ ਖੁੱਲ੍ਹੀਆਂ ਅੱਖਾਂ ਨਾਲ, ਪਲ ਪਲ ਗਿਣਦਿਆਂ ਰਾਤ ਲੰਘਾਈ।

ਸਵੇਰੇ ਦਿਨ ਚੜ੍ਹਿਆ ਤਾਂ ਅਸਮਾਨ ਵਿੱਚ ਬੱਦਲ ਛਾਏ ਹੋਏ ਸਨ। ਅਸੀਂ ਸਾਰੇ ਆਪਣੀ ਹੋਣੀ ਦਾ ਫ਼ੈਸਲਾ ਸੁਣਨ ਲਈ ਬਰਮਾਲੀ ਪੁਰ ਪਿੰਡ ਦੇ ਲੋਕਾਂ ਵੱਲ ਵੇਖ ਰਹੇ ਸਾਂ। ਸਵੇਰੇ ਆ ਕੇ ਬਰਮਾਲੀ ਪੁਰ ਦੇ ਜ਼ੈਲਦਾਰ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ, "ਸਿੱਖਾਂ ਦਾ ਜ਼ੋਰ ਬਹੁਤ ਵਧ ਗਿਐ! ਹੁਣ ਅਸੀਂ ਥੋਡੀ ਕੋਈ ਮਦਤ ਨੀ ਕਰ ਸਕਦੇ। ਜੇ ਇੱਥੇ ਥੋਡੇ 'ਤੇ ਹਮਲਾ ਹੋਇਆ ਤਾਂ ਨਾਲ ਸਾਡੇ ਪਿੰਡ ਦਾ ਵੀ ਨੁਕਸਾਨ ਹੋਣੈ। ਅਸੀਂ ਹੱਥ ਜੋੜ ਕੇ ਬੇਨਤੀ ਕਰਦੇ ਆਂ.......ਹੁਣ ਤੁਸੀਂ ਇੱਥੋਂ ਵਗਜੋ! ਅਵਦੀ ਮਰਜ਼ੀ ਨਾਲ ਜਿੱਥੇ ਮਰਜ਼ੀ ਜਾ ਸਕਦੇ ਓਂ.......।"

"ਸਰਦਾਰ ਜੀ! ਅਸੀਂ ਏਸ ਪਿੰਡੋਂ ਬਾਹਰ ਨਿਕਲ ਕੇ ਵੀ ਬਚਣਾ ਤਾਂ ਹੈ ਨੀ। ਤੁਸੀਂ ਸਾਨੂੰ ਇੱਥੇ ਹੀ ਮਾਰ ਦੋ......!" ਮੇਰੇ ਪਿੰਡ ਦਾ ਮੁਨੀਰ ਖੜ੍ਹਾ ਹੋ ਕੇ ਬੋਲ ਪਿਆ ਸੀ। ਜਦ ਉਸਦੀ ਅਵਾਜ਼ ਬੋਲਦਿਆਂ ਡੁਬ-ਡੁਬਾ ਗਈ ਤਾਂ ਉਹ ਬੈਠ ਗਿਆ।

"ਅਸੀਂ ਥੋਨੂੰ ਕਿਮੇਂ ਮਾਰ ਸਕਦਿਆਂ? .... ਤੁਸੀਂ ਅਵਦਾ ਜਾਓ.....। ਹੁਣ ਸਾਡੀ ਬੇਵਾਹ ਐ।" ਜ਼ੈਲਦਾਰ ਸਾਰੇ ਪਿੰਡ ਵੱਲੋਂ ਹੱਥ ਖੜ੍ਹੇ ਕਰ ਗਿਆ।

ਸਾਨੂੰ ਸਾਰਿਆਂ ਨੂੰ ਜ਼ੈਲਦਾਰ ਦੀ ਚਲਾਕੀ ਸਮਝ ਆ ਗਈ ਸੀ। ਉਸ ਨੇ ਚਲਾਕੀ



ਨਾਲ ਸਾਡਾ ਸਾਰਾ ਪਿੰਡ ਖ਼ਾਲੀ ਕਰਵਾ ਕੇ ਲੁਟਾ ਦਿੱਤਾ ਸੀ ਤੇ ਹੁਣ ਸਾਡੀ ਜਾਨ ਦੀ ਰਾਖੀ ਤੋਂ ਵੀ ਹੱਥ ਖੜ੍ਹੇ ਕਰ ਗਿਆ ਸੀ। ਹੁਣ ਕੀ ਹੋ ਸਕਦਾ ਸੀ? ਸਭ ਕੁਝ ਤਾਂ ਲੁੱਟਿਆ ਜਾ ਚੁਕਿਆ ਸੀ। ਹੁਣ ਤਾਂ ਬੱਸ ਇੱਕ ਜਾਨ ਦਾ ਜੂਆ ਖੇਡਣਾ ਬਾਕੀ ਸੀ। ਇਹ ਜੂਆ ਖੇਡਣ ਲਈ ਬੰਦਿਆਂ ਨੇ ਬੈਠ ਕੇ ਰਾਇ ਬਣਾਈ ਤੇ ਫਿਰ ਮਲੇਰਕੋਟਲੇ ਨੂੰ ਜਾਣ ਦਾ ਐਲਾਨ ਹੋ ਗਿਆ। ਕੱਲ੍ਹ ਦੇ ਭੁੱਖੇ-ਪਿਆਸੇ ਲੋਕ ਸਿਰਾਂ 'ਤੇ ਗਠੜੀਆਂ ਚੁੱਕੀਂ, ਥੱਕੇ ਕਦਮ ਪੁੱਟਦੇ ਮਲੇਰਕੋਟਲੇ ਵੱਲ ਤੁਰ ਪਏ।

ਇੱਕ ਲਾਈਨ 'ਚ ਅੰਡੇ ਚੁੱਕੀ ਤੁਰੀਆਂ ਜਾਂਦੀਆਂ ਕੀੜੀਆਂ ਵਾਂਗ ਅਸੀਂ ਸਿਰ 'ਤੇ ਸਮਾਨ ਰੱਖੀਂ ਢੀਚਕ ਢੀਚਕ ਕਰਦੇ ਗੱਡਿਆਂ ਨਾਲ ਤੁਰੇ ਜਾ ਰਹੇ ਸਾਂ। ਸਭ ਦੇ ਗਿੱਟੇ ਗਰਦ ਨਾਲ ਅੱਟੇ, ਨੀਂਦ ਨਾਲ ਲਾਲ ਹੋਈਆਂ, ਭੈਅ ਭੀਤ ਅੱਖਾਂ, ਮੈਲ ਵਿੱਚ ਘੁਲ ਕੇ ਸੁੱਕ ਗਏ ਹੰਝੂਆਂ ਨਾਲ ਕਰੂਪ ਹੋਏ ਚਿਹਰੇ, ਛੇਤੀ ਕੀਤਿਆਂ ਪਹਿਚਾਣੇ ਨਹੀਂ ਜਾ ਸਕਦੇ ਸਨ।

ਪੰਛੀ ਆਪਣੇ ਆਲ੍ਹਣਿਆਂ ਵਿੱਚੋਂ ਕਦੋਂ ਦੇ ਚੋਗੇ ਦੀ ਭਾਲ ਵਿੱਚ ਨਿਕਲ ਗਏ ਸਨ। ਅਸਮਾਨ ਵਿਚਲੇ ਬੱਦਲ, ਸਾਡੀ ਕਿਸਮਤ ਵਾਂਗ ਹੋਰ ਕਾਲੇ ਹੁੰਦੇ ਜਾ ਰਹੇ ਸਨ। ਸਾਡੇ ਉੱਤੇ ਵਰ੍ਹੇ ਮਨੁੱਖੀ ਕਹਿਰ ਦੇ ਨਾਲ ਨਾਲ ਕੁਦਰਤ ਦੇ ਕਹਿਰ ਨੇ ਵੀ ਮੋਢਾ ਆ ਜੋੜਿਆ ਸੀ। ਬੱਦਲ ਬਘਿਆੜਾਂ ਵਾਂਗ ਗਰਜਦੇ ਸਾਨੂੰ ਹੋਰ ਕਹਿਰ ਝੱਲਣ ਦੀ ਚਿਤਾਵਨੀ ਦਿੰਦੇ, ਮੀਂਹ ਵਰ੍ਹਾਉਣ ਲੱਗ ਪਏ ਸਨ। ਜੀਅ ਕਰਦਾ ਸੀ ਕਿਸੇ ਛੱਤ ਥੱਲੇ ਸਿਰ ਲੁਕਾ ਲਈਏ ਪਰ ਸਮੇਂ ਦੀ ਇਹ ਇਜਾਜ਼ਤ ਨਹੀਂ ਸੀ। ਸਾਨੂੰ ਆਪਣੀ ਜਾਨ ਦੀ ਖ਼ਾਤਰ ਤੇ ਆਪਣੀਆਂ ਹਿੱਕਾਂ ਨਾਲ ਲਾਏ ਬਾਲਾਂ ਦੀ ਖ਼ਾਤਰ ਤੁਰਨਾ ਹੀ ਪੈਣਾ ਸੀ। ਸੋ ਅਸੀਂ ਗਿੱਲੇ ਹੋ ਗਏ ਕੱਪੜਿਆਂ ਨਾਲ ਤੁਰਦੇ ਗਏ। ਮੀਂਹ ਨਾਲ ਭਾਰੀ ਹੋ ਗਈਆਂ ਗਠੜੀਆਂ ਸਾਡੇ ਸਿਰਾਂ 'ਤੇ ਸਨ ਤੇ ਪਹੇ ਵਿਚਲਾ ਚਿੱਕੜ ਸਾਡੇ ਪੈਰਾਂ ਹੇਠ।

ਕਾਫ਼ਲਾ ਤੁਰਦਾ ਹੋਇਆ ਦੋਰਾਹੇ ਨਹਿਰ ਕੋਲ ਪਹੁੰਚ ਗਿਆ। ਹੁਣ ਮੀਂਹ ਰੁਕ ਗਿਆ ਸੀ। ਬੱਸ ਕੋਈ ਟਾਵੀਂ ਟਾਵੀਂ ਕਣੀ ਡਿੱਗਦੀ ਸੀ। ਜਦੋਂ ਅਸੀਂ ਦੋਰਾਹੇ ਵਾਲੀ ਨਹਿਰ ਚੜ੍ਹਨ ਲੱਗੇ ਤਾਂ ਇੱਕ ਡਰ ਸਾਰਿਆਂ ਨੂੰ ਕੰਬਣੀ ਛੇੜ ਗਿਆ। ਸਾਹਮਣੇ ਪੁਲ ਉੱਤੇ ਇੱਕ ਖ਼ੂਨੀ ਟੋਲਾ ਹੱਥਾਂ 'ਚ ਬਰਛੇ-ਛਵ੍ਹੀਆਂ ਲਈਂ ਖੜ੍ਹਾ ਸੀ। ਜ਼ਿੰਦਗੀ ਲੱਭਦੇ ਕਾਫ਼ਲੇ ਦੇ ਪੈਰ, ਅੱਗੇ ਮੌਤ ਖੜ੍ਹੀ ਵੇਖ ਕੇ ਥਾਏਂ ਜੰਮ ਗਏ। ਉਦਾਸ ਚਿਹਰਿਆਂ 'ਤੇ ਸਹਿਮ ਹੋਰ ਭਾਰੂ ਹੋ ਗਿਆ। ਡਰੀਆਂ ਔਰਤਾਂ ਨੇ ਆਪਣੇ ਬਾਲਾਂ ਨੂੰ ਛਾਤੀਆਂ ਨਾਲ ਹੋਰ ਜ਼ੋਰ ਦੀ ਘੁੱਟ ਲਿਆ। ਅਸੀਂ ਜਾਨ ਬਚਾਉਣ ਲਈ ਪਿੱਛੇ ਭੱਜਣ ਦੀ ਸੋਚੀ ਪਰ ਨਹਿਰ ਦੇ ਖਤਾਨਾਂ 'ਚੋਂ ਨਿਕਲ ਕੇ ਕੁਝ ਆਦਮੀਆਂ ਨੇ ਸਾਨੂੰ ਪਿੱਛੋਂ ਵੀ ਘੇਰਾ ਪਾ ਲਿਆ ਸੀ। ਹੁਣ ਕੋਈ ਚਾਰਾ ਨਹੀਂ ਸੀ। ਵਹਿਸ਼ੀਆਂ ਨੇ ਬੰਦਿਆਂ ਤੇ ਬੱਚਿਆਂ ਨੂੰ ਮਾਰ ਦੇਣਾ ਸੀ ਤੇ ਔਰਤਾਂ ਨੇ ਬਲਾਤਕਾਰ ਦੇ ਸ਼ਿਕਾਰ ਹੁੰਦਿਆਂ ਮਰਿਆਂ ਨਾਲੋਂ ਵੱਧ ਦੁੱਖ ਭੋਗਣਾ ਸੀ। ਸਾਰੇ ਜਾਣਦੇ ਸਨ ਹੁਣ ਕੀ ਹੋਣਾ ਹੈ।

"ਅੱਬਾ ਇਹ ਕਰਪਾਨ ਮੇਰੇ ਵਿਚਦੀ ਕੱਢ ਦੋ! ਹੁਣ ਪਤਾ ਨੀ ਤੇਰੀ ਧੀ ਦੀ ਇੱਜ਼ਤ ਨਾਲ ਕਿਹੜਾ ਕਿਹੜਾ ਖੇਡੂ.....!" ਨੂਰੇ ਤੇਲੀ ਦੀ ਕੁੜੀ ਹਿੱਕ ਤਾਣ ਕੇ ਨੂਰੇ ਅੱਗੇ ਆ ਖੜ੍ਹੀ।

"ਮੈਨੂੰ ਬਖ਼ਸ਼ੀਂ ਅੱਲ੍ਹਾ.....।" ਨੂਰੇ ਨੇ ਅੱਖਾਂ ਮੀਚ ਕੇ ਕਿਰਪਾਨ ਆਪਣੀ ਧੀ ਦੇ ਆਰ-ਪਾਰ ਕਰ ਦਿੱਤੀ। ਫੇਰ ਉਹ ਕੁਝ ਹੋਇਆ ਜਿਸ ਉੱਤੇ ਸਾਡੇ ਤੋਂ ਪਹਿਲੀਆਂ ਅਤੇ

ਆਉਣ ਵਾਲੀਆਂ ਪੀੜ੍ਹੀਆਂ ਸ਼ਾਇਦ ਯਕੀਨ ਨਾ ਕਰਨ। ਦਿਲ ’ਤੇ ਪੱਥਰ ਰੱਖ ਕੇ ਆਪਣੀਆਂ ਧੀਆਂ, ਭੈਣਾਂ ਨੂੰ ਆਪਣੇ ਹੱਥੀਂ ਮਾਰ ਮੁਕਾਉਣ ਲੱਗੇ। ਕਈਆਂ ਦਾ ਹੌਸਲਾ ਨਾ ਪਿਆ। ਉਹ ਧਾਹਾਂ ਮਾਰਦੇ ਹੋਣੀ ਨੂੰ ਵੇਖਦੇ ਰਹੇ। ਚੀਕ-ਚਿਹਾੜਾ ਪੈ ਗਿਆ। ਦੁੱਖ ਦੇ ਕੀਰਨਿਆਂ ਨੇ ਅਸਮਾਨ ਦੀ ਹਿੱਕ ਪਾੜ ਦਿੱਤੀ। ਵਹਿਸ਼ੀ ਸਾਨੂੰ ਘੇਰਾ ਪਾਈ ਖੜ੍ਹੇ ਤਮਾਸ਼ਾ ਵੇਖਦੇ ਰਹੇ। ਫਿਰ ਉਹਨਾਂ ਨੇ ਅੱਗੋਂ-ਪਿੱਛੋਂ ਸਾਡੇ ’ਤੇ ਹੱਲਾ ਬੋਲ ਦਿੱਤਾ। ਰੌਲੇ-ਗੌਲੇ ਵਿੱਚ ਮੇਰੇ ਹੱਥੋਂ ਮੇਰੀ ਮਾਂ ਦੀ ਬਾਂਹ ਪਤਾ ਨਹੀਂ ਕਿੱਧਰ ਛੁਟ ਗਈ। ਮੈਂ, ਮਰਦੇ-ਚੀਕਦੇ, ਤੜਫ਼ਦੇ ਲੋਕਾਂ ਦੇ ਸਿਰਾਂ ਉੱਪਰੋਂ ਦੀ ਚਾਰੇ ਪਾਸੇ ਨਜ਼ਰ ਮਾਰੀ ਪਰ ਮੇਰੀ ਮਾਂ ਮੈਨੂੰ ਕਿਤੇ ਨਾ ਦਿਸੀ। ਮੈਂ ਜਾਨ ਬਚਾਉਣ ਲਈ ਜਿੱਧਰ ਮੂੰਹ ਹੋਇਆ, ਭੱਜ ਲਿਆ।

ਕਈ ਕਿੱਲਿਆਂ ਦੀ ਵਾਟ ਸਿਰ-ਮੁਧ ਭੱਜਣ ਤੋਂ ਬਾਅਦ ਮੈਂ ਪਿੱਛੇ ਮੁੜ ਕੇ ਵੇਖਿਆ, ਮੇਰੇ ਪਿੱਛੇ ਮੇਰੀ ਭੂਆ ਦਾ ਮੁੰਡਾ ਬੀਰੂ ਭੱਜਿਆ ਆ ਰਿਹਾ ਸੀ।

“ਨੌਹਰ!” ਉਸ ਨੇ ਮੈਨੂੰ ਪਿੱਛੋਂ ਅਵਾਜ਼ ਮਾਰੀ। ਮੈਂ ਹੌਲੀ ਹੋ ਗਿਆ।

“ਬਾਈ...!” ਉਸਦੀ ਦੁੱਖਾਂ ’ਚ ਡੁੱਬੀ ਅਵਾਜ਼ ਬੱਸ ਏਨਾ ਹੀ ਪੁਕਾਰ ਸਕੀ। ਉਸ ਨੂੰ ਸਮਝ ਨਹੀਂ ਆਈ ਉਹ ਆਪਣੇ ਅੰਦਰ ਭਰੇ ਗ਼ਮ ਨੂੰ ਕਿਵੇਂ ਕਹਿ ਸੁਣਾਵੇ। ਉਹ ਚੁੱਪ ਹੋ ਗਿਆ।

“ਕੋਈ ਨਾ....।” ਮੈਂ ਰੁਕ ਕੇ ਹੌਸਲੇ ਭਰਿਆ ਹੱਥ ਉਸਦੇ ਮੋਢੇ ’ਤੇ ਰੱਖਿਆ।

ਅਸੀਂ ਚੁੱਪ-ਚੁਪੀਤੇ ਖੇਤਾਂ ਵਿੱਚੋਂ ਤੁਰੇ ਜਾ ਰਹੇ ਸਾਂ। ਖੇਤਾਂ ਵਿੱਚ ਸਿਵਿਆਂ ਵਰਗੀ ਸੁੰਨ-ਮਸਾਨ ਸੀ। ਕਈ ਪੈਲੀਆਂ ਦੇ ਮਾਲਕ ਉਨ੍ਹਾਂ ਨੂੰ ਸਦਾ ਲਈ ਛੱਡ ਕੇ ਤੁਰ ਗਏ ਸਨ। ਬਹੁਤੇ ਡਰਦੇ ਬਾਹਰ ਗੇੜਾ ਮਾਰਨਾ ਛੱਡ ਗਏ ਸਨ। ਟਾਵਾਂ ਟਾਵਾਂ ਸੁੰਨਾ ਡੰਗਰ ਇਹਨਾਂ ਉਦਾਸ ਖੇਤਾਂ ’ਚ ਚੌਧਰ ਜਮਾਉਂਦਾ ਘੁੰਮ ਰਿਹਾ ਸੀ। ਮੀਂਹ ਦੁਬਾਰਾ ਪੈਣਾ ਸ਼ੁਰੂ ਹੋ ਗਿਆ ਸੀ। ਸਾਡੇ ਪੈਰਾਂ ਵਿਚਲੇ ਜੋੜੇ ਪਤਾ ਨਹੀਂ ਕਿੱਧਰ ਨਿੱਕਲ ਗਏ ਸਨ। ਭੱਜਦਿਆਂ ਭੱਜਦਿਆਂ ਮੀਂਹ ਦੇ ਚਿੱਕੜ ਨਾਲ ਗੋਡਿਆਂ ਤੱਕ ਲਿੱਬੜ ਗਏ ਚਾਦਰੇ ਅਸੀਂ ਉੱਪਰ ਟੰਗ ਲਏ।

“ਬਾਈ! ਹੁਣ ਨੀ ਤੁਰਿਆ ਜਾਂਦਾ, ਕਿਤੇ ਬੈਹਜਾ ਦੋ ਘੜੀ।” ਭੂਆ ਦੇ ਮੁੰਡੇ ਬੀਰੂ ’ਤੇ ਥਕੇਵਾਂ ਭਾਰੂ ਹੋ ਗਿਆ ਸੀ।

“ਚੱਲ ਆਹ ਮੱਕੀ ’ਚ ਬੈਠਦਿਆਂ।” ਮੈਂ ਤੇ ਬੀਰੂ ਸਾਹਮਣੇ ਵਾਲੀ ਮੱਕੀ ਵਿੱਚ ਵੜ ਗਏ। ਸਾਨੂੰ ਜ਼ੋਰਾਂ ਦੀ ਭੁੱਖ ਲੱਗੀ ਹੋਈ ਸੀ ਪਰ ਖਾਣ ਲਈ ਕੁਝ ਨਹੀਂ ਸੀ। ਛੱਲੀਆਂ ਅਜੇ ਬਣੀਆਂ ਨਹੀਂ ਸਨ। ਅਸੀਂ ਮੱਕੀ ਦੇ ਦੋਦੇ ਤੋੜ ਤੋੜ ਖਾਣ ਲੱਗੇ। ਜਦੋਂ ਭੁੱਖ ਦੀ ਅੱਗ ਸ਼ਾਂਤ ਹੋ ਗਈ ਤਾਂ ਅਸੀਂ ਇਕੱਠੇ ਹੋ ਕੇ ਇੱਕ ਥਾਂ ਬੈਠ ਗਏ। ਸ਼ਾਮ ਤੱਕ ਉੱਥੇ ਹੀ ਬੈਠੇ ਰਹੇ। ਮੀਂਹ ਕਦੇ ਪੈਣ ਲੱਗ ਜਾਂਦਾ, ਕਦੇ ਰੁਕ ਜਾਂਦਾ।

ਮੂੰਹ ਹਨੇਰੇ ਅਸੀਂ ਮੱਕੀ ’ਚੋਂ ਬਾਹਰ ਨਿਕਲੇ। ਸਾਨੂੰ ਕੁਝ ਪਤਾ ਨਹੀਂ ਸੀ ਕਿਸ ਦਿਸ਼ਾ ਵੱਲ ਅੱਗੇ ਜਾਣਾ ਹੈ। ਬੱਸ! ਅੰਦਾਜ਼ੇ ਨਾਲ ਹੀ ਤੁਰ ਪਏ। ਜੇ ਕੋਈ ਸਾਹਮਣੇ ਪਿੰਡ ਦਿਸਦਾ ਜਾਂ ਕੋਈ ਵਸੋਂ ਨਜ਼ਰ ਆਉਂਦੀ ਤਾਂ ਅਸੀਂ ਵਲ ਪਾ ਕੇ ਲੰਘ ਜਾਂਦੇ। ਕੋਈ ਹੋਰ ਸਮਾਂ ਹੁੰਦਾ ਤਾਂ ਵਸੋਂ ਦਾ ਮਿਲਣਾ ਸਾਡੇ ਲਈ ਸੁਭਾਗ ਹੋਣਾ ਸੀ ਪਰ ਹੁਣ ਅਸੀਂ ਵਸੋਂ ਤੋਂ ਡਰ ਰਹੇ ਸਾਂ। ਇਹ ਕੈਸਾ ਸਮਾਂ ਸੀ ਕਿ ਆਪਣੇ ਹੀ ਦੇਸ਼ ਵਿੱਚ, ਆਪਣੀ ਹੀ ਮਿੱਟੀ ਉੱਤੇ, ਆਪਣੇ ਹੀ ਭਰਾਵਾਂ ਤੋਂ ਅਸੀਂ ਡਰ ਰਹੇ ਸਾਂ। ਰਾਤ ਸਾਡੇ ਉੱਪਰੋਂ ਗੁਜ਼ਰ ਰਹੀ ਸੀ। ਇਹ ਕਿਹੋ ਜਿਹੀ ਰਾਤ



ਸੀ, ਘੁੱਪ ਹਨੇਰੀ, ਕਾਲ਼ੀ ਸ਼ਾਹ। ਨਾ ਉਹ ਟਿਮ-ਟਿਮਾਉਂਦੇ ਤਾਰੇ, ਨਾ ਬੱਦਲਾਂ ’ਚੋਂ ਝਾਤੀਆਂ ਮਾਰਦਾ ਚੰਨ। ਕਦੇ ਕਦੇ ਕੜਕਦੀ ਬਿਜਲੀ ਸਾਡੇ ਧੁਰ ਅੰਦਰ ਤੱਕ ਕਾਂਬਾ ਛੇੜ ਜਾਂਦੀ। ਅਸੀਂ ਡਰ ਦੇ ਮਾਰੇ ਡਰਨਿਆਂ ਵਾਂਗ ਥਾਏਂ ਗੱਡੇ ਜਾਂਦੇ। ਉੱਥੇ ਖੜ੍ਹੇ ਆਲੇ-ਦੁਆਲੇ ਨਿਗ੍ਹਾ ਮਾਰਦੇ, ਕਿਤੇ ਸਾਨੂੰ ਕਿਸੇ ਨੇ ਵੇਖ ਨਾ ਲਿਆ ਹੋਵੇ। ਝੱਟ ਪਿੱਛੋਂ ਚਾਰੇ ਪਾਸੇ ਕਾਲ਼ੀ ਚਾਦਰ ਤਣ ਜਾਂਦੀ ’ਤੇ ਅਸੀਂ ਫਿਰ ਤੁਰ ਪੈਂਦੇ। ਸਾਡੇ ਨੰਗੇ ਪੈਰ ਮੀਂਹ ਦੇ ਖੜ੍ਹੇ ਪਾਣੀ ਵਿੱਚ ਵੱਜਦੇ, ਫ਼ਸਲਾਂ ਲਤਾੜਦੇ ਸਾਨੂੰ ਅਣਜਾਣ ਮੰਜ਼ਲ ਵੱਲ ਲਈ ਜਾ ਰਹੇ ਸਨ। ਜਦੋਂ ਅਸੀਂ ਫ਼ਸਲਾਂ ਵਿੱਚੋਂ ਲੰਘਦੇ ਤਾਂ ਉਹਨਾਂ ਉੱਪਰ ਟਿਕੀਆਂ ਮੀਂਹ ਦੀਆਂ ਬੂੰਦਾਂ ਸਾਡੇ ਗਿੱਲੇ ਕੱਪੜਿਆਂ ਉੱਪਰ ਨੁੱਚੜ ਕੇ ਹੋਰ ਗਿੱਲੇ ਕਰ ਜਾਂਦੀਆਂ।

ਰਾਤ ਅੱਧੀ ਤੋਂ ਵੱਧ ਬੀਤ ਗਈ ਸੀ। ਅਸੀਂ ਇੱਕ ਟਿੱਬੇ ਉੱਪਰ ਆ ਰੁਕੇ ਸਾਂ। ਮੀਂਹ ਹੁਣ ਰੁਕ ਗਿਆ ਸੀ। ਕਿਤੇ ਕਿਤੇ ਕੋਈ ਤਾਰਾ ਵੀ ਬੱਦਲਾਂ ਦਾ ਘੁੰਡ ਹਟਾ ਕੇ ਚਮਕ ਪਿਆ ਸੀ। ਅਸੀਂ ਟਿੱਬੇ ਦੇ ਦੂਸਰੇ ਪਾਸੇ ਥੱਲੇ ਲਹਿ ਗਏ। ਟਿੱਬੇ ਦੇ ਪੈਰਾਂ ’ਚ ਸਰਕੜਿਆਂ ਦੀ ਇੱਕ ਝੁੱਗੀ ਬਣੀ ਹੋਈ ਸੀ। ਮੈਂ ਮੱਲਕ ਮੱਲਕ ਪੈਰ ਟਿਕਾਉਂਦਾ, ਹਨੇਰੇ ’ਚ ਅੱਖਾਂ ਪਾੜ ਪਾੜ ਵੇਖਦਾ ਝੁੱਗੀ ਵੱਲ ਤੁਰ ਪਿਆ। ਬੀਰੂ ਵੀ ਮੇਰੇ ਪਿੱਛੇ ਪਿੱਛੇ ਚੁਕੰਨਾ ਹੋਇਆ ਆ ਰਿਹਾ ਸੀ। ਸਾਡੀ ਪੈੜ-ਚਾਲ ਸੁਣ ਕੇ ਝੁੱਗੀ ’ਚੋਂ ਇੱਕ ਦਮ ਖੜਕਾ ਹੋਇਆ। ਮੈਂ ਤ੍ਰਬਕ ਕੇ ਪਿੱਛੇ ਮੁੜਿਆ। ਦੋ ਕੁੱਤੇ ਸਾਨੂੰ ਡਰੂ ਜਿਹਾ ਭੌਂਕਦੇ ਬਾਹਰ ਨਿਕਲ ਕੇ ਦੌੜ ਗਏ। ਮੈਂ ਝੁੱਗੀ ਦੇ ਅੰਦਰ ਵੜ ਗਿਆ।

“ਆਜਾ ਬੀਰੂ ਦੋ ਘੜੀ ’ਰਾਮ ਕਰ ਲਈਏ।” ਝੁੱਗੀ ਕਿਤੋਂ ਕਿਤੋਂ ਅਜੇ ਵੀ ਤਿਪਕ ਰਹੀ ਸੀ। ਹੇਠਾਂ ਗਿੱਲਾ, ਸੁੱਕਾ ਖੱਬਲ ਪਿਆ ਸੀ।

“ਬਾਈ ਆਪਾਂ ਕਿੱਥੇ ਜੇ ਆ ਗੇ?” ਬੀਰੂ ਦੇ ਅੰਦਰੋਂ ਡਰ ਬੋਲ ਰਿਹਾ ਸੀ।

“ਨੇਰ੍ਹੇ ’ਚ ਕੁਸ਼ ਪਤਾ ਨੀ ਲੱਗ ਰਿਹਾ।” ਮੇਰੇ ਕੋਲ ਕੋਈ ਜਾਣਕਾਰੀ ਨਹੀਂ ਸੀ।

“ਬਾਈ ਹੋਣੀਂ ਕਿੱਥੇ ਹੋਣਗੇ?” ਉਸਦਾ ਮਤਲਬ ਮੇਰੇ ਵੱਡੇ ਭਰਾ ਗੌਰੇ ਸ਼ਾਹ ਤੇ ਛੋਟੇ ਭਰਾ ਸਹਿਜ਼ਾਦੇ ਤੋਂ ਸੀ।

“ਅੱਲ੍ਹਾ ਜਾਣੇ...!” ਮੈਂ ਵੀ ਆਪਣੇ ਪਰਿਵਾਰ ਬਾਰੇ ਸੋਚਦਾ ਉਦਾਸ ਹੋ ਗਿਆ। “ਬੀਰੂ ਆਪਾਂ ਕੁਛ ਚਿਰ ਅੱਖ ਨਾ ਲਾ ਲਈਏ? ਹੁਣ ਤਾਂ ਤੁਰਿਆ ਵੀ ਨੀ ਜਾਂਦਾ।”

“ਜੇ ਕੋਈ ਆ ਗਿਆ?” ਬੀਰੂ ਵੀ ਝੁੱਗੀ ਦੇ ਅੰਦਰ ਲੰਘ ਆਇਆ ਸੀ।

“ਇੱਥੇ ਟਿੱਬਿਆਂ ’ਚ ਕੋਈ ਨੀ ਆਉਣ ਲੱਗਿਆ।” ਮੈਂ ਉਸ ਨੂੰ ਤਸੱਲੀ ਦੇ ਕੇ ਉਸਦਾ ਡਰ ਹਲਕਾ ਕਰ ਦਿੱਤਾ। ਉਹ ਮੇਰੇ ਨਾਲ ਹੀ, ਜਿੱਥੇ ਝੁੱਗੀ ਘੱਟ ਤਿਪਕਦੀ ਸੀ, ਪੈ ਗਿਆ। ਪੁਲਸ ਦੇ ਅਚਨਚੇਤ ਪਏ ਛਾਪੇ ਵਾਂਗ ਨੀਂਦ ਨੇ ਪਤਾ ਹੀ ਨਹੀਂ ਕਦੋਂ ਸਾਨੂੰ ਘੇਰਾ ਪਾ ਲਿਆ।

• • •

“ਓਹ ਜੁਆਨੋ! ਓਹ...ਜੁਆਨੋ!” ਮੇਰੀ ਅੱਖ ਖੁੱਲ੍ਹੀ, ਕੋਈ ਬਾਹਰ ਖੜ੍ਹਾ ਅਵਾਜ਼ਾਂ ਮਾਰ ਰਿਹਾ ਸੀ। ਮੈਂ ਇੱਕ ਹੱਥ ਨਾਲ ਹਿਲਾ ਕੇ ਬੀਰੂ ਨੂੰ ਵੀ ਜਗਾ ਲਿਆ। ਬਾਹਰ ਚਿੱਟਾ ਦਿਨ ਚੜ੍ਹਿਆ ਪਿਆ ਸੀ।

“ਕੌਣ ਓਂ ਭਾਈ ਤੁਸੀਂ?” ਉਸਨੇ ਸਾਨੂੰ ਜਾਗਦਿਆਂ ਵੇਖ ਕੇ ਪੁੱਛਿਆ।

"ਅਸੀਂ ਜੀ...।" ਮੈਂ ਉਸਨੂੰ ਹੋਈ-ਬੀਤੀ ਮੋਟੀ ਮੋਟੀ ਗੱਲ ਸਭ ਦੱਸ ਦਿੱਤੀ।

"ਕੋਈ ਗੱਲ ਨੀ ਭਾਈ ਇਹ ਸਾਡਾ ਈ ਖੇਤ ਐ, 'ਰਾਮ ਨਾਲ ਬੈਠੋ। ਕਿਸੇ ਚੀਜ਼ ਦੀ ਜ਼ਰੂਰਤ ਐ ਤਾਂ ਦੱਸੋ?" ਬਾਬਾ ਸਾਨੂੰ ਝੁੱਗੀ 'ਚ ਇਸ ਹਾਲਤ ਵਿੱਚ ਪਿਆਂ ਵੇਖ ਕੇ ਸਾਰੀ ਗੱਲ ਸਮਝ ਗਿਆ ਸੀ।

"ਬਾਬਾ ਜੀ....! ਸਾਨੂੰ ਬਹੁਤ ਭੁੱਖ ਲੱਗੀ ਐ, .....ਜੇ ਕੁਛ ਖਾਣ ਨੂੰ ਦੇ ਦੇਮੇਂ?"

"ਕੋਈ ਨਾ ਸ਼ੇਰੋ ਮੈਂ ਪਿੰਡੋਂ ਹੁਣੇ ਲੈ ਆਉਨਾ।" ਉਹ ਕਹਿ ਕੇ ਤੁਰ ਗਿਆ।

ਅਸੀਂ ਕੁਝ ਦੇਰ ਚੁੱਪ ਬੈਠੇ ਰਹੇ।

"ਬਾਈ ਜੇ ਉਹ ਪਿੰਡੋਂ ਕਿਸੇ ਹੋਰ ਨੂੰ ਲੈ ਆਇਆ?" ਬੀਰੂ ਨੇ ਚੁੱਪ ਤੋੜੀ।

"ਐਂ ਲੱਗਿਆ ਤਾਂ ਹੈ ਨੀ।"

"ਕਿਹੜਾ ਕਿਸੇ ਦੇ ਮੂੰਹ 'ਤੇ ਲਿਖਿਐ।" ਬੀਰੂ ਦੀ ਇਸ ਗੱਲ ਨੇ ਮੈਨੂੰ ਵੀ ਸ਼ੱਕੀ ਬਣਾ ਦਿੱਤਾ। ਇਹ ਤਾਂ ਫੇਰ ਵੀ ਮਨੁੱਖ ਸੀ, ਸਾਨੂੰ ਤਾਂ ਅਜਿਹੇ ਹਾਲਾਤਾਂ ਵਿੱਚ ਆਲੇ-ਦੁਆਲੇ ਦੀ ਹਰ ਚੀਜ਼ ਸਾਡੇ ਵਿਰੁੱਧ ਸਾਜ਼ਿਸ਼ ਕਰਦੀ ਜਾਪ ਰਹੀ ਸੀ।

"ਕਿਮੇਂ ਕਰੀਏ ਹੁਣ?" ਮੇਰਾ ਮਨ ਵੀ ਹੁਣ ਇੱਥੇ ਰੁਕਣ ਨੂੰ ਨਹੀਂ ਕਰ ਰਿਹਾ ਸੀ।

"ਚੱਲ ਚੱਲਦੇ ਆਂ।"

"ਚਲ ਫੇਰ।"

ਅਸੀਂ ਉੱਥੋਂ ਚੱਲ ਪਏ। ਹੁਣ ਖੇਤਾਂ ਵਿਚ ਕੋਈ ਟਾਵਾਂ ਟਾਵਾਂ ਬੰਦਾ ਵੀ ਦਿਖ ਰਿਹਾ ਸੀ ਪਰ ਸਾਨੂੰ ਕਿਸੇ ਨੇ ਰੋਕਿਆ ਨਹੀਂ। ਇੱਕ ਥਾਂ ਅਸੀਂ ਟੋਏ 'ਚ ਮੀਂਹ ਦਾ ਪਾਣੀ ਖੜ੍ਹਾ ਵੇਖ ਕੇ ਰੁਕ ਗਏ। ਆਪਣੇ ਗਿੱਲੇ ਤੇ ਚਿੱਕੜ ਨਾਲ ਲਿੱਬੜੇ ਕੱਪੜੇ ਲਾਹ ਕੇ ਘਚੱਲ ਲਏ। ਉਨ੍ਹਾਂ ਨੂੰ ਚੰਗੀ ਤਰ੍ਹਾਂ ਨਚੋੜ ਕੇ ਫਿਰ ਪਾ ਲਿਆ ਤਾਂ ਕਿ ਕੱਪੜਿਆਂ ਦੀ ਏਨੀ ਬੁਰੀ ਹਾਲਤ ਵੇਖ ਕੇ ਕੋਈ ਸਾਡੇ 'ਤੇ ਸ਼ੱਕ ਨਾ ਕਰ ਲਵੇ। ਉੱਥੋਂ ਅਸੀਂ ਫਿਰ ਅੱਗੇ ਨੂੰ ਚੱਲ ਪਏ। ਕੁਝ ਦੂਰੀ ਤੱਕ ਜਾਣ 'ਤੇ ਸਾਨੂੰ ਅਗਲਾ ਪਿੰਡ ਨਜ਼ਰ ਆਉਣ ਲੱਗ ਪਿਆ ਸੀ। ਅਸੀਂ ਪਿੰਡ ਦੀ ਜੂਹ ਤੋਂ ਬਾਹਰ ਬਾਹਰ ਦੀ ਲੰਘਣ ਲੱਗੇ। ਪਿੰਡ ਦੀਆਂ ਨਿਆਈਆਂ ਵਿੱਚ ਖੂਹ ਸੀ। ਜਦੋਂ ਅਸੀਂ ਖੂਹ ਕੋਲ ਪਹੁੰਚੇ ਤਾਂ ਖੂਹ ਤੋਂ ਦੋ-ਤਿੰਨ ਕਿੱਲਿਆਂ ਦੀ ਵਿੱਥ ਉੱਤੇ ਦੋ-ਤਿੰਨ ਬੰਦੇ ਖੂਹ ਵੱਲ ਆਉਂਦੇ ਸਾਡੇ ਨਜ਼ਰ ਪੈ ਗਏ। ਉਹ ਵੀ ਸਾਨੂੰ ਵੇਖ ਕੇ ਖੜ੍ਹ ਗਏ। ਅਸੀਂ ਅੱਗੇ ਵਧ ਕੇ ਖੂਹ ਦੀ ਮਣ ਕੋਲ ਜਾ ਰੁਕੇ। ਫੇਰ ਉਹ ਸਾਡੇ ਵੱਲ ਚੱਲ ਪਏ। ਸਾਨੂੰ ਹੁਣ ਕੁਝ ਨਹੀਂ ਸੁੱਝ ਰਿਹਾ ਸੀ ਕਿ ਕੀ ਕੀਤਾ ਜਾਵੇ? ਸਾਡਾ ਦਿਮਾਗ ਜਿਵੇਂ ਸੁੰਨ ਹੋ ਗਿਆ ਹੋਵੇ। ਉਹ ਸਾਡੀ ਮੌਤ ਬਣੇ ਪਲ ਪਲ ਸਾਡੇ ਵੱਲ ਵਧ ਰਹੇ ਸਨ। ਬੀਰੂ ਖੂਹ ਦੀ ਮਣ 'ਤੇ ਚੜ੍ਹਿਆ ਤੇ ਪਲਾਂ-ਛਿਣਾਂ ਵਿੱਚ ਖੂਹ ਵਿੱਚ ਛਾਲ ਮਾਰ ਦਿੱਤੀ। ਉਸ ਦੇ ਪਿੱਛੇ ਹੀ ਮੈਂ ਖੂਹ ਵਿਚ ਕੁੱਦ ਪਿਆ। ਡਿੱਗਣ ਲੱਗਿਆਂ ਬੀਰੂ ਦਾ ਸਿਰ ਟਿੰਡਾਂ ਨਾਲ ਟਕਰਾ ਗਿਆ ਸੀ। ਉਸਦਾ ਖੱਬੀ ਅੱਖ ਕੋਲੋਂ ਸਿਰ ਪਾਟ ਗਿਆ ਸੀ। ਉਹ ਉੱਪਰ ਤਰਦਾ ਕੁਝ ਪਲ ਮੈਂ ਵੇਖਿਆ ਤੇ ਫਿਰ ਡੁੱਬ ਗਿਆ। "ਹਾਏ ਓਏ ਬਾਈ.....!" ਮੇਰੀ ਚੀਕ ਨਿਕਲ ਗਈ। ਖੂਹ ਵਿੱਚ ਇੱਕ ਬੱਚੇ ਅਤੇ ਇੱਕ ਔਰਤ ਦੀਆਂ ਗਲੀਆਂ-ਸੜੀਆਂ, ਫੁੱਲੀਆਂ ਹੋਈਆਂ ਲਾਸ਼ਾਂ ਤਰ ਰਹੀਆਂ ਸਨ। ਉਨ੍ਹਾਂ ਵਿੱਚੋਂ ਬੜੀ ਭੈੜੀ ਮੁਸ਼ਕ ਮਾਰ ਰਹੀ ਸੀ, ਜਿਹੜੀ ਸਾਰੇ ਖੂਹ ਵਿੱਚ ਫੈਲੀ ਹੋਈ ਸੀ। ਮੈਂ ਟਿੰਡਾਂ ਨੂੰ ਹੱਥ ਪਾ ਕੇ ਆਪਣੇ-ਆਪ ਨੂੰ ਡੁੱਬਣੋਂ ਬਚਾ ਲਿਆ। ਬਾਹਰਲੇ ਬੰਦੇ ਸਾਨੂੰ ਖੂਹ ਵਿੱਚ ਛਾਲਾਂ ਮਾਰਦਿਆਂ ਵੇਖ ਕੇ ਖੂਹ ਦੀ ਮਣ ਉੱਪਰ ਆ ਝੁਕੇ ਸਨ।



"ਕੋਈ ਵਾਲਾਂ ਆਲਾ ਮੁੰਡਾ ਲੱਗਦੈ ਵਿੱਚ।" ਇੱਕ ਨੇ ਦੂਜੇ ਦੋਵਾਂ ਨੂੰ ਤਸੱਲੀ ਕਰਨ ਲਈ ਕਿਹਾ। ਮੇਰੀ ਸਾਫੀ ਤਾਂ ਛਾਲ ਮਾਰੇ ਤੋਂ ਪਾਣੀ ਅੰਦਰ ਜਾਂਦਿਆਂ ਹੀ ਲਹਿ ਗਈ ਸੀ। ਮੇਰੇ ਵੱਡੇ ਰੱਖੇ ਵਾਲ ਮੋਢਿਆਂ ਤੱਕ ਆ ਰਹੇ ਸਨ।

"ਤੂੰ ਬਾਹਰ ਆ ਜਾ ਮੁੰਡਿਆ।" ਉਨ੍ਹਾਂ ਵਿੱਚੋਂ ਇੱਕ ਨੇ ਕਿਹਾ।

"ਨਹੀਂ ਮੈਂ ਨੀ ਆਉਂਦਾ।"

"ਆਜਾ ਆਜਾ ਅਸੀਂ ਕੁਸ ਨੀ ਕਹਿੰਦੇ।" ਉਨ੍ਹਾਂ ਨੇ ਮੈਨੂੰ ਤਸੱਲੀ ਦੇਣੀ ਚਾਹੀ। ਮੈਂ ਫੇਰ ਵੀ ਬਾਹਰ ਨਿਕਲਣ ਦੀ ਕੋਸ਼ਿਸ਼ ਨਾ ਕੀਤੀ।

"ਤੂੰ ਮੁੰਡਾ ਕਿੰਨ੍ਹਾਂ ਦੈਂ?" ਮੈਨੂੰ ਹੁਣ ਤੀਜੇ ਬੰਦੇ ਨੇ ਪੁੱਛਿਆ।

"ਮੈਂ ਤਾਂ ਪੰਡਤਾਂ ਦਾਂ।" ਮੇਰੇ ਮੂੰਹੋਂ ਅਚਾਨਕ ਨਿਕਲ ਗਿਆ।

"ਤੂੰ ਬਾਹਰ ਆ ਜਾ, ਅਸੀਂ ਕੁਸ ਨੀ ਕਹਿੰਦੇ।" ਉਨ੍ਹਾਂ ਨੇ ਮੈਨੂੰ ਫਿਰ ਤਸੱਲੀ ਦਿੱਤੀ ਤਾਂ ਮੈਂ ਟਿੰਡਾਂ ਫੜ ਕੇ ਬਾਹਰ ਆ ਗਿਆ।

"ਦੂਜਾ ਮੁੰਡਾ?"

"ਉਹ ਤਾਂ ਡੁੱਬ ਗਿਆ।"

"ਤੁਸੀਂ ਇੱਧਰ ਕੀ ਕਰਨ ਆਏ ਸੀ?"

"ਸਾਡਾ ਪਿੰਡ ਉਜੜਿਆ ਆਉਂਦਾ ਸੀ। ਅਸੀਂ ਖੇਤਾਂ 'ਚ ਮਾਲ ਚਾਰਦੇ ਸੀ। ਡਰ ਕੇ ਅਸੀਂ ਵੀ ਉਨ੍ਹਾਂ ਨਾਲ ਭੱਜ ਲਏ। ਉਹ ਸਾਰੇ ਮਾਰਤੇ, ਅਸੀਂ ਭੱਜੇ ਆਏ।"

"ਇਥੇ ਰੇਣੂਕੇ ਜਾਣਦੈਂ ਕਿਸੇ ਨੂੰ?" ਉਹ ਹੁਣ ਮੇਰੀ ਪੜਤਾਲ ਕਰਨ ਲੱਗ ਪਏ ਸਨ।

'ਰੇਣੂਕੇ' ਨਾਂ ਸੁਣ ਕੇ ਮੈਨੂੰ ਸੁੱਖ ਦਾ ਸਾਹ ਆਇਆ। ਰੇਣੂਕਿਆਂ ਦਾ ਇੱਕ ਮਜ਼ਬੀ ਮਾਈ ਦਿੱਤਾ ਮੱਝਾਂ ਦਾ ਵਪਾਰ ਕਰਦਾ ਸੀ। ਉਹ ਸਾਡੇ ਘਰ ਕਈ ਵਾਰ ਗਿਆ ਸੀ। ਮੇਰੇ ਚਾਚਾ ਜਾਨ ਨਾਲ ਉਸਦੀ ਚੰਗੀ ਸੱਥਰੀ ਪੈਂਦੀ ਸੀ। ਮੈਂ ਝੱਟ ਕਹਿ ਦਿੱਤਾ, "ਹਾਂ! ਮਾਈ ਦਿੱਤੇ ਮਜ਼ਬੀ ਨੂੰ ਜਾਣਦਾਂ।"

ਉਹ ਮੈਨੂੰ ਨਾਲ ਤੋਰੀਂ ਪਿੰਡ ਲੈ ਗਏ। ਫਿਰਨੀ ਫਿਰਨੀ ਤੁਰਦੇ ਇੱਕ ਭੀੜੀ ਬੀਹੀ ਜਾ ਵੜੇ। ਬੰਦੇ ਦੇ ਮੋਢਿਆਂ ਤੱਕ ਆਉਂਦੇ ਕੱਚੇ ਕੋਟ ਉੱਪਰੋਂ ਦੀ ਮੈਂ ਵੇਖਿਆ, ਮਾਈ ਦਿੱਤਾ ਸਾਹਮਣੇ ਚੁਬਾਰੇ ਵਿੱਚ ਖੜ੍ਹਾ ਸੀ। ਮੈਂ ਪਿੱਛੇ ਖੜ੍ਹੇ ਨੇ ਹੱਥ ਮਾਰ ਕੇ ਇਸ਼ਾਰਾ ਕਰ ਦਿੱਤਾ ਕਿ ਇਹਨਾਂ ਨੂੰ ਸੱਚ ਨਹੀਂ ਦੱਸਣਾ। ਮਾਈ ਦਿੱਤੇ ਨੇ ਬਾਰ ਖੋਲ੍ਹਿਆ ਤਾਂ ਅਸੀਂ ਵਿਹੜੇ ਵਿੱਚ ਆ ਖੜ੍ਹੇ।

"ਆਹ ਮੁੰਡਾ ਮਿਲਿਐ ਖੂਹ ਤੋਂ। ਕਹਿੰਦੈ ਮੈਂ ਮਾਈ ਦਿੱਤੇ ਨੂੰ ਜਾਣਦਾਂ। ਜਾਣਦੈ ਤੈਨੂੰ?" ਉਨ੍ਹਾਂ ਨੇ ਮਾਈ ਦਿੱਤੇ ਨੂੰ ਪੁੱਛਿਆ।

"ਹਾਂ! ਮੈਂ ਜਾਣਦਾਂ ਇਹਨੂੰ।"

"ਕੀਹਦਾ ਮੁੰਡਾ ਐ ਏਹੇ?"

"ਜੱਟਾਂ ਦੈ।" ਮਾਈ ਦਿੱਤਾ ਲੀਹ ਤੋਂ ਤਿਲਕ ਗਿਆ।

"ਇਹ ਤਾਂ ਕਹਿੰਦਾ ਸੀ ਮੈਂ ਪੰਡਤਾਂ ਦਾਂ।" ਉਹ ਤਿੰਨੋਂ ਮੇਰੇ ਵੱਲ ਝਾਕੇ। ਉਨ੍ਹਾਂ ਦੀਆਂ ਅੱਖਾਂ ਵਿੱਚ ਮੈਨੂੰ ਕੋਈ ਭਾਵ ਨਜ਼ਰ ਨਾ ਆਇਆ।

"ਮੈਂ ਤਾਂ ਮੁਸਲਮਾਨਾਂ ਦਾਂ! ਮਾਰਨੈ, ਤਾਂ ਮਾਰਦੋ!" ਮੈਂ ਸਚਾਈ ਦੱਸ ਦਿੱਤੀ। ਸੋਚਿਆ

ਮਾਰ ਤਾਂ ਮੈਨੂੰ ਦੇਣਾ ਹੀ ਹੈ। ਕਦੋਂ ਤੱਕ ਜਾਨ ਬਚਾਉਂਦਾ ਫਿਰਦਾ ਰਹਾਂਗਾ। ਹੁਣ ਮਰਾਂ ਜਾਂ ਦੋ ਦਿਨ ਬਾਅਦ, ਕੋਈ ਫ਼ਰਕ ਨਹੀਂ ਪੈਣ ਲੱਗਿਆ।

"ਨਹੀਂ ਹੁਣ ਤਾਂ ਤੇਰਾ ਟੈਮ ਲਾਂਘਿਆ। ਹੁਣ ਨੀ ਤੈਨੂੰ ਮਾਰਦੇ। ਜੇ ਪਾਕਿਸਤਾਨ ਜਾਣੈ ਤਾਂ ਤੈਨੂੰ ਸਟੇਸ਼ਨ 'ਤੇ ਛੱਡ ਆਉਨਿਆਂ। ਹੋਰ ਵੀ ਤੇਰੇ ਵਰਗੇ ਓਥੇ ਵਥੇਰੇ ਬੈਠੇ ਨੇ।" ਉਨ੍ਹਾਂ ਵਿੱਚੋਂ ਕੁਤਰੀ ਦਾੜ੍ਹੀ ਵਾਲਾ ਬੋਲਿਆ।

"ਨਹੀਂ ਮੈਂ ਤਾਂ ਇਥੀ ਰਹੂੰ।"

"ਇਥੇ ਕਿੱਥੇ ਰਹੇਂਗਾ? ਸਾਰੇ ਮੁਸਲਮਾਨ ਤਾਂ ਪਾਕਿਸਤਾਨ ਵਗਗੇ।" ਲੰਬੀ ਦਾੜ੍ਹੀ ਵਾਲੇ ਨੇ ਇੱਕ ਹੋਰ ਦਲੀਲ ਦਿੱਤੀ।

"ਮੈਂ ਨੀ ਉੱਥੇ ਜਾਣਾ। ਮੈਂ ਤਾਂ ਉਰੀ ਰਹੂੰ। ਜੇ ਮਾਰਨੈ ਤਾਂ ਮਾਰਦੋ।" ਮੈਂ ਮਨ ਕਰੜਾ ਕਰ ਕੇ ਉਨ੍ਹਾਂ ਅੱਗੇ ਪੱਥਰ 'ਤੇ ਲਕੀਰ ਖਿਚ ਦਿੱਤੀ। ਉਹ ਮੇਰੇ ਨਾਲ ਕਿੰਨੀ ਹੀ ਦੇਰ ਬਹਿਸਦੇ ਰਹੇ। ਸਾਡੇ ਗੱਲਾਂ ਕਰਦੇ ਕਰਦੇ ਮਾਈ ਦਿੱਤੇ ਦੇ ਵਿਹੜੇ 'ਚ ਹੋਰ ਕਿੰਨੇ ਹੀ ਬੰਦੇ ਆ ਜੁੜੇ।

"ਹੁਣ ਫੇਰ ਤੂੰ ਕਿੱਧਰ ਜਾਣੈ?" ਇਕੱਠ ਵਿੱਚੋਂ ਹੀ ਮੈਨੂੰ ਇੱਕ ਨੇ ਪੁੱਛਿਆ।

"…….।" ਮੇਰੇ ਕੋਲ ਉਸਦੀ ਗੱਲ ਦਾ ਕੋਈ ਜਵਾਬ ਨਹੀਂ ਸੀ। ਮੈਨੂੰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ ਸੀ। ਮੈਂ ਹਾਰ ਮੰਨ ਕੇ ਨੀਵੀਂ ਪਾ ਲਈ।

"ਇਹਨੂੰ ਮੈਂ ਲੈ ਕੇ ਜਾਨਾਂ।" ਇੱਕ ਮਾੜਚੂ ਜਿਹਾ ਬੰਦਾ ਇਕੱਠ 'ਚੋਂ ਅੱਗੇ ਆ ਗਿਆ। ਮੈਂ ਨੀਵੀਂ ਚੁੱਕ ਕੇ ਹਮਦਰਦੀ ਭਾਲਦੀਆਂ ਅੱਖਾਂ ਨਾਲ ਉਸ ਵੱਲ ਤੱਕਿਆ। ਉਹ ਬੋਲ ਰਿਹਾ ਸੀ, "ਇਹ ਮੇਰੇ ਨਾਲ ਰਹੂ। ਮੈਨੂੰ ਬਜ਼ਾਰੋਂ ਸੌਦਾ-ਪੱਤਾ ਲਿਆ ਦਿਆ ਕਰੂ। ਨਾਲੇ ਦੁਕਾਨ ਵਾਸਤੇ ਦਵਾਈ-ਬੂਟੀ ਲੈ ਆਇਆ ਕਰੂ। ਇਹਨੂੰ ਬਜ਼ਾਰ 'ਚ ਕਿਸੇ ਨੇ ਕੁਸ਼ ਨੀ ਕਹਿਣਾ।" ਪਿਛਲੇ ਸ਼ਬਦ ਉਸ ਨੇ ਲੋਕਾਂ ਨੂੰ ਸੰਬੋਧਨ ਕੀਤੇ।

"ਚੱਲ ਉੱਠ ਸ਼ੇਰਾ।" ਉਸਨੇ ਮੇਰੀ ਬਾਂਹ ਫੜ ਕੇ ਖੜ੍ਹਾ ਕਰ ਲਿਆ। ਮੈਂ ਉਸਦੇ ਪਿੱਛੇ ਪਿੱਛੇ ਤੁਰਦਾ ਉਸਦੇ ਘਰ ਆ ਗਿਆ।

"ਰੋਟੀ ਬਣਾਓ ਮੁੰਡੇ ਵਾਸਤੇ।" ਉਸਨੇ ਆਪਣੀ ਘਰ ਵਾਲੀ ਨੂੰ ਕਿਹਾ। ਮੈਨੂੰ ਉਸਨੇ ਨਿੱਕੀ ਨਿੰਮ੍ਹ ਥੱਲੇ ਮੰਜੀ 'ਤੇ ਬਿਠਾ ਦਿੱਤਾ। ਮੈਂ ਜੰਗਲ 'ਚੋਂ ਔਂਟਲੇ ਜਾਨਵਰ ਵਾਂਗ ਉਸਦੇ ਵਿਹੜੇ 'ਚ ਇੱਧਰ-ਉੱਧਰ ਨਜ਼ਰ ਘੁਮਾਉਂਦਾ ਰਿਹਾ। ਉਹ ਮੈਨੂੰ ਪਤਾ ਨਹੀਂ ਕੀ ਕੁਝ ਪੁੱਛਦਾ ਰਿਹਾ, ਮੈਂ 'ਹਾਂ-ਹੂੰ' ਕਰਦਾ ਰਿਹਾ। ਉਸਦੇ ਘਰ ਵਾਲੀ ਨੇ ਮੇਰੇ ਅੱਗੇ ਰੋਟੀ ਲਿਆ ਰੱਖੀ। ਮੈਨੂੰ ਜਾਪਿਆ ਜਿਵੇਂ ਇਹ ਰੋਟੀ ਵੇਖਿਆਂ ਮੈਨੂੰ ਜੁੱਗੜੇ ਬੀਤ ਗਏ ਹੋਣ। ਮੈਂ ਹਾਬੜਿਆਂ ਵਾਂਗ ਰੋਟੀ ਖਾਣ ਲੱਗਿਆ। ਜਦ ਢਿੱਡ ਭਰ ਗਿਆ, ਮੈਨੂੰ ਸੁਰਤ ਜਿਹੀ ਆ ਗਈ।

"ਲੈ ਕਾਕਾ ਹੁਣ ਤੂੰ 'ਰਾਮ ਕਰਲੈ।" ਪੰਡਤ ਨੇ ਮੈਨੂੰ ਮੰਜੀ ਡਾਹ ਦਿੱਤੀ ਤੇ ਆਪ ਘਰ 'ਚ ਹੀ ਬਣੀ ਦੁਕਾਨ 'ਤੇ ਚਲਿਆ ਗਿਆ। ਮੈਂ ਮੰਜੇ 'ਤੇ ਲੇਟ ਗਿਆ। ਪਿਛਲੀਆਂ ਹੋਈਆਂ-ਬੀਤੀਆਂ ਸਾਰੀਆਂ ਘਟਨਾਵਾਂ, ਤੇਜ਼ ਲੰਘਦੀ ਰੇਲ ਗੱਡੀ ਦੇ ਡੱਬਿਆਂ ਵਾਂਗ ਵਾਰੀ ਵਾਰੀ ਮੇਰੀਆਂ ਅੱਖਾਂ ਅੱਗੋਂ ਗੁਜ਼ਰ ਗਈਆਂ। ਇਨ੍ਹਾਂ ਸੋਚਾਂ ਦੇ ਸਮੁੰਦਰ 'ਚ ਹੀ ਡੁਬਕੀਆਂ ਮਾਰਦਿਆਂ ਪਤਾ ਨਹੀਂ ਮੈਨੂੰ ਕਦੋਂ ਨੀਂਦ ਆ ਗਈ।

• • •

ਮੈਨੂੰ ਛੱਜੂ ਪੰਡਤ ਦੇ ਘਰ ਰਹਿੰਦਿਆਂ ਕਿੰਨੇ ਹੀ ਦਿਨ ਬੀਤ ਗਏ ਸਨ। ਮੈਨੂੰ ਉਸਦੇ ਕੰਮ ਦਾ ਸਾਰਾ ਭੇਤ ਆ ਗਿਆ ਸੀ। ਜਦੋਂ ਛੱਜੂ ਨੇ ਦੁਕਾਨ ਲਈ ਦਵਾਈਆਂ ਮੰਗਵਾਉਣੀਆਂ



ਹੁੰਦੀਆਂ ਤਾਂ ਉਹ ਮੈਨੂੰ ਪਰਚੀ ਲਿਖ ਕੇ ਦੇ ਦਿੰਦਾ। ਮੈਂ ਉਹ ਪਰਚੀ ਬਜ਼ਾਰ ਜਾ ਕੇ ਦੁਕਾਨਦਾਰ ਨੂੰ ਫੜਾ ਦਿੰਦਾ। ਉਹ ਮੇਰਾ ਝੋਲਾ ਦਵਾਈਆਂ ਨਾਲ ਭਰ ਦਿੰਦਾ। ਸ਼ਾਮ -ਸਵੇਰੇ ਮੈਂ ਡੋਲੂ ਲੈ ਕੇ ਬਜ਼ਾਰੋਂ ਦੁੱਧ ਲੈ ਕੇ ਆਉਂਦਾ।

ਅੱਜ ਵੀ ਮੈਂ ਬਜ਼ਾਰੋਂ ਦੁੱਧ ਲੈਣ ਆਇਆ ਸੀ। ਮੈਂ ਦੁਕਾਨ ਤੋਂ ਦੁੱਧ ਪਵਾ ਰਿਹਾ ਸੀ ਜਦੋਂ ਮੈਨੂੰ ਕਿਸੇ ਨੇ ਪਿੱਛੋਂ ਮੇਰਾ ਨਾਂ ਲੈ ਕੇ ਅਵਾਜ਼ ਮਾਰੀ। ਮੈਂ ਤ੍ਰਬਕ ਕੇ ਪਿੱਛੇ ਵੇਖਿਆ, ਸਾਡੇ ਪਿੰਡ ਦੇ ਸਿੱਧੂਆਂ ਦੇ ਮੁੰਡੇ ਖੜ੍ਹੇ ਸਨ। ਮੈਂ ਭੱਜ ਕੇ ਉਹਨਾਂ ਕੋਲ ਜਾ ਖੜ੍ਹਿਆ।

"ਬਾਈ ਸਾਡੇ ਘਰ ਦਾ ਕੋਈ ਹੋਰ ਜੀਅ ਬਚਿਆ ਹੋਵੇ?" ਮੈਂ ਉਨ੍ਹਾਂ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਸਵਾਲ ਦਾਗ ਦਿੱਤਾ। ਆਪਣੇ ਘਰ ਵਾਲਿਆਂ ਬਾਰੇ ਜਾਨਣ ਲਈ ਮੇਰੀ ਕਾਹਲੀ ਹੱਦਾਂ ਟੱਪ ਗਈ ਸੀ। ਜੀਅ ਕਰਦਾ ਸੀ, ਕੋਈ ਅਜਿਹਾ ਯੰਤਰ ਹੋਵੇ ਜਿਹੜਾ ਬੋਲ ਕੇ ਦੱਸਣ ਤੋਂ ਵੀ ਪਹਿਲਾਂ ਮੈਨੂੰ ਸਾਰੀ ਸਥਿਤੀ ਅੱਖ ਝਪਕੇ ਵਿੱਚ ਹੀ ਦਿਖਾ ਦੇਵੇ।

"ਨੌਹਰ ! ਸਾਨੂੰ ਨੀ ਲੱਗਦਾ ਤੇਰੇ ਘਰ ਦਾ ਹੋਰ ਕੋਈ ਜੀਅ ਬਚਿਆ ਹੋਊ। ਇੱਕ ਤੇਰੇ ਵੱਡੇ ਭਾਈ ਗੌਰੇ ਸ਼ਾਹ ਦੀ ਘਰਆਲੀ ਐ ਬਰਮਾਲੀ ਪੁਰ, ਗੁਰਦੁਆਰੇ 'ਚ। ਅੱਧ-ਮਰੀ ਪਈ ਐ ਵੱਢੀ-ਟੁੱਕੀ। ਨਾ ਉਹ ਆਪ ਤੋਂ ਰੋਟੀ ਖਾ ਸਕਦੀ ਐ, ਨਾ ਆਪ ਕੋਈ ਕੱਪੜਾ ਬੰਨ੍ਹ ਸਕਦੀ ਐ। ਓਸ ਗੁਰਦੁਆਰੇ 'ਚ ਆਪਣੇ ਪਿੰਡ ਦੀਆਂ ਤਿੰਨ-ਚਾਰ ਤੀਮੀਂਆਂ ਰੱਖੀਆਂ ਹੋਈਆਂ ਨੇ ਸਿੱਖ ਨੇ।"

"ਅੱਛਿਆ ! ?" ਮੇਰੀਆਂ ਅੱਖਾਂ 'ਚ ਚਮਕ ਆ ਗਈ ਜਿਵੇਂ ਮੈਨੂੰ ਜੀਣ ਦਾ ਸਹਾਰਾ ਮਿਲ ਗਿਆ ਹੋਵੇ। ਮੈਂ ਉਹਨਾਂ ਨਾਲ ਹੋਰ ਬਹੁਤੀਆਂ ਗੱਲਾਂ ਨਾ ਕੀਤੀਆਂ। ਦੌੜਦਾ ਘਰ ਆ ਗਿਆ। ਦੁੱਧ ਦਾ ਡੋਲੂ ਅੰਦਰ ਰੱਖ ਕੇ ਦੁਕਾਨ 'ਚ ਜਾ ਖੜ੍ਹਿਆ।

"ਚਾਚਾ ਜੀ…!" ਛੱਜੂ ਨੇ ਮੈਨੂੰ ਆਪ ਕਿਹਾ ਸੀ ਕਿ ਮੈਂ ਉਹਨੂੰ ਚਾਚਾ ਜੀ ਕਹਿ ਕੇ ਬੁਲਾਇਆ ਕਰਾਂ।

"ਹਾਂ ਦੱਸ….!" ਉਸਨੇ ਜਿਵੇਂ ਮੇਰੇ ਚਿਹਰੇ 'ਤੋਂ ਬਦਲਦੇ ਰੰਗ ਪੜ੍ਹ ਲਏ ਹੋਣ।

"ਮੇਰੀ ਵੱਡੀ ਭਰਜਾਈ ਜਿਉਂਦੀ ਐ…!" ਮੈਂ ਮੇਰੇ ਪਿੰਡ ਵਾਲਿਆਂ ਵੱਲੋਂ ਦੱਸੀ ਸਾਰੀ ਗੱਲ ਦੁਹਰਾ ਦਿੱਤੀ। ਅਖ਼ੀਰ 'ਤੇ ਮੈਂ ਝਿਜਕਦਿਆਂ ਕਹਿ ਦਿੱਤਾ, "ਜੇ ਮੈਂ ਉਹਨੂੰ ਲਿਆਮਾਂ ਜੀ?"

"ਉਹਤੋਂ ਹੁਣ ਵਿਚਾਰੀ ਤੋਂ ਕੀ ਕਰਾਮੇਂਗਾ। ਉਹ ਤਾਂ ਹੁਣ ਮਰਿਆਂ ਤੋਂ ਵੱਧ ਐ। ਇੱਕ ਦਿਨ ਕੱਟੂ ਪਤਾ ਨੀ ਨਾ। ਆਹ ਦੋ ਕਰਮਾਂ 'ਤੇ ਆਪਣਾ ਸਟੇਸ਼ਨ ਐ। ਤੂੰ ਕੱਲ੍ਹ ਨੂੰ ਮੇਰੇ ਨਾਲ ਚੱਲੀਂ, ਜਿਹੜੀ ਕਹੇਂਗਾ, ਉਹ ਹਕਾ ਲਿਆਊਂ।"

"ਨਹੀਂ ਜੀ ਮੈਂ ਤਾਂ ਆਪਣੀ ਭਰਜਾਈ ਲਿਆਉਣੀ ਐ।" ਮੇਰੇ ਅੰਦਰ ਪਰਿਵਾਰ-ਮੋਹ ਠਾਠਾਂ ਮਾਰਨ ਲੱਗ ਪਿਆ ਸੀ।

"ਚੱਲ ਮਰਜ਼ੀ ਐ ਤੇਰੀ ਫੇਰ।" ਛੱਜੂ ਨੇ ਮੇਰੀ ਦ੍ਰਿੜ੍ਹਤਾ ਵੇਖ ਕੇ ਹਾਮੀ ਭਰ ਦਿੱਤੀ।

ਅਗਲੇ ਦਿਨ ਅਸੀਂ ਸਾਇਕਲ ਲੈ ਕੇ ਬਰਮਾਲੀ ਪੁਰ ਪਹੁੰਚ ਗਏ। ਸਾਨੂੰ ਗੁਰਦੁਆਰੇ ਦਾ ਸਿੱਖ ਇੱਕ ਕਮਰੇ ਵਿੱਚ ਲੈ ਗਿਆ ਜਿੱਥੇ ਮੇਰੀ ਭਰਜਾਈ ਵੀਰਾਂ ਸਮੇਤ ਚਾਰ ਔਰਤਾਂ ਵੱਢੀਆਂ-ਟੁੱਕੀਆਂ ਪਈਆਂ ਸਨ। ਸਾਨੂੰ ਵੇਖ ਕੇ ਉਹਨਾਂ ਸਾਰੀਆਂ ਦੇ ਅੱਖਾਂ ਵਿੱਚ ਕਿਸੇ ਮਰੀ ਆਸ ਦੀ ਕਿਰਨ ਮੁੜ ਜਿਉਂਦੀ ਹੋ ਗਈ। ਮੇਰੇ ਪਿੰਡ ਦੀਆਂ ਉਹਨਾਂ ਔਰਤਾਂ ਦੇ ਬਡਰੂਪ ਹੋਏ

ਚਿਹਰਿਆਂ ਦੇ ਥੱਲੋਂ ਮੈਂ ਪਹਿਚਾਣ ਦੇ ਚਿੰਨ੍ਹ ਲੱਭ ਲਏ ਸਨ। ਉਹਨਾਂ ’ਚੋਂ ਦੋ ਸਾਡੇ ਵਿਹੜੇ ਦੀਆਂ ਅਤੇ ਇੱਕ ਤੇਲੀਆਂ ਦੀ ਨੂੰਹ ਰੱਜੀ ਸੀ। ‘ਰੱਜੀ ਜਿਸਨੂੰ ਕਦੇ ਮੈਂ ਵੇਖ ਵੇਖ ਰੱਜਿਆ ਨਹੀਂ ਸੀ। ਜਦ ਉਸਦੀਆਂ ਮੋਟੀਆਂ ਅੱਖਾਂ ਦੇ ਤੀਰ ਜਾਲੀਦਾਰ ਕਾਲੀ ਚੁੰਨੀ ਨੂੰ ਲੀਰੋ-ਲੀਰ ਕਰਦੇ ਮੇਰੇ ਧੁਰ ਅੰਦਰ ਤੱਕ ਖੁਭ ਜਾਂਦੇ ਸਨ ਤਾਂ ਮੈਂ ਆਪਣੀ ਸੁੱਧ-ਬੁੱਧ ਗੁਆ ਬੈਠਦਾ ਸੀ।’ ਉਹ ਪਰੀਆਂ ਦੀ ਭੈਣ ਰੱਜੀ ਹੁਣ ਖੰਡਰ ਹੋਈਆਂ ਅੱਖਾਂ ਨਾਲ ਮੈਨੂੰ ਵੇਖ ਰਹੀ ਸੀ। ਜਿਸ ਹੀਰ ਤੋਂ ਕਦੇ ਮੈਂ ਚੂਰੀ ਖਾਣ ਦੇ ਸੁਪਨੇ ਵੇਖਦਾ ਹੁੰਦਾ ਸੀ, ਉਸ ਦੀ ਉਹ ਚੂਰੀ ਖਵਾਉਣ ਵਾਲੀ ਬਾਂਹ ਵੱਢੀ ਪਈ ਸੀ। ਇੱਕ ਪਾਸੇ ਦਾ ਜਬਾੜ੍ਹਾ ਪਾੜਿਆ ਪਿਆ ਸੀ। ਦੂਜੇ ਜਬਾੜ੍ਹੇ ’ਤੇ ਦੰਦੀਆਂ ਦੇ ਨਿਸ਼ਾਨ ਸਨ। ਬੁੱਲ੍ਹ ਸੁੱਕ ਕੇ, ਸੁੱਕੇ ਹੋਏ ਟੋਭੇ ਦੇ ਤਲ ਵਰਗੇ ਹੋਏ ਪਏ ਸਨ। ਮੇਰੀ ਭਰਜਾਈ ਦੀ ਵੀ ਇੱਕ ਬਾਂਹ ’ਤੇ ਜ਼ਖ਼ਮਾਂ ਦੇ ਵੱਡੇ ਟੱਕ ਸਨ। ਖੱਬੀ ਵੱਖੀ ਵਿੱਚ ਵਰਛਾ ਵੱਜਿਆ ਹੋਇਆ ਸੀ। ਗਰਦਨ ’ਤੇ ਗੰਡਾਸੇ ਦਾ ਟੱਕ ਸੀ। ਸਾਰੇ ਕੱਪੜੇ ਲਹੂ ਤੇ ਮੈਲ ਨਾਲ ਭਰੇ, ਰੰਗੋਂ ਬਦਰੰਗ ਹੋਏ ਪਏ ਸਨ।

“ਔਹ ਐ ਜੀ।” ਮੈਂ ਮੇਰੀ ਭਰਜਾਈ ਵੱਲ ਇਸ਼ਾਰਾ ਕੀਤਾ। ਸਿੱਖ ਸਾਨੂੰ ਉਸਦੇ ਮੰਜੇ ਕੋਲ ਲੈ ਗਿਆ। ਵੰਡ ਦਾ ਇਹ ਦੁੱਖ ਓਦੋਂ ਹੋਰ ਵੀ ਘਿਣਾਉਣਾ ਹੋ ਗਿਆ ਜਦੋਂ ਉਹ ਸਾਰੀਆਂ ਮੇਰੇ ਨਾਲ ਆਪਣਾ ਕੋਈ ਨਾ ਕੋਈ ਰਿਸ਼ਤਾ ਜੋੜ ਕੇ ਲੈ ਜਾਣ ਲਈ ਕਹਿਣ ਲੱਗੀਆਂ।

“ਭਾਈ! ਇਹ ਹੁਣ ਵਿਚਾਰਾ ਥੋਨੂੰ ਸਾਰੀਆਂ ਨੂੰ ਕਿੱਥੇ ਲੈ ਕੇ ਜਾਵੇ? ਇਹਨੂੰ ਵੀ ਵਿਚਾਰੇ ਨੂੰ ਪਤਾ ਨਹੀਂ ਕਿਹੜੇ ਹੀਲੇ ਕੋਈ ਟੁੱਕ ਦੀ ਬੁਰਕੀ ਮਿਲਦੀ ਐ ਜਾਂ ਨਾ। ਇਹ ਤਾਂ ਆਪ ਥੋਡੇ ਮਾਂਗੂੰ ਵਖ਼ਤਾਂ ਦਾ ਮਾਰਿਐ। ਤੁਸੀਂ ਅਵਦਾ ਜਿੱਥੇ ਕਹੋਗੀਆਂ, ਕੋਟੜੇ ਕਹੋਗੀਆਂ, ਕੋਟੜੇ ਛੱਡ ਆਊਂ। ਲੁਧਿਆਣੇ ਕੈਂਪ ’ਚ ਕਹੋਗੀਆਂ, ਉੱਥੇ ਛੱਡ ਆਊਂ।” ਸਿੱਖ ਨੇ ਉਹਨਾਂ ਨੂੰ ਸਮਝਾਇਆ। ਫੇਰ ਉਹ ਸਾਨੂੰ ਬਾਹਰ ਲੈ ਆਇਆ। ਮੈਥੋਂ ਮੇਰੇ ਪਰਿਵਾਰ ਬਾਰੇ ਪੂਰੀ ਜਾਣਕਾਰੀ ਲਈ ਅਤੇ ਫਿਰ ਇਹ ਕੁਝ ਹੀ ਅੰਦਰ ਜਾ ਕੇ ਵੀਰਾਂ ਤੋਂ ਪੁੱਛਿਆ। ਜਦ ਉਸਦੀ ਪੂਰੀ ਤਸੱਲੀ ਹੋ ਗਈ ਤਾਂ ਉਹ ਵੀਰਾਂ ਨੂੰ ਬਾਹਰ ਲੈ ਆਇਆ।

“ਲੈ ਭਾਈ ਹੁਣ ਤੂੰ ਅਵਦੇ ਧਰਮ ਦੀ ਸਹੁੰ ਖਾ ਕੇ ਕਹਿ ਬੀ ਇਹਨੂੰ ਮਾਰੇਂਗਾ ਨੀ। ਇਹਦੀ ਰੱਖਿਆ ਕਰੇਂਗਾ।” ਸਿੱਖ ਨੇ ਮੈਨੂੰ ਪੱਕਾ ਕਰਨਾ ਚਾਹਿਆ।

“ਮੈਂ ਕੁਰਾਨ ਸਰੀਫ਼ ਦੀ ਕਸਮ ਖਾ ਕੇ ਕਹਿਨਾ ਜਿੰਨਾ ਚਿਰ ਮੈਂ ਜਿਉਂਦਾਂ ਮੈਂ ਇਹਨੂੰ ਨਾਲ ਰੱਖੂੰ।” ਮੈਂ ਬਾਬੇ ਨੂੰ ਯਕੀਨ ਦਿਵਾ ਦਿੱਤਾ।

“ਤੂੰ ਵੀ ਭਾਈ ਬੀਬੀ ਸਹੁੰ ਖਾ ਜਦੋਂ ਤੂੰ ਠੀਕ ਹੋ ਗੀ ਤੈਨੂੰ ਇਹਦੇ ਨਾਲ ਹੱਕ ਕਰਨਾ ਪਊ।” ਸਿੱਖ ਨੇ ਵੀਰਾਂ ਨੂੰ ਵੀ ਪੱਕਾ ਕਰ ਦਿੱਤਾ।

ਜਦੋਂ ਸਿੱਖ ਦਾ ਪੂਰਾ ਯਕੀਨ ਬੱਝ ਗਿਆ ਉਸਨੇ ਵੀਰਾਂ ਸਾਡੇ ਨਾਲ ਤੋਰ ਦਿੱਤੀ। ਰੇਣੂਕੇ ਪਹੁੰਚ ਕੇ ਅਸੀਂ ਬਾਹਰ ਖੂਹ ’ਤੇ ਆ ਰੁਕੇ।

“ਤੂੰ ਇਹਨੂੰ ਇਥੇ ਲੈ ਕੇ ਖੜ੍ਹ, ਮੈਂ ਘਰੋਂ ਕੱਪੜੇ ਚੱਕ ਲਿਆਮਾਂ।” ਛੱਜੂ ਸਾਨੂੰ ਖੂਹ ’ਤੇ ਬਿਠਾ ਕੇ ਆਪ ਸਾਇਕਲ ’ਤੇ ਕੱਪੜੇ ਲੈਣ ਚਲਾ ਗਿਆ। ਉਹਦੇ ਆਉਣ ਤੱਕ ਅਸੀਂ ਦੋਵੇਂ ਇੱਕ-ਦੂਜੇ ਨਾਲ ਗੱਲਾਂ ਕਰਦੇ ਦੁੱਖ ਵੰਡਾਉਂਦੇ ਰਹੇ। ਉਹ ਥੋੜ੍ਹੇ ਹੀ ਸਮੇਂ ’ਚ ਕੱਪੜੇ ਲੈ ਕੇ ਵਾਪਸ ਆ ਗਿਆ।



“ਤੂੰ ਇਹਨੂੰ ਇਥੇ ਨਮ੍ਹਾ ਕੇ ਆਹ ਨਮੇਂ ਕੱਪੜੇ ਪਾ ਕੇ ਲੈ ਆਈਂ। ਪੁਰਾਣੇ ਇੱਥੇ ਸਿੱਟ ਜਿਓ।” ਛੱਜੂ ਮੈਨੂੰ ਕੱਪੜਿਆਂ ਵਾਲਾ ਝੋਲਾ ਅਤੇ ਸਾਇਕਲ ਫੜਾ ਕੇ ਪੈਦਲ ਵਾਪਸ ਮੁੜ ਗਿਆ। ਮੈਂ ਉਸਨੂੰ ਨਵ੍ਹਾ ਕੇ ਨਵੇਂ ਕੱਪੜੇ ਪਾ ਦਿੱਤੇ ਤੇ ਸਾਇਕਲ ’ਤੇ ਛੱਜੂ ਦੇ ਘਰ ਆ ਗਏ। ਛੱਜੂ ਨੇ ਪੱਟੀਆਂ ਕਰ ਕੇ ਉਸਦਾ ਇਲਾਜ ਸ਼ੁਰੂ ਕਰ ਦਿੱਤਾ। ਵੀਰਾਂ ਦੇ ਗਲ ’ਚ ਗੰਡਾਸਾ ਵੱਜਣ ਕਰਕੇ ਉਸਦੇ ਰੋਟੀ ਅੰਦਰ ਲੰਘਦੀ ਨਹੀਂ ਸੀ। ਉਹ ਕਈ ਦਿਨ ਦੁੱਧ ਜਾਂ ਚਾਹ ਹੀ ਪੀਂਦੀ ਰਹੀ। ਹੌਲੀ ਹੌਲੀ ਉਹ ਦਲੀਆ ਖਾਣ ਲੱਗ ਪਈ।

• • •

ਇਹਨਾਂ ਦਿਨਾਂ ਵਿੱਚ ਹੀ ਛੱਜੂ ਇੱਕ ਦਿਨ ਮੈਨੂੰ ਸਟੇਸ਼ਨ ’ਤੇ ਲੈ ਗਿਆ। ਛੱਜੂ ਦੇ ਆਪਣੇ ਕੋਈ ਔਲਾਦ ਨਹੀਂ ਸੀ। ਉਹ ਆਪਣੀ ਇਸੇ ਮਨਸ਼ਾ ਨੂੰ ਪੂਰੀ ਕਰਨ ਲਈ ਅੱਜ ਸਟੇਸ਼ਨ ’ਤੇ ਆਇਆ ਸੀ। ਉਹਨੇ ਮੈਨੂੰ ਰਸਤੇ ’ਚ ਆਉਂਦਿਆਂ ਦੱਸਿਆ ਸੀ ਕਿ ਮੁਸੀਬਤ ਦੇ ਮਾਰੇ ਮਾਂ-ਬਾਪ ਆਪਣੇ ਭੁੱਖ ਨਾਲ ਪਲ ਪਲ ਮਰ ਰਹੇ ਬੱਚਿਆਂ ਨੂੰ, ਇਸ ਆਸ ਉੱਤੇ ਕਿ ਉਹਨਾਂ ਦੀ ਜਾਨ ਬਚ ਜਾਵੇਗੀ, ਕਿਸੇ ਲੋੜਵੰਦ ਨੂੰ ਪਾਲਣ ਲਈ ਫੜਾ ਦਿੰਦੇ ਨੇ। ਛੱਜੂ ਦੀ ਗੱਲ ਸੁਣ ਕੇ ਮੇਰਾ ਅੰਦਰ ਚੀਰਿਆ ਗਿਆ, ‘ਯਾ ਅੱਲਾਹ! ਇਹ ਦਿਨ ਵੀ ਆਉਣਾ ਸੀ? ਆਪਣੇ ਜਿਗਰ ਦੇ ਟੋਟੇ ਨੂੰ ਉਸਦੀ ਜਾਨ ਬਚਾਉਣ ਦੀ ਮਨਸ਼ਾ ਨਾਲ ਆਪਣੇ ਤੋਂ ਵੱਖ ਕਰ ਦੇਣਾ। ਹੇ ਅੱਲ੍ਹਾ! ਅਜਿਹਾ ਪੱਥਰ ਜੇਰਾ ਕਿਵੇਂ ਕਰਦੇ ਹੋਣਗੇ!?’

ਅਸੀਂ ਸਟੇਸ਼ਨ ’ਤੇ ਪਹੁੰਚ ਗਏ। ਇੱਕ ਡੱਬੇ ਤੋਂ ਬਾਅਦ ਅਸੀਂ ਦੂਸਰੇ ਡੱਬੇ ਵਿੱਚ ਜਾ ਚੜ੍ਹੇ। ਛੱਜੂ ਨੇ ਫਿਰ ਅਵਾਜ਼ ਮਾਰੀ, “ਭਾਈ ਮੈਂ ਬੱਚਾ ਪਾਲਣਾ ਚਾਹੁੰਣਾ, ਜੇ ਕੋਈ ਹੋਵੇ....। ਭਾਈ ਮੈਂ ਬੱਚਾ ਪਾਲਣਾ ਚਾਹੁੰਨਾ, ਜੇ ਕੋਈ.....?”

“ਆ....ਹ ਪਾਲ ਲਓ ਭਾਈ ਜਾ....ਨ!” ਇੱਕ ਔਰਤ ਨੇ ਖੜ੍ਹੀ ਹੋ ਕੇ ਬਾਹਵਾਂ ’ਚ ਚੁੱਕਿਆ ਬੱਚਾ ਸਾਡੇ ਵੱਲ ਵਧਾ ਦਿੱਤਾ। ਉਸਦੀ ਭਰੜਾਈ ਅਵਾਜ਼ ਮਣਾ-ਮੂੰਹੀਂ ਹੰਝੂਆਂ ’ਚ ਤਰ ਸੀ। ਮੈਨੂੰ ਲੱਗਿਆ ਜਿਵੇਂ ਉਸਨੇ ਬਾਹਵਾਂ ’ਚ ਬੱਚਾ ਨਹੀਂ, ਆਪਣੀ ਜਾਨ ਚੁੱਕੀ ਹੋਵੇ ਜਿਹੜੀ ਸਾਨੂੰ ਲੈ ਜਾਣ ਲਈ ਕਹਿ ਰਹੀ ਸੀ। ਮੇਰਾ ਮਨ ਫਿਰ ਕਲਪਿਆ, ‘ਹੇ ਅੱਲਾ! ਇਹ ਦੁੱਖ ਭਰਿਆ ਦ੍ਰਿਸ਼ ਵੇਖ ਕੇ ਧਰਤੀ ਕਿਉਂ ਨਾ ਪਾਟ ਗਈ। ਪਰਲੋ ਕਿਉਂ ਨਾ ਆ ਗਈ। ਇਹ ਸਾਰੇ ਚੰਨ, ਤਾਰੇ ਬੇਸ਼ਰਮ ਹੋਏ ਆਪਣੀ ਥਾਂ ’ਤੇ ਕਿਵੇਂ ਟਿਕੇ ਰਹਿਣਗੇ?’ ਤਿੰਨ ਕੁ ਸਾਲ ਦਾ ਏਨਾ ਪਿਆਰਾ ਬੱਚਾ। ਆਪਣੀ ਮਾਂ ਵਾਂਗ ਹੀ ਗੋਰਾ-ਨਿਛੋਹ ਰੰਗ। ਕਿਸੇ ਚਿੱਤਰਕਾਰ ਦੀ ਖ਼ੂਬਸੂਰਤ ਪੇਂਟਿੰਗ ਵਰਗੇ ਨੈਣ-ਨਕਸ਼। ‘ਹਾਏ ਅੱਲ੍ਹਾ! ਇਹ ਕਿਹੜੀ ਮਜਬੂਰੀ ਦੀ ਕੈਂਚੀ ਸੀ ਜਿਹੜੀ ਮਾਂ-ਪੁੱਤ ਦੇ ਮੋਹ ਦੀਆਂ ਤੰਦਾਂ ਨੂੰ ਵੀ ਬੜੀ ਬੇਰਹਿਮੀ ਨਾਲ ਕੱਟ ਰਹੀ ਸੀ।’

ਮਾਂ ਨੇ ਬੱਚੇ ਨੂੰ ਇੱਕ ਵਾਰ ਘੁੱਟ ਕੇ ਸੀਨੇ ਨਾਲ ਲਾਇਆ। ਜਿਵੇਂ ਉਹ ਬੱਚੇ ਨੂੰ ਆਪਣੇ ਅੰਦਰ ਲੁਕਾ ਲੈਣਾ ਚਾਹੁੰਦੀ ਹੋਵੇ। ਉਸਦਾ ਪਾਗਲਾਂ ਵਾਂਗ ਮੂੰਹ ਚੁੰਮਿਆ। ਉਸਦੇ ਸਿਰ, ਬਾਹਾਂ ਅਤੇ ਪੈਰਾਂ ’ਤੇ ਹੱਥ ਫੇਰੇ। ਉਸਨੇ ਦਿਲ ਉੱਤੇ ਪੱਥਰ ਰੱਖ ਕੇ ਬੱਚਾ ਸਾਨੂੰ ਫੜਾ ਦਿੱਤਾ। ਬੱਚਾ ਫੜਾਉਂਦਿਆਂ ਉਸ ਔਰਤ ਦੀਆਂ ਅੱਖਾਂ ਵਿਚਲਾ ਦੁੱਖ ਮੈਥੋਂ ਝੱਲਿਆ ਨਾ ਗਿਆ। ਮੈਂ ਨੀਵੀਂ ਪਾ ਲਈ। ਬੱਚਾ ਛੱਜੂ ਦੀਆਂ ਬਾਹਾਂ ਵਿੱਚ ਆ ਕੇ ਸਿਰ-ਤੋੜ ਰੋਣ ਲੱਗ ਪਿਆ। ਉਹ ਛੱਜੂ ਦੀਆਂ ਬਾਹਾਂ ਵਿੱਚੋਂ ਨਿਕਲ ਨਿਕਲ ਜਾ ਰਿਹਾ ਸੀ। ਮਾਂ ਵੱਲ ਬਾਹਾਂ ਉਲਾਰ ਉਲਾਰ ਲੇਰਾਂ ਮਾਰ ਰਿਹਾ ਸੀ। ਮਾਂ ਉਸਨੂੰ ਬੇਵਸ ਹੋਈ ਵੇਖ ਰਹੀ ਸੀ। ਹੁਣ ਉਸ ਲਈ

ਇਹ ਹੀ ਕਾਫ਼ੀ ਸੀ ਕਿ ਉਹ ਆਪਣੇ ਬੱਚੇ ਨੂੰ ਬੱਸ ਵੱਧ ਤੋਂ ਵੱਧ ਸਮਾਂ ਵੇਖ ਸਕੇ। ਅਸੀਂ ਬੱਚੇ ਨੂੰ ਲੈ ਕੇ ਡੱਬੇ ਵਿੱਚੋਂ ਉੱਤਰ ਗਏ। ਉਹ ਭੱਜ ਕੇ ਬਾਰੀ ਵਿੱਚ ਆ ਖੜ੍ਹੀ। ਸਾਨੂੰ ਬੱਚਾ ਲਈ ਜਾਂਦਿਆਂ ਵੇਖਣ ਲੱਗੀ। ਬੱਚਾ ਜਿਉਂ ਜਿਉਂ ਮਾਂ ਤੋਂ ਦੂਰ ਹੋ ਰਿਹਾ ਸੀ, ਹੋਰ ਉੱਚੀ ਰੋ ਰਿਹਾ ਸੀ। ਛੱਜੂ ਇੱਕ ਦਮ ਰੁਕਿਆ ਤੇ ਫਿਰ ਪਿੱਛੇ ਮੁੜ ਪਿਆ। ਪਤਾ ਨਹੀਂ ਉਸਦੇ ਮਨ ਵਿੱਚ ਕੀ ਆਈ। ਉਹ ਉਸ ਔਰਤ ਕੋਲ ਜਾ ਖੜ੍ਹਿਆ।

"ਤੂੰ ਵੀ ਸਾਡੇ ਨਾਲ ਚੱਲ! ਜਿੱਥੇ ਅਸੀਂ ਰੋਟੀ ਖਾਨਿਆਂ, ਉੱਥੇ ਦੋ ਤੂੰ ਖਾ ਲਈਂ....!" ਛੱਜੂ ਦੀ ਅਵਾਜ਼ ਦੁੱਖ ਨਾਲ ਭਾਰੀ ਹੋ ਗਈ ਸੀ। ਛੱਜੂ ਦੀ ਗੱਲ ਜਿਵੇਂ ਮਾਂ ਲਈ ਸਾਰੇ ਜਹਾਨ ਦੇ ਸੁੱਖ ਮਿਲ ਗਏ ਹੋਣ। ਉਹ ਆਪਣੀ ਗਠੜੀ ਚੁੱਕ ਕੇ ਸਾਡੇ ਨਾਲ ਤੁਰ ਪਈ।

•••

ਹੁਣ ਅਸੀਂ ਛੱਜੂ ਦੇ ਘਰ ਚਾਰ ਮੁਸਲਮਾਨ ਹੋ ਗਏ ਸਾਂ। ਛੱਜੂ ਦਾ ਦੋ ਜੀਆਂ ਵਾਲਾ ਭਾਂਅ ਭਾਂਅ ਕਰਦਾ ਘਰ ਹੁਣ ਭਰਿਆ ਭਰਿਆ ਲੱਗਣ ਲੱਗ ਪਿਆ ਸੀ। ਨਿੱਕੇ ਸ਼ਮਸ਼ਾਦ ਦੀਆਂ ਤੋਤਲੀਆਂ ਗੱਲਾਂ ਅਤੇ ਨੰਨ੍ਹੇ ਹਾਸਿਆਂ ਨੇ ਸਭ ਦੇ ਚਿਹਰਿਆਂ ਤੋਂ ਉਦਾਸੀ ਝਾੜ ਦਿੱਤੀ ਸੀ। ਵੀਰਾਂ ਦਿਨੋ-ਦਿਨ ਠੀਕ ਹੋ ਰਹੀ ਸੀ। ਉਸਦੇ ਢਿੱਡ ਵਿੱਚ ਮੇਰੇ ਵੱਡੇ ਭਰਾ ਦਾ ਬੱਚਾ ਪਲ ਰਿਹਾ ਸੀ। ਮੈਨੂੰ ਉਡੀਕ ਸੀ, ਮੇਰਾ ਵਿੱਛੜ ਗਿਆ ਭਰਾ ਗੌਰੇ ਸ਼ਾਹ ਇਸ ਬੱਚੇ ਦੇ ਰੂਪ ਵਿੱਚ ਮੈਨੂੰ ਫਿਰ ਮਿਲ ਜਾਵੇਗਾ। ਪਰ ਇਹ ਖੁਸ਼ੀਆਂ ਬਹੁਤੀ ਦੇਰ ਸਾਡੇ ਕੋਲ ਨਾ ਰਹੀਆਂ। ਕਿਸੇ ਨੇ ਥਾਣੇ ਇਤਲਾਹ ਕਰ ਦਿੱਤੀ ਸੀ ਕਿ 'ਛੱਜੂ ਪੰਡਤ ਆਪਣੇ ਘਰ ਚਾਰ ਮੁਸਲਮਾਨਾਂ ਅਤੇ ਉਹਨਾਂ ਦਾ ਮਾਲ ਸਾਂਭੀ ਬੈਠਾ ਹੈ।' ਸਾਨੂੰ ਥਾਣਿਓਂ ਬੁਲਾਵਾ ਆ ਗਿਆ। ਅਸੀਂ ਸਾਰੇ ਥਾਣੇ ਪਹੁੰਚ ਗਏ। ਨਾਲ ਛੱਜੂ ਨੇ ਇੱਕ-ਦੋ ਆਪਣੇ ਮਿੱਤ ਦੇ ਬੰਦੇ ਲੈ ਲਏ। ਥਾਣੇਦਾਰ ਨੇ ਸਭ ਤੋਂ ਪਹਿਲਾਂ ਛੱਜੂ ਨੂੰ ਬੁਲਾ ਲਿਆ।

"ਕਿਉਂ ਬਈ! ਤੂੰ ਮੁਸਲਮਾਨ ਆਪਣੇ ਘਰ ਰੱਖ ਰੱਖੇ ਨੇ?" ਥਾਣੇਦਾਰ ਨੇ ਛੱਜੂ ਨੂੰ ਦਬਕਾ ਮਾਰਿਆ।

"ਨਹੀਂ ਜਨਾਬ! ਮੈਂ ਇਨ੍ਹਾਂ ਨੂੰ ਧੱਕੇ ਨਾਲ ਨੀ ਰੱਖਿਆ ਹੋਇਆ। ਮੈਂ ਤਾਂ ਇਨ੍ਹਾਂ ਦੀ ਜਾਨ ਬਚਾਈ ਐ। ਆਹ ਥੋਡੇ ਸਾਹਮਣੇ ਖੜ੍ਹੇ ਨੇ ਪੁੱਛ ਲੋ।" ਛੱਜੂ ਨੇ ਸਫ਼ਾਈ ਦਿੱਤੀ।

"ਕਿਉਂ ਓਏ! ਤੂੰ ਪਾਕਿਸਤਾਨ ਨੀ ਜਾਣਾ?" ਥਾਣੇਦਾਰ ਕਾਂਟਾ ਬਦਲ ਕੇ ਮੇਰੇ ਵੱਲ ਹੋ ਗਿਆ।

"ਨਹੀਂ ਜੀ ਮੈਂ ਤਾਂ ਇੱਥੀ ਰਹਿਣੈ।"

"ਕਿਉਂ?"

"ਮੇਰਾ ਸਾਰਾ ਟੱਬਰ ਮਾਰਿਆ ਗਿਆ ਜੀ। ਆਹ ਮੇਰੀ ਇੱਕ ਭਰਜਾਈ ਬਚੀ ਐ ਵੱਢੀ-ਟੁੱਕੀ।" ਮੈਂ ਵੀਰਾਂ ਵੱਲ ਇਸ਼ਾਰਾ ਕੀਤਾ, "ਓਸ ਬਗਾਨੇ ਮੁਲਕ 'ਚ ਸਾਡਾ ਕੋਈ ਨੀ ਜੀ। ਨਾ ਕੋਈ ਜਾਣ, ਨਾ ਪਛਾਣ। ਅਸੀਂ ਤਾਂ ਇੱਥੀ ਰਹਿਣੈ ਜੀ।" ਮੈਂ ਛੱਜੂ ਦੀ ਘਰ ਸਮਝਾਈ ਗੱਲ 'ਤੇ ਦ੍ਰਿੜ੍ਹ ਰਿਹਾ।

"ਚੰਗਾ ਫੇਰ ਐਂ ਕਰ, ਮੇਰੀ ਘੋੜੀ 'ਤੇ ਰਹਿਜਾ। ਇਹਨੂੰ ਪਾ ਦਿਆ ਕਰ ਕੱਖ-ਕੰਡਾ।" ਥਾਣੇਦਾਰ ਸਾਡੇ ਮਾੜੇ ਵਕਤ ਤੋਂ ਫ਼ਾਇਦਾ ਉਠਾਉਣ ਲਈ ਕਾਹਲਾ ਪੈ ਰਿਹਾ ਸੀ।

"ਨਹੀਂ ਮੋਤੀਆਂ ਆਲਿਓ! ਸਾਡੀ ਤਾਂ ਇਹਨਾਂ ਨੇ ਜਾਨ ਬਚਾਈ ਐ। ਜੇ ਸਾਰੀ



ਉਮਰ ਵੀ ਇਹਨਾਂ ਦੀ ਖ਼ਿਦਮਤ ਕਰਦੇ ਰਹੀਏ ਤਾਂ ਵੀ ਦੇਣ ਨੀ ਦੇ ਹੋਣਾ।" ਛੱਜੂ ਦਾ ਸਾਡੇ ਉੱਤੇ ਕੀਤਾ ਵੱਡਾ ਅਹਿਸਾਨ ਮੈਂ ਥਾਣੇਦਾਰ ਅੱਗੇ ਖੋਲ੍ਹ ਦਿੱਤਾ।

ਥਾਣੇਦਾਰ ਕਿੰਨੀ ਦੇਰ ਤੱਕ ਸਾਡੇ ਨਾਲ ਬਹਿਸਦਾ ਰਿਹਾ। ਅਖ਼ੀਰ 'ਤੇ ਉਸਨੇ ਛੱਜੂ ਨੂੰ ਦਬਕਾ ਮਾਰਿਆ, "ਦੇਖ ਭਾਈ, ਹਾਲਾਤ ਬਹੁਤ ਮਾੜੇ ਨੇ। ਕੋਈ ਇਹਨਾਂ ਨੂੰ ਮਾਰਨ ਆਇਆ, ਨਾਲ ਥੋਨੂੰ ਮਾਰ ਜੂ। ਕਿਉਂ ਆਪਣੀ ਜਾਨ ਨੂੰ ਰੱਸੇ ਵੱਟਦੇ ਓਂ। ਤੂੰ ਛੇਤੀ ਇਹਨਾਂ ਨੂੰ ਕਿਸੇ ਥਾਂ ਟਿਕਾਣੇ ਲਾ ਦੇ। ਜੇ ਇਥੇ ਕੋਈ ਗੜਬੜ ਹੋ ਗਈ ਤਾਂ ਅਸੀਂ ਤਾਂ ਤੈਨੂੰ ਖਿੱਚ ਲੈਣੈ। ਦੇਖ ਲੈ ਫੇਰ!"

ਅਸੀਂ ਥਾਣੇਦਾਰ ਦੀ ਸਿੱਖਿਆ ਸੁਣ ਕੇ ਵਾਪਸ ਆ ਗਏ। ਗੱਲ ਥਾਣੇਦਾਰ ਦੀ ਵੀ ਮੇਰੇ ਮਨ ਲੱਗ ਗਈ ਸੀ। ਅਸੀਂ ਤਾਂ ਹੁਣ ਮਰੇ ਪਏ ਹੀ ਹਾਂ ਕਿਤੇ ਸਾਡੇ ਨਾਲ ਛੱਜੂ ਵੀ ਨਾ ਵਿਚਾਰਾ ਰਗੜਿਆ ਜਾਵੇ। ਹੁਣ ਤਾਂ ਅੱਧੇ ਰੇਣੂਕੇ ਨੂੰ ਪਤਾ ਲੱਗ ਚੁਕਿਆ ਸੀ ਕਿ ਛੱਜੂ ਦੇ ਘਰ ਅਸੀਂ ਚਾਰ ਮੁਸਲਮਾਨ ਹਾਂ। ਕੀ ਪਤਾ ਸੀ ਕਦੋਂ ਦਸ ਲਗਾੜੇ ਆ ਕੇ ਸਭ ਕੁਝ ਤਹਿਸ-ਨਹਿਸ ਕਰ ਦੇਣ। ਉਸ ਦਿਨ ਅੱਧੀ ਰਾਤ ਤੱਕ ਅਸੀਂ ਸਾਰੇ ਬੈਠੇ ਸਲਾਹਾਂ ਬਣਾਉਂਦੇ ਰਹੇ ਸਾਂ। ਨਿੱਕੇ ਬੱਚੇ ਸ਼ਮਸ਼ਾਦ ਅਤੇ ਉਸਦੀ ਮਾਂ ਫ਼ਾਤਮਾ ਨੂੰ ਤਾਂ ਛੱਜੂ ਅਤੇ ਉਸਦੇ ਘਰ ਵਾਲੀ ਨੇ ਆਪਣੇ ਘਰ ਹੀ ਰੱਖਣ ਦਾ ਮਨ ਬਣਾ ਲਿਆ ਸੀ। ਸ਼ਮਸ਼ਾਦ ਨੂੰ ਤਾਂ ਉਹਨਾਂ ਨੇ ਆਪਣੀ ਗੋਦ ਪਾਉਣਾ ਹੀ ਸੀ ਨਾਲ ਹੀ ਉਸਦੀ ਮਾਂ ਨੂੰ ਵੀ ਛੱਜੂ ਦੇ ਲੜ ਲਾਉਣ ਦੀ ਸਲਾਹ ਹੋ ਗਈ। ਸਾਡੇ ਲਈ ਛੱਜੂ ਨੇ ਆਪਣੇ ਨਾਨਕੇ ਹਮੇਲਪੁਰ ਰਹਿੰਦੇ ਆਪਣੇ ਮਿੱਤਰ ਭਾਨੇ ਨਾਲ ਗੱਲ ਕਰਨੀ ਸੀ। ਇਹ ਰਾਹ ਕੱਢ ਕੇ ਅਸੀਂ ਉਸ ਦਿਨ ਅੱਧੀ ਰਾਤ ਤੋਂ ਬਾਅਦ ਸੁੱਤੇ।

ਸਵੇਰੇ ਸਾਝਰੇ ਹੀ ਛੱਜੂ ਨੇ ਕੋਈ ਬੰਦਾ ਸਾਇਕਲ ਦੇ ਕੇ ਹਮੇਲਪੁਰ ਨੂੰ ਭੇਜ ਦਿੱਤਾ। ਉਹ ਬੰਦਾ ਕੁਝ ਹੀ ਘੰਟਿਆਂ ਵਿੱਚ ਵਾਪਸ ਆ ਗਿਆ। ਅੱਗੋਂ ਹਰੀ ਝੰਡੀ ਮਿਲ ਗਈ ਸੀ। ਉਸਨੇ ਸਾਨੂੰ ਸਾਰੀ ਗੱਲ ਸਮਝਾ ਦਿੱਤੀ ਕਿ ਕਿਵੇਂ ਕਿਵੇਂ ਜਾਣਾ ਹੈ। ਇੱਥੋਂ ਚੱਲਣ ਦਾ ਅੱਧੀ ਰਾਤ ਤੋਂ ਬਾਅਦ ਦਾ ਸਮਾਂ ਮਿੱਥਿਆ ਗਿਆ। ਅਸੀਂ ਸਾਰਿਆਂ ਨੇ ਉਸ ਦਿਨ ਰੱਜ ਕੇ ਗੱਲਾਂ ਕੀਤੀਆਂ। ਨਾਲ ਲੈ ਕੇ ਜਾਣ ਵਾਲਾ ਜ਼ਰੂਰਤ-ਮੰਦ ਸਮਾਨ ਇੱਕ ਗਠੜੀ ਵਿੱਚ ਬੰਨ੍ਹ ਲਿਆ। ਵੀਰਾਂ ਨੇ ਚੱਲਣ ਤੋਂ ਪਹਿਲਾਂ ਛੱਜੂ ਦੀ ਘਰਵਾਲੀ ਅਤੇ ਫ਼ਾਤਮਾ ਨੂੰ ਘੁੱਟ ਘੁੱਟ ਕੇ ਜੱਫੀਆਂ ਪਾਈਆਂ। ਸ਼ਮਸ਼ਾਦ ਦਾ ਵਾਰ ਵਾਰ ਮੂੰਹ ਚੁੰਮਿਆ। ਹੁਣ ਸਾਨੂੰ ਅੱਗੇ ਦਾ ਕੋਈ ਚਾਨਣ ਨਹੀਂ ਸੀ। ਸਾਰੀ ਗੱਲ ਹਾਲਾਤਾਂ 'ਤੇ ਖੜ੍ਹੀ ਸੀ। ਸਾਡੀ ਇਹ ਮਿਲਣੀ ਅਖ਼ੀਰੀ ਮਿਲਣੀ ਵੀ ਹੋ ਸਕਦੀ ਸੀ। ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਇਸ ਨਫ਼ਰਤੀ ਹਨੇਰੀ ਵਿੱਚ ਅਸੀਂ ਤੀਲਿਆਂ ਵਾਂਗ ਬਿਖਰ ਜਾਵਾਂਗੇ ਜਾਂ ਇਸ ਤੋਂ ਬਚ ਕੇ ਨਿਕਲ ਜਾਵਾਂਗੇ।

ਜਦੋਂ ਚਾਰੇ ਪਾਸੇ ਰਾਤ ਟਿਕ ਗਈ ਤਾਂ ਅਸੀਂ ਜਾਨ ਦਾ ਜੂਆ ਖੇਡਣ ਲਈ ਅੱਧੀ ਰਾਤ ਤੋਂ ਬਾਅਦ ਘਰੋਂ ਨਿਕਲ ਤੁਰੇ। ਮੈਂ, ਵੀਰਾਂ, ਛੱਜੂ ਤੇ ਇੱਕ ਛੱਜੂ ਦਾ ਮਿੱਤਰ। ਛੱਜੂ ਨੇ ਘਰੋਂ ਸਾਇਕਲ ਲੈ ਲਿਆ ਸੀ ਤਾਂ ਕਿ ਮੁੜਦੇ ਹੋਏ ਜਲਦੀ ਮੁੜ ਸਕੀਏ। ਜਿਉਂ ਜਿਉਂ ਅਸੀਂ ਰੇਣੂਕਿਆਂ ਤੋਂ ਦੂਰ ਹੋ ਰਹੇ ਸਾਂ ਤਿਉਂ ਤਿਉਂ ਡਰ ਸਾਡੇ ਅੰਦਰ ਲਹਿੰਦਾ ਜਾ ਰਿਹਾ ਸੀ। ਚਾਰੇ ਪਾਸੇ ਡਰਾਉਣਾ ਘੁੱਪ ਹਨੇਰਾ ਸਾਨੂੰ ਹੋਰ ਵੀ ਦਹਿਲਾ ਰਿਹਾ ਸੀ। ਅਸੀਂ ਏਨਾ ਡਰੇ ਹੋਏ ਤੇ ਚੌਕੰਨੇ ਸਾਂ ਕਿ ਜੇ ਹਵਾ ਨਾਲ ਕਿਸੇ ਦਰੱਖਤ ਦੇ ਪੱਤੇ ਵੀ ਖੜਕਾ ਕਰਦੇ ਤਾਂ ਸਾਡਾ ਸਾਰਿਆਂ ਦਾ ਧਿਆਨ ਝੱਟ ਉੱਧਰ ਚਲਾ ਜਾਂਦਾ। ਇੱਕ ਪਲ ਸਾਡੀਆਂ ਡਰੀਆਂ ਅੱਖਾਂ ਹਨੇਰੇ ਦੀ

ਚਾਦਰ ਪਾੜ ਪਾੜ ਵੇਖਣ ਦੀ ਕੋਸ਼ਿਸ਼ ਕਰਦੀਆਂ ਤੇ ਫਿਰ ਤਸੱਲੀ ਕਰ ਕੇ ਅਸੀਂ ਅੱਗੇ ਤੁਰ ਪੈਂਦੇ।

ਸਾਨ੍ਹੇਵਾਲ ਤੱਕ ਸੜਕੇ-ਸੜਕ ਤੁਰਦੇ ਗਏ। ਸਾਨ੍ਹੇਵਾਲ ਤੋਂ ਅੱਗੇ ਲੰਘ ਕੇ ਅਸੀਂ ਰੁਕ ਗਏ। ਹਨੇਰੇ 'ਚ ਦੱਸੀਆਂ ਨਿਸ਼ਾਨੀਆਂ ਦੀ ਪੜਤਾਲ ਕੀਤੀ। ਸਾਹਮਣੇ ਦੋ-ਤਿੰਨ ਕਿੱਲਿਆਂ ਦੀ ਵਾਹੀ 'ਤੇ ਵੱਡੀ ਨਹਿਰ ਸੀ। ਨਹਿਰ 'ਤੇ ਖੜ੍ਹੇ ਉੱਚੇ ਉੱਚੇ ਦਰਖਤ ਹਨੇਰੇ ਨਾਲ ਭਰੇ ਹੋਏ ਕਿਸੇ ਪਹਾੜ ਵਾਂਗ ਜਾਪ ਰਹੇ ਸਨ। ਝਾਲ ਤੋਂ ਡਿੱਗਦੇ ਪਾਣੀ ਦਾ ਖੜਾਕ ਟਿਕੀ ਰਾਤ ਵਿੱਚ ਸਾਨੂੰ ਸਾਫ਼ ਸੁਣਾਈ ਦੇ ਰਿਹਾ ਸੀ। ਇੱਥੋਂ ਹੀ ਖੱਬੇ ਪਾਸੇ ਇੱਕ ਕੱਚੀ ਸੜਕ ਮੁੜਦੀ ਸੀ ਜਿਸ 'ਤੇ ਅਸੀਂ ਅੱਗੇ ਜਾਣਾ ਸੀ। ਸਾਨੂੰ ਇਹ ਸੜਕ ਪਾ ਕੇ ਛੱਜੂ ਹੋਰਾਂ ਨੇ ਵਾਪਸ ਮੁੜ ਜਾਣਾ ਸੀ। ਉੱਥੇ ਖੜ੍ਹ ਕੇ ਅਸੀਂ ਇੱਕ-ਦੂਜੇ ਨੂੰ ਹੌਂਸਲਾ ਦਿੱਤਾ ਤੇ ਫਿਰ ਅਲਵਿਦਾ ਕਹਿ ਦਿੱਤੀ। ਛੱਜੂ ਹੋਰੀਂ ਵਾਪਸ ਮੁੜ ਗਏ। ਅਸੀਂ ਗਠੜੀ ਸਿਰ 'ਤੇ ਚੁੱਕੀਂ ਕੱਚੀ ਸੜਕ ਪੈ ਗਏ। ਸਾਡਾ ਡਰ ਹੁਣ ਹੋਰ ਵੀ ਦੁੱਗਣਾ ਹੋ ਗਿਆ ਸੀ। ਜੇ ਹੁਣ ਕੋਈ ਵਿਰੋਧੀ ਟੱਕਰ ਜਾਵੇ ਤਾਂ ਸਾਡੀ ਮੌਤ ਪੱਕੀ ਸੀ। ਅਸੀਂ ਦੱਸੀ ਹੋਈ ਕੋਠੜੀ ਆਲੇ-ਦੁਆਲੇ ਲੱਭਦੇ ਅੱਗੇ ਅੱਗੇ ਤੁਰੇ ਗਏ। ਛੱਜੂ ਦੇ ਦੋਸਤ ਨੇ ਸਾਨੂੰ ਇਸੇ ਸੜਕ ਤੋਂ ਇੱਕ ਕਿੱਲਾ ਕੁ ਹਟਵੀਂ ਇੱਕ ਕੋਠੜੀ ਦੱਸੀ ਸੀ। ਉਸ ਨੇ ਦੱਸਿਆ ਸੀ ਕਿ ਉਸ ਕੋਠੜੀ ਦੇ ਪੀਪਿਆਂ ਦੀ ਚਾਦਰ ਦਾ ਬਾਰ ਲੱਗਿਆ ਹੋਵੇਗਾ ਜਿਸਦਾ ਕੁੰਡਾ ਖੋਲ੍ਹ ਕੇ ਅਸੀਂ ਅੰਦਰ ਬੈਠ ਜਾਣਾ ਸੀ ਤੇ ਫਿਰ ਦਿਨ ਚੜ੍ਹੇ ਆ ਕੇ ਉਸਨੇ ਸਾਨੂੰ ਇੱਥੋਂ ਲੈ ਜਾਣਾ ਸੀ।

ਸਾਨੂੰ ਖੱਬੇ ਹੱਥ ਇੱਕ ਕੋਠੜੀ ਦਿਸੀ। ਅਸੀਂ ਵੱਟੇ ਵੱਟ ਉਸ ਕੋਠੜੀ ਕੋਲ ਜਾ ਰੁਕੇ। ਨਿਸ਼ਾਨੀ ਠੀਕ ਸੀ। ਪੀਪਿਆਂ ਦੀ ਚਾਦਰ ਦਾ ਬਾਰ ਸੀ। ਅਸੀਂ ਬਾਰ ਖੋਲ੍ਹ ਕੇ ਅੰਦਰ ਬੈਠ ਗਏ। ਦਿਨ ਚੜ੍ਹਨ ਤੱਕ ਬੈਠੇ ਰਹੇ। ਕਾਲੀ ਰਾਤ 'ਚ ਬੀਂਡਿਆਂ ਦੀ 'ਟਰੀਂ ਟਰੀਂ' ਤੋਂ ਬਿਨਾਂ ਕੋਈ ਵੀ ਅਵਾਜ਼ ਸਾਡੇ ਕੰਨੀਂ ਨਾ ਪਈ। ਦਿਨ ਚੜ੍ਹਨ ਤੱਕ ਅਸੀਂ ਬਾਹਰ ਨਿਕਲ ਕੇ ਵੀ ਨਾ ਵੇਖਿਆ ਜਿੰਨੀ ਦੇਰ ਸਾਨੂੰ ਭਾਨੇ ਨੇ ਆ ਕੇ ਅਵਾਜ਼ ਨਾ ਮਾਰੀ।

"ਬਾਈ ਮੈਂ ਭਾਨਾ। ਬਾਰ ਖੋਲ੍ਹੀਂ।" ਮੈਂ ਭਾਨੇ ਦਾ ਨਾਂ ਸੁਣ ਕੇ ਬਾਰ ਖੋਲ੍ਹ ਦਿੱਤਾ।

"ਠੀਕ ਪਹੁੰਚਗੇ ਬਾਈ?" ਉਸਨੇ ਕੁੰਡਾ ਖੁੱਲ੍ਹਣ ਸਾਰ ਮੈਨੂੰ ਪਹਿਲਾ ਸਵਾਲ ਪੁੱਛਿਆ।

"ਹਾਂ।" ਮੈਂ ਵੇਖਿਆ, ਭਾਨਾ ਪੈਂਤੀ ਕੁ ਸਾਲਾਂ ਦਾ ਚੰਗੇ ਕੱਦ-ਕਾਠ ਦਾ ਨੌਜਵਾਨ ਸੀ।

"ਚਲੋ ਫੇਰ।" ਅਸੀਂ ਭਾਨੇ ਨਾਲ ਤੁਰ ਪਏ। ਤੁਰੇ ਜਾਂਦਿਆਂ ਭਾਨੇ ਨੇ ਗੱਲ ਤੋਰ ਲਈ, "ਇਹ ਸਾਡਾ ਖੇਤ ਐ। ਇੱਕ ਖੇਤ ਸਾਡਾ ਉਹ ਐ ਜਿੱਥੇ ਹੁਣ ਆਪਾਂ ਜਾਣੈਂ। ਉੱਥੇ ਆਪਣਾ ਮਾਲ-ਪਸ਼ੂ ਰੱਖਿਆ ਹੋਇਐ। ਵਾਧੂ ਬੰਦਾ ਉੱਥੇ ਕੋਈ ਆਉਂਦਾ ਨੀ। ਦਿਨੇ ਬੱਸ ਆਪਣੀਆਂ ਬੁੜ੍ਹੀਆਂ ਆਉਂਦੀਆਂ ਨੇ ਕੰਮ-ਧੰਦਾ ਕਰਨ। ਰਾਤ ਨੂੰ ਉੱਥੇ ਬਾਪੂ ਰਹਿੰਦੈ ਜਾਂ ਸਾਡੇ ਦੋਏ ਭਾਈਆਂ 'ਚੋਂ ਕੋਈ ਰਹਿ ਪੈਂਦੈ। ਬਾਹਰਲੇ ਘਰ ਜਿਹੜਾ ਮਰਜ਼ੀ ਆਵੇ ਤੁਸੀਂ ਕਿਸੇ ਨੂੰ ਨੀ ਦੱਸਣਾ ਵੀ ਤੁਸੀਂ ਮੁਸਲਮਾਨ ਓਂ। ਘਰੇਂ ਬੁੜ੍ਹੀਆਂ ਨੂੰ ਵੀ ਅਸੀਂ ਇਹੀ ਦੱਸਾਂਗੇ ਵੀ ਤੁਸੀਂ ਉਧਰੋਂ ਆਏ ਰਿਫ਼ਿਊਜੀ ਓਂ। ਬੁੜ੍ਹੀਆਂ ਦੀ ਮੱਤ ਦਾ ਤੈਨੂੰ ਪਤਾ ਈ ਐ ਗੱਲ ਘੱਟ ਈ ਪਚਾਉਂਦੀਆਂ ਨੇ। ਜੇ ਕੋਈ ਪੁੱਛੇ, ਤੁਸੀਂ ਵੀ ਇਹੀ ਦੱਸਣੈ।"

"ਠੀਕ ਐ ਬਾਈ।"

ਉਹ ਮੈਨੂੰ ਸਾਰੇ ਰਸਤੇ ਸਮਝਾਉਂਦਾ ਆਇਆ। ਹੁਣ ਸਾਹਮਣੇ ਪਿੰਡ ਸਾਫ਼ ਦਿਸਦਾ



ਸੀ। ਅਸੀਂ ਪਿੰਡ ਵੜਨ ਤੋਂ ਪਹਿਲਾਂ ਹੀ ਖੱਬੇ ਹੱਥ ਇੱਕ ਪਹੀ ਮੁੜ ਗਏ। ਪੰਜ-ਛੇ ਕਿੱਲਿਆਂ ਦੀ ਵਾਹੀ 'ਤੇ ਭਾਨੇ ਕਾ ਖੇਤ ਵਾਲਾ ਘਰ ਆ ਗਿਆ। ਬਾਹਰਲੇ ਗੇਟ 'ਤੇ ਡੰਡੇ ਤੇ ਫੱਟੀਆਂ ਜੋੜ ਕੇ ਬਣਾਇਆ ਫਿੜਕਾ ਖੋਲ੍ਹ ਕੇ ਅਸੀਂ ਅੰਦਰ ਲੰਘ ਗਏ। ਵਿਹੜੇ ਵਿੱਚ ਦੋ ਬਲਦਾਂ ਦੀਆਂ ਜੋੜੀਆਂ ਅਤੇ ਕਈ ਮੱਝਾਂ ਨਿੰਮ੍ਹ ਦੀ ਛਾਵੇਂ ਬੈਠੀਆਂ ਜੁਗਾਲੀ ਕਰ ਰਹੀਆਂ ਸਨ। ਸੱਜੇ ਹੱਥ ਲੰਬਾ ਬਰਾਂਡਾ ਸੀ। ਬਰਾਂਡੇ ਤੋਂ ਅੱਗੇ ਤੂੜੀ ਵਾਲੀ ਸਬਾਤ। ਸਬਾਤ ਦੇ ਨਾਲ ਲੱਗਵਾਂ ਖੂੰਜੇ ਵਿੱਚ ਇੱਕ ਛੋਟਾ ਜਿਹਾ ਬਰਾਂਡਾ ਹੋਰ ਸੀ ਜਿਸ ਦਾ ਇੱਕ ਬਾਰ ਪਿੱਛੇ ਖੇਤਾਂ ਵਿੱਚ ਖੁੱਲ੍ਹਦਾ ਸੀ। ਇਸ ਬਰਾਂਡੇ ਵਿੱਚ ਕੋਈ ਬਜ਼ੁਰਗ ਮੰਜੇ 'ਤੇ ਪਿਆ ਸੀ। ਬਰਾਂਡੇ ਦੇ ਨਾਲ ਲੱਗਵੀਂ, ਬਿਲਕੁਲ ਸਾਹਮਣੇ ਇੱਕ ਸਬਾਤ ਹੋਰ ਸੀ ਜਿਸਨੂੰ ਇਹ ਮੱਝਾਂ ਲਈ ਦਾਣੇ, ਖੇਤੀ-ਬਾੜੀ ਦੇ ਸਮਾਨ ਅਤੇ ਆਪਣੇ ਪੈਣ ਲਈ ਵਰਤਦੇ ਸਨ। ਭਾਨਾ ਸਾਨੂੰ ਸਭ ਤੋਂ ਪਹਿਲਾਂ ਇਸ ਸਬਾਤ ਵਿੱਚ ਲੈ ਗਿਆ। ਸਾਨੂੰ ਮੰਜੇ ਉੱਤੇ ਬਿਠਾ ਕੇ ਉਹ ਆਪਣੇ ਬਾਪੂ ਨੂੰ ਬੁਲਾ ਲਿਆਇਆ।

"ਲਓ ਪੁੱਤਰੋ, ਹੁਣ ਤੁਸੀਂ 'ਰਾਮ ਨਾਲ ਇੱਥੇ ਰਹੋ। ਇੱਥੇ ਥੋਨੂੰ ਕੋਈ ਡਰ-ਡੁੱਕਰ ਨੀ। ਜਿਹੋ ਜੀ ਮੇਰੀ ਧੀ, ਓਹੋ ਜੀ ਮੈਨੂੰ ਇਹ ਕੁੜੀ।" ਬਜ਼ੁਰਗ ਨੇ ਆਉਣ ਸਾਰ ਸਾਡੇ ਸਿਰਾਂ ਉੱਤੇ ਹੱਥ ਫੇਰ ਕੇ ਪਿਆਰ ਦਿੱਤਾ। "ਤੁਸੀਂ ਕਿਸੇ ਨੂੰ ਨੀ ਕਹਿਣਾ ਵੀ ਤੁਸੀਂ ਮੁਸਲਮਾਨ ਓਂ...।" ਬਜ਼ੁਰਗ ਸਾਨੂੰ ਭਾਨੇ ਵਾਲੀ ਗੱਲ ਫਿਰ ਸਮਝਾਉਣ ਲੱਗ ਪਿਆ। "...ਲਓ ਪੁੱਤਰੋ, ਹੁਣ ਤੁਸੀਂ ਪੈ ਕੇ 'ਰਾਮ ਕਰੋ।" ਸਾਨੂੰ ਸਮਝਾ ਕੇ ਉਸਨੇ ਭਾਨੇ ਨੂੰ ਪਿੰਡੋਂ ਰੋਟੀ ਲੈ ਕੇ ਆਉਣ ਲਈ ਤੋਰ ਦਿੱਤਾ ਤੇ ਆਪ ਖੇਤਾਂ ਵੱਲ ਗੇੜਾ ਮਾਰਨ ਤੁਰ ਗਿਆ।

• • •

ਇੱਕ ਮਹੀਨੇ ਤੱਕ ਅਸੀਂ ਕਿਸੇ ਕੋਲ ਵੀ ਭਾਫ਼ ਨਾ ਕੱਢੀ। ਭਾਨੇ ਦੇ ਭਰਾ ਕੇਸਰ ਅਤੇ ਉਸਦੇ ਪਿਤਾ ਹਜ਼ੂਰੇ ਤੋਂ ਬਿਨਾਂ ਸਾਡੇ ਮੁਸਲਮਾਨ ਹੋਣ ਦਾ ਅਸੀਂ ਕਿਸੇ ਨੂੰ ਨਾ ਦੱਸਿਆ। ਫੇਰ ਪਤਾ ਨਹੀਂ ਕਿਹੜੀ ਹਵਾ ਸਾਡਾ ਮੂੰਹ ਸੁੰਘ ਕੇ ਥਾਣੇ ਤੱਕ ਲੈ ਗਈ। ਸਵੇਰੇ ਸਵੇਰੇ ਦੋ ਸਿਪਾਹੀ ਸਾਨੂੰ ਥਾਣੇ ਲੈ ਜਾਣ ਲਈ ਬਾਰ 'ਚ ਆ ਖੜ੍ਹੇ।

"ਜਿਹੜੇ ਤੁਸੀਂ ਘਰੇਂ ਬੰਦਾ, ਬੁੜ੍ਹੀ ਰੱਖੇ ਨੇ, ਇਹਨਾਂ ਨੂੰ ਥਾਣੇਦਾਰ ਨੇ ਥਾਣੇ ਬੁਲਾਇਐ।" ਇੱਕ ਸਿਪਾਹੀ ਨੇ ਆਉਣ ਦਾ ਮਕਸਦ ਦੱਸ ਦਿੱਤਾ।

"ਕਿਉਂ, ਇਹਨਾਂ ਤੋਂ ਕੀ ਕਰਾਉਣੈ?" ਹਜ਼ੂਰੇ ਨੇ ਰੋਹਬ ਨਾਲ ਪੁੱਛਿਆ।

"ਐਂ ਤਾਂ ਪਤਾ ਨੀ।" ਸਿਪਾਹੀ ਜਾਣਦੇ ਹੋਏ ਵੀ ਅਣਜਾਣ ਬਣ ਗਏ।

"ਤੁਸੀਂ ਚੱਲੋ, ਮੈਂ ਆਪ ਆਉਨਾ ਥਾਣੇ।" ਹਜ਼ੂਰੇ ਨੇ ਸਿਪਾਹੀਆਂ ਨੂੰ ਵਾਪਸ ਮੋੜ ਦਿੱਤਾ।

"ਪੁੱਤ, ਤੂੰ ਬਾਰ ਬੰਦ ਕਰ ਕੇ ਬੈਠ ਜਾਹ। ਜਿਹੜਾ ਮਰਜ਼ੀ ਹਾਕਾਂ ਮਾਰੀ ਜਾਵੇ, ਬਾਰ ਨੀ ਖੋਲ੍ਹਣਾ। ਥਾਣੇ ਆਲਿਆਂ ਦਾ ਤਾਂ ਮੈਂ ਲੈਨਾਂ ਬਾਰਾ-ਸਾਰਾ।" ਹਜ਼ੂਰਾ ਸਾਨੂੰ ਹਦਾਇਤ ਕਰ ਕੇ ਤੁਰ ਗਿਆ।

ਆਥਣੇ ਜਦੋਂ ਭਾਨਾ ਆਇਆ ਤਾਂ ਅਸੀਂ ਉਸਨੂੰ ਸਾਰੀ ਹੋਈ-ਬੀਤੀ ਦੱਸ ਦਿੱਤੀ। ਭਾਨਾ ਰੋਟੀ ਰੱਖ ਕੇ ਉਹਨੀਂ ਪੈਰੀਂ ਹੀ ਵਾਪਸ ਮੁੜ ਗਿਆ। ਜਿੰਨੀ ਦੇਰ ਉਹ ਵਾਪਸ ਮੁੜ ਕੇ ਨਾ ਆਏ ਮੇਰਾ ਮਨ ਥਾਲ 'ਚ ਪਾਏ ਪਾਣੀ ਵਾਂਗ ਛਲਕਦਾ ਰਿਹਾ ਕਿ ਕਿਤੇ ਕੋਈ ਹੋਰ ਵਖ਼ਤ ਨਾ ਪੈ ਜਾਵੇ। ਮੂੰਹ ਹਨੇਰੇ ਭਾਨਾ ਤੇ ਹਜ਼ੂਰਾ ਦੋਵੇਂ ਵਾਪਸ ਆ ਗਏ। ਭਾਨੇ ਦੇ ਥਾਣੇ ਜਾਣ ਤੋਂ

ਪਹਿਲਾਂ ਹੀ ਹਜ਼ੂਰਾ ਰਸਤੇ ’ਚ ਵਾਪਸ ਆ ਰਿਹਾ ਸੀ। ਉਹ ਥਾਣੇ ’ਚ ਪਤਾ ਨਹੀਂ ਕਿਹੜੀ ਕਰਾਮਾਤੀ ਭਵੂਤੀ ਧੂੜ ਕੇ ਆਇਆ ਸੀ। ਉਸਨੇ ਆਉਣ ਸਾਰ ਹੀ ਮੇਰੇ ਮੋਢੇ ’ਤੇ ਹੌਸਲੇ ਭਰਿਆ ਹੱਥ ਰੱਖ ਕੇ ਕਿਹਾ, “ਲੈ ਪੁੱਤਰਾ! ਅੱਜ ਤੋਂ ਕੋਈ ਤੇਰੀ ਹਵਾ ਵੱਲ ਵੀ ਨੀ ਝਾਕੂ। ਮੌਜਾਂ ਕਰ।”

ਉਸ ਤੋਂ ਪਿੱਛੋਂ ਸਾਡੀ ਕਿਸੇ ਨੇ ਟੋਕ-ਟਕਾਈ ਨਾ ਕੀਤੀ। ਅਸੀਂ ਰੋਟੀ ਖਾਂਦੇ, ਕੰਮ ਕਰਦੇ ਰਹੇ। ਵੀਰਾਂ ਬਾਗਲ ’ਚ ਮੱਝਾਂ ਦਾ ਕਰਦੀ ਤੇ ਮੈਂ ਖੇਤੀ-ਬੰਨੇ ਦਾ। ਹੁਣ ਵੀਰਾਂ ਦੇ ਨਿੱਕਾ-ਨਿਆਣਾ ਹੋਣ ਦੇ ਦਿਨ ਨੇੜੇ ਲੱਗ ਗਏ ਸਨ। ਅਸੀਂ ਆਪਣੇ ਹੋਣ ਵਾਲੇ ਬੱਚੇ ਦੇ ਸੁਪਨੇ ਦੇਖਦੇ। ਆਪਣੇ ਤੇ ਆਪਣੇ ਬੱਚੇ ਦੇ ਭਵਿੱਖ ਬਾਰੇ ਸੋਚਾਂ ਸੋਚਦੇ, ਸਲਾਹਾਂ ਕਰਦੇ। ਸਾਡੀਆਂ ਇਹਨਾਂ ਸਲਾਹਾਂ ਨੇ ਅਜੇ ਕੋਈ ਸਿਰਾ ਨਹੀਂ ਫੜਿਆ ਸੀ ਕਿ ਮੇਰਾ ਭਣੋਈਆ ਸਾਡੇ ਬਾਰੇ ਪੈੜ ਕੱਢਦਾ ਪਹਿਲਾਂ ਰੇਣੂਕੇ ਤੇ ਫਿਰ ਰੇਣੂਕੇ ਤੋਂ ਹਮੇਲਪੁਰ ਆ ਗਿਆ।

ਉਸ ਦਿਨ ਮੈਂ ਹਲ ਜੋੜਿਆ ਹੋਇਆ ਸੀ। ਦੂਰੋਂ ਇੱਕ ਬੰਦਾ ਮੇਰੇ ਵੱਲ ਤੁਰਿਆ ਆਉਂਦਾ ਦਿਸਿਆ। ਮੈਂ ਹਲ ਨਹੀਂ ਰੋਕਿਆ ਪਰ ਮੇਰੀ ਨਿਗ੍ਹਾ, ਮੇਰੇ ਵੱਲ ਸਿੱਧੇ ਤੁਰੇ ਆ ਰਹੇ ਉਸ ਆਦਮੀ ਵੱਲ ਹੀ ਸੀ। ਉਹ ਹੱਥ ’ਚ ਕਿਰਪਾਨ ਤੇ ਗਲ ’ਚ ਪਰਨਾ ਪਾਈਂ ਦੂਰੋਂ ਵੇਖਿਆਂ ਕੋਈ ਸਿੱਖ ਲੱਗਦਾ ਸੀ। ਜਦੋਂ ਉਹ ਮੈਥੋਂ ਕੁਝ ਹੀ ਕਰਮਾਂ ਦੀ ਦੂਰੀ ’ਤੇ ਰਹਿ ਗਿਆ, ਮੈਂ ਪੁਚਕਾਰ ਕੇ ਬਲਦ ਰੋਕ ਲਏ। ਬਲਦ ਖੜ੍ਹੇ ਹੋ ਕੇ ਪਿਸ਼ਾਬ ਕਰਨ ਲੱਗ ਪਏ। ਉਸਦੇ ਬਿਲਕੁਲ ਮੇਰੇ ਨੇੜੇ ਆਉਣ ’ਤੇ ਮੈਂ ਉਹ ਪਹਿਚਾਣ ਲਿਆ।

“ਤੂੰ ਤਾਂ ਸਿਆਣ ’ਚ ਈ ਨੀ ਆਇਆ ਕਰਮਦੀਨਾ!” ਮੈਂ ਉਸਦੇ ਬਦਲੇ ਭੇਸ ਵੱਲ ਸਿਰ ਤੋਂ ਲੈ ਕੇ ਪੈਰਾਂ ਤੱਕ ਵਾਰ ਵਾਰ ਵੇਖ ਰਿਹਾ ਸੀ।

“ਹੋਰ ਤਕੜੈਂ?”

“ਬੱਸ ਤਕੜਿਆਂ ਜਿਹੜੇ ਜਿਉਂਦੇ ਫਿਰਦੇ ਆਂ।” ਪਰਿਵਾਰ ਦੀ ਯਾਦ ਨਾਲ ਮੇਰੇ ਮੂੰਹ ’ਤੇ ਉਦਾਸੀ ਛਾ ਗਈ।

“ਪਰਿਵਾਰ ਦਾ ਕੋਈ ਹੋਰ ਜੀਅ...?”

“ਹੋਰਾਂ ਬਾਰੇ ਤਾਂ ਅੱਲ੍ਹਾ ਜਾਣਦੈ। ਅਸੀਂ ਤਾਂ ਇਥੇ ਦੋਏ ਆਂ, ਮੈਂ ਤੇ ਗੌਰੇ ਸ਼ਾਹ ਦੀ ਘਰਵਾਲੀ ਵੀਰਾਂ। ਤੂੰ ਕਿਮੇਂ ਕੱਲਾ ਫਿਰਦੈਂ? ਭੈਣਾਂ ਹੋਨੀਆਂ?”

“ਉਹ ਤਾਂ ਦਾਨਗੜ੍ਹ ਈ ਨੇ। ਉੱਥੇ ਸਰਦਾਰ ਨੇ ਕਿਸੇ ਮੁਸਲਮਾਨ ਨੂੰ ਵੀ ਨੀ ਜਾਣ ਦਿੱਤਾ। ਸਾਰਿਆਂ ਦੀ ਰਖਵਾਲੀ ਆਪ ਕਰੀ। ਉੱਥੇ ਤਾਂ ਸਭ ਸੁੱਖ-ਸਾਂਦ ਐ।” ਭਣੋਈਏ ਦੀ ਇਸ ਗੱਲ ਨੇ ਮੈਨੂੰ ਭੈਣ ਵੱਲੋਂ ਸੁੱਖ ਦਾ ਸਾਹ ਦਿੱਤਾ। ਮੈਂ ਭਣੋਈਏ ਨਾਲ ਗੱਲਾਂ ਕਰਦਾ, ਬਲਦਾਂ ਦੀ ਪੰਜਾਲੀ ਲਾਹ ਕੇ ਬਾਗਲ ’ਚ ਲੈ ਆਇਆ। ਬਲਦਾਂ ਨੂੰ ਪਾਣੀ ਪਿਆ ਕੇ ਕੱਖਾਂ ਵਾਲੀ ਖੁਰਲੀ ’ਤੇ ਬੰਨ੍ਹ ਦਿੱਤਾ।

“ਤੁਸੀਂ ਮੇਰੇ ਨਾਲ ਚੱਲੋਂ।” ਜਦੋਂ ਮੈਂ ਕਰਮਦੀਨ ਕੋਲ ਆ ਬੈਠਿਆ, ਉਸਨੇ ਸਲਾਹ ਦੇਣ ਵਰਗੀ ਗੱਲ ਕਹੀ।

“ਨਹੀ, ਅਜੇ ਤਾਂ ਬੀਜ-ਬਿਜਾਈ ਚੱਲਦੀ ਐ। ਹੁਣ ਸਾਨੂੰ ਥੋਡਾ ਪਤਾ ਲਗਿਆ, ਬੀਜ-ਬਿਜਾਈ ਤੋਂ ਵਿਹਲੇ ਹੋ ਕੇ ਅਸੀਂ ਆਪ ਦਾਨਗੜ੍ਹ ਆ ਜਾਂਗੇ।” ਮੈਂ ਹਜ਼ੂਰੇ ਹੋਰਾਂ ਦੀ ਸਲਾਹ ਤੋਂ ਬਿਨਾਂ ਕਿਤੇ ਨਹੀਂ ਜਾਣਾ ਚਾਹੁੰਦਾ ਸੀ। ਇਸ ਲਈ ਮੈਂ ਕਰਮਦੀਨ ਨੂੰ ਟਾਲਣਾ



ਚਾਹਿਆ ਪਰ ਉਸਨੇ ਮੇਰਾ ਕੰਨ ਪੁੱਠੇ ਪਾਸੇ ਦੀ ਫਿਰ ਫੜ ਲਿਆ।

“ਤੂੰ ਬੀਜ-ਬਿਜਾਈ ਕਰ ਕੇ ਆਜੀਂ। ਹੁਣ ਵੀਰਾਂ ਨੂੰ ਮੇਰੇ ਨਾਲ ਤੋਰਦੇ। ਉਥੇ ਤੇਰੀ ਭੈਣ ਇਹਨੂੰ ਆਪੀ ਸਾਂਭੂ। ਨਾਲੇ ਜੱਚੇ-ਬੱਚੇ ਨੂੰ ਦੁੱਧ-ਘਿਓ ਮਿਲਜੂ।”

ਮੈਂ ਭਾਨੇ ਦੀ ਸਲਾਹ ਜਾਣਨ ਲਈ ਉਸ ਵੱਲ ਵੇਖਿਆ। ਭਾਨਾ ਮੇਰਾ ਸਵਾਲ ਬੁੱਝ ਗਿਆ। ਉਸਨੇ ਬੜੇ ਠਰ੍ਹੰਮੇ ਨਾਲ ਕਿਹਾ, “ਦੇਖ ਨੌਹਰ! ਖੁਰਾਕ ਦੀ ਤਾਂ ਇੱਥੇ ਕੋਈ ਤੋਟ ਨੀ। ਸੁੱਖ ਨਾਲ ਦੁੱਧ-ਘਿਓ ਆਮ ਐ। ਮੇਰੀ ਸੱਸ ਦਾਈ ਦਾ ਕੰਮ ਕਰਦੀ ਐ। ਆਪਾਂ ਜਣੇਪੇ ਤੋਂ ਪੰਦਰਾਂ ਦਿਨ ਪਹਿਲਾਂ ਤੇ ਪੰਦਰਾਂ ਦਿਨ ਬਾਅਦ ਤੱਕ ਉਹਨੂੰ ਇੱਥੇ ਈ ਰੱਖ ਲਾਂਗੇ। ਅੱਡ ਘਰ ਕਹੇਂ, ਅੱਡ ਘਰ ਪਾ ਕੇ ਦੇਦੂੰ। ਬਾਕੀ ਆਹ ਤੇਰਾ ਰਿਸ਼ਤੇਦਾਰ ਬੈਠੈ ਜਿਵੇਂ ਤੇਰਾ ਅੰਦਰਲਾ ਮੰਨਦੈ, ਓਵੇਂ ਕਰਲੈ।”

“ਦੇਖੋ ਜੀ ਥੋਡਾ ਦੇਣ ਤਾਂ ਅਸੀਂ ਸੱਤ ਜਨਮ ਨੀ ਦੇ ਸਕਦੇ। ਊਂ ਜੇ ਇਹ ਸਾਡੇ ਕੋਲੇ ਰਹਿਣਗੇ, ਸਾਨੂੰ ਇੱਕ-ਦੂਜੇ ਦੀ ਧਿਰ ਰਹੂ। ਹੁਣ ਮੈਂ ਵੀਰਾਂ ਨੂੰ ਲੈ ਜਾਨਾਂ। ਇਹ ਚੱਲ ਅਵਦਾ ਬੀਜ-ਬਿਜਾਈ ਕਰ ਕੇ ਆਜੂਗਾ।” ਕਰਮਦੀਨ ਨੇ ਮੇਰੇ ਉੱਪਰ ਦੀ ਇੱਕ ਵਲੇਵਾਂ ਹੋਰ ਮਾਰ ਲਿਆ।

“ਚਲੋ ਜਿਵੇਂ ਥੋਡੀ ਦੋਵਾਂ ਦੀ ਸਲਾਹ ਐ।” ਭਾਨਾ ਅਖ਼ੀਰੀ ਫ਼ੈਸਲਾ ਸਾਡੇ ਦੋਵਾਂ ਉੱਪਰ ਸੁੱਟ ਕੇ ਖੜ੍ਹਾ ਹੋ ਗਿਆ।

“ਤੂੰ ਭੋਰਾ ਸੋਚ ਨਾ ਕਰ ਏਸ ਗੱਲ ਦੀ। ਮੈਂ ਵੀਰਾਂ ਨੂੰ ਲੈ ਜਾਨਾਂ, ਤੂੰ ਫੇਰ ਆਜੀਂ।” ਕਰਮਦੀਨ ਵੀਰਾਂ ਨੂੰ ਲੈ ਕੇ ਜਾਣ ਲਈ ਅੜਿਆ ਖੜ੍ਹਾ ਸੀ।

“ਚਲ ਮਰਜ਼ੀ ਐ ਤੇਰੀ।” ਮੈਂ ਅੰਦਰੋਂ ਨਾ ਮੰਨਦਿਆਂ ਵੀ ਉਸ ਦੀ ਜ਼ਿੱਦ ਅੱਗੇ ਝੁਕ ਗਿਆ। ਦੁਪਹਿਰ ਤੋਂ ਬਾਅਦ ਕਰਮਦੀਨ ਵੀਰਾਂ ਨੂੰ ਲੈ ਕੇ ਤੁਰ ਗਿਆ।

• • •

ਮੈਂ ਬੀਜ-ਬਿਜਾਈ ਕਰਦਾ ਰਿਹਾ ਪਰ ਮੇਰੀ ਸੁਰਤੀ ਵੀਰਾਂ ਅਤੇ ਸਾਡੇ ਹੋਣ ਵਾਲੇ ਬੱਚੇ ਵਿੱਚ ਭਟਕਦੀ ਰਹੀ। ਕੰਮ ਕਰਦਿਆਂ, ਰੋਟੀ ਖਾਂਦਿਆਂ, ਉਠਦਿਆਂ-ਬੈਠਦਿਆਂ, ਸੌਂਦਿਆਂ-ਜਾਗਦਿਆਂ ਵੀਰਾਂ ਦੀਆਂ ਯਾਦਾਂ ਮੇਰੇ ਦਿਮਾਗ਼ ਵਿੱਚ ਹੇਲੀਆਂ ਦਿੰਦੀਆਂ ਫਿਰਦੀਆਂ। ਮੇਰਾ ਇਕੱਲੇ ਦਾ ਹੁਣ ਜੀਅ ਨਹੀਂ ਲੱਗਦਾ ਸੀ। ਰਾਤ ਨੂੰ ਇਕੱਲੇ ਪਿਆਂ ਡਰ ਆਉਂਦਾ। ਦਿਲ ਕਰਦਾ ਵੀਰਾਂ ਕੋਲ ਚਲਾ ਜਾਵਾਂ ਜਾਂ ਉਸਨੂੰ ਇੱਥੇ ਲੈ ਆਵਾਂ।

ਇੱਕ ਰਾਤ ਮੈਨੂੰ ਸੁਪਨਾ ਆਇਆ ਜਿਵੇਂ ਵੀਰਾਂ ਗੁਆਚ ਗਈ ਹੈ। ਮੈਂ ਉਸਨੂੰ ਖੂਹਾਂ, ਟੋਭਿਆਂ, ਜੰਗਲਾਂ, ਰੋਹੀ ਬੀਆਬਾਨਾਂ ’ਚ ਲੱਭਦਾ ਫਿਰ ਰਿਹਾ ਹਾਂ। ਲੱਭਦਿਆਂ ਲੱਭਦਿਆਂ ਸ਼ਾਮ ਹੋ ਗਈ। ਮੈਂ ਥੱਕ ਗਿਆ। ਪਿਆਸ ਨਾਲ ਮੇਰਾ ਮੂੰਹ ਸੁੱਕਣ ਲੱਗਿਆ। ਮੈਂ ਪਿਆਸ ਬੁਝਾਉਣ ਲਈ ਟੋਭੇ ਦੇ ਕਿਨਾਰੇ ਜਾ ਖੜ੍ਹਿਆ। ਇੱਕ ਉਂਜਲ ਭਰ ਕੇ ਪਾਣੀ ਪੀਤਾ, ਦੂਜਾ ਪੀਤਾ। “ਹੈਂ!!” ਮੈਂ ਹੈਰਾਨ ਹੋਏ ਨੇ ਤੀਜਾ ਉਂਜਲ ਵਾਪਸ ਛੱਡ ਦਿੱਤਾ। ਮੇਰਾ ਬੁੱਕ ਲਹੂ ਨਾਲ ਭਰ ਗਿਆ ਸੀ। ਮੈਂ ਪਾਣੀ ਵੱਲ ਧਿਆਨ ਨਾਲ ਵੇਖਿਆ, ਸਾਰਾ ਟੋਭਾ ਪਾਣੀ ਦੀ ਥਾਂ ਲਹੂ ਨਾਲ ਭਰਿਆ ਹੋਇਆ ਸੀ। ਮੈਂ ਹੈਰਾਨੀ ਨਾਲ ਟੋਭੇ ਦੇ ਕਿਨਾਰੇ ਤੋਂ ਡੂੰਘੇ ਪਾਣੀ ਵੱਲ ਵੇਖਿਆ। ਟੋਭੇ ਦੇ ਵਿਚਕਾਰ ਵੀਰਾਂ ਖੜ੍ਹੀ ਸੀ। ਮੈਂ ਵੀਰਾਂ ਕੋਲ ਪਹੁੰਚਣ ਲਈ ਟੋਭੇ ਦੇ ਪਾਣੀ ਵਿੱਚ ਉਤਰਨ ਲੱਗਿਆ, ਕਿਸੇ ਨੇ ਮੇਰਾ ਗਲ਼ ਫੜ ਲਿਆ। ਮੈਂ ਛੁਡਾਉਣਾ ਚਾਹਿਆ, ਛੁਡਾ

ਨਾ ਸਕਿਆ। ਚੀਕ ਮਾਰਨੀ ਚਾਹੀ, ਮੇਰੀ ਚੀਕ ਨਾ ਨਿੱਕਲ ਸਕੀ। ਮੈਂ ਛਟ-ਪਟਾਉਂਦਾ, ਬੇਵਸ ਵੀਰਾਂ ਵੱਲ ਵੇਖ ਰਿਹਾ ਸਾਂ। "ਹੈਂ! ਇਹ ਕੀ?" ਮੈਂ ਹੋਰ ਹੈਰਾਨ ਹੋ ਗਿਆ। ਵੀਰਾਂ ਤੱਤੇ ਪਾਣੀ 'ਚ ਰੱਖੇ ਘਿਓ ਵਾਂਗ ਖੁਰ ਖੁਰ ਕੇ ਟੋਭੇ ਦੇ ਲਹੂ ਵਿੱਚ ਮਿਲ ਰਹੀ ਸੀ। ਜਦੋਂ ਵੀਰਾਂ ਸਾਰੀ ਖੁਰ ਗਈ ਤਦੀ ਮੇਰੀ ਪਕੜ ਛੁਟ ਗਈ। ਮੇਰੀ ਚੀਕ ਨਿਕਲ ਗਈ।

"ਕੀ ਹੋ ਗਿਆ?" ਹਜ਼ੂਰਾ ਮੇਰੀ ਚੀਕ ਸੁਣ ਕੇ ਜਾਗ ਪਿਆ।

"ਹੈਂ? ਕੁਛ ਨੀ। ਇੱਕ ਸੁਪਨਾ ਜਾ ਆ ਗਿਆ ਸੀ ਭੈੜਾ ਜਿਆ।" ਮੇਰੀ ਜਾਗ ਖੁੱਲ੍ਹ ਗਈ ਸੀ। ਮੈਂ ਮੁੜ੍ਹਕੋ-ਮੁੜ੍ਹਕੀ ਹੋਇਆ ਪਿਆ ਸੀ।

ਹੁਣ ਮੇਰੀ ਵੀਰਾਂ ਨੂੰ ਮਿਲ ਆਉਣ ਦੀ ਚਾਹਨਾ ਹੋਰ ਵੀ ਦੂਗਣੀ ਹੋ ਗਈ ਸੀ। ਬੀਜ-ਬਿਜਾਈ ਤੋਂ ਬਾਅਦ ਇੱਕ ਦਿਨ ਮੈਂ ਹਜ਼ੂਰੇ ਅਤੇ ਭਾਨੇ ਹੋਰਾਂ ਤੋਂ ਦਾਨਗੜ੍ਹ ਜਾ ਆਉਣ ਦੀ ਇਜਾਜ਼ਤ ਲੈ ਲਈ। ਇੱਕ-ਅੱਧ ਕੱਪੜਾ ਨਾਲ ਚੁੱਕ ਲਿਆ। ਬਾਕੀ ਸਮਾਨ ਉੱਥੇ ਹੀ ਛੱਡ ਦਿੱਤਾ। ਸੋਚਿਆ ਸੀ ਜਦੋਂ ਕਿਧਰੇ ਪੱਕਾ ਟਿਕਾਣਾ ਹੋਵੇਗਾ ਫੇਰ ਹੀ ਸਾਰਾ ਸਮਾਨ ਚੁੱਕਾਂਗੇ। ਜੱਸੋਵਾਲ ਤੱਕ ਭਾਨਾ ਮੈਨੂੰ ਆਪ ਛੱਡਣ ਆਇਆ। ਉਸਨੇ ਹੀ ਮੈਨੂੰ ਟਿਕਟ ਲੈ ਕੇ ਦਿੱਤੀ। ਗੱਡੀ ਤੁਰਨ ਤੱਕ ਉਹ ਮੇਰੇ ਕੋਲ ਖੜ੍ਹਿਆ ਗੱਲਾਂ ਕਰਦਾ ਰਿਹਾ।

ਮੈਂ ਗੱਡੀ 'ਚ ਬੈਠਾ ਵੇਖ ਰਿਹਾ ਸੀ, ਖੇਤਾਂ ਵਿੱਚ ਮੁੜ ਰੌਣਕਾਂ ਪਰਤ ਆਈਆਂ ਸਨ। ਦੂਰ ਦੂਰ ਤੱਕ ਉੱਚੇ-ਨੀਵੇਂ ਟਿੱਬਿਆਂ 'ਤੇ, ਮੈਦਾਨਾਂ 'ਚ ਹਾੜ੍ਹੀ ਦੀਆਂ ਫ਼ਸਲਾਂ ਬੀਜੀਆਂ ਜਾ ਚੁਕੀਆਂ ਸਨ। ਹੁਣ ਫੇਰ ਓਵੇਂ ਕੰਮ ਹੋਣ ਲੱਗੇ ਸਨ ਜਿਵੇਂ ਹੱਲਿਆਂ ਤੋਂ ਪਹਿਲਾਂ ਹੁੰਦੇ ਸਨ। ਗੱਡੀ ਮਲੇਰਕੋਟਲੇ ਦੀ ਹੱਦ 'ਚ ਆ ਵੜੀ। ਮੈਂ ਵੇਖ ਕੇ ਹੈਰਾਨ ਰਹਿ ਗਿਆ। ਮੀਏਂ ਤਾਂ ਓਵੇਂ ਹੱਥਾਂ 'ਚ ਖੁਰਪੇ ਲਈਂ ਸਬਜ਼ੀਆਂ ਗੁੱਡ ਰਹੇ ਸਨ। ਮੈਨੂੰ ਤਾਂ ਖ਼ਬਰਾਂ ਮਿਲਦੀਆਂ ਰਹੀਆਂ ਸਨ ਕਿ ਮਲੇਰਕੋਟਲਾ ਉੱਜੜ ਗਿਆ ਹੈ ਪਰ ਇੱਥੇ ਤਾਂ ਕੁਝ ਵੀ ਨਹੀਂ ਬਦਲਿਆ। ਉਹੀ ਮਲੇਰਕੋਟਲਾ, ਉਹੀ ਹੁੱਕੀਆਂ ਲਈਂ ਫਿਰਦੇ ਮੀਏਂ। ਉਹੀ ਪਹਿਰਾਵਾ। ਸਭ ਕੁਝ ਉਂਝ ਦਾ ਹੀ, ਜਿਵੇਂ ਕਿਸੇ ਨੇ ਮਲੇਰਕੋਟਲੇ ਨੂੰ ਬੁੱਕਲ 'ਚ ਲੈ ਕੇ ਖ਼ੂਨੀ ਹਨੇਰੀ ਤੋਂ ਬਚਾ ਲਿਆ ਹੋਵੇ ਤੇ ਸ਼ਾਂਤੀ ਹੋਣ 'ਤੇ ਮੁੜ ਧਰਤੀ 'ਤੇ ਟਿਕਾ ਦਿੱਤਾ ਹੋਵੇ।

ਗੱਡੀ ਮਲੇਰਕੋਟਲਿਓਂ ਤੁਰੀ, ਧੂਰੀ ਆ ਰੁਕੀ। ਮੈਂ ਧੂਰੀ ਉੱਤਰ ਗਿਆ। ਦਿਨ ਛਿਪਦਾ ਜਾਂਦਾ ਸੀ ਪਰ ਬਰਨਾਲੇ ਨੂੰ ਜਾਣ ਵਾਲੀ ਗੱਡੀ ਦੀ ਅਜੇ ਕੋਈ ਖ਼ਬਰ-ਸਾਰ ਨਹੀਂ ਸੀ। ਲੰਬੇ ਇੰਤਜ਼ਾਰ ਤੋਂ ਬਾਅਦ ਜਦੋਂ ਬਰਨਾਲੇ ਨੂੰ ਜਾਣ ਵਾਲੀ ਗੱਡੀ ਆਈ ਤਾਂ ਮੈਂ ਸ਼ੁਕਰ ਮਨਾਉਂਦਾ ਉਸ ਵਿੱਚ ਚੜ੍ਹ ਗਿਆ। ਬਰਨਾਲੇ ਪਹੁੰਚਦਿਆਂ ਹਨੇਰਾ ਹੋ ਗਿਆ ਸੀ। ਦੀਵੇ ਲੱਗ ਗਏ ਸਨ। ਹੁਣ ਮੈਂ ਦਾਨਗੜ੍ਹ ਜਾਣ ਵਾਲੇ ਕਿਸੇ ਸਾਧਨ ਦੀ ਝਾਕ ਵਿੱਚ ਸੀ। ਚਾਹੇ ਏਨੇ ਹਨੇਰੇ ਕੋਈ ਸਾਧਨ ਸੰਭਵ ਨਹੀਂ ਸੀ ਫਿਰ ਵੀ ਮੈਂ ਆਸ ਦੀ ਤੰਦ ਹੱਥ ਫੜੀਂ ਦੁਕਾਨ ਵਾਲੇ ਨੂੰ ਪੁੱਛ ਲਿਆ।

"ਨਾ, ਹੁਣ ਤਾਂ ਕੋਈ ਸਾਧਨ ਨੀ ਜਾਂਦਾ।" ਉਸਨੇ ਨਾਂਹ ਵਿੱਚ ਸਿਰ ਮਾਰ ਦਿੱਤਾ। "ਤੂੰ ਐਂ ਕਰ, ਆਹ ਸਰਾਂ 'ਚ ਰਾਤ ਕੱਟ ਲੈ। ਸਵੇਰੇ ਦਿਨ ਚੜ੍ਹੇ ਵਗਜੀਂ।" ਉਸਨੇ ਮੈਨੂੰ ਉੱਲੂਆਂ ਵਾਂਗ ਇੱਧਰ-ਉੱਧਰ ਝਾਕਦੇ ਨੂੰ ਵੇਖ ਕੇ ਸਲਾਹ ਦਿੱਤੀ।

"ਰੋਟੀ ਮਿਲਜੂ ਇੱਥੋਂ?" ਹੁਣ ਮੇਰੀ ਭੁੱਖ ਵੀ ਹੱਦ-ਬੰਨੇ ਤੋੜ ਰਹੀ ਸੀ।

"ਨਾਹ ਰੋਟੀ ਤਾਂ ਨੀ ਮਿਲਦੀ, ਚਾਹ ਬਣਾ ਦਿੰਨਾਂ?"

"ਚੱਲ ਚਾਹ ਬਣਾ ਫੇਰ ਘੁੱਟ।"



ਉਸਨੇ ਅੰਗੀਠੀ 'ਤੇ ਚਾਹ ਧਰ ਲਈ। ਚਾਹ ਬਣਦੇ ਬਣਦੇ ਇੱਕ ਔਰਤ, ਮਰਦ ਸਰਾਂ ਬਾਰੇ ਪੁੱਛਦੇ ਹੋਰ ਆ ਗਏ।

"ਆਹ ਸੀ ਭਾਈ ਸਰਾਂ ਤਾਂ। ਆਹ ਮੁੰਡੇ ਨੇ ਵੀ ਇੱਥੀ ਰਾਤ ਕੱਟਣੀ ਐ।" ਚਾਹ ਵਾਲੇ ਨੇ ਸਾਨੂੰ ਇੱਕ-ਦੂਜੇ ਦੇ ਨੇੜੇ ਲਾਉਣਾ ਚਾਹਿਆ ਪਰ ਉਹ ਬੰਦਾ ਮੇਰੇ ਵੱਲ ਹੋਰੂੰ ਜਿਹਾ ਵੇਖਦਾ ਮੂੰਹ ਵੱਟ ਗਿਆ।

'ਚਲੋ ਬੋਲ-ਚਾਲ ਨਾ ਸਹੀ, ਘੱਟੋ-ਘੱਟ ਮੇਰੇ ਕੋਲ ਆਦਮ ਜਾਤ ਦੇ ਹੋਣ ਦਾ ਹੌਸਲਾ ਤਾਂ ਰਹੇਗਾ।' ਮੈਨੂੰ ਅੰਦਰੋ-ਅੰਦਰੀ ਉਨ੍ਹਾਂ ਦਾ ਮੇਰੇ ਨਾਲ ਰਾਤ ਕੱਟਣਾ ਖ਼ੁਸ਼ੀ ਦੇ ਗਿਆ। ਚਾਹੇ ਉਨ੍ਹਾਂ ਨੇ ਸਾਰੀ ਰਾਤ ਮੇਰੇ ਨਾਲ ਕੋਈ ਗੱਲ ਨਾ ਕੀਤੀ ਪਰ ਮੇਰਾ ਸਰਾਂ ਵਿੱਚ ਇਕੱਲੇ ਹੋਣ ਦਾ ਡਰ ਲਹਿ ਗਿਆ। ਮੇਰੇ ਕੋਲ ਉੱਪਰ ਲੈਣ ਲਈ ਇੱਕ ਖੇਸ ਤੋਂ ਬਿਨਾਂ ਹੋਰ ਕੋਈ ਕੱਪੜਾ ਨਹੀਂ ਸੀ। ਮੈਂ ਅੱਧਾ ਖੇਸ ਆਪਣੇ ਥੱਲੇ ਵਿਛਾ ਕੇ ਅੱਧੇ ਨੂੰ ਉੱਪਰ ਮੋੜ ਲਿਆ। ਸਾਰੀ ਰਾਤ ਹਿੱਕ 'ਚ ਗੋਡੇ ਦਈਂ ਕੁੰਗੜਿਆ ਪਿਆ ਰਿਹਾ। ਚਾਹੇ ਪਾਲੇ ਕਰਕੇ ਸਾਰੀ ਰਾਤ ਨੀਂਦ ਤਾਂ ਨਾ ਆਈ ਪਰ ਰਾਤ ਕਟ ਗਈ।

ਸਵੇਰੇ ਚਾਰ ਵਜੇ ਉੱਠਿਆ। ਖੇਸ ਦੀ ਬੁੱਕਲ ਮਾਰ ਕੇ ਬਾਹਰ ਆ ਗਿਆ। ਚਾਹ ਵਾਲੇ ਨੇ ਲੱਕੜਾਂ ਦੀ ਧੂਣੀ ਲਾ ਰੱਖੀ ਸੀ। ਆਪ ਉਹ ਅੰਗੀਠੀ ਨੂੰ ਭਖਾ ਰਿਹਾ ਸੀ। ਮੈਂ ਉਸਨੂੰ ਚਾਹ ਬਣਾਉਣ ਲਈ ਕਹਿ ਕੇ ਆਪ ਅੱਗ ਸੇਕਣ ਲੱਗ ਪਿਆ। ਥੋੜ੍ਹੇ ਸਮੇਂ ਬਾਅਦ ਉਸਨੇ ਗਰਮ ਗਰਮ ਚਾਹ ਦਾ ਗਲਾਸ ਮੇਰੇ ਕੋਲ ਲਿਆ ਰੱਖਿਆ। ਚਾਹ ਦੀ ਘੁੱਟ ਅੰਦਰ ਲੰਘੀ ਤਾਂ ਮੇਰਾ ਅੱਧਾ ਪਾਲਾ ਲਹਿ ਗਿਆ। ਦੁਕਾਨ ਵਾਲੇ ਨੂੰ ਪੈਸੇ ਦੇ ਕੇ ਮੈਂ ਖੇਸ ਦੀ ਬੁੱਕਲ ਘੁੱਟ ਕੇ ਮਾਰ ਲਈ। ਹੱਥ 'ਚ ਝੋਲਾ ਫੜੀਂ ਦਾਨਗੜ੍ਹ ਦੇ ਰਾਹ ਪੈ ਗਿਆ।

ਮੈਥੋਂ ਜਿੰਨਾ ਵੀ ਹੋ ਸਕਿਆ ਓਨੀ ਤੇਜ਼ ਤੁਰਨ ਲੱਗਿਆ ਤਾਂ ਕਿ ਵਾਟ ਵੀ ਜਲਦੀ ਨਿੱਬੜ ਜਾਵੇ ਤੇ ਮੇਰਾ ਪਾਲਾ ਵੀ ਲਹਿ ਜਾਵੇ। ਜਦੋਂ ਮੈਂ ਦਾਨਗੜ੍ਹ ਪਹੁੰਚਿਆ, ਲੋਈ ਅਜੇ ਪਾਟੀ ਨਹੀਂ ਸੀ। ਬੁੜ੍ਹੀਆਂ-ਬੰਦੇ ਜੰਗਲ-ਪਾਣੀ ਜਾਣ ਲਈ ਖੇਤਾਂ ਨੂੰ ਤੁਰ ਪਏ ਸਨ। ਕੋਈ ਕੰਮ ਦੀ ਮਰੈਲਣ ਗੋਹੇ ਦਾ ਬੱਠਲ ਲਈ ਜਾਂਦੀ ਵੀ ਟੱਕਰ ਗਈ। ਮੈਂ ਫਿਰਨੀ ਤੋਂ ਦਰਵਾਜ਼ੇ ਵਾਲੀ ਬੀਹੀ ਮੁੜ ਗਿਆ। ਕਿਸੇ ਕਿਸੇ ਘਰ ਦੀਵੇ ਦਾ ਮੱਧਮ ਚਾਨਣ ਚਮਕ ਰਿਹਾ ਸੀ। ਕਈ ਕੁੱਤੇ ਅਜੇ ਵੀ ਪਾਲੇ ਨਾਲ ਕੁੰਗੜੇ, ਕੰਧਾਂ-ਕੌਲਿਆਂ ਨਾਲ ਲੱਗੇ ਪਏ ਸਨ। ਮੈਂ ਮੇਰੀ ਭੈਣ ਦੇ ਘਰ ਅੱਗੇ ਜਾ ਖੜ੍ਹਿਆ। ਤਖਤਿਆਂ ਕੋਲ ਲੱਗ ਕੇ ਅੰਦਰ ਦੀ ਬਿੜਕ ਲਈ। ਅੰਦਰ ਚੁੱਪ-ਚਾਂਅ ਸੀ। ਮੈਂ ਬਾਹਰਲਾ ਕੁੰਡਾ ਖੜਕਾ ਕੇ ਬੋਲ ਮਾਰਿਆ, "ਕਰਮਦੀਨ! ਓਹ ਕਰਮਦੀਨਾ!" ਅੰਦਰੋਂ ਕੋਈ ਜਵਾਬ ਨਾ ਆਇਆ।

"ਕਰਮਦੀਨ ਬਾਰ ਖੋਲ੍ਹੀਂ।" ਮੈਂ ਦੁਬਾਰਾ ਹੋਰ ਉੱਚੀ ਬੋਲ ਮਾਰਿਆ।

ਅੰਦਰੋਂ ਕੋਈ ਉੱਠਿਆ ਤੇ ਫਿਰ ਬਾਰ ਵੱਲ ਪੈੜ-ਚਾਲ ਹੁੰਦੀ ਸੁਣੀ।

"ਕੌਣ? ਨੌਹਰ?" ਕਰਮਦੀਨ ਦਾ ਛੋਟਾ ਭਰਾ ਬਾਰ ਖੋਲ੍ਹ ਕੇ ਮੇਰੇ ਸਾਹਮਣੇ ਖੜ੍ਹਾ ਸੀ।

"ਹਾਂ! ਹੋਰ ਠੀਕ ਨੇ ਸਾਰੇ?" ਮੈਂ ਬਾਰ ਦੇ ਅੰਦਰ ਹੋ ਗਿਆ। ਉਹ ਕਿਸੇ ਹੈਰਾਨੀ 'ਚ ਡੁੱਬਿਆ ਮੇਰੇ ਨਾਲ ਤੁਰ ਪਿਆ।

"ਐਨੇ ਸਵੇਰੇ ਕਿੱਧਰੋਂ? ਖ਼ੈਰ ਤਾਂ ਹੈ?" ਉਸਦੀ ਇਹ ਹੈਰਾਨੀ ਹੁਣ ਬੁੱਲ੍ਹਾਂ 'ਤੇ ਆ ਗਈ।

"ਊਂ ਤਾਂ ਮੈਂ ਕੱਲ੍ਹ ਆਇਆ ਸੀ। ਬਰਨਾਲੇ ਤੱਕ ਆਉਂਦੇ ਨੂੰ ਕੁਵੇਲਾ ਹੋ ਗਿਆ। ਫੇਰ ਮੈਂ ਓਥੀ ਰੁਕ ਗਿਆ। ਸਵੇਰੇ ਸਵੇਰੇ ਫੇਰ ਓਥੋਂ ਤੁਰ ਪਿਆ।" ਮੈਂ ਮੋਟੀ ਮੋਟੀ ਗੱਲ ਉਸਨੂੰ ਦੱਸ ਦਿੱਤੀ। ਉਸਨੇ ਸਬਾਤ ਵਿੱਚ ਜਾ ਕੇ ਦੀਵਾ ਜਗਾ ਲਿਆ। ਹੌਲੀ ਹੌਲੀ ਦੀਵੇ ਦੀ ਲਾਟ ਉੱਚੀ ਉੱਠੀ ਤਾਂ ਮੈਨੂੰ ਗੁਦੜਿਆਂ 'ਚ ਬੈਠੇ ਭੈਣ ਉਮਰੀ ਤੇ ਵੀਰਾਂ ਦੇ ਚਿਹਰੇ ਦਿਸੇ। ਭੈਣ ਦੇ ਦੋਵੇਂ ਮੁੰਡੇ ਇਕੱਠੇ ਹੀ ਇੱਕ ਮੰਜੇ 'ਤੇ ਅਜੇ ਸੁੱਤੇ ਪਏ ਸਨ। ਮੈਂ ਵੀਰਾਂ ਦੀ ਰਜਾਈ ਵੱਲ ਨਿਗ੍ਹਾ ਮਾਰੀ, ਮੈਨੂੰ ਉਹ ਮੇਰੀ ਆਸ ਤੋਂ ਸੱਖਣੀ ਲੱਗੀ। 'ਮੇਰਾ ਬੱਚਾ?' ਮੇਰਾ ਅੰਦਰ ਧੜਕਿਆ। ਵੀਰਾਂ ਮੈਨੂੰ ਵੇਖ ਕੇ ਪਹਿਲਾਂ ਖ਼ੁਸ਼ ਹੋਈ ਤੇ ਫਿਰ ਪਲ ਵਿੱਚ ਹੀ ਉਸਦੇ ਚਿਹਰੇ 'ਤੇ ਗੂੜ੍ਹੀ ਉਦਾਸੀ ਛਾ ਗਈ। ਉਸਦੇ ਚਿਹਰੇ ਤੋਂ ਮੈਂ ਕਿਸੇ ਵਰਤ ਗਏ ਭਾਣੇ ਦੇ ਨਿਸ਼ਾਨ ਲੱਭਣ ਲੱਗਾ ਪਰ ਮੈਨੂੰ ਕੁਝ ਨਜ਼ਰ ਨਾ ਆਇਆ। ਆਪਣਾ ਬੱਚਾ ਲੱਭਦੀਆਂ ਮੇਰੀਆਂ ਨਜ਼ਰਾਂ ਇੱਕ ਵਾਰ ਫਿਰ ਸਾਰੇ ਮੰਜਿਆਂ ਵੱਲ ਫਿਰੀਆਂ, ਮੇਰੀ ਭੈਣ ਦੇ ਦੋਵੇਂ ਮੁੰਡੇ ਇੱਕ ਮੰਜੇ ਉੱਪਰ ਅਜੇ ਵੀ ਸੁੱਤੇ ਪਏ ਸਨ। ਕਰਮਦੀਨ ਅਤੇ ਉਸਦਾ ਵੱਡਾ ਭਾਈ ਵੀ ਮੈਨੂੰ ਕਿਤੇ ਨਜ਼ਰ ਨਾ ਆਏ। ਜਿਸਨੂੰ ਮੇਰੀਆਂ ਅੱਖਾਂ ਵੇਖਣਾ ਚਾਹੁੰਦੀਆਂ ਸਨ, ਉਹ ਤਾਂ ਬਿਲਕੁਲ ਵੀ ਨਹੀਂ।

"ਤੂੰ ਆਹ ਰਜਾਈ 'ਚ ਬੈਠ, ਮੈਂ ਚਾਹ ਬਣਾ ਕੇ ਲਿਆਉਨੀ ਆਂ।" ਮੇਰੀ ਭੈਣ ਉੱਠ ਕੇ ਚਾਹ ਬਣਾਉਣ ਚਲੀ ਗਈ। ਕਰਮਦੀਨ ਦਾ ਛੋਟਾ ਭਰਾ ਪਸ਼ੂਆਂ ਨੂੰ ਕੱਖ ਪਾਉਣ ਲੱਗ ਪਿਆ। ਉਮਰੀ ਅਜੇ ਸਬਾਤ ਦਾ ਬਾਰ ਵੀ ਨਹੀਂ ਟੱਪੀ ਸੀ ਕਿ ਵੀਰਾਂ ਹਨੇਰੀ ਵਾਂਗ ਮੇਰੇ ਮੰਜੇ 'ਤੇ ਮੇਰੇ ਕੋਲ ਆ ਝੁਕੀ।

"ਤੂੰ ਮੈਨੂੰ ਇੱਥੋਂ ਛੇਤੀ ਲੈ ਜਾ ਨੌਹਰ! ਇਹ ਮੈਨੂੰ ਕਿਸੇ ਹੋਰ ਦੇ ਬਿਠਾਉਣਾ ਚਾਹੁੰਦੇ ਨੇ। ਨਾਲੇ ਕਰਮਦੀਨ ਹੋਨੀਂ ਤੈਨੂੰ ਮਾਰਨ ਨੂੰ ਫਿਰਦੇ ਨੇ। ਅੱਜ ਰਾਤ ਨੂੰ ਈ ਬੱਸ ਏਥੋਂ ਭੱਜ ਚੱਲ।" ਉਸਦਾ ਛੇਤੀ ਛੇਤੀ ਦੱਸਦੀ ਦਾ ਸਾਹ ਚੜ੍ਹ ਗਿਆ।

"ਪਰ......?" ਮੇਰੇ ਜ਼ਿਹਨ 'ਚ ਕਿੰਨੇ ਹੀ ਸਵਾਲ ਇਕੱਠੇ ਹੋ ਗਏ।

"ਬੱਸ ਏਥੋਂ ਨਿਕਲ ਚੱਲ, ਤੈਨੂੰ ਸਭ ਕੁਝ ਦੱਸਦੂੰ। ਹੁਣ ਵਖ਼ਤ ਨੀ।" ਉਹ ਬੱਸ ਏਨਾ ਹੀ ਕਹਿ ਕੇ ਤੇਜ਼ੀ ਨਾਲ ਆਪਣੀ ਰਜਾਈ ਵਿੱਚ ਜਾ ਬੈਠੀ। ਮੇਰੇ ਅੰਦਰ ਦੁੱਖ ਤੇ ਹੈਰਾਨੀ ਨੂੰ ਮੋਢਿਆਂ ਉੱਤੇ ਚੁੱਕੀਂ ਕਿੰਨੇ ਹੀ ਸਵਾਲ ਖੜ੍ਹੇ ਹੋ ਗਏ। ਪਰ ਉਸਦੇ ਕਹਿਣ ਮੁਤਾਬਕ ਹੁਣ 'ਇਹ ਸਭ ਕੁਝ ਪੁੱਛਣ ਦਾ ਵਕਤ ਨਹੀਂ ਸੀ।'

ਮੇਰੀ ਭੈਣ ਚਾਹ ਬਣਾ ਲਿਆਈ। ਮੈਨੂੰ ਜ਼ੋਰ ਦੀ ਭੁੱਖ ਲੱਗਣ ਦੇ ਬਾਵਜੂਦ ਵੀ ਉਹ ਚਾਹ ਜ਼ਹਿਰ ਵਰਗੀ ਲੱਗੀ। ਮੇਰੇ ਨਾਲ ਤਾਂ ਖੂਹ 'ਚੋਂ ਨਿਕਲ ਕੇ ਖਾਤੇ 'ਚ ਡਿੱਗਣ ਵਾਲੀ ਗੱਲ ਹੋ ਗਈ ਸੀ ਜਿਸ ਤੋਂ ਲੁਕਦਾ-ਲੁਕਾਉਂਦਾ, ਜਾਨ ਬਚਾਉਂਦਾ ਇੱਥੇ ਤੱਕ ਪਹੁੰਚਿਆ ਹਾਂ, ਉਹ ਮੌਤ ਇਸ ਘਰ ਵਿੱਚ ਵੀ ਬੈਠੀ ਸੀ। ਜਿਸ ਘਰ ਵਿੱਚੋਂ ਮੈਂ ਪਿਆਰ ਦਾ ਨਿੱਘ ਲੈਣ ਲਈ ਹਫਦਾ-ਹਫਾਉਂਦਾ ਆ ਡਿੱਗਿਆ ਸਾਂ ਉਸੇ ਘਰ ਵਿੱਚੋਂ ਮੈਨੂੰ ਹੁਣ ਭੈਅ ਆਉਣ ਲੱਗ ਪਿਆ ਸੀ। ਲੱਗਦਾ ਸੀ ਮੌਤ ਹੁਣੇ ਹੀ ਇਸ ਘਰ ਦੇ ਕਿਸੇ ਖੂੰਜੇ ਵਿੱਚੋਂ ਨਿਕਲੇਗੀ ਤੇ ਮੇਰੀ ਗਿੱਚੀ ਮਰੋੜ ਦੇਵੇਗੀ।

ਮੈਂ ਅਗਲੀ ਰਾਤ ਨੂੰ ਉਡੀਕਦਿਆਂ ਉਹ ਸਾਰਾ ਦਿਨ ਇੱਕ ਇੱਕ ਪਲ ਗਿਣਦਿਆਂ ਕੱਢਿਆ। ਦਿਨੇ ਸਾਨੂੰ ਜਦੋਂ ਵੀ ਥੋੜ੍ਹਾ ਜਿਹਾ ਵਕਤ ਲੱਗਿਆ ਅਸੀਂ ਅੱਜ ਰਾਤ ਨੂੰ ਤੁਰ ਪੈਣ ਦਾ ਪੱਕ ਪਕਾ ਲਿਆ ਸੀ। ਸਾਡੇ ਲਈ ਬੱਸ ਏਨਾ ਕੁ ਹੀ ਸਮਾਂ ਸੀ ਕਿਉਂਕਿ ਮੈਨੂੰ ਪਤਾ ਲੱਗਿਆ ਸੀ ਕਿ ਕਰਮਦੀਨ ਅਤੇ ਉਸਦਾ ਵੱਡਾ ਭਰਾ ਕੱਲ੍ਹ ਹੀ ਆਪਣੇ ਭਣੋਈਏ ਦੀ



ਜ਼ਮੀਨ ਦੇ ਰੌਲੇ 'ਚ ਫਿਰੋਜ਼ਪੁਰ ਗਏ ਸਨ। ਕੱਲ੍ਹ ਪਰਸੋਂ ਤੱਕ ਉਹਨਾਂ ਨੇ ਵਾਪਸ ਮੁੜ ਆਉਣਾ ਸੀ। ਉਨ੍ਹਾਂ ਦੇ ਆਇਆਂ ਸਾਡਾ ਇੱਥੋਂ ਨਿਕਲ ਜਾਣਾ ਮੁਸ਼ਕਲ ਸੀ। ਹੁਣ ਤਾਂ ਜੇ ਰਾਤ ਨੂੰ ਤੁਰਦਿਆਂ ਸਾਡਾ ਪਤਾ ਵੀ ਲੱਗਦਾ ਤਾਂ ਅਸੀਂ ਇਹਨਾਂ ਦੋਵਾਂ 'ਤੇ ਭਾਰੂ ਪੈਣ ਵਾਲੇ ਸਾਂ।

ਸ਼ਾਮ ਨੂੰ ਰੋਟੀ-ਟੁੱਕ ਖਾਣ ਤੋਂ ਬਾਅਦ ਮੇਰਾ ਮੰਜਾ ਕਰਮਦੀਨ ਦੇ ਛੋਟੇ ਭਰਾ ਨਾਲ ਦੂਸਰੀ ਸਬਾਤ ਵਿੱਚ ਡਾਹ ਦਿੱਤਾ। ਇੱਕ ਸਬਾਤ ਵਿੱਚ ਮੇਰੀ ਭੈਣ, ਉਸਦੇ ਦੋਵੇਂ ਬੱਚੇ ਅਤੇ ਵੀਰਾਂ ਦਾ ਮੰਜਾ ਸੀ। ਪਹਿਲਾਂ ਤਾਂ ਅਸੀਂ ਕਾਫ਼ੀ ਰਾਤ ਤੱਕ ਇੱਕੋ ਸਬਾਤ ਵਿੱਚ ਬੈਠੇ ਗੱਲਾਂ ਕਰਦੇ ਰਹੇ। ਜਦੋਂ ਨੀਂਦ ਨਾਲ ਅੱਖਾਂ ਭਾਰੀ ਹੋਣ ਲੱਗੀਆਂ ਤਾਂ ਅਸੀਂ ਆਪਣੀ ਸਬਾਤ ਵਿੱਚ ਆ ਗਏ। ਗੁੱਜਰ ਨੇ ਮੇਰੇ ਨਾਲ ਗੱਲਾਂ ਕਰਨੀਆਂ ਚਾਹੀਆਂ ਪਰ ਮੈਂ ਨੀਂਦ ਦਾ ਬਹਾਨਾ ਲਾ ਕੇ ਪਾਸਾ ਵੱਟ ਲਿਆ। ਮੈਂ ਚਾਹੁੰਦਾ ਸੀ ਕਿ ਇਹ ਜਲਦੀ ਤੋਂ ਜਲਦੀ ਸੌਂ ਜਾਣ ਤਾਂ ਕਿ ਅਸੀਂ ਰਾਤੋ-ਰਾਤ ਲੰਬੇ ਨਿੱਕਲ ਜਾਈਏ। ਜਦੋਂ ਗੁੱਜਰ ਸੌਂ ਗਿਆ ਤਾਂ ਮੈਂ ਪਿਸ਼ਾਬ ਕਰਨ ਦੇ ਬਹਾਨੇ ਬਾਹਰ ਆਇਆ। ਬਾਹਰਲਾ ਬੀਹੀ ਵਾਲਾ ਬਾਰ ਖੋਲ੍ਹ ਕੇ ਬੀਹੀ 'ਚ ਪਿਸ਼ਾਬ ਕੀਤਾ। ਮੁੜਦਿਆਂ ਮੈਂ ਬੀਹੀ ਵਾਲੇ ਬਾਰ ਦਾ ਕੁੰਡਾ ਨਾ ਲਾਇਆ, ਸਿਰਫ਼ ਭੇੜ ਦਿੱਤਾ ਤਾਂ ਕਿ ਫਿਰ ਖੋਲ੍ਹਣ ਵੇਲੇ ਖੜਾਕ ਨਾ ਹੋਵੇ। ਇਹੀ ਹੁਸ਼ਿਆਰੀ ਮੈਂ ਸਬਾਤ ਦਾ ਬਾਰ ਭੇੜਨ ਲੱਗਿਆਂ ਵਰਤੀ।

ਰਾਤ ਬੀਤਦੀ ਜਾ ਰਹੀ ਸੀ ਪਰ ਮੇਰੀਆਂ ਅੱਖਾਂ ਵਿੱਚ ਭੋਰਾ ਨੀਂਦ ਨਹੀਂ ਸੀ। ਮੇਰੇ ਕੰਨ ਸ਼ਿਸਤ ਬੰਨ੍ਹੀ ਬਾਹਰ ਵਿਹੜੇ ਵਿੱਚ ਕਿਸੇ ਦੀ ਪੈੜ-ਚਾਲ ਦੀ ਉਡੀਕ ਕਰ ਰਹੇ ਸਨ। ਮੈਂ ਇੱਥੇ ਕਮਰੇ 'ਚ ਪਿਆ, ਜੇਲ੍ਹ 'ਚ ਬੰਦ ਉਸ ਕੈਦੀ ਵਾਂਗ ਮਹਿਸੂਸ ਕਰ ਰਿਹਾ ਸੀ ਜਿਸਨੂੰ ਫ਼ਾਂਸੀ ਦੀ ਸਜ਼ਾ ਹੋ ਚੁਕੀ ਹੋਵੇ। ਮੇਰਾ ਜੀਅ ਕਾਹਲਾ ਸੀ ਕਿ ਕਦੋਂ ਹਵਾ ਬਣ ਕੇ ਇਸ ਜੇਲ੍ਹ ਦੀਆਂ ਹੱਦਾਂ ਪਾਰ ਕਰ ਜਾਵਾਂ। ਇਸ ਘਰ ਦੀ ਦਹਿਲੀਜ਼ ਤੋਂ ਪਾਰ, ਮੈਂ ਤੇ ਵੀਰਾਂ ਨੇ ਰਲ ਕੇ ਸੁਪਨੇ ਬੀਜਣੇ ਸਨ ਤੇ ਫਿਰ ਉਨ੍ਹਾਂ ਨੂੰ ਫਲ ਲਗਦਿਆਂ ਵੇਖਣਾ ਸੀ। ਮੈਂ ਪਾਸਾ ਪਰਤ ਕੇ ਗੁੱਜਰ ਵੱਲ ਵੇਖਿਆ ਪਰ ਹਨੇਰੇ ਨਾਲ ਨੱਕੋ-ਨੱਕ ਭਰੀ ਸਬਾਤ ਵਿੱਚ ਕੁਝ ਨਜ਼ਰ ਨਾ ਆਇਆ। ਸੌਂ ਗਏ ਗੁੱਜਰ ਦੇ ਘੁਰਾੜੇ ਇਸ ਹਨੇਰੀ ਸਬਾਤ ਦੇ ਸੰਨਾਟੇ ਨੂੰ ਜ਼ਰੂਰ ਤੋੜ ਰਹੇ ਸਨ। ਮੈਂ ਫਿਰ ਬਾਰ ਵੱਲ ਧਿਆਨ ਗੱਡ ਲਿਆ।

ਥੋੜ੍ਹੇ ਸਮੇਂ ਬਾਅਦ ਮੈਨੂੰ ਵਿਹੜੇ 'ਚ ਕਿਸੇ ਦੀ ਪੈੜ-ਚਾਲ ਸੁਣਾਈ ਦਿੱਤੀ। ਮੈਂ ਬਿਨਾਂ ਖੜਕਾ ਕੀਤਿਆਂ ਮੰਜੇ ਤੋਂ ਉੱਠ ਕੇ ਪੈਰੀਂ ਜੋੜੇ ਪਾ ਲਏ। ਦੱਬਵੇਂ ਪੈਰੀਂ ਸਬਾਤ ਦੇ ਬਾਰ ਤੱਕ ਆਇਆ। ਮੱਲਕ ਦੇਣੇ ਸਬਾਤ ਦਾ ਬਾਰ ਖੋਲ੍ਹਿਆ। ਇੱਕ ਨਜ਼ਰ ਹਨੇਰੀ ਸਬਾਤ ਵਿੱਚ ਮਾਰ ਕੇ ਬਾਰ ਮੁੜ ਭੇੜ ਦਿੱਤਾ।

"ਚੱਲ ਛੇਤੀ!" ਵੀਰਾਂ ਮੇਰਾ ਹੱਥ ਫੜ ਕੇ ਬਾਹਰਲੇ ਬਾਰ ਵੱਲ ਤੁਰ ਪਈ। ਉਸ ਘਰ ਤੋਂ ਕਈ ਘਰ ਲੰਘਣ ਤੱਕ ਅਸੀਂ ਦੱਬਵੇਂ ਪੈਰੀਂ ਤੁਰਦੇ ਆਏ। ਫਿਰ ਪਤਾ ਨਹੀਂ ਕਿਹੜੀ ਕੰਧ ਨਾਲ ਲੱਗੇ ਬੈਠੇ ਕੁੱਤੇ ਸਾਨੂੰ ਭੌਂਕਣ ਲੱਗ ਪਏ। ਸਾਡੀ ਚਾਲ ਤੇਜ਼ ਹੋ ਗਈ। ਫਿਰਨੀ 'ਤੇ ਆ ਕੇ ਅਸੀਂ ਦੌੜ ਪਏ। ਪਿੰਡ ਦੀ ਜੂਹ ਟੱਪਣ ਤੱਕ ਅਸੀਂ ਸਾਹ ਨਾਲ ਸਾਹ ਨਾ ਰਲਣ ਦਿੱਤਾ। ਜਦੋਂ ਅਸੀਂ ਖ਼ਤਰੇ ਤੋਂ ਦੂਰ ਲੰਘ ਆਏ ਫਿਰ ਅਸੀਂ ਦੌੜਨਾ ਛੱਡ ਕੇ ਕਾਹਲੀ ਤੁਰਨ ਲੱਗੇ। ਅਸੀਂ ਸਿੱਧਾ ਕੱਟੂ ਵਾਲਾ ਰਸਤਾ ਫੜਿਆ ਸੀ। ਕੱਟੂ ਤੋਂ ਅਸੀਂ ਸੇਖੇ ਨੂੰ ਜਾਂਦੇ ਪਹੇ ਪੈ ਗਏ। ਰਾਤੋ-ਰਾਤ ਅਸੀਂ ਸੇਖੇ ਸਟੇਸ਼ਨ 'ਤੇ ਜਾ ਪੁੱਜੇ।

ਸਵੇਰੇ ਸਾਢੇ ਚਾਰ ਗੱਡੀ ਆਈ ਤਾਂ ਅਸੀਂ ਧੂਰੀ ਨੂੰ ਚੜ੍ਹ ਗਏ। ਵੀਰਾਂ ਉੱਤੇ ਲਏ

ਸ਼ਾਲ ਅਤੇ ਮੇਰੀ ਬੁੱਕਲ ਵਾਲੇ ਖੇਸ ਤੋਂ ਬਿਨਾਂ ਸਾਡੇ ਕੋਲ ਕੋਈ ਕੱਪੜਾ ਨਹੀਂ ਸੀ। ਮੈਂ ਆਪਣੇ ਕੱਪੜੇ ਵੀ ਉੱਥੀ ਛੱਡ ਆਇਆ ਸੀ। ਭੱਜਦਿਆਂ ਤੇ ਤੁਰਦਿਆਂ ਸਾਨੂੰ ਠੰਡ ਘੱਟ ਮਹਿਸੂਸ ਹੋਈ ਸੀ ਪਰ ਹੁਣ ਸਾਨੂੰ ਪਾਲਾ ਕੰਬਣੀ ਚਾੜ੍ਹ ਰਿਹਾ ਸੀ। ਅਸੀਂ ਦੋਵੇਂ ਖੇਸ 'ਚ ਲਿਪਟ ਕੇ ਇੱਕ-ਦੂਜੇ ਦੇ ਨਾਲ ਲੱਗ ਕੇ ਬੈਠ ਗਏ।

*ਨੋਟ – ਗੱਡੀ 'ਚ ਬੈਠਿਆਂ ਨੌਹਰ ਨੂੰ ਵੀਰਾਂ ਨੇ ਜੋ ਆਪਣੇ ਨਾਲ ਹੋਈ ਬੀਤੀ ਦੱਸੀ ਉਹ ਮੈਂ ਸੰਖੇਪ ਵਿੱਚ ਖ਼ੁਦ ਲਿਖਦਾ ਹਾਂ –*

ਵੀਰਾਂ ਨੂੰ ਕਰਮਦੀਨ ਲੈ ਆਇਆ। ਰਸਤੇ 'ਚ ਉਸਦੇ ਅੰਦਰ ਬੈਠਾ ਸ਼ੈਤਾਨ ਬੋਲ ਪਿਆ। ਉਸਨੇ ਵੀਰਾਂ ਨੂੰ ਦਬਕਾ ਮਾਰਿਆ ਕਿ ਉਹ ਮੇਰੀ ਭੂਆ ਦੇ ਮੁੰਡੇ ਨਾਲ ਹੱਕ ਕਰ ਲਏ। ਜੇ ਉਹਨੇ ਇੰਝ ਨਾ ਕੀਤਾ ਤਾਂ ਅਸੀਂ ਤੈਨੂੰ ਤੇ ਨੌਹਰ ਨੂੰ ਮਾਰ ਦੇਵਾਂਗੇ। ਅਸਲ ਵਿੱਚ ਕਰਮਦੀਨ ਆਪਣੇ ਭਰਾਵਾਂ ਅਤੇ ਉਮਰੀ ਨਾਲ ਅਜਿਹਾ ਕਰਨ ਦਾ ਮਤਾ ਪਕਾ ਕੇ ਹੀ ਵੀਰਾਂ ਨੂੰ ਲੈਣ ਆਇਆ ਸੀ। ਮਨਸ਼ਾ ਤਾਂ ਉਨ੍ਹਾਂ ਤਿੰਨਾਂ ਭਰਾਵਾਂ ਦੀ ਨੌਹਰ ਨੂੰ ਮਾਰ ਦੇਣ ਦੀ ਵੀ ਸੀ ਪਰ ਇਹ ਗੱਲ ਉਹਨਾਂ ਨੇ ਉਮਰੀ ਨੂੰ ਨਹੀਂ ਦੱਸੀ ਸੀ ਪਰ ਉਮਰੀ, ਵੀਰਾਂ ਦਾ ਕਰਮਦੀਨ ਦੇ ਭੂਆ ਦੇ ਮੁੰਡੇ ਨਾਲ ਹੱਕ ਕਰਵਾਉਣ ਲਈ ਦਿਲੋਂ ਰਾਜ਼ੀ ਸੀ। ਬੱਸ ਏਨਾ ਹੀ ਭੈਣ-ਭਰਾ ਦੇ ਰਿਸ਼ਤੇ ਨੂੰ ਮੂਧੇ-ਮੂੰਹ ਸੁੱਟ ਦੇਣ ਲਈ ਕਾਫ਼ੀ ਸੀ। ਵੀਰਾਂ ਡਰਦੀ ਬੱਚੇ ਨੂੰ ਜਨਮ ਦੇਣ ਲਈ ਚੁੱਪ-ਚਾਪ ਕਰਮਦੀਨ ਨਾਲ ਦਾਨਗੜ੍ਹ ਆ ਗਈ। ਵੀਹ ਦਿਨਾਂ ਬਾਅਦ ਵੀਰਾਂ ਦੇ ਬੱਚਾ ਪੈਦਾ ਹੋਇਆ। ਮਰਿਆ ਹੋਇਆ। ਵੀਰਾਂ ਵੀ ਮਰਦੀ ਮਰਦੀ ਬਚੀ। ਮਰੇ ਬੱਚੇ ਨਾਲ ਵੀਰਾਂ ਦੇ ਸਾਰੇ ਸੁਪਨੇ ਮਰ ਗਏ। ਉਹ ਪੱਥਰ ਵਾਂਗ ਗੁੰਮ-ਸੁੰਮ ਹੋ ਗਈ। ਮਰਿਆ ਬੱਚਾ ਦਾਨਗੜ੍ਹੀਆਂ ਦੇ ਸਾਰੇ ਪਰਿਵਾਰ ਨੂੰ ਖੁਸ਼ੀਆਂ ਦੇ ਝੂਟੇ ਦੇ ਗਿਆ। ਮਹੀਨੇ ਵੀਹ ਦਿਨਾਂ ਤੱਕ ਵੀਰਾਂ ਦਾ ਹੱਕ ਕਰਮਦੀਨ ਦੀ ਭੂਆ ਦੇ ਮੁੰਡੇ ਨਾਲ ਕਰ ਦੇਣਾ ਸੀ ਕਿ ਨੌਹਰ ਰਾਤੋ-ਰਾਤ ਉਹਨਾਂ ਦੀਆਂ ਸੁਪਨੇ ਦੇਖਦੀਆਂ ਅੱਖਾਂ 'ਚ ਘੱਟਾ ਪਾ ਗਿਆ।

•••

### ਹੁਣ ਨੌਹਰ ਬਨਾਮ ਤੁਸੀਂ

ਹੁਣ ਦੂਸਰੀ ਗੱਡੀ ਧੂਰੀ ਤੋਂ ਮਲੇਰਕੋਟਲੇ ਵੱਲ ਦੌੜੀ ਜਾ ਰਹੀ ਸੀ। ਨਵਾਂ ਦਿਨ ਚੜ੍ਹਨ ਲੱਗਿਆ ਸੀ। ਚਿੱਟਾ ਚਾਨਣ ਕਾਲ਼ੇ ਹਨੇਰੇ 'ਤੇ ਪਲ ਪਲ ਭਾਰੂ ਹੋ ਰਿਹਾ ਸੀ। ਗੱਡੀ 'ਚ ਸੁੱਤੇ ਪਏ ਮੁਸਾਫ਼ਰਾਂ 'ਚੋਂ ਟਾਵਾਂ ਟਾਵਾਂ ਜਾਗਣ ਲੱਗਿਆ ਸੀ। ਵੀਰਾਂ ਮੇਰੇ ਮੋਢੇ 'ਤੇ ਸਿਰ ਰੱਖੀਂ ਊਂਘ ਰਹੀ ਸੀ। ਦਿਨ ਚੜ੍ਹਦੇ ਨੂੰ ਅਸੀਂ ਮਲੇਰਕੋਟਲੇ ਜਾ ਉੱਤਰੇ।

ਮਲੇਰਕੋਟਲੇ ਦੇ ਕੋਲ ਪਿੰਡ ਬਖ਼ਤਪੁਰ ਮੇਰੀ ਭੂਆ ਦੇ ਮੁੰਡੇ ਰਹਿੰਦੇ ਸਨ। ਅਸੀਂ ਉਨ੍ਹਾਂ ਦਾ ਜਾ ਦਰ ਖੜਕਾਇਆ। ਉਨ੍ਹਾਂ ਨੇ ਮੇਰੀ ਚੰਗੀ ਮਦਦ ਕੀਤੀ ਤੇ ਸਾਡਾ ਹੱਕ ਕਰਵਾਉਣ ਦਾ ਦਿਨ ਵੀ ਬੰਨ੍ਹ ਦਿੱਤਾ। ਕਈ ਦਿਨਾਂ ਬਾਅਦ ਮੈਂ ਤੇ ਮੇਰੀ ਭੂਆ ਦਾ ਮੁੰਡਾ ਹਜ਼ੂਰੇ ਹੋਰਾਂ ਨੂੰ ਸਾਰੀ ਗੱਲ ਦੱਸਣ ਅਤੇ ਆਪਣਾ ਸਮਾਨ ਚੁੱਕਣ ਹਮੇਲਪੁਰ ਗਏ। ਹਜ਼ੂਰਾ ਧੁੱਪੇ ਮੰਜੇ 'ਤੇ ਪਿਆ ਸੀ। ਭਾਨਾ ਮੱਝਾਂ ਨੂੰ ਸੰਨ੍ਹੀ ਕਰ ਰਿਹਾ ਸੀ। ਉਹ ਸਾਨੂੰ ਵੇਖ ਕੇ ਸੰਨ੍ਹੀ ਕਰਦਾ ਕਰਦਾ ਸਾਡੇ ਕੋਲ ਆ ਖੜ੍ਹਿਆ। ਅਸੀਂ ਚਾਹ-ਪਾਣੀ ਪੀ ਕੇ ਸਾਰੀ ਹੋਈ-ਬੀਤੀ ਹਜ਼ੂਰੇ ਅਤੇ ਭਾਨੇ ਨੂੰ ਦੱਸ ਦਿੱਤੀ।

"ਮੈਂ ਤਾਂ ਉਹਦੀ ਪਹਿਲੀਂ ਅੱਖ ਪਛਾਣ ਲੀ ਸੀ ਪਰ ਤੇਰਾ ਰਿਸ਼ਤੇਦਾਰ ਸੀ, ਹੁਣ



ਕੀ ਕਹਿ ਸਕਦੇ ਸੀ।" ਭਾਨਾ ਹੁਣ ਮੱਝਾਂ ਖੁਰਲੀਆਂ 'ਤੇ ਬੰਨ੍ਹ ਕੇ ਸਾਡੇ ਕੋਲ ਆ ਬੈਠਿਆ ਸੀ।

"ਚੱਲ ਫੇਰ ਵੀ ਚੰਗਾ ਹੋਇਆ, ਤੂੰ ਓਥੋਂ ਆ ਗਿਆ।" ਹਜ਼ੂਰੇ ਨੇ ਸੁੱਖ ਦਾ ਸਾਹ ਲਿਆ।

"ਹੁਣ ਤਾਂ ਅਸੀਂ ਥੋਨੂੰ ਹੱਕ 'ਤੇ ਪਹੁੰਚਣ ਦਾ ਸੱਦਾ ਦੇਣ ਆਇਆਂ ਜੀ।" ਮੇਰੀ ਭੂਆ ਦਾ ਮੁੰਡਾ ਬੋਲ ਪਿਆ।

"ਹਾਂ ਭਾਈ, ਜੇ ਤੁਸੀਂ ਬੁਲਾਇਐ ਤਾਂ ਜ਼ਰੂਰ ਪਹੁੰਚਾਂਗੇ। ਨਾਲੇ ਮੈਂ ਆਪਣੀ ਧੀ ਦਾ ਵੀ ਕੁਛ ਦੇਣ-ਲੈਣ ਕਰਨੈ।" ਹਜ਼ੂਰੇ ਦੇ ਬੋਲਾਂ ਵਿੱਚ ਮੋਹ ਠਾਠਾਂ ਮਾਰਦਾ ਸੀ।

"ਹੁਣ ਅਸੀਂ ਚਲਦਿਆਂ ਜੀ। ਦਿਨ ਨਾ ਭੁੱਲਿਓ।" ਮੇਰੀ ਭੂਆ ਦੇ ਮੁੰਡੇ ਨੇ ਉੱਠਣ ਲੱਗਿਆਂ ਇੱਕ ਵਾਰ ਫਿਰ ਦੁਹਰਾਇਆ।

"ਲੈ! ਇਹ ਭੁੱਲਣ ਆਲੀਆਂ ਗੱਲਾਂ ਨੇ ਭੈੜਿਆ?" ਹਜ਼ੂਰੇ ਨੇ ਮੇਰੇ ਮੋਢੇ 'ਤੇ ਵਿਸ਼ਵਾਸ ਦਾ ਹੱਥ ਰੱਖਿਆ।

ਅਸੀਂ ਹਜ਼ੂਰੇ ਅਤੇ ਭਾਨੇ ਕੋਲੋਂ ਪਿਆਰ ਅਤੇ ਵਿਸ਼ਵਾਸ ਦੀਆਂ ਪੰਡਾਂ ਬੰਨ੍ਹ ਕੇ ਖੁਸ਼ੀ ਨਾਲ ਭਰੇ ਬਖ਼ਤਪੁਰ ਆ ਗਏ।

ਸਾਡੇ ਹੱਕ ਵਾਲੇ ਦਿਨ ਕਿੰਨਾ ਹੀ ਨਿੱਕ-ਸੁੱਕ ਲੈ ਕੇ ਹਜ਼ੂਰਾ, ਭਾਨਾ ਅਤੇ ਭਾਨੇ ਦੀ ਘਰਵਾਲੀ ਪਹੁੰਚ ਗਏ। ਮੇਰਾ ਤੇ ਵੀਰਾਂ ਦਾ ਹੱਕ ਹੋ ਗਿਆ। ਅਸੀਂ ਨਵੀਂ ਜ਼ਿੰਦਗੀ ਦੇ ਵਿਹੜੇ ਪਹਿਲਾ ਕਦਮ ਰੱਖਿਆ। ਕੁਝ ਦਿਨਾਂ ਬਾਅਦ ਹੀ ਮੇਰੀ ਭੂਆ ਦੇ ਪਰਿਵਾਰ ਨੂੰ ਕਿਸੇ ਪਿੰਡ ਦੀ ਪੰਚਾਇਤ ਗੰਢ ਦੇ ਕੇ ਲੈਣ ਆ ਗਈ। ਮੇਰੇ ਫੁੱਫੜ ਨੇ ਸਾਰੀ ਪੰਚਾਇਤ ਅਤੇ ਆਪਣੇ ਪੁੱਤਰਾਂ ਦੇ ਸਾਹਮਣੇ ਘਰ 'ਚ ਚੜ੍ਹੇ ਕਾਠ ਦੇ ਨਗੂਣੇ ਜਿਹੇ ਪੈਸੇ ਲੈ ਕੇ ਮੇਰੇ ਪੱਲੇ ਪਾ ਦਿੱਤਾ। ਏਨੇ ਕੁ ਪੈਸੇ ਵੀ ਉਹਨੇ ਇਸ ਕਰਕੇ ਲਏ ਕਿ ਕਿਤੇ ਉਸਦੀ ਮੌਤ ਤੋਂ ਬਾਅਦ ਉਸਦੇ ਮੁੰਡਿਆਂ ਦੇ ਮਨਾਂ 'ਚ ਲਾਲਚ ਨਾ ਜਾਗ ਪਵੇ ਤੇ ਉਹ ਮੇਰੇ ਕੋਲੋਂ ਛੱਤ ਵੀ ਨਾ ਖੋਹ ਲੈਣ। ਉਹ ਪਿੰਡ ਛੱਡ ਕੇ ਪੰਚਾਇਤ ਨਾਲ ਤੁਰ ਗਏ। ਉਸੇ ਘਰ ਨੂੰ ਅਸੀਂ ਆਬਾਦ ਕਰ ਲਿਆ ਜਿੱਥੇ ਹੁਣ ਬੱਚਿਆਂ ਦੀਆਂ ਕਿਲਕਾਰੀਆਂ ਨੇ, ਤੋਤਲੇ ਹਾਸੇ ਨੇ। ਨੂੰਹਾਂ, ਪੁੱਤਾਂ ਦੇ 'ਅੱਬਾ ਜੀ' ਕਹਿਣ ਵਾਲੇ ਪਿਆਰੇ ਬੋਲ ਨੇ।

### ਅਖ਼ੀਰਲਾ ਹੰਝੂ

ਨੌਹਰ ਨੇ ਸਾਰੀ ਕਹਾਣੀ ਸੁਣਾ ਕੇ ਲੰਬਾ ਸਾਹ ਲਿਆ। ਉਸਨੇ ਧੂਣੀ ਦੇ ਮੱਧਮ ਚਾਨਣੇ ਵਾਰੀ ਵਾਰੀ ਸਾਡੇ ਸਾਰਿਆਂ ਦੇ ਚਿਹਰਿਆਂ ਵੱਲ ਤੱਕਿਆ। ਨੌਹਰ ਦੇ ਚਿਹਰੇ ਤੋਂ ਮੈਨੂੰ ਲੱਗਿਆ ਜਿਵੇਂ ਉਹ ਹੁਣੇ ਹੁਣੇ ਆਪਣਾ ਕੰਡਿਆਂ 'ਤੇ ਤੁਰਨ ਵਾਲਾ, ਅੱਗਾਂ 'ਚੋਂ ਗੁਜ਼ਰਨ ਵਾਲਾ ਜੀਵਨ ਜਿਉਂ ਕੇ ਮੁੜ ਪਰਤਿਆ ਹੋਵੇ।

ਹੁਣ ਨੌਹਰ ਦਾ ਥਕੇਵਾਂ ਲਾਹੁਣ ਦੀ ਮੇਰੀ ਵਾਰੀ ਸੀ। ਫੇਸਬੁੱਕ 'ਤੇ ਬਣੀ ਮੇਰੀ ਪਾਕਿਸਤਾਨੀ ਦੋਸਤ ਦੀ ਗੱਲ ਮੈਂ ਹੁਣ ਤੱਕ ਨੌਹਰ ਤੋਂ ਲੁਕਾ ਰੱਖੀ ਸੀ। ਹੁਣ ਉਸਦੇ ਦੱਸਣ ਦਾ ਵੇਲਾ ਆ ਗਿਆ ਸੀ। ਮੈਂ ਛੇਤੀ ਭਾਵੁਕ ਹੋਣ ਵਾਲੇ ਆਪਣੇ ਮਨ ਨੂੰ ਹੌਸਲੇ 'ਚ ਬੰਨ੍ਹਿਆ ਤੇ ਬੋਲ ਪਿਆ।

"ਬਾਬਾ ਜੀ....! ਤੇਰਾ ਛੋਟਾ ਭਰਾ.... ਅਜੇ ਜਿਉਂਦੈ।" ਮੇਰੇ ਬੋਲ ਏਨੀ ਕੋਸ਼ਿਸ਼ ਦੇ ਬਾਵਜੂਦ ਵੀ ਥਿੜਕ ਗਏ।

"ਹੈਂ! ਕਿੱਥੇ?" ਨੌਹਰ ਐਨਾ ਹੈਰਾਨ ਤੇ ਖੁਸ਼ ਹੋਇਆ ਮੇਰੇ ਵੱਲ ਝਾਕਿਆ ਜਿਵੇਂ ਮੈਂ ਉਸਦੇ ਛੋਟੇ ਭਰਾ ਨੂੰ ਆਪਣੇ ਪਿੱਛੇ ਲੁਕਾ ਰੱਖਿਆ ਹੋਵੇ ਤੇ ਉਹ ਹੁਣੇ ਹੀ 'ਝਾਤੀ' ਕਰਦਾ ਨੌਹਰ ਨੂੰ ਝੱਟ ਦਿਸ ਪਵੇਗਾ।

"ਬਾਬਾ ਜੀ! ਤੇਰਾ..... ਭਰਾ ਬਚ ਗਿਆ ਸੀ। ਉਹ ਹੁਣ ਪਾਕਿਸਤਾਨ ਵਿੱਚ ਐ। ਉਹਦੀ ਪੋਤੀ ਮੇਰੇ ਨਾਲ ਫੇਸਬੁੱਕ 'ਤੇ ਜੁੜੀ ਹੋਈ ਐ। ਮੈਂ ਉਹਨਾਂ ਨੂੰ ਵੀ ਤੇਰੇ ਬਾਰੇ ਦੱਸ ਦਿੱਤਾ ਸੀ। ਉਹਨਾਂ ਦਾ ਵੀਜ਼ਾ ਵੀ ਲੱਗ ਗਿਐ। ਉਹ ਅਗਲੇ ਹਫ਼ਤੇ ਇੱਧਰ ਆ ਰਹੇ ਨੇ.... ਤੈਨੂੰ ਮਿਲਣ!" ਮੈਂ ਫਿਰ ਭਾਵੁਕ ਹੋ ਗਿਆ।

"ਹੈਂ!!!? ਉਹ ਸੱਚ ਪੁੱਤਰਾ....!?" ਨੌਹਰ ਨੇ ਹੁੱਕੀ ਪਰ੍ਹਾਂ ਸੁੱਟੀ। ਉਹ ਝਟਕੇ ਨਾਲ ਖੜ੍ਹਾ ਹੋ ਗਿਆ। ਮੈਂ ਹੈਰਾਨ ਸੀ ਉਸਦੇ ਬੁੱਢੇ ਸਰੀਰ ਵਿੱਚ ਏਨੀ ਫੁਰਤੀ ਕਿਵੇਂ ਆ ਗਈ। ਉਸਨੇ ਮੈਨੂੰ ਗਲਵੱਕੜੀ 'ਚ ਘੁੱਟ ਲਿਆ।

"ਓ...ਹ ਜਿਉਂਦਾ ਰਹਿ...ਓਏ...ਜਿਣ ਜੋਗਿਆ।" ਨੌਹਰ ਦੀ ਧਾਅ ਨਿੱਕਲ ਗਈ। ਮੇਰਾ ਅੰਦਰ ਵੀ ਸਭ ਬੰਨ੍ਹ ਤੋੜ ਕੇ ਉੱਛਲ ਪਿਆ। ਅਸੀਂ ਦੋਵੇਂ ਇੱਕ-ਦੂਜੇ ਨੂੰ ਗਲਵੱਕੜੀ ਪਾਈਂ ਰੋ ਰਹੇ ਸੀ। ਸਾਡੇ ਕੋਲ ਖੜ੍ਹੇ ਅਖ਼ਤਰ ਤੇ ਅੱਬਾਸ ਅੱਖਾਂ ਪੂੰਝਦੇ ਸਾਡੇ ਵਿੱਚ ਸ਼ਾਮਲ ਹੋ ਗਏ। ਜਦੋਂ ਸਾਡੀ ਸੁਰਤ ਪਰਤੀ ਫਿਰ ਅਸੀਂ ਇੱਕ-ਦੂਜੇ ਦੀ ਗਲਵੱਕੜੀ 'ਚੋਂ ਵੱਖ ਹੋਏ। ਹੁਣ ਨੌਹਰ ਜਾਣ ਲਈ ਤਿਆਰ ਹੋਇਆ। ਉਸਨੇ ਧੂਣੀ ਦੇ ਇੱਕ ਪਾਸੇ ਡਿੱਗੀ ਪਈ ਆਪਣੀ ਹੁੱਕੀ ਚੁੱਕੀ।

"ਚੰਗਾ ਪੁੱਤਰੋ! ਮੈਂ ਘਰਦਿਆਂ ਨੂੰ ਦੱਸ ਦੇਵਾਂ ਜਾ ਕੇ।" ਨੌਹਰ ਹੁਣ ਇਹ ਖੁਸ਼ੀ ਘਰਦਿਆਂ ਨਾਲ ਸਾਂਝੀ ਕਰਨੀ ਚਾਹੁੰਦਾ ਸੀ। ਛੇਤੀ ਤੋਂ ਛੇਤੀ। ਰਾਤ ਕਾਫ਼ੀ ਉੱਤਰ ਆਈ ਸੀ। ਲੋਕ ਕਦੋਂ ਦੇ ਰਜਾਈਆਂ ਵਿੱਚ ਵੜ ਗਏ ਸਨ। ਥੋੜ੍ਹੀ ਥੋੜ੍ਹੀ ਧੁੰਦ ਵੀ ਉੱਤਰਨ ਲੱਗ ਪਈ ਸੀ। ਨੌਹਰ ਘਰ ਨੂੰ ਤੁਰ ਪਿਆ ਸੀ। ਉਸਦੇ ਕਦਮਾਂ ਵਿੱਚ ਹੁਣ ਕਾਹਲ ਸੀ।

"ਬਾਬਾ ਜੀ, ਹਨੇਰੈ। ਮੈਂ ਛੱਡ ਕੇ ਆਉਨਾ।" ਅਖ਼ਤਰ ਨੌਹਰ ਵੱਲ ਵਧਿਆ।

"ਨਹੀਂ ਪੁੱਤਰੋ! ਵੱਡੇ ਹਨੇਰੇ ਤਾਂ ਮੈਂ ਲੰਘ ਆਇਆਂ। ਹੁਣ ਕੋਈ ਡਰ ਨੀ।" ਨੌਹਰ ਹੱਥ ਖੜ੍ਹਾ ਕਰਦਾ ਪਤਾ ਨਹੀਂ ਕਿੱਥੋਂ ਬੋਲ ਰਿਹਾ ਸੀ। ਅਸੀਂ ਧੂਣੀ ਕੋਲ ਬੁੱਤ ਬਣੇ ਖੜ੍ਹੇ ਤੁਰੇ ਜਾਂਦੇ ਨੌਹਰ ਨੂੰ ਵੇਖਦੇ ਰਹੇ। ਉਸਦਾ ਚਿੱਟਾ ਕੁੜਤਾ ਪਜਾਮਾ ਹਨੇਰੇ ਵਿਚ ਅਜੇ ਵੀ ਨਜ਼ਰ ਆ ਰਿਹਾ ਸੀ।



# ਤਰਬੈਣੀ

ਮਹਿੰਦਰ ਸਿੰਘ ਜੋਸ਼ੀ

"ਤੇਰੀ ਤਰਬੈਣੀ ਦੀ ਛਾਉਂ ਖ਼ੂਬ ਐ ਕਰਤਾਰ ਸਿਹਾਂ। ਇਥੇ ਬਹਿ ਕੇ ਜਾਣੀ ਰੋਮ-ਰੋਮ ਹਰਾ ਹੋ ਗਿਆ।

"ਖ਼ਬਰੇ ਤਾਂਹੀਂ ਸਿਆਣੇ ਤਰਬੈਣੀ ਲਾਉਣ ਦਾ ਐਨਾ ਮਹਾਤਮ ਦੱਸਦੇ ਹੁੰਦੇ ਮਾਸਟਰ ਜੀ। ਕਹਿੰਦੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤਿੰਨੇ ਕੱਠੇ ਹੋ ਜਾਂਦੇ ਨੇ ਤਰਬੈਣੀ 'ਚ।"

"ਫੇਰ ਤਾ ਚੰਗਾ ਪੁੰਨ ਖੱਟ ਲਿਆ ਤੈਂ ਇਹ ਬਿਰਛ ਲਾ ਕੇ।"

"ਪਰ ਮੈਂ ਖੋਟੇ ਕਰਮਾਂ ਬਾਲੇ ਨੇ ਇਕ ਤਰਬੈਣੀ ਪੱਟੀ ਹੋਈ ਬੀ ਤਾਂ ਹੈ।"

"ਤੈਂ ਤਰਬੈਣੀ ਪੱਟੀ ਹੋਈ ਐ?"

"ਹਾਂ, ਤੇ ਜਦੋਂ ਦੀ ਪੱਟੀ ਐ, ਮੈਂ ਕੀ ਪਿੰਡ ਨੀ ਉੱਦੋਸਾਇਆ, ਕਦੇ ਆਹਣ, ਕਦੇ ਕਾਲ ਅੰਗਿਆਰੀ, ਕਦੇ ਹੜ੍ਹ, ਕਦੇ ਸੇਮ। ਹੇਠ ਤੇਲੀ ਨਾ ਉਤੇ ਪਲੀ। ਸਾਨੂੰ ਮੁੜ ਕੇ ਢਿੱਡ ਭਰਨ ਜੋਗੇ ਦਾਣੇ ਨੀ ਜੁੜੇ।"

"ਬਈ ਆਪਣੇ ਤਾਂ ਕੁਝ ਪੱਲੇ ਨੀ ਪਿਆ।"

"ਨਿਆਜ਼ ਲੁਹਾਰਾਂ ਦਾ ਮੁੰਡਾ ਮੇਰਾ ਗੁਆਂਢੀ ਸੀ। ਸੰਦ ਬਣਾਉਂਦਾ, ਕਹੀਆਂ ਖੁਰਪੇ, ਮੂਰਤਾਂ ਬਰਗੇ। ਦੂਰ-ਦੂਰ ਜਾਂਦੇ। ਬੀਹ-ਬੀਹ ਕੋਹ 'ਚ ਪਿੰਡ ਦਾ ਨਾਉਂ ਉੱਘਾ ਸੀ ਉਹਦੇ ਨਾਮ ਨਾਲ। ਉਹ ਸਾਡੀਆਂ ਚਊਆਂ ਡੰਗਦਾ, ਕਸੀਏ ਚੰਡਦਾ, ਦਾਤੀਆਂ ਦੇ ਦੰਦੇ ਕੱਢਦਾ। ਜੇ ਫ਼ਸਲ ਚੰਗੀ ਹੋਣੀ ਉਹਨੂੰ ਪੰਜ ਪੰਸੇਰੀਆਂ ਦਾਣਿਆਂ ਦੀਆਂ ਛਿਮਾਹੀ ਦੀਆਂ ਮਿਲਣੀਆਂ, ਜੇ ਢਿੱਲੀ ਰਹਿ ਜਾਣੀ ਤਾਂ ਤਿੰਨ। ਲਾਗੀ ਲੋਕ, ਉਹਨਾਂ ਨੇ ਸੁੱਖਾਂ ਸੁੱਖੀਆਂ ਰੱਬਾ ਸਮਾਂ ਲੱਗੇ, ਘਰ-ਘਰ ਅੰਨ ਦੇ ਬੋਹਲ ਡਿੱਗਣ। ਉਹਨਾਂ ਨੂੰ ਫ਼ਸਲਾਂ ਹੋਈਆਂ ਦਾ ਈ ਭਾਅ ਸੀ। ਨਾ ਕਿਸੇ ਨਾਲ ਦੁਸ਼ਮਣੀ, ਨਾ ਕੋਈ ਦੁਐਤ, ਤੇ ਪਿੰਡ ਆਪ ਉਹਨਾਂ ਸਾਹਾਂ ਦਾ ਦਮਾਨਾ।

"ਹੱਲਿਆਂ ਬੇਲੇ ਭਾਈਚਾਰੇ ਨੂੰ ਭਰਮ ਹੋ ਗਿਆ ਨਿਆਜ਼ ਪਸਤੌਲ ਬਣਾਉਂਦੈ ਤੇ ਨੇੜ ਪਪੇਹੇ ਦੇ ਮੁਸਲੱਕੇ ਨੂੰ ਹਥਿਆਰ-ਬੰਦ ਕਰਦੈ। ਉਹਨੇ ਕੁਰਾਨ ਸਿਰ ਤੇ ਧਰ ਕੇ ਤੇ ਬੱਚੇ ਗੋਦੀ ਚੁੱਕ ਕੇ ਸੰਹੁਆਂ ਖਾਧੀਆਂ, ਪਰ ਲੋਕਾਂ ਦਾ ਦਿਲ ਨਾ ਟਿਕਿਆ। ਭਰਮ ਦੀ ਦਾਰੂ ਤਾਂ ਕਹਿੰਦੇ ਰੱਬ ਕੋਲ ਬੀ ਨੀ ਹੋਈ। ਪਿੰਡ ਦੇ ਚੋਬਰ ਮੁੰਡੇ ਘੁਸਰ ਮੁਸਰ ਕਰਨ ਲੱਗੇ, 'ਇਹਦਾ ਕੰਡਾ ਕੱਢੋ, ਨਹੀਂ ਤਾਂ ਇਹ ਸਾਰਿਆਂ ਨੂੰ ਫੂਕ ਦੂ। ਡਾਂਗਾਂ ਸੋਟੀਆਂ ਕੀ ਲੱਤਾਂ ਅੜਾਉਣਗੀਆਂ ਸਿੱਕੇ ਬਰੂਦ ਮੂਹਰੇ। ਜਦ ਦੁੱਲੇ ਦੀ ਬਾਰ ਤੇ ਹੋਰ ਲਾਕਿਆਂ ਕੰਨੀਓ ਬੁਰੀਆਂ ਖ਼ਬਰਾਂ ਆਉਣ ਲੱਗੀਆਂ, ਲੋਕ ਹੋਰ ਬੀ ਭੈ-ਭੀਤ ਹੋ ਗਏ। ਇਕ ਕਹੇ, 'ਨਿਆਜ ਕੋਲ ਮਛੀਨ ਗੰਨ ਐ।'

ਦੂਜਾ ਬੋਲੇ, 'ਇਹਦੇ ਕੋਲ ਬੰਬਾਂ ਦੇ ਗੋਲੇ ਨੇ' ਤੇ ਕੰਮ ਦਾ ਕਰਊਆ ਉਹ ਐਸਾ ਸੁਣਨ ਬਾਲੇ ਸਭ ਕਾਸੇ ਨੂੰ ਹੱਕ ਸੱਚ ਮੰਨ ਜਾਣ। ਓਦੋਂ ਕੁ ਮੇਰਾ ਨਾਉਂ ਦਸ ਨੰਬਰੀਆਂ 'ਚ ਸੀ, ਤੇ ਮੈਂ ਚੋਰੀ ਦੀ ਪੱਕੀ ਰਾਈਫ਼ਲ ਰੱਖੀ ਹੋਈ ਸੀ। ਮੁੰਡੇ ਮੇਰੇ ਮਗਰ ਪੈ ਗਏ 'ਚਾਚਾ, ਤੂੰ ਮੂਹਰੇ ਲੱਗ।' ਮੇਰਾ ਸਹਿਚਾਰ ਨਿਆਜ਼ ਨਾਲ। ਉਹਦਾ ਬੁਰਾ ਕਿਵੇਂ ਤੱਕਦਾ, ਮੈਂ ਆਲੇ ਕੌਡੀ ਛਿੱਕੇ ਕੌਡੀ ਕਰਦਾ ਰਿਹਾ। ਉਹ ਅੱਕ ਕੇ ਕਹਿੰਦੇ, 'ਜਦੋਂ ਤੁਰਕਾਂ ਨੇ ਬੰਦਿਆਂ ਦੀਆਂ ਹੋਲਾਂ ਭੁੰਨਤੀਆਂ ਤੇ ਕੁੜੀਆਂ ਚੱਕ ਕੇ ਲੈ ਗਏ, ਫੇਰ ਤੇਰੀ ਅਣਖ ਜਾਗੂ। ਤੈਨੂੰ ਨੀ ਪਤਾ ਉਹਨਾਂ ਨੇ ਕੀ ਬੇਜ਼ੁਲਮੀਆਂ ਕੀਤੀਆਂ 'ਨ ਅੰਬਰਸਰ ਟੱਪ ਕੇ। ਹੋਰ ਤਾਂ ਹੋਈ ਸੋ ਹੋਈ ਬੱਚਿਆਂ ਨੂੰ ਬਚਾਲਿਓਂ ਪਾੜਨ ਤੇ ਮੁਟਿਆਰਾਂ ਦੀਆਂ ਚੂਚੀਆਂ ਬੱਢਣ ਦੀ ਗੱਲ ਸੁਣ ਕੇ ਮੈਨੂੰ ਬੀ ਰੋਹ ਆ ਗਿਆ। ਨਿਆਜ ਦੇ ਘਰ ਗਿੱਲ ਦੀ ਖਾਸੀ ਅਬਾਈ ਸੀ। ਮੇਰੇ ਚਿੱਤ 'ਚ ਪਾਪ ਜਾਗਿਆ, 'ਚਲੋ ਨਾਲੇ ਚਾਰ ਗਰਜਾਂ ਜੋਗੇ ਪੈਸੇ ਭੋਰ ਲਾਂਗੇ।

"ਹੋਣ ਪਏ ਮੁਸਲਮਾਨ, ਥੇ ਤਾਂ ਆਖ਼ਰ ਨੂੰ ਆਦਮੀ ਦੇ ਬੱਚੇ ਈ। ਅਸੀਂ ਸੋਚਿਆ ਐਮੇਂ ਨਾ ਪਿੱਛੋਂ ਕਤਲ 'ਚ ਖਿੱਚੀਂਦੇ ਫਿਰੀਏ, ਪਿੰਡ ਤੋਂ ਹੰਘੂਰਾ ਭਰਬਾ ਲੌਂ। ਸੱਥ 'ਚ ਗੱਲ ਤੋਰੀ ਤਾਂ ਕਾਹਨਾ ਨੰਬਰਦਾਰ ਹਲਕੇ ਕੁੱਤੇ ਬਾਂਗੂੰ ਗੱਲ ਨੂੰ ਆਇਆ। ਕਹਿੰਦਾ, 'ਗਰਕ ਹੋਣਿਓ ਮੁਸਲਮਾਨ ਤਾਂ ਤਰਬੈਣੀ ਨੇ ਆਪਣੇ ਪਿੰਡ ਦੀ। ਦੇਖਿਓ, ਉਹਨਾਂ 'ਤੇ ਹੱਥ ਨਾ ਚੁੱਕਿਓ। ਕੁਛ ਸੋਚ ਕਰੋ ਮੂਰਖੋ! ਲੁਹਾਰਾਂ ਬਿਨਾਂ ਨਾ ਹੱਲ ਚੱਲਣ, ਨਾ ਫ਼ਸਲਾਂ ਗੁੱਡੀਆਂ ਬੱਢੀਆਂ ਜਾਣ। ਘਮਾਰਾਂ ਦੇ ਥਪੇ ਤੌੜਿਆਂ 'ਚ ਪਾਣੀ ਐ, ਤਾਂ ਸਭ ਕੋਠੜੀਆਂ ਸਬਾਤਾਂ ਨ੍ਹੇਰੀਆਂ ਹੋ ਜਾਣ। ਮਿੱਟੀ ਇੱਟਾਂ ਢੋ ਕੇ ਆਪਣੇ ਘਰੀਂ ਸਿਟਦੇ ਨੇ, ਕਣਕਾਂ ਛੋਲੇ ਮੰਡੀਆਂ 'ਚ। ਤੇਲੀ ਦਾ ਮੁੰਡਾ ਪਿੰਡ ਦੀ ਸਰ੍ਹੋਂ ਪੀੜਦੈ, ਕਪੜੇ ਸਿਉਂ-ਸਿਉਂ ਤਨ ਤੇੜ ਢਕਦੈ। ਬਡਾਰੂਆਂ ਦੇ ਗੌਂ ਨਾਲ ਲਿਆ ਕੇ ਬਸਾਏ ਤਿੰਨ ਘਰ ਅਸੀਂ ਤਾਂ ਅੱਜ ਤਾਈਂ ਬਾਲ ਬੱਚਿਆਂ ਬਾਂਗੂੰ ਗੱਲ ਨਾਲ ਲਾ ਕੇ ਰੱਖੇ ਸੀ। ਥੋਡਾ ਕਿਹੜੇ ਜੁੱਗ ਭਲਾ ਹੋਊ ਉਹਨਾਂ ਦਾ ਬੁਰਾ ਚਿਤਮਣ ਬਾਲਿਆਂ ਦਾ।"

'ਭੇਡ ਚਾਲ ਹੁੰਦੀ ਐ ਮਣਸੈਤ ਦੀ, ਤੂੰ ਜਾਣਦੈ। ਜਿਹੜੇ ਰਾਹ ਨੰਬਰਦਾਰ ਪਿਆ ਸਾਰੇ ਓਧਰ ਈ ਪੈ ਗਏ। ਛੋਹਰ ਮੱਤ ਸੀ। ਸਾਨੂੰ ਬੀ ਚੀਹ ਚੜ੍ਹ ਗਈ, ਜੇ ਇਨ੍ਹਾਂ ਦੇ ਗਾਟੇ ਨਾ ਲਾਹੇ, ਅਸੀਂ ਪਿਓਆਂ ਦੇ ਪੁੱਤ ਨੀ ਅਖਵਾਉਣਾ।

"ਪੰਜ ਚਾਰ ਦਿਨ ਅਸੀਂ ਦੰਦਾਂ 'ਚ ਜੀਭ ਲੈ ਕੇ ਬੈਠੇ ਰਹੇ। ਐਨੇ ਨੂੰ ਗਲੀ-ਗਲੀ ਰਾਮ ਦੁਹਾਈ ਫਿਰ ਗਈ, 'ਕਾਹਨ ਸੂੰ ਦਾ ਪੋਤਾ ਨੀ ਥਿਔਂਦਾ, ਪਿੰਡ ਕੱਠਾ ਹੋ ਗਿਆ। ਖੇਤਾਂ ਬੰਨਿਆਂ 'ਚ ਟੋਲਿਆ, ਖੂਹਾਂ ਟੋਭਿਆਂ 'ਚ ਟੋਲਿਆ, ਮੁੰਡਾ ਕਿੱਥੇ। ਬਿੱਚੋਂ ਕੋਈ ਬੋਲਿਆ ਲੋਕਾਂ ਦੀਆਂ ਤਲਾਸ਼ੀਆਂ ਲਓ। ਸਾਰੇ ਕਹਿੰਦੇ, 'ਬਈ ਹਾਂ ਲਓ।' ਜਾ ਬੜੇ ਘਰੋ ਘਰ। ਜਦ ਭਾਲਦੇ ਨਿਆਜ਼ ਦੇ ਕਾਰਖ਼ਾਨੇ ਨਾਲ ਲੱਗਦੇ ਡੇਰੇ ਦੇ ਖੋਲੇ ਆਏ, ਤਾਂ ਬੀਰਾ ਦਿਸ ਪਿਆ, ਘੰਢੀ ਬੱਢੀ, ਲਹੂ 'ਚ ਲੇਪੂ ਤੇਪੂ। ਉਹਦੀ ਗਰਦਨ ਤੇ ਟੱਕ ਐਂ, ਜਿਵੇਂ ਬੱਕਰਾ ਹਲਾਲ ਕੀਤਾ ਹੁੰਦੈ। ਗੱਲ ਨਿਆਜ ਤੇ ਪੈਣੀ ਸੀ, ਸੋਈ ਪੈ ਗਈ। ਕਾਹਨ ਸੂੰ, ਭੁੱਖੇ ਸ਼ੇਰ ਬਾਂਗੂੰ ਬੁਕਾ ਫਿਰੇ, 'ਸੀਰਮੇ ਪੀ ਜੋ ਸਾਲੇ ਮੇਰੇ ਦਿਆਂ ਦੇ। ਤੁਕਲੇ-ਤੁਕਲੇ ਕਰ ਦਿਓ। ਕਿੱਡਾ ਅਨਰਥ ਕੀਤਾ ਓਇ ਪੱਟੀ ਜੜ ਆਲਿਆਂ ਨੇਂ। ਮੈਂ ਈਂ ਬਚਾਮਾਂ, ਮੇਰੇ ਤੇ ਹੀ ਬਾਰ।"

"ਨਿਆਜ਼ ਨੂੰ ਕਿਤੋਂ ਭਿਣਕ ਪੈ ਗਈ ਇਹ ਸਾਰਾ ਢਮਢਮਾ ਮੇਰੀ ਜਾਨ ਤੇ ਐ, ਤੇ ਉਹ ਪਿੰਡ ਛੱਡ ਕੇ ਭੱਜ ਗਿਆ। ਜਿਹੜਾ ਕੰਮ ਅਸੀਂ ਬਿੱਢਿਆ ਸੀ, ਉਹਦੇ ਬਾਸਤੇ ਸੰਦ



ਚਾਹੀਦੇ ਸੀ। ਤੇ ਪਿੱਛੇ ਰਹਿ ਗਿਆ ਮੈਹਜਰ, ਨਿਆਜ਼ ਦਾ ਬਾਪ, ਥਿਬਿਆ, ਬੈਸਕਿਆ ਜਮਾਂ ਲੋਥ। ਅਸੀਂ ਸੌ ਭੱਲਿਆਂ ਜੋਗਾ ਮਾਲ ਮਸਾਲਾ ਓਸ ਮੂਹਰੇ ਲਿਆ ਸਿੱਟਿਆ। ਕੋਈ ਮਿਹਨਤ ਨਾ ਮਜੂਰੀ, ਕੋਲੇ ਉਹਦੇ। ਮੈਂ ਗੰਡਾਸਾ ਫੜੀ ਦਿਹਲੀ ਤੇ ਬੈਠਾ ਰਿਹਾ। ਡਰ ਮੂਹਰੇ ਭੂਤ ਨਚਦੇ ਨੇ। ਉਹ ਅੱਖਾਂ ਪੂੰਝੀ ਜਾਬੇ ਤੇ ਸੱਟਾਂ ਲਾਈ ਜਾਬੇ। ਐਸੇ ਬਰਛੇ ਬਣਾਏ, ਬਿਜਲੀ ਵਰਗੇ, ਜਿਨ੍ਹਾਂ ਤੇ ਹੱਥ ਨਾ ਟਿਕੇ।

"ਮੁੰਡਿਆਂ ਨੇ ਮਤਾ ਪਕਾਇਆ ਪਹਿਲੇ ਤਾਰੇ ਨਾਲ ਚੱਲੋ ਤੇ ਬੈਰੀਆਂ ਨੂੰ ਛੱਤਾਂ ਤੇ ਈ ਬੋਚ ਲੋ। ਮੈਨੂੰ ਅੱਚਬੀ ਲੱਗੀ ਪਈ, ਤੇ ਰਾਤ ਆਖੇ ਮੈਂ ਨਹੀਂ ਅੱਜ ਮੁਕਣਾ। ਫੁੱਟ ਜਾਬੇ ਮੇਰੀ ਅੱਖ ਜੇ ਇਕ ਪਲ ਲੱਗੀ ਹੋਬੇ। ਲੁਹਾਰਾਂ ਦਾ ਘਰ ਸਾਰੀ ਡੌਂਗਲੀ ਦੀ ਬੰਡ' ਆਇਆ ਸੀ। ਤਿੰਨ ਕੁ ਬਜੇ ਅਸੀਂ ਉਹਨਾਂ ਦੇ ਕੋਠੇ ਤੇ ਜਾ ਚੜ੍ਹੇ, ਪਰ ਉਥੇ ਜੀ ਨਾ। ਐਨੇ ਜਣਿਆਂ ਦਾ ਕੰਮ ਕੀ ਸੀ, ਸਾਡੇ 'ਚੋਂ ਈ ਕਿਸੇ ਨੇ ਬਿੜਕ ਦੇ ਤੀ ਹੋਊ। ਅਸੀਂ ਦਿਲ ਨਾ ਛੱਡਿਆ। ਰਾਮ ਦਾ ਨਾਉਂ ਲੈ ਕੇ ਬਾਹਰ ਨੂੰ ਤੁਰ ਪਏ ਤੇ ਕਪਾਹਾਂ, ਚਰ੍ਹੀਆਂ, ਬਾਜਰੇ ਇਕ-ਇਕ ਕਰਕੇ ਫਰੋਲੀ ਗਏ। ਭੱਜ ਤਾਂ ਉਹ ਤੁਰੇ ਸੀ, ਪਰ ਕੱਲਰੀ ਨੇ ਡੂਮਾਂ ਬਾਲੇ ਦੀ ਟਿੱਬੀ ਨਾ ਟੱਪਣ ਦਿੱਤੇ। ਡੰਡੀਓਂ ਦੂਰ ਨਰਮੇ 'ਚ ਸਹਿਆਂ ਬਾਂਗੂੰ ਦੜੇ ਬੈਠੇ।

"ਅਸੀਂ ਅਜੇ ਸਲਾਹਾਂ ਈ ਕਰਦੇ ਸੀ ਕਿਮੇਂ ਕਰੀਏ, ਖੇਮੇ ਚੈਹਲ ਨੇ ਜੱਕ ਕੀਤੀ ਨਾ ਤੱਕ, ਜਰਕ ਦੇ ਕੇ ਮੈਹਜਰ ਦਾ ਬਣਾਇਆ ਬਰਛਾ ਉਹਦੇ ਕੁੱਲੇ 'ਚ ਮਾਰਿਆ। ਉਹ ਧੜੱਮ ਦੇ ਕੇ ਡਿੱਗ ਪਿਆ ਤੇ ਲੱਗਿਆ ਕਿਰਲੀ ਦੀ ਟੁੱਟੀ ਪੂੰਛ ਬਾਂਗੂੰ ਤੜਫਣ। ਕੋਲੋਂ ਤੀਮੀਆਂ ਤੇ ਕੀਹਚਰਬਾਧੇ ਨੇ ਚੰਘਿਆੜ ਨਾਲ ਚੰਘਿਆੜ ਜੋੜਤੀ। ਉਹਨਾਂ ਦੀਆਂ ਦੁਸੱਲ੍ਹ ਲੇਰਾਂ ਸੁਣ-ਸੁਣ ਮੁੰਡਿਆਂ ਦੇ ਬੁੱਲ੍ਹ ਡਿੱਗਦੇ ਜਾਣ। ਮੈਂ ਕਿਹਾ ਕੰਮ ਤਾਂ ਗਿਆ। 'ਨੰਗੀਆਂ ਕਰੋ ਓਇ ਇਨ੍ਹਾਂ ਹਰਾਮ ਜਾਦੀਆਂ ਨੂੰ, ਰੋ-ਰੋ ਦਿਖਾਉਂਦੀਆਂ 'ਨ ਧਗੜਿਆਂ ਨੂੰ। ਮੇਰੇ ਦਬਕੇ ਨਾਲ ਇਕ ਬਾਰੀ ਚੁੱਪ ਚੈਨ ਹੋਗੀ ਤੇ ਅਸੀਂ ਉਹ ਗਾਹਾਂ ਨੂੰ ਤੋਰ ਲਏ। ਲੋਹੀ ਪਾਟਦੀ ਜਾਂਦੀ ਸੀ। ਨਿਆਜ਼ ਦੀ ਬੜੀ ਕੁੜੀ, ਜੈਨਬ, ਬਿਨ-ਕੁਮਲਾਈ, ਘੁਸਮੁਸੇ ਜੇ 'ਚ ਗੈਸ ਬਾਂਗੂੰ ਦਗੇ। ਬਹੂ ਤਾਂ ਮੇਰੀ ਬੀ ਰੱਜ ਛੈਲ ਐ, ਠਾਰਾਂ ਸੌ ਦੀ ਖਰੀਦ, ਪਰ ਓਦੋਂ ਐਂ ਲੱਗੇ ਜਾਣੀ ਜੈਨਬ ਦੇ ਪਾਣੀ ਬਾਂਗੂੰ ਡੋਲਾ ਪਾ ਗਿਆ। ਮੈਂ ਮੁੰਡਿਆਂ ਨੂੰ ਕਿਹਾ, 'ਆਹ ਜੈਨਬ ਦੀ ਤਾਂ ਮੈਨੂੰ ਸਮ੍ਹਾਂ ਦਿਓ। ਮੈਂ ਆਪੇ ਬਿਉਂਤ ਦੂੰ ਬਿਉਂਤ ਦੂੰ ਇਹਨੂੰ ਇਕ ਪਾਸੇ ਲਜਾ ਕੇ।' ਜੈਦਾਂ ਦਾ ਬੀਖਸਾ, ਕੰਜਰਾਂ ਦਾ ਕੰਜਰ ਕੋਲ ਈ ਖੜਾ ਸੀ। ਕਹਿੰਦਾ, 'ਲੈ ਜਾ ਬਸ਼ੱਕ ਕਰਤਾਰ ਸਿਆਂ, ਪਰ ਐਨਾ ਧਿਆਨ ਕਰਲੀਂ ਪਰਸੋਂ ਤੇਰੀ ਭੈਣ ਸਿਆਮੋ ਇਹਦੇ ਨਾਲ ਚੁੰਨੀ ਬਟਾਈ ਫਿਰਦੀ ਸੀ।' ਬਖ਼ਸੀਸੇ ਦੀ ਗੱਲ ਸਾਂਗ ਬਾਂਗੂੰ ਮੇਰੇ ਕਾਲਜੇ ਵਿਚੋਂ ਦੀ ਲੰਘ ਗਈ। ਅੱਖੀਂ ਦੇਖ ਕੇ ਕੀਹਤੋਂ ਮੱਖੀ ਨਘਾਰੀ ਜਾਂਦੀ ਐ ਨੂੰ ਮੈਂ ਮੂੰਹ ਦੂਜੇ ਬੰਨੇ ਫੇਰ ਲਿਆ।

"ਮਨ ਤੁਸੀਂ ਜਾਣਦੇ ਓ ਬਾਂਦਰ ਹੁੰਦੈ ਮਾਸਟਰ ਜੀ। ਸੌਹਰੇ ਨੇ ਐਸੀ ਕਲਾਬਾਜ਼ੀ ਖਾਧੀ, ਮੇਰਾ ਭੱਲਾ ਚਾਣਚੱਕ ਜੈਨਬ ਦੀ ਦੁੱਧੀ ਬਿੱਚੋਂ ਦੀ ਪੱਸਲੀਆਂ ਤੋੜ ਕੇ ਪਿਛਲੇ ਪਾਰ ਨਿਕਲ ਗਿਆ। ਲਹੂ ਦੀ ਬੁੰਭ ਆਈ ਦੁਨਾਲੇ ਬਾਂਗੂੰ। ਛਿੱਟਿਆਂ ਨਾਲ ਮੇਰੇ ਸਾਰੇ ਕੱਪੜੇ ਪੱਟੇ ਗਏ। ਭਾਵੇਂ ਚੱਕਣਾ ਚਲਾਉਣਾ ਸੌਖਾ ਐ, ਇਕ ਖੋਟ ਬੜਾ ਭਾਰੀ ਐ ਬਰਛੇ 'ਚ। ਇਹਦੇ ਡੰਗੇ ਮੌਤ ਨੀਂ ਛੇਤੀ ਆਉਂਦੀ। ਅੱਡੀਆਂ ਰਗੜ ਕੇ ਮਰਦੈ। ਨਿਆਜ਼ ਦੀ ਮਾਂ ਤਾਬੀ, ਉਹਦੀ ਬਹੂ ਨਿਆਮਤਾ, ਬੌਹੜੀਆਂ ਪਾਉਣ, 'ਹਾੜੇ ਬੇ ਸਾਨੂੰ ਭੱਲਿਆਂ ਨਾਲ ਨਾ ਮਾਰੋ, ਬਾਸਤੈ ਰੱਬ ਦਾ

ਸਾਨੂੰ ਤਲਬਾਰਾਂ ਨਾਲ ਬੱਢ ਦਿਓ।' ਡੇਲੇ ਬਾਹਰ, ਜੀਭ ਲਟਕਦੀ, ਐਂ ਬਡਰੂਪ ਹੋ ਗਈ ਜੈਨਬ, ਬੱਸ ਪੁੱਛ ਨਾ, ਜਾਨ ਤੋੜਦੀ ਸਿਰ ਮਾਰੇ ਜਿਵੇਂ ਪੀਰ ਬੰਨਾਂ ਬਨੋਈ ਤੇ ਭੂਤਾਂ ਬਾਲੀਆਂ ਡੋਲੀਆਂ ਫਿਰਦੀਆਂ ਹੁੰਦੀਆਂ ਨੇ। ਮੇਰੇ ਜੀ ਨੇ ਕਿਹਾ ਇਕ ਪਾਸੇ ਤਾਂ ਕਰੀਏ ਹੁਣ ਦੋਜ਼ਕ ਜਾਣੀ ਨੂੰ। ਦੂਜਾ ਬਰਛਾ ਮੈਂ ਸੰਘੀ 'ਚ ਮਾਰਿਆ ਤੇ ਉਹ ਨਾਲ ਦੀ ਨਾਲ ਠੰਡੀ ਹੋ ਗਈ।

"ਬਚਿੱਤਰ ਖੜ੍ਹਾ ਲਲਕਾਰੇ ਛੱਡੇ, ਮੇਰਾ ਖੇਤ ਨਾ ਗਾਲੋ ਓਇ, ਕਿਤੇ ਹੋਰ ਲੈ ਜੋ ਆਪਣੇ ਮਾਤਾ ਦੇ ਮਾਲ ਨੂੰ।" ਅਸੀਂ ਮਾੜਾ ਜਾ ਅੱਗੇ ਤੁਰੇ। ਤਾਂ ਉਹ ਜੈਨਬ ਨੂੰ ਮਰੇ ਕਟਰੂ ਬਾਂਗੂੰ ਲੱਤੋਂ ਘੜੀਸ ਕੇ ਪਹੀ 'ਚ ਕਰ ਆਇਆ। ਮੂਨ ਬਰਗੀ ਕੁੜੀ ਸੀ, ਮਾਸਟਰ ਜੀ, ਉਂ ਮੈਂ ਸੋਚਾਂ, ਹੁਣ ਇਹਨੂੰ ਕੱਲਰਾਂ ਦੀ ਮਿੱਟੀ ਨਾ ਓਟਦੀ।

"ਲੁਹਾਰਾਂ ਦੀ ਬਚੀ ਖੁਚੀ ਟੱਬਰੀ ਹੱਕੀਂਦੀ ਧੱਕੀਂਦੀ ਜਦੋਂ ਨੂੰ ਲੌਂਟਰੀਆਂ ਦੀ ਬੰਨੀ 'ਚ ਪਹੁੰਚੀ, ਮੇਰੇ ਨਾਲ ਦੇ ਸਾਰੇ ਤਿਲ੍ਹਕੇ ਗਏ, ਬਿਨਾਂ ਮਾਨੋਂ ਦੇ ਸਾਧੂ ਤੋ। ਵ੍ਹ ਜਨਖਾ ਜਾ ਕਹੀ ਜਾਬੇ, 'ਨਾ ਮੁਕਾ ਓਇ ਬਈ ਇਨ੍ਹਾਂ ਨੂੰ ਆਪਾਂ ਅੰਮ੍ਰਿਤ ਛਕਾ ਲਾਂਗੇ। ਮੈਂ ਕਿਹਾ, 'ਝੁੱਡੂਆ ਜਿਹੜੀ ਚੀਜ਼ ਸੀ ਉਹ ਤਾਂ ਹੱਥੋਂ ਗਮਾ ਲੀ, ਹੁਣ ਇਹ ਕੜਬ ਦਾ ਖੋਰ ਫੂਕਣੈ।' ਮੈਂ ਸਾਧੂ ਤੋਂ ਸ੍ਰੀ ਸਾਹਿਬ ਖੋਹੀ ਤੇ ਲੱਗ ਪਿਆ ਉਹਨਾਂ ਦੇ ਬੂੰਡੇ ਲਾਹੁਣ। ਇੱਖ ਦਾ ਆਗ ਬੱਢੀਏ, ਉਹ ਬੀ ਅੱਤੜ ਡਾਹੁੰਦੈ, ਮਾੜੀ ਮੋਟੀ, ਪਰ ਉਹਨਾਂ ਮੁਸਲਮਾਨਾਂ ਮਰਦਿਆਂ ਨੇ ਜਮਾ ਚੂੰ ਨਾ ਕੀਤੀ।

"ਨਿਆਜ਼ ਦੀ ਛੋਟੀ ਧੀ ਫਾਤਾਂ ਦੀ ਸਭ ਤੋਂ ਪਿੱਛੋਂ ਬਾਰੀ ਆਈ। ਜਦ ਉਹਦੇ ਕੰਨੀਂ ਤਲਬਾਰ ਚੁੱਕੀ, ਚੀਕ ਮਾਰ ਕੇ ਕਹਿੰਦੀ, 'ਹਾਇ ਉਇ ਚਾਚਾ ਮੈਨੂੰ ਨਾ ਮਾਰੀਂ। ਬਲੂਰ ਜਿਹਾ ਭੱਜ ਕੇ ਚਿੰਬੜਨ ਨੂੰ ਆਈ ਮੇਰਾ ਸੀਤ ਨਿਕਲ ਗਿਆ। ਡੱਕ-ਡੱਕ ਲੱਤਾਂ ਹਿੱਲਣ, ਥਰ-ਥਰ ਬਾਹਾਂ ਕੰਬਣ। ਮੇਰਾ ਅੰਦਰ ਕੂਕੇ, ਤੈਂ ਇਹ ਕੀ ਕੀਤੀ, ਐਵੇਂ ਕੋਹ ਧਰੇ, ਬਿੱਚ ਬਚਾਲੇ ਢੋਰੀ ਢੋਣੀ ਸੀ, ਮੈਂ ਦੋ-ਚਿੱਤੀਆਂ 'ਚ ਫਸੇ ਮਨ ਨੂੰ ਹਲੂਣਿਆ ਤੇ ਗਰਚ ਦੇ ਕੁੜੀ ਦੇ ਦੋ ਟੋਟੇ ਕਰ ਦਿੱਤੇ। ਤਲਬਾਰ ਪਰ ਮੋੜੀ ਨਾ ਗਈ ਮੈਥੋਂ ਫੇਰ। ਆਪੇ ਹੱਥੋਂ ਡਿੱਗ ਪਈ ਤੇ ਮੈਂ ਮੂੰਹ ਲਪੇਟ ਕੇ ਘਰਾਂ ਨੂੰ ਆ ਗਿਆ।

"ਕਿੰਨੇ ਬਰ੍ਹੇ ਹੋ ਗਏ ਉਹਨਾਂ ਗੱਲਾਂ ਨੂੰ। ਮਹਾਰਾਜ ਦਾ ਪਾਠ ਕਰਬਾਇਆ। ਪੰਡਤਾਂ ਸਪਤਾਹ ਖੁਲ੍ਹਬਾਇਆ, ਹਰਦੁਆਰ ਤੇ ਤਰਨਤਾਰਨ ਨਹਾਉਣ ਬੀ ਗਿਆ। ਲੱਖ ਬਾਹ ਲਏ, ਉਦੋਂ ਦੀ ਉਹ ਫਾਤਾਂ ਮੇਰੀ ਛਾਤੀ ਤੋਂ ਉੱਤਰੀ। ਨਾ ਜਾਗਦੇ ਨੂੰ ਭੁੱਲਦੀ ਐ, ਨਾ ਸੁੱਤੇ ਨੂੰ। ਘਰ ਦੇ ਕਹਿੰਦੇ ਖ਼ਬਰੇ ਕਾਹਦਾ ਗ਼ਮ ਚੱਟ ਗਿਆ ਤੈਨੂੰ, ਤੜਕੇ ਆਥਣ ਨਿੱਘਰਦਾ ਈ ਜਾਨੈ। ਮਿੱਟੀ ਬੋਲੇ ਜੇ ਮੈਂ ਬੋਲਾਂ। ਕੀ ਦੱਸਾਂ, ਚਾਰ ਸਾਲਾਂ ਦੀ ਮਰੀ ਕੁੜੀ ਨੀ ਜਿਉਣ ਦਿੰਦੀ!

ਨਿਆਜ਼ ਭਉਂਦਾ ਪਾਕਿਸਤਾਨ ਪਹੁੰਚ ਗਿਆ। ਜਦੋਂ ਉੱਘ ਸੁੱਘ ਲੱਗੀ, ਉਹਦਾ ਮਾਲ ਪੱਤਾ ਬੇਚ ਕੇ ਮੈਂ ਪੈਸਾ-ਪੈਸਾ ਉਥੇ ਭੇਜ ਦਿੱਤਾ। ਕਈ ਚਿੱਠੀਆਂ ਉਹਦੀਆਂ ਉਹਤੋਂ ਪਿੱਛੋਂ ਆਈਆਂ ਨੇ। ਆਈ ਬਾਰੀ ਉਹ ਆਪਣੇ ਨਿੱਕੇ ਨਿਆਣੇ ਦੀ ਖ਼ਬਰ ਸਾਰ ਪੁੱਛਦੈ। ਆਈ ਬਾਰੀ ਮੈਂ 'ਪਤਾ ਕਰਾਂਗੇ' ਕਹਿ ਕੇ ਟਾਲ ਦਿੰਨਾਂ।"



# ਬਾਜਰੇ ਦੀ ਡੰਡੀ 'ਤੇ

**ਹਰੀ ਸਿੰਘ ਦਿਲਬਰ**

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਅੰਗਰੇਜ਼ ਹਿੰਦ ਨੂੰ ਛੱਡ ਕੇ ਬੋਰੀਆ ਬਿਸਤਰਾ ਵਲ੍ਹੇਟ ਕੇ ਜਾ ਰਿਹਾ ਸੀ ਤੇ ਫਿਰਕੂ ਫ਼ਸਾਦ ਜ਼ੋਰਾਂ ਉੱਤੇ ਸਨ।

ਲੋਕਾਂ ਨੂੰ ਆਪਣੇ ਘਰਾਂ ਦੀ ਚਿੰਤਾ ਲੱਗੀ ਹੋਈ ਸੀ ਤੇ ਭੋਲੂ ਨੂੰ ਆਪਣੇ ਖੇਤਾਂ ਤੇ ਪੈਲੀਆਂ ਦਾ ਫ਼ਿਕਰ ਸੀ। ਉਸ ਸਾਲ ਆਜ਼ਾਦੀ ਮਿਲਣ ਪਿੱਛੋਂ ਮੀਂਹ ਬਹੁਤ ਪਏ ਸਨ। ਲਹੂ ਨਾਲ ਲਿਬੜੀਆਂ ਹੋਈਆਂ ਗਲੀਆਂ ਤੇ ਨਾਲੀਆਂ ਸਭ ਧੋਤੀਆਂ ਗਈਆਂ ਸਨ।

ਖੇਤਾਂ ਵਿਚ ਹੁਣ ਕੋਈ ਕੰਮ ਨਹੀਂ ਸੀ : ਨਾ ਸੇਂਜੀ ਦੀ ਲੋੜ ਸੀ ਤੇ ਨਾ ਗੁਡਾਈ ਦੀ। ਚਰ੍ਹੀਆਂ, ਮੋਠ ਰੰਗ ਕੱਢ ਰਹੇ ਸਨ। ਉੱਜੜ ਰਹੇ ਮੁਸਲਮਾਨਾਂ ਦੇ ਕਿੱਲਿਆਂ ਉੱਤੋਂ ਖੁੱਲ੍ਹ ਕੇ ਉਨ੍ਹਾਂ ਦੇ ਪਸ਼ੂ ਅਵਾਰਾ ਫਿਰਦੇ ਦੇ ਪੈਲੀਆਂ ਨੂੰ ਚੂੰਡ ਕੇ ਉਜਾੜ ਰਹੇ ਸਨ। ਇਸ ਲਈ ਭੋਲੂ ਆਪਣੀ ਮੱਕੀ, ਕਪਾਹ, ਬਾਜਰੇ, ਕਮਾਦ ਦੀ ਰਾਖੀ ਕਰਦਾ ਸੀ। ਆਉਣ ਜਾਣ ਵਾਲੇ ਬੰਦਿਆਂ ਤੋਂ ਭੋਲੂ ਖੇਤ ਵਿਚ ਬੈਠਾ ਹੀ ਪਿੰਡ ਦੀਆਂ ਵਾਰਦਾਤਾਂ ਸੁਣਦਾ ਰਹਿੰਦਾ।

ਇਕ ਦਿਨ ਇਹਦੇ ਛੋਟੇ ਪੁੱਤ ਨੇ ਕਿਹਾ, "ਬਾਪੂ ਚੱਲ, ਘਰ ਨੂੰ ਚੱਲ, ਏਥੇ ਕੀ ਲੈਣਾ ਏ ? ਬਲੋਚ ਰਜਮੰਟ ਦਾ ਕੋਈ ਸਪਾਹੀ ਬਦੂਖ ਦਾਗ ਦੇਊ।"

"......ਹੂੰ, ਦਾਗ ਦੇਊ ਬਈ, ਮੈਂ ਕਿਸੇ ਦਾ ਕੀ ਲੈਣਾ, ਆਪਣੇ ਖੇਤਾਂ ਦੀ ਰਾਖੀ ਬੈਠਾਂ!"

"ਜਿਹੜੇ ਨਿਰਦੋਸ਼ ਮਰ ਰਹੇ ਨੇ ਉਹ ਕਿਸੇ ਦਾ ਕੀ ਵਿਗਾੜਦੇ ਨੇ।"

ਭੋਲੂ ਨੇ ਸੁਣੀ ਅਣਸੁਣੀ ਕਰ ਦਿੱਤੀ।

ਸਵੇਰ ਤੋਂ ਲੈ ਕੇ ਆਥਣ ਤਾਈਂ ਸ਼ਹਿਰ ਦਾ ਰਾਹ ਵਗਦਾ ਰਹਿੰਦਾ। ਪੇਂਡੂ ਜਵਾਨ ਲੋਹੇ ਤੇ ਪਿੱਤਲ ਦੇ ਸੰਮਾਂ ਵਾਲੀਆਂ ਡਾਂਗਾਂ ਤੇ ਲੰਮੇ ਤਿਖੇ ਬਰਛੇ ਮੋਢਿਆਂ ਧਰ ਕੇ, ਲੱਸੀਆਂ ਵੇਲੇ ਸ਼ਹਿਰ ਦੇ ਰਾਹ ਪੈ ਜਾਂਦੇ ਤੇ ਸ਼ਰਨਾਰਥੀ ਮੁਸਲਮਾਨਾਂ ਦੇ ਕੈਂਪ ਵਿਚੋਂ ਨੀਲਾਮ ਹੁੰਦੇ ਪਸ਼ੂ ਖਰੀਦ ਲਿਆਉਂਦੇ, ਪਰ ਭੋਲੂ ਮੁਸਲਮਾਨਾਂ ਦੇ ਛੁੱਟੜ ਫਿਰਦੇ ਪਸ਼ੂਆਂ ਨੂੰ ਵੀ ਕਦੇ ਰੱਸਾ ਨਹੀਂ ਪਾਉਂਦਾ ਸੀ। ਕਈ ਲੋਕਾਂ ਨੇ ਤਾਂ ਬੱਕਰੀਆਂ ਕੁੱਕੜ ਵੀ ਆਪਣੇ ਘਰੀਂ ਲਿਆ ਵਾੜੇ ਸਨ। ਦੇਸ਼ ਦੇ ਵਾਯੂਮੰਡਲ ਵਿਚ ਵਿਹੁ ਘੁਲ ਗਈ। ਕਦੇ ਕਿਸੇ ਪਾਸਿਓਂ ਗੋਲੀ ਚੱਲਣ ਦੀ ਆਵਾਜ਼ ਆਉਂਦੀ ਰਹਿੰਦੀ। ਬ੍ਰਿਛਾਂ ਵਿਚੋਂ ਬੇਆਰਾਮ ਹੋਏ ਮੋਰ ਬੋਲਦੇ ਰਹਿੰਦੇ ਤੇ ਅੰਬਰ ਨੂੰ ਗੁੰਜਾ ਦਿੰਦੇ। ਗੁਆਚੀਆਂ ਤੇ ਖੋਹੀਆਂ ਹੋਈਆਂ ਮੁਸਲਮਾਨ ਕੁੜੀਆਂ ਦੀ ਭਾਲ ਵਿਚ, ਬਲੋਚ ਰਜਮੈਂਟ ਦੇ ਸਿਪਾਹੀਆਂ ਦੇ ਟਰੱਕ ਘੂੰ ਘੂੰ ਕਰਦੇ ਰਾਹੋਂ ਲੰਘ ਜਾਂਦੇ।

ਭੋਲੂ ਇਨ੍ਹਾਂ ਤੋਂ ਬੇਅਸਰ ਸੀ। ਰਹਿਰਾਸ ਵੇਲੇ, ਜਦ ਗੁਰਦੁਆਰੇ ਦਾ ਘੜਿਆਲ ਖੜਕਦਾ ਤਾਂ ਭੋਲੂ ਘਰ ਦਾ ਰਾਹ ਫੜਦਾ।

ਉਸ ਦਿਨ ਭੋਲੂ ਆਪਣੇ ਖੂਹ ਦੇ ਕੋਲ, ਫਲਾਹੀਆਂ ਵਾਲੇ ਪਹੇ ਵਿਚ, ਮੱਕੀ ਦੇ ਖੇਤ ਨੂੰ ਬੇਰੀਆਂ ਦੀ ਝਿੰਗਾਂ ਦੀ ਵਾੜ ਕਰ ਰਿਹਾ ਸੀ। ਕਮਾਦ ਵਿਚ ਸਰ ਸਰ ਹੋਈ, ਇਹਨੂੰ ਪ੍ਰਤੀਤ ਹੋਇਆ ਕਿ ਉਥੇ ਕੋਈ ਮੁਸਲਮਾਨ ਲੁਕਿਆ ਹੋਇਆ ਹੈ। ਉਨ੍ਹਾਂ ਦਿਨਾਂ ਵਿਚ ਮੁਸਲਮਾਨਾਂ ਨੇ ਲੁਟੀਂਦੇ ਜਾ ਰਹੇ ਘਰਾਂ ਨੂੰ ਛੱਡ ਕੇ ਖੇਤਾਂ ਦੀਆਂ ਉੱਚੀਆਂ ਪੈਲੀਆਂ ਵਿਚ ਲੁਕ ਕੇ ਆਸਰਾ ਲਿਆ ਸੀ। ਜਿੱਥੇ ਇਹ ਤਿੱਖੇ, ਜ਼ਹਿਰੀ, ਲਹੂ ਲਿਬੜੇ ਬਰਛਿਆਂ ਤੋਂ ਬਚੇ ਹੋਏ ਸਨ। ਕੋਈ ਦਇਆਵਾਨ ਟਿਕੀ ਹੋਈ ਰਾਤ ਨੂੰ ਪੈਲੀਆਂ ਵਿਚ ਈ ਇਨ੍ਹਾਂ ਨੂੰ ਰੋਟੀਆਂ ਦੇ ਭਰੇ ਹੋਏ ਛਾਬੇ ਦੇ ਜਾਂਦਾ, ਭਾਵੇਂ ਲੁਧਿਆਣੇ ਸ਼ਰਨਾਰਥੀ ਕੈਂਪ ਖੁੱਲ੍ਹ ਗਿਆ ਸੀ ਪਰ ਫੇਰ ਵੀ ਕਈ ਉਥੇ ਜਾਣ ਲਈ ਤਿਆਰ ਨਹੀਂ ਹੋਏ ਸਨ। ਕਿਉਂਕਿ ਉਨ੍ਹਾਂ ਨੂੰ ਅਜੇ ਵੀ ਭਰੋਸਾ ਸੀ ਕਿ ਕੁਝ ਦਿਨਾਂ ਵੀ ਵੱਢ ਵਢਾਈ ਪਿੱਛੋਂ ਦੇਸ਼ ਵਿਚ ਅਮਨ ਹੋ ਜਾਊਗਾ ਤੇ ਉਹ ਮੁੜ ਆਪਣੇ ਘਰਾਂ ਵਿਚ ਜਾ ਟਿਕਣਗੇ, ਸਾੜੇ ਫੂਕੇ ਘਰ ਉਹ ਮੁੜ ਵਸਾ ਲੈਣਗੇ, ਜਨਮ ਭੂਮੀ ਦੀ ਖਿੱਚ ਇਨ੍ਹਾਂ ਨੂੰ ਪਿੰਡ ਦੀ ਪਟੜੀ ਤੋਂ ਪਾਰ ਨਹੀਂ ਜਾਣ ਦਿੰਦੀ ਸੀ, ਭਾਵੇਂ ਬਰਛੇ ਇਨ੍ਹਾਂ ਦੇ ਸਿਰਾਂ ਉੱਤੇ ਸੁਪਨਿਆਂ ਵਿਚ ਵੀ ਲਿਸ਼ਕ ਜਾਂਦੇ ਸਨ।

ਭੋਲੂ ਨੇ ਆਪਣੀਆਂ ਅੱਖਾਂ ਕਪਾਹ ਦੇ ਖੇਤ ਉਤੋਂ ਦੀ ਕਮਾਦ ਵੱਲ ਗੱਡ ਲਈਆਂ। ਕੁਝ ਚਿਰ ਦੀ ਘੁਸਰ ਮੁਸਰ ਪਿੱਛੋਂ ਇਕ ਕੁੜੀ ਖਾਲ ਵਿਚ ਦਿਸੀ। ਭੋਲੂ ਤਾਂ ਆਪਣੇ ਖੇਤ ਵੱਲ ਆਉਂਦੀ ਭੰਬੀਰੀ ਨੂੰ ਦੇਖ ਲੈਂਦਾ ਸੀ। ਇਹ ਤਾਂ ਮਨੁੱਖੀ ਆਕਾਰ ਸੀ।

ਉਹ ਕੁੜੀ ਸਿੱਧੀ ਖੂਹ ਵੱਲ ਆ ਰਹੀ ਸੀ। ਭੋਲੂ ਉਸ ਦੇ ਦਿਲ ਦੀ ਗੱਲ ਨੂੰ ਭਾਂਪ ਗਿਆ ਸੀ। ਇਹ ਰੰਬਾ, ਕੁਹਾੜੀ ਥਾਂ ਈ ਛੱਡ ਅੱਗੇ ਵਧਿਆ।

ਕੁੜੀ ਦੀ ਚਾਦਰ ਪਾਟੀ ਹੋਈ ਸੀ। ਉਹਦੇ ਸਿਰ ਦੇ ਵਾਲ ਬੀਜੜੇ ਦੇ ਆਲ੍ਹਣੇ ਵਾਂਗ ਉਲਝੇ ਹੋਏ ਸਨ। ਉਹਦਾ ਚਿਹਰਾ ਖੂਨੀ ਨਹੁੰਦਰਾਂ ਨਾਲ ਝਰੀਟਿਆ ਹੋਇਆ ਸੀ। ਉਹਦੇ ਪਾਟੇ ਕੱਪੜੇ ਕਿਸੇ ਨਿਰਦਈ, ਸੱਤ ਮਧੂ, ਪੱਤ ਲਤਾੜੂ ਧੱਕੜ ਦੇ ਪੰਜਿਆਂ ਦੀਆਂ ਛੁਹਾਂ ਪਰਗਟਾ ਰਹੇ ਸਨ। ਉਹਦਾ ਸਰੀਰ ਮੁੜ੍ਹਕੇ ਨਾਲ ਗੱਚ ਸੀ। ਉਸ ਦਾ ਦਿਲ ਇਉਂ ਕੰਬ ਰਿਹਾ ਸੀ ਜਿਵੇਂ ਸ਼ਿਕਾਰੀ ਕੁੱਤਿਆਂ ਤੋਂ ਬਚ ਕੇ ਨਿਕਲੀ ਹਿਰਨੀ ਦਾ ਦਿਲ.....

'ਧੀਏ! ਤੈਂ ਕਿੱਥੇ ਜਾਣੈ ?' ਭੋਲੂ ਅੱਗੇ ਵਧ ਬੋਲਿਆ, ਇਹ ਹਮਦਰਦੀ ਦਾ ਬੋਲ ਸੁਣ ਖੜੋ ਗਈ। ਅਜਿਹੇ ਖੂਨੀ, ਨਿਰਦਈ ਸਮੇਂ 'ਧੀਏ' ਕਹਿਣ ਵਾਲਾ ਪੁਰਸ਼ ਕੋਈ ਸਾਧਾਰਨ ਨਹੀਂ ਜਾਪਦਾ ਸੀ, ਉਹਨੂੰ ਇਉਂ ਪਰਤੀਤ ਹੋਇਆ ਜਿਵੇਂ ਅੱਲਾ ਨੇ ਉਸ ਦੇਵਤੇ ਆਦਮੀ ਰੂਪ ਵਿਚ ਇਹਦੀ ਜਿੰਦ ਤੇ ਪੱਤ ਦੀ ਰੱਖਿਆ ਲਈ ਆਪ ਭੇਜਿਆ ਹੈ।

"ਮਿਹਰਾਂ ਕੀ ਹੋ ਗਿਆ ਤੈਨੂੰ?"

ਇਹ ਸੁਣ ਮਿਹਰਾਂ ਦੀਆਂ ਖ਼ੁਸ਼ਕ ਅੱਖਾਂ ਵਿਚ ਪਾਣੀ ਭਰ ਆਇਆ, ਉਹਦਾ ਜੀਅ ਕਰ ਆਇਆ, ਭੋਲੂ ਦੀ ਬੁੱਕਲ ਵਿਚ ਰੱਜ ਕੇ ਰੋ ਲੈਣ ਨੂੰ।

ਇਹ ਓਹੀ ਮਿਹਰਾਂ ਹੈ ਜਿਹੜੀ ਭੋਲੂ ਦੀ ਨਿੱਕੀ ਧੀ ਨਾਲ ਫੱਗਣ ਚੇਤ ਦੀਆਂ ਰਾਤਾਂ ਵਿਚ ਸੂਤ ਕੱਤਣ ਲਈ ਤ੍ਰਿੰਜਣ ਵਿਚ ਛੋਪੇ ਪਾਇਆ ਕਰਦੀ ਸੀ। ਇਹ ਦੋਵੇਂ ਤੀਆਂ ਵਿਚ ਇਕੱਠੀਆਂ ਜਾਂਦੀਆਂ ਵੰਗਾਂ ਇਕੱਠੀਆਂ ਚੜ੍ਹਾਉਂਦੀਆਂ, ਮਹਿੰਦੀ ਇਕੱਠੀਆਂ



ਲਾਉਂਦੀਆਂ, ਸਾਗ ਨੂੰ ਜਾਂਦੀਆਂ, ਨਿੱਕੀਆਂ ਹੁੰਦੀਆਂ ਪਟੋਲਿਆਂ ਨਾਲ ਖੇਡਦੀਆਂ।

ਮਿਹਰਾਂ ਦਾ ਪਿਓ ਭੋਲੂ ਨਾਲ ਕਮਾਦ ਪੀੜਾਇਆ ਕਰਦਾ ਸੀ। ਉਹ ਆਪਣੀ ਬਲਦਾਂ ਦੀ ਜੋੜੀ ਲਿਆ ਕੇ ਭੋਲੂ ਦੀ ਕਲ੍ਹਾੜੀ ਉੱਤੇ ਜੋੜ ਦਿੰਦਾ ਸੀ ਤੇ ਕੇਰੇ ਕੇਰਦਿਆਂ ਸਿਆਲ ਦੀਆਂ ਲੰਮੀਆਂ, ਠਰੀਆਂ ਰਾਤਾਂ ਉਹ ਆਪ ਭੋਲੂ ਦੇ ਨਾਲ ਵੇਲਣੇ ਉੱਤੇ ਬਿਤਾਉਂਦਾ ਸੀ।

ਇਕ ਵਰ੍ਹਾ ਪਹਿਲਾਂ ਮਿਹਰਾਂ ਦਾ ਵਿਆਹ ਹੋਇਆ ਸੀ ਤੇ ਉਹਦੇ ਪਿਓ ਨੇ ਸੌ ਰੁਪਈਆ ਭੋਲੂ ਤੋਂ ਹੋਰ ਉਧਾਰ ਲਿਆ ਸੀ, ਜਿਸ ਦੀ ਨਾ ਕੋਈ ਲਿਖਤ ਸੀ ਤੇ ਨਾ ਕੋਈ ਗਵਾਹੀ।

ਅਜੇ ਪਰਸੋਂ ਦੀ ਗੱਲ ਹੈ ਕਿ ਮਿਹਰਾਂ ਦਾ ਪਿਓ ਆਪਣੀ ਗੁਆਚੀ ਧੀ ਨੂੰ ਲੈਣ ਲਈ ਬਲੋਚ ਸਿਪਾਹੀਆਂ ਨੂੰ ਨਾਲ ਲੈ ਕੇ ਇਸ ਪਿੰਡ ਵਿਚ ਆਇਆ ਸੀ। ਪਿੰਡ ਦੇ ਲੋਕ ਢਕੋ ਢਕੀ ਖੜ੍ਹੇ ਸਨ, ਉਹਨੇ ਭੋਲੂ ਨੂੰ ਆਉਂਦਾ ਦੇਖ ਧਾਹ ਮਾਰੀ ਸੀ ਤੇ ਆਖਿਆ ਸੀ, "ਭੋਲੂ ਮੈਂ ਤੇਰਾ ਸੌ ਰੁਪਈਆ ਦੇਣਾ ਏ, ਅੱਲਾ ਚਾਹੇ ਮੈਂ ਪਾਕਿਸਤਾਨ ਅੱਪੜ ਕੇ ਰੁਪਈਏ ਭੇਜ ਦੇਊਂਗਾ?"

ਤਾਂ ਉੱਚਾ ਹੱਥ ਚੁੱਕ ਕੇ ਭੋਲੂ ਨੇ ਕਿਹਾ ਸੀ, "ਮਿੱਤਰਾ ਤੈਨੂੰ ਉਹ ਸੌ ਰੁਪਈਆ ਛੱਡਿਆ।"

ਕੁਝ ਦਿਨ ਹੋਏ ਭੋਲੂ ਨੇ ਇਕ ਜੁਲਾਹੇ ਨੂੰ ਆਪਣੇ ਘਰ ਥਾਂ ਦਿੱਤੀ ਸੀ ਤੇ ਫੇਰ ਆਪ ਤੜਕੇ ਉੱਠ ਕੇ ਉਹਨੂੰ ਕੈਂਪ ਦੇ ਰਾਹ ਪਾ ਆਇਆ ਸੀ।

ਭੋਲੂ ਬੋਲਿਆ, "ਮਿਹਰਾਂ, ਧੀਏ, ਚੱਲ ਘਰ ਨੂੰ, ਏਥੇ ਤੇਰੀ ਮੱਤ ਸੁੱਚੀ ਨਹੀਂ ਰਹਿ ਸਕਦੀ।"

ਭੋਲੂ ਨੇ ਉਹਨੂੰ ਕੁਝ ਚਿਰ ਲਈ ਪੈਲੀਆਂ ਵਿਚ ਲੁਕਾ ਛੱਡਿਆ ਤੇ ਫੇਰ ਰਾਤ ਪੈਣ ਤੇ ਕੁੜੀ ਨੂੰ ਜੁਆਨ ਦੇ ਭੇਸ ਵਿਚ ਆਪਣੇ ਘਰ ਲੈ ਗਿਆ।

ਕੁੜੀ ਰੋ ਰਹੀ ਸੀ, ਪਾਕਿਸਤਾਨੀ ਬਘਿਆੜ ਦੀ ਜਾਨ ਨੂੰ, ਓਹਨਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਜਿਨ੍ਹਾਂ ਨੇ ਪੂਰਬੀ ਪੰਜਾਬ ਵਿਚ ਬਦਲੇ ਦੀ ਅੱਗ ਮਘਾ ਦਿੱਤੀ ਸੀ।

ਭੋਲੂ ਨੇ ਸੁਣਿਆ ਸੀ ਕਿ ਪਾਕਿਸਤਾਨ ਵਿਚ ਕਈ ਦਇਆਵਾਨ ਮੁਸਲਮਾਨਾਂ ਨੇ ਹਿੰਦੂ, ਸਿੱਖ ਦੇਵੀਆਂ ਨੂੰ ਆਪਣੇ ਘਰੀਂ ਲੁਕਾ ਕੇ ਓਹਨਾਂ ਦੀ ਜਿੰਦ ਤੇ ਪੱਤ ਬਚਾਈ ਸੀ। ਕੀ ਓਹ ਦੇਵਤਿਆਂ ਤੋਂ ਘੱਟ ਸਨ। ਸਤਿਆਨਾਸ ਹੋਵੇ ਓਹਨਾਂ ਬਘਿਆੜਾਂ ਦਾ ਜਿਨ੍ਹਾਂ ਨੇ ਦੇਸ਼ ਦੇ ਮਿਲਾਪ ਭਰੇ ਵਾਯੂਮੰਡਲ ਵਿਚ ਫੁੱਟ ਤੇ ਫ਼ਿਰਕੂ ਜ਼ਹਿਰ ਘੋਲ ਦਿੱਤਾ ਸੀ।

ਅਗਲੇ ਦਿਨ ਚੋਬਰਾਂ ਦਾ ਘੋੜਾ ਮੁੱਛਾਂ ਨੂੰ ਵੱਟ ਦਿੰਦਾ ਨਸ਼ੇ ਨਾਲ ਲਾਲ ਅੱਖਾਂ ਵਿਚੋਂ ਰੋਅਬ ਵਰ੍ਹਾਉਂਦਾ ਭੋਲੂ ਦੇ ਘਰ ਅੱਗਿਓਂ ਲੰਘਿਆ, ਓਹਨਾਂ ਦੀ ਖੰਘੂਰ ਨੇ ਭੋਲੂ ਦੇ ਹਿਰਦੇ ਦੇ ਅਮਨ ਨੂੰ ਹਿਲੂਣਿਆਂ ਪਰ ਸਹਿਣਸ਼ੀਲਤਾ ਭਰੀ ਭੋਲੂ ਦੀ ਆਤਮਾ ਇਸ ਕੌੜ ਨੂੰ ਪੀ ਗਈ।

"ਹੂੰ, ਬੁੱਢਾ ਵੀ ਰੱਖਣ ਲੱਗ ਗਿਆ ਕਬੂਤਰੀਆਂ" ਇਕ ਲਲਕਾਰਿਆ, "ਮੋਮ ਬੱਤੀਆਂ!" ਦੂਜੇ ਆਖਿਆ, "ਕਿਉਂ ਧੌਲਿਆਂ ਨੂੰ ਲਾਜ ਲਾਉਨੈ ?"

ਉਸ ਦਿਨ ਅੰਨ੍ਹੇਰਾ ਹੋਣ ਸਾਰ ਪਿੰਡ ਵਿਚ ਹੋਕਾ ਫਿਰ ਗਿਆ : "ਜਿਹੜਾ ਕੋਈ

ਮੁਸਲਮਾਨਾਂ ਨੂੰ ਆਸਰਾ ਦੇਊ, ਓਹਦੇ ਘਰ ਨੂੰ ਅੱਗ ਲਾ ਦਿੱਤੀ ਜਾਊਗੀ!"

ਭੋਲੂ ਜਾਣਦਾ ਸੀ ਕਿ ਅਜਿਹੇ ਹੋਕੇ ਪਾਕਿਸਤਾਨ ਵਿਚ ਵੀ ਆਉਂਦੇ ਸਨ। ਉਹ ਰਾਤ ਭੋਲੂ ਨੇ ਪਹਿਰਾ ਦੇ ਕੇ ਜਾਗ ਕੇ ਕੱਟੀ। ਅਗਲੇ ਦਿਨ ਤੜਕੇ ਜਦੋਂ ਅਜੇ ਕੁੱਕੜ ਨਹੀਂ ਸੀ ਬੋਲਿਆ, ਭੋਲੂ ਨੇ ਮਿਹਰਾਂ ਨੂੰ ਦਹੀਂ ਨਾਲ ਬੇਹੀ ਰੋਟੀ ਖੁਆਈ ਤੇ ਉਹਨੂੰ ਨਾਲ ਲੈ ਕੇ ਕੈਂਪ ਦੇ ਰਾਹ ਪਿਆ।

ਚਾਨਣ ਹੋ ਰਿਹਾ ਸੀ, ਜਦ ਓਹਨੇ ਦੇਖਿਆ ਕਿ ਕਈ ਬਰਛਿਆਂ ਵਾਲੇ ਜੁਆਨ ਓਹਦਾ ਪਿੱਛਾ ਕਰ ਰਹੇ ਸਨ।

"ਮਾਰ ਦਿਓ ਇਸ ਮਕਾਰ ਕੌਮ ਦੇ ਧ੍ਰੋਹੀ ਬੁੱਢੇ ਨੂੰ" ਲਲਕਾਰਾ ਸੁਣਿਆ।

"ਬੁੱਢਿਆ, ਇਸ ਰੰਨ ਨੂੰ ਕੱਢ ਕੇ ਕਿੱਥੇ ਲੈ ਚੱਲਿਆ ਏਂ ?"

"ਇਹ ਤਾਂ ਮੇਰੀ ਧੀ ਆਹ, ਸਾਊਆ!" ਕੰਬਦੇ ਬੁੱਢੇ ਨੇ ਚਰ੍ਹੀਆਂ ਤੇ ਬਾਜਰਿਆਂ ਦੇ ਖੇਤਾਂ ਦੀ ਡੰਡੀ ਵਿਚ ਖੜੋ ਕੇ ਕਿਹਾ।

ਇਕ ਲੰਮੇ ਬਰਛੇ ਦਾ ਵਾਰ ਭੋਲੂ ਉੱਤੇ ਹੋਇਆ, ਕਈ ਨੋਕਾਂ ਖਾ ਕੇ ਘਾਇਲ ਹੋ ਕੇ ਭੋਲੂ ਡਿੱਗ ਪਿਆ।

"ਤੇਰੀਆਂ ਧੀਆਂ ਤਾਂ ਉੱਧਰ ਲੁੱਟੀਆਂ ਗਈਆਂ।"

ਦੁਨੀਆਂ ਲਈ ਦਾਣਾ ਉਗਾਉਣ, ਪੈਲੀਆਂ ਨੂੰ ਪਾਲਣ ਵਾਲਾ, ਖੇਤਾਂ ਨੂੰ ਵਾੜ ਕਰਨ ਵਾਲਾ, ਪੈਲੀਆਂ ਨੂੰ ਛੁੱਟੜ ਪਸ਼ੂਆਂ ਤੋਂ ਬਚਾਉਣ ਵਾਲਾ ਭੋਲੂ ਪਰਾਈ ਇਸਤਰੀ ਦੀ ਸੁੱਚ ਦੀ ਰੱਖਿਆ ਲਈ ਸ਼ਹੀਦ ਹੋ ਗਿਆ। ਝਾੜੀ ਵਿਚ ਤਿੱਤਰ ਬੋਲ ਰਿਹਾ ਸੀ, ਭੋਲੂ ਦਾ ਡੁੱਲ੍ਹਦਾ ਲਹੂ ਬਾਜਰੇ ਤੇ ਮੋਠਾਂ ਦੇ ਬੂਟਿਆਂ ਨੂੰ ਸਿੰਜ ਰਿਹਾ ਸੀ।

●